ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਕਲਿਜੁਗ ਮੇਂ ਸਤਿਜੁਗ ਵਰਤਾਊਂ

ਤਬੀ ਬਾਰ੍ਹਵਾਂ ਬੱਪ ਕਹਾਊਂ

ਸਤਿਜੁਗ

ਦਾ

ਤੇਗ ਬਹਾਦਰ ਸੀ ਕ੍ਰਿਆ

ਕਰੀ ਨ ਕਿਨਹੂੰ ਆਨ ॥



ਤੇਗ ਬਹਾਦਰ ਸਿਮਰੀਐ ਘਰਿ ਨਉਨਿਧਿ ਆਵੈ ਧਾਇ।

ਸ੍ਰੀ ਗੁਰੂ ਤੇਗ ਬਹਾਦਰ ਤੀਜੀ ਸ਼ਹੀਦੀ ਸ਼ਤਾਬਦੀ

ਅੰਕ

ਪ੍ਰਕਾਸ਼ਕ:- "ਸਤਿਜੁਗ" ਸ੍ਰੀ ਜੀਵਨ ਨਗਰ ਜ਼ਿ: ਸਿਰਸਾ.

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਪਤਾਹਿਕ–ਸਤਿਜੁਗ ਦਾ

ਸ੍ਰੀ ਗੁਰੂ ਤੇਗ ਬਹਾਦਰ ਅੰਕ

ਜੋ

ਗੁਰੂ ਜੀ ਵਲੋਂ ਧਰਮ ਹੇਤ ਦਿਤੀ ਗਈ ਸ਼ਹੀਦੀ ਦੀ ਤੀਜੀ
ਸ਼ਤਾਬਦੀ ਦੇ ਸਬੰਧ ਵਿਚ
ਪ੍ਰਕਾਸ਼ਤ ਕੀਤਾ ਗਿਆ

ਪ੍ਰਕਾਸ਼ਕ––

ਮੈਨੇਜਰ–ਸਤਿਜੁਗ
ਸ੍ਰੀ ਜੀਵਨ ਨਗਰ
(ਸਿਰਸਾ)

ਸੰਪਾਦਿਕ–

ਆਤਮਾ ਸਿੰਘ ਸਨਖਤ੍ਰਵੀ
੧੧ ਮਘਰ ੨੦੩੩ ਅਨੁਸਾਰ ੨੫ ਨਵੰਬਰ ੧੯੭੬

ਕੀਮਤ ੬) ਰੁਪੈ

'ਸਤਿਜੁਗ' ਸ੍ਰੀ ਜੀਵਨ ਨਗਰ ਸਿਰਸਾ (ਹਰਿਆਣਾ) ਰਜਿ. ਨੰ: ਡੀ. ੩੩੯/੫੭
ਰਜਿ. ਨੰ: ਪੀ. ਐਚ. ਐਸ ੨੨

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਵਲੋਂ
ਆਸ਼ੀਰਵਾਦ



ਸਭ ਵਰਗਾਂ ਦੇ ਲੋਕਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧਰਮ ਹਿਤ ਦਿਤੇ ਗਏ ਅਦਭੁਤ ਬਲੀਦਾਨ ਦੀ **ਤੀਜੀ ਸ਼ਤਾਬਦੀ** ਬੜੀ ਉਤਕੰਠਾਂ ਨਾਲ ਮਨਾਈ ਹੈ। ਕਈ ਅਖਬਾਰਾਂ, ਰਿਸਾਲਿਆਂ, ਪੁਸਤਕਾਂ ਅਤੇ ਭਾਸ਼ਾਣਾਂ ਰਾਂਹੀ ਸ੍ਰੀ ਗੁਰੂ ਜੀ ਦੇ ਜੀਵਨ ਦੀਆਂ ਘਟਨਾਵਾਂ ਦਰਸਾਈਆਂ ਗਈਆਂ ਹਨ ਜਿਨਾਂ ਰਾਂਹੀਂ ਕਈ ਨਵੀਆਂ ਸਾਖੀਆਂ ਦੀ ਪਾਠਕਾਂ ਅਤੇ ਸਰੋਤਿਆਂ ਨੂੰ ਜਾਣਕਾਰੀ ਹੋਈ ਹੈ।

ਨਾਮਧਾਰੀ ਸਾਧ ਸੰਗਤ ਨੇ ਇਸੇ ਸਬੰਧ ਵਿਚ ਸਤਿਜੁਗ ਦਾ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇ ਦੀਆਂ ਕਈ ਉਹ ਘਟਨਾਵਾਂ ਜੋ ਹੋਰ ਕਿਸੇ ਅਖਬਾਰ ਪੁਸਤਕ ਆਦਿ ਵਿਚ ਦਰਜ਼ ਨਹੀਂ, ਸਤਿਜੁਗ ਵਿਚੋਂ ਪੜ੍ਹਨ ਨੂੰ ਮਿਲਣਗੀਆਂ। ਸਾਹਿਤਯ ਅਤੇ ਇਤਿਹਾਸ ਖੋਜੀ ਪਾਠਕਾਂ ਲਈ ਇਹ ਉਤਮ ਜਾਣਕਾਰੀ ਦੇਣ ਵਾਲੀ ਸੁਗਾਤ ਹੈ। ਮੇਰੀ ਇਹ ਇਛਾ ਹੈ, ਕਿ ਵਧ ਤੋਂ ਵਧ ਪਾਠਕ ਇਸ ਤੋਂ ਲਾਭ ਉਠਾਉਣ।

ਚਿੱਤ੍ਰ–ਦਰਸ਼ਨ

ਸਤਿਜੁਗ ਨੂੰ ਤਕ੍ਰੀਬਨ ੪੦ ਸਾਲਾਂ ਤੋਂ ਇਹ ਮਾਣ ਹੈ–ਕਿ ਇਸਨੂੰ ਇਤਹਾਸਿਕ ਚਿਤ੍ਰ ਕਲਾ ਵਾਸਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲਸ੍ਰੀ ਮਾਨਸੰਤ ਵਰਿਆਮ ਸਿੰਘ ਜੀ ਮੁਸਵੱਰ ਇਕ ਉਹ ਮਹਾਨ ਚਿਤ੍ਰ ਕਾਰ ਮਿਲੇ ਹੋਏ ਹਨ, ਜਿਨਾਂ ਦੇ ਦਿਲ ਦਿਮਾਗ ਵਿਚ ਜਿਥੇ ਗੁਰੂ ਘਰ ਦਾ ਅਦ੍ਰਿਸ਼ਟ ਇਤਹਾਸ ਸਮਾਇਆ ਹੋਇਆ ਹੈ, ਓਥੇ ਇਨ੍ਹਾਂ ਦੇ ਬੁਰਸ਼ ਵਿਚ ਕਮਾਲ ਦੀ ਕ੍ਰਿਤ ਕਲਾ ਵਿਆਪਕ ਹੈ। ਇਸ ਅੰਕ ਵਿਚ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ੍ਰੀ ਮੁਸਵਰ ਜੀ ਨੇ ਚਿਤ੍ਰਾਂ ਦੁਆਰਾ ਜੋ ਇਤਹਾਸ ਨੂੰ ਉਲੀਕਿਆ ਹੈ, ਉਸਦਾ ਵਰਨਨ ਇਸਤਰਾਂ ਹੈ।

੧- ਟਾਈਟਲ ਪੇਜ—

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਗਦੀ ਤੇ ਬਿਰਾਜ ਮਾਨ ਦਰਸਾਏ ਗਏ ਹਨ (ਜਿਨਾਂ ਦਾ ਦਰਸਨ ਕੀਤਿਆਂ ਸਚ ਮੁਚ ਹੀ ਮਨ ਸਤਿਕਾਰ ਨਾਲ ਲਬਾ ਲਬ ਹੋ ਜਾਂਦਾ ਹੈ)

੨- ਬਕਾਲੇ ਤੋਂ ਕੀਰਤ ਪੁਰ ਜਾਣਸਮੇ ਗੁਰੂ ਜੀ ਬਿਆਸ ਪਾਰਕਰਨ ਵੇਲੇ ਆਪਣੇ ਨਾਲ ਸ੍ਰੀ ਗ੍ਰੰਥਸਾਹਿਬ ਦੀ ਬੀੜ ਵੇਖ ਕੇ ਉਸੇ ਵਕਤ ਬੀੜ ਨੂੰ ਸ੍ਰੀ ਧੀਰਮਲ ਪਾਸ ਪਹੁੰਚਾਨ ਵਾਸਤੇ ਜਦ ਸਿਖਾਂ ਨੂੰ ਹੁਕਮ ਕੀਤਾ ਤਾ (ਝਗੜੇ ਦਾ ਖਿਆਲ ਕਰਕੇ) ਸਿਖਾਂ ਦੇ ਨਾਂਹ ਕਰਨ ਤੇ ਕਰਨ ਕਾਰਨ ਸ੍ਰੀ ਸਤਿਗੁਰੂ ਜੀ ਬੀੜ ਬਿਆਸਾ ਵਿਚ ਅਮਾਨਤ ਦੇ ਤੌਰ ਤੇ ਰਖਵਾ ਰਹੇ ਹਨ। (ਵੇਖੋ ਪੰਨਾ ਨੰਬਰ ੨੧)

[illegible] ਮਲ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਸਾਰੇ ਗੁਰੂ ਸਾਹਿਬਾਂ ਦਾ ਨਾਮ ਲੈ ਕੇ ਜਦ ਅਰਦਾਸਾ ਕੀਤਾ ਤਾਂ ਮੰਜੀ ਸਾਹਿਬ ਨੂੰ ਝਟ ਹੀ ਇਕ ਟੋਬੇ ਦਾ ਹਥ ਪੈ ਗਿਆ।

ਤਸਵੀਰ ਵਿਚ ਅਰਦਾਸਾ ਕਰਨ ਤੇ ਅਭਿਜ ਬੀੜ ਦਾ ਦ੍ਰਿਸ਼ਯ ਨਜਰ ਆ ਰਿਹਾ ਹੈ।

(ਯਾਦ ਰਹੇ ਕਿ ਜਿਨਾ ਚਿਰ ਸ੍ਰੀ ਗੁਰੂ ਤੇਗਬਹਾਦਰ ਜੀ ਦਾ ਨਾਂਮ ਨਹੀ ਸੀ ਲਿਆ ਉਨਾ ਚਿਰ ਪਾਣੀ ਵਿਚੋਂ ਬੀੜ ਦਾ ਖੋਜ ਨਹੀ ਸੀ ਮਿਲਿਆ) (ਵੇਖੋ ਪੰਨਾ ਨੰਬਰ ੨੫)

੪– ਬਾਰਿਕ ਰੂਪ ਸਾਹਿਬ ਸ੍ਰੀ ਗੁਰੂ ਹਰ ਕ੍ਰਿਸ਼ਨ ਜੀ ਦਿਲੀ ਵਿਚ ਅੰਤਮ ਸਮੇ ਸ੍ਰੀ ਗੁਰਬਖਸ਼ ਆਦਿਕ ਸਿਖਾਂ ਦੇ ਅਰਜ ਕਰਨ ਤੇ ਨਾਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੰਕੇਤ "ਬਾਬਾ ਬਸਹਿ ਜਿ ਗ੍ਰਾਮ ਬਕਾਲੇ" ਬਚਨ ਦੁਆਰਾ ਦੇ ਰਹੇ ਹਨ। (ਵੇਖੋ ਪੰਨਾ ਨੰਬਰ ੬੪)

੫– ਸੰਮਤ ੧੭੨੧ ਵਿਚ ਸ੍ਰੀ ਨਾਵੇਂ ਪਾਤਸ਼ਾਹ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਗਏ ਤਾਂ ਉਸ ਵਕਤ ਦੇ ਪੁਜਾਰੀਆਂ ਨੇ ਦੂਸਨੀ ਡਿਉਢੀ ਨੂੰ ਤਾਲਾ ਲਾ ਦਿਤਾ। ਤਸਵੀਰ ਵਿਚ ਗੁਰੂ ਜੀ ਨਾਲ ਭਾਈ ਮਖਨਸ਼ਾਹ ਲੁਬਾਨਾ ਆਦਿਕ ਸਿਖ ਖੜੇ ਦਿਖਾਈ ਦੇ ਰਹੇ ਹਨ।

(ਵੇਖੋ ਪੰਨਾ ਨੰਬਰ ੧੨੦)

ਆਖਰੀ ਪੇਜ ਤੇ

ਸਤਿਕਾਰ ਯੋਗ ਸ੍ਰੀ ਠਾਕੁਰ ਦਲੀਪ ਸਿੰਘ ਜੀ . (ਪ੍ਰੈਸ ਸਟਾਫ ਸਮੇਤ)

ਸ--ਮ--ਪ—ਰ—ਪ—ਨ

ਮਲੇਰ ਕੋਟਲੇ ਕੂਕਿਆਂ ਦੇ ਕਲਰ ਵਿਚ ਹੋਏ ਉਹਨਾਂ

ਧਰਮੀ, ਤੇ ਅਣਖੀ, ਦੇਸ਼ ਭਗਤ ਨਾਮਧਾਰੀ

ਸ਼ਹੀਦਾਂ ਨੂੰ, ਜਿਨਾਂ ਨੇ ਨੌਵੇਂ ਗੁਰੂ ਜੀ ਦੇ

ਅੰਤਰ ਗਤੀ ਹੁਕਮ ਦੀ ਪਾਲਣਾ

ਕਰਦਿਆਂ ਤੋਪਾਂ ਸਾਹਮਣੇ

ਛਾਤੀਆਂ ਤਾਣ ਕੇ

ਸ਼ਹੀਦੀਆ

ਪਾਈਆਂ

(ਆਤਮਾ ਸਿੰਘ ਸਨਖਤ੍ਰਵੀ)

ਲੇਖ ਬਿਓਰਾ

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਧਰਮ ਹੇਤ ਸਾਕਾ ਜਿਨ ਕੀਆ ਸੀਸ ਦੀਆ ਪਰ ਸਿਰਰੁ ਨ ਦੀਆ ॥

ਜਿਲਦ ੫੧

ਸਤਿਜੁਗ

ਨੰ: ੩੯-੪੩

ਦਾ

ਗੁਰੂ ਤੇਗ ਬਹਾਦਰ ਅੰਕ

੧੧ ਮੱਘਰ, ੨੦੩੩ (੨੫ ਨਵੰਬਰ, ੧੯੭੬) ਵੀਰਵਾਰ ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੬੧

ਨਾਨਕ ਲੀਨ ਭਇਓ ਗੋਬਿੰਦ ਸਿਉ

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾਕੈ ਕੰਚਨ ਮਾਟੀ ਮਾਨੈ।੧।ਰਹਾਉ
ਨਹ ਨਿੰਦਿਆ ਨਹ ਉਸਤਤਿ ਜਾਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮਕਰੋਧ ਜਿਹ ਪਰਸੈ ਨਾਹਿਨ ਤਿਹਘਟਿ ਬ੍ਰਹਮਨਿਵਾਸਾ।੨।
ਗੁਰ ਕਿਰਪਾਜਿਹ ਨਰਕਉ ਕੀਨੀ ਤਿਹਇਹ ਜੁਗਤਿਪਛਾਨੀ।
ਨਾਨਕਲੀਨਭਇਓ ਗੋਬਿੰਦਸਿਉਜਿਉਪਾਨੀਸੰਗਪਾਨੀ।੩।੧

ਸੋਰਠਿ ਮਹਲਾ ੯

ਸ੍ਰੀ ਗੁਰੂ ਤੇਗ ਬਹਾਦਰ–ਮੰਗਲ

'ਤੇਗ ਬਹਾਦਰ ਸਿਮਰੀਏ ਘਰ ਨਉ ਨਿਧਿ ਆਵੈ ਧਾਇ'

ਸ੍ਰੀ ਮੁਖ ਵਾਕ ਪਾਤਸ਼ਾਹੀ ੧੦

ੈਯਾ:—ਹਾਦਰ ਹੋਤ ਜਹਾਂ ਸਿਮਰੇ, ਸੁਖ ਸਾਗਰ ਜਾਹਿ ਪਿਖੇ ਸੁਰ ਸਾਦਰ।
ਸ੍ਵਾਦ ਰਚੇ ਇਕ ਆਤਮ ਗਯਾਨ, ਬਡੀ ਬਿਸ਼ਯਾ ਤਪ ਕੋ ਬਡ ਬਾਂਦਰ।
ਬਾਢਿ ਰਹੇ ਸਿਖ ਹੈ ਨਰ ਸੋ ਜਿਨਿ, ਜਾਨਯੋ ਨਹੀ ਜੁ ਇਹੀ ਜਗ ਕਾਦਰ।
ਕਾਦਰੁ ਹੈ ਜਮ ਕੋ ਤਿਨ ਜੀਵਨਿ ਅੰਤ ਭਜੇ ਗੁਰ ਤੇਗ ਬਹਾਦਰ।

ਗੁਰੂ ਸੂਰਜ ਪ੍ਰਕਾਸ਼ ਰਾਸ ਪਹਿਲੀ

ਜਗ ਹਿੰਦੁਕ ਧਰਮ ਕਹਾਂ ਰਹਿਤੋ ਅਰ ਤੱਗ ਤਿਲੱਕ ਨ ਦੇਖਨ ਪਾਤੇ।
ਤੀਰਥ ਦੇਵ ਸਥਾਨ ਪੁਰਾਨ ਸਭੀ ਨਿਗਮਾਗਨ ਭੀ ਉਠ ਜਾਤੇ।
ਬਾਂਗ ਨਿਵਾਜ ਕਤੇਬ ਕੁਰਾਨ ਮਸੀਤ ਇਹੈ ਸਭ ਹੀ ਜਗ ਛਾਤੇ।
ਗੁਰ ਤੇਗ ਬਹਾਦਰ ਹਿੰਦਹਿ ਚਾਦਰ ਕਾਦਰ ਜੌ ਨ ਧਰਾ ਪਰਗਟਾਤੇ।

ਪੰਥ ਪ੍ਰਕਾਸ਼ ਕ੍ਰਿਤ ਗਿਆਨੀ ਗਿਆਨ ਸਿੰਘ ਜੀ

ਦੀਨਨ ਕੇ ਦੁਖ ਦਾਹਿਨ ਕੋ ਅਰਿ ਗਾਹਨ ਵਾ ਸੁਖ ਸਾਰਨ ਕੋ।
ਪਾਪਨ ਮੂਲ ਉਖਾਰਨ ਕੋ ਨਿਜ ਸੰਤ ਧ੍ਰੰਮ ਉਬਾਰਨ ਕੋ।
ਦੁਖ ਵਾਰਨ ਮਟਨ ਕੇ ਹਿਤ ਵਾ ਧਰ ਕੇ ਸਭ ਭਾਰ ਉਤਾਰਨ ਕੋ।
ਅਵਤਾਰਨ ਜੇ ਕਲ ਕੇ ਨਰ ਨਾਰ ਗੁਰ ਤੇਗ ਬਹਾਦਰ ਪਾਰਨ ਕੋ।

ਸਤਿਗੁਰ ਬਿਲਾਸ ਕ੍ਰਿਤ ਸੰਤ ਧਿਆਨ ਸਿੰਘ ਕਾਦਰਾਬਾਦੀ

ਸਰਨਗਹੀ ਜਿਸ ਕੀ ਜਿਸਨੇ ਉਸ ਹੇਤ ਭਯਾ ਹਰ-ਥਾਂ ਜੋ ਸਹਾਈ।
ਸੀਤ ਅਨੀਤ ਔਰੰਗ ਕੀ ਟਾਰ ਜਿਹ ਚਾਦਰ ਸੀਸ ਦੇ ਹਿੰਦ ਬਚਾਈ।
ਤਿਆਗ ਵੈਰਾਗ ਅਨੁਰਾਗ ਕੀ ਮੂਰਤਿ ਸੂਰਤਿ ਗੋਵਿੰਦ ਜਿਹ ਪ੍ਰਗਟਾਈ।
ਤਿਸ ਤੇਗ ਬਹਾਦਰ ਸਤਿਗੁਰ ਕੋ ਹਰਿ "ਆਤਮਾ" ਬੰਦਤ ਹੈ ਹਰਖਾਈ।

ਆਤਮਾ ਸਿੰਘ–ਸਨਖਤ੍ਰ ਵੀ

ਕੁਝ ਆਪਣੀਆਂ ਅਰਜਾਂ

ਧੰਨਯਵਾਦ—

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਚੇ ਪਾਤਸ਼ਾਹ ਦਾ ਕ੍ਰੋਟਾਨ ਕੋਟ ਧੰਨਵਾਦ ਹੈ, ਜਿਨਾਂ ਦੀ ਅਪਾਰ ਕ੍ਰਿਪਾ ਦੁਆਰਾ ਸਤਿਜੁਗ ਦਾ "ਸ੍ਰੀ ਗੁਰੂ ਤੇਗ ਬਹਾਦਰ ਅੰਕ" (ਤੀਜੀ ਸ਼ਹਾਦੀ ਸ਼ਤਾਬਦੀ ਸਮੇਂ) ਪਾਠਿਕਾਂ ਦੀ ਸੇਵਾ ਵਿਚ ਹਾਜ਼ਿਰ ਕੀਤਾ ਜਾ ਰਿਹਾ ਹੈ।

ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾਲਤਾ ਅਨੁਸਾਰ ਇਸ ਅੰਕ ਨੂੰ ਇਤਹਾਸਿਕ ਲੇਖਾਂ ਅਤੇ ਤਸਵੀਰਾਂ ਦੁਆਰਾ ਸੁੰਦਰ ਤੇ ਸ਼ਾਨਦਾਰ ਬਨਾਉਣ ਤੇ ਪ੍ਰਕਾਸ਼ਤ ਕਰਵਾਉਣ ਦਾ ਸਾਰਾ ਮਾਣ ਪੂਜਯ ਸ੍ਰੀ ਮਹਾਰਾਜ—ਬੀਰ ਸਿੰਘ ਜੀ ਤੇ ਸ੍ਰੀ ਠਾਕਰ ਦਲੀਪ ਸਿੰਘ ਜੀ ਨੂੰ ਹੀ ਜਾਂਦਾ ਹੈ ਜਿਨਾਂ ਦੇ ਪੁਰਸ਼ਾਰਥ ਤੇ ਉਦਮ ਨਾਲ ਇਹ ਮਹਾਨ ਕੰਮ ਸਫਲਤਾ ਪੂਰਵਿਕ ਨੇਪਰੇ ਚੜ੍ਹਿਆ।

ਸ੍ਰੀ ਮਾਨ ਸੰਤ ਤਰਸੇਮ ਸਿੰਘ ਜੀ ਜਿਨਾ ਦੇ ਯੋਗ ਪ੍ਰਬੰਧ ਹਠਾਂ ਪ੍ਰੈਸ ਸਟਾਫ ਦੇ ਕ੍ਰਮਚਾਰੀ ਸ੍ਰੀ ਹਰਬੰਸ ਸਿੰਘ ਜੀ ਸਹਾਇਕ ਮੈਨੇਜਰ ਸ੍ਰੀ ਹਰਦੇਵ ਸਿੰਘ ਮਸ਼ੀਨਮੈਨ, ਅਮਰਭਗਵੰਤਸਿੰਘਕਾਲੇ,ਕਾਕਾ ਰਾਜਿੰਦਰ ਸਿੰਘ, ਸਿੰਗਾਰਾ ਸਿੰਘ ਧਰਮਪੁਰਾ, ਸੰਤ ਕਰਮਸਿੰਘਜੋਗੀ ਸੁਰਜੀਤਸਿੰਘਅਣਜਾਣਆਦਿਕ ਜਿਨਾ ਨੇ ਇਸਅੰਕ ਨੂੰ ਮੂਰਤੀਮਾਨ ਬਨਾਉਣ ਵਾਸਤੇ ਮਹੀਨਿਆਂ ਬਧੀ ਅਣਥਕ ਮਿਹਨਤ ਕੀਤੀ ਹੈ) ਸਾਰੇ ਹੀ ਪ੍ਰਸੰਸਾ ਦੇ ਪਾਤਰ ਹਨ।

ਸ੍ਰੀ ਮਾਨ ਦੇਵਤਾ ਸਰੂਪ ਚਿਤ੍ਰਕਲਾ ਦੇ ਉਸਤਾਦ ਸੰਤ ਵਰਿਆਮ ਸਿੰਘ ਜੀ ਮਸਵਰ ਜੀ "ਜਿਹੜੇ ਤਕ੍ਰੀਬਨ ੪੭—੪੮ ਸਾਲ ਤੋਂ ਲਗਾਤਾਰ ਆਪਣੀ ਚਿਤ੍ਰਕਲਾ ਦਵਾਰਾ ਨਾਮਧਾਰੀ ਇਤਹਾਸ ਨੂੰ ਸੋਨੇ ਤੇ ਸੁਹਾਗੇ ਵਾਂਗੂ ਰੋਸ਼ਨ ਤੇ ਲੋਕ ਪ੍ਰਿਯ ਬਣਾ ਰਹੇ ਹਨ ਜੇਕਰ ਆਪ ਜੀ ਦੀ ਕਲਾ ਕ੍ਰਿਤ ਨੂੰ ਸਤਿਜੁਗ ਦੇ ਪ੍ਰਕਾਸ਼ਤ ਸਾਰੇ ਅੰਕਾਂ ਦਾ ਰੋਸ਼ਨ ਮੀਨਾਰ ਆਖ ਦਿਤਾ ਜਾਵੇ ਤਾਂ ਗ਼ਲਤ ਨਹੀਂ ਹੋਵੇਗਾ।

ਇਸ ਅੰਕ ਵਿਚ ਸੰਤ ਵਰਿਆਮ ਸਿੰਘ ਜੀ ਨੇ ਨਾਂਵੇ ਪਾਤਸ਼ਾਹ ਦੇ ਸਬੰਧ ਵਿਚ ਜਿਵੇਂ ਇਤਹਾਸਕ ਰਥਾਂ ਨੂੰ ਉਲੀਕਿਆ ਹੈ ਇਸ ਅਤੀ ਸੁੰਦਰ ਤੇ ਪ੍ਰਭਾਵਸ਼ਾਲੀ ਕਲਾ ਕ੍ਰਿਤ ਵਜੋਂ ਆਪ ਜੀ ਦਾ ਜਿਤਨਾ ਵੀ ਧੰਨਵਾਦ ਕੀਤਾ ਜਾਵੇ ਥੋੜ੍ਹਾ ਹੈ।

ਉਪ੍ਰੋਕਤ ਵਿਅਕਤੀਆਂ ਤੇ ਹੋਰ ਜਿਨਾਂ ਸਜਣਾਂ ਨੇ ਇਸ ਅੰਕ ਵਾਸਤੇ ਆਪਣੇ ਕੀਮਤੀ ਲੇਖ ਤੇ ਕਵਿਤਾਵਾ ਭੇਜਣਦੀ ਕ੍ਰਿਪਾਲਤਾ ਕੀਤੀ,ਮੈ ਸਭਨਾਂ ਦਾ ਹਾਰਦਿਕ ਧੰਨਵਾਦ ਕਰਦਾ ਹਾਂ।

ਫਖਰ ਯੋਗ ਅੰਕ—

ਭਾਵੇਂ ਬਹੁਤ ਸਾਰੀਆਂ ਮਜਬੂਰੀਆਂ ਤੇ ਕਾਰਨਾਂ ਕਰਕੇ ਇਹ ਅੰਕ ਨਿਸਚਿਤ ਸਮੇ ਤੋਂ ਕੁਝ ਲੇਟ ਹੀ ਪ੍ਰਕਾਸ਼ਤ ਹੋਇਆ ਹੈ, ਪਰ ਫਿਰ ਵੀ ਮੈਂ ਫਖਰ ਨਾਲ ਇਹ ਗਲ ਆਖ ਸਕਦਾ ਹਾਂ ਕਿ ਜਿਤਨੀ ਕੁ ਇਤਹਾਸਿਕ ਸਮੱਗ੍ਰੀ ਤੇ ਤਸਵੀਰਾਂ ਸੰਯੁਕਤ ਸਤਿਜੁਗ ਦਾ ਇਹ ਅੰਕ ਪ੍ਰਕਾਸ਼ਿਤ ਹੋਇਆ ਹੈ, ਇਤਨਾ ਸ਼ਾਨਦਾਰ ਤੇ ਜਾਣਕਾਰੀ ਭਰਪੂਰ ਅੰਕ ਹੋਰ ਕਿਸੇ ਸਪਤਾਹਿਕ ਪਤ੍ਰ ਦਾ ਪ੍ਰਕਾਸ਼ਤ ਨਹੀ ਹੋਇਆ ਹੋਵੇਗਾ।

ਇਸਦਾਂ ਮੂਲ ਕਾਰਨ ਕੇਵਲ ਸ੍ਰੀ ਸਤਿਗੁਰੂ ਜੀ ਦੀ ਬਖਸ਼ਿਸ ਹੀ ਹੈ।

ਪਿਛੋਕੜ ਤੇ ਝਾਤ—

੫੧ ਸਾਲ ਸਤਿਜੁਗ ਅਖਬਾਰ ਨੂੰ ਪ੍ਰਕਾਸ਼ਤ ਹੁੰਦਿਆਂ ਹੋ ਗਏ ਹਨ, ਪਹਿਲੇ ਦਹਾਕੇ ਦੇ ਕੁਝ ਸਾਲ ਕਢਕੇ (ਜਦੋ ਕਿ 'ਸਤਿਜੁਗ' ਲਾਹੌਰ

ਤੋਂ ਪ੍ਰਕਾਸ਼ਿਤ ਹੁੰਦਾ ਸੀ) ਬਾਕੀ ਦਾ ਇਸਦਾ ਸਾਰਾ ਜੀਵਨ ਪੇਂਡੂ ਹੀ ਚਲਿਆ ਆਉਂਦਾ ਹੈ (ਜਿਵੇਂ ਕਿ ਪਹਿਲਾਂ ਸ੍ਰੀ ਭੈਣੀ ਸਾਹਿਬ ਤੇ ਫਿਰ ਸੰਤ ਨਗਰ ਤੇ ਹੁਣ ਸ੍ਰੀ ਜੀਵਨ ਨਗਰ ਵਿਚ) ਪਰ ਬਾਵਜੂਦ ਪੇਂਡੂ ਜੀਵਨ ਦੇ ਸਤਿਜੁਗ ਨੇ ਸਮੇ ਸਮੇ ਪ੍ਰਕਾਸ਼ਤ ਹੋਏ ਸਾਰੇ ਵਿਸ਼ੇਸ਼ ਅੰਕਾਂ ਨੇ ਜੋ ਨ ਮਨਾ ਖਟਿਆ ਤੇ ਲੋਕ ਪ੍ਰਿਯਤਾ ਹਾਸਿਲ ਕੀਤੀ ਹੈ ਸ਼ਾਇਦ ਹੀ ਕਿਸੇ ਸਹਿਰੀ ਸਪਤਾਹਿਕ ਪਤ੍ਰ ਨੂੰ ਇਤਨੀ ਸ਼ੁਹਰਤ ਮਿਲੀ ਹੋਵੇਗੀ।

ਬੀਤੇ ਸਾਲਾਂ ਵਿਚ ਕੁਝ ਪੰਥਕ ਪ੍ਰਚਾਰ ਦੇ ਚਾਹਵਾਨਾਂ ਵਲੋਂ ਸਤਿਜੁਗ ਤੋਂ ਇਲਾਵਾ ਹੋਰ ਵੀ ਕਿਤਨੇ ਰੋਜਾਨਾ, ਸਪਤਾਹਿਕ ਤੇ ਮਾਸਿਕ ਪਤ੍ਰ ਸਮੇ ਸਮੇ ਜਾਰੀ ਹੁੰਦੇ ਰਹੇ, ਪਰ ਉਹ ਜਿਆਦਾ ਚਿਰ ਨ ਚਲਦੇ ਰਹੇ, ਕੇਵਲ ਇਕ ਸਤਿਜੁਗ ਅਖਬਾਰ ਹੀ ਹੈ ਜੋ ੫੧ ਸਾਲਾ ਤੋਂ ਆਪਨੀ ਗੁਰਮੁਖੀ ਚਾਲ ਨਿਰੰਤਰ ਚਲਦਾ ਆ ਰਿਹਾ ਹੈ,

ਵਰਤ ਮਾਨ ਦਸ਼ਾ :-

ਪਰ ਇਹ ਮਨਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਈ ਸਜਨਾਂ ਵਲੋਂ ਉਨਾਂ ਦੀਆਂ ਨਿਗਾਹ ਵਿਚ ਸਤਿਜੁਗ ਵਿਚ ਕਈ ਪ੍ਰਕਾਰ ਦੀਆਂ ਤਰੁਟੀਆਂ ਬਾਰੇ ਟੀਕਾਂ ਟਿਪਨੀ ਵੀ ਹੋ ਰਹੀ ਹੈ ਕਈ ਮਜਬੂਰੀਆਂ ਦੇ ਬਾਵਜੂਦ ਵੀ ਤਰੁਟੀਆਂ ਦੂਰ ਕਰਨ ਦਾ ਜਤਨ ਕੀਤਾ ਜਾ ਰਿਹਾ ਹੈ ਦੂਜੇ ਐਸੇ ਸੱਜਣ ਵੀ ਹਨ ਜੋ ਸਤਿਜੁਗ ਵਲ ਚਕੋਰ ਦੀ ਤਰਾਂ ਨਿਗਾਹ ਲਾਈ ਬੈਠੇ ਰਹਿੰਦੇ ਹਨ। ਜਿਨਾਂ ਨੂੰ ਸਤਿਜੁਗ ਵਿਚੋਂ ਸ੍ਰੀ ਸਤਿਗੁਰੂ ਜੀ ਅਤੇ ਪੰਥਕ ਸਮਾਚਾਰ ਪੜਨ ਨਾਲ ਹੀ ਤਸੱਲੀ ਹੁੰਦੀ ਹੈ

ਇਹ ਗਲ ਹਮੇਸ਼ਾਂ ਯਾਦ ਰਖਣ ਵਾਲੀ ਹੈ ਕਿ ਨਾਮਧਾਰੀ ਪ੍ਰਚਾਰ ਤੇ ਸਤਿਜੁਗ ਅਖਬਾਰ ਦਾ ਆਪਸ ਵਿਚ ਸਰੀਰ ਤੇ ਪ੍ਰਾਣਾਂ ਦਾ ਸਬੰਧ ਹੈ ਨਾਮਧਾਰੀ ਸਿਧਾਂਤਕ ਪ੍ਰਚਾਰ ਦੀ ਜਿਤਨੀ ਤਰਜਮਾਨੀ ਸਾਹਿਤਕ ਪਧਰ ਤੋਂ ਸਤਿਜੁਗ ਕਰਦਾਂ ਚਲਿਆ ਆ ਰਿਹਾ ਹੈ, ਇਤਨ ਹੋਰ ਕਿਸੇ ਢੰਗ ਨਾਲ ਨਹੀਂ ਕੀਤੀ ਜਾ ਸਕਦੀ ਭਾਵੇ ਇਸ਼ਾਇਤ ਥੋੜੀ ਤੇ ਇਸਦੀ ਚਾਲ ਮਧਮ ਹੀ ਹੈ ਪਰ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਅਜ ਵਿਰੋਧੀ ਵਿਚਾਰ ਧਾਰਾ ਰਖਨ ਵਾਲੇ ਵਿਦਵਾਨਾਂ ਜਾ ਸੰਪਾਦਿਕਾਂ ਵਲੋਂ ਲਿਖੇ ਗਏ ਲੇਖਾਂ ਦੇ ਸਹੀ ਉਤਰ ਸਤਿਜੁਗ ਦੁਆਰਾ ਹੀ ਦਿਤੇ ਜਾਂਦੇ ਰਹੇ ਜਾਂ ਹੁਣ ਵੀ ਦਿਤੇ ਜਾਂਦੇ ਹਨ। ਉਹ ਖਾਸ ਮਹਤਵ ਰਖਦੇ ਹਨ।

ਉਪ੍ਰੋਕਤ ਅਰਜ ਤੋਂ ਮੇਰਾ ਮਤਲਬ ਹੈ ਕਿ ਪੰਥਕ ਪ੍ਰਚਾਰ ਦੀ ਪ੍ਰਗਤੀ ਵਾਸਤੇ ਹਰ ਨਾਮਧਾਰੀ ਪ੍ਰਵਾਰ ਨੂੰ ਆਪੋ ਆਪਣਾ ਸੰਪਰਕ ਸਤਿਜੁਗ ਅਖਬਾਰ ਨਾਲ ਜੋੜਨਾ ਤੇ ਸਗੋਂ ਪੀਢਾ ਕਰਨਾ ਚਾਹੀਦਾਂ ਹੈ ਤੇ ੧੨) ਸਾਲ ਦਾ ਚੰਦਾ ਜਮਾ ਕਰਵਾਕੇ ਇਸਦੀ ਪਾਠਿਕ ਸੰਖਿਆ ਨੂੰ ਘਟ ਤੋਂ ਘਟ ੧੦ ਹਜਾਰ ਤਕ ਕਰ ਦੇਣੀ ਚਾਹੀਦੀ ਹੈ। ਜੇਕਰ ਨਾਮਧਾਰੀ ਪੰਥਕ ਪ੍ਰਚਾਰ ਦੇ ਚਾਹਵਾਨ, ਦਾਨੀ, ਵਿਦਵਾਨ, ਪ੍ਰਚਾਰਕ, ਜਥੇਦਾਰ ਸੂਬੇ ਤੇ ਵਿਦਯਕ ਜਥ ਮੇਰੀ ਉਪ੍ਰੋਕਤ ਅਰਜ ਮੰਨ ਲੈਣ ਤੇ ਹੌਲੇ ਸਮੇ ਇਸਨੂੰ ਅਮਲੀ ਰੂਪ ਦੇਣ ਦੀ ਕ੍ਰਿਪਾ ਕਰਨ, ਤਾਂ ਕੋਈ ਵਜਾ ਨਹੀ ਕਿ ਸਤਿਜੁਗ ਅਖਬਾਰ ਨਾਲ ਸਬੰਧਤ ਸਾਰੀਆਂ ਸ਼ਿਕਾਇਤਾਂ ਪ੍ਰਬੰਧਕ ਦੂਰ ਨ ਕਰਨ। ਪਰ ਬਿਨਾ ਕਿਸੇ ਆਰਥਿਕ ਸਾਧਨ ਤੋਂ ਪੂਰਨ ਸਹਯੋਗਤਾ ਦੇਣ ਤੇ ਅਖਬਾਰ ਦੀ ਵਰਤਮਾਨ ਚਾਲ ਵਿਚ ਪ੍ਰੀਵਰਤਨ ਆਉਣਾ ਜੇ ਅਸੰਭਵ ਨਹੀ ਤਾਂ ਮੁਸ਼ਕਿਲ ਜਰੂਰ ਹੈ।

ਖਿਮਾ ਜਾਚਨਾ :-

ਅੰਤ ਵਿਚ ਮੈ ਇਸ ਮਹਾਨ ਤੇ ਇਤਹਾਸਿਕ ਅੰਕ ਵਿਚ ਅਣਜਾਣਤਾ ਤੇ ਅਣਗਹਿਲੀ ਕਾਰਨ ਰਹਿਗਈਆਂ ਸਾਰੀਆਂ ਤਰੁਟੀਆਂ ਦੀ ਸ੍ਰੀ ਸਤਿਗੁਰੂ ਜੀ ਤੇ ਸੁਹਿਰਦ ਪਾਠਿਕਾਂ ਤੋਂ ਖਿਮਾ ਮੰਗਦਾ ਹਾਂ ਅਤੇ ਇਸਦੇ ਨਾਲ ਹੀ ਮੈ ਉਹਨਾਂ ਲਿਖਕਾਂ ਪਾਸੋਂ (ਜਿਨਾਂ ਦੀਆਂ ਰਚਨਾਵਾਂ ਥਾਂ ਦੀ ਥੁੜ ਕਾਰਨ ਸੰਖੇਪ ਕੀਤੀਆਂ ਅਤੇ ਸਗੋਂ ਕਈ ਪ੍ਰਕਾਸ਼ਤ ਵੀ ਨਹੀ ਹੋ ਸਕੀਆਂ) ਬਹੁਤ ਕਰਕੇ ਖਿਮਾ ਦਾ ਜਾਚਿਕ ਹਾਂ।

ਸੰਪਾਦਿਕ-ਸਤਿਜੁਗ

ਮੁਖ ਲੇਖ:---

ਧਰਮ ਰਖਯਕ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ

ਕੋਟਾਨ ਕੋਟ ਪ੍ਰਣਾਮ

ਭਾਰਤ ਤੇ ਪੰਜਾਬ ਸਰਕਾਰ ਅਥਵਾ ਸਿਖ ਸਮਾਜ ਦੀਆਂ ਸਮੂੰਹ ਸੰਪ੍ਰਦਾਵਾਂ ਤੇ ਜਥੇ ਬੰਦੀਆਂ ਅਥਵਾ ਹੋਰ ਬਹੁਤ ਸਾਰੇ ਪ੍ਰਾਤਾਂ ਵਲੋਂ ਮਘਰ ਸੁਦੀਪੰਚਮੀਸੰਮਤ੨੦੩੨ ਤੋਂ ਸੰਮਤ ੨੦੩੩ ਦਾ ਸਾਰਾ ਸਾਲ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਧਰਮ ਰਖਿਆ ਵਾਸਤੇ ਦਿਤੀ ਅਦੁਤੀ ਸ਼ਹਾਦਿਤ ਦੀ ਯਾਦ ਵਿਚ ਮਨਾਇਆ ਜਾ ਰਿਹਾ ਹੈ।

ਇਹ ਗਲ ਕਿਸੇ ਵਿਆਖਿਆ ਦੀ ਲੋੜ ਨਹੀ ਰਖਦੀ, ਕਿ ਜਿਸ ਵਕਤ ਸ੍ਰੀ ਗੁਰੂ ਨਾਂਵੇ ਪਾਤਸ਼ਾਹ ਜੀ ਨੇ ਦਿਲੀ ਜਾਕੇ ਸੀਸ ਬਲੀਦਾਨ ਕੀਤਾ ਉਸ ਵਕਤ ਹਿੰਦੁਸਤਾਨ ਦੇ ਤਖਤ ਦਾ ਬਾਦਸ਼ਾਹ ਔਰੰਗਜ਼ੇਬ ਹਿੰਦੁਸਤਾਨ ਅਤੇ ਹਿੰਦੂ ਧਰਮ ਬਾਰੇ ਅਪਨੇ ਕੀ ਵਿਚਾਰ ਰਖਦਾ ਸੀ, ਕਸਮੀਰ ਵਿਚ ਅਜ ਜੋ ਮੁਸਲਮਾਨ ਕਸਮੀਰੀਆਂ ਦੀ ਬਹੁ ਗਿਨਤੀ ਨਜਰ ਆ ਰਹੀ ਹੈ, ਇਸ ਤੋਂ ਇਹ ਸਮਝਨਾ ਕੋਈ ਔਖਾ ਨਹੀਂ, ਕਿ ਇਸਦੇ ਪਿਛੋਕੜ ਵਿਚ ਕੇਵਲ ਉਹੋ ਇਕ ਤਰਫਾ ਨੀਤੀ ਸੀ, ਕਿ ਹਿੰਦੁਸਤਾਨ ਵਿਚ ਹਿੰਦੂ ਨਾਮ ਦੀ ਕੋਈ ਚੀਜ ਨਜਰ ਹੀ ਨ ਆਵੇ। ਜਦ ਕਿ ਉਹ ਰਾਜ ਪ੍ਰਾਪਤੀ ਵਾਸਤੇ ਕਿਸੇ ਦਾ ਵੀ ਸੱਕਾ ਨਹੀ ਸੀ। ਸਗੋਂ ਰਾਜ ਪ੍ਰਾਪਤੀ ਲਈ ਉਸਨੇ ਆਪਣੇ ਪਿਉ (ਸ਼ਾਹ ਜਹਾਨ)ਤੇ ਸਕੇ ਭਰਾ(ਦਾਰਾ ਸ਼ਕੋਹ)ਨੂੰ ਵੀ ਮਾਰਨ ਤੋਂ ਗਰੇਜ਼ ਨਹੀ ਸੀ ਕੀਤਾ।

ਭਾਰਤ ਦੀ ਉਸ ਦੀਨ ਦਸ਼ਾ ਵਿਚ ਜੇਕਰ ਧਰਮ ਰਖਯਕ ਸਤਿਗੁਰੂ ਤੇਗ ਬਹਾਦਰ ਜੀ ਆਪਣੇ ਢੰਗ ਤੇ ਅਦੁਤੀ ਨਿਡਰਤਾ ਨਾਲ ਕੁਰਬਾਨੀ ਨ ਦਿੰਦੇ ਤਾਂ ਹਿੰਦੁਸਤਾਨ ਦਾ ਨਕਸ਼ਾ ਅਜ ਹੋਰ ਹੀ ਕਿਸ਼ਮ ਦਾ ਹੁੰਦਾ ਅਤੇ ਕਸ਼ਮੀਰ ਦੀ ਵਾਦੀ ਅਥਵਾਂ ਹੋਰ ਪ੍ਰਾਂਤ ਵਿਚ ਜੋ ਹਿੰਦੂ ਜਾਤੀਦੇਲੋਕਨਜਰਆਉਦੇਹਨ ਇਹ ਸਭ ਸੁੰਨਤ ਧਾਰੀ ਹੀ ਹੁੰਦੇ।

ਅਜ ਦੇ ਧਰਮ ਨਿਰਪਖਤਾ ਦੇ ਜੁਗ ਵਿਚ ਸਾਰੇ ਧਰਮਾਂ ਨੂੰ ਆਪੋ ਆਪਣੇ ਕਰਮਾਂ ਧਰਮਾਂ ਅਤੇ ਪ੍ਰਚਾਰ ਵਾਸਤੇ ਪੂਰਨ ਆਜ਼ਾਦੀ ਹੈ,ਜੋ ਕਿ ਭਾਰਤ ਵਾਸਤੇ ਬੜੀ ਫਖਰਯੋਗ ਗਲ ਹੈ ਕਿ ਏਥ ਕ੍ਰੋੜਾਂ ਮੁਸਲਮਾਨ ਵੀਰ ਵਸਦੇ ਹੀ ਨਹੀ,ਸਗੋਂ ਧਰਮ ਨਿਰਪਖਤਾ ਦੀ ਨੀਤੀ ਅਨੁਸਾਰ ਹਕੂਮਤ ਦੀ ਸਭ ਤੋਂ ਵਡੀ ਪਦਵੀ(ਰਾਸ਼ਟਰਪਤੀ) ਤਕਬਿਨਾਂ ਕਿਸੇ ਵਿਤਕਰੇ ਵਤਨ ਪ੍ਰਸਤ ਮੁਸਲਮਾਨ ਮਤ ਦੇ, ਧਾਰਣੀਯ ਵੀ ਪ੍ਰਤਿਸ਼ਟ ਸਜਣ ਹਨ।

ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵਕਤ ਦਾ ਸਮਾਂ ਯਾਦ ਕਰਕੇ ਇਕ ਵੇਰਾਂ ਅਜ ਦੇ ਮੁਸਲਮਾਨ ਵੀਰਾਂ ਦੇ ਵੀ ਰੌਂਗਟੇ ਖੜੇ ਹੋ ਜਾਂਦੇ ਹਨ ਉਹ ਕਿਤਨੀ ਨਿਰਦੈਤਾ ਤੇ ਬੇ ਨਿਆਈਂ ਨਾਲ ਤੁਰਕ ਮਤ ਨੂੰ ਸੰਸਾਰ ਵਿਆਪੀ ਮਤ ਬਨਾਉਣ ਵਾਸਤੇ ਯਤਨ ਕਰਦਾ ਰਿਹਾ। ਪਰ ਧੰਨਯ ਸਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਜਿਨਾਂ ਨੇ ਆਪਨੀ ਸਹਿਜ ਅਵਸਥਾ ਬ੍ਰਹਮ ਗਿਆਨਤਾ ਦੇ ਮਾਰਗ ਅਤੇ ਸ਼ਹਿਨ ਸ਼ਕਤੀ ਦਵਾਰਾ ਦੁਨੀਆਂ ਦੇ ਇਕ ਆਲਮਗੀਰ ਬਾਦਸ਼ਾਹ ਦੇ ਜ਼ੁਰਮ ਜਬਰ ਤੇ ਅਨਯਾਇ ਦਾ ਮੁਕਾਬਿਲਾ ਕਰਕੇ ਉਸ ਵਕਤ

ਭਾਰਤ ਦੀ ਸਨਾਤਨ ਧਰਮੀ ਸਭਅਤਾ ਨੂੰ ਖਤਮ ਹੋਣ ਤੇ ਬਚਾ ਲਿਆ।

ਸ੍ਰੀ ਗੁਰੂ ਜੀ ਦੇ ਇਸ ਪਰਉਪਕਾਰ ਨੂੰ ਜੇਕਰ ਅਜ ਭਾਰਤ ਭੂਮੀ ਦੇ ਕਣ ਕਣ ਉਤੇ ਵੀ ਉਕਰਿਆ ਜਾਵੇ ਤਾਂ ਵੀ ਥੋੜਾ ਹੈ।

ਵਰਤਮਾਨ ਸਮੇ ਭਾਰਤ ਵਰਸ਼ ਵਿਚ ਜੋ ਧਰਮ ਨਿਰਪਖਤਾ ਦਾ ਰਾਜ ਚਲਾਇਆ ਜਾ ਰਿਹਾ ਹੈ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁਤੀ ਕੁਰਬਾਨੀ ਤੋਂ ੩੦੦ ਸਾਲ ਬਾਦ ਦੇ ਅੰਤਰੇ ਵਾਲਾ ਸਮਾਂ ਆਖਆ ਜਾ ਸਕਦਾ ਹੈ। ਅਰ ਜਿਸ ਅੰਤਰੇ ਦੇ ਦੌਰਾਨ ਕਈ ਹਕੂਮਤਾਂ ਤੇ ਨੀਤੀਆਂ ਭਾਰਤ ਅਥਵਾ ਪੰਜਾਬ ਵਿਚ ਬਦਲੀਆਂ, ਪਰ ਜੇਕਰ ਗਹਿਰਾਈ ਤੇ ਗੰਭੀਰਤਾ ਦੀ ਪਧਰ ਤੋਂ ਵੇਖਿਆ ਜਾਵੇ, ਅਜੇਹੇ ਸੈਕੂਲਰ ਇਜਮ ਰਾਜ ਦੀ ਪ੍ਰਾਪਤੀ ਭਾਰਤ ਸ੍ਰੀ ਗੁਰੂ ਨਾਨਕ ਦੇਵ ਵਲੋਂ ਮ ਨਵੀ ਏਕਤਾ ਦੇ ਪਿਆਰ, ਪ੍ਰਚਾਰ ਅਥਵਾ ਸ੍ਰੀ ਗੁਰੂ ਤੇਗ ਬਹਾਦਰ ਜੀ ਵਰਗੇ ਧਰਮੀ, ਬ੍ਰਹਮ ਗਿਆਨੀ ਤੇ ਸਹਿਨ ਸੀਲਤਾ ਦੇ ਪੁੰਜ ਵਿਅਕਤੀਆਂ ਦੀਆ ਨਿਸ਼ਕਾਮ ਘਾਲਨਾ ਦੇ ਫਲ ਸਰੂਪ ਹੀ ਹੋਈ ਹੈ।

ਕਿਸੇ ਮਹਾਂ ਪੁਰਸ਼ ਤੋਂ ਬਾਦ ਉਸਦੀ ਮਹਾਨ ਨੀਤੀ ਦਾ ਵਿਆਪਕ ਹੋਣਾਂ ਹੀ ਦਰਅਸਲ ਕਿਸੇ ਮਹਾਂ ਪੁਰਸ਼ ਵਿਅਕਤੀ ਦੀ ਮਹਾਨਤਾ ਦੀ ਪਰਖ ਕਸਵਟੀ ਹੁੰਦੀ ਹੈ, ਨਹੀ ਤਾਂ "ਮੂਹਾਂ ਨੂੰ ਮੁਲਾਹਿਜੇ ਤੇ ਸਿਰਾਂ ਨੂੰ ਸਲਾਮਾਂ" ਤਕ ਹੀ ਆਮ ਹੁਕਮਰਾਨ ਜਾਂ ਲੀਡਰ ਅਥਵਾ ਧਾਰਮਿਕ ਆਗੂ ਸੀਮਤ ਰਹਿੰਦੇ ਹਨ। ਭਾਵੇਂ ਸ੍ਰੀ ਗੁਰੂ ਨਾਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ੩੦੦ ਸਾਲ ਬੀਤ ਚੁਕੇ ਹਨ, ਅਤੇ ਇਸ ਘਾਪੇ ਅੰਦਰ ਕਈ ਰਾਜਨੀਤਕ ਤੇ ਧਾਰਮਿਕ ਪ੍ਰੀਵਰਤਨ ਆਏ, ਪਰ ਗੁਰੂ ਜੀ ਦੀ ਨਿਸਕਾਮ ਕੁਰਬਾਨੀ ਦਾ ਪ੍ਰਭਾਵ ਅਜ ਵੀ ਬਿਲਕੁਲ ਤਾਜਾ ਹੀ ਪ੍ਰਤੀਤ ਹੋ ਰਿਹਾ ਹੈ ਅਤੇ ਸਗੋਂ ਰਹਿੰਦੀ ਦੁਨੀਆ ਤਕ ਏਹ ਪ੍ਰਭਾਵ ਨਿਤ ਨਵਾ ਨਿਰੋਆ ਹੀ ਰਹੇਗਾ। ਸਾਡੇ ਵਾਸਤੇ ਇਹ ਬੜੀ ਫਖਰ ਯੋਗ ਗਲ ਹੈ, ਕਿ ਗੁਰੂ ਜੀ ਦੀ ਕੁਰਬਾਨੀ ਦੇ ਪ੍ਰਭਾਵ ਸਦਕਾ ਗੁਰੂ ਜੀ ਦੀ ਤਿਨ ਸੌ ਸਾਲਾ ਯਾਦ ਗਾਰ ਮਨਾਉਣ ਵਾਸਤੇ (ਸਣੇ ਭਾਰਤੀ ਸਰਕਾਰ ਦੇ) ਸਮੁਚੇ ਤੌਰ ਤੇ ਭਾਰਤ ਦੀ ਆਮ ਜਨਤਾ ਵਿਚ ਇਤਨਾ ਉਤਸ਼ਾਹ ਵੇਖਣ ਵਿਚ ਆਇਆ ਜਿਤਨਾ ਕਦੇ ਕਿਸੇ ਧਾਰਮਿਕ ਜਾਂ ਸਿਆਸੀ ਨੇਤਾ ਵਾਸਤੇ ਸ਼ਾਇਦ ਹੀ ਕਿਤੇ ਆਇਆ ਹੋਵੇ। ਸ੍ਰੀ ਗੁਰੂ ਨਾਵੇਂ ਪਾਤਸ਼ਾਹ ਦੀ ਇਸ ਤੀਜੀ ਸ਼ਤਾਬਦੀ ਦੇ ਉਤਸ਼ਾਹ ਨੇ ਸਾਬਤ ਕਰ ਦਿਤਾ ਹੈ, ਕਿ ਗੁਰੂ ਜੀ ਦੀ ਸ਼ਹਾਦਤ ਸਭ ਮਾਨਵਤਾ ਦੀ ਗੁਲਾਮੀ ਦੇ ਖਾਤਮੇ ਵਾਸਤੇ ਸੀ। ਇਹੋ ਵਜਹ ਹੈ, ਕਿ ਉਹਨਾਂ ਦੀ ਯਾਦ ਵਿਚ ਸਾਰੇ ਸਮਾਰੋਹਾਂ ਦੀਵਾਨਾਂ ਜਲੂਸਾਂ, ਕੀਰਤਨ ਦੁਬਾਰਾਂ, ਕਵੀ ਦਰਬਾਰਾਂ, ਤੇ ਹੋਰ ਪ੍ਰੋਗ੍ਰਾਮਾਂ ਸਮੇ ਗੈਰ ਸਰਕਾਰੀ ਤੇ ਸਰਕਾਰੀ ਅਦਾਇਰਿਆ ਦਾ ਕੋਈ ਵਖ ਵਖੇਵਾਂ ਨਹੀ ਰਹਿਆ। ਅਤੇ ਨਾਹੀ ਵਖ ਵਖ ਮਜ਼ਹਬਾਂ, ਸੰਪ੍ਰਦਾਵਾਂ ਤੇ ਸੰਸਥਾਵਾਂ ਦਾ ਹੀ ਕੋਈ ਮਤ-ਭੇਦ ਵੇਖਣ ਵਿਚ ਆਇਆ ਹੈ।

ਹੋ ਸਕਦਾ ਹੈ, ਕਿ ਕਈ ਸਵਾਰਥੀ ਸ਼ਜਨਾਂ ਨੇ ਗੁਰੂ ਸਾਹਿਬ ਜੀ ਦੇ ਉਪਕਾਰਾਂ ਤੇ ਕੁਰਬਾਨੀਆਂ ਦੇ ਸੁਚੇ ਤੇ ਸਚੇ ਕਰਤਵਾਂ ਨੂੰ ਅਪਣੀ ਸਵਾਰਥ ਸਿਧੀ ਵਾਸਤੇ ਕਈ ਤਰਾਂ ਦੇ ਪ੍ਰਗਟਾਵਿਆਂ ਦੇ ਰੂਪ ਵਿਚ ਵੀ ਪ੍ਰਚਾਰਿਆ ਹੋਵੇ; ਤੇ ਕਈ ਕੰਮ ਗੁਰਮਤ ਸਿਧਾਂਤ ਦੇ ਉਲਟ ਕਰਕੇ ਗਲਤ ਪ੍ਰਾਪੇਗੰਡਾ ਵੀ ਕੀਤਾ ਹੋਵੇ? (ਜੋ ਸ੍ਰੀ ਗੁਰੂ ਜੀ ਦੀ ਨੇਕ ਭਾਵਨਾ, ਨਿਸ਼ਕਾਮਤਾ, ਤੇ ਕੁਰਬਾਨੀ ਨਾਲ ਮੇਲ ਨਹੀ ਖਾਂਦਾਂ) ਪਰ ਸਾਹਬ ਨਾਂਵੇ ਪਾਤਸ਼ਾਹ ਦਾ ਤਿਆਗ, ਵੈਰਾਗ ਤਪ ਸਾਧਨਾਂ, ਤੇ ਧਰਮ ਪ੍ਰਪੱਕਤਾ ਅਥਵਾ ਨਿਸਕਾਮ ਕੁਰਬਾਨੀ ਨੇ ਆਮ ਜਨਤਾ ਅਤੇ ਵਰਤਮਾਨ ਹਕੂਮਤ ਦੇ ਦਿਲਾਂ ਉਤੇ ਅਜਿਹਾ ਪ੍ਰਭਾਵ ਪਾਇਆ ਹੋਇਆ ਹੈ ਕਿ ਕਿਸ ਸਵਾਰਥੀ ਆਦਮੀ ਦੇ ਗਲਤ ਕੰਮ ਜਾਂ ਪ੍ਰਾਪਗੰਡੇ ਵਲ ਕਿਸੇ ਸਰਧਾ ਵਾਨ ਨੇ ਧਿਆਨ ਹੀ ਨਹੀ ਦਿਤਾ, ਅਤੇ ਗੁਰੂ ਜੀ ਬਾਬਤ ਕੀਤੇ ਗਏ ਸਾਰੇ ਪ੍ਰੋਗਰਾਮਾਂ ਨੂੰ ਪੂਰੀ ਭਾਵਨਾ ਨਾਲ ਹੀ ਸਭ ਲੋਕਾਂ ਨੇ ਸਵਕਾਰ

ਕੀਤਾ, ਤੇ ਲਖਾਂ ਕ੍ਰੋੜਾਂ ਰੁਪੈ ਇਸ ਸ਼ਤਾਬਦੀ ਦੇ ਉਤਸ਼ਾਹ ਵਿਚ ਖਰਚ ਕੀਤੇ। ਅਤੇ ਸਗੋਂ ਪੰਜਾਬ, ਹਰਿਆਣਾ, ਹਿਮਾਚਲ, ਆਦਿ ਤੇ ਕੇਂਦਰੀ ਸਰਕਾਰਾਂ ਦੇ ਸਹਿਯੋਗ ਨਾਲ ਸੈਂਕੜੇ ਮੀਲ ਜਲੂਸ ਕਢੇ ਤੇ ਹੋਰ ਅਨਗਿਣਤ ਸਮਾਰੋਹ ਕੀਤੇ, ਅਤੇ ਵਖ ਵਖ ਰੂਪਾਂ ਵਿਚ ਅਨੇਕਾਂ ਯਾਦਗਾਰਾਂ ਕਾਇਮ ਕਰਕੇ ਸਰਧਾ ਦਾ ਮਨ, ਬਚ, ਕ੍ਰਮ, ਦੁਆਰਾ ਜੋ ਸਬੂਤ ਦਿਤਾ, ਉਹ ਸੁਨਹਿਰੀ ਅਖਰਾਂ ਵਿਚ ਹਮੇਸ਼ਾਂ ਚਮਕਦਾ ਰਹੇਗਾ।

ਇਸੇ ਸ਼ਤਾਬਦੀ ਦੇ ਉਤਸ਼ਾਹ ਨੂੰ ਧਿਆਨ ਵਿਚ ਰਖਦਿਆਂ, ਧਰਮ ਰਖਯਕ, ਸਹਿਨਸ਼ੀਲਤਾ ਦੇ ਸਾਗਰ ਵੈਰਾਗ ਤੇ ਤਿਆਗ ਦੇ ਸ਼ਰੂਪ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁਤੀ ਕੁਰਬਾਨੀ ਦੀ ਯਾਦ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤ੍ਰ ਛਾਇਆ ਹੇਠ ਸਤਿਜੁਗ ਦਾ ਇਹ ਵਿਸ਼ੇਸ਼ (ਇਤਹਾਸਿਕ) ਅੰਕ ਪ੍ਰਕਾਸ਼ਤ ਕਰਦਾ ਹੋਇਆ ਮੈਂ ਸਤਿਗੁਰੂ ਨਾਂਵੇ ਪਾਤਸ਼ਾਹ ਜੀ ਦੇ ਚਰਨਾਂ ਉਤੇ ਅਨਿਕ ਬਾਰ ਡੰਡਉਤ ਬੰਦਨਾ ਤੇ ਕੋਟਾਨ ਕੋਟ ਪ੍ਰਣਾਮ ਕਰਦਾ ਹਾਂ।

ਸਨਖਤ੍ਰਵੀ

ਤੇਗ ਬਹਾਦਰ ਗੁਰੂ ਹੋਣ ਕੁਰਬਾਨ ਤੁਰ ਪਏ

ਸ੍ਰੀ ਹਰਭਜਨ ਸਿੰਘ ਜੀ 'ਪ੍ਰਵਾਨਾ' (ਸੰਤ ਨਗਰ)

ਆਸ਼ਕ ਵਤਨ ਵਣਜਾਰੇ ਸ਼ਹਾਦਤਾਂ ਦੇ
ਖੂਨੀ ਜ਼ੁਲਮ ਦਾ ਖ਼ਾਕਾ ਮਿਟਾਨ ਤੁਰ ਪਏ।
ਸੀਸ ਤਲੀ ਤੇ ਰਖ ਬੇ ਖੌਫ ਹੋਕੇ
ਕਰਨ ਔਕੜਾਂ ਨਾਲ ਘਮਸਾਨ ਤੁਰ ਪਏ।
ਆਹ ਦਰਦ ਭਿੰਨੀ ਸੁਣਕੇ ਪੰਡਤਾਂ ਦੀ,
ਮਥਾ ਨਾਲ ਔਰੰਗ ਦੇ ਲਾਨ ਤੁਰ ਪਏ।
ਹਿੰਦੂ ਧਰਮ ਤੇ ਜੰਞੂ ਦੇ ਬਣ ਰਾਖੇ
ਤੇਗ ਬਹਾਦਰ ਗੁਰੂ ਹੋਣ ਕੁਰਬਾਨ ਤੁਰ ਪਏ।

"ਬੇਦ ਬਡਾ ਕਿ ਜਹਾਂ ਤੇ ਆਇਆ"

ਇਤਿਹਾਸ ਦਾ ਇਕ ਛਡਿਆ ਹੋਇਆ ਪੰਨਾ—

ਪੂਜਯ ਸ੍ਰੀ ਮਹਾਰਾਜ ਬੀਰ ਸਿੰਘ ਜੀ

ਸਿਖ ਇਤਹਾਸ ਦੇ ਕੋਈ ਪਖ ਕਿਸੇ ਸਮੇਂ ਵਿਚ, ਕੋਈ ਕਿਸੇ ਸਮੇਂ ਵਿਚ ਆਮ ਪਾਠਕਾਂ ਦੇ ਸਾਮਣੇ ਔਂਦੇ ਰਹੇ ਹਨ। ਇਤਹਾਸ ਜਾਂ ਸਹਿਤ ਦਰਸੌਣ ਵਾਲਿਆਂ ਨੇ ਬਹੁਤ ਕਰਕੇ ਆਪਣੇ ਅਨੁਸਾਰੀ ਵੀਚਾਰਾਂ ਦੇ ਪਖ ਨੂੰ ਪਰਚਾਰਿਆ ਹੈ ਸਿਖੀ ਸਿਧਾਂਤ ਆਪਣੀ ਜਗਹ ਅਟੱਲ ਰਿਹਾ ਹੈ, ਅਤੇ ਹੁਣ ਵੀ ਹੈ। ਪਰ ਸਮੇਂ ਸਮੇਂ ਅਨੁਸਾਰ ਕੁਛ ਵਿਦਵਾਨ ਰਾਜ ਸੱਤਾ ਦਾ ਆਸਰਾ ਲੈਕੇ ਆਪਣੇ ਮਨੋਰਥ ਸਿਧੀ ਲਈ ਇਸ ਨੂੰ ਬਦਲਣ ਦਾ ਜਤਨ ਕਰਦੇ ਰਹੇ ਹਨ। ਹੁਣ ਵੀ ਇਸੇਤਰਾਂ ਦੇ ਪੁਰਸ਼ ਹਨ ਜੋ ਸਿਧਾਂਤ ਦੀ ਵਾਸਤਵਿਕਤਾ ਨੂੰ ਪਾਸੇ ਕਰਕੇ ਆਪਣੀ ਇਛਾ ਅਨੁਸਾਰ ਇਸ ਨੂੰ ਲੋਕਾਂ ਵਿਚ ਦਸਣ ਦਾ ਅਤੇ ਆਪਣਾ ਪ੍ਰਭਾਵ ਜਮਾਉਣ ਦਾ ਜਤਨ ਕਰਦੇ ਹਨ।

ਆਦਿ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੂਰਬ ਗੁਰੂਆਂ ਭਗਤਾਂ ਭਟਾਂ ਅਤੇ ਆਪਣੀ ਬਾਣੀ ਸਮੇਤ ਸੰਮਤ ੧੬੬੧ ਵਿਚ ਤਿਆਰ ਕੀਤੀ। ਗੁਰੂ ਅਰਜਨ ਦੇਵ ਜੀ ਨੇ ਬੀੜ ਲਿਖਵਾਉਣ ਵੇਲੇ ਆਪਣੀ ਸ਼ਕਤੀ ਨਾਲ ਭਗਤਾਂ ਦਾ ਆਵਾਹਨ ਕੀਤਾ। ਭਗਤਾਂ ਨੇ ਬਾਣੀ ਉਚਾਰੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਲਿਖਵਾਈ। ਭਾਈ ਗੁਰਦਾਸ ਜੀ ਨੂੰ ਭਗਤਾਂ ਦੇ ਦਰਸ਼ਨ ਕਰਾਕੇ ਇਹ ਸੰਕਾ ਦੂਰ ਕੀਤਾ, ਕਿ ਬਾਣੀ ਭਗਤ ਨਹੀਂ ਉਚਾਰਦੇ ਗੁਰੂ ਜੀ ਆਪ ਹੀ ਉਚਾਰਦੇ ਹਨ।

ਪਰ ਹੁਣ ਦੇ ਲੇਖਕਾਂ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਕਤੀਨੂੰ ਮੰਨਣ ਤੋਂ ਇਨਕਾਰ ਕਰਨ ਲਈ ਇਹ ਲਿਖਣਾਂ ਸ਼ੁਰੂ ਕਰ ਦਿਤਾ ਹੈ ਕਿ ਭਗਤਾਂ ਦੀ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਦੇਸ਼ ਰਟਨ ਸਮੇਂ ਭਗਤਾਂ ਪਾਸੋਂ ਇਕਤ੍ਰਤ ਕਰਕੇ ਲਿਆਕੇ ਰਖੀ ਹੋਈ ਸੀ। ਬਾਬਾ ਮੋਹਨ ਜੀ ਪਾਸੋਂ ਪੋਥੀਆਂ ਦੇ ਨਾਲ ਹੀ ਇਹ ਬਾਣੀ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਲੈ ਗਏ, ਅਤੇ ਬੀੜ ਵਿਚ ਦਰਜ਼ ਕੀਤੀ।

ਜਿਵੇਂ ਕਿ ਪ੍ਰੋਫੈਸਰ ਪ੍ਰੀਤਮ ਸਿੰਘ ਰਚਿਤ ਦਰਸ਼ਨਿਕ ਸਿਖ ਇਤਿਹਾਸ ਦੇ ਪੰਨਾ ੭੩ ਤੋਂ ੭੫ ਤਕ ਲਿਖਿਆ ਹੈ :—

"ਫਿਰ ਗੁਰੂ ਨਾਨਕ ਦੇਵ ਜੀ ਭਗਤ ਰਵਿਦਾਸ, ਕਬੀਰ ਜੀ ਤੇ ਜੈ ਦੇਵ ਜੀ ਨੂੰ ਮਿਲੇ। ਓਹਨਾਂ ਨਾਲ ਜਾਤ ਪਾਤ ਬਾਰੇ ਖੁਲੀ ਵਿਚਾਰ ਹੋਈ। ਇਨਾਂ ਭਗਤਾਂ ਦੇ ਖਿਆਲ ਗੁਰੂ ਨਾਨਕ ਦੇਵ ਜੀ ਨਾਲ ਮਿਲ ਗਏ। ਗੁਰੂ ਨਾਨਕ ਦੇਵ ਜੀ ਨੇ ਇਨਾਂਦੀਬਾਣੀਂ ਲਿਖ ਲਈ ਜੋਗੁਰੂ ਗ੍ਰੰਥਸਾਹਿਬ ਵਿਚ ਦਰਜ ਹੈ"। ....

ਇਉਂ ਪਰਤੀਤ ਹੁੰਦਾ ਹੈ ਕਿ ਇਨਾਂ ਲੇਖਕਾਂ ਨੇ ਕਦੇ ਗੁਰਬਾਣੀ ਦਾ ਪਾਠ ਨਹੀਂ ਕੀਤਾ। ਗਉੜੀ ਰਾਗ ਵਿਚ ਭਗਤਾਂ ਦੀ ਬਾਣੀ ਵਿਚ ॥ "ਗਉੜੀ ਕਬੀਰ ਜੀ ਨਾਲਿ ਰਲਾਇ ਲਿਖਿਆ ਮਹਲਾ ੫" ॥ ਜਿਸ ਤੋਂ ਇਹ ਨਿਰਨਾ ਹੋ ਜਾਂਦਾ ਹੈ ਕਿ ਏਹ ਸ਼ਬਦ ਭਗਤ ਕਬੀਰ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕਠਾ ਇਕੋ ਸਮੇਂ ਉਚਾਰਨ ਕੀਤਾ ਹੈ। ਪਰ ਵਰਤਮਾਨ ਸਮੇਂ ਦੇ ਲਿਖਾਰੀ ਆਪਣੇ ਵੀਚਾਰ, ਸਚਾਈ ਦੇ ਵਿਰੁਧ ਪ੍ਰਚਾਰਦੇ ਹਨ। ਏਹ ਵਿਚਾਰ ਉਨਾਂ ਦੇ, ਗੁਰਬਾਣੀ ਅਤੇ ਸਿਖ ਇਤਹਾਸ ਦੀਆਂ ਪੁਸਤਕਾਂ ਨਾ ਪੜਨ ਕਰਕੇ ਬਣ ਗਏ ਹਨ। ਕਿਉਂ ਕਿ ਵਰਤਮਾਨ ਵਿਦਵਾਨਾਂ ਵਿਚ ਆਤਮਿਕ ਸ਼ਕਤੀ ਨੂੰ ਮੰਨਣ ਦੀ ਭਾਵਨਾਂ ਇਤਨੀ ਘਟ ਹੈ ਕਿ ਜੋ ਨਾ ਹੋਣ ਦੇ ਬਰਾਬਰ ਹੈ। ਇਸ ਕਰਕੇ ਇਨਾਂ ਲੇਖਕਾਂ ਨੇ ਵੀ ਆਪਣੇ ਵੀਚਾਰ ਵਰਤ ਮਾਨ ਵਿਦਯਾ ਪ੍ਰਣਾਲੀ ਦੇ ਅਨੁਸਾਰ ਹੀ ਬਣਾਂ ਲਏ ਹਨ। ਵੀਚਾਰ ਪ੍ਰੀਵਰਤਨ ਨਾਲ ਸ਼ਰਧਾ ਵੀ ਘਟ ਰਹੀ ਹੈ। ਹੋਰ ਤਾਂ ਹੋਰ ਸ਼੍ਰੋ: ਗੁ: ਪ੍ਰ: ਕ: ਦੇ ਖੋਜੀ ਵਿਦਵਾਨ ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ ਨੇ ਲਿਖ ਦਿਤਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦੇ ਆਗੂਆਂ ਵਿਚ ਇਕ ਵਿਸ਼ੇਸ਼ ਸਥਾਨ ਰਖਦੇ ਹਨ।(ਸਿਖੀ ਤੇ ਸਿਖ ਇਤਿਹਾਸ ਪੰਨਾ ੧੨੯)

ਜਦ ਕਿ :- ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਸਤਿਗੁਰੂ ਨੂੰ ਪਰਤਖ ਅਕਾਲ ਪੁਰਖ ਅਤੇ ਸਰਬ ਤਰਾਂ ਸਮਰਥ ਲਿਖਿਆ ਹੈ :-

"ਸਤਿਗੁਰ ਦੇਓ ਪ੍ਰਤਖ ਹਰਿ ਮੂਰਤਿ
ਜੋ ਅੰਮ੍ਰਿਤ ਬਚਨ ਸੁਣਾਵੈ"
(ਸ੍ਰੀ ਗੁਰੂ ਰਾਮ ਦਾਸ ਜੀ, ਮਲਾਰ)

ਅਥਵਾ :- ਗੁਰੁ ਤੀਰਥੁ ਗੁਰੁ ਪਾਰਜਾਤੁ
ਗੁਰੁ ਮਨਸਾ ਪੂਰਣ ਹਾਰੁ
ਗੁਰੁ ਦਾਤਾ ਹਰਿਨਾਮੁ ਦੇਇ
ਉਧਰੈ ਸਭੁ ਸੰਸਾਰੁ
ਗੁਰੁ ਸਮਰਥੁ ਗੁਰੁ ਨਿਰੰਕਾਰੁ
ਗੁਰੁ ਊਚਾ ਅਗਮ ਅਪਾਰੁ
ਗੁਰ ਕੀ ਮਹਿਮਾ ਅਗਮ ਹੈ
ਕਿਆ ਕਥੈ ਕਥਨ ਹਾਰੁ
(ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਰਾਗੁ)

ਸਮੇ ਦੇ ਪ੍ਰਭਾਵ ਨਾਲ ਵੀਚਾਰਾਂ ਦਾ ਪਹਿਲੇ ਹੀ ਪ੍ਰੀਵਰਤਨ ਹੋ ਚੁਕਾ ਹੈ, ਸਿਖਾਂ ਵਿਚ ਖਾਸ ਕਰਕੇ ਨੌਜਵਾਨ ਸਿਖਾਂ ਵਿਚ ਸ਼ਰਧਾ ਕੇਵਲ ਨਾਂਮ ਮਾਤ੍ਰ ਹੀ ਹੈ। ਜਦੋਂ ਉਨਾਂ ਨੂੰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮਟੀ ਦੇ ਖੋਜੀ ਵਿਦਵਾਨਾਂ ਦੀ ਏਹ ਲਿਖਤ ਪੜਨ ਦਾ ਸਮਾਂ ਮਿਲੇਗਾ ਕਿ ਸਾਡੇ ਗੁਰੂ ਵੀ ਸੰਸਾਰ ਦੇ ਆਗੂਆਂ ਵਿਚ ਇਕ ਵਿਸ਼ੇਸ਼ ਸਨ ਤਾਂ ਤਦ ਓਹ ਸਤਿਗੁਰਾਂ ਨੂੰ ਦੁਨੀਆ ਦੇ ਬੰਦਿਆਂ ਵਿਚੋਂ ਹੀ ਸਮਝਣਗੇ, ਗੁਰੂ ਨਹੀਂ।

ਭਗਤਾਂ ਦੀ ਬਾਣੀ ਜੇ ਪੜ੍ਹੀ ਜਾਵੇ ਤਾਂ ਏਹ ਸਾਫ ਪਤਾ ਲਗ ਜਾਂਦਾ ਹੈ ਕਿ ਇਕ ਦੋ ਨੂੰ ਛਡਕੇ ਦੂਜੇ ਸਭ ਭਗਤਾਂ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਦੀ ਰਚਨਾ ਆਪਣੀ ਇਛਾ ਅਨੁਸਾਰ ਕਰਾਈ ਹੈ। ਜਿਸ ਜਿਸ ਇਲਾਕੇ, ਜਾਂ ਮਤ ਦੇ, ਭਗਤ ਸਨ ਓਹਨਾਂ ਦੀ ਬੋਲੀ ਦੀ ਝਲਕ ਉਸ ਬਾਣੀ ਵਿਚੋਂ ਅਸਲੋਂ ਨਹੀਂ ਪੈਂਦੀ। ਭਗਤ ਨਾਂਮਦੇਵ ਜੀ ਮਹਾਂ ਰਾਸ਼ਟਰ ਵਿਚ ਹੋਏ ਹਨ। ਲੇਖਕ ਨੂੰ ਵੀ ਇਕ ਵਾਰ ਓਹਨਾਂ ਦੇ ਜਨਮ ਨਗਰ ਜਾਣ ਦਾ ਸਮਾਂ ਮਿਲਿਆ ਹੈ। ਓਥੋਂ ਦੇ ਲੋਕਾਂ ਦੀ ਬੋਲੀ ਸਾਡੇ ਵਾਸਤੇ ਸਮਝਣੀ ਅਤੇ ਓਹਨਾਂ ਨੂੰ ਸਾਡੀ ਬੋਲੀ ਸਮਝਣੀ ਬਹੁਤ ਕਠਨ ਹੈ, ਪਰ ਜੋ ਬਾਣੀ ਭਗਤ ਨਾਮਦੇਵ ਜੀ ਦੀ ਹੈ ਓਹ ਸਾਡੇ ਪ੍ਰਾਂਤ ਦੇ ਰਹਿਣ ਵਾਲਿਆਂ ਲਈ ਸਮਝਣੀ ਬਹੁਤ ਆਸਾਨ ਹੈ। ਇਸ ਬਾਣੀ ਦਾ ਅਤੇ ਓਥੋਂ ਦੀ ਬੋਲੀ ਦਾ ਬੜਾ ਫਰਕ ਹੈ। ਇਹ ਇਸ ਲਈ ਹੈ, ਕਿਉਂ ਕਿ ਭਗਤ ਜੀ ਨੇ "ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਹਾਜਰ ਹੋਕੇ ਉਨਾਂ ਦੀ ਇਛਾ ਅਨੁਸਾਰ ਉਚਾਰੀ"

ਭਗਤ ਭੀਖਨ ਜੀ ਸੂਫੀ ਮੁਸਲਮਾਨ ਫਕੀਰ ਅਤੇ ਯੂ. ਪੀ. (ਉਤਰ ਪ੍ਰਦੇਸ) ਦੇ ਰਹਿਣ ਵਾਲੇ ਸਨ। ਉਨਾਂ ਦੀ ਬਾਣੀ ਵਿਚ ਮੁਸਲਮਾਨਾਂ

ਵਾਲੇ ਵੀਚਾਰਾਂ ਦੀ ਜਾਂ ਯੂ. ਪੀ. ਦੀ ਬੋਲੀ ਦੀ ਰੰਚਕ ਮਾਤਰ ਵੀ ਝਲਕ ਨਹੀਂ ਪੈਂਦੀ। ਕੀ ਐਸੇ ਸ਼ਬਦ ਕਦੀ ਕਿਸੇ ਮੁਸਲਮਾਨ ਦੇ ਮੂੰਹੋਂ ਕਦੇ ਕਿਸੇ ਨੇ ਸੁਣੇ ਹੋਣਗੇ? :—

"ਮੇਰੇ ਰਾਮ ਰਾਇ ਹੋਹਿ ਬੈਦ ਬਨਵਾਰੀ"
"ਹਰਿਕਾ ਨਾਮ ਅੰਮ੍ਰਿਤ ਜਲ ਨਿਰਮਲ
ਇਹ ਅਉਖਧ ਜਗਸਾਰਾ। ਗੁਰ ਪ੍ਰਸਾਦਿ
ਕਹੈ ਜਨ ਭੀਖਨ ਪਾਵਹੁ ਮੋਖ ਦੁਆਰਾ"

ਇਹ ਬੋਲੀ ਯੂਪੀ ਦੇ ਰਹਿਣ ਵਾਲਿਆਂ ਦੀ ਨਹੀਂ ਨਾਂ ਹੀ ਮੁਸਲਮਾਨਾਂ ਦੀ ਹੈ ਇਹ ਸ੍ਰੀ ਗੁਰੂ ਜੀ ਦੀ ਇਛਾ ਅਨੁਸਾਰ ਉਚਾਰੀ ਹੋਈ ਹੈ।

ਇਨਾਂ ਭਗਤਾਂ ਦੀਆਂ ਪਹਿਲੀਆਂ ਰਚਨਾਵਾਂ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਨਾਂ ਭਗਤਾਂ ਨੂੰ ਆਖ ਦਿਤਾ ਸੀ ;—

ਸ੍ਰੀ ਅਰਜਨ ਸੁਨ ਭਗਤਨ ਬਿਨਤੀ,
ਹੇਤਿ ਲਿਖਾਵਨ ਕੀਨਸਿ ਗਿਨਤੀ।
ਸਭਹਿਨ ਸੋ ਸ੍ਰੀ ਗੁਰ ਫੁਰਮਾਯੋ,
ਪ੍ਰਥਮ ਜੋ ਤੁਮ ਨੇ ਕਛੂ ਬਨਾਯੋ।
ਸੋ ਨ ਚਢਾਵਹਿ ਗ੍ਰੰਥ ਮਝਾਰੀ,
ਰਚਹੁ ਅਬੈ ਇਸ ਕੇ ਅਨੁਸਾਰੀ।
ਜਥਾ ਕਰਮ ਬਾਕੀ ਸੁ ਬਨਾਯੋ,
ਪ੍ਰਿਥਕ ਪ੍ਰਿਥਕ ਵਿਚ ਰਾਗ ਲਿਖਾਯੋ।
ਸੁਨਿ ਹਰਖੇ ਸਭ ਭਗਤ ਬਿਸਾਲਾ,
ਧੰਨ ਧੰਨ ਉਚਰਤ ਤਿਸਕਾਲਾ।
ਲਗੇ ਬਨਾਵਨ ਗਿਰਾ ਨਵੀਨ,
ਬੈਠ ਸਮੀਪੀ ਗੁਰੂ ਪ੍ਰਬੀਨ। (ਗੁ: ਪ੍ਰ: ਰਾਸ ੩ ਅੰਸੂ ੪੧)

ਸ੍ਰੀ ਗੁਰੂ ਜੀ ਨੇ ਆਪਣੀ ਇਛਾ ਅਨੁਸਾਰ ਆਪਣੇ ਪਾਸ ਬੈਠਾਲ ਕੇ ਭਗਤਾਂ ਪਾਸੋਂ ਨਵੀਂ ਰਚਨਾ ਕਰਵਾਈ। ਹੁਣ ਦੇ ਲੇਖਕ ਸ਼ਕਤੀ ਜਾਂ ਕਰਾਮਾਤ ਬਾਰੇ ਲਿਖਦੇ ਹਨ ਕਿ ਗੁਰੂ ਘਰ ਵਿਚ ਸ਼ਕਤੀ,ਜਾਂ ਕਰਾਮਾਤ,ਕਦੇ ਨਹੀਂ ਦਿਖਾਈ ਗਈ, ਅਤੇ ਸ਼ਕਤੀ ਜਾਂ ਕਰਾਮਾਤ ਗੁਰੂ ਘਰ ਦੇ ਨਿਯਮਾਂ ਅਨੁਸਾਰ ਦਿਖਾਉਣੀ ਵਿਵਰਜਿਤ ਹੈ। ਇਸਤੋਂ ਇਹ ਪਤਾ ਲਗਦਾ ਹੈ ਕਿ ਉਨਾਂਨੂੰ ਗੁਰਬਾਣੀ ਜਾਂ ਸਿਖ ਇਤਿਹਾਸ ਦੀ ਕੋਈ ਜਾਣਕਾਰੀ ਨਾਹੀ ਤੇ ਨਾਂ ਹੀ ਐਸੇ ਲੇਖਕਾਂ ਦੇ ਅੰਦਰ ਸਰਧਾ ਹੈ। ਗੁਰਬਾਣੀ ਪੜ੍ਹਨ ਦੇਉਹ ਨਿਤ ਨੇਮੀਂ ਨਹੀਂ। ਦੂਰ ਜਾਣ ਦੀ ਲੋੜ ਨਹੀਂ "ਜਪੁ ਸਾਹਬ" ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਏਹ ਸ਼ਬਦ "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ" ਅਤੇ ਸੰਕਾ ਕਰਨ ਤੇ ਪੀਰ ਨੂੰ ਆਗਾਸ ਪਤਾਲ ਦਿਖਾਲ ਦੇਣੇ ਸ਼ਕਤੀ ਜਾਂ ਕਰਾਮਾਤ ਨਹੀਂ ਤਾਂ ਹੋਰ ਕੀ ਹੈ? ਐਸੇ ਵਿਦਵਾਨ ਏਹ ਦਸਣ ਦੀ ਖੇਚਲ ਕਰਨ ਗੇ ਕਿ ਦਰਬਾਰ ਸਾਹਿਬ ਸਰੋਵਰ ਵਿਚ ਜੋ ਜਲ ਹੈ, ਸਾਰਾ ਸਿਖ ਜਗਤ ਇਸ ਨੂੰ ਕਿਓਂ ਪਵਿਤ੍ਰ ਮੰਨਦਾ ਹੈ, ਪਾਣੀ ਤਾਂ ਹੋਰ ਵੀ ਬੜੇ ਥਾਵਾਂ ਤੇ ਹਨ?

ਸ੍ਰੀ ਗੁਰੂ ਨਾਨਕ ਜੀ ਦਾ ਕਰਾਮਾਤ ਦੇ ਸਬੰਧ ਵਿਚ ਭਾਈ ਗੁਰਦਾਸ ਜੀ ਨੇ ਸਾਫ ਲਿਖ ਦਿਤਾ ਹੈ :—

ਪੁਛੇ ਪੀਰ ਤਕਰਾਰ ਕਰਿ
ਏਹ ਫਕੀਰ ਵਡਾ ਅਤਾਈ।
ਏਥੇ ਵਿਚ ਬਗ਼ਦਾਦ ਦੇ
ਵਡੀ ਕਰਾਮਾਤਿ ਦਿਖਲਾਈ।
ਪਾਤਾਲਾ ਆਕਾਸ਼ ਲਖ ਓੜਕਿ
ਭਾਲੀ ਖਬਰੁ ਸੁਣਾਈ।
ਫੇਰਿ ਦੁਰਾਇਣ ਦਸਤਗੀਰ
ਅਸੀਂ ਭਿ ਵੇਖਾਂ ਜੋ ਤੁਹਿ ਪਾਈ।
ਨਾਲਿ ਲੀਤਾ ਬੇਟਾ ਪੀਰ ਦਾ
ਅਖੀ ਮੀਟਿ ਗਇਆ ਹਵਾਈ।
ਲਖ ਆਕਾਸ ਪਾਤਾਲ ਲਖ
ਅਖਿ ਫੁਰਕ ਵਿਚਿ ਸਭਿ ਦਿਖਲਾਈ।
ਭਰਿ ਕਚਕੌਲ ਪ੍ਰਸ਼ਾਦ ਦਾ
ਧੁਰੋਂ ਪਤਾਲੋਂ ਲਈ ਕੜਾਹੀ।
ਜ਼ਾਹਰ ਕਲਾ ਨ ਛਪੈ ਛਪਾਈ।੩੬।੧।

ਅਸੀਂ ਕਿਨਾਂ ਚਿਰ ਮੋਟਰਾਂ ਰੇਲਾਂ ਜਾਂ ਹਵਾਈ ਜਹਾਜਾਂਤੇ ਵੀ ਫਿਰਦੇ ਰਹੀਏ,ਤਾਂ ਵੀ ਇਸ ਧਰਤੀ ਦਾ ਇਕ ਦੇਸ ਵੀ ਦੇਖ ਸਕਣ ਦੀ ਸਮਰਥਾ ਨਹੀ ਰਖਦੇ। ਸਤਿਗੁਰੂ ਓਹ ਹਨ, ਜਿਨਾਂ ਨੇ ਅਖਦੇ ਫੋਰ ਵਿਚ, ਪੀਰ ਦੇ ਲੜਕੇ ਨੂੰ ਲਖਾਂ ਆਕਾਸ ਪਾਤਾਲ

ਦਿਖਾ ਦਿਤੇ। ਅਸੀ ਆਪਣੀ ਅਲਪ ਬੁਧੀ ਨਾਲ ਸਤਿਗੁਰੂ ਨੂੰ ਅ ਮ ਮਨੁਖਾਂ ਵਰਗਾ ਜਾਂ ਛੋਟਾ ਸਮਝੀਏ, ਉਸਨੇ ਛੋਟਾ ਨਹੀ ਹੋ ਜਾਣਾ, ਨਾਂ ਹੀ ਉਹ ਸ਼ਕਤੀ ਹੀਣ ਹੈ। ਅਸੀਂ ਜੋ ਐਸੀ ਸਮਝ ਮਨ ਵਿਚ ਲਿਆਂਵਾਂਗੇ ਸਾਨੂੰ ਹੀ ਇਸ ਨਾਲ ਨੁਕਸਾਨ ਹੋਵੇਗਾ। ਜੇ ਕੋਈ ਲੇਖਕ ਸਤਿਗੁਰੂ ਦੀ ਸ਼ਕਤੀ ਨੂੰ ਛੁਪਾਉਂਦਾ ਹੈ ਤਾਂ ਉਹ ਸਿਖ ਇਤਿਹਾਸ ਦੇ ਪਾਠਕਾਂ ਨੂੰ ਗੁਮਰਾਹ ਕਰਦਾ ਹੈ। ਭਗਤ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਆ ਕੇ ਬਾਣੀ ਉਚਾਰਦੇ ਸਨ ਪਰ ਭਾਈ ਗੁਰਦਾਸ ਜੀ ਨੂੰ ਨਹੀ ਸਨ ਦਿਸਦੇ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :—

ਲਿਖੇ ਸਬਦ ਭਗਤਨ ਕੇ ਜਬੈ,
ਕਹੈ ਗੁਰਦਾਸ ਬਿਸਮ ਉਰ ਤਬੈ।੬।
ਪੰਚੋ ਪਾਤਸ਼ਾਹਿ ਕੀ ਗਿਰਾ,
ਅੰਤ ਨਾਮੁ ਸ੍ਰੀ ਨਾਨਕ ਧਰਾ।
ਅਬਹਿ ਆਪ ਭਗਤਨ ਕੇ ਨਾਮੂੰ,
ਅੰਤ ਸਬਦ ਕੇ ਧਰਹੁ ਭਿਰਾਮੂੰ।੭।
ਦੀਖਤ ਇਹਾਂ ਭਗਤਿ ਨਹਿ ਕੋਈ,
ਸ੍ਰੀ ਗੁਰ ਜੀ ਸੰਸੈ ਦਿਹੁ ਖੋਈ।
ਸ੍ਰੀ ਅਰਜਨ ਤਬ ਬਾਤ ਬਖਾਨੇ,
ਜੇ ਚਿਤ ਚਾਹਿਤ ਇਸ ਕਹੁ ਜਾਨੇ।੮।
ਜੋਤ ਵਸ ਮੈ ਆਗਵਨ ਕੇਰੋ,
ਪ੍ਰਾਤ ਦੁਘਟਿਕਾ ਆਉ ਅਗੇਰੋ।
ਤੁਵ ਸੰਸੈ ਸਭ ਹੋਇ ਬਿਨਾਸੀ,
ਸੁਨ ਗੁਰਦਾਸ ਲਹਯੋ ਸੁਖ ਰਾਸੀ।੯।
ਵਹਿਰ ਕਨਾਤ ਕਿਤਕ ਬਲ ਤਿਆਗਾ,
ਤਹਿ ਭਾਈ ਕੋ ਤੰਬੂ ਲਾਗਾ।.........
ਸੁਨ ਸਤਿਗੁਰ ਕੇ ਬਾਕ ਅਛੇਰੇ,
ਤਬ ਭਾਈ ਗਮਨਯੋ ਨਿਜ ਡੇਰੇ।
ਸੁਪਤ ਜਥਾ ਸੁਖ ਨਿਸਾ ਬਿਤਾਈ,
ਰਹੀ ਜਾਮ ਕੀਆ ਸੌਚ ਬਨਾਈ।੧੧।
ਗੁਰ ਢਿਗ ਪਹੁੰਚਨ ਸਮਾ ਲਿਖਾਯੋ,
ਦਵੈ ਘਟਿਕਾ ਆਗੇ ਚਲਿ ਆਇਯੋ।
ਤਿਸ ਛਿਨ ਸਤਿਗੁਰ ਕੇ ਚਹੁ ਦਿਸ ਮੈ,
ਚਰਚਾ ਕਰਤ ਭਗਤਿ ਪ੍ਰਭ ਰਸਮੈ।੧੨।
ਸਹਿਮ ਰਹਯੋ ਠਾਢੋ ਤਿਸ ਥਾਈ,
ਜਹਿ ਦਰ ਹੁਤੋ ਆਇਬੇ ਜਾਈ।
ਉਠੇ ਭਗਤ ਨਿਜ ਸਦਨ ਸਿਧੈਬੇ,
ਤਬ ਗੁਰਦਾਸ ਸਭਬ ਦਰਸੈਬੇ।੧੩।
ਭਗਤ ਕਬੀਰ ਆਦਿ ਜੇ ਸਗਰੇ,
ਦੇਖਤ ਜਾਨੈ ਜਬ ਇਹੁ ਡਗਰੋ।
ਧਾਇ ਪਰਿਯੋ ਚਰਨਨ ਸਭ ਹੀ ਕੇ,
ਜੋਰ ਹਾਥ ਬੰਦਨ ਕੀਯਾ ਨੀਕੇ।੧੪।
ਤਬ ਸਭ ਭਗਤਿਨ ਇਸ ਬੰਦਯੋ,
ਕੁਸਲ ਪ੍ਰਸੰਨ ਤੇ ਅਧਿਕ ਅਨੰਦਯੋ।
ਨਿਜ ਨਿਜ ਨਾਮ ਸੁਨਾਵਨ ਕਰਯੋ,
ਮਿਲਿ ਸਕਲ ਉਰ ਪ੍ਰੇਮ ਹਰਯੋ।੧ ।

(ਗੁਰ ਪ੍ਰਤਾਪ ਸੂਰਜ ਰਾਸ ੩ ਅੰਸੂ ੪੩—੪੪)

ਭਾਈ ਗੁਰਦਾਸ ਜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤਾਂ ਦੇ ਦਰਸ਼ਨ ਕਰਾਏ, ਪਰਸਪਰ ਮਿਲਾਇਆ ਅਤ ਉਨਾਂ ਦਾ ਇਹ ਸੰਸਾ, ਕਿ ਸ੍ਰੀ ਗੁਰੂ ਜੀ ਨਾਮ ਭਗਤਾਂ ਦਾ ਦੇਦੇ ਹਨ ਅਤੇ ਬਾਣੀ ਆਪ ਉਚਾਰਦੇ ਹਨ, ਦੂਰ ਕੀਤਾ। ਜੋ ਕੁਝ ਲੇਖਕ ਸਤਿਗੁਰਾਂ ਦੀ ਸ਼ਕਤੀ ਮੰਨਣ ਤੋਂ ਇਨਕਾਰੀ ਹੋਏ ਬੈਠ ਹਨ, ਓਹ ਗੁਰ ਬਾਣੀ ਅਤੇ ਗੁਰਮਤ ਸਿਧਾਂਤ ਦੇ ਵਿਰਧ ਪਾਠਕਾਂ ਨੂੰ ਪ੍ਰੇਰਣਾ ਦੇਰਹੇ ਹਨ। ਬਿਦੇਸੀਆਂ ਨੇਂ ਸਾਡੇ ਪ੍ਰਾਂਤ ਨੂੰ ਸੌ ਸਾਲ ਦੇ ਕ੍ਰੀਬ ਆਪਨੇ ਅਧੀਨ ਰਖਿਆ ਹੈ।

"ਸਿਖ ਧਰਮ ਦੇ ਜੋ ਲਾਭ ਸਰਕਾਰ ਨੂੰ ਪਹੁੰਚੇ ਉਹਨਾਂ ਦੀ ਵਿਸ਼ੇਸ਼ਤਾ ਇਥੇ ਦੱਸੀ ਜਾਂਦੀ ਹੈ। ਇਕ ਦਿਨ ਜਦੋਂ ਗੁਰੂ ਤਗ ਬਹਾਦਰ ਜੀ ਬੰਦੀਖਾਨੇ ਦੀ ਉਪਰਲੀ ਛੱਤ ਤੇ ਚੜੇ ਹੋਏ ਸਨ, ਔਰੰਗਜੇਬ ਨੇ ਉਹਨਾਂ ਨੂੰ ਦਖਣ ਵਲ ਦੇਖਦਿਆਂ ਦੇਖਿਆ ਤੇ ਸਮਝਿਆ ਕਿ ਉਹ (ਗੁਰੂ ਸਹਿਬ) ਉਸ ਦੀਆਂ ਬੇਗਮਾਂ ਵੱਲ ਦੇਖ ਰਹੇ ਹਨ। ਇਸ ਤੋਂ ਅਗਲੇ ਦਿਨ ਉਹਨਾਂ ਤੇ ਜਦੋਂ ਸਭਿਅਕ ਨਿਯਮਾਂ ਦੀ ਖਾਸ ਉਲੰਘਣਾਂ ਦਾ ਦੂਸ਼ਣ ਲਾਇਆ ਗਿਆ ਤਾਂ ਗੁਰੂ ਜੀ ਨੇ ਉਤਰ ਦਿਤਾ, "ਹੇ ਔਰੰਗਜੇਬ, ਮੈ ਬੰਦੀਖਾਨੇ ਦੀ ਛੱਤ ਤੋਂ ਤੇਰੇ ਨਿਜੀ ਸਥਾਨ ਜਾ ਬੇਗਮਾ ਵੱਲ ਨਹੀ ਸੀ

ਵੇਖ ਰਿਹਾ,ਸਗੋਂ ਉਸ ਦਿਸ਼ਾ ਵੱਲ ਵੇਖ ਰਿਹਾ ਸੀ,ਜਿਧਰੋਂ ਸਮੁੰਦਰ ਤੋਂ ਪਾਰੋਂ ਅੰਗਰੇਜ਼ਾਂ ਨੇ ਆਣਕੇ ਤੇਰਾ ਪਰਦਾਫਾਹਸ਼ ਕਰਨਾ ਹੈ ਅਤੇ ਤੇਰੀ ਬਾਦਸ਼ਾਹਤ ਖਤਮ ਕਰਨੀ ਹੈ" ਸਿਖ ਲੇਖਕ ਲਿਖਦੇ ਹਨ ਕਿ ਨੌਵੇਂ ਗੁਰੂ ਜੀ ਦਾ ਇਹ ਭਵਿਖ ਵਕ ਬੜੀ ਸ਼ਾਨ ਨਾਲ ਪੂਰਾ ਹੋਇਆ,ਜਦੋਂ ਕਿ ਅੰਗਰੇਜ਼ਾਂ ਵਿਰੁਧ ਬਾਗੀਆਂ ਤੇ ਜਨਰਲ ਜੌਹਨ ਨਿਕਸਨ ਦੀ ਕਮਾਨ ਹੇਠ ਸੰਨ ੧੮੫੭ ਵਿਚ ਦਿਲੀ ਵਿਚ ਹਮਲਾ ਕਰਦੇ ਹੋਏ ਸਿਖਾਂ ਨੇ ਗੁਰੂ ਤੇਗ ਬਹਾਦਰ ਜੀ ਦੀ ਭਵਿਖ ਬਾਣੀ ਦਾ ਜੰਗੀ ਨਾਹਰਾ ਲਾਇਆ

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਦਸਿਆ ਗਿਆ ਕਿ ਮੁਸਲਮਾਨਾਂ ਦੀ ਫੌਜ ਤੁਹਾਡੇ ਸਿਖਾਂ ਤੇ ਆ ਕੇ ਭਾਰੂ ਹੋਇਗੀ ਤਾਂ ਉਨਾਂ ਕਿਹਾ ਕਿ ਹੋਣਾ ਓਹੀ ਹੈ ਜੋ ਪ੍ਰਮੇਸ੍ਰ ਦੀ ਰਜ਼ਾਇ ਹੈ ਮੁਸਲਮਾਨਾਂ ਦੀ ਫੌਜ ਔਣ ਤੇ ਮੇਰੇ ਸਿਖ ਲੋਹੇ ਤੇ ਲੋਹਾ ਖੜਕਾਉਣਗੇ ਉਹ ਖਬਰਦਾਰ ਹੋ ਕੇ ਜੰਗ ਵਿਚ ਭਾਈਵਾਲ ਬਣਨਗੇ ਅਤੇ ਸ਼ਾਂਤੀ ਸਥਾਪਿਤ ਕਰਨਗੇ । ਫਿਰ ਅੰਗਰੇਜ਼ ਔਣਗੇ ਉਹ ਖਾਲਸੇ ਨਾਲ ਮਿਲਕੇ ਪੂਰਬ ਅਤੇ ਪਛਮ ਵਿਚ ਰਾਜ ਕਰਨਗੇ । ਗੁਰੂ ਨਾਨਕ ਜੀ ਆਪਣੀ ਮੇਹਰ ਨਾਲ ਉਨਾਂ ਨੂੰ ਸਭ ਤਰਾਂ ਕਰਕੇ ਭਾਗਸ਼ਾਲੀ ਕਰਨਗੇ । ਅੰਗਰੇਜ਼ ਵਡੇ ਸ਼ਕਤੀਸ਼ਾਲੀ ਹੋ ਕੇ ਕਿਨੀਆਂ ਹੀ ਰਿਆਸਤਾਂ ਤੇ ਕਾਬਜ ਹੋਣਗੇ ਸਿਖਾਂ ਅੰਗਰੇਜ਼ਾ ਦੀ ਮਿਲਵੀਂ ਫੌਜ ਬੜੀ ਤਾਕਤਵਰ ਹੋਇਗੀ ਜਦ ਤਕ ਇਕਠਾ ਰਾਜ ਪ੍ਰਬੰਧ ਰਹੇਗਾ, ਅੰਗਰੇਜ਼ੀ ਰਾਜ ਬੜਾ ਵਧੇਗਾ ਅਤੇ ਖੁਸ਼ਹਾਲ ਹੋਇਗਾ । ਧਰਤੀ ਦੀ ਪਾਤਸ਼ਾਹੀ ਵਾਸਤੇ ਜਿਥੇ ਜਾਣਗੇ ਜਿਤ ਪ੍ਰਾਪਤ ਕਰਨਗੇ । ਉਸ ਸਮੇਂ ਹਰ ਘਰ ਵਿਚ ਮਾਇਆ,ਹਮਾਇਆ,ਦਨਵਿਦਿਆ ਅਤੇ ਖੁਸ਼ੀਆਂ ਵਿਦਮਾਨ ਹੋਣਗੀਆਂ" ।

[ਸਿਖ ਰਿਲੀਜਨ (ਅੰਗਰੇਜ਼ੀ) ਲੇਖਕ ਮੈਕਾਲਫ, ਭੂਮਕਾ ਪੰਨਾਂ ੫ ਤੋਂ ੭]

ਏਹ ਵਰਣਨ ਅੰਗਰੇਜ਼ੀ ਵਿਚ ਲਖੀ ਹੋਈ ਕਿਤਾਬ "ਸਿਖ ਰਿਲੀਜਨ" ਦੀ ਭੂਮਕਾ ਵਿਚ ਹੈ। ਇਸ ਦੇ ਲੇਖਕ ਮੈਕਾਲਿਫ ਨੂੰ ਪ੍ਰੇਰਣਾ ਦੇਣ ਵਾਲੇ ਅੰਗਰੇਜ਼ ਭਗਤ,ਸਿਖ ਭਰਾ ਹੀ ਸਨ ਜਿਨ ਨੇ ਏਹ ਨਹੀ ਸੋਚਿਆ ਕਿ ਗੁਰੂ ਸਾਹਿਬ ਨੂੰ ਜਦੋਂ ਨਜ਼ਰ ਬੰਦੀ ਵਿਚ ਰਖਿਆ ਹੋਇਆ ਸੀ ਉਨਾਂ ਦਾ ਮਕਾਨ ਤੇ ਚੜ੍ਹਨਾ ਕਿਸ ਤਰਾਂ ਸੰਭਵ ਹੋ ਸਕਦਾ ਸੀ ? ਜੇ ਉਹ ਚੜ੍ਹੇ ਵੀ ਹੋਣ ਤਾਂ ਕੋਤਵਾਲੀ ਤੋਂ ਸ਼ਾਹੀ ਮਹਲ ਚੜ੍ਹਦੇ ਪਾਸੇ ਸੀ,ਦਖਣ ਵਲ ਨਹੀਂ । ਇਹ ਕੇਵਲ ਉਸ ਸਮੇਂ ਦੇ ਹਾਕਮ ਅੰਗਰੇਜ਼ ਨੂੰ ਖੁਸ਼ ਕਰਨ ਲਈ ਅੰਗਰੇਜ਼ ਲੇਖਕ ਤੋਂ ਹੀ ਲਿਖਵਾਇਆ ਗਆ।

ਅਸਚਰਜ ਤਾਂ ਏਹ ਹੈ ਕਿ ਇਸ ਪੁਸਤਕ ਨੂੰ ਓਦੋਂ ਵੀ ਨਿਵਾਜਿਆ ਗਿਆ ਅਤੇ ਹੁਣ ਵੀ ਇਤਿਹਾਸ ਦਾ ਵਿਸ਼ੇਸ਼ ਅੰਗ ਮੰਨੀ ਜਾਂਦੀ ਹੈ। ਏਹ ਲਿਖਣ ਤੋਂ ਭਾਵ ਏਹ ਹੈ ਕਿ ਬਹੁਤੇ ਲੇਖਕਾਂ ਜਨਾਂ ਉਨਾਂ ਦੇ ਪ੍ਰੇਰਕਾਂ ਨੇ ਸਮੇਂ ਸਮੇ ਰਾਜਨੀਤਕ,ਸੁਵਿਧਾ ਪ੍ਰਾਪਤ ਕਰਨ ਵ ਸਤੇ ਅਸਲੀਅਤ ਨੂੰ ਛਡਕੇ ਓਹ ਕੁਝ ਲਿਖ ਦਿਤਾ ਜੋ ਕਦੇ ਨਹੀ ਵਾਪਰਿਆ ਅਤੇ ਨਾ ਹੀ ਵਾਪਰਨਾ ਹੈ। ਸਮੇਂ ਦੇ ਹਾਕਮਾਂ ਦਾ ਆਪਣੇ ਵਿਚਾਰਾ ਦੇ ਜੇ ਪ੍ਰਤੀ ਕੂਲ ਜੇ ਕਿਸੇ ਪੁਸਤਕ ਵਿਚ ਲਿਖਿਆ ਹੈ ਤਾਂ ਓਹ ਪਾਠਕਾਂ ਦੇ ਸਾਹਮਣੇ ਨਹੀਂ ਔਣ ਦੇਣਾ, ਇਹ ਕਰਤਵ ਬਹੁਤ ਲੇਖਕਾਂ ਦਾ ਬਣ ਚੁਕਾ ਹੈ।

ਹੁਣ ਦੇ ਬਹੁਤੇ ਸਿਖ ਲੇਖਕ ਵਰਤਮਾਨ ਸੰਸਾਰ ਦੀ ਵਰਤਮਾਨ ਰਾਜ ਨੀਤੀ ਦਾ ਝੁਕਾਉ ਵੇਖਦੇ ਹੋਏ ਇਹ ਲਿਖ ਰਹੇ ਹਨ ਕਿ ਗੁਰੂ ਸਾਹਿਬ ਨੇ ਡੈਮੋਕ੍ਰਸੀ (ਲੋਕ ਤੰਤ੍ਰ) ਦੀ ਦੇਣ ਸਿਖਾਂ ਨੂੰ ਦਿਤੀ। ਇਹਨਾਂ ਲੇਖਕਾਂ ਦੇ ਵਿਚਾਰ ੧੯੪੭ ਈਸਵੀ ਤੋਂ ਪਹਿਲਾਂ ਏਹ ਨਹੀਂ ਸਨ। ਪਰ ਭਾਰਤ ਵਿਚ ਜਮ-ਹੂਰੀ ਢੰਗ ਦਾ ਰਾਜ ਪ੍ਰਬੰਧ ਹੋਣ ਕਰਕੇ ਇਨਾਂ ਲੇਖਕਾਂ ਨੇ ਅਪਣੀ ਕਲਮ ਦਾ ਰੁਖ ਵੀ ਰਾਜ-ਸਤ੍ਹਾ ਅਨੁਸਾਰੀ ਕਰ ਲਿਆ ਹੈ। ਸਿਖ ਪੰਥ ਵਿਚ ਜਮਹੂਰੀ ਅਤ ਨੂੰ ਚਮਕਾਕੇ ਲਿਖਦੇ ਹਨ ਜੈਸਾ ਕਿ:-

"ਸੋ ਗੁਰਿਆਈ ਦੀ ਪ੍ਰਥਾ ਖਤਮ ਹੋ ਗਈ, ਅਤੇ ਇਸਦੀ ਥਾਂ ਸੰਗਤ ਜਾਂ ਪੰਥ ਨੇ ਮਲ ਲਈ। ਇਹ ਸਾਡੇ ਸਮਾਜਿਕ ਤੇ ਰਾਜਸੀ ਬਣਤਰ ਦੀ ਬੁਨਿਆਦ ਹੈ। ਇਸਦਾ ਭਾਵ ਏਹ ਹੈ ਕਿ ਸਿਖ ਕੌਮ ਨੇ ਬਾਦਸ਼ਾਹਤ ਦੀ ਸੰਸਥਾ ਨੂੰ ਖਤਮ ਕਰ ਦਿਤਾ, ਅਤੇ ਇਸ ਦੀ ਥਾਂ ਲੋਕ ਤੰਤ੍ਰ ਨੂੰ ਦਿਤੀ।

(ਦ ਰਸ਼ਨੇਕ ਸਿਖ ਇਤਿਹਾਸ ਪ੍ਰੋ: ਪ੍ਰੀਤਮ ਸਿੰਘ ਪੰਨਾ ੨੧੪)

ਕਈ ਪੰਜ ਪਿਆਰਿਆਂ ਦਾ ਹਵਾਲਾ ਦਿੰਦੇ ਹਨ ਕਿ ਗੁਰੂ ਜੀ ਨੇ ਉਨਾਂ ਨੂੰ ਗੁਰਤਾ ਦਿਤੀ ਅਤੇ ਉਨਾਂ ਤੋਂ ਅੰਮ੍ਰਿਤ ਛਕਿਆ। ਇਸ ਤੋਂ ਬਿਨਾ ਕਈ ਚਮਕੌਰ ਦੀ ਗੜ੍ਹੀ ਵਿਚ ਗੁਰੂ ਜੀ ਨੂੰ ਸਿਖਾਂ ਦੇ ਹੁਕਮ ਅਨੁਸਾਰ ਗੜ੍ਹੀ ਛਡਣ ਦੀ ਪ੍ਰੇਰਨਾ ਦੇਣ ਦਾ ਹਵਾਲਾ ਦਿੰਦੇ ਹੋਏ ਇਹ ਦਸਣ ਦਾ ਜਤਨ ਕਰਦੇ ਹਨ, ਕਿ ਗੁਰੂ ਜੀ ਨੇ ਇਥੇ ਖਾਲਸਾ ਪੰਥ ਨੂੰ ਗੁਰਤਾ ਦਿਤੀ ਸੀ। ਹਾਲਾਂ ਕਿ, ਗੜ੍ਹੀ ਛਡਣ ਵੇਲੇ ਸਿਖਾਂ ਵਲੋਂ ਏਹ ਆਖਿਆ ਗਿਆ ਸੀ ਕਿ ਆਪ ਇਸ ਸੰਸਾਰ ਤੇ ਰਹੋਗੇ ਤਾਂ ਸਾਡੇ ਵਰਗੇ ਹੋਰ ਕਈ ਬਨਾ ਲਵੋਗੇ, ਜੇ ਤੁਸੀ ਨਾ ਰਹੇ ਅਸੀਂ ਰਹੇ, ਤਾਂ ਅਸੀਂ ਹੋਰ ਸਿਖ ਨਹੀਂ ਬਣਾ ਸਕਦੇ। ਗਰਬਾਣੀ ਵਿਚ–ਦੇਹਧਾਰੀ ਸਤਿਗੁਰ ਦਾ ਥਰਬ ਸਰਬੋਤਮ ਹੋਣ ਦਾ ਇਕ ਵਿਧਾਨ ਮੰਨਿਆ ਗਿਆ ਹੈ, ਜੋ ਸਦਾ ਲਈ ਅਟਲ ਹੈ। ਸ੍ਰੀ ਗੁਰੂ ਅਮਰ ਦਾਸ ਜੀ ਨੇ ਗਉੜੀ ਰਾਗ ਵਿਚ ਫੁਰਮਾਇਆ ਹੈ:–

'ਜਹ ਸਤਿਗੁਰ ਤਹ ਸਤ ਸੰਗਤ ਬਣਾਈ।

(ਪੰਨਾ ੧੬੦)

ਏਸੇ ਦੀ ਪ੍ਰੋੜਤਾ, ਚਮਕੌਰ ਦੀ ਗੜ੍ਹੀ ਵਿਚੋਂ ਸ੍ਰੀ ਦਸਮੇਸ਼ ਜੀ ਦੇ ਨਿਕਲਣ ਵੇਲੇ ਦੀ ਘਟਨਾ ਦਾ ਵਰਣਨ ਕਰਦਿਆਂ ਭਾਈ ਸੰਤੋਖ ਸਿੰਘ ਜੀ ਨੇ ਕੀਤੀ ਹੈ:–

"ਤਜੇ ਹਜਾਰਹੁ ਸਰ ਬਰਖਾਏ,
ਪੁਨ ਪੰਚਹੁ ਸਿੰਘ ਬਿਨਤੀ ਕੀਨ।
ਨਿਕਸਹੁ ਸ੍ਰੀ ਪ੍ਰਭ ਸਮੈਭਯੋ ਅਬ,
ਹਠ ਕੋ ਤਜਹੁ ਕਰੇ ਰਿਪੁ ਹੀਨ।
ਦੇਖਹੁ ਸਗਰੇ ਸਿੰਘ ਗਏ ਖਪਿ,
ਇਕ ਰਾਵਰ ਕੇ ਪੰਥ ਅਧੀਨ।
ਜਹਾਂ ਫਿਰਹੁ ਪੁਨ ਰਚਹੁ ਹਜਾਰਹੁ,
ਥਿਰਹਿ ਖਾਲਸਾ ਜਗਤ ਪ੍ਰਬੀਨ।

ਜੇ ਲੋਕ ਰਾਜ ਦਾ ਨਿਯਮ ਸਿਖਾਂ ਵਿਚ ਹੁੰਦਾ ਤਾਂ ਮਸੰਦਾਂ ਨੂੰ ਡੰਨ ਦੇਣ ਵੇਲੇ ਜਰੂਰ ਕੋਈ (ਸਿੰਘ) ਸਭਾ ਬਿਲ ਪਾਸ ਕਰਦੀ, ਤਾਂ ਏਨੀ ਕਰੜੀ ਕਾਰ-ਵਾਈ ਕੀਤੀ ਜਾਂਦੀ। ਪਰ, ਸ੍ਰੀ ਦਸਮੇਸ਼ ਜੀ ਨੇ ਜੋ ਕੁਛ ਵੀ ਆਪਣੇ ਜੀਵਨ ਵਿਚ ਕੀਤਾ ਆਪਣੀ ਸਵਤੰਤਰ ਇਛਾ ਅਨੁਸਾਰ ਕੀਤਾ। ਜੇ ਅਨੰਦ-ਪੁਰ ਦਾ ਕਿਲਾ ਛਡਿਆ ਤਾਂ ਸਾਰਿਆਂ ਦੇ ਆਖਣ ਤੇ ਨਹੀਂ, ਪਰ ਜਦੋਂ ਆਪਣੀ ਰਜਾ ਹੋਈ ਤਾ ਛਡ ਦਿਤਾ। ਜੇ ਦਖਣ ਨੂੰ ਗਏ ਤਾਂ ਅਪਣੀ ਸਵਤੰਤਰ ਇਛਾ ਅਨੁਸਾਰ।

ਸਿਖ ਸਿਧਾਂਤ ਦਾ ਏਹਨਿਯਮ ਅਟੱਲ ਹੈ, ਕਿ ਗੁਰੂ ਸਭ ਤੋਂ ਵਡਾ ਹੈ, ਓਹ ਆਪਣੀ ਇਛਾ ਅਨੁਸਾਰ ਕਿਸੇ ਵੇਲੇ ਵੀ ਕੋਈ ਹੁਕਮ ਦੇਣ ਲਈ ਸਵਤੰਤਰ ਹੈ। ਪੁਰਾਣੇ ਢਾਢੀ ਪੜ੍ਹਦੇ ਹੁੰਦੇ ਸਨ:–

ਫੇਰਿਓ ਈ ਫਿਰ ਜਾਤ ਹੈ ਰਾਜਾ ਰਾਣਾ ਰਾਉ।
ਗੁਰ ਗੋਬਿੰਦ ਸਿੰਘ ਫੇਰਿਓ ਨਾ ਫਿਰੇ
ਜਾਕਾ ਅਟੱਲ ਸੁਭਾਉ।

ਉਪਰੋਕਤ ਲਿਖਣ ਤੋਂ ਭਾਵ ਹੈ ਕਿ ਬਹੁਤੇ ਲੇਖਕਾਂ ਨੇ ਆਪਣੇ ਵੀਚਾਰ ਸਮੇਂ ਦੀ ਨੁਹਾਰ ਦੇਖਦਿਆਂ ਹੋਇਆਂ ਇਤਿਹਾਸ ਜਾਂ ਸਾਹਿਤ ਲਿਖਣ ਲਗਿਆਂ ਅਸਲੀਅਤ ਨੂੰ ਛਡ ਦਿਤਾ। ਏਸੇ ਤਰਾਂ ਕਈ ਉਹ ਪਖ ਜੇਹੜੇ ਉਨਾਂ ਦੇ ਆਪਣੇ ਵਿਚਾਰਾਂ ਦੇ ਅਨੁਸਾਰੀ ਨਹੀਂ ਸਨ, ਸਾਮਣੇ ਔਣ ਹੀ ਨਹੀਂ ਦਿਤੇ। ਛਡੇ ਹੋਏ ਇਕ ਜਰੂਰੀ ਪਖ ਦਾ ਵਰਣਨ, ਜਿਸਦਾ ਸਬੰਧ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਹੈ, ਇਥੇ ਕੀਤਾ ਜਾਂਦਾ ਹੈ। ਕਿਉਂਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤਿੰਨ ਸੌ ਸਾਲਾ ਸ਼ਹੀਦੀ ਯਾਦ ਸੰਸਾਰ ਭਰ ਵਿਚ ਮਨਾਈ ਜਾ ਰਹੀ ਹੈ। ਇਸ ਕਰਕੇ ਪਾਠਕਾਂ ਨੂੰ ਉਨਾਂ ਦੇ ਸਮੇਂ ਦੀ

ਏਹ ਘਟਨਾ, ਜਿਸ ਤੋਂ ਗੁਰੂ ਜੀ ਦੀ ਮਹਾਨਤਾ ਦਾ ਵਿਸ਼ੇਸ਼ ਪ੍ਰਗਟਾਉ ਹੁੰਦਾ ਹੈ ਦੀ ਜਾਣਕਾਰੀ ਹੋਣੀ ਵੀ ਜਰੂਰੀ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ:-

ਬੇਦ ਗ੍ਰੰਥ ਗੁਰ ਹਟ ਹੈ
ਜਿਤ ਲਗ ਭਵਜਲ ਪਾਰ ਉਤਾਰਾ।
ਸਤਿਗੁਰ ਬਾਝ ਨਾ ਬੁਝੀਐ
ਜਿਚਰ ਧਰੇ ਨ ਗੁਰ ਅਵਤਾਰਾ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ। ਜਿਤਨਾ ਅਦਬ ਜਾਂ ਹੋਰ ਮ੍ਰਯਾਦਾ ਦੀ ਜਾਣਕਾਰੀ ਭਾਈ ਜੀ ਨੂੰ ਗ੍ਰੰਥ ਸਾਹਿਬ ਬਾਰ ਸ੍ਰੀ ਗੁਰੂ ਜੀ ਤੋਂ ਮਿਲੀ ਉਤਨੀ ਹੋਰ ਕਿਸੇ ਸਿਖ ਨੂੰ ਨਹੀਂ। ਉਪ੍ਰੋਕਤ ਪੰਗਤੀਆਂ ਵਿਚ ਭਾਈ ਜੀ ਨੇ ਗ੍ਰੰਥ ਸਾਹਿਬ ਦੀ ਮਹਾਨਤਾ ਦਰਸਾਉਂਦਿਆਂ ਲਿਖ ਦਿਤਾ ਹੈ ਕਿ ਇਸ ਨਾਲ ਹੀ ਇਸ ਸੰਸਾਰ ਸਮੁੰਦਰ ਤੋਂ ਪਾਰ ਹੋਇਆ ਜਾ ਸਕਦਾ ਹੈ। ਭਾਵ ਇਸ ਨੂੰ ਪੜ੍ਹਨ ਅਤੇ ਸਮਝਨ ਨਾਲ ਹੀ ਪੁਰਸ਼ ਦੀ ਕਲਿਆਨ ਹੋ ਸਕਦੀ ਹੈ। ਪਰ ਅਗਲੀ ਤੁਕ ਵਿਚ ਸਤਿਗੁਰੂ ਦੀ ਵਿਸ਼ੇਸ਼ਤਾ ਦਰਸਾਉਂਦਿਆਂ ਭਾਈ ਜੀ ਨੇ ਇਹ ਵੀ ਸਪਸ਼ਟ ਕਰ ਦਿਤਾ ਹੈ, ਕਿ ਗ੍ਰੰਥ ਸਾਹਿਬ ਵਿਚ ਜੋ ਕੁਝ ਲਿਖਿਆ ਹੈ। ਉਸ ਨੂੰ ਉਤਨਾ ਚਿਰ ਨਹੀਂ ਸਮਝਿਆ ਜਾ ਸਕਦਾ ਜਿਨਾਂ ਚਿਰ ਸਤਿਗੁਰੂ ਪਾਸੋਂ ਨਾ ਪੁਛਿਆ ਜਾਵੇ। ਗ੍ਰੰਥ ਸਾਹਿਬ ਦੀ ਮਹਾਨਤਾ ਆਪਣੇ ਥਾਂ ਭਾਵੇਂ ਕਿਡੀ ਵਡੀ ਹੈ ਪਰ ਸਤਿਗੁਰੂ ਦੀ ਲੋੜ ਭਾਈ ਜੀ ਦੇ ਲਿਖਣ ਅਨੁਸਾਰ ਉਸ ਤੋਂ ਕਿਤੇ ਵਧ ਹੈ। ਭਾਵ ਸਪਸ਼ਟ ਹੈ ਕਿ ਕੀਤੀ ਹੋਈ ਰਚਨਾ ਨਾਲੋਂ ਉਸਦਾ ਰਚਨ ਹਾਰ ਵਡਾ ਹੈ।

ਉਦਾਹਰਣ ਵਜੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਜੋ ਇਕ ਘਟਨਾ ਹੋਈ ਉਸ ਤੋਂ ਇਸ ਦੀ ਪੂਰੀ ਪ੍ਰੋੜਤਾ ਹੁੰਦੀ ਹੈ, ਵੈਸੇ ਏਹ ਘਟਨਾ ਆਮ ਕਰਕੇ ਪਾਠਕਾਂ ਦੇ ਸਾਮਣੇ ਨਹੀ ਆਈ। ਇਸ ਘਟਨਾ ਦੀ ਵਿਸ਼ੇਸ਼ ਮਹਾਨਤਾ ਏਹ ਹੈ ਕਿ ਸਮੇਂ ਦਾ ਸਤਿਗੁਰੂ ਸਿਖਾਂ ਲਈ ਸਰਬੋਤਮ ਸਰਬ ਸ਼੍ਰੇਸ਼ਟ ਹੈ, ਅਤੇ ਉਸਨੂੰ ਮੰਨਣ ਨਾਲ, ਅਰਦਾਸੇ ਵਿਚ ਉਸਦਾ ਨਾਮ ਲੈਣ ਨਾਲ ਹੀ ਕਾਰਜ ਰਾਸ ਹੁੰਦੇ ਹਨ।

ਇਹ ਵਾਰਤਾ ਇਸ ਪ੍ਰਕਾਰ ਹੈ ਕਿ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋਣ ਤੇ ਧੀਰ ਮਲ ਨੂੰ ਖਾਸ ਈਰਖਾ ਹੋਈ ਉਸਨੇ ਆਪਣੇ ਆਦਮੀਆਂ ਤੋਂ ਸ੍ਰੀ ਗੁਰੂ ਜੀ ਦਾ ਸਾਰਾ ਸਾਮਾਨ ਲੁਟਵਾਇਆ ਅਤੇ ਆਪ ਸ੍ਰੀ ਗੁਰੂ ਜੀ ਤੇ ਗੋਲੀ ਚਲਾਇ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:—

ਲੈ ਨਿਜ ਸੈਨ ਧਸਿਓ ਗੁਰ ਐਨ,
ਸੁਖੈਨ ਸਭੀ ਵਥ ਲੈਨ ਬਟੋਰੀ।
ਲੂਟ ਸੁ ਕੂਟ ਮੁਟੇ ਗੁਰ ਕੇ ਨਰ,
ਔ ਗੁਰ ਪੈ ਖੁਦ ਤੁੱਪਕ ਛੋਰੀ।

(ਪੰ: ਪ੍ਰ: ਜਿਲਦ ੨ ਪੰਨਾ ੯੯੦)

ਏਹ ਕੁਛ ਵੇਖਕੇ ਮਖਣ ਸ਼ਾਹ ਰਹਿ ਨਾ ਸਕਿਆ ਅਤੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਧੀਰਮਲ ਦਾ ਡੇਰਾ ਲੁਟ ਲਿਆਦਾ, ਅਤੇ ਗ੍ਰੰਥ ਸਾਹਿਬ ਦੀ ਬੀੜ ਵੀ ਲੈ ਆਂਦੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧੀਰਮਲ ਦਾ ਸਾਰਾ ਸਾਮਾਨ ਹੁਕਮ ਕਰਕੇ ਵਾਪਸ ਕਰਵਾ ਦਿਤਾ, ਪਰ ਗ੍ਰੰਥ ਸਾਹਿਬ ਦੀ ਬੀੜ:-

ਸਿਖਨਿ, ਮਾਤ, ਮਸੰਦਨ, ਨੈ ਮਥ
ਸ੍ਰੀ ਗੁਰੂ ਗ੍ਰੰਥ ਰਖਯੋ ਸੁ ਲੁਕੈ ਕੈ।"

(ਪੰ: ਪ੍ਰ: ਪੰਨਾ ੯੯੧)

ਲਕਾਕੇ ਰਖੀ ਹੋਈ ਸੀ, ਉਹ ਵਾਪਸ ਨਹੀਂ ਕੀਤੀ ਕੁਛ ਚਿਰ ਬਾਬੇ ਬਕਾਲੇ ਗੁਰ ਗਦੀ ਤੇ ਬਿਰਾਜਮਾਨ ਰਹਿ ਕੇ ਫਿਰ ਗੁਰੂ ਜੀ ਅਮ੍ਰਿਤਸਰ ਗਏ। ਉਥੇ ਪੁਜਾਰੀਆਂ ਨੇ ਦਰਵਾਜ਼ੇ ਬੰਦ ਕਰ ਦਿਤੇ। ਆਪ ਹਰਮੰਦਰ ਸਾਹਿਬ ਦੇ ਅੰਦਰ ਨਹੀਂ ਜਾ ਸਕੇ। ਵਾਪਸ ਆਂਦੇ ਹੋਏ ਜਦ ਸਤਗੁਰੂ ਜੀ ਬਿਆਸ ਦਰਿਆਉ ਪਾਰ ਕਰਨ ਲਗਤ ਦੇਖਿਆ ਇਕ ਸਿਖ ਗ੍ਰੰਥ ਸਾਹਿਬ ਦੀ ਬੀੜ ਲਈ ਆ ਰਿਹਾ ਹੈ। ਗੁਰੂ ਜੀ ਨੇ ਪੁਛਿਆ, ਜਦੋਂ ਦਸਿਆ ਕਿ ਇਹ ਗ੍ਰੰਥ ਸਾਹਿਬ ਦੀ ਬੀੜ ਹੈ, ਤਾਂ ਨਾਰਾਜ


ਕਰਤਾਰਪੁਰ
'ਨਹਿਨ ਗ੍ਰੰਥ ਸਾਹਿਬ ਹਮ ਰਾਖੇਂ'
'ਸਤਿਜੁਗ' ਸ੍ਰੀ ਜੀਵਨ ਨਗਰ
ਰਾਹੀ
"ਨਹਿਨ ਗ੍ਰੰਥ ਸਾਹਿਬ ਹਮ ਰਾਖੇ ॥ ਤਿਸ ਢਿਗ ਪਹੁੰਚੇ ਚਿਤ ਅਭਿਲਾਖੇ ॥..
ਜਬ ਨੌਕਾ ਚਲ ਕਰ ਢਿਗ ਆਈ ॥ ਭਏ ਅਰੂਢਨ ਤਬਹਿ ਗੁਸਾਈ ॥..
ਇਕ ਨਰ ਸ੍ਰੀ ਕਰਤਾਰ ਪੁਰੇ ਕੋ ॥ ਉਤਰਯੋ ਗੁਰ ਕੈ ਸੰਗਿ ਉਰੇ ਕੋ ॥..
ਸਤਿਗੁਰ ਕਹਯੋ ਕਾਜ ਹਮ ਕੀਜੈ ॥ ਏਕ ਸੰਦੇਸ ਧੀਰਮਲ ਦੀਜੈ ॥..
ਇਮ ਸਮਝਾਇ ਗੁਰੂ ਗਤਿ ਦਾਨੀ ॥ ਹੁਤੋ ਗੰਭੀਰ ਬੇਗ ਜਿਹ ਪਾਨੀ ॥..
ਮੰਜੀ ਕੇ ਸਮੇਤ ਜਲ ਮਾਹਿ ॥ ਕਹਿ ਕਰ ਭਲੇ ਰਖਾਯਹੁ ਤਾਹਿ ॥..
ਗੁਰੂ ਸੂਰਜ ਪ੍ਰਕਾਸ਼ ਰਾਸ ੧੧ ਅੰਸੂ ੨੪.
ਸ੍ਰੀ ਗੁਰੂ ਤੇਗ ਬਹਾਦਰ ਜੀ ਸ੍ਰੀ ਗ੍ਰੰਥ ਸਾਹਿਬ ਨੂੰ ਵਾਪਸ ਕਰਤਾਰ ਪੁਰ ਭੇਜਨ ਵਾਸਤੇ (ਸਿਖਾਂ ਵਲੋਂ ਇਨਕਾਰ ਕਰਨ ਤੇ) ਬੀੜ ਨੂੰ ਦਰਿਆ ਦੇ ਸਪੁਰਦ ਕਰਕੇ ਬਾਬੇ ਧੀਰਮਲ ਨੂੰ ਇਕ ਰਾਹੀ ਹਥ ਸ੍ਰੀ ਗਰੰਥ ਸਾਹਿਬ ਲਿਜਾਣ ਦਾ ਸੁਨੇਹਾ ਦਿੰਦੇ ਦਿਖਾਈ ਦੇ ਰਹੇ ਹਨ।

ਹੋਏ ਕਿ ਧੀਰਮਲ ਨੇ ਇਹ ਕਿਉਂ ਨਹੀਂ ਵਾਪਸ ਕੀਤੀ।

ਬਿਆਸ ਦਰਿਆਉ ਤੋਂ ਕਿਸ਼ਤੀ ਤੇ ਚੜ੍ਹ ਕੇ ਸਤਿਗੁਰੂ ਜੀ ਪਾਰ ਹੋਣ ਲਗ, ਤਾਂ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਵੀ ਨਾਲ ਹੀ ਰਖ ਲਈ। ਡੂੰਘੇ ਪਾਣੀ ਵਿਚ ਜਦੋਂ ਕਿਸ਼ਤੀ ਆਈ ਤਾਂ ਗੁਰੂ ਜੀ ਨੇ ਬੀੜ ਜਲ ਵਿਚ ਰਖ ਦਿਤੀ ਅਤੇ ਬਚਨ ਕੀਤਾ ਕਿ ਕੌਣ! ਕਰਤਾਰ ਪੁਰ ਜਾਣ ਵਾਲਾ ਹੈ? ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ:-

ਇਕ ਨਰ ਸ੍ਰੀ ਕਰਤਾਰ ਪੁਰੇ ਕੋ,
ਉਤਾਰਓ ਗੁਰ ਕੇ ਸੰਗ ਉਰੇ ਕੋ।
ਬੂਝਨ ਕੀਨੋ, ਤਾਹਿ ਬਖਾਨਾ।
ਮੈ ਤਿਸ ਨਗਰ ਬਿਖੇ ਚਲ ਜਾਨਾ।
ਸਤਿਗੁਰ ਕਹਿਓ ਕਾਜ ਹਮ ਕੀਜੈ,
ਏਕ ਸੰਦੇਸ ਧੀਰਮਲ ਦੀਜੈ।
ਗੁਰੂ ਗ੍ਰੰਥ ਜੋ ਤੁਮ ਤੇ ਲਯੋ,
ਸੋ ਦਰਿਆਉ ਬਿਖੈ ਧਰ ਦਯੋ।
ਆਪ ਜਾਇ ਕਰ ਲੇਉ ਨਿਕਾਸ।
ਪੁਨ ਸਦੀਵ ਤੁਮ ਰਾਖਹੁ ਪਾਸ......
ਮੰਜੀ ਕੇ ਸਮੇਤ ਜਲ ਮਾਹਿ।
ਕਹਿ ਕਰ ਭਲੇ ਰਾਖਓ ਤਾਹਿ।
ਭਲੇ ਸੰਭਾਲਹੁ ਭੋ ਦਰਿਆਇ।
ਤੁਝ ਤੇ ਲੇਹਿ ਧੀਰਮਲ ਆਇ।
ਜਲ ਗਭੀਰ ਮਹਿ ਜਬਹਿ ਟਿਕਾਇ।
ਸਕਲ ਬਿਲੋਕ ਤਬਹੁ ਬਿਸਮਾਇ।
(ਗੁ: ਪ੍ਰ: ਸੂ: ਰਾਸ ੧੧ ਛੰਦ ਅੰਗ ੧੮੭)

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਰਬ ਰੂਪ ਹੋਣਾ

ਇਥੋਂ ਕਿਨਾ ਸਪਸ਼ਟ ਹੁੰਦਾ ਹੈ, ਕਿ ਪੌਣ ਪਾਣੀ ਬਸੰਤਰ, ਆਦਿ ਸਭ ਓਹਨਾਂ ਦੇ ਹੁਕਮ ਵਿਚ ਚਲਦੇ ਹਨ।

ਕਰਤਾਰ ਪੁਰ ਜਾਣ ਵਾਲੇ ਪੁਰਸ਼ ਨੇ ਜਾਕੇ ਧੀਰ ਮਲ ਨੂੰ ਖਬਰ ਦਿਤੀ ਕਿ ਗ੍ਰੰਥ ਸਾਹਿਬ ਦੀ ਬੀੜ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਿਆਸ ਦਰਿਆ ਵਿਚ ਰਖ ਦਿਤੀ ਹੈ, ਅਤੇ ਕਹਿ ਭੇਜਿਆ ਹੈ, ਕਿ ਧੀਰ ਮਲ ਆਕੇ ਕਢ ਕੇ ਲੈ ਜਾਵੇ,।

ਧੀਰ ਮਲ ਗ੍ਰੰਥ ਸਾਹਬ ਦੀ ਬੀੜ ਚਲੀ ਜਾਣ ਤੇ ਬੜਾ ਵਿਆਕੁਲ ਸੀ, ਕਿਉਂਕਿ ਓਹ ਇਹੋ ਸਮਝਦਾ ਸੀ ਕਿ ਮੇਰੇ ਪਾਸ ਜੋ ਬੀੜ ਹੈ ਤਾਂ ਮੈਂ ਗੁਰ ਗਦੀ ਦਾ ਅਧਿਕਾਰੀ ਹਾਂ। ਪਰ ਇਧਰ ਸ੍ਰੀ ਗੁਰੂ ਤੇਗ ਬਹਾਦਰ ਜੀ ਸਰਬੱਗਯ ਸਨ। ਗੁਰੂ ਜੀ ਨੇ ਆਖ ਦਿਤਾ ਸੀ:—

"ਹਮ ਨਹਿ ਕੀਨਸ ਅੰਗੀਕਾਰ"

ਧੀਰ ਮਲ ਨੂੰ ਇਹ ਸਮਝ ਨਹੀ ਸੀ ਕਿ ਗਦੀ ਦਾ ਅਧਿਕਾਰ ਗ੍ਰੰਥ ਸਾਹਿਬ ਦੀ ਬੀੜ ਪਾਸ ਰਖਣ ਨਾਲ ਨਹੀਂ ਇਹ ਤਾਂ ਸਤਿਗੁਰੂ ਜੀ ਦੇ ਬਚਨ ਅਨੁਸਾਰ ਹੈ।

ਧੀਰ ਮਲ ਨੂੰ ਜਦੋਂ ਸੁਨੇਹਾ ਮਿਲਿਆ ਤਾਂ ਉਸ ਨੂੰ ਬੜੀ ਖੁਸ਼ੀ ਹੋਈ। ਪਾਣੀ ਵਿਚ ਟੁਭੀ ਮਾਰਨ ਵਾਲੇ ਨਾਲ ਲਿਆਂਦੇ। ਦਰਿਆ ਤੇ ਪਹੁੰਚ ਕੇ ਉਸ ਆਦਮੀ ਨੇ ਦਸਿਆ ਕਿ ਇਸ ਜਗ੍ਹਾ ਸ੍ਰੀ ਗੁਰੂ ਜੀ ਨੇ ਬੀੜ ਜਲ ਸਪੁਰਦ ਕੀਤੀ ਹੈ। ਅਰਦਾਸ ਕਰਕੇ ਜਦੋਂ ਟੁਭੀ ਮਾਰੀ ਤਾਂ ਕੁਛ ਪਤਾ ਨਾਂ ਲਗਿਆ। ਇਸ ਤਰਾਂ ਕਈ ਵਾਰੀ ਜਤਨ ਕੀਤਾ, ਪਰ ਕੁਛ ਪਤਾ ਨਾ ਲਗਿਆ ਤਾਂ ਧੀਰਮਲ ਨਿਰਾਸ ਹੋਗਿਆ। ਅਰਦਾਸੇ ਵਿਚ ਧੀਰ ਮਲ ਸਮੇ ਦੇ ਸਤਿਗੁਰੂ ਗੁਰੂ ਤੇਗ ਬਹਾਦਰ ਜੀ ਦਾ ਨਾਮ ਨਹੀਂ ਸੀ ਲੈਂਦਾ। ਓਹ ਅਦਮੀ ਫਰ ਕਹਿਨ ਲਗਾ:—

ਸੋ ਨਰ ਬੋਲਿਓ ਪੁਨਹ ਬਤਾਵੈ।
ਜੇ ਤੁਮ ਚਹਹੁ ਗ੍ਰੰਥ ਜੀ ਪਾਵੈ।
ਕਰਹੁ ਢੀਠ ਹਵੈ ਆਪ ਅਗੇਰੇ।
ਇਸ ਪ੍ਰਕਾਰ ਬਚ ਮਾਨਹੁ ਮੇਰੇ।
ਹਵੈ ਨਿਸ ਕਪਟ ਤਜਹੁ ਅਹੰਮਤ ਕੋ।
ਧਰੋ ਸੁਭਾਉ ਸੁਧਾ ਕਰ ਚਿਤ ਕੋ।
ਸ੍ਰੀ ਨਾਨਕ ਆਦਿਕ ਸੁਖ ਧਾਮ।
ਤੇਗ ਬਹਾਦਰ ਲਗਲਿਹੁ ਨਾਮ।
ਸਭ ਕੀ ਕਰਉ ਅਰਾਧਨ ਅਬੈ।
ਮਨ ਮਹਿ ਮਾਨ ਮਨੌਤਨ ਤਬੈ।........

ਧੀਰ ਮਲ ਬਾਨੀ ਸੁਨ ਮਾਨੀ।
ਕੀਨ ਸਰਾਹਨ ਨੀਕ ਬਖਾਨੀ।..............
ਸਰਲ ਰਿਦਾ ਕਰ ਹੋਇ ਸਿਖਰਯੋ।
ਨੌ ਸਤਿਗੁਰ ਕੋ ਸਿਮਰਨ ਕਰਯੋ।
ਪੰਚ ਬਾਰ ਸਭ ਲੇਕਰ ਨਾਮ।
ਕਰ ਕੋ ਜੋਰਤ ਕਰਿਓ ਪ੍ਰਨਾਮ।
ਇਮ ਸਭ ਮਹਿ ਕੀਨਸਿ ਅਰਦਾਸ।
ਖਰੇ ਹੋਇ ਸਲਤਾ ਕੇ ਪਾਸ।
(ਗੁ: ਪ੍ਰ: ਸੂ: ਰਾਸ ੧੧)

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਮ ਲੈ ਕੇ ਅਰਦਾਸ ਕੀਤੀ ਤਾਂ ਬੀੜ ਲਭੀ। ਇਸੇ ਘਟਨਾ ਨੂੰ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਸੰਖੇਪ ਰੂਪ ਵਿਚ ਇਉਂ ਵਰਣਨ ਕੀਤਾ ਹੈ :-

ਗੋਤੇ ਲਗਵਾਏ ਜਾਲ ਪਾਏ ਧਨ ਦੈ ਮਹਾਏ
ਗੁਰੂ ਗ੍ਰੰਥ ਜੀ ਨ ਪਾਏ ਕੀਨ ਸਾਵਨੋ।
ਫੇਰ ਗੁਰੂ ਨੌ ਮਨਾਏ ਨਾਕ ਧਰਾ ਪੈ ਘਸਾਏ।
ਪ੍ਰਸਾਦ ਬਰਤਾਏ ਪ੍ਰਤਪਾਏ ਪਾਵਸੋ।
ਰੇਤੀ ਬੀਚ ਦਬੇ ਤਬੈ ਪਾਏ ਨਿਕਸਾਏ।
ਦਰਸਾਏ ਹੁਲਸਾਏ ਹੈ ਝੁਕਾਏ ਸੀਸ ਚਾਵਸੋ।
(ਪੰਥ ਪ੍ਰਕਾਸ਼ ਪੂਰ ਬਾਰਦ ਬਿਸਰਾਮ ੩੪)

ਜਦੋਂ ਬੀੜ ਲਭੀ ਤਾਂ ਧੀਰ ਮਲ ਨੂੰ ਬੜੀ ਖੁਸ਼ੀ ਹੋਈ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :-

ਖੋਲ ਬਿਲੋਕਿਓ ਸਭ ਬਿਸਮਾਏ।
ਊਪਰ ਤੇ ਭੀਗਯੋ ਸਭ ਥਾਏ।
ਜਹ ਲਗ ਅਖਰ ਹੈਂ ਬਿਚ ਲਿਖੇ।
ਪਹੁੰਚਓ ਨੀਰ ਨ ਤਿਨਕੇ ਬਿਖੇ।
ਸਕਲ ਸੁਸਕ ਜਿਓਂ ਕਿ ਤਿਉਂ ਅਹੇ।
ਦੇਖਤ ਰਿਦੇ ਅਚੰਭਾ ਲਹੇ।
ਜਬ ਕੋ ਧਰਿਓ ਦਿਵਸ ਤਬ ਗਿਨੇ।
ਤ੍ਰਉਦਸ ਬੀਤੇ ਤਿਸ ਨਰ ਭਨੇ।
ਸਤਿਗੁਰੂ ਦੇਕਰ ਹਾਥ ਬਚਾਇਓ।
ਨੀਰ ਬਰਨ ਪਰ ਛੂਹਨ ਨ ਪਾਇਓ।
(ਗੁ: ਪ੍ਰ: ਸੂ: ਰਾਸ ੧੧ ਅੰਸੂ ੨੬)

ਸਤਿਗੁਰਾਂ ਦੀ ਬਾਣੀ ਇਤਨੀ ਉਚੀ ਹੈ ਜਿਸ ਨਾਲ ਕਿਸੇ ਹੋਰ ਬਾਣੀ ਦੀ ਤੁਲਨਾ ਨਹੀਂ ਦਿਤੀ ਜਾ ਸਕਦੀ। ਗੁਰੂ ਅਮਰ ਦਾਸ ਜੀ ਨੇ ਅਨੰਦ ਸਾਹਿਬ ਵਿਚ "ਬਾਣੀਆਂ ਸਿਰ ਬਾਣੀ ਲਿਖਆ ਹੈ ਸ੍ਰੀ ਗੁਰੂ ਰਾਮ ਦਾਸ ਜੀ ਨੇ ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ" ਲਿਖਆ ਹੈ। ਇਥੇ "ਗੁਰੂ ਤੋਂ ਭਾਵ" ਵਡੀ ਦਾ ਹੈ। ਯਾਨੀ ਜੋ ਵੀ ਹੋਰ ਕੋਈ ਬਾਣੀਆਂ ਹਨ ਓਹਨਾਂ ਸਭਨਾ ਤੋਂ ਇਹ ਵਡੀ ਹੈ। "ਗੁਰੂ" ਜਾਂ "ਗੁਰ" ਸ਼ਬਦ ਗੁਰਬਾਣੀ ਵਿਚ ਬਹੁਤੀ ਥਾਈਂ ਆਇਆ ਹੈ। ਜਿਥੇ ਜਿਥੇ ਇਹ ਸ਼ਬਦ ਆਏ ਹਨ ਓਥੇ ਓਥੇ ਭਾਵ ਉਸ ਤੁਕ ਅਨੁਸਾਰ ਹਨ। ਜਿਸਤਰਾਂ "ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲ ਗੁਰ ਸੁਖ ਪਾਈ" ਇਸਦਾ ਭਾਵ ਜੇ-ਇਹ ਕੀਤਾ ਜਾਵੇ ਕਿ ਗੁਰੂ ਨੂੰ ਮਿਲਕੇ ਗੁਰੂ ਨੇ ਸੁਖ ਪਾਇਆ ਤਾਂ ਏਹ ਬਣਦਾ ਨਹੀਂ ਅਥਵਾ - ਅਨੁਚਿਤ ਅਤੇ ਗਲਤ ਹੈ। ਏਥੇ, 'ਗੁਰ ਸੁਖ ਪਾਈ' ਦਾ ਭਾਵ ਹੈ ਵਡੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਸੋ "ਗੁਰੂ ਹੈ ਬਾਣੀ" ਦਾ ਅਰਥ ਵੀ "ਵਡੀ ਬਾਣੀ" ਹੈ ਇਸਦਾ ਅਰਥ ਏਥੇ "ਗਦੀ ਨਸ਼ੀਨ" ਗੁਰੂ ਨਹੀਂ। ਇਹ ਤੁਕ ਚੌਥੀ ਪਾਤਸ਼ਾਹੀ ਦੀ ਹੈ, ਗੁਰਗਦੀ ਉਨਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿਤੀ, ਅਤੇ ਸ੍ਰੀ ਗ੍ਰੰਥ ਸਾਹਿਬ ਦੇ ਹੁੰਦਿਆ ਹੋਇਆਂ ਵੀ ਗੁਰਗਦੀ ਚਲਦੀ ਆਰਹੀ ਹੈ।

ਸੋ ਇਹ ਬਾਣੀ ਸਭ ਬਾਣੀਆਂ ਦੀ ਸਿਰਤਾਜ ਹੈ। ਕਿਉਂ ਕਿ ਇਸ ਨੂੰ ਸਿਰਤਾਜ "ਬਾਣੀਆਂ ਸਿਰ ਬਾਣੀ" ਹੋਣ ਦੀ ਪਦਵੀ ਸਤਿਗੁਰੂ ਜ ਵਲੋਂ ਮਿਲੀ ਹੋਈ ਹੈ। ਪਰ ਜਿਸ ਸਤਿਗੁਰੂ ਨੇ ਇਸ ਨੂੰ ਇਹ ਪਦਵੀ ਦਿਤੀ ਹੈ, ਉਸਦੇ ਇਹ ਅਧੀਨ ਹੀ ਹੈ। ਤਾਂ ਹੀ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ "ਸਤਿਗੁਰੂ ਦੇਕਰ ਹਾਥ ਬਚਾਇਓ" ਅਰਥਾਤ ਸ੍ਰੀ ਗੁਰ ਤੇਗ ਬਹਾਦਰ ਜੀ ਨੇ ਬੀੜ ਜਲ ਵਿਚ ਪਈ ਹੋਈ ਵੀ ਭਿਜਣ ਨਹੀਂ ਦਿਤੀ।

ਭਗਵਾਨ ਕ੍ਰਿਸ਼ਨ ਦੀ ਉਚਾਰੀ ਹੋਈ ਗੀਤਾ

ਸਭ ਹਿੰਦੂਆਂ ਵਿਚ ਰਬੀ ਉਪਦੇਸ਼ ਸਮਝ ਕੇ ਮੰਨੀ ਜਾਂਦੀ ਹੈ ਪਰ ਇਹ ਭਗਵਾਨ ਕ੍ਰਿਸ਼ਨ ਦਾ ਸਥਾਨ ਨਹੀ ਪ੍ਰਾਪਤ ਕਰ ਸਕਦੀ। ਏਸੇ ਕਰਕੇ ਇਸ ਸਮਸਿਆ ਨੂੰ ਸਪਸ਼ਟ ਕਰਨ ਵਾਸਤੇ ਕਬੀਰ ਜੀ ਨੇ ਗਾਉੜੀ ਰਾਗ ਵਿਚ ਲਿਖ ਦਿਤਾ ਹੈ —

"ਬ੍ਰਹਮਾ ਬਡਾ ਕਿ ਜਾਸੁ ਉਪਾਇਆ।
ਬੇਦ ਬਡਾ ਕਿ ਜਹਾਂ ਤੇ ਆਇਆ,,

ਇਹ ਕੁਝ ਲਿਖਣ ਦਾ ਇਹ ਭਾਵ ਨਹੀਂ, ਕਿ ਜੋ ਸਤਿਕਾਰ ਗ੍ਰੰਥ ਸਾਹਿਬ ਦਾ ਕਰਨ ਦੀ ਮ੍ਰਯਾਦਾ ਗੁਰੂ ਅਰਜਨ ਦੇਵ ਜੀ ਨੇ ਪ੍ਰਚਲਤ ਕੀਤੀ ਓਹ ਕੋਈ ਘਟ ਹੈ, ਜਾਂ ਉਸ ਦੀ ਮਹਾਨਤਾ ਨੂੰ ਘਟਾਇਆ ਜਾਵੇ। ਸਿਖਾਂ ਵਾਸਤੇ ਤਾਂ ਇਹ ਗੌਰਵ ਵਾਲੀ ਗਲ ਹੈ, ਕਿ ਬਾਈਬਲ, ਅਤੇ ਕੁਰਾਨ ਉਚਾਰੇ ਜਾਣ ਤੋਂ ਕਿਤਨੇ ਹੀ ਸਾਲ ਪਿਛੋਂ ਲਿਖੇ ਗਏ ਅਤੇ ਗ੍ਰੰਥ ਸਾਹਿਬ ਦੀ ਬਾਣੀ - ਜਦੋਂ ਉਚਾਰਨ ਹੋਈ ਉਸੇ ਵੇਲੇ ਲਿਖੀ ਗਈ। ਪਰ ਬਾਣੀ ਲਿਖਣ ਵਾਲੇ ਦਾ ਅਧਿਕਾਰ ਬਾਣੀ ਤੋਂ ਵਡਾ ਹੈ।

ਏਹ ਗੁਰੂ ਤੇਗ ਬਹਾਦਰ ਜੀ ਦੀ ਹੀ ਬਰਕਤ ਸੀ ਕਿ ਬੀੜ ੧੩ ਦਿਨ ਜਲ ਅੰਦਰ ਪਈ ਰਹੀ ਤਾਂ ਵੀ ਉਸਦੇ ਅਖਰ ਭਿਜੇ ਨਹੀਂ।

ਸਤਿਗੁਰ ਦੇਕਰ ਹਾਥ ਬਚਾਇਓ।
ਨੀਰ ਬਰਨ ਪਰ ਛੁਹਨ ਨ ਪਾਇਓ।
(ਗੁ: ਪ੍ਰ: ਸੂ:)

ਸਾਇੰਸ ਅਤੇ ਨਾਸਤਿਕਤਾ ਦੇ ਪ੍ਰਭਾਵ ਹੇਠ ਵਰਤਮਾਨ ਯੁਗ ਦੇ ਵਿਦਵਾਨ ਸ਼ਕਤੀ ਜਾਂ ਕਰਾਮਾਤ ਦੀ ਹੋਂਦ ਆਮ ਕਰਕੇ ਮੰਨਣ ਤੋਂ ਇਨਕਾਰੀ ਹਨ। ਇਨਾਂ ਦੇ ਇਨਕਾਰੀ ਹੋਣ ਦਾ ਕੋਈ ਅਸ਼ਚਰਜ ਨਹੀਂ ਹੋਣਾ ਚਾਹੀਦਾ, ਕਿਉਂਕਿ ਸੰਸਾਰ ਪ੍ਰਵਾਹ ਵਿਚ ਕਦੇ ਵੀ ਇਕ ਵੀਚਾਰ ਧਾਰਾ ਨਹੀਂ ਹੋਈ। ਜਦੋਂ ਏਹ ਘਟਨਾ ਵਾਪਰੀ ਸੀ ਓਦੋਂ ਜੋ ਸ੍ਰਧਾਲੂ ਸਿਖ ਗੁਰੂ ਤੇਗ ਬਹਾਦਰ ਜੀ ਦੇ ਨਾਲ ਸਨ, ਉਹਨਾਂ ਵਿਚੋਂ ਵੀ ਕਈ ਉਹ ਸਨ ਜਿਨਾਂ ਨੂੰ ਇਉਂ ਲਗਦਾ ਸੀ, ਕਿ ਇਹ ਬੀੜ ਹੁਣ ਨਹੀਂ ਲਭੇਗੀ। ਇਹ ਪਾਣੀ ਵਿਚ ਹੀ ਗਲ ਜਾਏਗੀ ਅਤੇ ਇਕੋ ਇਕ ਨਿਸ਼ਾਨੀ ਗੁਰੂ ਅਰਜਨ ਦੇਵ ਜੀ ਦੀ ਸੀ ਜਿਸਦੀ ਇਹਨਾਂ (ਗੁਰੂ ਤੇਗ ਬਹਾਦਰ ਜੀ) ਨੇ ਕਦਰ ਨਹੀਂ ਕੀਤੀ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:-

ਹੋਊ ਨੇਹੈਂ ਕਾਗਜ ਗ੍ਰੈਹੈਂ ਬਹਿ ਜੈਹੈਂ ਕਿਤ,
ਅਖਰ ਨ ਰੈਹੈਂ ਜਿਮ ਚਿਤਰ ਭੀਤ ਬਿਨ ਹੈ।
ਅਰਜਨ ਦੇਵ ਕੀ ਨਿਸ਼ਾਨੀ ਥੀ ਮਹਾਨੀ ਇਹੁ,
ਕਦਰ ਨ ਜਾਨੀ ਨਿਸਫਲ ਹਾਨੀ ਇਨ ਹੈ।
(ਪੰਥ ਪ੍ਰਕਾਸ਼)

ਧੀਰਮਲ ਦੇ ਸੰਗੀਆਂ ਵਿਚੋਂ ਕੁਛ ਮਸੰਦਾਂ ਨੇ ਉਸ ਨੂੰ ਦੱਸਿਆ ਕਿ ਬੀੜ ਪਾਣੀ ਵਿਚ-ਧਰਨ ਬਾਰੇ ਤੁਹਾਨੂੰ ਐਵੇਂ ਕਿਸੇ ਨੇ ਆਕੇ ਬਹਿਕਾਇਆ ਹੈ, ਜੇ ਇਹ ਸਚ ਵੀ ਹੈ ਤਾਂ ਗੁਰੂ ਤੇਗ ਬਹਾਦਰ ਜੀ ਨੇ ਬਹੁਤ ਬੁਰਾ ਕੀਤਾ ਹੈ। ਏਹ ਸਾਰਾ ਕੁਛ ਉਸਨੇ ਸੁਣਿਆ, ਉਸਦਾ ਆਪਣਾ-ਨਿਜੀ ਵਿਰੋਧ ਵੀ ਗੁਰੂ ਜੀ ਨਾਲ ਸੀ। ਏਹ ਘਟਨਾ ਸੁਣਕੇ ਇਕ ਵਾਰੀ ਉਸਦਾ ਮਨ ਬਹੁਤ ਡੋਲਿਆ, ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਕਤੀ ਬਾਰੇ ਉਸ ਨੂੰ ਭਰੋਸਾ ਸੀ। ਭਰੋਸਾ ਵੀ ਏਡਾ ਵਡਾ ਸੀ ਕਿ ਗੁਰੂ ਤੇਗ ਬਹਾਦਰ ਜੀ ਦੀ ਰਖੀ ਹੋਈ ਅਮਾਨਤ ਨੂੰ ਇਸ ਵਿਸ਼ਵ ਦੀ ਕੋਈ ਸ਼ਕਤੀ ਖੀਨ ਨਹੀਂ ਕਰ ਸਕਦੀ। ਜੇ ਧੀਰਮਲ ਜੈਸੇ ਵਿਰੋਧੀ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਕਤੀ ਤੇ ਭਰੋਸਾ ਹੋ ਸਕਦਾ ਹੈ, ਤਾਂ ਸਾਨੂੰ ਵੀ ਕਰ ਲੈਣਾ ਚਾਹੀਦਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਭਰੋਸਾ ਕਰਨ ਅਤੇ ਨਾ ਕਰਨ ਵਾਲੇ ਓਦੋਂ ਵੀ ਸਨ ਤੇ ਹੁਣ ਵੀ ਹਨ, ਫਿਰ ਵੀ ਜੋ ਚੰਗੀ ਅਤੇ ਸਾਡੇ ਭਲੇ ਵਾਲੀ ਗਲ ਹੋਵੇ ਉਹ ਸਾਨੂੰ ਮੰਨ ਲੈਣੀ ਚਾਹੀਦੀ ਹੈ। ਪਾਠਕਾਂ ਦੀ ਜਾਣਕਾਰੀ ਵਾਸਤੇ ਧੀਰਮਲ ਨੂੰ ਖਬਰ ਦੇਣੀ ਉਸਦਾ ਮਨ ਡੋਲਣਾ ਅਤੇ ਫਿਰ ਸਥਿਰ ਹੋਣਾ ਗਿਆਨੀ ਗਿਆਨ ਸਿੰਘ ਜੀ ਦੇ ਸ਼ਬਦਾਂ ਵਿਚ ਵਰਣਨ ਕੀਤਾ ਜਾਂਦਾ ਹੈ:-

'ਉਤੇ ਜਬ ਸਿਖ ਜਾਇ ਕਹਿਓ ਧੀਰਮਲ ਤਾਈ,
ਸੁਨ ਸੁਖ ਪਾਇ ਉਮਗਾਇ ਲਾਗੋ ਆਵਨੇ।
ਫਿਰ ਤੋ ਮਸੰਦਨ ਸੁਨਾਇਓ ਮਤਿ ਮੰਦਨਯੋ,

ਤੁਮੈਂ ਫਿਰ ਫੰਧਨ ਸੋਂ ਕਰੈ ਬਹਿਕਾਵਨੇ।
ਗੁਰੂ ਗ੍ਰੰਥ ਨਦੀ ਮਾਹਿ ਕਾਹਿ ਧਰ ਜਾਹਿ ਵਾਹਿ,
ਜੋ ਪੈ ਸਾਚਿ ਆਹਿ ਤੇ ਭੀ ਕੀਨ ਬੁਰੋ ਭਾਵਨੇ।
ਨਦੀ ਮੈ ਸੇ ਕੈਸੇ ਭਲ ਐਹੈ ਹਾਥ ਪੈਹੈ ਥਲ,
ਜੈ ਹੈ ਗਲ ਜਾਤੋ ਜਲ ਕੈਹੈ ਸੋ ਬਹਾਵਨੇ। ੩।
ਅਤਿ ਸੇ ਜੇ ਵਥ ਠੀਕ ਗੁਰਿਆਈ ਤੈ ਵਧੀਕ,
ਦੈਹੈ ਤੁਮੈ ਠੀਕ ਹੈ ਸ੍ਰੀਕ ਹਾਸੀ ਕੈ ਪਠੀ।
ਸਲਿਤਾ ਤਟੋਰ ਜਬ ਔਰੇ ਸਭ ਬੋਰੇ ਕੈਹੈ,
ਹੌਰੇ ਬਨਿ ਐਹੋ ਗੋਰੇ ਹਾਸ ਹੋਇ ਹੈ ..ਠੀ।
ਜੋ ਹੈ ਸਹੀ ਗਲ ਤੈ ਤੋ ਬੁਰਾ ਹੀ ਕਰਿਓ ਅਵਲ,
ਤੁਮ ਹੂੰ ਤੈ ਖੋਯੋ ਭੱਲ ਆਪ ਰਾਖਿਓ ਨਾ ਹਠੀ।
ਪੁਨ ਧੀਰਮਲ ਥਰ ਥਰ ਕਾਂਪਿਓ ਕਦਲੀ ਜਯੋ,
ਬਦਲੀ ਕ੍ਰਾਂਤਿ ਮੁਖ ਗਟੀ ਬਹੁ ਧਾ ਠਠੀ। ੪।
ਹੋਇਕੈ ਅਧੀਨ ਬੂਡਿਯੋ ਸ਼ੋਕ ਨਿਧਿ ਨੀਰ,
ਚਿੰਤਾ ਪੀਰ ਨੈ ਗਹੀਰਨੀਰ ਹੀਨਮੀਨ ਹ੍ਵੈ ਗਯੋ।
ਬਾਰ ਬਾਰ ਕੈ ਵੀਚਾਰ ਫਿਰ ਯੋਂ ਉਚਾਰ ਕਹਿਯੋ,
ਤੇਗ਼ ਜੂ ਬਹਾਦਰ ਨ ਕਭੀ ਕ੍ਰੂਰ ਹੈ ਕਹਯੋ।
ਬਾਲਪਨ ਤੈਂ ਹੀ ਭੋਰ ਭਾਵ ਲੋਭ ਛੋਭ ਛੋਰੇ,
ਭਜਨ ਬਿਬੇਕ ਸੋ ਤਿਆਗ ਵਿਰਾਗ ਮੈ ਰਹਯੋ।
ਹਮ ਤੋ ਬੁਰਾਈ ਉਤਪਾਤ ਹੈ ਮਹਾਈ ਕੀਨ,
ਉਨ ਹੂ ਭਲਾਈ ਛਿਮਾ ਸੀਲ ਬਡ ਹੀ ਗਹਯੋ।੫।
ਐਸੇ ਕਨ ਜਗ ਮੈ ਹੈ ਆਇਓ ਧਨ ਫੇਰ ਦੈਹੈ,
ਸਦ ਗੁਨ ਪੁੰਜ ਵੈ ਹੈ ਜੋਗ ਗੁਰੂ ਵਾਰੀਆ।
ਹਮ ਕੋ ਯਕੀਨ ਐਹੈ ਗ੍ਰੰਥ ਸੋ ਗਏ ਰਖੈਹੈਂ.
ਸਿਖ ਦੇਤਿ ਨਾਹਿ ਹਵੈਹੈ ਗਏ ਨਦਿ ਧਾਰੀਆ।
ਉਨ ਕੀ ਅਮਾਨਤ ਖਿਆਨਤ ਕਰੈਹੈ ਕੌਨ,
ਮਾਨਤ ਹੈ ਆਨ ਬ੍ਰਹਿਮੰਡ ਅੰਡ ਸਾਰੀਆ।
ਚਾਹਤ ਅਬਾਦੀ ਮਮ ਗਾਦੀ ਕੀ ਸਦਾ ਹੀ ਸੋਊ,
ਹੋਊ ਉਪਕਾਰ ਹਮ ਪਰ ਉਨੈ ਭਾਰੀਆ। ੬।
(ਪੰਥ ਪ੍ਰਕਾਸ਼ ਧਿਆਇ ੩੩)


ਗੁਰੂ ਤੇਗ ਬਹਾਦਰ ਜੀ ਬਾਰੇ ਉਹਨਾਂ ਦੇ ਸ਼੍ਰੀਕ ਦੇ ਕੀ ਵੀਚਾਰ ਸਨ ਅਤੇ ਓਹਨਾਂ ਦੀ ਸ਼ਕਤੀ ਕਿਤਨੀ ਪ੍ਰਬਲ ਸੀ, ਏਹ ਉਪ੍ਰੋਕਤ ਪੰਕਤੀਆਂ ਤੋਂ ਪੂਰੀਤਰਾਂ ਵਿਦਿਤ ਹੁੰਦਾ ਹੈ।

ਏਹ ਤਾਂ ਵਿਦਿਤ ਹੈ ਹੀ, ਕਿ ਆਦ ਗ੍ਰੰਥ ਸਾਹਿਬ ਦੀ ਬੀੜ ਨੂੰ ਜਲ ਵਿਚ ਰਖਕੇ ਉਸ ਨੂੰ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਕਤੀ ਨਾਂਲ ਰੁੜਨ ਨਹੀਂ ਦਿਤਾ, ਤੇ ਭਿਜਣ ਤੋਂ ਵੀ ਬਚਾਈ ਰਖਿਆ।

ਇਸਤਰਾਂ ਜਿਥੇ ਬੀੜ ਦੀ ਪਵਿਤ੍ਰਤਾ ਅਤੇ ਸਤਿਕਾਰ ਬਹੁਤ ਵਡਾ ਹੈ, ਪਰ ਓਥੇ ਗੁਰੂ ਤੇਗ ਬਹਾਦਰ ਜੀ ਦੀ ਸ਼ਕਤੀ ਉਸ ਤੋਂ ਵੀ ਵਡੀ ਹੈ।

ਆਮ ਲੇਖਕਾਂ ਦੇ ਵੀਚਾਰ ਇਸ ਘਟਨਾ ਬਾਰੇ ਸਹਿਮਤ ਨਹੀਂ, ਤਦੇ ਹੀ ਲੇਖ ਦੇ ਰੂਪ ਵਿਚ ਇਹ ਘਟਨਾ ਕਦੇ ਨਹੀਂ ਛਪੀ।

ਸਚ ਅਟਲ ਹੈ ਬਹੁਤੇ ਉਸਨੂੰ ਨਾ ਮੰਨਣ ਥੋੜੇ ਮੰਨਣ ਤਾਂ ਵੀ ਉਹ ਝੂਠ ਨਹੀਂ ਹੋ ਸਕਦਾ। ਆਸ ਹੈ ਕਿ ਇਸ ਲੇਖ ਤੋਂ ਪਾਠਕਾਂ ਦੀ ਜਾਣਕਾਰੀ ਵਿਚ ਨਵਾਂ ਵਾਧਾ ਹੋਇਗਾ।


ਬਿਆਸਾ ਵਿਚੋਂ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਕਢਵਾਉਣ ਦਾ - ਦ੍ਰਿਸ਼ਯ
ਧੀਰਮਲ ਜੀ ਨੇ :-
ਨਵ ਗੁਰੂਅਨ ਕੋ ਕਰ ਕਰ ਨਮੋ। ਸਿਮਰਯੋ ਗ੍ਰੰਥ ਬਹੁਰ ਤਿਸ ਸਮੇ॥
ਪੁਨ ਪ੍ਰਵਿਸਾਏ ਨਰ ਬਿਚ ਨੀਰ। ਖਰੋ ਧੀਰਮਲ ਸਰਤਾ ਤੀਰ॥ .....
ਮਾਲਵ ਭਾਰ ਲਗੇ ਬਹੁ ਓਰੇ। ਗਹਿ ਕਰ ਮਹਿ ਕੀਨਸ ਬਡਜੋਰੇ।
ਊਪਰ ਕੋ ਨਿਕਾਸ ਲੇ ਆਏ। ਦੇਖਤ ਭਏ ਮੁਦਤ ਸਮੁਦਾਏ। ੩੬॥
(ਸੂਰਜ ਪ੍ਰਕਾਸ਼ ਰਾਸ ੧੧ ਅੰਸੂ ੨੯)
ਸ੍ਰੀ ਧੀਰ ਮਲ ਜੀ ਨੇਂ ਸਤਿਗੁਰਾਂ ਦੀ ਅਰਾਧਨਾ ਕਰਨ ਉਪ੍ਰੰਤ, ਦਰਿਆ ਬਿਆਸਾ ਵਿਚੋਂ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੁਰੱਖਿਅਤ ਬੀੜ (੧੩ ਦਿਨਾਂ ਤੋਂ ਬਾਦ) ਟੋਭਿਆਂ ਦਵਾਰਾ ਜਲ ਵਿਚੋਂ ਬਾਹਰ ਕਢਵਾ ਰਹੇ ਹਨ।

ਅਦੁੱਤੀ ਕੁਰਬਾਨੀ

—ਸ੍ਰੀ ਕੇਸਰ ਸਿੰਘ ਜੀ ਗੁਲਸ਼ਨ, ਅਸੰਧ ਕਰਨਾਲ

ਨਿਕਲੀ ਆਲਮਗੀਰ ਦੀ ਕਹਿਰ ਭਰੀ ਤਲਵਾਰ,
ਪਹਿਲੇ ਹੱਥ ਜਿਸ ਪਰਖਿਆ,ਅਪਣਾ ਹੀ ਪਰਵਾਰ।
ਜਿਸਨੂੰ ਸੀ ਹੱਕ ਪਹੁੰਚਦਾ,'ਤਖਤ ਸ਼ਾਹੀ, ਦਾ ਆਣ,
ਓਸੇ ਦੀ ਹੀ ਲੈ ਲਈ, ਇਸ ਤਲਵਾਰ ਨੇ ਜਾਨ।
ਸੱਕੇ ਭਾਈਆਂ ਮਾਰ ਕੇ, ਕੈਦ ਪਿਤਾ ਨੂੰ ਪਾ,
ਆਫ ਮੁਹਾਲਾ ਜਿੰਨਾਂ ਸੀ,ਕੀਤਾ ਸਭ ਸਫਾ।
ਛੱਡਿਆ ਵਾਰਸ ਤਖਤ ਦਾ, ਬਿਨ ਅਪਣੇ ਨ ਹੋਰ,
ਦੁਨੀਆਂ ਨੂੰ ਫਿਰ ਲਾਣ ਲਈ, ਕਿਸੇ ਧਿਆਨੇ ਹੋਰ।
ਫੇਰ ਮਿਆਨੋਂ ਕੱਢ ਲਈ, ਜ਼ੁਲਮ ਭਰੀ ਸ਼ਮਸ਼ੀਰ,
ਜਿਨ ਤਰਥੱਲ ਮਚਾ ਦਿੱਤੀ, ਜਾ ਕੇ ਵਿਚ ਕਸ਼ਮੀਰ।
ਹਿੰਦੂਆ ਤਾਂਈ ਲਿਆਉਣ ਲਈ, ਵਿਚ ਇਸਲਾਮੇ ਦੀਨ,
ਕਰ ਕਰ ਜ਼ੁਲਮ ਮਨਾ ਰਿਹਾ, ਸੰਗ ਤਲਵਾਰ ਦੇ ਈਨ।
ਜ਼ੁਲਮ ਜਦੋਂ ਨ ਸਹਿ ਸਕੇ, ਕਰਕੇ ਹਿੰਦੂ ਵੀਚਾਰ,
ਰਲ ਮਿਲ ਸਾਰੇ ਪਹੁੰਚ ਗਏ,ਸਤਿਗੁਰ ਦੇ ਦਰਬਾਰ।
ਰੋਏ ਪਿੱਟੇ ਕੁਰਲਾਇਕੇ, ਕਰਦੇ ਇਉਂ ਫਰਯਾਦ,
ਕਿਸੇ ਵੀ ਦੇਵੀਂ ਦੇਵਤੇ, ਕੀਤੀ ਨਹੀ ਇਮਦਾਦ।
ਆਖਰ ਨਜ਼ਰੀਂ ਆਇਆ, ਤੇਰਾ ਹੀ ਦਰਬਾਰ,
ਤਾਂਹੀ ਰਲ ਮਿਲ ਪਹੁੰਚ ਗਏ, ਤੇਰੇ ਦਾਤਾ ਦੁਵਾਰ।
ਸਤਿਗੁਰ ਕਰੋ ਸਹਾਇਤਾ, ਹੋਰ ਨ ਦਿਸਦਾ ਰਾਹ,
ਬਾਂਹ ਕਿਸੇ ਨ ਪਕੜੀ, ਲਾ ਲਾ ਥੱਕੇ ਵਾਹ।
ਸਤਿਗੁਰ ਇਉਂ ਫੁਰਮਾਇਆ,ਸੁਣਕੇ ਸਾਰਾ ਹਾਲ ,
ਧਰਮੀ ਪੁਰਸ਼ ਕੋਈ ਬਲੀ ਦੇ, ਤਾਂ ਇਹ ਮਿਟੇ ਜੰਜਾਲ।
ਪਰ ਉਪਕਾਰੀ ਸਤਿਗੁਰੂ, ਆਇਆਂ ਤਾਂਈਂ ਕਿਹਾ,
ਜਾ ਆਖੋ ਇਹ ਸ਼ਾਹ ਨੂੰ, ਹੁਕਮ ਮੱਥੇ ਸਿਰ ਸ਼ਾਹਾ।
ਤੇਗ ਬਹਾਦਰ ਗੁਰੂ ਜੇ, ਆ ਜਾਵੇ ਵਿਚ ਦੀਨ,
ਅਸੀਂ ਹਿੰਦੂ ਸਭ ਦੇਸ਼ ਦੇ, ਮੰਨ ਲਾਂਗੇ ਈਨ।
ਫਿਰ ਕੀਹ ਸੀ ਖੁਸ਼ ਹੋਏ ਸਾਹ,ਚਾੜ੍ਹ ਦਿੱਤਾ ਫਰਮਾਨ,
ਤੇਗ ਬਹਾਦਰ ਗੁਰੂ ਜੋ, ਹਾਜਰ ਹੋਵੇ ਆਣ।

ਪਹੁੰਚ ਗਏ ਝੱਟ ਅਹਿਦੀਏ,ਸਤਿਗੁਰ ਦੇ ਦਰਬਾਰ,
ਫਿਰੇ ਚੜ੍ਹਾਣ ਲਈ ਕਾਜ ਇਹ, ਹੋ ਗਏ ਸਤਿਗੁਰ ਤਿਆਰ।
ਪੈਂਡਾਂ ਸਭ ਮੁਕਾ ਲਿਆ,ਮਜ਼ਲੋ ਮੰਜ਼ਲੀ ਚੱਲ,
ਬਿਖੜਾ ਜਿਹਾ ਇਹ ਮਸਲਾ, ਕਰਨ ਲਈ ਸਤਿਗੁਰ ਹੱਲ।
ਸ਼ਾਹ ਅੱਗੇ ਜਾ ਖੋਹਲਿਆ, ਜੋ ਸੀ ਦਿਲੀ ਵਿਚਾਰ,
ਦੀਨ ਸਾਨੂੰ ਪ੍ਰਵਾਨ ਨਹੀਂ, ਕਰ ਲੈ ਦਿਲ ਦੀ ਕਾਰ।
ਸੁਣ ਕਾਜ਼ੀ ਮੌਲਾਣਿਆ, ਦਿਤਾ ਫਤਵਾ ਲਾ,
ਜੇ ਨਾ ਮੰਨੇ ਦੀਨ ਗੁਰ, ਕਤਲ ਕਰੋ ਫਿਰ ਜਾ।
ਹੋਏ ਸਿੱਖ ਸ਼ਹੀਦ ਉਹ, ਜੋ ਆਏ ਸੀ ਨਾਲ,
ਤਨ ਚੀਰੇ ਚੱਲ ਆਰਿਆਂ, ਜੁੱਸੇ ਦੇਗ ਉਬਾਲ।
ਆਖਰ ਚਾਂਦਨੀ ਚੋਕ ਵਿਚ, ਦਿਤਾ ਚੌਂਕੜਾ ਲਾ,
ਗੁਰਬਾਨੀ ਦਾ ਭੋਗ ਜਦ, ਦਿਤਾ ਸਤਿਗੁਰ ਪਾ।
ਕੱਢੀ ਤੇਗ ਜਲਾਦ ਨੇ, ਕੀਤਾ ਗੁਰਾਂ ਤੇ ਵਾਰ,
ਸਤਿਗੁਰ ਹੋ ਸ਼ਹੀਦ ਗਏ,ਹੋਈ ਹਾ ਹਾ ਕਾਰ।
ਹਿੰਦੂ ਧਰਮ ਬਚਾਲਿਆ,ਦੇਕੇ ਅਪਣਾ ਸੀਸ,
ਗਲ ਸੁਨ, ਐਸੇ ਗੁਰੂ ਦੀ,ਕੌਣ ਕਰੇਗਾ ਰੀਸ।

—:O:—

"ਨਾਨਕੁ ਕਹਤੁ ਮੁਕਤਿ ਪੰਥੁ ਇਹੁ"

—ਸੰਪਾਦਿਕ

ਭਾਰਤੀ ਦਰਸ਼ਨਾਂ (ਮਤਾਂ ਮਤਾਂਤਰਾਂ) ਦੇ ਅਸੂਲਾਂ ਅਨੁਸਾਰ ਮੁਕਤੀ ਸ਼ਬਦ ਦੀ ਵਿਆਖਿਆ ਅਤੇ ਪ੍ਰਾਪਤੀ ਦੇ ਅਸੂਲ ਆਪੋ ਆਪਣੇ ਤਥਾਂ ਦੁਆਰਾ ਬਹੁਤ ਵਿਸਥਾਰ ਪੂਰਵਿਕ ਦਸੇ ਹੋਏ ਹਨ,ਜਿਸ ਤੋਂ ਪਤਾ ਲਗਦਾ ਹੈ ਕਿ ਭਾਂਵੇ ਮੁਕਤੀ ਦਾ ਸਮੁਚਾ ਭਾਵ ਕਿਸੇ ਬੰਧਨ ਤੋਂ ਰਹਿਤ ਹੋਣਾ ਹੀ ਹੈ ਪਰ ਮਨੁਖੀ ਜੀਵਨ ਦੇ ਬੰਧਨਾਂ ਤੋਂ ਰਹਿਤ ਹੋਣ ਵਾਸਤੇ ਵਖ ਵਖ ਦਾਰਸ਼ਨਿਕਾਂ ਤੇ ਪੁਰਾਣਾ ਨੇ ਬੜੇ ਬੜੇ ਕਠਨ ਸਾਧਨ ਤੇ ਵਖ ਵਖ ਅਭਿਆਸ ਦਸੇ ਹੋਏ ਹਨ। ਅਤੇ ਸਗੋ ਸਿਧਾਂ,ਨਾਥਾਂ ਪੀਰਾਂ ਤੇ ਬੁਧ ਆਦਿਕ ਪੈਗੰਬਰਾਂ ਵਲੋ ਰਾਜਿਆਂ ਮਹਾਂਰਾਜਿਆਂ ਨੂੰ ਰਾਜ ਤਖਤਾਂ ਤੇ ਰਾਜ ਮਹਲਾਂ ਤੋਂ ਲਾਹ ਕੇ ਜੰਗਲਾਂ ਬਨਾਂ ਵਲ ਤੋਰਨ ਵਾਲੀ ਕੇਵਲ ਮੋਖ ਪਦਵੀਹੀ ਸੀ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੋਖ ਪਦਵੀ ਅਥਵਾ ਮੁਕਤੀ ਵਾਸਤੇ ਜੋ ਗਾਡੀ ਰਾਹ ਚਲਾਇਆ ਅਥਵਾ ਗ੍ਰਿਹਸਤ ਮਾਰਗ ਤੇ ਚਲਦਿਆਂ ਤੇ ਵਿਊਹਾਰ ਕਰਦਿਆਂ ਉਹ ਸਾਰੇ ਸਮਾਜਾਂ ਵਿਚ ਆਪਣੀ ਮਿਸਾਲ ਆਪ ਹੈ। ਲੋੜ ਕੇਵਲ ਸਤਿਗੁਰੂ ਪੂਰੇ ਦੀ ਹੈ ਜਿਹਾ ਕਿ :-

> ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ
> ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ
> ਵਿਚੇ ਹੋਵੈ ਮੁਕਤਿ। (੫੨੨)

ਪੂਰੇ ਸਤਿਗੁਰੂ ਦੀ ਸ਼ਰਨ ਗ੍ਰਹਿਣ ਕਰਨ ਤੋਂ ਬਗੈਰ ਮੁਕਤੀ ਪ੍ਰਾਪਤ ਕਰਨ ਵਾਲੇ ਨੂੰ ਸ੍ਰੀ ਗੁਰੂ ਅਮਰਦਾਸ ਜੀ ਸੰਬੋਧਨ ਕਰਦੇ ਹਨ।

> "ਜੇ ਕੋ ਗੁਰ ਤੇ ਵੇ ਮੁਖੁ ਹੋਵੈ
> ਬਿਨੁ ਸਤਿਗੁਰ ਮੁਕਤਿ ਨ ਪਾਵੈ।
> ਪਾਵੈ ਮੁਕਤਿ ਨ ਹੋਰਥੈ ਕੋਈ

ਪੁਛਹੁ ਬਿਬੇਕੀਆ ਜਾਇ
ਅਨੇਕ ਜੂਨੀ ਭਰਮ ਆਵੈ
ਵਿਣੁ ਸਤਿਗੁਰ ਮੁਕਤਿ ਨ ਪਾਏ।
ਫਿਰਿ ਮੁਕਤਿ ਪਾਏ ਲਾਗਿ ਚਰਣੀ
ਸਤਿਗੁਰ ਸਬਦੁ ਸੁਣਾਏ।
ਕਹੈ ਨਾਨਕ ਵੀਚਾਰਿ ਵੇਖਹੁ
ਵਿਣੁ ਸਤਿਗੁਰ ਮੁਕਤਿ ਨ ਪਾਏ॥
(ਪੰਨਾ ੯੨੦)

ਸਗੋਂ ਜੇਕਰ ਕੋਈ ਜਗਿਆਸੂ ਸਤਿਗੁਰੂ ਦੀ ਸਰਨ ਗ੍ਰਹਿਣ ਕਰਕੇ ਗੁਰੂ ਆਗਿਆ ਦਾ ਪਾਲਨ ਕਰੇ ਤਾਂ ਉਹ ਜੀਵਨ ਮੁਕਤ ਦੀ ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ, ਜਿਹਾ ਕਿ:—

"ਪ੍ਰਭ ਕੀ ਆਗਿਆ ਆਤਮ ਹਿਤਾਵੈ,
ਜੀਵਨ ਮੁਕਤਿ ਸੋਊ ਕਹਾਵੈ,,—

ਕਿਉਂਕਿ ਪ੍ਰਭੂ ਦੀ ਆਗਿਆ ਪ੍ਰਾਪਤ ਕਰਨ ਅਤੇ ਉਸਦੀ ਰਜ਼ਾ ਵਿਚ ਰਾਜ਼ੀ ਰਹਿਣ ਕਾਰਨ ਉਸ ਜਗਿਆਸੂ ਦੀ ਜੇਕਰ ਇਹ ਅਵਸਥਾ ਹੋ ਜਾਵੇ, ਕਿ:—

"ਤੈਸਾ ਹਰਖ ਤੈਸਾ ਉਸੁ ਸੋਗੁ॥
ਸਦਾ ਅਨੰਦ ਤਹ ਨਹੀ ਬਿਓਗੁ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ॥
ਤੈਸਾ ਅੰਮ੍ਰਿਤ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ॥
ਤੈਸਾ ਰੰਕ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤ।
(ਪੰਨਾ ੨੭੫)

ਅਥਵਾ- ਉਸਤਤਿ ਨਿੰਦਿਆ ਨਾਹਿ ਜਿਹਿ
ਕੰਚਨ ਲੋਹ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ,
ਮੁਕਤਿ ਤਾਹਿ ਤੈ ਜਾਨਿ॥
ਯਥਾ ਹਰਖ ਸੋਗ ਜਾਕੈ ਨਹੀ,
ਬੈਰੀ ਮੀਤ ਸਮਾਨ॥
ਕਹੁ ਨਾਨਕ ਸੁਨਿ ਰੇ ਮਨਾ,
ਮੁਕਤਿ ਤਾਹਿ ਤੈ ਜਾਨ॥

(੧੪੨੭)

ਮੁਕਤ ਸਵਰੂਪੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਗ੍ਰਿਹਸਥ ਧਰਮ ਵਿਚ ਰਹਿਕੇ ਦਸਾਂ ਨਵਾਂ ਦੀ ਕਿਰਤ ਵਿਰਤ ਕਰਕੇ ਗੁਰਸਿਖ ਲਈ ਮੁਕਤੀ ਦੀ ਜੁਗਤੀ ਦਾ ਰਾਹ ਇਸ ਪ੍ਰਕਾਰ ਖੋਲਦੇ ਹਨ। ਕਿ— ਗਉੜੀ ਮ: ੯

ਸਾਧੋ ਗੋਬਿੰਦ ਕੇ ਗੁਨ ਗਾਵਉ
ਮਾਨਸ ਜਨਮੁ ਅਮੋਲਕੁ ਪਾਇਓ,
ਬਿਰਥਾ ਕਾਹਿ ਗਵਾਵਉ।੧॥ਰਹਾਉ।
ਪਤਿਤ ਪੁਨੀਤ ਦੀਨ ਬੰਧੁ ਹਰਿ,
ਸਰਨ ਤਾਹਿ ਤੁਮ ਆਵਉ

ਮੁਕਤੀ ਦੀ ਪ੍ਰਾਪਤੀ ਵਾਲੇ ਜਗਯਾਸੂ ਨੂੰ ਗੁਰੂ ਜੀ ਇਕ ਉਦਾਹਰਣ ਦੇ ਕੇ ਸੰਬੋਧਨ ਕਰਦੇ ਹਨ ਕਿ ਭਾਈ ਸੁਣ :—

"ਗਜ ਕੀ ਤ੍ਰਾਸ ਮਿਟੀ ਜਿਹ ਸਿਮਰਤ
ਤੁਮ ਕਾਹੇ ਬਿਸਰਾਵਹੁ

ਅਰਥਾਤ ਸਤਿਗੁਰੂ ਦੀ ਦਿਤੀ ਹੋਈ ਪ੍ਰੇਰਨਾ ਨਾਲ ਜਿਸ ਨਾਮ ਦਾ ਸਿਮਰਨ ਕਰਕੇ ਰਸਾਤਲ ਵਿਚ ਗਰਕ ਹੋ ਰਹੇ ਗਜ ਹਾਥੀ ਦਾ ਤ੍ਰਾਸ ਨਵਿਰਤ ਹੋ ਗਿਆ ਸੀ,ਤੂੰ ਉਸਨਾਮ ਨੂੰ ਕਿਉ ਵਿਸਾਰ ਰਹਿਆ ਹੈ। ਸਗੋਂ ਨਾਮ ਦੇ ਨਾਲ ਹੀ :—

ਤਜਿ ਅਭਿਮਾਨ ਮੋਹੁ ਮਾਇਆ ਫੁਨਿ
ਭਜਨਿ ਰਾਮ ਚਿਤੁ ਲਾਵਓ

ਅਰਥਾਤ— ਨਾਮ ਸਿਮਰਨ ਦੇ ਫਲ ਸਰੂਪ ਜਪੁ ਤਪੁ ਦਾਨੁ ਤੇ ਨਾਮ ਅਭਿਆਸਦੇ ਅਭਿਮਾਨਨੂੰ ਛਡਕੇ ਨਿਰਮਾਨਤ ਨਿਸ਼ਕਾਮ ਹੋ ਕੇ ਕੇਵਲ ਰਾਮ ਭਜਨ ਵਿਚ ਹੀਚਿਤ ਨੂੰ ਲਾ।

ਐ ਮਨੁਖ ਜੇਕਰ ਤੂੰ ਮੁਕਤੀ ਪ੍ਰਾਪਤ ਪ੍ਰਾਪਤ ਕਰਨੀ ਅਥਵਾ ਜੀਵਨ ਮੁਕਤ ਦਾ ਅਸਥਾਨ ਹਾਸਿਲ ਕਰਨਾਂ ਹੈ ਤਾਂ ਸਤਿਗੁਰੂ ਵਲ ਮੁਖ ਕਰਕੇ ਇਸ ਦਸੇ ਹੋਏ ਮਾਰਗ (ਪੰਥ) ਉਤੇ ਤੁਰ, ਫਿਰ ਤੂੰ ਅਵਸ਼ ਹੀ ਮੋਖ ਪਦਵੀ ਨੂੰ ਹਾਸਿਲ ਕਰ ਸਕੇਂਗਾ ਜਿਹਾ ਕਿ

"ਨਾਨਕ ਕਹਤੁ ਮੁਕਤ ਪੰਥ ਇਹੁ
ਗੁਰਮੁਖਿ ਹੋਇ ਤੁਮ ਪਾਵਹੁ। ਪੰਨਾ ੨੧੯

(ਬਾਕੀ ਸਫਾ ੩੦ ਤੇ)

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਪ੍ਰਤੀ ਕਰਮ

—ਸੰਤ ਰਘਬੀਰ ਸਿੰਘ ਜੀ ਲਾਂਗਰੀ ਸ੍ਰੀ ਜੀਵਨ ਨਗਰ

ਸ਼ਹੀਦ ਕੀ ਜੋ ਮੌਤ ਹੈ ਵੋਹ ਕੌਮ ਕੀ ਹਯਾਤ ਹੈ।
ਹਯਾਤ ਤੋ ਹਯਾਤਵਾਂ ਤੋ ਮੌਤ ਭੀ ਹਯਾਤ ਹੈ।

ਸ਼ਹੀਦ ਦਾ ਖੂਨ ਧਰਮ ਦਾ ਬੀਜ ਹੁੰਦਾ ਹੈ, ਕੌਮ ਦੀ ਨੀਂਹ ਸਹੀਦਦੀ ਅਣਖ ਤੇ ਖੜੀ ਹੁੰਦੀ ਹੈ। ਗੁਰੂਤੇਗ ਬਹਾਦਰ ਜਦਬਾਲਕ ਰੂਪ ਸਨ ਉਸ ਵਕਤ ਸ੍ਰੀਗੁਰੂ ਹਰਗੋਬਿੰਦਜੀ ਆਖਿਆ ਕਰਦੇ ਸਨ ਕਿ ਇਹ ਬਾਲਕ ਗੰਭੀਰਤਾ ਦਾ ਮਾਲਿਕ ਤੇਗਦਾ ਧਨੀ ਤੇ ਧਰਮ ਤਾਖਾਹੋਵੇਗਾ,ਸ੍ਰੀ ਤੇਗਬਹਾਦਰਜੀ ਦਾ ਵਿਆਹ ਕਰਤਾਰ ਪੁਰ ਦੇ ਸ੍ਰੀ ਲਾਲ ਚੰਦ ਦੀ ਸਪੁਤ੍ਰੀ (ਮਾਤਾ) ਗੁਜਰੀ ਜੀਨਾਲ ਹੋਇਆ।

ਸਮੇ ਨਾਲ ਜਦ ਆਪ "ਸਦ ਪੀੜ੍ਹੀ ਗੁਰੂ ਚਲੰਦੀ" ਦੀ ਪ੍ਰੰਪਰਾ ਅਨੁਸਾਰ ਗੁਰੂ ਗਦੀ ਉਤੇ ਨੌਵੇਂ ਸਤਿਗੁਰੂ ਦੇ ਰੂਪ ਵਿਚ ਉਜਾਗਰ ਹੋਏ,ਤਾਂ ਉਸ ਵਕਤ ਗੁਰੂ ਵੰਸੀਆਂ ਦੀ ਗੁਰਗਦੀ ਵਾਸਤੇ ਈਰਖਾ ਦੇ ਨਾਲ ਔਰੰਗਜੇਬ ਦੀ ਜਾਬਰ ਤੇ ਤੁਅੱਸਬੀ ਹਕੂਮਤ ਦਾ ਬੜਾ ਜੋਰ ਸੀ। ਗੈਰ ਮੁਸਲਮਾਨ ਲੋਕ ਜੁਲਮ ਦਾ ਸ਼ਿਕਾਰ ਹੋ ਰਹੇ ਸਨ। ਮਨੁਖੀ ਜੀਵਨ ਦੀਆਂ ਸਹੀ ਕੀਮਤਾਂ ਤੇ ਕਦਰਾਂ ਖੰਭ ਲਾ ਕੇ ਉਡ ਚੁਕੀਆਂ ਸਨ। ਤੇ ਇਸ ਸਾਰੇ ਭਾਰਤ ਵਿਚ ਇਸਲਾਮ ਧਰਮ ਕਾਇਮ ਕਰਨ ਦਾ ਬੀੜਾ ਚੁਕ ਰਖਿਆ ਸੀ।

ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਫਿਰ ਤੋਂ ਹਿੰਦੂ ਧਰਮ ਅਥਵਾ ਤਿਲਕ ਜੰਞੂ ਦੀ ਪ੍ਰਸਥਾ ਕਾਇਮ ਰਖਨ ਲਈ ਆਪਨੀ ਕੁਰਬਾਨੀ ਦੇਣ ਦਾਂ ਪ੍ਰੋਗ੍ਰਾਮ ਉਲੀਕ ਕੇ ਗੁਰੂ ਸ਼ਕਤੀ ਦੀ ਨਿਰ ਭੈਤਾ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ
"ਭੈ ਕਾਹੂੰ ਕਉ ਦੇਤਿ ਨਹਿ ਨਹਿ ਭੈ ਮਾਨਤ ਆਨਿ"

ਪਰ ਤੁਅੱਸਬ ਨਾਲ ਅੰਨੇ ਹੋਏ ਹੋਏ ਔਰੰਗ ਜ਼ੇਬ ਨੂੰ ਹਕ ਦਾ ਇਹ ਨਾਅਰਾ ਕਦ ਪ੍ਰਵਾਨ ਹੋ ਸਕਦਾ ਸੀ, ਉਸਦੇ ਹੁਕਮ ਅਨੁਸਾਰ ਗੁਰੂ ਜੀ ਨੂੰ ਆਗਰੇ ਤੋਂ ਗ੍ਰਿਫ਼ਤਾਰ ਕਰਕੇ ਦਿਲੀ ਲਿਆਂਦਾ ਗਿਆ। ਜਿਥੇ ਆਪ ਜੀ ਨੂੰ ਕਾਫੀ ਤਸੀਹੇ ਦੇਣ ਤੋਂ ਬਾਦ ਚਾਦਨੀ ਚੌਂਕ ਵਿਚ ਸ਼ਰਆਮ ਆਮ ਸ਼ਹੀਦ ਕੀਤਾ ਗਿਆ।

ਦਿਲੀ ਦੇ ਉਸ ਸ਼ਹਿਰ ਵਿਚ ਜਿਥੇ ਹਜਾਰਾਂ ਗੁਰੂ ਨਾਨਕ ਨਾਮ ਲੇਵਾ ਸਿਖ ਸਨ, ਗੁਰੂ ਜੀ ਦੀ ਸ਼ਹਾਦਤ ਨਾਲ ਸਾਰੇ ਸਹਿਮ ਗਏ, ਤੇ ਭੈ ਭੀਤ ਹੋ ਗਏ। ਔਰੰਗਜੇਬ ਚਾਹੁੰਦਾ ਸੀ, ਕਿ ਗੁਰੂ ਜੀ ਦਾ ਪਵਿਤ੍ਰ ਸੀਸ ਸਰੇ ਬਜਾਰ ਕਈ ਦਿਨ ਰੁਲਦਾ ਰਹੇ, ਅਤੇ ਪਵਿਤ੍ਰ ਦੇਹ ਦੇ ਚਾਰ ਟੋਟੇ ਕਰਕੇ ਵਡੇ ਵਡੇ ਦਰਵਾਜਿਆਂ ਅਗੇ ਲਟਕਾਏ ਜਾਣ, ਜਿਨ੍ਹਤੋਂ ਲੋਕਾਂ ਵਿਚ ਵਧ ਤੋਂ ਵਧ ਡਰ ਪੈਦਾ ਹੋਵੇ ਤੇ ਉਹ ਇਸਲਾਮ ਕਬੂਲ ਕਰ ਲੈਣ।

ਪਰ ਗੁਰੂ ਜੀ ਦੀ ਸ਼ਹਾਦਤ ਤੋਂ ਬਾਦ ਸਾਰਾ ਕੁਝ ਇਸਦੇ ਉਲਟ ਹੋਇਆ, ਜਿਥੇ ਗੁਰੂ ਜੀ ਦੀ ਸ਼ਕਤੀ ਨਾਲ ਸੀਸ ਭਾਈ ਜੈਤੋ ਦੀ ਝੋਲੀ ਵਿਚ ਜਾ ਡਿਗਾ ਤੇ ਉਹ ਸੀਸ ਨੂੰ ਸ੍ਰੀ ਅਨੰਦਪੁਰ ਲੈ ਗਿਆ, ਉਥੇ ਧੜ ਨੂੰ ਲਖੀ ਸ਼ਾਹ ਵਣਜਾਰੇ ਨੇ ਬੜੀ ਫੁਰਤੀ ਨਾਲ ਸੰਭਾਲ ਕੇ ਉਸ ਦੇਹ ਦਾ ਸੰਸਕਾਰ ਅਪਨੇ ਘਰ ਨੂੰ ਅਗ ਲਾ ਕੇ ਕਰ ਦਿਤਾ। ਇਸ ਤਰਾਂ ਔਰੰਗ ਜੇਬ ਅਪਨੀ ਬਦ ਨੀਤੀ ਵਿਚ ਕਾਮਯਾਬ ਨ ਹੋ ਸਕਿਆ।

ਸ੍ਰੀ ਅਨੰਦ ਪੁਰ ਜਦੋਂ ਭਾਈ ਜੈਤੋ ਪਾਸੋਂ ਬਾਲਕ ਰੂਪ ਸ੍ਰੀ ਦਸ਼ਮੇਸ ਨੇ ਦਿਲੀ ਦੇ ਸਿਖਾਂ ਦੇ

ਸਹਿਮ ਵਾਲੀ ਗਲ ਸੁਣੀ ਤਾਂ ਬਚਨ ਕੀਤਾ, ਮੈਂ ਹੁਣ ਐਸੇ ਸਿਖ ਪੈਦਾ ਕਰਾਂਗਾ,

ਜੋ ਨਿਰਭੈ ਤੇ ਨਿਡਰ ਹੋਣਗੇ ਅਤੇ ਲਖਾਂ ਆਦਮੀਆਂ ਵਿਚ ਭੀ ਉਹ ਵਿਉਂ ਛਿਪੇ ਨਾ ਰਹਿ ਸਕਣਗੇ। ਜਿਵੇਂ ਕਾਵਾਂ ਚੋਂ ਹੰਸ, ਗਿਰਝਾਂ ਚੋਂ ਮੋਰ, ਤੇ ਮ੍ਰਿਗਾ ਚੋਂ ਸ਼ੇਰ, ਨਹੀਂ ਛਿਪੇ ਰਹਿ ਸਕਦੇ।

ਸਮਾਂ ਪਾਕੇ ਸ੍ਰੀ ਦਸਮੇਸ਼ ਜੀ ਨੇ ਪਿਤਾ ਗੁਰੂ ਦੇਵ ਜੀ ਦੀ ਕੁਰਬਾਨੀ ਦੇ ਪ੍ਰਤੀਕਰਮ ਵਿਚ ਖਾਲਸਾ ਪੰਥ ਦੀ ਸਾਜਨਾ ਸਾਜ ਕੇ ਸਮਾਜ ਵਲੋਂ ਮਿੱਧੇ ਤੇ ਲਤਾੜੇ ਹੋਏ ਕਮਜ਼ੋਰ ਵਰਗ ਦੇ ਮਨੁਖਾਂ ਨੂੰ ਸਰਦਾਰ ਬਣਾਇਆ।

ਕਿਸੇ ਕਵੀ ਨੇ ਠੀਕ ਕਿਹਾ ਹੈ ਕਿ—

ਨਸ਼ਾ ਪਿਲਾਕੇ ਗੇਰਨਾ ਤੋ ਸਭ ਕੋ ਆਤਾ ਹੈ,
ਮਜ਼ਾ ਤੋਂ ਤਬ ਹੈ ਜੋ ਗਿਰਤੇ ਕੋ ਥਾਮ ਲੇ ਸਾਕੀ।

ਅਰਥਾਤ-ਸ੍ਰੀ ਗੁਰੂ ਨਾਵੇਂ ਦੀ ਸਹਾਦਤ ਦੇ ਨਤੀਜੇ ਵਜੋਂ ਸ੍ਰੀ ਕਲਗੀਧਰ ਨੇ ਉਹ ਖਾਲਸਾ ਦਲ ਪੈਦਾ ਕੀਤਾ ਜਿਸ ਨੇ ਸਮਾ ਪਾਕੇ ਦੇਸ਼ ਦੀ ਕਰਵਟ ਹੀ ਬਦਲ ਦਿਤੀ। ਅਰ ਸਿੰਘਾਂ ਸੂਰਬੀਰਾਂ ਨੇ ਜ਼ਿਆਂ ਤੇ ਨੰਗੀਆ ਤਲਵਾਰਾਂ ਤੇ ਨਚ ਕੇ ਦੇਸ਼ ਵਿਚ ਮੁੜ ਅਣਖ ਪੈਦਾ ਕਰ ਦਿਤੀ, ਤੇ ਸਾਮਰਾਜ ਤੁਰਕ ਹਾਕਮਾਂ ਨੂੰ ਲੋਹੇ ਦੇ ਚਣੇ ਚਬਾ ਦਿਤੇ। ਸਗੋਂ ਇਹ ਸ਼ਹਾਦਤ ਬਾਦਸ਼ਾਹ ਔਰੰਗਜ਼ੇਬ ਦੇ ਖਫਨ ਵਿਚ ਆਖਰੀ ਕਿਲ ਸਾਬਤ ਹੋਈ।

ਜਾਦੂ ਨਾਥ ਸਰਕਾਰ ਲਿਖਦਾ ਹੈ:—

(ਗੁਰੂ ਜੀ ਦੀ) "ਸ਼ਹੀਦੀ ਤੋਂ ਇਕ ਸਾਲ ਉਪਰੰਤ ਬਾਦਸ਼ਾਹ ਔਰੰਗਜ਼ੇਬ ਅਕਤੂਬਰ ੧੬੭੬ ਈ. ਵਿਚ ਜਾਮਾ ਮਸਜਦ ਦਿਲੀ ਤੋਂ ਨਿਕਲ ਰਿਹਾ ਸੀ, ਕਿ ਇਕ ਸਿਖਨੇ ਆਲਮਗੀਰ ਦੇ ਮਥ ਉਤੇ ਇਟ ਮਾਰੀ, ਇਹ ਕੰਮ ਕਵਲ ਗੁਰੂ ਜੀ ਦੀ ਸ਼ਹਾਦਤ ਦਾ ਇਕ ਛੋਟਾ ਜਿਹਾ ਪਰ ਬਹੁਤ ਅਹਿਮੀਅਤ ਵਾਲਾ ਕ੍ਰਿਸ਼ਮਾ ਸੀ।

ਕੇਵਲ ਹਿੰਦ ਵਿਚ ਹੀ ਨਹੀ ਸਗੋਂ ਔਰੰਗਜ਼ੇਬ ਦੀ ਸਮੂਹੇ ਇਸਲਾਮੀ ਸੰਸਾਰ ਵਿਚ ਵੀਸਖਤ ਬਦਨਾਮੀ ਹੋ ਰਹੀ ਸੀ। ਤੇ ਇਸਦੇ ਕਿਰਦਾਰ ਉਤੇ ਡਾਢੀ ਤੇ ਬੜੀ ਬੁਰੀ ਆਲੋਚਨਾ ਕੀਤੀ ਜਾ ਰਹੀ ਸੀ। ਹੋਰ ਤੇ ਹੋਰ ਮਕੇ ਦੇ ਮੁਫਤੀ ਨੇ ਔਰੰਗਜ਼ੇਬ ਵਲੋਂ ਭੇਜੀ ਗਈ ਜ਼ਕਾਤ ਲੈਣ ਤੋਂ ਇਨਕਾਰ ਕਰ ਦਿਤਾ, ਤੇ ਆਖਿਆ ਕਿ ਅਜਿਹੇ ਜ਼ੁਲਮੀ ਤੇ ਅਨਯਾਈ ਬਾਦਸ਼ਾਹ ਵਲੋਂ ਜ਼ਕਾਤ ਖੁਦਾ ਦੇ ਘਰ ਕਦੇ ਵੀ ਕਬੂਲ ਨਹੀ ਜਾ ਸਕਦੀ। ਈਰਾਨ ਦੇ ਬਾਦਸ਼ਾਹ ਨੇ ਜੋ ਔਰੰਗਜ਼ੇਬ ਦਾ ਗੂੜ੍ਹਾ ਮਿਤ੍ਰ ਸੀ ਇਸ ਜ਼ੁਲਮ ਦੇ ਕਾਰਨ ਉਸਨੇ ਅਪਨੇ ਮਹੱਲਾਂ ਵਿਚੋਂ ਇਸਦੀ ਤਸਵੀਰ ਉਤਰਵਾ ਦਿਤੀ।

ਲਤੀਫ ਲਿਖਦਾ ਹੈ, ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਹਾਦਤ ਨੇ ਸਿਖ ਕੌਮ ਨੂੰ ਪੂਰਨ ਤੌਰ ਤੇ ਸਸਤਰ ਧਾਰੀ ਹੋਣ ਲਈ ਮਜਬੂਰ ਕਰ ਦਿਤਾ।

ਸਗੋਂ ਸ੍ਰੀ ਗੁਰੂ ਗੋਬਿੰਦ ਸਿਘ ਜੀ ਅਪਣੀ ਨਵੀ ਪਾਲਿਸੀ ਦਾ ਐਲਾਨ ਇਨਾਂ ਸਬਦਾਂ ਦੁਆਰਾ ਕੀਤਾ :—

ਚੂੰ ਕਾਰ ਅਜ ਹੀਲਤੇ ਦਰ ਗੁਜਸਤ।
ਹਲਾਲ ਅਸਤ ਬੁਰਦਨ ਬਾ ਸਮਸੀਰ ਦਸਤ।

ਅਰਥਾਤ - ਜਦੋਂ ਕੋਈ ਕੰਮ ਸਾਰੇ ਹੀਲਿਆਂ ਤੋਂ ਲੰਘ ਜਾਵੇ, ਤਾਂ ਉਸ ਵਕਤ ਹਥ ਵਿਚ ਤਲਵਾਰ ਫੜਨੀ ਮਜਹਬ ਦੀ ਰੂ ਨਾਲ ਯੋਗ ਤੇ ਉਚਿਤ ਹੈ। ਸ੍ਰੀ ਗੁਰੂ ਦਸਮੇਸ ਜੀ ਦੀ ਨਵੀ ਪਾਲਿਸੀ ਵਿਚ ਨਿਸਚਾ ਰਖਣ ਵਾਲਿਆਂ ਸਿੰਘਾਂ ਨੇ ਅਪਣੀ ਬੀਰਤਾ ਨਾਲ ਸੰਸਾਰ ਨੂੰ ਚਕ੍ਰਿਤ ਕਰ ਦਿਤਾ। ਇਕ ਇਕ ਸਿਖ ਨੇ ਸਵਾ ਸਵਾ ਲਖ ਜ਼ਾਲਮਾ ਨਾਲ ਜੂਝ ਕੇ ਗੁਰੂ ਜੀ ਦੇ ਚਿਤਰੇ ਨਕਸ਼ਿ ਕਦਮ ਤੇ ਚਲਕੇ ਦੀਨਾ ਦੁਖੀਆ ਤੇ ਗਊ ਗਰੀਬ ਦੀ ਰਖਿਆ ਕੀਤੀ ਤੇ ਨਿਰਭੈਤਾ ਦੁਆਰਾ ਧਰਮ ਨੂੰ ਕਾਇਮ ਰਖਿਆ ਤੇ ਸਗੋਂ ਸਮਾਂ ਪਾਕੇ ਦੇਸ਼ ਵਿਚ ਖਾਲਸਾ ਰਾਜ ਸਥਾਪਿਤ ਹੋਇਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਪ੍ਰਤੀਕ੍ਰਮ ਉਸ ਵਕਤ ਫੇਰ ਸਾਹਮਣੇ ਆਇਆ ਜਦੋਂ ਸਣੇ ਪੰਜਾਬ ਦੇ ਸਾਰੇ ਭਾਰਤ ਉਤੇ ਸਾਮਰਾਜ ਅੰਗਰੇਜ਼ ਪੂਰੀ ਤਰਾਂ ਛਾ ਚੁਕਾ ਸੀ ਤੇ ਹਿੰਦੂਆਂ ਮੁਸਲਮਾਨਾ ਤੇ ਸਿਖਾਂ ਨੂੰ ਆਪਸ ਵਿਚ ਲੜ

ਖਤਮ ਕਰਨ ਲਈ ਕਈ ਤਰਾਂ ਦੀਆਂ ਚਾਲਾਂ ਚਲ ਰਿਹਾ ਸੀ। ਸਗੋਂ ਅੰਮ੍ਰਿਤਸਰ ਆਦਿਕ ਸਿਖਾਂ ਹਿੰਦੂਆਂ ਦੇ ਧਰਮ ਅਸਥਾਨਾ ਦੇ ਨੇੜੇ ਮੁਸਲਮਾਨਾ ਨੂੰ ਸ਼ਹਿ ਦੇ ਕੇ ਗੌ-ਬਧ ਦੇ ਬੁਚੜਖਾਨੇ ਖੁਲਵਾ ਰਿਹਾ ਸੀ। ਜਿਸਨੂੰ ਵੇਖਕੇ ਸਿਖਾਂ ਦੇ ਬਾਂਹੁਵੇ ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਸਿੰਘਾਂ ਦੇ ਖੂਨ ਨੇ ਉਬਾਲਾ ਖਾਧਾ,ਤੇ ਉਨਾਂ ਨੇ ਪਹਿਲਾਂ ਅੰਮ੍ਰਿਤਸਰ ਤੇ ਫਿਰ ਰਾਏ ਕੋਟ ਬੁਚੜ ਬਧ ਕਰਕੇ ਧਰਮ ਤੇ ਦੇਸ ਅਥਵਾ ਕੌਮ ਦੀ ਅਣਖ ਵਾਸਤੇ ਫਾਂਸੀਆਂ ਦੁਆਰਾ ਸ਼ਹੀਦੀਆਂ ਪਾਈਆਂ।

ਫਿਰ ਸ਼ਰਾਅ ਆਮ ਮਲੇਰਕੋਟਲੇ ਦੇ ਬੁਚੜਾਂ ਤੇ ਸਰਕਾਰੀ ਕ੍ਰਮਚਾਰੀ ਸੋਧਨ ਲਈ ਹਲਾ ਬੋਲਿਆ। ਸ੍ਰੀ ਭੈਣੀ ਸਾਹਿਬ ਤੋਂ ਤੁਰਨ ਵੇਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪੁਛਣ ਤੇ ਸ੍ਰ: ਹੀਰਾ ਸਿੰਘ ਨੇ ਦਸਿਆ ਕਿ ਸਾਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਧਰਮ ਦੇਸ਼ ਤੇ ਕੌਮ ਵਾਸਤੇ ਸ਼ਹੀਦੀਆਂ ਦੇਣ ਦੀ ਪ੍ਰੇਰਨਾ ਦੇ ਰਹੇ ਹਨ।

ਮਲੇਰਕੋਟਲੇ ਦੇ ਬੁਚੜ ਬਧ ਕਰਨ ਤੋਂ ਬਾਦ ਨਾਮਧਾਰੀਆਂ ਨੇ ਹਸੂੰ ਹਸੂੰ ਕਰਦਿਆਂ ਤੋਪਾਂ ਅਗੇ ਉਡਕੇ ਨਾਂਵੇ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਇਸ ਤੋਂ ਬਾਦ ਏਸੇ ਪ੍ਰਤੀਕਰਮ ਅਨੁਸਾਰ ਹੀ ਬਹੁਤ ਸਾਰੇ ਭਾਰਤੀ ਦੇਸ਼ ਭਗਤਾਂ ਤੇ ਸ੍ਰੀ ਸਤਿਗੁਰੂ ਹਰੀ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇ ਨਾਮਧਾਰੀ ਪੰਥ,ਵਤਨ ਪ੍ਰਸਤੀ ਵਾਸਤੇ ਜੋ ਜੋ ਕੁਰਬਾਨੀਆਂ ਕਰਦਾ ਰਿਹਾ ਹੈ, ਅਤੇ ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ-ਛਾਇਆ ਹੇਠ ਹਰ ਨਾਮਧਾਰੀ ਉਹਨਾਂ ਪੁਰਾਤਨ ਸਿਖ ਰਹੁ ਰੀਤਾਂ ਗੁਰਮਤ ਪ੍ਰਚਾਰ ਤੇ ਧਰਮ ਭਾਵਨਾ ਨੂੰ ਸੁਰਜੀਤ ਰਖੀ ਆਰਿਹਾ ਹੈ। ਅਥਵਾ ਸਵੈਤੰਤ੍ਰ ਭਾਰਤ ਦੀ ਮਾਇਆ ਨਾਜ਼ ਪ੍ਰਧਾਨ ਮੰਤ੍ਰੀ ਸ੍ਰੀ ਮਤੀ ਇੰਦਰਾ ਗਾਂਧੀ ਜੀ ਦੀ ਲੀਡਰਸ਼ਿਪ ਹੇਠਾਂ ਦੇਸ਼ ਦੇ ਅਨਗਿਣਤ ਲੋਕ ਜੋ ਦੇਸ਼ ਦੀ ਪ੍ਰਗਤੀ, ਗਰੀਬੀ ਤੇ ਧਰਮ ਨਿਰਪਖਤਾ, ਵਿਸ਼ਵ ਅਮਨ ਤੇ ਭਾਰਤ ਦੀ ਅਖੰਡਤਾ ਵਾਸਤੇ ਯਤਨਸ਼ੀਲ ਹਨ। ਇਨਾਂ ਸਾਰੇ ਪ੍ਰੋਗ੍ਰਾਮਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਧਰਮ ਦੇਸ਼ ਤੇ ਕੌਮ ਵਾਸਤੇ ਦਿਤੀ ਕੁਰਬਾਨੀ ਦਾ ਹੀ ਪ੍ਰਤੀਕਰਮ ਹੈ। ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਦਿਨ ਦੂਰ ਨਹੀ, ਜਦੋਂ ਸਾਰੀ ਦੁਨੀਆ ਵਿਚ ਹੀ ਨਾਂਵੇ ਗੁਰੂ ਜੀ ਦੀ ਦਰਸਾਈ ਇਸੇ ਨੀਤੀ ਦਾ ਹੀ ਅਮਲ ਹੋਵੇਗਾ,ਕਿ:-

"ਭੈ ਕਾਹੂ ਕਉ ਦੇਤ ਨਹਿਨਹਿਭੈ ਮਾਨਤਆਨ'

—o—

(੨੭ ਸਫੇ ਦੀ ਬਾਕੀ)

ਅਥਵਾ- ਮਾਨ ਮੋਹ ਦੋਨੋ ਕਉ ਪਰਹਰਿ
ਗੋਬਿੰਦ ਕੇ ਗੁਨ ਗਾਵੈ॥
ਕਹੁ ਨਾਨਕ ਇਹ ਬਿਧਿ ਕੋ
ਪ੍ਰਾਨੀ ਜੀਵਨ ਮੁਕਤ ਕਹਾਵੈ॥ ਪੰਨਾ ੯੩੧

ਸ੍ਰੀ ਗੁਰੂ ਜੀ ਨੇ ਉਪ੍ਰੋਕਤ ਮਾਰਗ ਕੇਵਲ ਜਗਿਆਸੂਆਂ ਨੂੰ ਦਸਿਆ ਹੀ ਨਹੀ, ਸਗੋਂ ਇਸ ਮਾਰਗ ਉਤੇ ਗ੍ਰਿਹਸਤ ਵਿਚ ਰਹਿਕੇ, ਸਾਰਾ ਜੀਵਨ ਪੰਧ ਮੁਕਾਕੇ ਅੰਤ ਨੂੰ ਧਰਮ, ਕੌਮ, ਤੇ ਦੇਸ, ਦੀ ਰਖਿਆ ਲਈ ਸੀਜ ਤਕ ਵੀ ਕੁਰਬਾਨ ਕਰਕੇ ਜੀਵਨ ਮੁਕਤਿ ਦੇ ਪੰਥ ਨੂੰ ਰਹਿੰਦੀ ਦੁਨੀਆਂ ਤਕ ਰੌਸ਼ਨ ਕੀਤਾ।

—O—

ਕਮਰੂ ਦੇਸ਼ ਫੇਰੀ-
ਰਾਜੇ ਬਿਸ਼ਨ ਸਿੰਘ ਦੀ ਸਹਾਇਤਾ

—ਸੰਤ ਹਰਬੰਸ ਸਿੰਘ ਜੀ ਮਸੇਕੇਵਾਲੀ ਅੰਮ੍ਰਿਤਸਰ ਵਡਾ

ਮੁਗਲ ਬਾਦਸ਼ਾਹੀ ਦੇ ਵੇਲੇ ਵੀ ਕਾਮਰੂ ਦੇਸ਼ ਮੁਗਲ ਬਾਦਸ਼ਾਹਾਂ ਤੋਂ ਆਕੀ ਰਿਹਾ। ਇਸ਼ ਦੇਸ ਵਿਚ ਜਾਦੂਗਰੀ ਦਾ ਮੁਢ ਤੋਂ ਹੀ ਬੜਾ ਜ਼ੋਰ ਰਿਹਾ। ਇਹ ਇਕ ਖਾਸ ਕਾਰਨ ਸੀ ਕਿ ਢਾਕਾ, ਬੰਗਾਲਾ ਕਿਸੇ ਪਾਸੇ ਂ ਸਰ ਨਹੀਂ ਸੀ ਹੁੰਦਾ। ਇਹ ਉਹੋ ਹੀ ਦੇਸ ਸੀ, ਜਿਥੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਨੂਰ ਜਹਾਂ ਜਾਦੂਗਰਨੀ ਤੇ ਹੋਰ ਅਨੇਕਾ ਜਾਦੂਗਰਾਂ ਨੂੰ ਨਾਮ ਸਿਮਰਨ ਤੇ ਭਗਤੀ ਭਾਵ ਦਾ ਉਪਦੇਸ਼ ਦੇ ਕੇ ਭੇਡੂ ਬਣੇ ਹੋਏ ਮਰਦਾਨੇ ਨੂੰ ਛਡਾਇਆ, ਤੇ ਉਥੇ ਧਰਮਸ਼ਾਲਾ ਬਨਵਾਈ ਸੀ।

ਜੈਪੁਰ (ਰਾਜਸਥਾਨ) ਦੇ ਰਾਜੇ ਸ਼ੁਰੂ ਤੋਂ ਹੀ ਬੜੇ ਬਹਾਦਰ ਰਹੇ ਹਨ, ਇਹੋ ਵਜਾ ਸੀ, ਕਿ ਇਨ੍ਹਾਂ ਬਹਾਦਰ ਰਾਜਪੂਤਾਂ ਨੂੰ ਸਾਰੇ ਮੁਗਲ ਬਾਦਸ਼ਾਹ ਆਪਣੇ ਹਥ ਵਿਚ ਰਖਦੇ ਰਹੇ ਸਗੋਂ ਰਾਜਾ ਮਾਨ ਸਿੰਘ ਨੂੰ ਅਕਬਰ ਬਾਦਸ਼ਾਹ ਨੇ ਬੜੇ ਅਧਿਕਾਰ ਦੇ ਰਖੇ ਸਨ ਤੇ ਹਰ ਵਡੀ ਮੁਹਿੰਮ ਤੇ ਇਸ ਨੂੰ ਭੇਜਿਆ ਕਰਦਾ ਸੀ ਅਰ ਏਸੇ ਹੀ ਸਿਲਸਿਲੇ ਵਿਚ ਅਕਬਰ ਨੇ ਇਸਨੂੰ ਰਾਣੇ ਪ੍ਰਤਾਪ ਨਾਲ ਲੜਾਇਆ ਸੀ। ਅੰਤ ਨੂੰ ਜਹਾਂਗੀਰ ਦੇ ਵੇਲੇ ਰਾਜਾ ਮਾਨ ਸਿੰਘ ਦੀ ਮੌਤ ਵੀ ਇਕ ਜੰਗ ਵਿਚ ਹੀ ਹੋਈ ਸੀ।

ਔਰੰਗਜ਼ੇਬ ਦੇ ਵਕਤ ਜੈਪੁਰ ਦਾ ਰਾਜਾ ਬਿਸ਼ਨ ਸਿੰਘ ਸੀ। ਇਕ ਵਾਰੀ ਜਦ ਔਰੰਗਜ਼ੇਬ ਨੂੰ ਕਾਮਰੂ ਦੇਸ਼ ਦੇ ਸਰ ਕਰਨ ਦਾ ਖਿਆਲ ਆਇਆ ਤਾਂ ਇਸ ਕੰਮ ਵਾਸਤੇ ਕੁਝ ਈਰਖਾਲੂ ਸਲਾਹਕਾਰਾਂ ਦੇ ਆਖਣ ਤੇ ਰਾਜਾ ਬਿਸ਼ਨ ਸਿੰਘ ਨੂੰ ਔਰੰਗਜ਼ੇਬ ਨੇ ਕਾਮਰੂ ਦੇਸ਼ ਦੀ ਮੁਹਿੰਮ ਵਾਸਤੇ ਹੁਕਮ ਦਿਤਾ। ਔਰੰਗਜ਼ੇਬ ਸਮੇਤ ਸਾਰੇ ਤੁਅਸਬੀ ਲੋਕਾਂ ਦਾ ਖਿਆਲ ਸੀ ਕਿ ਰਾਜਾ ਮਾਨ ਸਿੰਘ ਵਾਂਗੂ ਰਾਜਾ ਬਿਸ਼ਨ ਸਿੰਘ ਨੂੰ ਕਿਸੇ ਮੁਹਿੰਮ ਵਿਚ ਭੇਜ ਕੇ ਮਰਵਾ ਦਿਤਾ ਜਾਏ। ਕਿਉਂਕਿ ਇਸ ਮੁਹਿੰਮ ਦੇ ਸਰ ਹੋਣ ਦੀ ਬਾਦਸ਼ਾਹ ਨੂੰ ਬੜੀ ਘਟ ਉਮੈਦ ਸੀ।

ਭਾਵੇਂ ਰਾਜਾ ਬਿਸਨ ਸਿੰਘ ਵੀ ਬਾਦਸ਼ਾਹ ਦੀ ਇਸ ਕੁਟਲ ਨੀਤੀ ਨੂੰ ਸਮਝਦਾ ਸੀ, ਪਰ ਉਸਨੇ ਕਾਮਰੂ ਦੇਸ਼ ਦੀ ਮੁਹਿੰਮ ਤੇ ਜਾਣਾ ਪ੍ਰਵਾਨ ਕਰ ਲਿਆ। ਅਤੇ ਉਸਨੇ ਘਰ ਆਕੇ ਅਪਨੀ ਮਾਤਾ ਨਾਲ ਕਾਮਰੂ ਦੇਸ ਦੀ ਮੁਹਿੰਮ ਤੇ ਜਾਣ ਦੀ ਗਲ ਕੀਤੀ। ਮਾਤਾ ਨੇ ਦਸਿਆ ਕਿ ਉਸਨੇ ਇਹ ਬੜੀ ਮਾੜੀ ਗਲ ਕੀਤੀ ਹੈ, ਕਿਉਂ ਕਿ ਉਹ ਬੜਾ ਖਤਰਨਾਕ ਦੇਸ ਹੈ, ਤੇ ਸਗੋਂ ਉਸਨੇ ਦਸਿਆ ਕਿ ਅਗੇ ਸਾਡਾ ਵਡਾ ਰਾਜਾ ਮਾਨ ਸਿੰਘ ਵੀ ਓਧਰ ਹੀ ਮਾਰਿਆ ਗਿਆ ਸੀ। ਪਰ ਰਾਜੇ ਬਿਸ਼ਨ ਸਿੰਘ ਨੇ ਆਖਿਆ ਕਿ ਹੁਣ ਕਚਹਿਰੀ ਵਿਚ ਹਾਂ ਕਰਕੇ ਨਾਂਹ ਕਰਨ ਨਾਲੋਂ ਓਧਰ ਜਾਕੇ ਮਰ ਜਾਣਾ ਚੰਗਾ ਹੈ। ਇਹ ਮਾਤਾ ਗੁਰੂ ਨਾਨਕ ਦੇ ਘਰ ਦੀ ਸੇਵਕ ਸੀ ਇਸਨੇ ਅਪਨੇ ਪੁਤਰ ਨੂੰ ਸਲਾਹ ਦਿਤੀ ਕਿ ਉਹ ਮੁਹਿੰਮ ਤੇ ਜਾਣ ਤੋਂ ਪਹਿਲਾਂ ਗੁਰੂ ਨਾਨਕ ਦੀ ਗਦੀ ਦੇ ਵਰਤਮਾਨ ਸਤਿਗੁਰੂ ਦੀ ਪਨਾਹ ਸਰਨ ਗ੍ਰਹਿਣ ਕਰੇ, ਜਦ ਰਾਜੇ ਬਿਸ਼ਨ ਸਿੰਘ ਨੇ ਸਾਰਾ ਥਹੁ ਟਿਕਾਣਾ ਪੁਛਿਆ, ਤਾਂ ਮਾਤਾ ਨੇ ਦਸਿਆ ਕਿ ਵਰਤਮਾਨ ਸਮੇਂ ਸਤਿਗੁਰਾਂ ਦਾ ਨਾਮ ਸਤਿਗੁਰੂ ਤੇਗ ਬਹਾਦਰ ਜੀ ਹੈ, ਅਤੇ ਮੈਨੂੰ ਪਤਾ ਲਗਾ ਹੈ, ਕਿ ਉਹ ਅਜ ਕਲ ਓਸੇ ਪਾਸੇ (ਪੂਰਬ) ਵਲ ਤੀਰਥਾਂ ਦਾ ਰਟਨ ਕਰਨ ਗਏ ਹੋਏ ਹਨ, ਤੂੰ ਉਨਾਂ ਦਾ ਆਸਰਾ ਧਾਰਨ ਕਰ, ਫਿਰ ਤੈਨੂੰ ਕੋਈ ਡਰ ਨਹੀਂ।

ਮਾਤਾ ਜੀ ਦੇ ਦਸੇ ਅਨੁਸਾਰ ਰਾਜਾ ਆਪਣੀਆਂ ਤੇ ਸ਼ਾਹੀ ਫੌਜਾਂ ਸਮੇਤ ਪੁਛਦਾ ਪੁਛਾਂਦਾ ਸ੍ਰੀ ਗੁਰੂ ਤੇਗ ਬਹਾਦਰ ਦੀ ਸੇਵਾ ਵਿਚ ਪਹੁੰਚ ਗਿਆ,

ਅਗੇ ਸ੍ਰੀ ਸਤਿਗੁਰੂ ਜੀ ਦੀਵਾਨਵਿਚ ਸ਼ਸੋਭਿਤਸਨ, ਰਬਾਬੀ ਕੀਰਤਨ ਕਰਦੇਸਨ,ਰਾਜੇਨੇ ਵਿਧੀਪੂਰਵਿਕ ਜਾਕੇ ਗੁਰੂ ਚਰਨਾ ਉਤੇ ਸਨਿੰਮ੍ਰ ਨਮਸਕਾਰ ਕੀਤ,। ਸਚੇ ਪਾਤਸ਼ਾਹਨੇ ਕ੍ਰਿਪਾ ਦ੍ਰਿਸਟੀਨਾਲ ਰਾਜੇਵਲ ਵੇਖ ਕੇ ਆਖਿਆ,ਆਓਰਾਜਨ ਬੈਠੋਗੁਰੂਨਾਨਕਦੇ ਘਰੋਂ ਸਭ ਦੀਆਂ ਮਨੋ ਕਾਮਨਾ ਪੂਰੀਆਂ ਹੋ ਜਾਂਦੀਆਂ ਹਨ ਕੋਈ ਚਿੰਤਾ ਵਾਲੀ ਗਲ ਨਹੀਂ। ਰਾਜੇ ਨੇ ਸਮਾਵਿਚਾਰ ਕੇ ਅਪਨੀ ਵਿਥਿਆ ਤੇ ਕਾਮਰੂ ਦੇਸ਼ ਦੀ ਸਾਰੀ ਪੁਜ਼ੀਸ਼ਨ ਦਸਕੇ ਸਹਾਇਤਾ ਦੇ ਸਬੰਧ ਵਿਚ ਅਰਜ ਕੀਤੀ ।

ਮੈ ਤੁਮਰੇ ਪਰ ਕਰ ਵਿਸ਼ਵਾਸ ,
ਚਢ ਆਇਓ ਧਰ ਪੂਰਨਨ ਆਸ।
ਨਾਹਿ ਤ ਮੈਤੋ ਕਿਮ ਬਨਿ ਆਵੈ ,
ਮਾਨ ਸਿੰਘ ਜੋ ਜੇ ਮਰਜਾਵੇ ।
ਕਾਰਜ ਕਠਨ ਬਨਹਿ ਅਬ ਕੈਸੇ ,
ਨਿਕਟ ਆਪ ਕੇ ਬੂਝੇ ਐਸੇ।......
ਅਬ ਬਾਹੇ ਗਹੇ ਕੀ ਲਾਜ ਬੀਚਾਰੋ ,
ਦਿੰਤਾ ਸਲਿਤਾ ਪਾਰ ਉਤਾਰੋ ।ਆਦਿਕ
ਸੂਰਜ ਪ੍ਰਕਾਸ਼

ਜਦ ਰਾਜੇ ਨੇ ਨਿਮਰਤਾ ਸਹਿਤ ਅਰਜ ਕੀਤੀ ਤਾਂ ਸ੍ਰੀ ਗੁਰੂ ਜੀ ਨੇ ਹੁਕਮ ਕੀਤਾ , ਰਾਜਨ, ਅਸਾਂ ਲੜਾਈ ਤਾਂ ਕਿਸੇ ਨਾਲ ਨਹੀ ਕਰਨੀ, ਪਰ ਤੇਰੇ ਨਾਲ ਆਸਾਮ ਦੇ ਰਾਜਾ ਰਾਮ ਦੀ ਸੰਧੀ ਕਰਵਾ ਸਕਦੇ ਹਾਂ ਜੇ ਕਰ ਤੁਹਾਨੂੰ ਇਹ ਗਲ ਮਨਜ਼ੂਰ ਹੋਵੇ ਤਾਂ ਅਸੀ ਤੇਰੇ ਨਾਲ ਚਲਨ ਨੂੰ ਤਿਆਰ ਹਾਂ।

ਰਾਜੇ ਨੇ ਅਰਜ ਕੀਤੀ ਜੋ ਵੀ ਆਪ ਕਰੋਗੇ ਮੈਨੂੰ ਮਨਜ਼ੂਰ ਹੈ ਗਲਬਾਤ ਕਰਕੇ ਥੋੜੀ ਥੋੜੀ ਵਿਥ ਰਖਕੇ ਇਕ ਪਾਸੇ ਰਾਜਾ ਬਿਸਨ ਸਿੰਘ ਸ਼ਾਹੀ ਫੌਜਾਂ ਸਮੇਤ ਤੇ ਦੂਸਰੇ ਪਾਸੇ ਸ੍ਰੀ ਗੁਰੂ ਨਾਵੇ ਪਾਤਸ਼ਾਹ ਸੰਗਤਾਂ ਸਮੇਤ ਬ੍ਰਹਮ ਪੁਤਰ ਦਰਿਆ ਦੇ ਪਛਮੀ ਕਿਨਾਰੇ ਪੁਜ ਗਏ। ਦੂਜੇ ਬੰਨੇ ਆਸਾਮ ਦੇ ਰਾਜਾ ਰਾਮਨੂੰ ਪਤਾਲਗ ਗਿਆ ਉਸਨੇਵੀ ਪੂਰਬੀਕਿਨਾਰੇ ਤੇ ਅਪਨੀ ਫੌਜਾਂ ਟਾਕਰੇ ਲਈ ਭੇਜ ਦਿਤੀਆਂ। ਏਧਰ ਜਦ ਰਾਜੇ ਬਿਸ਼ਨ ਸਿੰਘ ਦੇ ਸੂਹਿਆਂ ਨੇ ਦੂਰਬੀਨਾ ਨਾਲ ਓਧਰ ਵੇਖਿਆ ਤਾਂ ਪੂਰਬ ਵਾਲੇ ਕੰਢੇ ਤੇ ਕਈ ਨਾਰੀਆਂ ਰੁਖਾਂਨੂੰਭਜਾ ਰਹੀਆਂ ਹਨ, ਕਈਆਂ ਦੇ ਮੂੰਹਾਂ ਵਿਚੋਂ ਅਗ ਦੀਆਂ ਲਾਟਾਂ ਨਿਕਲਦੀਆਂ ਦਿਸਦੀਆਂ ਹਨ,ਤੇ ਹੋਰ ਭਈਤਰਾਂ ਦੀਆਂ ਭੂਤ ਖੇਡਾਂ ਹੁੰਦੀਆਂ ਜਾਪਦੀਆਂ ਹਨ। ਪਤਾ ਲਗਨ ਤੇ ਰਾਜੇ ਨੇ ਗੁਰੂ ਚਰਨਾਂ ਵਿਚ ਹਾਜ਼ਰ ਹੋ ਬੇਨਤੀ ਕੀਤੀ, ਸਚੇ ਪਾਤਸ਼ਾਹ ਛੇਤੀ ਚਲਕੇ ਕੋਈ ਸਹੈਤਾ ਕਰੋ ।

ਸਤਿਗੁਰੂ ਜੀ ਨੇ ਅੰਤਰ ਧਿਆਨ ਹੋ ਕੇ ਵੇਖਿਆ ਕਿ ਰਾਜਾ ਰਾਮ ਅਪਨੀ ਸੈਨਾ ਪਾਸੋਂ ਹਵਨ ਯਗ ਕਰਵਾ ਰਿਹਾ ਹੈ।

ਹੋ ਸਕਦਾ ਹੈ ਕਿ ਜਾਦੂਗਰੀ ਦੇ ਕਾਰਨ ਰਾਤ ਨੂੰ ਦਰਿਆ ਵਿਚਕੋਈ ਤੁਫਾਨ ਆਵੇ । ਗੁਰੂਜੀਨੇ ਰਾਜੇ ਨੂੰ ਹੁਕਮ ਕੀਤਾ ਕਿ ਸਭ ਤੋਂ ਪਹਿਲਾਂ ਜਾ ਕੇ ਆਪਣੀਆਂ ਫੌਜਾਂ ਦਾ ਡੇਰਾ ਨੀਵੇਂ ਥਾਂ ਤੋਂ ਟਿਬਿਆਂ ਉਤੇ ਲਵਾਵੇ, ਹੋਰ ਗਲ ਫੇਰ ਕਰਾਂਗੇ। ਰਾਜੇ ਦੀਆਂ ਫੌਜਾਂ ਨੇ ਤਾਂ ਰਾਜੇ ਦਾ ਹੁਕਮ ਮੰਨ ਕੇ ਝਟਪਟ ਛਾਉਣੀ ਉਚੇ ਥਾਂ ਜਾ ਲਾਈ,ਪਰ ਦਿਲੀ ਵਾਲੀਆਂ ਸ਼ਾਹੀ ਫੌਜਾਂ ਨੇ ਨੀਵੇਂ ਥਾਂ ਤੋਂ ਮੋਰਚੇ ਛਡਨੇ ਮੁਨਾਸਿਬ ਨ ਸਮਝੇ। ਪਰ ਜਦ ਰਾਤ ਨੂੰ ਤੁਫਾਨ ਆਇਆ ਤਾਂ ਸ਼ਾਹੀ ਫੌਜਾਂ ਦੇ ਅਨਗਿਣਤ ਆਦਮੀ ਉਸ ਨਾਲ ਰੁੜ ਗਏ ਤੇ ਸਾਰਾ ਜੰਗੀ ਸਮਾਨ ਬੇਕਾਰ ਹੋ ਗਿਆ

ਰਾਤ ਦੇ ਆਏ ਇਸ ਅਚਾਨਕ ਤੁਫਾਨ ਤੋਂ ਘਬਰਾ ਕੇ ਦੋਹਾਂ ਫੌਜਾਂ ਦੇ ਜਰਨੈਲਾਂ ਨੇ ਰਾਜੇ ਬਿਸਨ ਸਿੰਘ ਪਾਸ ਆ ਕੇ ਫਰਿਆਦ ਦੇ ਰੂਪ ਵਿਚ ਸਲਾਹ ਦਿਤੀ ਕਿ ਅਸੀ ਇਸ ਮੁਹਿਮ ਵਿਚ ਕਿਸੇ ਤਰਾਂ ਵੀ ਸਫਲ ਨਹੀਂ ਹੋ ਸਕਾਂਗੇ ਇਸ ਵਾਸਤੇ ਕਿਸੇ ਢੰਗ ਨਾਲ ਸੰਧੀ ਨਾਮੇ ਦਾ ਜਤਨ ਕਰਨਾ ਚਾਹੀਦਾ ਹੈ ? ਆਪਣੇ ਫੌਜ ਦਾਰਾਂ ਦੀ ਇਹ ਗਲ ਸੁਣਕੇ ਰਾਜਾ ਬਿਸ਼ਨ ਸਿੰਘ ਫਿਰ ਸ੍ਰੀ ਗੁਰੂ ਜੀ ਪਾਸ ਹਾਜਰ ਹੋਇਆ ਅਤੇ ਸਾਰੀ ਵਿਥਿਆ ਦਸੀ, ਕਿ ਦੂਸਰੇ ਪਾਸੇ ਜੋ ਚੁੜੇਲਾਂ ਅਸਮਾਨਾਂ ਵਿਚ ਉਡਦੀਆਂ ਦਿਸਦੀਆਂ ਹਨ,ਅਤੇਰਾਤੀਂ ਜੋ ਸੁਕੇ ਅਮਰੋਂ ਦਰਿਆ ਵਿਚ ਤੁਫਾਨ ਆਇਆ

(ਬਾਕੀ ਵੇਖੋ ਪੰਨਾਂ ੧੭੯)

ਨਾਨਕਿ ਰਾਜ ਚਲਾਇਆ

ਸੰਸਾਰ ਵਿਚ ਰਾਜ ਲੈਣਾ, ਰਾਜ ਕਰਨਾ, ਤੇ ਰਾਜ ਚਲਾਉਣਾ ਰਾਜ ਨੀਤੀ ਦੀਆਂ ਤਿੰਨ ਵਖ ਵਖ ਕ੍ਰਿਯਾਵਾਂ ਹਨ। ਸ੍ਰਿਸ਼ਟੀ ਦੇ ਆਦਿ ਕਾਲ ਤੋਂ ਲੈਕੇ ਇਨ੍ਹਾਂ ਤਿੰਨਾਂ ਕ੍ਰਿਯਾਵਾਂ ਅਧੀਨ ਹੁਣ ਤਕ ਕਿਤਨੇ ਕੁ ਰਾਜੇ, ਮਹਾਰਾਜੇ, ਸ਼ਾਹ, ਬਾਦਸ਼ਾਹ, ਦੁਨੀਆਂ ਉਤੇ ਆਏ ਤੇ ਗਏ, ਇਸਦਾ ਅੰਦਾਜਾ ਲਾਉਣਾ ਸਾਗਰ ਦੀਆਂ ਲਹਿਰਾਂ ਦੇ ਅੰਕੜੇ ਇਕਠੇ ਕਰਨ ਵਲ ਇਕ ਨਿਰਾਰਥਕ ਜਤਨ ਹੀ ਹੈ।

ਜਿਥੇ ਰਾਜ ਗੱਦੀਆਂ ਜਾਂ ਤਖਤਾਂ ਦੀ ਪ੍ਰੰਪਰਾ ਰਬੀ ਦਾਤ ਤੋਂ ਲੈਕੇ ਰਾਜ ਘਰਾਣਿਆਂ, ਖਾਨਦਾਨਾਂ, ਜਾਂ ਬਾਹੂ ਬਲ ਦੀਆਂ ਸ਼ਕਤੀਆਂ, ਅਧੀਨ ਜੁਗਾਂ ਜੁਗਾਤਰਾਂ ਤੋਂ ਚਲਦੀ ਆ ਰਹੀ ਹੈ, ਉਥੇ ਧਾਰਮਿਕ ਤੇ ਸਮਾਜਿਕ ਪੱਧਰ ਤੇ ਵੀ ਬਹੁਤ ਸਾਰੀਆਂ (ਉਦਾਸੀਆਂ, ਸੰਨਿਯਾਸੀਆਂ, ਬੈਰਾਗੀਆਂ, ਜੋਗੀਆਂ, ਨਾਥਾਂ ਤੇ ਸਿਧਾਂ ਆਦ ਦੀਆਂ) ਸੰਪ੍ਰਦਾਵਾਂ ਦੀਆਂ ਗੁਰ ਪ੍ਰਨਾਲੀਆਂ ਤੇ ਗਦੀਆਂ ਚਲਦੀਆ ਹਨ। ਪਰ ਮੇਰੀ ਖੋਜ ਦੇ ਅਨੁਸਾਰ ਕਿਸੇ ਗਦੀ ਅਥਵਾ ਗਦੀਦਾਰ ਨੂੰ ਸਮੇ ਦੀ ਹਕੂਮਤ ਦੇ ਮੁਕਾਬਲੇ ਦਾ ਤਖਤ ਜਾਂ ਤਖਤ ਨਸ਼ੀਨ ਇਸਤਰਾਂ ਨਹੀ ਆਖਿਆ ਜਾਂਦਾ, ਜਿਸਤਰਾਂ ਸਿਖ ਸਮਾਜ ਦੇ ਸਿਰਜਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰੰਪਰਾ ਗਤ ਨੂੰ ਆਖਿਆ, ਸਮਝਿਆ, ਜਾਂ ਮੰਨਿਆਂ ਜਾਂਦਾ ਹੈ।

ਦੁਨਿਆਵੀ ਹਕੂਮਤਾਂ ਦੇ ਮੁਕਾਬਲੇ ਵਿਚ ਕੇਵਲ ਇਕੋ ਸ੍ਰੀ ਨਾਨਕ ਰਾਜ ਹੈ, ਜੋ ਇਕ ਸੰਪ੍ਰਦਾ ਦੇ ਰੂਪ ਵਿਚ ਹੁੰਦਿਆਂ ਹੋਇਆਂ ਬਾਕਾਇਦਾ ਇਕ ਆਲਮੀ ਰਾਜ ਤਖਤ ਦੀ ਮਾਨਤਾ ਰਖਦਾ ਚਲਿਆ ਆ ਰਿਹਾ ਹੈ।

ਭਾਂਵੇ ਸ੍ਰੀ ਨਾਨਕ ਰਾਜ ਦੀ ਯੋਜਨਾ ਦਾ ਅਰੰਭ ਸਤਿਗੁਰੂ ਜੀ ਦੇ ਅਵਤਾਰ ਧਾਰਨ ਤੋਂ ਹੀ ਮੰਨਿਆ ਜਾਂਦਾ ਹੈ, ਅਰ ਇਸਦੀ ਰੂਪ ਰੇਖਾ ਗੁਰੂ ਜੀ ਬਾਲ ਜੀਵਨ, ਗ੍ਰਿਹਸਤੀ ਜੀਵਨ, ਚਾਰ ਉਦਾ-ਸੀਆਂ ਦੁਆਰਾ ਦੇਸ਼ ਰਟਨ, ਤੇ ਫਿਰ ੧੫-੧੬ ਸਾਲ ਸ੍ਰੀ ਕਰਤਾਰ ਪੁਰ (ਰਾਵੀ) ਦੇ ਅਸਥਾਨ ਤੇ ਨਿਵਾਸ ਰਖਕੇ ਵਖ ਵਖ ਚੋਜਾਂ ਦੁਆਰਾ ਉਲੀਕਦੇ ਰਹੇ। ਸਗੋਂ ਮਕੇ ਮਦੀਨੇ ਵਿਚ ਰੁਕਨਦੀਨ ਆਦਿਕ ਹਾਜੀਆਂ ਅਤੇ ਅਜਤੇ ਰੰਧਾਵੇ ਨਾਲ ਕੀਤੀਆਂ ਗੋਸ਼ਟਾਂ ਵਿਚ ਆਪਨੀ ਗੁਰੂ ਪ੍ਰੰਪਰਾ ਦੀ ਯੋਜਨਾ ਅਧੀਨ ਨਾਨਕ-ਰਾਜ ਦੇ ਹੋਣ ਵਾਲੇ ਤਖਤ ਨਸ਼ੀਨ ਉਤ੍ਰਾਧਿਕਾਰੀਆਂ (ਗੁਰੂ ਸਾਹਿਬਾਂ) ਬਾਬਤ ਕੁਝ ਨਿਸ਼ਾਨੀਆਂ ਦੇ ਸੰਕੇਤਾਂ ਦੁਆਰਾ ਭਵਿਖਤ ਬਚਨ ਦਸਦੇ ਰਹੇ। (ਜੋ ਜਨਮ ਸਾਖੀ ਭਾਈ ਬਾਲੇ ਵਾਲੀ ਵਿਚੋਂ ਅਜ ਵੀ ਪੜੇ ਜਾ ਸਕਦੇ ਹਨ ਜਦ ਕਿ ਕੁਝ ਇਤਹਾਸ ਵਿਗਾੜੂ ਵਿਦਵਾਨਾਂ ਨੇ ਨਵੀਆਂ ਲਿਖਤਾਂ ਵਿਚ ਕਾਫੀ ਵਾਧਾ ਘਾਟਾ ਵੀ ਕਰ ਦਿਤਾ ਹੋਇਆ ਹੈ)

ਪਰ ਫਿਰ ਵੀ ਸ੍ਰੀ ਗੁਰੂ ਨਾਨਕ ਜੀ ਦੀ ਇਸ ਯੋਜਨਾ ਦੇ ਮੰਤਵ ਨੂੰ ਉਸ ਵਕਤ ਦੇ ਅਨੁਸਾਰੀ ਸਿਖ ਸੇਵਕ ਅਥਵਾ ਸੁਯੋਗ ਦੋਵੇਂ ਸਾਹਿਬ ਜਾਦੇ ਨ ਲਖ ਸਕੇ ਜਦ ਕਿ ਕਰਨ ਕਾਰਨ ਸਤਿਗੁਰੂ ਨਾਨਕ ਦੇਵ ਜੀ ਨੇ ਅਪਨੀ ਯੋਜਨਾਂ ਨੂੰ ਪ੍ਰਗਟ ਕਰਨ ਵਾਸਤੇ ਸ੍ਰੀ ਕਰਤਾਰ ਪੁਰ ਨਿਵਾਸ ਦੇ ਆਖਰੀ ਮਹੀਨਿਆਂ ਵਿਚ ਆਪਣਾ ਧਾਨਿਕ ਰੂਪ ਬਣਾਕੇ ਅਜੇਹੇ ਕੌਤਕ ਵੀ ਕੀਤੇ। ਜਿਨਾਂ ਨੂੰ ਇਸ ਯੋਜਨਾ ਲਈ ਅਦੁਤੀ ਸਾਧਨ ਆਖਿਆ ਜਾ ਸਕਦਾ ਹੈ।

ਇਹਨਾਂ ਸਾਧਨਾ ਅਨੁਸਾਰ ਗੁਰੂ ਜੀ ਸਮੇ ਸਮੇ ਆਪਨੇ ਆਮ ਨਿਕਟਵਰਤੀਆਂ ਤੇ ਸਪੁਤ੍ਰਾਂ ਨੂੰ ਕਿਰਰਾਂ ਤੋਂ ਛਕਨ ਯੋਗ ਫਲ ਜਾਂ ਪਦਾਰਥ (ਮਠਿਆਈਆਂ) ਝਾੜਨ, ਫਰਸ਼ ਤੋਂ (ਮਹਤਰਾਂ ਦਾ ਥਾਂਵੇਂ) ਮੋਏ ਹੋਏ ਚੂਹੇ ਚੁਕਣ,ਗੰਦੇ ਟੋਏ ਵਿਚ ਕੌਲ ਸੁਟਕੇ, ਉਸਨੂੰ ਕਢ ਲਿਆਉਣ, ਮਾਤਾ ਨਾਲ ਭੋਗ ਕਰਨ ਅਤੇ ਮੁਰਦੇ ਨੂੰ ਖਾਣ ਆਦਿਕ ਕੰਮ, ਅਜਿਹੇ ਕੰਮ ਦਸਦ ਰਹੇ ਜਿਹੜੇ ਕੰਮ ਕੋਈ ਵੀ ਚੰਗੀ ਪੁਜੀਸ਼ਨ ਰਖਨ ਵਾਲਾ ਆਦਮੀ ਕਰ ਹੀ ਨ ਸਕੇ। ਸਪੁਤ੍ਰਾਂ ਨੇ ਤਾਂ ਉਹ ਕੰਮ ਕੀ ਕਰਨੇ ਸਨ! ਪਰ ਚੋਜੀ ਪ੍ਰੀਤਮ ਜੀ ਨੇ ਆਪਨੀ ਯੋਜਨਾ ਦਾ ਉਤ੍ਰਾਧਿਕਾਰੀ ਪਰਖਨ ਲਈ ਸਭ ਨੂੰ ਵਾਰੀ ਵਾਰੀ ਹੁਕਮ ਦੇਕੇ ਮੌਕਾ ਦਿਤਾ, ਜਸ ਪਰਖ ਵਿਚ ਕੇਵਲ ਤੇ ਕੇਵਲ ਇਕੋ ਇਕ ਲਹਿਣਾ ਨਾਮੀ ਨਵਾਂ ਆਇਆ ਸਿਖ ਹੀ ਸੇਵਕ ਦੇ ਰੂਪ ਵਿਚ ਪੂਰਾ ਉਤਰਿਆ ਜਿਸਨੂੰ ਵੇਖਕੇ ਗੁਰੂ ਅੰਸ਼ੀ ਤੇ ਹੋਰ ਨਿਕਟ ਵਰਤੀ ਹੈਰਾਨ ਜ਼ਰੂਰ ਹੋਏ।

ਇਸੇ ਹੀ ਪ੍ਰੀਖਯਾ ਕਰਨ ਦੇ ਸਿਲ ਸਿਲੇ ਵਿਚ ਭਾਈ ਸੰਤੋਖ ਸਿੰਘ ਜੀ ਕਰਤਾ ਸ੍ਰੀ ਨਾਨਕ ਪ੍ਰਕਾਸ਼ ਦੇ ਲਿਖਣ ਅਨੁਸਾਰ:—

"ਇਕ ਦਿਨ ਬੁੜੇ ਕੇ ਮਨ ਆਈ,
ਹਉਂ ਭੀ ਸੇਵ ਕਰੋਂ ਅਧਿਕਾਈ।
ਸਦਾ ਰਹੋਂ ਆਇਸੁ ਅਨੁਸਾਰੀ,
ਤਦਪ ਕ੍ਰਿਪਾ ਲਹਿਣੇ ਪਰ ਭਾਰੀ। ੫੧
ਅੰਤਰ ਜਾਮੀ ਸ੍ਰੀ ਗੁਰ ਜਾਨੀ,
ਤਿਸਕੇ ਪਰਖਨ ਕੀ ਬਿਧ ਠਾਨੀ।
ਹੁਤੇ ਨਿਸਾ ਇਕਏ ਦਵੈ ਪਾਸਾ,
ਬੋਲੇ ਬਚਨ ਤਬਹਿ ਸੁਖ ਰਾਸਾ। ੫੨
ਬੁੜੇ ਬਾਹਰ ਨਿਕਸ ਕੈ ਦੇਖੋ,
ਕਿਤਕ ਜਮਾਨੀ ਹੈ ਅਬਿਸ਼ੇਖੋ।
ਜੇਤੀ ਰਹੀ ਬਤਾਵੋ ਸੋਊ,
ਕਾਲ ਸ਼ਨਾਨ ਭਯੋ ਕਿ ਨ ਹੋਊ। ੫੩
ਨਿਕਸਯੋ ਬੁੜਾ ਦੇਖ ਬਤਾਈ,
ਅਰਧ ਨਿਸਾ ਅਬ ਹੋਰ ਤਦਾਈ।
ਗੁਰੂ ਕਹਯੋ ਏਤੀ ਅਬ ਨਾਹੀ,
ਏਕੈ ਜਾਮ ਜਾਮਨੀ ਆਹੀ। ੫੪
ਭਲੀ ਪ੍ਰਕਾਰ ਬਿਲੋਕ ਬਹੋਰੀ,
ਦਹੁ ਬਤਾਇ ਖੋਇ ਮਾਤ ਭੋਰੀ।
ਤਬ ਬੁੜ ਪਿਖਿ ਨੀਕੀ ਭਾਂਤੀ,
ਕਹਯੋ ਪ੍ਰਭੂ ਜੀ ਅਧੀ ਰਾਤੀ। ੫੫
ਜਾਮ ਨਹੀ ਮੈ ਦੇਖੀ ਨੀਕੇ,
ਸੁਨ ਬੋਲੇ ਪ੍ਰਿਅ ਸਿਖ ਨਜ਼ੀਕੇ।
ਏਕੈ ਜਾਮ ਜਾਮਨੀ ਹੋਈ,
ਤੈ ਨਹੀ ਪਿਖੀ ਭਲੀ ਬਿਧ ਸੋਈ। ੫੬
ਬਹੁਰੋ ਬੁੜੇ ਦੇਖ ਅਕਾਸ,
ਅਰਧ ਰਾਤ੍ਰ ਅਬ ਹ ਸੁਖ ਰਾਸਾ।
ਤੀਨ ਬਾਰ ਇਹ ਬਚਨ ਹਟਾਇ,
ਸ੍ਰੀ ਗੁਰ ਕੋ ਆਸ਼ੇ ਨਹਿ ਪਾਏ। ੫੭

ਅਰਥਾਤ:- ਤਿੰਨ ਵਾਰੀ ਗੁਰੂ ਜੀ ਨੇ ਭਾਈ ਬੂੜੇ (ਬੁਢੇ) ਨੂੰ ਰਾਤ ਵੇਖਣ ਵਾਸਤੇ ਬਾਹਰ ਭੇਜਿਆ ਅਤੇ ਨਾਲ ਹੀ ਇਹ ਭੀ ਸੰਕੇਤ ਦਿੰਦੇ ਰਹੇ, ਕਿ ਇਕ ਪਹਿਰ ਰਾਤ ਰਹਿੰਦੀ ਹੈ? ਪਰ (ਤਾਰਿਆਂ ਦੇ ਹਸਾਬ ਨਾਲ) ਇਸ ਵਕਤ ਨੂੰ ਬੁਢਾ ਜੀ ਅਧੀ ਰਾਤ ਦਾ ਸਮਾ ਹੀ ਦਸਦੇ ਰਹੇ।

ਅਖੀਰ—

ਲਹਿਣੇ ਕੋ ਬੋਲੇ ਗਤਿ ਦਾਈ,
ਤੂੰ ਅਵਿਲੋਕ ਵਹਿਰ ਅਬ ਜਾਈ।
ਜੇਤੀ ਹੈ ਨਿਸ ਦੇਹੁ ਬਤਾਈ,
ਨਿਕਸਿਓ ਤੂਰਨ ਦੇਰ ਨਾ ਲਾਈ। ੫੮
ਉਡਗਨ ਕੋ ਬਿਲੋਕ ਕਹਿ ਬਾਨੀ,
ਅਰਧ ਨਿਸਾ ਅਬ ਸ੍ਰੀ ਗੁਨ ਖਾਨੀ।
ਗੁਰ ਬੋਲੇ ਦੇਖਹੁ ਤੁਮ ਨੀਕੇ,
ਜਾਮ ਜਾਮਨੀ ਹੈ ਅਬ ਨੀਕੇ। ੫੯

ਦੋਹਰਾ

ਲਹਿਣਾ ਰਿਦੈ ਬਿਚਾਰਈ ਹੈ ਆਧ ਹੀ ਰਾਤ
ਤਦਯਪ ਗੁਰੂ ਸੁਭਾਵਜੋਸੋਨਹਿ ਜਾਨਯੋ ਜਾਤ।੬੦

ਚੌਪਈ--

ਇਉਂ ਮਨ ਗੁਨ ਕੇ ਬੈਨ ਅਲਾਏ,
ਪ੍ਰਭ ਮਮ ਨੈਨ ਹੁਏ ਅਲਸਾਏ।
ਭੂਲ ਕਹਯੋ ਮੈ ਆਧੀ ਰਾਤੀ,

ਜਾਮ ਏਕ ਹੀ ਅਬ ਸੁਧ ਜਾਤੀ। ੬੧
ਜਿਤਨ ਨਿਸਾ ਬਿਤਾਈ ਰਾਉਰ,
ਤਿਤਨੀ ਬਿਤੀ ਨ ਮੈ ਲਖ ਬਾਉਰ।
ਅਬ ਜਿਤਨੀ ਰਾਖੀ ਸੋ ਰਹੀ,
ਸਰਬ ਕਾਲ ਕੋ ਕਰਤਾ ਤੁਹੀ। ੬੨
ਭਈ ਅਵਗਿਆ ਛਿਮਾ ਕਰੀਜੈ,
ਅਉਗਣਹਾਰ ਸਦਾ ਬਖਸ਼ੀਜੈ।
ਮੰਦ ਮਤੀ ਮੈ ਲਖਿਉ ਨ ਨੀਕੇ,
ਬੋਲਯੋ ਕੂਰ ਤੁਮਾਰ ਨਜੀਕੇ। ੬੩

ਅਰਥਾਤ––

ਭਾਈ ਲਹਿਣੇ ਜੀ ਨੇ ਤਾਰਿਆਂ ਦੇ ਹਸਾਬ ਨਾਲ ਇਕਵਾਰੀ ਤਾਂ ਗੁਰੂ ਜੀ ਨੂੰ ਅਧੀ ਰਾਤ ਆਖ ਦਿਤੀ ਪਰ ਜਦੋਂ ਦੂਜੀ ਵਾਰੀ ਸ੍ਰੀ ਗੁਰੂ ਜੀ ਨੇ ਉਸਨੂੰ ਪਹਿਲੀ ਰਾਤ ਦਾ ਸੰਕੇਤ ਦਿਤਾ, ਤਾਂ ਲਹਿਣਾਂ ਉਸੇ ਵਕਤ ਗੁਰੂ ਆਸ਼ੇ ਦੇ ਉਲਟ ਕੋਈ ਬਚਨ ਕਰਨ ਦੀ ਅਵਗਿਆ ਨੂੰ ਸਮਝ ਗਿਆ, ਅਤੇ ਝਟ ਹੀ ਆਖਣ ਲਗਾ, ਕਿ ਅੰਤ੍ਰਜਾਮੀ ਪਾਤਸ਼ਾਹ ਪਹਿਲੀ ਵਾਰੀ ਅਲਸਾਏ ਹੋਏ ਨੇ ਬਿਨਾ ਵੇਖਿਆਂ ਹੀ ਇਸ ਵਕਤ ਨੂੰ ਅਧੀ ਰਾਤ ਆਖ ਦਿਤਾ ਸੀ ਪਰ ਅਸਲ ਪਹਿਰ ਰਾਤ ਦਾ ਵਕਤ ਹੀ ਹੈ। ਸਗੋਂ ਜੋ ਮੈਂ ਇਸਤੋਂ ਪਹਿਲਾਂ ਅਧੀ ਰਾਤ ਆਖ ਬੈਠਾ ਹਾਂ, ਇਹ ਇਕ ਭਾਰੀ ਭੁਲ ਕੀਤੀ ਹੈ, ਕ੍ਰਿਪਾ ਕਰਕੇ ਮੈਨੂੰ ਛਿਮਾ ਕਰਨੀ?

ਉਪ੍ਰੋਕਤ ਪ੍ਰਸੰਗ ਦੇ ਸਬਦ ਘੋਖਨ ਤੋਂ ਪਤਾ ਲਗਦਾ ਹੈ, ਕਿ ਇਸ ਵਕਤ ਤਕ ਵੀ ਕਿਸੇ ਨੂੰ ਗੁਰੂ ਜੀ ਦੇ ਅਸਲੀ ਮੰਤਵ ਦਾ ਪਤਾ ਨਹੀਂ ਸੀ ਪਰ ਜਦੋਂ ਭਾਈ ਲਹਿਣਾ ਜੀ ਨੇ ਇਸ ਪ੍ਰਤੀਖਯਕ ਸਵਾਲ ਨੂੰ ਵੀ ਹਲ ਕਰਲਿਆ। ਤੇ ਸਗੋਂ ਇਕ ਵਾਰੀ ਗੁਰੂ ਆਸ਼ੇ ਦੇ ਉਲਟ ਆਖੇ ਵਾਕਾਂ ਦੀ ਬੜੀ ਅਧੀਨਗੀ ਨਾਲ ਖਿਮਾ ਮੰਗੀ ਤਾਂ

ਸੁਨਕੇ ਪ੍ਰੇਮ ਪ੍ਰਸੀਏ ਦਯਾਲਾ,
ਲਖਿਓ ਸਬਬ ਤਿਹ ਦਾਸ ਬਿਸਾਲਾ।
ਤਾਓ ਕਸੌਟੀ ਉਤਰਿਓ ਪੂਰਾ,
ਬਾਰਹ ਵੰਨੀ ਭਯੋ ਸੁ ਰੂਰਾ। ੬੪
ਪਰਖੇ ਸੇਵਕ ਸਬ ਹੀ ਭਾਤੀ,
ਕਮਤੀ ਗਹੀ ਨ ਜਾਨੀ ਜਾਤੀ
ਉਚਿਤ ਖਜ਼ਾਨੇ ਪਾਵਨ ਦੇਖਾ,
ਕਰੀ ਕ੍ਰਿਪਾ ਪ੍ਰਸੀਦ ਬਿਸੇਖਾ।੬੫
ਤਖਤ ਦੇਨ ਕੀ ਮਨ ਬਿਧ ਆਨੀ,
ਪਲਟੋਂ ਬੇਖ ਭਲੇ ਉਰ ਠਾਨੀ।

ਅਰਥਾਤ:––

ਸ੍ਰੀ ਨਾਨਕ ਪ੍ਰਕਾਸ਼ ਦੇ ਕਰਤਾ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਿਕਟ ਵਰਤੀ ਸਿਵਕਾਂ ਤੇ ਪੁਤਰਾਂ ਸਾਹਮਣੇ ਇਹ ਆਖਰੀ ਸਵਾਲ ਸੀ? ਇਹ ਵੀ ਸ੍ਰੀ ਲਹਿਣਾ ਜੀ ਨੇ ਹੀ ਹਲ ਕੀਤਾ। ਇਸਤੋਂ ਬਾਦ ਗੁਰੂ ਜੀ ਨੇ ਆਪਣੇ ਜੀਵਣ ਭਰ ਦੇ ਗੁਪਤ ਰਖੇ ਰਾਜ ਨੂੰ ਪ੍ਰਗਟ ਕਰਨ ਵਾਸਤੇ ਕਿਸੇ ਹੋਰ ਦਿਨ ਅਰਥਾਤ ਅਸੂ ਵਦੀ ਪੰਚਮੀ ਥਿਤੀ ਨੂੰ (ਜਦ ਕਿ ਮਹੀਨਿਆਂ ਬਾਬਤ ਮਹਾਨ ਕੋਸ਼ ਤੇ ਹੋਰ ਸਿਖ ਇਤਹਾਸਾਂ ਦਾ ਮਤ ਭੇਦ ਵੀ ਹੈ) ਜਦੋਂ ਕਿ ਭਾਈ ਲਹਿਣਾ ਰਾਵੀ ਦੇ ਕੰਢੇ ਤੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਗੁਰੂ ਚਰਨਾਂ ਨਾਲ ਲਿਵ ਲਾਈ ਸਿਮਰਨ ਕਰ ਰਹੇ ਸਨ। ਤਾਂ ਸ੍ਰੀ ਗੁਰੂ ਨਾਨਕ ਜੀ ਉਥੋ ਇਨਾਂ ਨੂੰ ਅਪਣੇ ਨਾਲ ਪਿਆਰ ਸਹਿਤ ਬਾਹੋਂ ਫੜਕੇ ਲੈ ਆਏ, ਅਤੇ:–

ਧਰਮ ਸਾਲ ਮਹਿ ਆਨ ਬਿਰਾਜੇ।
ਜੋ ਸਿਖਨ ਕਉ ਸਭ ਸੁਖ ਛਾਜੈ।
ਲਹਿਣੇ ਕਉ ਬਿਠਾਇ ਤਿਹ ਕਾਲਾ।
ਸੰਗਤ ਸਰਬ ਬੁਲਾਇ ਬਿਸਾਲਾ।
ਦੋਨੋ ਸੁਤ ਕੋ ਨਿਕਟ ਹਕਾਰਾ।
ਆਏ ਤਬ ਧਰਮ ਸਾਲ ਮਝਾਰਾ।੭੮
ਲਹਿਣੇ ਕਉ ਕਰੁਣਾ ਯੁਤ ਹੇਰਾ।
ਲਿਯ ਪੰਚ ਪੈਸੇ ਏਕ ਨਲਿਯੇਰਾ।
ਰੀਨ ਪ੍ਰਦਛਨ ਤੀਨ ਚੁਫੇਰੈ।
ਕਰ ਤੇ ਧਰ ਕੇ ਭੇਟ ਅਗੇਰੈ।੭੯
ਹਾਥ ਜੋਰ ਕੈ ਸੀਸ ਨਿਵਾਯੋ।
ਲਹਿਣਾ ਪਿਖਤ ਰਹਯੋ ਬਿਸਮਾਯੋ।

ਅਰਥਾਤ–

ਜਦੋਂ ਗੁਰੂ ਜੀ ਨੇ ਸਿਖ ਸੰਗਤਾਂ ਤੇ ਦੋਵਾਂ ਸਾਹਿਬ ਜਾਦਿਆਂ ਦੇ ਸਾਹਵੇਂ ਭਾਈ ਲਹਿਣਾ ਜੀ

ਅਗੇ ਪੰਜ ਪੈਸੇ ਤੇ ਨਾਰੀਅਲ ਰਖਕੇ ਮਥਾ ਟੇਕਿਆ ਤੇ ਉਸਦੀਆਂ ਤਿੰਨ ਪ੍ਰਕਰਮਾਂ ਕੀਤੀਆਂ ਤਾਂ ਜਿਥੇ ਹੋਰ ਸਾਰੇ ਦਰਸ਼ਕ ਤੇ ਸਾਹਿਬ ਜਾਦੇ ਚਕ੍ਰਿਤ ਰਹਿ ਗਏ ਓਥੇ ਭਾਈ ਲਹਣਾ ਜੀ ਵੀ ਬੜੀ ਹੈਰਾਨਗੀ ਨਾਲ ਬੋਲ ਉਠੇ। ਜਿਹਾ ਕਿ:–

ਉਰ ਬਿਚਾਰ ਬਿਪ੍ਰੀਤ ਮਹਾਨਾ।
ਤਿਹ ਛਿਨ ਇਹ ਬਿਧ ਬਚਨ ਬਖਾਨਾ।
ਜਿਸ ਤਨ ਕਉ ਤੁਮ ਨੈ ਸਿਰ ਨਿਆਇਓ।
ਉਚਤ ਬਡੋ ਦੁਖ ਮੈ ਲਖ ਪਾਇਓ।

ਅਰਥਾਤ–

ਜਿਸ ਸਰੀਰ (ਅਥਵਾ ਪੈਰਾਂ ਤੇ) ਨੂੰ ਗੁਰੂ ਜੀ ਨੇ ਮੈਨੂੰ ਸਿਰ ਨਿਵਾਇਆ ਅਤੇ ਚਰਨਾਂ ਤੇ ਮਥਾ ਟੇਕਿਆ ਹੈ, ਇਸਨੂੰ ਬੜਾ ਦੁਖ(ਕੋਹੜ)ਫੁਟ ਜਾਣਾ ਚਾਹੀਦਾ ਹੈ?

ਦੋਹਰਾ––

ਸੁਨਕਰ ਸ੍ਰੀ ਗੁਰ ਤਬਕਹਿਓ ਕ੍ਰਿਪਾਰਸ ਦੇ ਨੈਨ।
ਪੁਰਖਾ,ਬਸ,ਤੁਸ਼ਨਕਰਹੁ,ਬਹੁਰ ਨ ਬੋਲਹੋ ਬੈਨ੮੨

ਚੌਪਈ––

ਜੋ ਉਚਰਹੁ ਸੋ ਹੋਵੈ ਸਾਚੀ।
ਪੁਨ ਅਸ ਕਰਹੁ ਨ ਗਿਰਾ ਅਬਾਚੀ।
ਆਇਸ ਮੰਨਹੁ ਅਸਮਤ ਮੇਰੋ।
ਭਾ ਸਭ ਕੋ ਗੁਰ ਹੈ ਜੁਗ ਫੇਰੋ।੧੯
ਅੰਗਦ ਨਾਮ ਆਜ ਤੇ ਹੋਈ।
ਨਿਜ ਅੰਗਨ ਤੇ ਕੀਨੋ ਤੋਹੀ।
ਸਿਮਰਨ ਸਤਿਨਾਮ ਪ੍ਰਗਟਾਵੋ।
ਜਹਿ ਤਹਿ ਸਿਖੀ ਰੀਤ ਚਲਾਵਹੋ।
ਆਦਿਕ

(ਨਾਨਕ ਪ੍ਰਕਾਸ਼ ਉਤ੍ਰਾਰਧ ਧਿਆਏ ੫੨)

ਅਰਥਾਤ– ਅਸੂ ਵਦੀ ਪੰਚਮੀ ਸੰਮਤ ੧੫੯੬ ਨੂੰ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਨੇ ਸਿਖ ਸਮਾਜ ਦੇ ਪ੍ਰਚਾਰ ਅਤੇ ਸਥਿਰਤਾ ਵਾਸਤੇ ਧਾਰਮਿਕ ਸਮਾਜਾਂ ਵਿਚ ਇਕ ਬਿਲਕੁਲ ਨਵੀ ਤੇ ਅਲੌਕਿਕ ਅਤੇ ਸਗੋਂ ਦੇਸ ਕਾਲ ਤੇ ਵਿਰਾਸਤੀ ਹੱਕਾਂ ਤੋਂ ਰਹਿਤ ਤਖਤ ਨਸ਼ੀਨੀ ਦੀ ਪ੍ਰੰਪਰਾ ਕਾਇਮ ਕੀਤੀ। ਅਤੇ ਆਪਣੀਂ ਹਥੀਂ ਆਪ ਨਮਸਕਾਰ ਕਰਕੇ ਆਪਣੇਂ ਚੇਲੇ ਲਹਿਣੇਂ ਨੂੰ ਅੰਗਦ ਦਾ ਨਾਮ ਦੇ ਕੇ ਆਪਣੀ ਹਥੀਂ ਗੁਰੂ ਥਾਪ ਦਿਤਾ।

ਇਸੇ ਕ੍ਰਿਪਾ ਨੂੰ ਹੀ ਗਾਇ ਬਲਵੰਡ ਤਥਾ ਸਤੈ ਡੂਮਿ ਨੇ ਆਪਣੀ ਰਚਿਤ ਰਾਮਕਲੀ ਰਾਗ ਦੀ ਵਾਰ ਵਿਚ ਇਸ ਨਾਨਕ ਰਾਜ ਦੀ ਮਹਾਨਤਾ ਬਾਬਤ ਲਿਖਿਆ, ਕਿ:–

"ਨਾਨਕਿ ਰਾਜੁ ਚਲਾਇਆ
ਸਚੁ ਕੋਟੁ ਸਤਾਣੀ ਨੀਵ ਦੈ।
ਲਹਣੇ ਧਰਿਓਨੁ ਛਤ੍ਰੁ ਸਿਰਿ
ਕਰਿ ਸਿਫਤੀ ਅੰਮ੍ਰਿਤੁ ਪੀਵਦੈ।
ਮਤਿ ਗੁਰ ਆਤਮ ਦੇਵ ਦੀ
ਖੜਗਿ ਜੋਰਿ ਪਰਾਕੁਇ ਜੀਅ ਦੈ।
ਗੁਰਿ ਚੇਲੇ ਰਹਰਾਸਿ ਕੀਈ
ਨਾਨਕਿ ਸਲਾਮਤਿ ਥੀਵਦੈ।
ਸਹਿ ਟਿਕਾ ਦਿਤੋਸੁ ਜੀਵਦੈ।

ਜਦੋਂ ਕਿ ਇਸ ਅਲੌਕਿਕ ਮਰਯਾਦਾ ਨੂੰ ਵੇਖਕੇ ਸਤੇ ਬਲਵੰਡ ਦੇ ਕਥਨ ਅਨੁਸਾਰ :–

"ਫੇਰਿਓ ਗੰਗ ਵਹਾਈਐ
ਦੁਨਿਆਈ ਆਖੈ ਕਿ ਕਿਓਨੁ"?

ਅਰਥਾਤ ਦੁਨੀਆਂ ਦੇ ਲੋਕਾਂ ਨੇਂ ਆਖਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਉਲਟੀ ਗੰਗਾ ਵਹਾ ਕੇ ਕੀ ਕੀਤਾ ਹੈ?

ਸਗੋਂ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸ੍ਰੀ ਗੁਰੂ ਨਾਨਕ ਦਾ ਨਾਦੀ ਪੁਤਰ ਇਸਪ੍ਰਕਾਰ ਅੰਕਿਤ ਕੀਤਾ :–

"ਸਬਦੈ ਸਬਦੁ ਮਿਲਾਇਆ
ਗੁਰਮੁਖਿ ਅਘੜੁ ਘੜਾਇ ਲਹਣਾ।
ਭਾਇ ਭਗਤ ਭੈ ਚਲਦਾ ਆਪੁ
ਗਵਾਇ ਨ ਖਲਹਲੁ ਖਹਣਾ।

ਦੀਨ ਦੁਨੀ ਦੀ ਸਾਹਿਬੀ
ਗੁਰਮੁਖ ਗੋਸ਼ ਨਸੀਨੀ ਬਹਣਾ।
ਕਾਰਣ ਕਰਨ ਸਮਰਥ ਹੈ
ਹੋਇ ਅਛਲੁ ਛਲ ਅੰਦਰਿ ਛਹਣਾ।
ਸਤੁ ਸੰਤੋਖੁ ਦਇਆ ਧਰਮ
ਅਰਥ ਵੀਚਾਰਿ ਸਹਜਿ ਘਰਿ ਖਹਣਾ।
ਕਾਮ ਕ੍ਰੋਧ ਵਿਰੋਧ ਛਡਿ
ਲੋਭ ਮੋਹੁ ਅਹੰਕਾਰਹੁ ਤਹਣਾ।
ਪੁਤੁ ਸਪੁਤੁ ਬਬਾਣੇ ਲਹਣਾ"॥੭॥

(ਵਾਰ ੨੪)

ਇਸਤਰਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਹ ਪ੍ਰਯੋਜਨ ਜਿਸਨੂੰ ਲੈਕੇ ਆਪ ਸ੍ਰੀ ਨਿਰੰਕਾਰ ਦੇ ਹੁਕਮ ਅਨੁਸਾਰ ਕਲ ਜੁਗੀ ਜੀਵਾਂ ਦ ਉਧਾਰ ਵਾਸਤੇ ਸੰਮਤ ੧੫੨੬ ਕਤਕ ਸੁਦੀ ਪੂਰਮਾਸ਼ੀ ਨੂੰ ਰਾਇ ਭੋਇ ਦੀ ਤਲਵੰਡੀ ਅਵਤੀਰਨ ਹੋਏ ਸਨ। ਅਤੇ ਜਿਸਦੀ ਰੂਪ ਰੇਖਾ ਸਚੇ ਪਾਤਸ਼ਾਹ ਤਕ੍ਰੀਬਨ ੬੯-੭੦ ਸਾਲ ਦਸ਼ ਰਟਨ, ਅਤੇ ਮੰਜੀ (ਮਸੰਨਦ) ਤ ਬੈਠ ਕੇ ਆਪਣੇ ਪਵਿਤ੍ਰ ਉਪਦੇਸਾਂ ਦੁਆਰਾ ਸੰਗਤ ਦੇ ਰੂਪ ਵਿਚ ਤਿਆਰ ਕਰਦੇ ਰਹੇ ਸਨ। ਅਸੂ ਵਦੀ ਪੰਚਮੀਂ ਸਮਤ ੧੫੯੬ ਨੂੰ ਸ੍ਰੀ ਕਰਤਾਰ ਪੁਰ (ਰਾਵੀ) ਅਸਥਾਨ ਤੇ ਸਿਖ ਸਮਾਜ ਵਾਸਤੇ (ਦੇਸ਼ ਕਾਲ ਵਸਤੂ ਤੋਂ ਰਹਿਤ) ਅਲੌਕਿਕ ਕਿਸਮ ਦਾ ਰਾਜ-ਤਖਤ ਸਾਜ ਕੇ ਉਸ ਉਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸ਼ਸ਼ੋਭਿਤ ਕਰਕੇ ਪੂਰਾ ਕੀਤਾ।

ਸਿਖ ਸਮਾਜ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਦੀ ਇਹ ਦੇਣ ਕਿਤਨੀ ਮਹਾਨਤਾ ਵਾਲੀ ਸੀ, ਇਸਦਾ ਸੰਕੇਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਵੀ ਮਿਲਦਾ ਹੈ। ਕਿ ਸ੍ਰੀ ਦਸਮੇਸ਼ ਪਿਤਾ ਅਗਿਆਤ ਵਾਸ ਸਮੇ ਨਾਭੇ ਦੀ ਝਿੜੀ ਵਿਚ ਨਿਵਾਸ ਰਖਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰ ਗਦੀ ਤੇ ਸ਼ਸੋਭਤ ਕਰਨ ਦਾ ਗੁਰ ਪੁਰਬ ਵਿਸ਼ੇਸ਼ ਤੌਰ ਤੇ ਮਨਾਇਆ ਕਰਦੇ ਅਤੇ ਫੁਰਮਾਇਆ ਕਰਦੇ ਸਨ ਕਿ ਇਹ ਗੁਰ ਪੁਰਬ ਸਾਰੇ ਪੁਰਬਾਂ ਨਾਲੋਂ ਵਧੇਰੇ ਮਹੱਤਤਾ ਵਾਲਾ ਹੈ ਗੁਰ ਪੁਰਬ" ਜਿਹਾ ਕਿ:—

"ਬਾਬਾ ਜੀ (ਯਾਦ ਰਹੇ ਕਿ ਨਾਭਾ ਨਿਵਾਸ ਸਮੇ ਜਿਥੇ ਸ੍ਰੀ ਕਲਗੀਧਰ ਆਪਣੇਂ ਮੁਖਾਰ ਬਿੰਦ ਤੋਂ ਆਪਨੇ ਨਾਮ ਦਾ ਸੰਕੇਤ ਪ੍ਰਯੋਗ ਗੁਰ-ਸਿੰਘ ਆਖਕੇ ਕਰਿਆ ਕਰਦੇ, ਓਥੇ ਆਮ ਸਰਧਾਲੂ ਆਪ ਜੀ ਦੇ ਕਲਪਤ ਨਾਮ ਬਾਬਾ ਅਜ਼ਾਪਾਲ ਸਿੰਘ ਕਰਕੇ ਸਦਿਆ ਕਰਦੇ ਸਨ) ਜਦ ਕਿ ਬਾਬਾ ਸਰੂਪ ਸਿੰਘ ਦੇ ਸੰਕੇ ਦੀ ਨਵਿਰਤੀ ਵਾਸਤੇ ਹਜ਼ੂਰ ਨੇ ਨਦੇੜ ਵਿਚ ਲਗਾ ਵਖੀ ਦਾ ਘਾਉ ਵਿਖਾਲ ਕੇ ਆਪਣੇ ਆਪ ਦਾ ਪ੍ਰਗਟਾਵਾ ਵੀ ਕਰ ਦਿਤਾ ਸੀ] ਅਸੂ ਸੁਦੀ ਦਸਮੀ ਨੂੰ ਗੁਰ ਪੁਰਬ ਮਨਾਇਆ ਕਰਦੇ ਇਸ ਦਿਨ ਕੜਾਹ ਪ੍ਰਸਾਦ ਵਰਤਦਾ ਅਤੇ ਕੀਰਤਨ ਹੁੰਦਾ, ਅਤੇ ਨੌਬਤ ਵਜਦੀ, ਬੰਦੂਕਾਂ ਦੀ ਸੁਲਕ ਹੁੰਦੀ।

ਇਕ ਦਿਨ ਬਾਬਾ ਸਾਹਿਬ ਨੇ .... ਬਚਨ ਸੁਣਾਏ ਸਨ ਸਿਖਾਂ ਦਾ ਗੁਰਪੁਰਬ ਅਸੂ ਸੁਦੀ ਦਸਮੀ ਤੋਂ ਵਧ ਕੇ ਕੋਈ ਨਹੀਂ। ਕਿਉਂਕਿ ਇਸ ਦਿਨ ਸਤਿਗੁਰੂ ਨਾਨਕ ਦੇਵ ਜੀ ਨੇ "ਤਖਤ ਬਹੈ ਤਖਤੈ ਕੀ ਲਾਇਕੁ" ਦਾ ਨਿਯਮ ਬਾਧਿਆ ਸੀ। ਹੋਰ ਪੁਰਬ ਦਸਮੀ ਦੇ ਪੁਰਬ ਅੰਦਰ ਇਸਤਰਾਂ ਹਨ ਜਿਸਤਰਾਂ ਹਾਥੀ ਦੀ ਪੈੜ ਵਿਚ ਸਾਰੀਆਂ ਪੈੜਾਂ ਹਨ।

(ਵਿਸਥਾਰ ਵਾਸਤੇ ਵੇਖੋ ਪੰਜਾਬੀ ਦੇ ਪੁਰਾਣੇ ਤੇ ਮਸ਼ਹੂਰ ਮਾਸਕ ਪਤ੍ਰ ਫੁਲਵਾੜੀ ਲਾਹੌਰ ਮਹੀਨਾ ਫਗਨ-ਚੇਤਰ ਸੰਮਤ ੧੯੯੩ ਵਿਚ ਭਾਈ ਸਾਹਿਬ ਸ. ਕਾਨ੍ਹ ਸਿੰਘ ਜੀ ਕਰਤਾ ਮਹਨ ਕੋਸ਼ ਦਾ "ਇਤਹਾਸ ਦੇ ਅਣ ਲਿਖੇ ਪਤਰੇ" ਦੇ ਸਿਰ ਲੇਖ)

ਉਪ੍ਰੋਕਤ ਲਿਖੇ ਗੁਰ ਪਰਬ ਸਬੰਧੀ ਭਾਈ ਸਾਹਿਬ ਆਪਣੀ ਟਿੱਪਣੀ ਇਸਤਰਾਂ ਦਿੰਦੇ ਹਨ ਕਿ:—

"ਮਲੂਮ ਹੁੰਦਾ ਹੈ ਕਿ ਬਾਬਾ (ਗੁਰੂ) ਜੀ ਦਾ ਭਾਵ ਇਹ ਸੀ ਕਿ ਗੁਰੂ ਨਾਨਕ ਦੇਵ

ਜੀ ਨੇ ਆਪਨੀ ਜੋਤ ਅੰਗਦ ਦੇਵ ਜੀ ਵਿਚ ਅਸੂ ਸੁਦੀ ਦਸ ਨੂੰ ਅਸਥਾਪਨ ਕੀਤਾ ਸੀ।,,

ਉਪ੍ਰੋਕਤ ਉਦਾਹਰਣ ਵਿਚ ਇਸ ਮਹਾਨ ਪੁਰਬ ਨੂੰ ਮਨਾਉਣ ਦੀ ਮੂਲ ਤਥੀ ਅਸੂ ਸੁਦੀ ਦਸਮੀ ਜੋ ਸ੍ਰ. ਬਹਾਦਰ ਭਾਈ ਕਾਨ੍ਹ ਸਿੰਘ ਜੀ ਨੇ ਅਪਨੇ ਬਜ਼ੁਰਗਾਂ ਦੀ ਲਿਖਤ ਅਨੁਸਾਰ ਲਿਖੀ ਹੈ, ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੀ ਤਿਥੀ ਹੈ, ਜਦ ਕਿ ਆਮ ਰੀਸਰਚ ਕਾਰਾਂ ਅਨੁਸਾਰ ਗੁਰੂ ਜੀ ਨੇ ਅਪਣੇ ਜੋਤੀ ਜੋਤ ਸ਼ਮਾਉਣ ਤੋਂ ੫ ਦਿਨ ਪਹਿਲਾਂ (ਭਾਵ ਅਸੂ ਵਦੀ ਪੰਚਮੀ ਨੂੰ) ਸ੍ਰੀ ਗੁਰੂ ਅੰਗਦ ਜੀ ਨੂੰ ਗੁਰ-ਗਦੀ ਦੇ ਦਿਤੀ ਸੀ। ਸਗੋਂ ਅਪਨੀ ਹਜ਼ੂਰੀ ਵਿਚ ਹੀ ਇਹਨਾਂ (ਗੁਰੂ ਅੰਗਦ ਦੇਵ ਜੀ) ਨੂੰ ਖੰਡੂਰ ਦੀ ਇਕ ਮਾਈ ਦੇ ਘਰ ਭੇਜ ਦਿਤਾ ਸੀ ਤਾਂ ਕਿ ਗੁਰੂ ਵੰਸੀ ਇਨਾਂ ਨੂੰ ਤੰਗ ਨ ਕਰਨ।

ਜੇਕਰ ਸਾਹਿਬ ਸ੍ਰੀ ਕਲਗੀਧਰ ਇਸ ਪੁਰਬ ਨੂੰ ਦਸਮੀ ਤਿਥ ਤੇ ਮਨਾਇਆ ਕਰਦੇ ਸਨ, ਤਾਂ ਉਸਦਾ ਭਾਵ ਵੀ ਉਪ੍ਰੋਕਤ ਲਿਖਤ ਅਨੁਸਾਰ

"ਤਖਤ ਬਹੈ ਤਖਤੈ ਕੀ ਲਾਇਕ"

ਸ੍ਰੀ ਗੁਰੂ ਅੰਗਦ ਜੀ ਦੀ ਗੁਰਿਆਈ ਤੋਂ ਹੀ ਲਿਆ ਜਾਦਾਂ ਸੀ।

ਪਰ ਵਾਸਤਵ ਵਿਚ ਇਹ ਪੁਰਬ ਅਸੂ ਸੁਦੀ ਪੰਚਮੀ ਨੂੰ ਹੋਂਦ ਵਿਚ ਆਇਆ ਸੀ ਅਰ ਏਸੇ ਦਿਨ ਹੀ ਸ੍ਰੀ ਆਦਿ ਗੁਰੂ ਜੀ ਨੇ ਜੁਗਾਦਿ ਗੁਰੂ ਦੀ ਸਥਾਪਨਾ ਕੀਤੀ ਸੀ। ਜਿਸਦਾ ਸਪਸ਼ਟੀ ਕਰਨ ਦੇਦਿਆਂ ਆਮ ਡਾਇਰੀਆਂ ਜਾਂ ਪਤ੍ਰਿਕਾਵਾਂ ਵਿਚ ਪ੍ਰਕਾਸ਼ਤ ਹੋਈਆਂ ਗੁਰਪੁਰਬਾਂ ਦੀਆਂ ਤਰੀਖਾਂ ਵਿਚੋਂ ਚੰਗੀ ਤਰਾਂ ਹੋ ਜਾਂਦਾ ਹੈ। ਅਰ ਇਹਨਾਂ ਡਾਇਰੀਆਂ ਦੇ ਹਿਸਾਬ ਨਾਲ ਇਸਵਾਰੀ ਅਸੂ ਸੁਦੀ ਪੰਚਮੀ (ਪਾ: ੨ ਨੂੰ ਗੁਰਿਆਈ ਮਿਲੀ) ਦਾ ਪੁਰਬ ੨੯ ਭਦਰੋਂ ਸੰਮਤ ੨੦੩੩ ਨੂੰ ਹੈ।

ਅਸੂ ਸੁਦੀ ਪੰਚਮੀ ਦੇ ਇਸ ਮਹਤਵ ਪੂਰਨ ਪੁਰਬ ਨੂੰ ਅਨੁਭਵ ਕਰਦਿਆਂ ਤੇ ਸਗੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਇਸ ਪੁਰਬ ਨੂੰ ਸਾਰਿਆਂ ਪੁਰਬਾਂ ਨਾਲੋਂ ਵਡਾ ਜਾਣਕੇ ਮਨਾਉਣ ਦੀ ਰਿਵਾਇਤ ਨੂੰ ਵਧੇਰੇ ਪ੍ਰਸਾਰਤ ਕਰਨ ਵਾਸਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਭ ਨਾਮਧਾਰੀਆਂ ਨੂੰ ਵਿਸ਼ੇਸ ਤੌਰ ਤੇ ਹੁਕਮ ਕੀਤਾ ਹੈ। ਜਦ ਕਿ ਸਚੇ ਪਾਤਸਾਹ ਜੀ ਦਾ ਵਿਚਾਰ ਹੈ ਕਿ ਇਹ ਪੁਰਬ ਸਾਰੀਆਂ ਸਿਖ ਜਥੇਬਦੀਆਂ ਨੂੰ ਹੀ ਉਤਸਾਹ ਪੂਰਵਿਕ ਮਨਾਉਣਾ ਚਾਹੀਦਾ ਹੈ।

ਕਿਉਂਕਿ ਇਹ ਪੁਰਬ ਉਸ ਸ੍ਰੀ ਨਾਨਕ ਰਾਜ ਦਾ ਪ੍ਰਤੀਕ ਹੈ ਜਿਸ ਤਖਤ ਉਤੇ ਬਿਰਜ ਮਾਨ ਹੋ ਕੇ ਗੁਰੂ ਨਾਨਕ ਉਤ੍ਰਾਧਿਕਾਰੀ ਸਤਿਗੁਰਾਂ ਸਸੋਭਿਤ ਹੋ ਕੇ ਆਪੋ ਅਪਣੇ ਸਮੇ ਤੇ ਪ੍ਰੋਗ੍ਰਾਮ ਅਨੁਸਾਰ ਪਹਿਲਾਂ ਮੁਗਲੀਆ ਹਕੂਮਤ ਦਾ ਦੇਸ਼ ਵਿਚੋਂ ਖਾਤਮਾ ਕੀਤਾ ਕੁਝ ਚਿਰ ਸਿਖ-ਰਾਜ ਦੁਆਰਾ ਸਿਖ ਸਮਾਜ ਨੂੰ ਰਾਜਸੀ ਪਧਰ ਤੇ ਰੋਸਨ ਕੀਤਾ। ਫਿਰ ਉਸੇ ਸ੍ਰੀ ਨਾਨਕ ਰਾਜ ਦੇ ਬਾਹਰਵੇਂ ਉਤ੍ਰਾਧੀਕਾਰੀ ਸਤਿਗੁਰੂ ਰਾਮ ਸਿੰਘ ਜੀ ਨੇ- ਦੁਨੀਆਂ ਭਰ ਵਿਚ ਮੰਨੀ ਹੋਈ ਬ੍ਰਤਾਨਵੀ ਹਕੂਮਤ ਦਾ ਭਾਰਤ ਵਿਚੋਂ ਖਾਤਮਾ ਕਰਨ ਲਈ ਆਪਨੀ ਨਾ ਮਿਲਵਰਤੋਂ ਦੀ ਅਬੱਧ ਨੀਤੀ ਨਾਲ ਨਾਮਧਾਰੀ ਸਿੰਘਾਂ ਦੁਆਰਾ ਜੰਗਿ ਆਜ਼ਾਦੀ ਸੁਰੂ ਕੀਤਾ, ਭਾਂਵੇ ਅੰਗ੍ਰੇਜ਼ਾਂ ਨਾਲ ਬਗਾਵਤ ਰਖਨ ਕਾਰਨ ਨਾਮਧਾਰੀਆਂ ਨੂੰ ਕਿਤਨੀਆਂ ਕੁਰਬਾਨੀਆਂ ਕਰਨੀਆਂ ਪਈਆਂ ਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਵਿਦੇਸ ਜਾਣਾ ਪਿਆ। ਪਰ ਉਸੇ ਪਾਲਿਸੀ ਨਾਲ ਹੀ ਭਾਰਤ ਵਿਚੋਂ ਅੰਗ੍ਰੇਜ਼ ਅਪਨਾ ਬੋਰੀਆ ਬਿਸਤਰਾ ਬੰਨ ਕੇ ਵਲੈਤ ਨੂੰ ਵਾਪਿਸ ਪਰਤੇ। ਅਤੇ ਅਜ ਭਾਰਤ ਵਰਸ਼ ਕੇਵਲ ਪੂਰਨ ਆਜ਼ਾਦ ਹੀ ਨਹੀਂ ਸਗੋਂ ਦੁਨੀਆਂ ਦੀਆਂ ਵਡੀਆਂ ਤੇ ਸ਼ਕਤੀ ਸ਼ਾਲੀ ਤਾਕਤਾਂ ਵਿਚ ਮੰਨਿਆ ਜਾ ਰਿਹਾ ਹੈ।

ਜੇਕਰ ਭਾਰਤ ਦੀ ਆਜ਼ਾਦੀ ਦੇ ਬੀਤੇ ਇਤਹਾਸ ਨੂੰ ਗਹੁ ਨਾਲ ਤੇ ਕਿਸੇ ਫਿਰਕੂ ਪੁਣੇ ਦੇ ਨਜ਼ਰੀਏ ਤੋਂ ਉਚਾ ਉਠਕੇ ਪੜ੍ਹਿਆ ਜਾਵੇ, ਤਾਂ ਪਤਾ ਲਗਦਾ ਹੈ ਕਿ ਇਹ ਸਾਰਾ ਕੁਝ ਸ੍ਰੀ ਗੁਰੂ ਨਾਨਕ ਦੇ ਉਲੀਕੇ ਹੋਏ ਉਸੇ ਪ੍ਰੋਗ੍ਰਾਮ ਦਾ ਹੀ ਪ੍ਰਤੀ ਕਰਮ ਹੈ, ਜਿਸਦਾ ਅਰੰਭ ਗੁਰੂ ਜੀ ਨੇ ਅਸੂ ਵਦੀ ਪੰਚਮੀ ਵਾਲੇ ਦਿਨ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ

ਆਪਣੀ ਹੋਂਦ ਵਿਚ ਤ ਅਪਣੀ ਹਥੀਂ ਗੁਰੂ ਗਦੀ ਤੇ ਬਹਾਲ ਤੇ ਸਗੋਂ ਬਾਕਾਇਦਾ ਪੰਜ ਪਸੇ ਤੇ ਨਲੀ ਧਰ ਰਖਕੇ ਨਮਸਕਾਰ ਕਰਕੇ ਸਿਖ ਸਮਾਜ ਨੂੰ ਰਾਜ–ਯੋਗ ਦੀ ਅਦੁਤੀ ਦੇਣ ਦੇ ਕੇ ਕੀਤਾ ਸੀ।

ਸਿਖ ਸਮਾਜ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਸ ਦੇਣ ਤੇ ਜਿਤਨਾ ਵੀ ਫਖਰ ਕਰੇ ਥੋੜਾ ਹੈ।

ਅੰਤ ਵਿਚ ਮੈ ਸਾਰੇ ਸਿਖ ਸਮਾਜ ਅਤੇ ਵਿਸ਼ੇਸ਼ ਕਰਕੇ ਸਭ ਨਾਮਧਾਰੀ ਸਾਧ ਸੰਗਤ ਅਗੇ ਪ੍ਰੇਮ ਪੂਰਵਕ ਅਪੀਲ ਕਰਦਾ ਹਾਂ ਕਿ ਉਹ ਅਸੂ ਵਦੀ ਪੰਚਮੀ ਦੇ ਪੁਰਬ ਨੂੰ ਹਰ ਸਾਲ ਜ਼ਿਆਦਾ ਤੋਂ ਜ਼ਿਆਦਾ ਉਤਸ਼ਾਹ ਨਾਲ ਮਨਾਇਆ ਕਰੇ ਅਤੇ ਸ੍ਰੀ ਗੁਰੂ ਨਾਨਕ ਦੇਵ ਦੀ ਚਲਾਈ ਗੁਰੂ ਪ੍ਰੰਪਰਾ ਅਰ ਉਸਦ ਅਪਨਾਏ ਹੋਏ ਪ੍ਰਯੋਜਨਾ ਦਾ ਪ੍ਰਚਾਰ ਕਰਕੇ ਸਿਖ ਸਮਾਜ ਨੂੰ ਧਾਰਮਿਕ ਤੇ ਦੇਸ਼ ਭਗਤੀ ਦੀ ਪਧਰ ਤੋਂ ਸਾਰੀ ਦੁਨੀਆਂ ਵਿਚ ਰੋਸ਼ਨ ਕਰੇ।

ਆਤਮਾ ਸਿੰਘ – ਸਨਖਤ੍ਰਵੀ

—:o:—

ਗੁਰੂ ਤੇਗ ਬਹਾਦਰ

ਸਰਧਾ ਸਿੰਘ 'ਨਿਮਾਨਾ' ਪਿੰਡ ਕਰੀਵਾਲਾ

ਸ਼ਹੀਦਾ ਦੇ ਸਿਰਤਾਜ ਸ਼ਿਰੋਮਨੀ, ਧਨੀ ਤੇਗ ਦੇ ਮਹਾ ਬਹਾਦਰ॥
ਮਾਤ ਨਾਨਕੀ ਪਿਤਾ ਛਟਮ ਗੁਰ, ਹਰ ਥਾਂ ਹੁੰਦਾ ਜਿਨਾਂ ਦਾ ਆਦਰ॥
ਪ੍ਰਗਟ ਹੋਏ ਕਰ ਦੀਨ ਦਇਆਲ ਜੀ, ਬਣ ਆਏ ਗੁਰ ਹਿੰਦ ਦੀ ਚਾਦਰ॥
ਕਰੀਏ ਜਿਸ ਦਮ ਯਾਦ ਪ੍ਰੀਤਮ, ਰਖ ਕਰੇ ਗੁਰ ਤੇਗ ਬਹਾਦਰ॥

ਡੁਬ ਰਿਹਾ ਜਹਾਜ ਸਮੁੰਦਰ ਦੇ ਵਿਚ, ਕੀਤਾ ਯਾਦ ਕਿਸੇ ਬਣ ਆਦਰ॥
ਪੂਰਨ ਆਸ ਕਰੇ ਗੁਰ ਪੂਰਨ, ਪੰਜ ਸੌ ਮੋਹਰ ਕਰਾਂ ਮੈਂ ਹਾਦਰ॥
ਬਚਿਆ ਮਾਲ ਪਰਖ ਗੁਰੂ ਪੂਰੇ, ਆਖੇ ਚੜਕੇ ਸ਼ਾਹ ਸੁਦਾਗਰ॥
ਜਲਾਂ ਥਲਾਂ ਵਿਚ ਰਮਿਆ ਠਾਕੁਰ, ਆਦਿ ਅੰਤ ਗੁਰ ਤੇਗ ਬਹਾਦਰ॥

ਬਿਸ਼ਿਅਨ ਤਪਸ਼ ਮਿਟਾਨ ਦੇ ਖਾਤਰ, ਬਾਰਸ਼ ਰੂਪ ਧਰੇ ਗੁਰ ਬਾਦਰ॥
ਕਾਦਰ ਹੈ ਜਮ ਕੋ ਤਿਨ ਜੀਵਨ, ਅੰਤ ਭਜੇ ਸੁਖ ਸਤਗੁਰ ਸਾਦਰ॥
ਮੁਕਤ ਪਦਾਰਥ ਮਿਲਦਾ ਫੌਰਨ, ਸਭ ਜਗ ਕਹੈ ਸਚਾ ਗੁਰ ਮਹਾ ਦਰ॥
ਬਾਰੰ ਬਾਰ ਕਰਾ ਜੁਗ ਬੰਦਨ, ਬੰਦ ਕਟੇ ਬਣ ਤੇਗ ਬਹਾਦਰ॥

ਔਰੰਗ ਜੇਬ ਦੇਏ ਦੁਖ ਖੇਦ, ਅਭੇਦ ਕਰਨ ਹਿਤ ਕਰੇ ਅਨਾਦਰ॥
ਸੂਰ ਵਿਰਨ ਸਭ ਦਿਲੀ ਦੇ ਵਿਚ, ਸਮਜ ਨ ਕਰੀ ਮੂੜ ਮਨ ਦਾਦਰ॥
ਹਬਸ਼ੀ ਹਲਕ ਮਿਟਾਨ ਦੀ ਖਾਤਰ, ਧਰਮ ਹੇਤ ਕਰ ਸੀਸ ਨਛਾਦਰ॥
ਨਿਮਾਨਿਆ ਮਨ ਕਰ ਦੁਖ ਹਾਨ ਹੈ, ਜਗ ਗੁਰੂ ਤੇਗ ਬਹਾਦਰ॥

ਇਤੀ ਜਿਨ ਕਰੀ

(ਗਿਆਨੀ ਚਰਨ ਸਿੰਘ ਜੀ ਧਾਟੀਵਾਲ)

"ਪ੍ਰਗਟ ਭਏ ਗੁਰੂ ਤੇਗ ਬਹਾਦਰ,
ਸਗਲ ਸਰਿਸ਼ਟ ਪੇ ਢਾਪੀ ਚਾਦਰ।
ਧਰਮ ਕਰਮ ਕੀ ਜਿਸੁ ਪਤਿ ਰਾਖੀ,
ਅਟਲ ਕਰੀ ਕਲਿਜੁਗ ਮਹਿੰ ਸਾਖੀ।"

ਮਾਨਵਤਾ ਦੇ ਅਵਤਾਰ ਦੀਨ ਦੁਖੀ ਦੇ ਸਹਾਰੇ, ਮਾਤਾ ਨਾਨਕੀ ਜੀ ਦੀਆਂ ਅਖੀਆਂ ਦੇ ਤਾਰੇ ਅਤੇ ਗੁਰੂ ਹਰਿ ਗੋਬਿੰਦ ਸਿੰਘ ਜੀ ਦੇ ਚੰਨ ਧੰਨ ਹਨ ਜਿਨ੍ਹਾਂ ਹਿੰਦ ਦੀ ਚਾਦਰ ਬਣਕੇ ਸਾਡੀ ਪਤ, ਜਤ, ਸਤ ਤੇ ਧਰਮ ਦੀ ਰਾਖੀ ਕੀਤੀ। ਜਿਸ ਵੇਲੇ ਔਰੰਗਜ਼ੇਬ ਮੁਤਅੱਸਬ ਦੀ ਅੱਗ ਵਿਚ ਸੜ ਰਿਹਾ ਸੀ ਤੇ ਬਾਬੇਰਕਿਆਂ ਦਾ ਜੋਸ ਹਰ ਪਾਸੇ ਖਿਲਰਦਾ ਜਾ ਰਿਹਾ ਸੀ ਤਾਂ ਇਸ ਪਾਸੋਂ ਗੁਰੂ ਨਾਨਕ ਦੀ ਵਡਿਆਈ ਤਾਂ ਕਰਨੀ ਹੀ ਕੀ ਸੀ ਇਹ ਨਿਤਾਣੇ ਤੇ ਨਿਮਾਣੇ-ਗਊ ਗਰੀਬ ਤੇ ਹਿੰਦੂ ਧਰਮ ਨੂੰ ਅਸਲੋਂ ਤਲਵਾਰ ਤੇ ਜਬਰ ਨਾਲ ਨੇਸਤੋ ਨਾਬੂਦ ਕਰਨਾ ਚਹੁੰਦਾ ਸੀ। ਪ੍ਰੰਤੂ ਉਸਨੂੰ ਭਗਵਾਨ ਕ੍ਰਿਸ਼ਨ ਜੀ ਦੇ ਇਸ ਕਥਨ ਦਾ ਇਲਮ ਨਹੀ ਸੀ ਕਿ ਜਦੋਂ ਵੀ ਧਰਮ ਦੀ ਗਿਲਾਨੀ ਸ਼ੁਰੂ ਹੁੰਦੀ ਹੈ ਪਰਮਾਤਮਾ ਆਪ ਉਸਦੀ ਰਾਖੀ ਕਰਨ ਲਈ ਕਿਸੇ ਨ ਕਿਸੇ ਮਹਾਂ ਜੋਤ ਨੂੰ ਜਨਮ ਦੇ ਦਿੰਦਾ ਹੈ ਜੋ ਉਸ ਪਾਪੀ ਦੀ ਸੋਚ ਨੂੰ ਸਿਰੇ ਚੜਨ ਨਹੀ ਦਿੰਦਾ ਜਿਸਦਾ ਅਧਾਰ ਅਤਿਆਚਾਰ ਤੇ ਜ਼ੁਲਮ ਹੁੰਦਾ ਹੈ।

[illegible] ਅਜਿਹੀ ਜੋਤ ਨੌਵੇਂ ਨਾਨਕ ਦੀ ਸ਼ਕਲ ਵਿਚ ਅਨੰਦ ਪੁਰ ਬਿਰਾਜ ਮਾਨ ਸੀ। ਜਦੋਂ ਕਸ਼ਮੀਰ ਦਾ ਹਾਕਮ ਸ਼ੇਰ ਅਫਗਾਨ ਆਪਣੇ ਆਕਾ ਔਰੰਗਜੇਬ ਦੀ ਵਖਫਾ ਹਾਸਿਲ ਕਰਨ ਲਈ ਵੱਧ ਤੋਂ ਵਧ ਜਨੇਊ ਤੇ ਤਿਲਕ ਦੀ ਹਸਤੀ ਮਿਟਾਣ ਤੇ ਤੱਤਪਰ ਹੋ ਗਿਆ ਤੇ ਲਖਾਂ ਹੀ ਹਿੰਦੂਆਂ ਨੂੰ ਰੋਜਾਨਾ ਇਸਲਾਮ ਦੀ ਸ਼ਰਨ ਵਿਚ ਜਾਣ ਲਈ ਤਲਵਾਰ ਵਰਤੀ ਜਾਣ ਲਗੀ ਤਾਂ ਸਹਿਮੇ ਹੋਏ ਕਿਰਪਾ ਰਾਮ ਜੀ ਕਸ਼ਮੀਰੀ ਪੰਡਿਤ ਆਪਣ ਸਾਥੀਆਂ ਸਮੇਤ ਦੀਨ ਦਿਆਲ ਸਤਿਗੁਰੂ ਤੇਗ ਬਹਾਦਰ ਜੀ ਪਾਸ ਅਨੰਦ ਪੁਰ ਪੁਜਾ।

ਸਤਿਗੁਰਾਂ ਦਾ ਫੌਲਾਦੀ ਤੇ ਦ੍ਰਿੜ ਨਿਸਚਾ ਕੋਮਲ ਹਿਰਦਾ ਹੁੰਦਿਆਂ ਹੋਇਆਂ ਵੀ ਸਬਰ ਨਾਲ ਜਬੱਰ ਦੀ ਟੱਕਰ ਲੈਣ ਲਈ ਤਿਆਰ ਬਰ ਤਿਆਰ ਹੋ ਗਿਆ ਆਪਣੇ ਨੌ ਵਰ੍ਹਿਆ ਦੇ ਲਾਲ ਨੂੰ ਅਕਾਲ ਦੀ ਰਜ਼ਾ ਤੇ ਛੱਡਕੇ ਆਤਮਾ ਬਲੀਦਾਨ ਲਈ ਤਤੱਪਰ ਹੋ ਗਏ। ਆਪ ਜੀ ਨੇ ਪੰਡਿਤ ਕਿਰਪਾ ਰਾਮ ਜੀ ਤੇ ਉਸਦੇ ਸਾਥੀਆ ਨੂੰ ਦਿਲੀ ਭੇਜਿਆ ਕਿ ਜਾਕੇ ਉਹ ਆਲਮਗੀਰ ਔਰੰਗਜੇਬ ਨੂੰ ਕਹਿ ਦੇਣ ਕਿ ਉਹ ਉਸ ਦਿਨ ਤਕ ਇਹ ਕਤਲੋ ਗਾਰਤ ਬੰਦ ਕਰ ਦੇਵੇ ਜਦੋਂ ਤਕੇ ਉਨਾ ਦੇ ਗੁਰੂ, ਤੇਗ ਬਹਾਦਰ ਮੁਸਲਮਾਨ ਬਣਨਾ ਮਨਜ਼ੂਰ ਨਹੀਂ ਕਰ ਲੈਂਦੇ।

ਔਰੰਗਜੇਬ ਮੰਨ ਗਿਆ। ਇਹ ਕਤਲੋ ਗਾਰਤ ਉਸ ਸਮੇਂ ਲਈ ਰੁਕ ਗਿਆ ਜਦੋਂ ਤਕ

ਸਤਿਗੁਰੂਖੁਦਦਿਲੀ ਇਸਪਰਥਾਇ ਨਹੀਂ ਪੁਜ ਗਏ।

ਹਜੂਰ ਜਾਣਦੇ ਸਨ ਕਿ ਔਰੰਗਜੇਬ ਨਾਲ ਟਕੱਰ ਸਿਰ ਧੜ ਦੀ ਬਾਜੀ ਲਗਾਕੇ ਲੈਣੀ ਪੈਣੀ ਹੈ। ਆਖਰ ਸਤਿਗੁਰੂ ਆਪਣੇ ਸੋਚੇ ਵਿਚਾਰੇ ਮਕਸਦ ਦੀ ਪੂਰਤੀ ਲਈ ਆਪਣੇ ਪੰਜ ਸਿੱਖਾਂ ਦੇ ਨਾਲ (ਜਿਨ੍ਹਾਂ ਦੇ ਨਾਂ ਸਨ ਭਾਈ ਮਤੀ ਦਾਸ, ਭਾਈ ਦਇਆਲਾ ਭਾਈ ਸਤੀ ਦਾਸ, ਭਾਈ ਊਧਾ ਜੀ ਤੇ ਭਾਈ ਗੁਰਦਿਤਾ ਜੀ)

ਮਾਲਵਾ ਤੋਂ ਹੁੰਦੇ ਹੋਏ ਪਟਿਆਲਾ, ਧਮਧਾਨ, ਜੀਂਦ ਲੱਖਨ ਮਾਜਰੇ,ਰੋਹਤਕ ਆਗਰੇ ਦੇ ਰਸਤੇ ਦਿੱਲੀ ਵੱਲ੍ਹ ਆਏ। ਰਸਤੇ ਵਿਚ ਹਜਾਰਾਂ ਸੰਗਤਾਂ ਹੁੱਮ ਹੁੱਮਾ ਕੇ ਆਪ ਜੀ ਦੀਆਂ ਹਾਜਰੀ ਭਰਦੀਆਂ। ਆਪ ਸਬ ਨੂੰ ਧੀਰ ਬਨਾਂਦੇ ਤੇ ਮਨੋ ਕਾਮਨਾ ਪੂਰਕੇ ਨਿਹਾਲਕਰਦੇ। ਸ਼ਰਧਾਲੂ ਜਾਣਦੇ ਸਨ ਕਿ ਮਹਾਰਾਜ ਜੀ ਭਾਣਾ ਵਰਤਾਣ ਜਾ ਰਹੇ ਹਨ। ਆਗਰੇ ਜਾਕੇ ਆਪ ਜੀ ਨੇ ਇਕ ਬਾਗ ਵਿਚ ਉਤਾਰਾ ਕੀਤਾ। ਚਰਵਾਹੇ ਨੂੰ ਮੁੰਦਰੀ ਤੇ ਦੁਸ਼ਾਲਾ ਦੇਕੇ ਸ਼ਹਿਰ ਦੇ ਹਲਵਾਈ ਪਾਸੋਂ ਮਠਿਆਈ ਲਿਆਣ ਦਾ ਹੁਕਮ ਕੀਤਾ। ਹਲਵਾਈ ਨੂੰ ਚਰਵਾਹੇ ਦੀਆਂ ਇਨਾਂ ਵਸਤਾਂ ਉਤੇ ਸ਼ੱਕ ਪਿਆ ਉਸਨੇ ਸਰਕਾਰ ਨੂੰ ਰਿਪੋਰਟ ਦੇ ਦਿਤੀ ਤੇ ਸਤਿਗੁਰੂ ਜੀ ਹੁਣ ਤਕ ਗ੍ਰਿਫਤਾਰ ਨਹੀ ਸਨ ਹੋਏ ਹੁਣ ਫੌਜਾ ਦੇ ਪਹਿਰੇ ਵਿਚ ਗ੍ਰਿਫਤਾਰ ਹੋ ਗਏ ਤੇ ਦਿਲੀ ਪੁਚਾਏ ਗਏ।

ਜਿਥੇ ਜੋ ਹੋਇਆ ਉਹ ਸੰਗਤਾ ਜਾਣਦੀਆਂ ਹੀ ਹਨ। ਔਰੰਗਜੇਬ ਨੇ ਭਾਈ ਦਇਆਲਾ ਜੀ, ਮਤੀ ਦਾਸ ਤੇ ਸਤੀ ਦਾਸ ਨੂੰ, ਦੇਗ ਵਿਚ ਉਬਾਲ ਕੇ ਆਰੇ ਨਾਲ ਚਰਾ ਕੇ ਤੇ ਅਗ ਵਿਚ ਸਾੜਕੇ ਇਕ ਦੇ ਬਾਦ ਦੂਸਰੇ ਨੂੰ ਕਰਮ ਵਾਰ ਸਜ਼ਾਵਾਂ ਦੇਕੇ ਅੰਤ ਸਤਿਗੁਰਾਂ ਨੂੰ ਕਈ ਦਿਨ ਲੋਹੇ ਦੇ ਨਕੀਲੇ ਤੇਕੰਡੇਦਾਰ ਪਿੰਜਰੇ ਵਿਚ ਤਸੀਹੇ ਦੇਣ ਉਪ੍ਰੰਤ ੧੧ ਨਵੰਬਰ ੧੬੭੫ ਈ: ਨੂੰ ਚਾਂਦਨੀ ਚੋਕ ਦਿਲੀ ਵਿਚ ਤਲਵਾਰ ਦੇ ਵਾਰ ਨਾਲ ਸੀਸ ਕਟ ਸ਼ਹੀਦ ਕੀਤਾ। ਸਤਿਗੁਰਾਂ ਨੇ ਹਸਦਿਆਂ ਹਸਦਿਆਂ ਭਾਣਾਮੰਨਿਆਂ ਦਾਤਾਰ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸ਼ਹੀਦੇ ਆਜ਼ਮ ਪਿਤਾ ਦੀ ਸ਼ਹਾਦਤ ਨੂੰ ਇਸਤਰਾਂ ਬਿਆਨ ਕੀਤਾ ਹੈ।

"ਤਿਲਕ ਜੰਞੂ ਰਾਖਾ ਪ੍ਰਭ ਤਾਕਾ,
ਕੀਨੋ ਬਡੋ ਕਲੂ ਮੇ ਸਾਕਾ।
ਧਰਮ ਹੇਤ ਇਤੀ ਜਿਨ ਕਰੀ,
ਸੀਸੁ ਦੀਆ ਪਰ ਸੀ ਨ ਉਚਰੀ।
ਧਰਮ ਹੇਤੁ ਸਾਕਾ ਜਿਸ ਕੀਆ,
ਸੀਸੁ ਦੀਆ ਪਰ ਸਿਰਰੁਨ ਦੀਆ।

ਭਾਈ ਜੈਤਾ ਤੇ ਸੀਸ ਅਨੰਦ ਪੁਰ ਲੈ ਆਏ ਅਤੇ ਇਥੇ ਹੀ ਸੰਸਕਾਰ ਕੀਤਾ ਗਿਆ। ਲਖੀ ਸਾਹੀ ਤੇ ਭਾਈ ਨਗਾਹੀਆ ਨੇ ਆਪਣੇ ਘਰ ਕੁਲੇ ਗਵਾ ਲਏ ਪ੍ਰੰਤੂ ਔਰੰਗਜੇਬ ਦੇ ਜ਼ਬਰ ਨੂੰ ਸਬਰ ਨਾਲ ਜਰੂਰ ਕਟ ਕੇ ਰਖ ਦਿਤਾ।

ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀਸ਼ਹਾਦਤ ਨੇ ਕੌਮ ਵਿਚ ਉਹ ਜਾਗ੍ਰਤੀ ਤੇ ਚੇਤੰਨਤਾ ਭਰੀ ਜਿਸਨੇ ਤਿਲਕ ਜੰਞੂ ਦੀ ਰਖਿਆ ਤਾਂ ਕੀਤੀ ਹੈ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਚਿੜੀਆਂ ਨੂੰ ਬਾਜ ਬਣਾਕੇ ਬਹਾਦਰ ਤੇ ਸਰਫਰੋਸ਼ ਦੀ ਕੌਮ ਨੂੰ ਜਨਮ ਦਿਤਾ ਜਿਸਨੇ ਨੌ ਸੌ ਸਾਲ ਦੇ ਇਸਲਾਮੀ ਰਾਜ ਨੂੰ ਖਤਮ ਕਰਕੇ ਰਖ ਦਿਤਾ।ਇਹ ਗੁਰੂ ਤੇਗਬਹਾਦਰ ਜੀ ਦੀ"ਧਰਮ ਹੇਤ ਇਤੀ"ਦਾ ਹੀਕਮਾਲ ਹੈ।

'ਸਾਰਾ ਕਲਿਜੁਗ ਭੋਗਸੀ,
ਨਾਨਕ ਧਰ ਅਵਤਾਰ'

(ਸੰਤ ਤਰਸੇਮ ਸਿੰਘ 'ਨਾਮਧਾਰੀ' ਸ੍ਰੀ ਜੀਵਨ ਨਗਰ)

ਭਾਂਵੇ ਕੋਈ ਕਿਤਨਾ ਵੀ ਯਤਨ ਕਰੇ ਕਿ ਕਿਸੇ ਗੁਰੂ ਅਵਤਾਰ ਨੂੰ, ਕਿਸੇ ਮਹਾ ਪੁਰਖ ਨੂੰ ਲੁਕਾ ਕੇ ਗਿਆਨ ਰੂਪੀ ਚਾਨਣ ਤੋਂ ਵਾਂਝਿਆਂ ਰਖਿਆ ਜਾਵੇ ਅਤੇ ਉਸਤੇ ਚਿਕੜ ਸੁਟਕੇ ਉਸ ਨੂੰ ਗੰਦਆਂ ਕਰਨ ਦੀ ਕੋਸ਼ਿਸ ਕੀਤੀ ਜਾਵੇ ਪਰ ਫਿਰ ਵੀ ਇਹਨਾ ਯਤਨਾਂ ਦਾ ਕੋਈ ਫਲ ਨਹੀ। ਚੰਨ ਤੇ ਥੁਕਣ ਨਾਲ ਆਪਣੇ ਤੇ ਹੀ ਥੁਕ ਡਿਗਦਾ ਹੈ ਕਿਉ ਕਿ ਗੁਰਬਾਣੀ ਵਿਚ ਲਿਖਿਆ ਹੈ ਕਿ:-

'ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।,
ਏਤੇ ਚਾਨਣ ਹੁੰਦਿਆ ਗੁਰ ਬਿਨੁ ਘੋਰ ਅੰਧਾਰ।

ਭਾਵ ਕਿ ਸਤਿਗੁਰੂ ਦਾ ਪ੍ਰਕਾਸ਼ ਇਤਨਾ ਤੇਜ ਹੁੰਦਾ ਹੈ ਕਿ ਜਿਸਨੂੰ ਕਿਸੇ ਹਾਲਤ ਵਿਚ ਛੁਪਾਇਆ ਨਹੀ ਜਾ ਸਕਦਾ ਅਤੇ ਇਸ ਦੇ ਪ੍ਰਕਾਸ਼ ਦੇ ਸਾਹਮਣੇ ਹਨੇਰਾ ਇਕ ਪਲ ਵੀ ਠਹਿਰ ਨਹੀ ਸਕਦਾ।

ਸਤਿਗੁਰੂ ਜੀ ਤੋਂ ਬਿਨਾ ਮਨੁਖੀ ਜੀਵ ਦਾ ਕੋਈ ਮਹਤਵ ਨਹੀ ਅਤੇ ਇਸ ਦਾ ਮਹਤਵ ਪਸ਼ੂਆਂ ਤੋਂ ਵੀ ਭੈੜਾ ਹੈ ਜਿਵੇ 'ਬਿਨ ਬੂਝੇ ਪਸੁ ਢੋਰ!
ਢੋਰ ਨਾਮ ਹੈ ਮੋਏ ਹੋਏ ਪਸ਼ੂ ਦਾ।

ਸ੍ਰੀ ਗੁਰੂ ਤੇਗ ਬਹਾਦੁਰ ਦਾ ਅਪਜਸਕਰਨ ਵਾਸਤੇ ਅਤੇ ਇਹਨਾਂ ਵਿਚ ਰਖੀ ਗੁਰੂ ਨਾਨਕ ਜੋਤ ਨੂੰ ਬੁਝਾਉਣ ਵ ਸਤੇ ਰਾਖਸ਼ ਰੂਪੀ ਪ ਣਿਆਂ ਨੇ ਬਹੁਤ ਜੋਰ ਲਾਇਆ ਘਰ ਘਰ ਗਦੀਆਲਗੀਆਂ ਪਰ ਇਹ ਪ੍ਰਕਾਸ਼ਵਾਨ ਜੋਤ ਨੂੰ ਕੋਈ ਛਪਾ ਨਸਕਿਆ ਸ੍ਰੀ ਗੁਰੂ ਜੀ ਦੇ ਅੰਦਰ ਵੜਕੇ ਰਹਿਣ ਤੇ ਵੀ ਇਹ ਪ੍ਰਕਾਸ਼ ਇਕ ਕਮਰੇ ਤੀਕ ਸੀਮਤ ਨ ਹੋ ਸਕਿਆ ਅਤੇ ਇਕ ਕਿਰਣ ਮਖਣ ਸ਼ਾਹ ਲਬਾਣੇ ਵਿਚ ਭੇਜ ਕੇ ਸਾਰੀ ਦੁਨੀਆਂ ਦੇ ਭੁਲਿਆਂ ਹੋਇਆਂ ਲੋਕਾਂ ਨੂੰ ਪ੍ਰਕਾਸ਼ ਦੇ ਕੇ ਰਾਹਵਿਖਾਇਆ ਅਤ ਹੋਰਮਸੰਦਾਂ ਅਤੇ ਮਹੰਤਾਂ ਦਾ ਪਾਜ ਅਤੇ ਪਖੰਡ ਨੂੰ ਖੰਡਣਕਰਕੇ ਭੋਲੇ ਭੁਲੇ ਅਤੇ ਭਟਕਦੇ ਹੋਏ ਲੋਕਾਂ ਨੂੰ ਇਨ੍ਹਾਂ ਦੇ ਪੰਜੇ ਤੋਂ ਬਚਾਕੇ ਭਗਤੀ ਦਾ ਰਾਹ ਦਸਿਆ ਅਤੇ

ਧਰਮ ਦਾ ਅਸਲੀ ਰਾਹ ਦਸਿਆ ਅਤੇ ਧਰਮ ਨੂੰ ਅਮਲੀ ਰੂਪ ਦਿਤਾ।

ਜਦੋਂ ਤੋਂ ਸ਼੍ਰਿਸਟੀ ਬਣੀ ਹੈ ਦੇਹਧਾਰੀ ਗੁਰੂ ਵੀਨਾਲਰ ਵਿਚ ਦੇਰਹੇ ਹਨ।ਸਗੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀਨੇਤਾਂ ਐਸੀ ਪਾਨ ਸਿੰਘਾਂ ਨੂੰਚਾੜੀ ਜਿਸਨੂੰ ਕਾਬੂ ਇਕ ਮਹਾਨ ਮਹਾਤਮਾਂ ਜਰਨੈਲ ਤੋਂ ਬਿਨਾ ਕੋਈ ਕਰ ਹੀ ਨਹੀ ਸਕਦਾ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਜੋ ਹਾਲ ਸਿਖ ਸਰਦਾਰਾਂ ਤੇ ਸਿਖ ਰਾਜ ਹੋਇਆ,ਉਸਦਾ ਮੂਲ ਕਾਰਨ ਇਕ ਮਹਤਵ ਪੂਰਨ ਆਗੂ ਦੀ ਹੀ ਘਾਟ ਸੀ।

ਸੋਚਣ ਵਾਲੀ ਗਲ ਇਹ ਹੈ ਕਿ ਗੁਰੂ ਤੇਗ ਬਹਾਦੁਰ ਜੀ ਦੇ ਸਮੇ ਦਾ ਟਾਕਰਾ ਹੁਣ ਦੇ ਸਮੇ ਨਾਲ ਕਰੀਏ ਤਾਂ ਸਮਾਂ ਬਹੁਤੀ ਗਿਰਾਵਟ ਵਲ ਜਾਪਦਾ ਹੈ ਜਿਸਤਰਾਂ ਗੁਰੂ ਤੇਗ ਬਹਾਦੁਰ ਜੀ ਸਮੇ ਮਸੰਦ ੨੨ ਮੰਜੀਆਂ ਲਈ ਬੈਠੇ ਸਨ ਹੁਣ ਵੀ ਕਈ ਇਸਤਰਾਂ ਦੇ ਮਿਟ ਨਰੇ ਪਰ ਜੇਕਰ ਅਸੀਂ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸ਼ਤਾਬਦੀ ਮਨਾਕੇ ਅਪਣੇ ਆਪ ਨੂੰ ਸੁਭਾਗੇ ਸਮਝਣਾਂ ਹੈ ਤਾਂ ਇਹ ਜਰੂਰੀ ਬਣਦਾ ਹੈ ਕਿ ਅਸੀਂ ਉਹਨਾਂ ਦੇ ਪਾਏ ਪੂਰਨਿਆਂ ਤੇ ਚਲੀਏ ਉਹਨਾਂ ਦੀ ਵਿਛਾਈ ਹੋਈ ਧਰਮ ਦੀ ਚਾਦਰ ਦੇ ਹਠਾਂ ਰਹਿਕੇ ਸਿਖੀ ਦੇ ਅਸੂਲਾਂ ਦਾ ਜੋ ਅਸਲੀ ਰੂਪ ਹੈ ਉਨਾ ਧਾਰਨ ਕਰੀਏ।

ਵਾਲਹੁ ਨਿਕੀ ਖੰਡਿਹੁ ਤਿਖੀ ਸਿਖੀ ਨੂੰ ਸਮਝੀਏ ਅਤੇ ਉਸਨੂੰ ਧਾਰਨ ਕਰੀਏ।

ਜਦੋਂ ਕੋਈ ਸੰਪਰਦਾਏ ਕੋਈ ਸੰਸਥਾ ਆਪਣੇ ਅਸੂਲਾਂ ਤੋਂ ਗਿਰ ਜਾਂਦੀ ਹੈ ਤਾਂ ਉਸ ਦੇ ਪੈਰੋਕਾਰਾਂ ਨੇ ਉਸ ਸੰਸਥਾ ਨੂੰ ਉਤਾਂਹ ਤੇ ਕੀਚੁਕਣਾਂ ਹੈ ਉਹ ਤੇ ਉਸ ਦੀ ਗਿਰਾਵਟ ਦਾ ਕਾਰਨ ਬਣਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਹੀਦੀ ਦਿਹਾੜੇ ਤੋਂ ਅਸੀ ਸਾਰੇ ਮਾਨਵ ਜਾਤੀ ਸਿਖਿਆ ਲਈਏ ਕਿ ਹਜ਼ੂਰ ਨੇ ਹਿੰਦੂ ਧਰਮ ਨੂੰ ਪਿਆਰ ਕੀਤਾ, ਜਿਸਦੀ ਖਾਤਰ ਆਪਣਾ ਸੀਸ ਬਲੀਦਾਨ ਕੀਤਾ ਅਤੇ ਉਹਨਾਂ ਦੇ ਪਾਇਆਂ ਪੂਰਨਿਆਂ ਤੇ ਚਲਕੇ ਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੁਖੀਆਂ ਦੀ ਸਹਾਇਤਾ ਕਰਦਿਆਂ ਨਿਆਸਰਿਆਂ ਦਾ ਆਸਰਾ ਬਣਦਿਆ ਅਤੇ ਦੇਸ, ਕੌਮ ਅਤੇ ਧਰਮ ਦੀ ਖਾਤਰ ਆਪਣੇ ਚਾਰੇ ਸਾਹਿਬ ਜਾਦੇ, ਮਾਤਾ ਗੁਜਰੀ ਜੀ ਅਤੇ ਸਰਬੰਸ ਵਾਰ ਦਿਤਾ ਅਤੇ ਆਪ ਅਸਹਿ ਅਤੇ ਅਕਹਿ ਕਸਟ ਸਹਾਰੇ। ਕੀ ਉਨ੍ਹਾਂ ਅਪਣੀ ਪਦਵੀ ਬਨਾਉਣ ਵਾਸਤੇ ਅਪਣਾ ਸਰਬੰਸ ਪਾਲਣ ਲਈ ਇਹ ਸਭ ਕੁਝ ਕੀਤਾ ਨਹੀ ਇਹ ਤੇ ਉਨਾ ਦੁਖੀਆਂ ਦੇ ਦੁਖ ਦੂਰ ਕਰਨ, ਗਊ ਗਰੀਬ ਦੀ ਰਖਿਆ ਕਰਨ ਦੇਵਤਿਆਂ ਨੂੰ ਰਾਖਸਾਂ ਤੋਂ ਬਚਾਉਣ ਖਾਤਰ ਅਤੇ ਕੁਰਾਹੀਆਂ ਨੂੰ ਰਾਹੇ ਪਾਉਣਵਾਸਤੇ ਕੀਤਾ ਸੀ, ਕੀ।ਹੁਣਸਾਨੂੰਗੁਰੂਗੋਬਿੰਦ ਸਿੰਘ ਜੀ ਦੇ ਜਾਨਸੀਨ ਦੀ ਅਤੇ ਗਊ ਗਰੀਬ ਦੇ ਰਖਿਆ ਕਰਨ ਅਤੇ ਧਰਮ ਪਾਲਨ ਦੀ ਕੋਈ ਲੋੜ ਨਹੀ ਜਦੋ ਕਿ ਘੋਰ ਕਲਜੁਗ ਜਾ ਰਿਹਾ ਹੈ।

ਜਦੋਂ ਸਿਖਾਂ ਨੇ ਧੀਰ ਮਲ ਤੋਂ ਬੀੜ ਖੋਹ ਲਿਆਦੀ ਅਤੇ ਸਾਂਤੀ ਦੇ ਸਾਗਰ ਸ੍ਰੀ ਗੁਰੂ ਤੇਗ ਬਹਾਦਰ ਜੀ ਉਨਾਂ ਨੂੰ ਗੁਸੇ ਹੋਏ ਅਤੇ ਬਿਆਸ ਦਰਿਆ ਵਿਚ ਗ੍ਰੰਥ ਸਾਹਿਬ ਨੂੰ ਪੀੜੇ ਦੇ ਸਮੇਤ ਅਮਾਨਤ ਰਖਕੇ ਧੀਰ ਮਲ ਜੀ ਨੂੰ ਸੁਨੇਹਾ ਦਿਤਾ ਕਿ ਉਹ ਦਰਿਆ ਤੋਂ ਅਰਦਾਸ ਕਰਕੇ ਅਪਣੀ ਅਮਾਨਤ ਲੈ ਲੈਣ।

ਧੀਰ ਮਲ ਜੀ ਅਕਸਰ ਗੁਰੂ ਅੰਸ਼ ਸਨ ਉਨਾ ਨੂੰ ਗੁਰੂ ਜੀ ਦੀ ਰਬੀ ਤਾਕਤ ਦਾ ਤੇ ਪਤਾ ਹੀ ਸੀ ਨਾਲ ਹੀ ਇਹ ਵਿਸਵਾਸ ਵੀ ਸੀ ਕਿ ਸਤਿਗੁਰੂ ਕਦੇ ਝੂਠ ਨਹੀ ਬੋਲਦੇ ਅਤੇ ਪੌਣ ਪਾਣੀ ਇਨਾਂ ਦੇ ਹੁਕਮ ਵਿਚ ਹਨ ਬੇਸਕ ਮੰਦਾ ਕਰਮ ਉਨਾਂ ਨੂੰ ਗਿਰਾਵਟ ਵਲ ਲਿਜਾਈ ਜਾਂਦਾ ਸੀ ਤੇ ਸੋਝੀ ਨਹੀ ਸੀ ਆਉਣ ਦਿੰਦਾ। ਹੰਕਾਰ ਦਾ ਮਾਰਿਆ ਅਰਦਾਸ ਕਰੇ ਪਰ ਮੌਕੇ ਦੇ ਸਤਿਗੁਰੂ ਦਾ ਨਾਮ ਨਾ ਲਵੇ ਟੁੰਭੀਆ ਮਾਰ ਮਾਰ ਹੰਭ ਗਏ ਪਰ ਬੀੜ ਦਾ ਕੋਈ ਨਿਸਾਨ ਨ ਲਭਾ ਕਿਸੇ ਦੇ

ਆਖਣ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅਰਦਾਸੇ ਵਿਚ ਨਾਮ ਲਿਆ ਤਾਂ ਉਸੇ ਵਕਤ ਬੀੜ ਦੀ ਪ੍ਰਾਪਤੀ ਹੋ ਗਈ। ਕੀ ਅਜ ਦੇਹ ਧਾਰੀ ਗੁਰੂ ਦੀ ਕੋਈ ਲੋੜ ਨਹੀ? ਮੰਨ ਦੀਆਂ ਭਾਵਨਾ ਪੂਰੀਆਂ ਕਰਨ ਤੇ ਭਗਤੀ ਮਾਰਗ ਵਾਸਤੇ ਅਤੇ ਅੰਧੇਰੇ ਵਿਚੋਂ ਪ੍ਰਕਾਸ਼ ਲੈਣ ਦੀ ਕੋਈ ਲੋੜ ਨਹੀ? ਕਿਸੇ ਪ੍ਰਕਾਸ਼ਵਾਨ ਦੀ ਕੋਈ ਲੋੜ ਨਹੀ? ਕੀ ਸਾਰਾਕਲਜੁਗ ਦਾ ਸਮਾ ਭੁਗਤ ਗਿਆ ਹੈ? ਜੇ ਨਹੀ? ਤਾਂ ਫਿਰ ਗੁਰਬਾਣੀਮੁਤਾਬਕ ਤੇ ਸਾਰਾ ਕਲਜੁਗ ਦੇਹਧਾਰੀ ਸਤਿਗੁਰੂ ਨੇ ਅਵਤਾਰ ਲੈ ਕੇ ਹੀ ਭੁਗਤਣਾ ਹੈ ਤਾਂ ਉਸ ਬਾਰੇ ਕੀ ਵਿਚਾਰ ਹੈ? ਦੇਹ ਧਾਰੀ ਸਤਿਗੁਰੂ ਤੋਂ ਬਿਨਾਂ ਜਿੰਦਗੀ ਅਧੂਰੀ ਤੇ ਮਰਨ ਜੀਵਣ ਦੇ ਲੰਬੇ ਪੰਧ ਤੋ ਕਦੇ ਵੀ ਛੁਟਕਾਰਾ ਨਹੀ ਪਾਇਆ ਜਾ ਸਕਦਾ।

ਅਜ ਵੀ ਜੇਕਰ ਅਸੀ ਆਪਣਾ ਜ਼ਾਮਨ ਸਮੇ ਦੇ ਮਾਲਕ ਸ੍ਰੀ ਸਤਿਗੁਰੂ ਜੀ ਨੂੰ ਨਹੀ ਮੰਨਦੇ ਤਾਂ ਅਸੀ ਇਸ ਭਵਜਲ ਰੂਪੀ ਸੰਸਾਰ ਤੋਂ ਪਾਰ ਨਹੀ ਹੋ ਸਕਦੇ ਜਨਮ ਮਰਨ ਦੇ ਚਕਰ ਵਿਚੋਂ ਨਹੀ ਨਿਕਲ ਸਕਦੇ।

ਜੇਕਰ ਅਜ ਵੀ ਅਸੀ ਪੂਰੀ ਸਰਧਾ ਭਾਵਨਾ ਨਾਲ ਅਰਦਾਸ ਕਰੀਏ ਤਾਂ ਅਜ ਵੀ ਉਹ ਨਾਨਕ ਰੂਪੀ ਜੋਤ, ਜੋ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਵਿਚ ਪ੍ਰਕਾਸਵਾਨ ਹੈ ਵਿਚੋਂ ਪ੍ਰਕਾਸ ਮਿਲਦਾ ਹੈ ਹਰ ਭਾਵਨਾ ਪੂਰੀ ਹੁੰਦੀ ਅਤੇ ਹਰ ਕਸਟ ਵਿਚੋਂ ਖਲਾਸੀ ਹੁੰਦੀ ਹੈ ਅਤੇ ਮਰਨ ਜੀਵਣ ਦੇ ਚਕਰ ਵਿਚੋਂ ਨਿਕਲ ਕੇ ਸਵਰਗ ਦੇ ਅਧਿਕਾਰੀ ਬਣਿਆ ਜਾ ਸਕਦਾ ਹੈ।

ਇਹ ਕਿਸੇ ਤੋਂ ਭੁਲੀ ਹੋਈ ਜਾਂ ਛਿਪੀ ਹੋਈ ਗਲ ਨਹੀਂ ਹਰ ਪ੍ਰਾਣੀ ਨੂੰ ਪਤਾ ਹੈ ਕਿ ਪਿਛਲੇ ਦਿਨੀਂ ਸਤੰਬਰ ੧੯੭੬ ਵਿਚ ਗਰੀਬ ਨਿਵਾਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਾਹਰਲੇ ਦੇਸ ਵਲਾਇਤ, ਕਨੇਡਾ, ਅਮ੍ਰੀਕਾ ਅਫ੍ਰੀਕਾ ਦਾ ਦੋਰਾ ਕੀਤਾ ਅਤੇ ਵਲਾਇਤ ਨਿਵਾਸੀ ਬਾਰਸ਼ ਤੋ ਸ਼ਹਿਰ ਕਰਕੇ ਜਲ ਪਾਣੀ ਦੀ ਬਹੁਤ ਤੰਗੀ ਸੀ ਉਨਾਂ ਨੇ ਸਤਿਗੁਰੂ ਸਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਬਾਰਸ਼ ਵਾਸਤੇ ਅਰਜ਼ ਕੀਤੀ ਤੇ ਸਤਿਗੁਰੂ ਜੀ ਅਰਦਾਸ ਕਰਨ ਦਾ ਹੁਕਮ ਕੀਤਾ। ਅੰਦਰ ਅਰਦਾਸ ਹੋ ਰਹੀ ਹੈ ਤਾਂ ਬਾਹਰ ਮੀਂਹ ਪੈਣਾਂ ਸ਼ੁਰੂ ਹੋ ਗਿਆ। ਹਰ ਵਲਾਇਤ ਨਿਵਾਸੀ ਪ੍ਰਭਾਵਤ ਹੋਇਆ ਸਾਰੇ ਗਰੀਬ ਨਿਵਾਜ ਨੂੰ ਰੇਨ ਮੇਕਰ ਦੇ ਨਾਂਮ ਨਾਲ ਪੁਕਾਰਦੇ ਸਨ। ਅਜਵੀ ਮਖਣਸ਼ਾਹ ਲਬਾਣੇਦੀਤਰਾਂ ਸਤਿਗੁਰਾਂ ਨੇ ਵਲਾਇਤ ਨਿਵਾਸੀਆਂ ਦੇ ਕਸ਼ਟ ਨੂੰ ਦੂਰ ਕਰਕੇ ਬਾਰਸ਼ ਦੀ ਕ੍ਰਿਪਾ ਕਰਕੇ ਦੁਖੀ ਪ੍ਰਾਣੀਆਂ ਨੂੰ ਸੁਖੀ ਕੀਤਾ ਹੈ। ਅੰਗ੍ਰੇਜੀ ਅਖਬਾਰਾ, ਪੰਜਾਬੀ ਅਖਬਾਰਾ, ਰਿਸਾਲਿਆਂ ਤੇ ਜੋ ਵਲੈਤ ਤੋਂ ਆਏ ਭਾਰਤ ਤੋਂ ਪ੍ਰਕਾਸ਼ਤ ਹੁੰਦੇ ਹਨ ਮਖਣ ਸ਼ਾਹ ਲਬਾਣੇ ਦੀ ਤਰਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੋਭਾ ਨਾਲ ਲੋਕਾਂ ਦੇ ਅਗੇ ਦੁਹਾਈ ਪਾਈ ਕਿ ਇਨ੍ਹਾਂ ਦੇ ਚਰਨੀ ਲਗੋ ਇਨ੍ਹਾਂ ਦੇ ਹੁਕਮ ਵਿਚ ਪੌਣ ਪਾਣੀ ਅਤੇ ਸਾਰੀ ਪ੍ਰਕਿਰਤੀ ਹੈ।

ਇਹ ਸਭ ਕੁਝ ਜਾਣ ਕੇ ਵੀ ਜੇ ਕਰ ਅਸੀ ਉਸ ਗੁਰੂ ਤੇਗ ਬਹਾਦਰ ਦੇ ਅਸਲੀ ਜਾ ਨਸ਼ੀਨ ਸਤਿਗੁਰੂ ਦੀ ਸ਼ਰਨੀ ਨਹੀਂ ਲਗਦੇ ਤਾਂ ਇਹ ਸ਼ਤਾਬਦੀ ਮਨਾਉਣ ਦਾ ਕੀ ਫਾਇਦਾ? ਸ਼ਤ ਬਦੀ ਸਿਰਫ ਲੋਕ ਵਿਖਾਵਾ ਬਣਕੇ ਹੀ ਰਹਿ ਜਾਵੇ ਗੀ। ਕਿਉਂ ਕਿ ਗੁਰੂਬਾਣੀ ਅਨੁਸਾਰ ਮੌਕੇ ਦੇ ਸਤਿਗੁਰੂ ਤੋਂ ਬਿਨਾਂ ਛੁਟਕਾਰਾ ਨਹੀਂ। ਜੇ ਕਰ ਅਸੀਂ ਇਹ ਹੁਕਮ ਨਹੀਂ ਮਨਦੇ ਤਾਂ ਫਿਰ ਅਸੀ ਸ਼ਤਾਬਦੀ ਮਨਾ ਕੇ ਐਵੇਂ ਫਜੂਲ ਖਰਚਹੀ ਕਰਦੇ ਹਾਂ।

ਆਓ ਅਸੀ ਦੇਹਧਾਰੀ ਗੁਰੂ ਦੇ ਲੜ ਲਗਕੇ ਸੁਚੱਜਾ ਜੀਵਨ ਧਾਰਨ ਕਰਕੇ, ਜਪ ਤਪ ਕਰਕੇ, ਸ਼ੁਭ ਆਚਰਣ ਦਾ ਬਾਣਾ ਪਹਿਨ ਕੇ ਉਸ ਪ੍ਰੀਤਮ ਦੀ ਯਾਦ ਵਿਚ ਸਾਂਝੀਵਾਲਤਾਂ ਪੈਦਾ ਕਰਕੇ, ਮਾਨਵ ਭਲਾਈ ਨੂੰ ਮੁਖ ਰਖ ਕੇ ਉਸ ਪ੍ਰੀਤਮ ਪਿਆਰੇ ਸਤਿਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਜੁੜ ਬੈਠੀਏ ਤੇ ਉਨਾਂ ਦੀ ਸ਼ਹੀਦੀ ਦੀ ਕਦਰ ਨੂੰ ਜਾਣ ਏ।

ਗੌਰਮਿੰਟ ਰਣਬੀਰ ਕਾਲਜ ਸੰਗਰੂਰ ਦੇ ਮੈਗਜ਼ੀਨ ਵਿਚ ਛਪਿਆ :—

ਸੀਸ਼ ਦੀਆ ਪਰ ਸਿਰਰੁ ਨ ਦੀਆ

ਅਜਾਇਬ ਸਿੰਘ ਨਾਮਧਾਰੀ
ਸੈਕਟਰੀ ਨਾਮਧਾਰੀ ਵਿਦਯਕ ਜਥਾ ਸੰਗਰੂਰ

ਜਦ ਤੋਂ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ ਓਸ ਸਮੇ ਤੋਂ ਹੀ ਸੰਸਾਰ ਦੇ ਅੰਦਰ ਦੋ ਵਿਰੋਧੀ ਤਾਕਤਾਂ ਦਾ ਸੰਘਰਸ਼ ਹੁੰਦਾ ਆਇਆ ਹੈ। ਇਨ੍ਹਾਂ ਤਾਕਤਾਂ ਦੇ ਕੁਝਕੁ ਉਦਾਹਰਣ ਹਨ :– ਨੇਕੀ ਤੇ ਬਦੀ,ਪੁਨ ਤੇਪਾਪ,ਸਚਾਈ ਤੇ ਝੂਠ,ਧਰਮ ਤੇਅਧਰਮ ਅਤੇ ਚੰਗਿਆਈ ਤੇ ਬੁਰਿਆਈ ਆਦਿ। ਇਨ੍ਹਾਂ ਜੋੜਿਆਂ ਵਿਚੋਂ ਨੇਕੀ,ਪੁਨ,ਸਚਾਈ,ਧਰਮ ਅਤੇ ਚੰਗਿਆਈ ਆਦਿ ਦੀ ਅਗਵਾਈ ਦੇਵਤੇ, ਅਤੇ ਝੂਠ,ਅਧਰਮ,ਬੁਰਿਆਈ ਅਤੇ ਪਾਪ ਆਦਿ ਦੀ ਅਗਵਾਈ ਦੈਂਤ ਕਰਦੇ ਹਨ। 'ਚੰਡੀ ਦੀ ਵਾਰ' ਦੇ ਅਰੰਭ ਵਿਚ ਸ੍ਰੀ ਦਸ਼ਮੇਸ਼ ਪਾਤਸ਼ਾਹ ਨੇ ਇਸਦਾ ਵਰਨਨ ਕੀਤਾ ਹੈ ਕਿ "ਖੰਡੇ ਤੋਂ ਸੰਸਾਰ ਦੀ ਉਤਪਤੀ ਹੋਈ ਅਤੇ ਫਿਰ ਦੈਂਤ ਅਤੇ ਦੇਵਤੇ ਸਾਜੇ ਜਿਨ੍ਹਾਂ ਵਿਚ ਲੜਾਈ ਖੜੀ ਕਰ ਦਿਤੀ":–

"ਖੰਡਾ ਪ੍ਰਿਥਮੈ ਸਾਜਿਕੈ
ਜਿਨ ਸਭ ਸੈਂਸਾਰ ਉਪਾਇਆਂ॥
ਸਿਰਜੇ ਦਾਨੋ ਦੇਵਤੇ
ਤਿਨ ਅੰਦਰ ਬਾਦ ਰਚਾਇਆ॥"

ਪੁਰਾਤਨ ਇਤਹਾਸ ਅਤੇ ਮਿਥਿਹਾਸ ਵਲ ਨਿਗਾਹ ਮਾਰਨ ਤੋਂ ਪਤਾ ਚਲਦਾ ਹੈ ਕਿ ਇਹ ਝਗੜਾ ਆਦਿ ਤੋਂ ਚਲਿਆ ਆ ਰਿਹਾ ਹੈ ਜਿਵੇਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਤੇ ਕੰਸ,ਭਗਵਾਨ ਸ੍ਰੀ ਰਾਮ ਚੰਦ੍ਰ ਜੀ ਤੇ ਰਾਵਣ;ਭਗਤ ਪ੍ਰਹਲਾਦ ਤੇ ਹਰਨਾਖ਼ਸ਼ ਆਦਿ। ਕਲਯੁਗ ਅੰਦਰ ਸਿਖ ਮਤ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ। ਇਹ ਝਗੜਾ ਕਾਇਮ ਰਖਣ ਲਈ ਬਾਬਰ ਮੁਕਾਬਲੇ ਵਿਚ ਆਇਆ। ਬਹੁਤ ਵਿਸਥਾਰ ਵਿਚ ਨਾਂ ਜਾਂਦੇ ਹੋਏ ਇਹੀ ਕਹਿਣਾਂ ਕਾਫੀ ਹੈ ਕਿ ਧਰਮ ਅਤੇ ਅਧਰਮ ਦਾ ਝਗੜਾ ਸਦੀਵੀ ਹੈ। ਸਿਖ ਗੁਰੂ ਸਾਹਿਬਾਨਾਂ ਨੂੰ ਵੀ ਵਿਰੋਧੀਆਂ ਦਾ ਮੁਕਾਬਲਾ ਕਰਨਾ ਪਿਆ।

ਪੰਚਮ ਪਾਤਸ਼ਾਹ ਦੀ ਸ਼ਹਾਦਤ ਇਸ ਗਲ ਦੀ ਪ੍ਰਤੱਖ ਉਦਾਹਰਣ ਹੈ। ਛੇਵੇਂ ਪਾਤਸ਼ਾਹ ਨੂੰ ਅਧਰਮ ਦਾ ਮੁਕਾਬਲਾ ਕਰਨ ਲਈ ਤਲਵਾਰ ਉਠਾਉਣੀ ਪਈ। ਸੋ ਉਪ੍ਰੋਕਤ ਤੱਥ ਅਨੁਸਾਰ ੧੭ ਵੀਂ ਸਦੀ ਵਿਚ ਇਹ ਝਗੜਾ ਹੋਇਆ। ਇਕ ਪਾਸੇ ਔਰੰਗਜ਼ੇਬ ਅਤੇ ਦੂਜੇ ਪਾਸੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ। ਔਰੰਗਜੇਬ ਵੀ ਇਸਲਾਮ ਦਾ ਪਰਚਾਰ ਕਰਕੇ ਇਸਲਾਮ ਨੂੰ ਫੈਲਾਉਣਾ ਚਾਹੁੰਦਾ ਸੀ ਅਤੇ ਗੁਰੂ ਸਾਹਿਬ ਵੀ ਆਪਣਾ ਸੰਦੇਸ ਜਨਤਾ ਨੂੰ ਦੇਣਾ ਚਾਹੁੰਦੇ ਸਨ। ਪਰੰਤੂ ਦੋਨਾਂ ਦੇ ਪਰਚਾਰ ਦੇ ਰਾਹ ਅਤੇ ਢੰਗ ਵਿਚ ਢੇਰ ਸਾਰਾ ਅੰਤਰ ਸੀ।

ਔਰੰਗਜ਼ੇਬ ਨੇ ਇਸਲਾਮ ਦਾ ਪਰਚਾਰ ਅਰੰਭਿਆ ਰਾਜਨੀਤੀ ਦੇ ਚਾਰ ਤਰੀਕਿਆਂ ਸਾਮ (ਪਿਆਰ) ਦਾਮ (ਦੌਲਤ) ਡੰਡ (ਸਜ਼ਾ) ਅਤੇ ਭੇਦ (ਪਾੜਨਾਂ ਤੇ ਰਾਜ ਕਰਨਾ) ਵਿਚੋਂ ਪਹਿਲੀਆਂ

ਦੋ ਸਟਜਾਂ ਨੂੰ ਅਪਣਾ ਕੇ ਵੇਖਿਆ। ਪਰੰਤੂ ਕੋਈ ਚਾਰਾ ਨਾਂ ਚਲਦਾ ਵੇਖਕੇ ਤੀਸਰਾ ਢੰਗ ਸਾਹਮਣੇ ਲੈ ਆਂਦਾ ਅਤੇ ਜ਼ੋਰ-ਜ਼ਬਰ ਦਾ ਚੱਕਰ ਚਲਾ ਦਿਤਾ ਤਸੀਹ ਦੇ ਕੇ ਹਿੰਦੂਆਂ ਤੋਂ ਮੁਸਲਮਾਨ ਬਣਾਏ ਜਾਣ ਲਗੇ। ਇਹ ਸੀ ਔਰੰਗਜ਼ੇਬ ਦੇ ਪਰਚਾਰ ਦਾ ਢੰਗ। ਦੂਜੇ ਪਾਸੇ ਸਿਖ ਇਤਿਹਾਸ ਪੜ੍ਹਿਆਂ ਤੇ ਵਿਚਾਰਿਆਂ ਪਤਾ ਲਗਦਾ ਹੈ ਕਿ ਗੁਰੂ ਸਾਹਿਬਾਨਾਂ ਨੇ ਜਿਸਨੂੰ ਵੀ ਦੱਸਿਆ ਸਚਾਈ ਦਾ ਰਾਹ ਦੱਸਿਆ ਅਤੇ ਪਿਆਰ ਨਾਲ ਦਸਿਆ ਆਪਣੇ ਆਪ ਨੂੰ ਨੀਚ,ਨਿਮਾਣਾ,ਮੂਰਖ, ਨਿਰਗੁਣੀਆਰਾ ਅਤੇ ਦਾਸ ਕਹਿ ਕੇ ਪੁਕਾਰਿਆ ਕੋਈ ਬੰਦਾ ਜੋ ਜਿਸ ਧਰਮ ਦਾ ਅਨੁਯਾਈ ਸੀ, ਉਸਨੂੰ ਉਸ ਧਰਮ ਦੇ ਅਧਾਰ ਉਤੇ ਸਮਝਾਉਣ ਦੀ ਕੋਸ਼ਿਸ ਕੀਤੀ। ਇਹ ਸੀ ਸਿਖ ਗੁਰੂ ਸਾਹਿਬਾਨਾਂ ਦੇ ਉਪਦੇਸ ਅਤੇ ਪ੍ਰਚਾਰ ਦਾ ਢੰਗ।

ਇਸ ਗਲ ਉਤੇ ਵਿਚਾਰ ਕੀਤਿਆਂ ਸਾਨੂੰ ਪਤਾ ਲਗਦਾ ਹੈ ਕਿ ਸਿੱਖੀ ਵਿਚ ਆਤਮਾ ਨੂੰ ਉਚਾ ਦਰਜਾ ਦਿਤਾ ਗਿਆ ਹੈ। ਰਬ ਨੂੰ ਇਕ ਮੰਨਿਆ ਗਿਆ ਹੈ ਅਤੇ ਇਸ ਖ਼ਲਕਤ ਨੂੰ ਉਸ ਪ੍ਰਮਾਤਮਾ ਦਾ ਰੂਪ ਸਮਝਿਆ ਗਿਆ ਹੈ। ਦੂਜੀ ਗਲ ਸਿੱਖੀ ਦਾ ਇਹ ਮਹਾਨ ਅਸੂਲ ਹੈ ਕਿ "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ" ਕਿ ਜੋ ਸਰਣੀ ਆਉਂਦਾ ਹੈ, ਉਸਦੀ ਮਦਦ ਜਰੂਰੀ ਹੈ। ਸਿਖ ਇਤਹਾਸ ਵਿਚ ਅਨੇਕਾਂ ਉਦਾਹਰਣਾਂ ਇਸ ਗਲ ਦੀ ਪੁਸ਼ਟੀ ਦਾ ਪ੍ਰਤੱਖ ਸਬੂਤ ਹਨ।

ਸੋ ਔਰੰਗਜ਼ੇਬ ਨੇ ਜ਼ਬਰਦਸਤੀ ਕਰਨੀ ਸ਼ੁਰੂ ਕਰ ਦਿੱਤੀ। ਕਸ਼ਮੀਰ ਹਿੰਦੂਆਂ ਦਾ ਗੜ੍ਹ ਸੀ ਕਸ਼ਮੀਰ ਦੇ ਪੰਡਤ ਹਿੰਦੂ ਧਰਮ ਦੇ ਮੋਢੀ ਮੰਨੇ ਜਾਂਦੇ ਸਨ। ਔਰੰਗਜ਼ੇਬ ਨੇ ਸੋਚਿਆ ਕਿ ਇਸਲਾਮ ਦੇ ਪ੍ਰਚਾਰ ਦਾ ਸੌਖਾ ਤਰੀਕਾ ਇਹੀ ਹੈ ਕਿ ਪਹਿਲਾਂ ਹਿੰਦੂਆਂ ਦੇ ਆਗੂਆਂ ਨੂੰ ਮੁਸਲ ਮਾਨ ਬਣਾਇਆ ਜਾਵੇ ਦੂਜੇ ਪਾਸੇ ਦੋ ਜਹਾਨ ਵਾਲੀ ਸ੍ਰੀ ਗੁਰੂ ਤੇਗ ਬਹਾਦਰ ਸੰਗਤਾਂ ਨੂੰ ਆਪਾਣੇ ਧਰਮ ਦੀ ਪਾਲਣਾਂ ਕਰਨ ਦਾ ਉਪਦੇਸ਼ ਦੇ ਰਹੇ ਸਨ। ਜਿਸ ਕਰਕੇ ਉਨਾਂ ਨੂੰ ਪਹਿਲਾਂ ਵੀ ਇਕ ਦੋ ਵਾਰ ਕੈਦ ਹੋਣਾਂ ਪਿਆ।

ਜ਼ੁਲਮ ਅਤੇ ਜ਼ਬਰ ਦਾ ਚੱਕਰ ਕਸ਼ਮੀਰ ਵਿਚ ਜੋਰ ਨਾਲ ਚੱਲਿਆ। ਕਿਹਾ ਜਾਂਦਾ ਹੈ ਕਿ ਕਸ਼ਮੀਰੀ ਪੰਡਤਾਂ ਦੇ ਗੁਰੂ ਸਾਹਿਬ ਪਾਸ ਆਉਣ ਤੋਂ ਪਹਿਲਾਂ ਹਿੰਦੂਆਂ ਦੇ ਲਹਾਏ ਜਾਂਦੇ ਜੰਞੂਆਂ ਦਾ ਭਾਰ ਸਵਾਮਣ ਪ੍ਰਤੀਦਿਨ ਹੁੰਦਾ ਸੀ ਧਰਮ ਦੀ ਰਖਿਆ ਲਈ ਪੰਡਤਾਂ ਨੇ ਗੁਰੂ ਸਾਹਿਬ ਪਾਸ ਫ਼ਰਿਆਦ ਕੀਤੀ। ਇਕ ਨਵੀ ਖੋਜ ਮੁਤਾਬਿਕ ਪਤਾ ਚਲਿਆ ਹੈ ਕਿ ਇਹ ਬੰਦੇ ਸਿਰਫ ਪੰਡਤ ਹੀ ਨਹੀਂ ਸਨ ਸਗੋਂ ਹੋਰ ਹਿੰਦੂ ਵੀ ਸਨ ਜਿਨਾਂ ਦੀ ਗਿਣਤੀ ੧੬ ਦੇ ਕਰੀਬ ਦੱਸੀ ਜਾਂਦੀ ਹੈ। ਗੁਰੂ ਸਾਹਿਬ ਨੇ ਉਨ੍ਹਾਂ ਦੀ ਫਰਿਆਦ ਸੁਣੀ।

ਸੋ ਪੰਡਤਾਂ ਦੇ ਔਰੰਗਜ਼ੇਬ ਪਾਸ ਪਹੁੰਚਣ ਤੋਂ ਬਾਅਦ ਗੁਰੂ ਸਾਹਿਬ ਆਗਰੇ ਵਿਚ ਕੈਦ ਕਰ ਲਏ ਗਏ। ਕੈਦ ਹੋਣ ਤੋਂ ਬਾਅਦ ਆਪਨੂੰ ਚਮਤ-ਕਾਰ ਦਿਖਾਉਣ ਲਈ ਜਾਂ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ ਪਰੰਤੂ ਧਰਮ ਦੀ ਖਾਤਰ ਸ੍ਰੀ ਸਤਿਗੁਰੂ ਜੀ ਨੇ ਦਿਲੀ ਦੇ ਚਾਂਦਨੀ ਚੌਕ ਵਿਚ ਸੀਸ ਦੀ ਕੁਰਬਾਨੀ ਦਿੱਤੀ। ਆਪਦੀ ਸ਼ਹਾਦਤ ਤੋਂ ਪਹਿਲਾਂ ਭਾਈ ਮਤੀ ਦਾਸ ਨੂੰ ਆਰੇ ਨਾਲ ਦੁਫਾੜ ਕੀਤਾ ਗਿਆ,ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਸਾੜਿਆ ਗਿਆ ਅਤੇ ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਵਿਚ ਉਬਾਲਿਆ ਗਿਆ।

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ "ਹਿੰਦ ਦੀ ਚਾਦਰ" ਦੀ ਸ਼ਹੀਦੀ ਦਾ ਵਰਨਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿਤ੍ਰ ਨਾਟਕ' (ਆਪਣੀ ਸ੍ਵੈ ਜੀਵਨੀ) ਵਿਚ ਚੰਗੀ ਤਰਾਂ ਕੀਤਾ ਹੈ ਜਿਸ ਵਿਚੋਂ ਕੁਝਕੁ ਉਦਾਹਰਣਾਂ ਦਿਤੀਆਂ ਜਾਂਦੀਆਂ ਹਨ ਜਿਸ ਨਾਲ ਗੁਰੂ ਸਾਹਿਬ ਦੀ ਸ਼ੁਹੀਦੀ ਦਾ ਮਹੱਤਵ ਜਾਂ ਉਦੇਸ ਉਘੜ ਕੇ ਸਾਡੇ ਸਾਹਮਣੇ ਆਉਂਦਾ ਹੈ :-

"ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ"।

ਪ੍ਰਭੂ ਆਪ (ਸ੍ਰੀ ਗੁਰੂ ਤੇਗ ਬਹਾਦਰ ਦੇ ਰੂਪ ਵਿਚ) -ਤਿਲਕ ਜੰਞੂ ਦਾ ਰਾਖਾ ਹੋਇਆ। ਕਲਜੁਗ ਵਿਚ (ਸ੍ਰੀ ਗੁਰੂ ਤੇਗ ਬਹਾਦਰ ਜੀ ਨੇ)

ਬੜਾ ਦੁਖਾਂਤ ਮਈ ਸਾਕਾ ਕੀਤਾ।

"ਸਾਧਨਿ ਹੇਤਿ ਇਤੀ ਜਿਨਿ ਕਰੀ।
ਸੀਸੁ ਦੀਆ ਪਰ ਸੀ ਨ ਉਚਰੀ"।

ਸਾਧੂਆਂ ਦੀ ਖ਼ਾਤਰ ਉਨ੍ਹਾਂ ਨੇ ਇਤਨਾ ਕੁਝ ਕੀਤਾ। ਸਿਰ ਦੇ ਦਿੱਤਾ ਪਰ 'ਸੀ' ਨਹੀ ਕੀਤੀ ਭਾਵ ਕੋਈ ਦੁਖ ਅਨੁਭਵ ਨਹੀਂ ਕੀਤਾ।

"ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭ ਲੋਗਨ ਕਹ ਆਵਤ ਲਾਜਾ"।

ਗੁਰੂ ਸਾਹਿਬ ਨੂੰ ਚਮਤਕਾਰ ਦਿਖਾਉਣ ਲਈ ਕਿਹਾ ਗਿਆ ਪਰੰਤੂ ਆਪਨੇ ਸਵੀਕਾਰ ਨਹੀ ਕੀਤਾ। ਸ੍ਰੀ ਦਸ਼ਮੇਸ਼ ਪਾਤਸ਼ਾਹ ਨੇ ਨਾਟਕ ਚੇਟਕ (ਚਮਤਕਾਰ) ਨੂੰ ਕੁਕਾਜਾ (ਕੁਕਰਮ ਜਾਂ ਬੁਰਾ ਕੰਮ) ਕਿਹਾ ਹੈ ਕਿ ਇਹ ਕੰਮ ਕਰਦਿਆਂ ਪ੍ਰਭੂ ਦੇ ਲੋਕਾਂ ਜਾਂ ਭਲਿਆਂ ਲੋਕਾਂ ਨੂੰ ਸ਼ਰਮ ਆਉਂਦੀ ਹੈ।

"ਠੀਕਰਿ ਫੋਰਿ ਦਿਲੀਸ ਸਿਰਿ,
ਪ੍ਰਭ ਪੁਰ ਕੀਯਾ ਪਯਾਨ।
ਤੇਗ ਬਹਾਦਰ ਸੀ ਕ੍ਰਿਆ,
ਕਰੀ ਕਿਨਹੂ ਆਨ"।

ਦਿੱਲੀ ਦੇ ਬਾਦਸ਼ਾਹ ਸਿਰ ਉਤੇ ਆਪਣਾਂ ਸਰੀਰਰੂਪੀ ਠੀਕਰਾ ਭੰਨ ਕੇ ਪ੍ਰਮਾਤਮਾ ਪਾਸ ਚਲੇ ਗਏ। ਸ੍ਰੀ ਗੁਰੂ ਤੇਗ ਬਹਾਦਰ ਜੈਸੀ ਕ੍ਰਿਆ ਜਾਂ ਕੰਮ ਹੋਰ ਕਿਸੇ ਨਹੀ ਕੀਤਾ।

"ਤੇਗ ਬਹਾਦਰ ਕੇ ਚਲਤ,
ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ,
ਜੈ ਜੈ ਜੈ ਸੁਰ ਲੋਕ"।

ਸ੍ਰੀ ਗੁਰੂ ਤੇਗ ਬਹਾਦਰ ਦੇ ਚੱਲਣ ਤੋ ਬਾਅਦ ਸੰਸਾਰ ਵਿਚ ਸੋਗ ਪੈ ਗਿਆ ਜਿਸ ਕਰਕੇ ਸਾਰੇ ਜੱਗ ਵਿਚ ਹਾ ਹਾ ਕਾਰ ਮੱਚ ਗਈ ਪਰੰਤੂ ਸਵਰਗ ਵਿਚ ਦਵਤਿਆਂ ਨੇ ਜੈ ਜੈ ਕਾਰ ਕੀਤੀ।

ਸੋ ਧਰਮ ਦੀ ਖ਼ਾਤਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ੧੧ ਦਸੰਬਰ ੧੬੭੫ ਈ. ਨੂੰ ਸੀਸ ਦਿੱਤਾ ਜਿਨ੍ਹਾਂ ਦੀ ੩੦੦ ਸਾਲਾ ਸ਼ਹੀਦੀ ਸ਼ਤਾਬਦੀ ਅਸੀਂ ਮਨਾ ਰਹੇ ਹਾਂ। ਸ਼ਪਸ਼ਟ ਹੈ :–

"ਧਰਮ ਹੇਤ ਸਾਕਾ ਜਿਨ ਕੀਆ,
ਸੀਸੁ ਦੀਆ ਪਰ ਸਿਰਰੁ ਨ ਦੀਆ"।

ਧਰਮ ਦੀ ਖਾਤਰ ਜਿਨ੍ਹਾਂ ਨੇ ਸਾਕਾ ਕੀਤਾ ਸਿਰ ਦੇ ਦਿੱਤਾ ਪਰੰਤੂ ਸਿਰੜ ਨਹੀਂ ਛੱਡਿਆ।

ਅੰਤ ਵਿਚ ਅਰਜ਼ ਹੈ ਕਿ ਭਾਵੇਂ ਗੁਰੂ ਸਾਹਿਬ ਦੇ ਪੂਰੇ ਜੀਵਨ ਬਾਰੇ ਮੈਨੂੰ ਪੂਰੀ ਜਾਣਕਾਰੀ ਨਹੀਂ ਫਿਰ ਵੀ ਉਨ੍ਹਾਂ ਦੀ ਸ਼ਹੀਦੀ ਸ਼ਤਾਬਦੀ ਸਮੇਂ ਜੋ ਕੁਝ ਸੁਣਿਆ,ਪੜ੍ਹਿਆ ਤੇ ਵਿਚਾਰਿਆ ਹੈ, ਲਿਖਿਆ ਹੈ। ਕੋਈ ਗਲਤੀ ਹੋ ਸਕਦੀ ਹੈ। ਕ੍ਰਿਪਾ ਕਰਕੇ ਅਨਜਾਣ ਬੁਧੀ ਸਮਝ ਕੇ ਮੁਆਫ ਕਰਨਾਂ।

ਜੋ ਗੁਰੂ ਤੇਗ ਬਹਾਦਰ!

ਵਲੋਂ ਮਾਸ਼ਟਰ ਹਰਸਾ ਸਿੰਘ 'ਬਾਠ' ਨਾਰਲੀ ਹਾਲ ਸ੍ਰੀ ਜੀਵਨ ਨਗਰ

ਧਰਮ ਹੇਤ ਸਾਕਾ ਜਿਨ ਕੀਆ, ਬਣੇ ਜੋ ਹਿੰਦ ਦੀ ਚਾਦਰ।
ਚੌਂਕ ਚਾਂਦਨੀ, ਪਾਈ ਸ਼ਹਾਦਤ, ਰਹਿ ਜਿਹ ਚਿੱਤ ਇਕਾਗਰ।
ਜਿਸ ਦਾ ਸਿਮਰਨ ਕਰਨੇ ਕਾਰਨ, ਨੌ ਨਿੱਧਾਂ ਘਰ ਧਾਵਨ,
ਐਸੇ ਗੁਰ ਕਉ ਬਲਿ ਬਲਿ ਜਾਈਏ, ਜੋ ਗੁਰੂ ਤੇਗ ਬਹਾਦਰ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਇਸਤ੍ਰੀ

—ਲੇਖਕ ਸ੍ਰੀ ਮਤੀ ਅਮਰਜੀਤ ਕੌਰ ਪ੍ਰੈਜ਼ੀਡੈਂਟ ਇਸਤ੍ਰੀ ਸਤਿਸੰਗ ਸਭਾ ਪੱਟੀ

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸਮੁਚੇ ਰੂਪ ਵਿਚ ਰਹੱਸਮਈ ਬ੍ਰੱਹਮਬਾਣੀ ਹੈ ਅਤੇ ਆਪਣੇ ਭਾਵ ਕਾਰਨ ਸੰਸਾਰ ਦੇ ਪਦਾਰਥਕ ਪਸਾਰ ਨਾਲ ਬਹੁਤ ਘਟ ਸਬੰਧ ਰਖਦੀ ਹੈ ਪਰ ਅਪਣੇ ਬਿੰਬਵਿਧਾਨ ਕਾਰਨ ਇਹ ਇਸ ਪਦਾਰਥਕ ਜਗਤ ਦੀਆਂ ਵਸਤਾਂ ਅਤੇ ਹਸਤੀਆਂ ਨਾਲ ਗਹਿਰੀ ਸਬੰਧਤ ਹੈ। ਜੇ ਅਸੀ ਇਸਦੇ ਅੰਤਰੀਵ ਦਾਰਸਿਨਿੱਕ, ਭਾਵ ਨੂੰ ਛਡ ਕੇ ਕੇਵਲ ਬਿੰਬਵਿਧਾਨ ਨੂੰ ਹੀ ਵਿਚਾਰੀਏ, ਤਾਂ ਇਸ ਵਿਚੋਂ, ਉਹ ਕੁਛ ਪ੍ਰਗਟ ਹੁੰਦਾ ਹੈ। ਜਿਸ ਨੂੰ ਗੁਰੂ ਸਾਹਿਬ ਨੇ ਅਪਣੇ ਪਦਾਰਥਕ ਚੁਗਿਰਦੇ ਵਿਚ ਦੇਖਦੇ ਸਨ ਅਤੇ ਜਿਸ ਦ੍ਰਿਸ਼ਟੀ ਕੋਣ ਤੋਂ ਦੇਖਦੇ ਸਨ। ਗੁਰੂ ਸਾਹਿਬ ਨੇ ਅਪਣੀ ਬਾਣੀ ਵਿਚ ਇਸਤ੍ਰੀ ਬਾਰੇ ਵਧੇਰੇ ਕਰਕੇ ਚਾਰ ਸ਼ਬਦ ਵਰਤੇ ਹਨ ਮਾਈ,ਦਾਰਾ ਕਾਮਨੀ ਅਤੇ ਇਕ ਗਨਕਾ ਨਾਮ। ਇਹ ਚਾਰੇ ਸਬਦ ਚਾਰ ਸਬੰਧ ਪ੍ਰਗਟ ਕਰਦੇ ਹਨ ਮਾਈ ਦਾ, ਪਤਨੀ ਦਾ, ਪਰਾਈ ਔਰਤ ਦਾ, ਅਤੇ ਕੋਈ ਇਤਹਾਸ ਬਣ ਚੁਕੀ ਔਰਤ ਦਾ ਜਿਸ ਸੰਦਰਭ ਵਿਚ ਇਹ ਸਬਦ ਵਰਤੇ ਗਏ ਹਨ, ਉਹਨਾ ਤੋਂ ਗੁਰੂ ਸਾਹਿਬ ਦਾ ਔਰਤ ਦੇ ਇਹਨਾਂ ਚਾਰ ਰੂਪਾਂ ਪ੍ਰਤੀ ਰਵੱਈਆ ਪ੍ਰਗਟ ਹੁੰਦਾ ਹੈ। ਸਾਨੂੰ ਗੁਰੂ ਸਾਹਿਬ ਬਹੁਤ ਸਤਿਕਾਰ ਭਰਿਆ ਸਥਾਨ ਦੇਂਦੇ ਹਨ। ਮਾਂ ਇਕ ਅਜਿਹੀ ਸ਼ਖਸੀਅਤ ਹੈ, ਜਿਸਦੇ ਸਾਹਮਣੇ ਗੁਰੂ ਸਾਹਿਬ ਅਪਣੇ ਮਨ ਦੀ ਵਡੀ ਸ਼ਖਸੀਅਤ ਅਤੇ ਮਾਨਸਿਕ ਉਲਝਨ ਨੂੰ ਪੇਸ਼ ਕਰਕੇ ਉਸ ਦੀ ਰਾਇ ਪ੍ਰਾਪਤ ਕਰਨ ਦੀ ਤੀਬਰ ਆਸ ਰਖਦੇ ਹਨ ਮਿਸਾਲ ਵਜੋਂ ਗੁਰੂ ਸਾਹਿਬ ਲਿਖਦੇ ਹਨ, "ਮਾਈ ਮੈ ਕਿਹਿ ਬਿਧ ਲਖਉ ਗੁਸਾਈ" ਸੋਰਠ ੨–੬–। ਗੁਰੂ ਸਾਹਿਬ ਮਾਈ ਕੋਲੋਂ ਪੁਛਦੇ ਹਨ ਮਾਈ ਮੈ ਆਪਣੇ ਪ੍ਰਮਾਤਮਾ ਨੂੰ ਕਿਹੜੇ ਢੰਗ ਨਾਲ ਪ੍ਰਾਪਤ ਕਰਾਂ, ਇਸਦਾ ਮਤਲਬ ਗੁਰੂ ਸਾਹਿਬ ਮਾਂ ਨੂੰ ਬ੍ਰਹਮ ਗਿਆਨੀ ਪ੍ਰਦਾਤੀ ਵੀ ਸਮਝਦੇ ਸਨ। ਇਸੇ ਤਰਾਂ ਇਕ ਵਾਰ ਗੁਰੂ ਸਾਹਿਬ ਮਾਂ ਅਗੇ ਇੰਵ ਆਪਣੀ ਬੇਬਸੀ ਜਾਹਿਰ ਕਰ ਦੇਹਨ "ਮਾਈ ਮਨ ਮੇਰੋ ਬਸ ਨਾਹਿ"ਸੋਰਠ ਮ: । ੯ । ਅਤੇ ਜਦ ਕੋਈ ਪ੍ਰਾਪਤੀ ਕਰਦੇ ਹਨ ਤਾਂਵੀ ਪ੍ਰਾਪਤੀ ਦੀ ਸੂਚਨਾ ਪ੍ਰਾਪਤ ਕਰਨ ਯੋਗ ਵਿਅਕਤੀ ਮਾਂ ਹੀ ਹੈ "ਮਾਈ ਮੈਂ ਧਨ ਪਾਇਉ ਹਰਿ ਨਾਮ" ਬਸੰਤ ਮ: ੯। ੩। ਜੇ ਕੋਈ ਗਲਤੀ ਕੀਤੀ ਗਈ ਹੈ ਤਾਂ ਇਸਦੇ ਪਸਚਾਤਾਪ ਦਾ ਇਜ਼ੱਹਾਰਵੀ ਜਿਸ ਵਿਅਕਤੀ ਸਾਹਮਣੇ ਕੀਤਾ ਜਾ ਸਕਦਾ ਹੈ ਉਹ ਮਾਂ ਹੀ ਹੈ "ਮਾਈ ਮੈਂ ਮਨ ਕੋ ਮਾਨ ਤਿਆਗਿਓ । ਮਾਰੂ ਮ: ੯ । ੩ । ਸੱਮਸਿਆ ਦਾ ਹਲ ਪੁਛਣਾ ਹੋਵੇ ਤਾਵੀ ਯੋਗ ਵਿਅਕਤੀ ਮਾ ਹੈ। ਅਬ ਮੈ ਕਹਾ ਕਰੋ ਰੀ ਮਾਈ ਮਾਰੂ ਮ: ੯ । ਦੂਜਾ ਰੂਪ ਹੈ ਪਤਨੀ ਦਾ, ਪਤਨੀ ਰੂਪ ਵਿਚ ਗੁਰੂ ਸਾਹਿਬ ਔਰਤ ਨੂੰ ਮਾਇਆਂ ਦੇ ਬੰਧਨਾ ਵਿਚ ਪਾਉਣ ਵਾਲੀ ਮੰਨਦੇ ਹਨ, ਮਿਸਾਲ ਵਜੋਂ "ਦਾਰਾ ਸੁਖ ਭਇਓ ਦੀਨ ਪਗਹੁ ਪਰੀ ਬੇਰੀ" ਜੈਜੈ ਵੰਤੀ ਮ: ੯ । ੩ । ਕਿਉਂ ਜੋ ਭਾਵੇ

ਜਿਉਂਦੇ ਜੀਅ ਪਤੀ ਅਤੇ ਪਤਨੀ ਦਾ ਬਹੁਤ ਪਿਆਰ ਹੁੰਦਾ ਹੈ। ਪਰ ਜਦੋਂ ਆਦਮੀ ਮਰ ਜਾਦਾਂ ਹੈ ਤਾਂ ਪਤਨੀ ਆਪਣੇ ਪਿਆਰੇ ਪਤਾ ਨੂੰ ਹੀ ਭੂਤ ਸਮਝਨ ਲਗ ਪੈਂਦੀ ਹੈ। ਤੇ ਉਸਤੋਂ ਡਰਦੀ ਹੈ। ਗੁਰੂ ਸਾਹਿਬ ਲਿਖਦੇ ਹਨ"ਘਰ ਕੀ ਨਾਰ ਬਹੁਤ ਹਿਤ ਜਾ ਸਉ ਸਦਾ ਰਹਤ ਸੰਗ ਲਾਗੀ। ਜਬਹੀ ਹੰਸ ਤਜੀ ਇਹ ਕਾਇਆ ਪ੍ਰੇਤ ਪ੍ਰੇਤ ਕਰ ਭਾਗੀ" ਸੋਰਠ ਮ: ੯। ੨। ਅਤੇ ਦਸਦੇ ਹਨ"ਜੋ ਤਨ ਤੇ ਅਪਨੋ ਕਰ ਮਾਨਿਓ ਘਰ ਸੁੰਦਰ ਗ੍ਰਿਹ ਨਾਰੀ ਇਨ ਮੇਂ ਕਛੁ ਤੇਰੋ ਰੇ ਨਾਹਿਨਿ ਦੇਖੋ ਸੋਚ ਬਿਚਾਰੀ" ਗਉੜੀ ਮ: ੯। ਅਗੇ ਦਸਦੇ ਹਨ। ਪਤਨੀ ਨੂੰ ਗੁਰੂ ਸਾਹਿਬ ਘਰ ਦੀ ਮਾਲਿਕ ਦਾ ਦਰਜਾ ਦਿੰਦੇ ਹਨ ਜੋ ਪਤੀ ਦੇ ਮਿਤਕ ਸਰੀਰ ਨੂੰ ਅਧੀ ਘੜੀ ਵੀ ਘਰ ਵਿਚ ਰਖਨ ਵਾਸਤੇ ਤਿਆਰ ਨਹੀ। ਇਕ ਨਾਰ ਨੂੰ ਸੰਬੋਧਨ ਕਰਦੇ ਹੋਇ ਗੁਰੂ ਸਾਹਿਬ ਫੁਰਮਾਂਦੇ ਹਨ ਕਿ ਸੰਸਾਰ ਵਿਚ ਕੋਈ ਵੀ ਉਸਦਾ ਸਾਥੀ ਨਹੀ, ਭਾਈ ਪਿਤਾ ਸਬੰਧੀ ਅਤੇ ਘਰ ਦੀ ਨਾਰੀ। ਜਦੋਂ ਪ੍ਰਾਣ ਨਿਕਲ ਜਾਂਦੇ ਹਨ ਤਾਂ ਇਸਨੂੰ ਆਪ ਘੜੀ ਵਿਚ ਹੀ ਘਰ ਤੋਂ ਬਾਹਰ ਕਢ ਦਿਤਾ ਜਾਂਦਾ ਹੈ। ਫੁਰਮਾਨ ਹੈ ਸਭ ਕਿਛ ਜੀਵਤ ਕੋ ਬਿਵਹਾਰ। ਮਕੀਤਾ ਪਿਤਾ ਭਾਈ ਸੁਤ ਬੰਧਪ ਅਰੁ ਫੁਨ ਗ੍ਰਿਹ ਕੀ ਨਾਰਿ। ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰ। ਆਧ ਘਰੀ ਕੋਊ ਨਹਿ ਰਾਖੈ ਘਰਿ ਤੇ ਦੇਤ ਨਿਕਾਰ। ਦਵ ਗੰਧਾਰੀ ਮ: ੯ ਇੰਝ ਭਾਵੇ ਘਰ ਦੀ ਨਾਰਿ ਆਦਮੀ ਦੇ ਅਧਿਆਤਮਿਕ ਜੀਵਨ ਵਿਚ ਬੰਧ ਬਣਦੀ ਹੈ। ਪਰ ਪਦਾਰਥਕ ਜੀਵਨ ਵਿਚ ਉਸ ਨਾਲੋ ਕਿਸੇ ਤਰਾਂ ਵੀ ਘਟ ਨਹੀ ਹੈ। ਸਗੋ ਹਰ ਚੀਜ਼ ਦੀ ਹਰ ਤਰਾਂ ਔਰਤ ਆਦਮੀ ਦੀਆਂ ਰੁਚੀਆਂ ਨੂੰ ਗੁਰੂ ਸਾਹਿਬ ਬਹੁਤ ਨਫਰਤ ਕਰਦੇ ਹਨ ਅਤੇ ਆਦਮੀ ਨੂੰ ਬੰਧਨਗਾਰ ਇਸ ਬੀਨ ਤੋਂ ਬਚਣ ਦੀ ਪ੍ਰੇਰਣਾ ਕਰਨਾਂ ਕਰਦੇ ਹਨ। ਆਮ ਆਦਮੀ ਦੀ ਪ੍ਰਾਈ ਔਰਤ ਦੀ ਰੁਚੀ ਬਰੇ ਲਿਖ ਦਸਦੇ ਹਨ-ਪਰਦਾਰਾ ਨਿੰਦਿਆ ਰਸ ਰਚਿਉ ਰਾਮ ਭਗਤ ਨਹਿ ਕੀਨੀ। ਸੋਰਠ ਮ: ੯ ।੯। "ਪਰਧਨ ਪਰ ਦਾਰਾ ਸਿਉਰਚਿਓ ਬਿਰਥਾ ਜਨਮ ਸਿਰਾਵੈ" ਮ: ੯। ੭। ਉਰਝਿਉ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ ਟੋਡੀ ਮ: ੯ "ਗੁਰ ਉਪਦੇਸ ਸੁਨਿਉ ਨਹਿ ਕਾਨਨਿ ਪਰਦਾਰਾ ਲਪਟਾਇਉ" ਸਰੰਗ ਮ: । ੪ । ਚੌਥਾ ਰੂਪ ਹੈ ਔਰਤ ਦਾ ਇਤਹਾਸਿਕ ਰੂਪ। ਇਸ ਵਿਚ ਗੁਰੂ ਸਾਹਿਬ ਔਰਤ ਨੂੰ ਉਸੇ ਮਾਣ ਨਾਲ ਸਤਕਾਰ ਕਰਦੇ ਹੈਨ ਜਿਸ ਨਾਲ ਇਤਹਾਸਿਕ ਆਦਮੀਆਂ ਦਾ ਵਰਨਨ ਕੀਤਾ ਜਾਂਦਾ ਹੈ, ਜਿਹਾ ਕਿ

ਜਹ ਸਿਮਰਤ ਗਨਕਾ ਸੀ ਉਧਰੀ ਤਾਕੋ ਜਸ ਉਰਧਾਰੋ। ਸੋਰਠ। ਮ:। ੩। ੪। ਅਜਾਮਲ, ਗਨਕਾ, ਜਿਹ ਸਿਮਰਤ ਮੁਕਤ ਭਏ ਜੀ ਜਾਨੇ। ਬਿਲਾਵਲ ਮ: । ੯। ੨। ਜਾਕੋ ਸਿਮਰ ਅਜਾਮਲ ਉਧਰਿਉ ਗਨਕਾ ਹੂ ਗਤ ਪਾਈ । ਮਾਰੂ ਮ: ੯ । ਇਜ ਇਤਹਾਸਿਕ ਵਿਅਕਤੀਆਂ ਬਾਰੇ ਗੁਰੂ ਸਾਹਿਬ ਦਾ ਦ੍ਰਿਸ਼ਟੀ ਕੋਣ ਬਿਲਕੁਲ ਨਿਰਲੇਪ ਹੈ। ਉਝ ਗੁਰੂ ਸਾਹਿਬ ਮਾਂ ਭੈਣ ਪਤਨੀ ਪੁਤਰ ਪਿਤਾ ਸਭ ਨੂੰ ਹੀ ਇਕ ਆਦਮੀ ਲਈ ਬੰਧਣ ਦਾ ਕਾਰਨ ਮਨ ਦੇ ਹਨ। ਕਾਕੋ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ । ਸਾਰੰਗ ਮ: । ੯। ੨। ਸਭ ਕਛੁ ਜੀਵਤ ਕੋ ਬਿਵਹਾਰ। ਮਾਤ ਪਿਤਾ ਭਾਈ ਸੁਤ ਬੰਧਪ ਅਰ ਫੁਨ ਗ੍ਰਿਹ ਕੀ ਨਾਰ। ਦੇਵ ਗੰਧਾਰੀ ਮ: ੯। ਆਖਰੀ ਤੁਕ ਵਿਚ ਭਾਵੇਂ ਇਹ ਸਪਸਟ ਕੀਤਾ ਗਿਆ ਹੈ। ਕਿ ਬੇਸ਼ਕ ਆਦਮੀ ਦਾਰਾ ਮੀਤ ਪੂਤ ਰਖ ਸੰਪਤੀ ਧਨ ਵਿਚ ਵੀ ਪੂਰਨ ਪ੍ਰਮਾਤਮਾਂ ਬਿਰਾਜ ਮਾਨ ਹੈ ਪਰ ਤਾਂ ਵੀ ਇਹ ਸਭ ਇਕੋ ਮਨੁਖ ਲਈ ਬੰਧਣ ਦਾ ਕਾਰਣ ਬਣਦੇ ਹੈ। ਇਸ ਲਈ ਉਸਨੂੰ ਆਪਣੀ ਸਮੁਚੀ ਰੁਚੀ ਨੂੰ ਪ੍ਰਮਾਤਮਾਂ ਸਿਮਰਿਣ ਵਿਚ ਲਾਉਣੀ ਚਾਹੀਦੀ ਹੈ । ਸਮੁਚੇ ਰੂਪ ਵਿਚ ਗੁਰੂ ਸਾਹਿਬ ਦੀ ਬਾਣੀ ਨਰ ਨੂੰ ਸੰਬੋਧਨ ਕਰਕੇ ਲਿਖੀ ਹੈ। ਜਿਹ ਨਰ ਜਸ ਕ੍ਰਿਪਾ ਨਿਧ ਗਾਇਉ ਤਾਕਉ ਭਈ ਸਹਾਈ। ਮਾਰੂ ਮ: ੯। ੨ ਮੁਕਤ ਹੋਤ ਨਰ ਜਾਕੇ ਸਿਮਰੇ ਨਿਮਖ ਨਾ ਤਾਕਉ ਗਾਇਉ । ਰਾਮਕਲੀ ਮ ੩॥ ਇਤੀ

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ,

ਇਕ ਇਤਿਹਾਸਕ ਮੋੜ

"ਗੁਰੂ ਤੇਗ ਬਹਾਦਰ ਸਿਮਰੀਐ, ਘਰ ਨਉ ਨਿਧਿ ਆਵੈ ਧਾਇ।

ਸ੍ਰੀ ਜਸਵਿੰਦਰ ਸਿੰਘ ਸਕੂਰ ਬਸਤੀ ਦਿਲੀ

ਤਿਨ ਸੌ ਸਾਲ ਪਹਿਲਾਂ "ਨਵੰਬਰ ੧੬੭੫ ਈਸਵੀ" ਨੂੰ ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਂਕ ਦਿਲੀ ਵਿਖੇ ਸ਼ਹੀਦ ਕਰ ਦਿਤਾ ਗਿਆ।

ਰਵਾਇਤ ਅਨੁਸਾਰ ਗੁਰੂ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ, ਕਰਾਮਾਤ ਵਿਖਾਉਣ ਜਾਂ ਇਸਲਾਮ ਕਬੂਲ ਕਰਨ ਲਈ ਕਿਹਾ। ਗੁਰੂ ਤੇਗ ਬਹਾਦਰ ਜੀ ਨੇ ਕਰਾਮਾਤ ਨੂੰ ਕੁਦਰਤ ਦੇ ਅਸੂਲ ਵਿਰੁਧ ਦਸਿਆ ਅਤੇ ਇਸਲਾਮ ਦੀ ਈਨ ਅਗੇ ਝੁਕਨ ਤੋਂ ਇਨਕਾਰ ਕਰ ਦਿਤਾ। ਉਨਾਂ ਨੂੰ ਮੌਤ ਦਾ ਭੈ ਦਿਤਾ ਗਿਆ। ਗੁਰੂ ਜੀ ਦੇ ਸੇਵਕ ਭਾਈ ਮਤੀ ਦਾਸ ਨੂੰ ਆਰੇ ਨਾਲ ਚਿਰਵਾ ਦਿਤਾ ਅਤੇ ਭਾਈ ਦਿਆਲਾ ਜੀ ਨੂੰ ਪਾਣੀ ਦੀ ਦੇਗ ਵਿਚ ਉਬਾਲ ਕੇ ਸ਼ਹੀਦ ਕਰ ਦਿਤਾ ਗਿਆ। ਭਿਆਨਕ ਮੌਤ ਦਾ ਡਰ ਵਿਖਾਣ ਤੋਂ ਬਾਦ ਦੀ ਜਦੋਂ ਗੁਰੂ ਤੇਗ ਬਹਾਦਰ ਜੀ ਨੇ ਇਸਲਾਮ ਕਬੂਲ ਕਰਨ ਤੋਂ ਨਾਂਹ ਕਰ ਦਿਤੀ ਤਾਂ ਕਾਜ਼ੀਆਂ ਨੇ ਔਰੰਗਜ਼ੇਬ ਦੇ ਹੁਕਮ ਅਨੁਸਾਰ ਗੁਰੂ ਜੀ ਦਾ ਸੀਸ ਧੜ ਨਾਲੋਂ ਜੁਦਾ ਕਰਵਾ ਦਿਤਾ।

ਗੁਰੂ ਜੀ ਧਰਮ ਰਖਿਆ ਵਾਸਤੇ ਸ਼ਹੀਦ ਹੋ ਗਏ। ਇਸ ਸ਼ਹੀਦੀ ਦੇ ਕਈ ਕਾਰਨ ਸਨ, ਜਿਨਾਂ ਵਿਚੋਂ ਦੋ ਕਾਰਨ ਪ੍ਰਮੁਖ ਸਨ। ਪਹਿਲਾ-ਗੁਰੂ ਘਰ ਦੇ ਨਜ਼ਦੀਕੀ ਰਿਸ਼ਤੇਦਾਰ ਬਦਲਾ ਲੈਣ ਦੀ ਸੋਚਦੇ ਸਨ। ਅਤੇ ਦੂਸਰਾ ਔਰੰਗਜ਼ੇਬ ਦੀ ਧਾਰਮਿਕ ਪਾਲਿਸੀ, ਗੁਰੂ ਘਰ ਨਾਲ ਸਰਕਾਰੀ ਦਖਲ ਤਾਂ ਗੁਰੂ ਅਰਜਨ ਦੇਵ ਜੀ ਤੋਂ ਹੀ ਸ਼ੁਰੂ ਹੋ ਗਏ ਸੀ। ਪ੍ਰਿਥੀ ਚੰਦ ਅਤੇ ਫਿਰ ਮੇਹਰਬਾਨ ਨੇਂ ਗੁਰੂਘਰ ਦੀ ਰਜ ਕੇ ਮੁਖਾਲਫਤ ਕੀਤੀ ਸੀ। ਗੁਰੂ ਹਰਿਰਾਏ ਜੀ ਵੇਲੇ ਇਹ ਝਗੜਾ ਹੋਰ ਵੀ ਵਧ ਗਿਆ ਸੀ। ਧੀਰ ਮਲ ਨੇ ਹਾਕਮਾਂ ਦੇ ਗੁਰੂ ਘਰ ਵਿਰੁਧ ਕੰਨ ਭਰੇ। ਇਨ੍ਹਾਂ ਨਜ਼ਦੀਕੀ ਰਿਸ਼ਤੇਦਾਰਾਂ ਦੇ ਉਕਸਾਉਣ ਤੇ ਹੀ ਬਹਾਨੇ ਘੜ ਕੇ ਔਰੰਗਜ਼ੇਬ ਨੇਂ ਪਹਿਲਾਂ ਤਾਂ ਗੁਰੂ ਹਰਿ ਰਾਏ ਜੀ ਨੂੰ ਦਿਲੀ ਬੁਲਾਇਆ ਅਤੇ ਫਿਰ ਅਠਵੇਂ ਪਾਤਸ਼ਾਹ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਦਿਲੀ ਸਦਿਆ। ਰਾਮਰਾਏ ਦੀ ਬਾਦਸ਼ਾਹ ਤੀਕਰ ਪਹੁੰਚ ਸੀ ਅਤੇ ਉਹ ਦਿਲੀ ਵਿਚ ਸੀ। ਉਸ ਨੇ ਵੀ ਔਰੰਗਜੇਬ ਦੀ ਸ਼ੈਹਿ ਨਾਲ ਗੁਰੂ ਗੱਦੀ ਹਾਸਲ ਕਰਨ ਦੀ 'ਜੀ ਤੋੜ' ਕੋਸ਼ਿਸ਼ ਕੀਤੀ ਸੀ। ਗੁਰੂ ਤੇਗ ਬਹਾਦਰ ਜੀ ਨੂੰ ਵੀ ਸ਼ਹੀਦੀ ਤੋਂ ਪਹਿਲਾਂ ਦੋ ਵਾਰ ਔਰੰਗਜ਼ੇਬ ਨੇ ਨਜ਼ਰਬੰਦ ਕੀਤਾ ਸੀ। ਰਾਜਾ ਰਾਮ ਨਾਲ ਆਸਾਮ ਦੀ ਮੁਹਿਮ ਤੇ ਜਾਣ ਵੇਲੇ ਵੀ ਆਪ ਨਜ਼ਰਬੰਦ ਦੀ ਹਾਲਤ ਵਿਚ ਹੀ ਓਧਰ ਗਏ ਸਨ। ਕਿਉਕਿ ਅੰਬੇਰ-ਰਾਜ

ਘਰਾਨਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਹੀ ਗੁਰੂ ਘਰ ਦਾ ਸ਼ਰਧਾਲੂ ਸੀ, ਇਸ ਨਾਤੇ ਰਾਜਾ ਰਾਮ ਸਿੰਘ ਆਪਣੀ ਜਾਮਨੀ ਪਰ ਗੁਰੂ ਤੇਗ ਬਹਾਦਰ ਜੀ ਨੂੰ ਆਸਾਮ ਦੀ ਮੁਹਿੰਮ ਤੇ ਜਾਣ ਵੇਲੇ ਨਾਲ ਲਜਾਣ ਲਈ ਬਾਦਸ਼ਾਹ ਤੋਂ ਪ੍ਰਵਾਨਗੀ ਲੈ ਲਈ ਸੀ। ਔਰੰਗਜੇਬ ਆਪਣੀ ਮਤੱਅਸਬੀ ਧਾਰਮਿਕ ਪਾਲਿਸੀ ਨੂੰ ਜੋਰ ਨਾਲ ਚਲਾ ਰਿਹਾ ਸੀ, ਇਸ ਲਈ ਈਰਖਾਲੂਆਂ ਨੂੰ ਗੁਰੂ ਘਰ ਵਿਰੁਧ ਬਾਦਸ਼ਾਹ ਦੇ ਕੰਨ ਭਰਨ ਦਾ ਚੰਗਾ ਮੌਕਾ ਲਗਾ ਹੋਇਆ ਸੀ।

ਦੂਸਰਾਂ ਵਡਾ ਕਾਰਨ ਜਿਸਨੇਂ ਸ਼ਹਾਦਤ ਕਰਵਾਈ ਸੀ, ਉਹ ਔਰੰਗਜ਼ੇਬ ਦੀ ਧਾਰਮਿਕ ਪਾਲਿਸੀ। ਔਰੰਗਜ਼ਬ ਆਪਨੇ ਤਿਨਾਂ ਭਰਾਵਾਂ ਨੂੰ ਮਾਰਕ ਅਤੇ ਪਿਤਾ ਨੂੰ ਕੈਦ ਕਰਕ ਹਿੰਦੁਸਤਾਨ ਦੇ ਤਖਤ ਤੇ ਬੈਠਾ ਸੀ। ਸਾਰੇ ਮੁਸਲਮਾਨ ਉਸ ਦੇ ਇਸ ਕੰਮ ਨੂੰ ਭੈੜੀ ਨਜਰ ਨਾਲ ਵੇਖਦੇ ਸਨ। ਜੀ. ਟੀ. ਵੀਲਰ ਲਿਖਦਾ ਹੈ :–"ਮਕੇ ਦੇ ਮੌਲਵੀ ਨੇ ਔਰੰਗਜ਼ੇਬ ਵਲੋਂ ਭੇਜੀ ਹੋਈ ਭੇਟਾ ਲੈਣ ਤੋਂ ਇਨਕਾਰ ਕਰ ਦਿਤਾ। ਈਰਾਨ ਦੇ ਸ਼ਾਹ ਅਬਾਸ ਨੇ ਵੀ ਔਰੰਗਜ਼ੇਬ ਦਾ ਅਪਨੇ ਭਰਾਵਾਂ ਨੂੰ ਮਾਰ ਕੇ ਅਤੇ ਪਿਤਾ ਨੂੰ ਕੈਦ ਕਰਨ ਵਾਲੀ ਨੀਤੀ ਨੂੰ ਮਾੜਾ ਕਿਹਾ ਅਤੇ ਨਖੇਧ ਕੀਤੀ। ਕਿਉਂਕਿ ਬਾਦਸ਼ਾਹ ਆਪ ਸੁੰਨੀ ਮਤ ਨੂੰ ਮੰਨਦਾ ਸੀ, ਅਤੇ ਸੁੰਨੀ ਮੁਸਲਮਾਨਾਂ ਦੀ ਹਿੰਦੁਸਤਾਨ ਵਿਚ ਤਾਕਤ ਵੀ ਵਧ ਸੀ, ਇਸ ਲਈ ਇਸ ਵਰਗ ਨੂੰ ਖੁਸ਼ ਕਰਨ ਲਈ ਔਰੰਗਜੇਬ ਨੇ ਰਿਸਵਤਾਂ ਦਿਤੀਆਂ ਅਤੇ ਧਾਰਮਿਕ ਪਾਲਿਸੀ ਜ਼ੋਰ ਸ਼ੋਰ ਨਾਲ ਚਲਾਈ। ਕਾਜੀਆਂ ਮੌਲਵੀਆਂ ਅਤੇ ਮੁਫਤੀਆਂ ਨੂੰ ਕਈ ਤਰਾਂ ਦੇ ਲਾਲਚ ਦਿਤੇ ਗਏ ਸਰਕਾਰ ਲਿਖਦਾ ਹੈ – "ਸੋਨੇ ਅਤੇ ਚਾਂਦੀ ਦੇ ਢੇਰਾਂ ਹੇਠ ਸਾਰੇ ਮੁਫਤੀਆਂ ਤੇ ਕਾਜੀਆਂ ਦੇ ਇਮਾਨ ਤੇ ਅਸੂਲ ਦਬ ਗਏ। ਉਸ ਨੇ ਭਗਤੀ ਭਾਵ ਵਾਲੇ ਮੁਸਲਮਾਨਾਂ, ਸੂਫੀਆਂ, ਫਕੀਰਾਂ ਸੰਤਾ ਅਤੇ ਮੀਆਂ ਮੁਸਲਮਾਨਾਂ ਨੂੰ ਖਤਮ ਕਰਨਾਂ ਸੁਰੂ ਕਰ ਦਿਤਾ। ਕਈ ਨਰਮ ਖਿਆਲੀ ਸੰਤ ਮੌਤ ਦੇ ਘਾਟ ਉਤਾਰ ਦਿਤੇ ਗਏ। ਹਿੰਦੂਆਂ ਦੇ ਮੰਦਿਰ ਅਤੇ ਵਿਦਯਾਲੇ ਢਾਉਣ ਦੇ ਫੁਰਮਾਨ ਜਾਰੀ ਕੀਤੇ ਅਤੇ ਜਬਰ ਦਸਤੀ ਮੁਸਲਮਾਨ ਬਨਾਉਣਾ ਸੁਰੂ ਕਰ ਦਿਤਾ। ਗੈਰ ਮੁਸਲਮਾਨਾਂ ਤੇ ਜੇਜ਼ੀਆ ਅਤੇ ਹੋਰ ਟੈਕਸ ਭਾਰੀ ਕਰ ਦਿਤੇ। ਕਸਮੀਰੀ ਪੰਡਿਤਾਂ ਤੇ ਕਹਿਰ ਵਰਤਣ ਲਗਾ ਅਤੇ ਉਹ ਗੁਰੂ ਤੇਗ ਬਹਾਦਰ ਜੀ ਪਾਸ ਫਰਿਆਦ ਲੈ ਕੇ ਗਏ। ਗੁਰੂ ਜੀ ਨੇ ਬਾਦਸ਼ਾਹ ਨੂੰ ਮਾੜੇ ਕੰਮੋਂ ਸਮਝਾਉਣ ਲਈ ਦਿਲੀ ਰਵਾਨਾਂ ਹੋਏ।

ਔਰੰਗਜ਼ੇਬ ਬਾਬਤ ਇਸੇ ਤਰਾਂ ਇਕ ਹੋਰ ਗਲ ਖਾਫੀਖਾਨ ਲਿਖਦਾ ਹੈ। ਉਸ ਅਨੁਸਾਰ– ਔਰੰਗਜ਼ੇਬ ਨੇ ਇਹ ਵੀ ਹੁਕਮ ਦਿਤਾ ਕਿ ਸਿਖਾਂ ਦੇ ਗੁਰਦਵਾਰੇ ਢਾਹ ਕੇ ਢੇਰੀ ਕਰ ਦਿਤੇ ਜਾਣ ਅਤੇ ਗੁਰੂ ਜੀ ਵਲੋਂ ਥਾਪੇ ਮਸੰਦਾਂ ਨੂੰ, ਜੋ ਮਾਇਆ ਉਗਰਾਹ ਕੇ ਗੁਰੂ ਘਰ ਲਿਆਉਂਦੇ ਹਨ, ਸ਼ਹਿਰ ਬਦਰ ਕਰ ਦਿਤਾ ਜਾਵੇ।

ਇਨਾਂ ਲਿਖਤਾਂ ਤੋਂ ਇਹ ਪਤਾ ਲਗਦਾ ਹੈ ਤਅਸਬੀ ਔਰਗਜਬ ਨਹੀ ਸੀ ਚਾਹੁੰਦਾ ਕਿ ਉਸ ਦੀ ਪ੍ਰਜਾ ਤੋਂ, ਭਾਵੇਂ ਉਹ ਹਿੰਦੂ ਹੋਣ ਅਤੇ ਭਾਵੇ ਉਹ ਮੁਸਲਮਾਨ ਹੋਣ, ਉਸ ਤੋਂ ਬਿਨਾਂ ਕੋਈ ਹੋਰ ਮਾਇਆ ਉਗਰਾਵੇ। ਇਸ ਲਈ ਹੋ ਸਕਦਾ ਹੈ ਇਸ ਗਲ ਦਾ ਵੀ ਗੁਰੂ ਜੀ ਦੀ ਸ਼ਹਾਦਤ ਵਿਚ ਕੁਝ ਹਿਸਾ ਹੋਵੇ।

ਔਰੰਗਜ਼ੇਬ ਦੀ ਧਾਰਮਿਕ ਪਾਲਿਸੀ ਕੇਵਲ ਹਿੰਦੂਆਂ ਤੇ ਹੀ ਚਲੀ ਹੋਵੇ, ਐਸੀ ਗਲ ਨਹੀਂ। ਸਾਫ ਅਤੇ ਨਰਮ ਖਿਆਲ ਦੇ ਮੁਸਲਮਾਨ ਵੀ ਉਸਦੀ ਪਾਲਿਸੀ ਦਾ ਸ਼ਿਕਾਰ ਬਣ ਹੋਏ ਸਨ। ਮੁਹਮਦ ਸਾਈਦ ਨੂੰ ਜੋ ਕਿ 'ਸਰਮਦ' ਦੇ ਨਾਓ ਨਾਲ ਮਸ਼ਹੂਰ ਸੀ, ਦਾਰਾ ਦੀ ਰਾਇ ਕਰਨ ਦਾ ਬਹਾਨਾ ਬਣਾ ਕੇ ਮਰਵਾ ਦਿਤਾ। ਹਜ਼ਰਤ ਮੀਆਂ ਮੀਰ ਦਾ ਚੇਲਾ ਮੁਲਾਹ ਸ਼ਾਹ ਬਦਕਸ਼ੀ, ਐਹਮਦਾਬਾਦ ਦਾ ਮੁਹੰਮਦ ਤਾਹਿਰ ਸਯੱਦ ਕੁਤੁਬੁਦੀਨ ਅਤੇ ਬੋਹਰਾ ਸਮਾਜ ਦੇ ਹੋਰ ਲਗਭਗ ੭੦੦ ਮੁਸਲਮਾਨ ਮਾਰ ਦਿਤੇ ਗਏ ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਨਰਮ ਖਿਆਲੀ ਮਾਰ ਗਏ। ਇਸੇ ਜੁਲਮੀ ਹਨੇਰੀ ਵਿਚ ਕਈ ਬਹਾਨੇ ਬਨ ਕੇ ਗੁਰੂ ਤੇਗ ਬਹਾਦਰ ਜੀ ਨੂੰ ਵੀ ਸ਼ਹੀਦ ਕਰ ਦਿਤਾ ਗਿਆ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਾਕਾ ਹੀ ਇਕ ਐਸੀ ਘਟਨਾ ਬਨੀ ਜਿਸਨੇ ਇਸਤੋਂ ਬਾਦ ਦਾ ਇਤਹਾਸ ਹੀ ਬਦਲ ਕੇ ਰਖ ਦਿਤਾ। ਇਹ ਸ਼ਹੀਦੀ ਇਕ ਇਤਹਾਸਿਕ ਮੋੜ ਸਿਧ ਹੋਈ। ਸਰ ਜਾਦੂਨਾਥ ਸਰਕਾਰ ਦੇ ਸ਼ਬਦਾਂ ਵਿਚ :-

ਇਸ ਸ਼ਹਾਦਤ ਨੇ ਐਸੀ ਤਾਕਤ ਨੂੰ ਜਨਮ ਦੇ ਦਿਤਾ ਜੋ ਹੁਣ ਵਕਤ ਦੇ ਸਭ ਤੋਂ ਸਖਤ ਬਾਦਸ਼ਾਹ ਨਾਲ ਵੀ ਟਕੱਰ ਲੈ ਸਕਦੀ ਸੀ।

ਗਾਰਡਨ ਲਿਖਦਾ ਹੈ – ਜੋ ਤਿਖੀਆਂ ਸੂਲਾਂ ਗੁਰੂ ਤੇਗ ਬਹਾਦਰ ਜੀ ਦੇ ਖੂਨ ਨਾਲ ਦਿਲੀ ਵਿਚ ਬੀਜੀਆਂ ਗਈਆਂ ਸਨ, ਉਹਨਾਂ ਨੇ ਜਲਦੀ ਹੀ ਖਾਲਸਾ ਰੂਪ ਵਿਚ ਫ਼ਰੀਵਸਲ ਬਖਸ਼ੀ। ਕਨਿੰਘਿਮ ਵੀ ਕੁਝ ਇਸੇ ਤਰਾਂ ਦੀ ਗਲ ਲਿਖਦਾ ਹੈ ਕਿ :-

ਗੁਰੂ ਗੋਬਿੰਦ (ਸਿੰਘ ਜੀ) ਨੇ ਮਹਿਸੂਸ ਕੀਤਾ ਕਿ ਉਸਨੂੰ ਐਸੀ ਵਸਤੂ ਸਾਂਝੀ ਚਾਜ ਸਿਖਾਂ ਨੂੰ ਦੇਣ ਦੀ ਲੋੜ ਹੈ, ਜੋ ਕਮਜੋਰ ਦਿਲਾਂ ਨੂੰ ਤਕੜੀ ਕਰ ਜਾਏ ਅਤੇ ਅਨੰਨਿ ਸੇਵਕਾਂ ਵਿਚ ਅਥਾਹ ਜੋਸ਼ ਭਰ ਜਾਏ। ਮੁਹਮਦ ਲਤੀਫ ਇਸ ਬਾਰੇ ਲਿਖਦਾ ਹੈ :-

"ਇਸ ਸ਼ਹਾਦਤ ਨੇਂ ਮਜਬੂਰ ਕਰ ਦਿਤਾ ਕਿ ਸਿਖ ਕੌਮ ਪੂਰਨ ਤੌਰ ਉਤੇ ਸਨਧ ਬਧ ਹੋਵੇ"।

ਇਸਤਰਾਂ ਇਹ ਗਲ ਦਾਵੇ ਨਾਲ ਆਖੀ ਜਾ ਸਕਦੀ ਹੈ ਕਿ ਅਗਰ ਗੁਰੂਤੇਗ ਬਹਾਦਰਜੀ ਦੀ ਸ਼ਹੀਦੀ ਨਾਂ ਹੁੰਦੀ, ਤਾਂ ਬਾਦ ਦਾ ਇਤਿਹਾਸ ਇਨਾਂ ਲਾਲ ਨਾਂ ਹੁੰਦਾ। ਇਹ ਵੀ ਮੁਮਕਿਨ ਸੀ ਕਿ "ਖਾਲਸਾ ਪੰਥ" ਵੀ ਹੋਂਦ ਵਿਚ ਨਾਂ ਆਉਂਦਾ। ਇਸੇ ਸ਼ਹੀਦੀ ਸਦਕਾ ਹੀ ਇਕ ਸ਼ਾਂਤ "ਨਾਨਕ ਪੰਥੀ" ਜ਼ਮਾਤ "ਜੰਗ ਜੂ ਕੌਮ" ਬਣਕੇ ਰਾਜ ਨੀਤੀ ਦੇ ਅਖਾੜੇ ਵਿਚ ਉਤਰ ਪਈ।

ਗੁਰੂ ਤੇਗ ਬਹਾਦਰ ਜੀ ਨੇ ਜ਼ੁਲਮ ਦੇ ਕਾਰਨਾਂ ਨੂੰ ਸਮਝਿਆ ਅਤੇ ਵਿਚਾਰਿਆ। ਰਾਜ ਅਤੇ ਤਾਕਤ ਦੇ ਨਸ਼ੇ ਵਿਚ ਚੂਰ ਬਾਦਸ਼ਾਹ ਆਪਨੀਆਂ ਮਨ ਆਈਆਂ ਕਰੀ ਜਾਂਦਾ ਸੀ। ਉਹ ਆਪਣੀ ਤਾਕਤ ਨਾਲ ਗਰੀਬਾਂ ਅਤੇ ਕਮਜੋਰਾਂ ਨੂੰ ਤੰਗ ਕਰ ਰਿਹਾ ਸੀ। ਗੁਰੂ ਜੀ ਨੂੰ ਵੀ ਆਪਣੀ ਹਠੀ ਇਸਲਾਮੀ ਪਾਲਿਸੀ ਅਧੀਨ ਕੈਦ ਵਿਚ ਰਖਿਆ ਅਤੇ ਮੌਤ ਦਾ ਭਿਆਨਕ ਭੈ ਦਿਤਾ।

ਇਨ੍ਹਾਂ ਦਿਨਾਂ ਵਿਚ ਹੀ, ਜਦੋਂ ਗੁਰੂ ਜੀ ਦਿਲੀ ਵਿਚ ਕੈਦ ਸਨ, ਸਲੋਕ ਲਿਖਿਆ, ਜਿਸ ਨੇਂ ਆਉਂਦੀ ਸਾਰੀ ਪਾਲਿਸੀ ਹੀ ਬਦਲ ਕੇ ਰਖ ਦਿਤਾ ਗੁਰ ਗੋਬਿੰਦ ਰਾਇ (ਸਿੰਘ) ਨੂੰ ਸੋਚਣ ਤੇ ਮਜਬੂਰ ਕਰ ਦਿਤਾ ਕਿ ਕੇ ਉਸ ਵਕਤ ਦੇ ਹਾਲਾਤ ਨਾਲ ਕੀਹ ਨੀਤੀ ਅਪਨਾਉਣੀਂ ਚਾਹੀਦੀ ਹੈ। ਉਹ ਸਲੋਕ ਸੀ :-

ਬਲੁ ਛੁਟਕਿਓ ਬੰਧਨ ਪਰੇ,
ਕਛੂ ਨ ਹੋਤ ਉਪਾਇ
ਕਹੁ ਨਾਨਕ ਅਬ ਓਟਹਰਿ,
ਗਜ ਜਿਉ ਹੋਹੁ ਸਹਾਇ

ਗੁਰੂ ਤੇਗ ਬਹਾਦਰ ਜੀ ਨੇ ਪ੍ਰਭੂ ਅਗੇ ਸਹਾਇ ਹੋਣ ਲਈ ਅਰਦਾਸ ਕੀਤੀ ਸੀ। ਪਰ ਦੂਰ ਦਰਸ਼ੀ ਅਤੇ ਨੀਤੀਵਾਨ ਗੁਰੂ ਗੋਬਿੰਦ ਰਾਇ ਜੀ ਨੇ ਵਿਚਾਰ ਕੇ ਅਤੇ ਸੋਚ ਕੇ ਇਸ ਤਰਾਂ ਕਿਹਾ ਸੀ :-

@ ਬਲ ਹੋਆ ਬੰਧਨ ਛੁਟੇ,
ਸਭ ਕਛ ਹੋਤ ਉਪਾਇ
ਨਾਨਕ ਸਭ ਕਿਛ ਤੁਮਰੈ ਹਾਥ ਮੈ
ਤੁਮਹੀ ਹੋਤ ਸਹਾਇ

ਕਿਸੇ ਦੂਸਰੇ ਦਾ ਜ਼ੁਲਮ ਤਾਂ ਹੀ ਚਲ ਸਕਦਾ ਹੈ ਜਦੋਂ ਕਿ ਇਕ ਸਿਰਾ ਕਮਜੋਰ ਹੋਵੇ। ਦੂਸਰੇ ਲਫਜਾਂ ਵਿਚ ਬਲਹੀਣ ਨੂੰ ਹੀ ਸਾਰੇ ਬੰਧਨ ਪੈਂਦੇ

@ ਛਪੀਆ ਹੋਈਆ ਬੀੜਾਂ ਵਿਚ ਇਹ ਸਲੋਕ ਨੌਵੇਂ ਗੁਰੂ ਜੀ ਦੇ ਸਲੋਕਾਂ ਵਿਚ ਹੀ ਦਰਜ ਹੈ ਅਤੇ ਇਸਦੇ ਵਖਰਾ ਹੋਣ ਦਾ ਸੰਕੇਤ ਨਹੀ ਹੈ। ਇਸ ਕਰਕੇ ਬਹੁਤ ਸਾਰੇ ਇਤਹਾਸ ਕਾਰ ਭੁਲੇਖਾ ਖਾ ਜਾਂਦੇ ਹਨ ਅਤੇ ਇਸਨੂੰ ਨੌਵੇਂ ਗੁਰੂ ਦਾ ਹੀ ਸਲੋਕ ਮਨਦੇ ਹਨ। ਪਰ ਇਹ ਠੀਕ ਨਹੀਂ ਹੈ। ਕਿਉਕਿ ਕਈ ਹਥ ਲਿਖਤ ਬੀੜਾਂ ਹੈਨ ਜਿਨ੍ਹਾਂ ਵਿਚ ਮਹਲਾ ੧੦ ਯਾ ਪਾਤਸ਼ਾਹੀ ੧੦ ਲਿਖਕੇ ਇਸ ਦੇ ਵਖਰਾ ਹੋਣ ਦਾ ਸੰਕੇਤ ਦਿਤਾ ਗਿਆ ਹੈ। ਪ੍ਰਾਚੀਨ ਇਤਿਹਾਸ ਤੋਂ ਵੀ ਇਸ ਗਲ ਦੀ ਪੁਸ਼ਟੀ ਹੁੰਦੀ ਹੈ।

ਹਨ। ਕਮਜ਼ੋਰ ਹੋਣਾਂ ਇਕ ਸਰਾਫ ਵੀ ਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਲੋਕ ਵਿਚ ਸਪਸ਼ਟ ਕਰ ਦਿਤਾ ਕਿ ਹਰ ਬਲਧਾਰੀ ਦੇ ਬੰਧਨ ਬਲ ਨਾਲ ਹੀ ਤੋੜੇ ਜਾ ਸਕਦੇ ਹਨ। ਸਾਇਦ ਇਸੇ ਦੇ ਪ੍ਰਭਾਵ ਨੂੰ ਮੁਖ ਰਖ ਕੇ ਬਾਦ ਵਿਚ ਗੁਰੂ ਜੀ ਨੇ ਇਹ ਕਿਹਾ ਸੀ :-

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰੋ ਦਸਤ

ਅਰਥਾਤ—ਸਰਾਫਤ ਜਦੋਂ ਕੰਮ ਨਾਂ ਆਵੇ ਤਾਂ ਸ਼ਸਤ੍ਰ ਚੁਕਣਾ ਹਰ ਤਰਾਂ ਉਚਿਤ ਹੈ। ਇਨ੍ਹਾਂ ਸਲੋਕਾਂ ਦਾ ਉਚਾਰਨ ਗੁਰੂ ਤੇਗ ਬਹਾਦਰ ਜੀ ਦੀ ਸਹੀਦੀ ਤੋਂ ਪ੍ਰਭਾਵਿਤ ਹੋ ਕੇ ਹੀ ਹੋਇਆ ਸੀ। ਇਸ ਲਈ ਬਾਦ ਦੀ ਸਾਰੀ ਨੀਤੀ ਗੁਰੂ ਤੇਗ ਬਹਾਦਰ ਜੀ ਦੀ ਸਹੀਦੀ ਦਾ, ਅਸਰ ਵਿਖਾਉਂਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਸ਼ੁਰੂ ਤੋਂ ਹੀ ਅਪਣੇ ਸਿਖਾਂ ਨੂੰ ਬਲਵਾਨ ਹੋਣ ਲਈ ਅਤੇ ਸ਼ਸਤ੍ਰ ਧਾਰਨ ਕਰਨ ਲਈ ਪ੍ਰੇਰਿਆ। ਅਪਣੇ ਹਰ ਹੁਕਮ ਨਾਮੇਂ ਵਿਚ ਗੁਰੂ ਜੀ ਨੇ ਤਾਕੀਦ ਕੀਤੀ ਕਿ ਸਾਰੇ ਗੁਰੂ ਕੇ ਸਿਖ ਘੋੜੇ ਰਖਣ ਅਤੇ ਸ਼ਸਤ੍ਰ ਪਹਿਨਣ।

"ਸਤਿਗੁਰੂ ਗੋਬਿੰਦ ਰਾਇ ਨੇ ਸਚਾ ਪਾਤਸ਼ਾਹ" ਦੀ ਪਦਵੀਂ ਪਾਲਣ ਕੀਤੀ ਅਤੇ ਦਰਬਾਰੀ ਲਿਖਾਰੀ ਭਾਈ ਹਰਿਦਾਸ ਕੋਲੋਂ ਨੌਵੇਂ ਪਾਤਸ਼ਾਹ ਵੇਲੇ ਅਰੰਭ ਹੋਈ ਆਦਿ ਗ੍ਰੰਥ ਦੀ ਬੀੜ ਨੌਵੇਂ ਮਹਿਲ ਦੀ ਬਾਣੀ ਚੜ੍ਹਾ ਕੇ ਸੰਪੂਰਨ ਕਰਵਾਈ। *

ਕੁਝ ਚਿਰ ਬਾਦ ਜਥੇ ਬੰਦੀ ਮਜਬੂਤ ਕੀਤੀ ਅਤੇ "ਰਣਜੀਤ ਨਗਾਰਾ" ਤਿਆਰ ਕਰਵਾਇਆ, ਜੋ ਉਸੇ ਦਿਨ ਤੋਂ ਗੁਰੂ ਜੀ ਦੇ ਦਰਬਾਰ ਵਿਚ ਵਰਧ - ਘਟੇ ਪਦਾ ਵਜਦਾ ਰਿਹਾ ਇਸ ਨਗਾਰੇ ਦੀ ਆਵਾਜ ਦਾ ਅਰਥ ਇਹੀ ਸੀ ਕਿ ਹੁਣ ਕਿਸੇ ਦੀ ਈਨ ਨਹੀ ਮੰਨੀ ਜਾਵੇਗੀ। ਤੇ ਡੰਕੇ ਦੀ ਚੋਟ ਤੇ ਆਜ਼ਾਦ ਰਹਾਂਗੇ। ਕਿਉਂਕਿ ਨਗਾਰੇ ਰਾਜੇ ਮਹਾਰਾਜੇ ਰਖਿਆ ਕਰਦੇ ਸਨ, ਇਸ ਲਈ ਇਹ ਨਗਾਰਾ ਵੀ ਉਸ ਸਮੇ ਦੀ ਸਰਕਾਰ ਨੂੰ ਚੈਲੇਂਜ ਸੀ। ਬਾਦਸ਼ਾਹ ਇਹੋ ਜਹੇ ਹਾਲਤ ਵੇਖ ਕੇ ਤੜਪ ਉਠਿਆ ਅਤੇ "ਕਿਲ ਕਿਲਾ" (ਦਖਣ) ਦੇ ਮੁਕਾਨ ਤੋਂ ਗੁਰੂ ਜੀ ਦੀ ਤਾਕਤ ਰੋਕਣ ਲਈ ਇਹ ਹੁਕਮ ਸਰਹਿੰਦ ਦੇ ਫੌਜਦਾਰ ਨੂੰ ਭੇਜਿਆ :-

"ਜੇ ਗੁਰੂ ਗੋਬਿੰਦ ਸਿੰਘ ਸਾਧੂ ਬਣਕੇ ਅਪਣੇ ਵਡੇਰਿਆਂ ਵਾਗ ਰਹੇ, ਸਿਖਾਂ ਪਾਸੋਂ 'ਸਚਾ ਪਾਤਸ਼ਾਹ' ਨਾਂ ਅਖਵਾਏ ਜਮੀਅਤ ਜਮਾ ਕਰਨ ਤੋਂ ਬਾਜ਼ ਆ ਜਾਵੇ, ਝਰੋਖੇ ਬੈਹਿ ਕੇ ਦਰਸ਼ਨ ਦੇਣ ਤੇ ਨਮਸਕਾਰਾਂ ਕਰਵਾਉਣ ਆਦਿ ਬਾਦਸ਼ਾਹੀ ਤੋਰ ਤਰੀਕੇ ਛਡ ਦੇਵੇ, ਤਾ ਭਲਾ। ਨਹੀ ਤਾਂ, ਉਸ ਦਾ ਘਰ ਘਾਟ ਬਰਬਾਦ ਕਰਨ ਤੇ ਉਸ ਨੂੰ ਵਤਨੋ ਕਢ ਦੇਣ ਦਾ ਕੋ ਸ਼ਸ ਕੀਤੀ ਜਾਵੇ।❀ ਇਸ ਤੋਂ ਬਾਦ 'ਕਿਲ ਕਿਲਾ' ਦੇ ਮੁਕਾਮ ਤੋਂ ਹੀ ਇਕ ਹੋਰ ਹੁਕਮ ਕਢਿਆ ਜਿਸ ਅਧੀਨ ਤਾਕੀਦ ਕੀਤੀ ਗਈ ਕਿ "ਰਾਜਪੂਤਾਂ ਤੋਂ ਬਿਨਾਂ, ਹੋਰ ਕਿਸੇ ਕੋਮ ਦਾ ਹਿੰਦੂ ਹਥਿਆਰ ਨ ਬੰਨੇ। ਅਤੇ ਹਾਥੀ, ਪਾਲਕੀ, ਅਰਬੀ ਤੇ ਇਰਾਕੀ ਘੋੜੇ ਪੁਰ ਸਵਾਰ ਨਾ ਹੋਵੇ। @

ਗੁਰੂ ਗੋਬਿੰਦ ਸਿੰਘ ਜੀ "ਬਲ ਹੋਆ ਬੰਧਨ ਛੁਟੇ, ਸਭਕਿਛ ਹੋਤ ਉਪਾਇ" ਤੇ ਅਮਲ ਕਰ ਰਹੇ ਸਨ। ਇਸ ਨੂੰ ਰੋਕਣ ਲਈ ਔਰੰਗਜ਼ੇਬ ਨੇ ਅਪਣੀ ਸਾਰੀ ਵਾਹ ਲਾ ਦਿਤੀ। ਰੋਕ ਰੁਕਾਵਟ ਦਾ ਸਿਲਸਿਲਾ ਇਥੋਂ ਤੀਕ ਵਧ ਗਿਆ ਕਿ ਗੁਰੂ ਜੀ ਨੂੰ ਹਕੂਮਤ ਨਾਲ ਲੜਾਈਆਂ ਕਰਨੀਆਂ ਪੈ ਗਈਆਂ ਅਤੇ ਫਿਰ ਇਕ ਐਸੀ ਕੋਮ ਦੀ ਲੋੜ ਪਈ

* ਇਹ ਪਾਵਨ ਬੀੜ ਇਸ ਵਕਤ "ਸਿਖਰੈਫ੍ਰੈਂਸ ਲਾਈ ਬਰੇਰੀ ਅਮ੍ਰਿਤਸਰ ਵਿਚ ਪਈ ਹੋਈ ਹੈ।

❀ ਤਵਾਰੀਖ-ਸ਼ਿਖਾਂ (ਫਾਰਸੀ)-ਖੁਸ਼ਵਕਤ ਰਾਇ

@ ਮਆਸਰਿ-ਆਲਮਗੀਰੀ"-ਫਾਰਸੀ - ਪਨਾਂ ੩੭੦

ਜੋ ਸਿਧੀ ਗੁਰੂ ਜੀ ਦੇ ਅਧੀਨ ਹੁੰਦੀ ਅਤੇ ਉਨਾਂ ਦਾ ਹੁਕਮ ਮਨਜੀ। ਇਸ ਲੋੜ ਦਾ ਸਿਟਾ "ਖਾਲਸਾ ਪੰਥ" ਦੀ ਹੋਂਦ ਵਿਚ ਆਉਣਾ ਸੀ। ਇਹ ਹਾਲਾਂ ਇਥੇ ਦਸਣ ਦੀ ਲੋੜ ਇਸ ਲਈ ਪਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸੰਘਰਸ਼ਮਈ ਯੋਜਨਾ ਦੇ ਵਿਚਾਰਾਂ ਦੀ ਸੁਰੂਆਤ ਨੌਵੇ ਗੁਰੂ ਤਗ ਬਹਾਦਰ ਜੀ ਦੀ ਸਹੀਦੀ ਤੋਂ ਹੀ ਸੁਰੂ ਹੁੰਦੀ ਹੈ। ਅਤੇ ਇਸੇ ਸ਼ਹੀਦੀ ਨੇ, ਜਿਸਨੂੰ ਅਜ ਤਿਨ ਸੌ ਸਾਲ ਹੋ ਚੁਕੇ ਹਨ ਆਉਂਦੇ ਇਤਿਹਾਸ ਨੂੰ ਉਹ ਮੋੜ ਦਿਤਾ, ਜਿਸਨੇ ਮੁਗਲ ਹਕੂਮਤ ਨੂੰ ਉਖਾੜ ਸੁਟਿਆ ਅਤੇ ਫਿਰ ਖਾਲਸਾ ਰਾਜ ਹੋਂਦ ਵਿਚ ਆਇਆ।

ਗੁਰੂ ਤੇਗ ਬਹਾਦਰ ਜੀ

ਸ੍ਰੀ ਹਰਬੰਸ ਸਿੰਘ ਮਸੈਕੇ ਵਾਲੀਆ ਅੰਮਰਤ ਸਰ ਵਡਾ

ਮਖਣ ਸ਼ਾਹ ਦਾ ਸਿਦਕ ਵਧਾਇਆ। ਗੁਰੂ ਤੇਗ ਬਹਾਦਰ ਜੀ
ਡੁਬਦਾ ਬੇੜਾ ਬੰਨੇ ਲਾਇਆ। ....
ਬਕਾਲੇ ਗ੍ਰਾਮ ਤਾਂਈ ਰੁਸ਼ਨਾਇਆ। ....
ਸਾਧ ਸੰਗਤ ਨੂੰ ਚਰਨੀ ਲਾਇਆ। ....
ਧੀਰ ਮਲ ਨੂੰ ਧੀਰਜ ਵਿਖਾਇਆ। ....
ਦੋਖੀਆਂ ਤੋਂ ਨ ਸੀ ਘਬਰਾਇਆ। ....
ਸ੍ਰੀ ਗ੍ਰੰਥ ਬਿਆਸਾ ਰਖਵਾਇਆ। ....
ਅਭਿਜ ਅਛਿਜ ਰਖਕੇ ਦਿਖਲਾਇਆ। ....
ਮਾਖੋ ਦੈਤ ਦਾ ਡੇਰਾ ਚੁਕਾਇਆ। ....
ਸ੍ਰੀ ਅਨੰਦ ਪੁਰ ਨਗਰ ਵਸਾਇਆ। ....
ਤੀਰਥਾਂ ਨੂੰ ਜਾ ਭਾਗ ਸੀ ਲਾਇਆ। ....
ਪਟਨੇ ਸ੍ਰੀ ਦਸਮੇਸ ਪ੍ਰਗਟਾਇਆ। ....
ਖਾਰੇ ਖੂਹਾਂ ਨੂੰ ਮਿਠਾ ਬਣਾਇਆ। ....
ਕਾਮਰੂ ਦੇਸ ਦਾ ਦੌਰਾ ਕਰਾਇਆ। ....
ਬਿਸ਼ਨ ਸਿੰਘ ਦਾ ਮਾਨ ਵਧਾਇਆ। ....
ਰਾਜਾ ਰਾਮ ਨੂੰ ਸੀ ਸਮਝਾਇਆ। ....
ਨਿਸਾਨੀ ਲਾਕੇ ਪੁਤਰ ਦਿਵਾਇਆ। ....
ਹਿੰਦੂ ਧਰਮ ਦੇ ਤਾਂਈ ਬਚਾਇਆ। ....
ਜੰਞੂ ਟਿਕੇ ਲਈ ਕਸ਼ਟ ਉਠਾਇਆ। ....
ਧਰਮ ਹੇਤ ਸਾਕਾ ਜਿਨ ਕੀਆ – ਗੁਰੂ ਤੇਗ ਬਹਾਦਰ ਜੀ
ਸੀਸ ਦੀਆ ਪਰ ਸਿਰਰੁ ਨ ਦੀਆ ਗੁਰੂ ਤੇਗ ਬਹਾਦਰ ਜੀ

ਹਿੰਦ ਦੀ ਚਾਦਰ, ਗੁਰੂ ਤੇਗ ਬਹਾਦਰ !

[ਵਲੋਂ—ਗੁਰਬਚਨ ਸਿੰਘ ਨਾਮਧਾਰੀ ਡਾਲਟਨ ਗੰਜ

ਗੁਰੂ ਤੇਗ ਬਹਾਦਰ ! ਤੇਗ ਉਤੇ ਵਿਜਯ ਪ੍ਰਾਪਤ ਕਰਨ ਵਾਲੇ ਬਹਾਦਰ ਦਾ ਨਾਂ ! ਅਨਿਯਾ ਅਤੇ ਹਿੰਸਾ ਦਾ ਸਤਿਯ ਔਰ ਅਹਿੰਸਾ ਦੇ ਮੂਕ ਹਥਿਆਰਾਂ ਨਾਲ ਮੁਕਾਬਲਾ ਕਰਨ ਵਾਲੇ ਸੂਰਮੇ ਦਾ ਪ੍ਰਤੀਕ ! ਦੇਸ਼ ਔਰ ਧਰਮ ਦੀ ਰਖਿਆ ਖਾਤਿਰ ਆਪਾ ਵਾਰਨ ਦੀ ਇਕ ਪੁਕਾਰ ! ਤਿਆਗ ਅਤੇ ਬਲੀਦਾਨ ਦੇ ਨਛਤ੍ਰ ਮੰਡਲ ਉਤੇ ਦੇਸ਼ ਪ੍ਰੇਮ ਅਤੇ ਮਾਨਵਤਾ ਦੀ ਰੌਸ਼ਨੀ ਖਿਲਾਰਨ ਵਾਲਾ ਇਕ ਅਮਿਟ ਸੂਰਜ ਜਾਂ ਇੰਝ ਕਹੀਏ-ਸਿਰ ਦੇ ਕੇ ਭੀ ਧਰਮ ਦੇ ਦੁਸ਼ਮਨ ਨੂੰ ਵੰਗਾਰਨ ਦਾ ਨਾਮ ਹੈ ਗੁਰੂ ਤੇਗ ਬਹਾਦਰ।

ਜਦੋਂ ਅਧਰਮ ਦਾ ਰਾਜ ਹੋਵੇ,ਝੂਠ ਅਤੇ ਅਨਿਯਾਏ ਦਾ ਬੋਲ ਬਾਲਾ ਹੋਵੇ ਸੰਤ ਅਤੇ ਫਕੀਰ ਸਤਾਏ ਜਾਂਦੇ ਹੋਣ ਉਦੋਂ ਧਰਮ ਕੁਰਬਾਨੀ ਮੰਗਦਾ ਹੈ। ਏਸੇ ਸਮੇ ਕਿਸੇ ਮਹਾਨ ਪੁਰਖ ਦੀ ਸ਼ਹਾਦਤ ਹੀ ਧਰਮ ਦੀ ਰਖਿਆ ਕਰ ਸਕਦੀ ਹੈ। ਸ਼ਹੀਦ ਦਾ ਖੂਨ ਹੀ ਸਤਯ ਅਤੇ ਇਨਸਾਫ ਦੇ ਸੁਕੇ ਹੋਏ ਬੂਟੇ ਨੂੰ ਇਕ ਵਾਰ ਫਿਰ ਹਰਿਆਂ ਕਰ ਸਕਦਾ ਹੈ।

ਇਤਿਹਾਸ ਸਾਖੀ ਹੈ ਐਸੀ ਹੀ ਸਥਿਤੀ ਪੈਦਾ ਹੋ ਗਈ ਸੀ,ਅਜ ਤੋਂ ਲਗ ਭਗ ਤਿਨ ਸੌ ਸਾਲ ਪਹਿਲਾਂ। ਰਾਜ ਦੇ ਮਦ ਵਿਚਿ ਅੰਨੇ ਹੋਏ ਅਰਗਜ਼ੇਬ ਨੇ ਭਗਵਾਨ ਰਾਮ ਅਤੇ ਕ੍ਰਿਸ਼ਨ ਦਾ ਨਾਂਮ ਲੈਣ ਵਾਲਾ ਹੀ ਨਾ ਰਹਿਣ ਦੇਣ ਦੇ ਖਵਾਬ ਵਿਚ ਕਰੂਰਤਾ ਔਰ ਵਿਆਪਕ ਹਿੰਸਾ ਦਾ ਰੂਪ ਧਾਰਨ ਕੀਤਾ ਤਾਂ ਤੈਮੂਰ ਅਤੇ ਚੰਗੇਜ਼ ਭੀ ਸ਼ਰਮ ਗਏ। ਇਸਲਾਮ ਦਾ ਪ੍ਰਸਾਰ ਕਰਨ ਦੀ ਦੁਰਭਾਵਨਾ ਵਿਚ ਭਰਮ ਦੇ ਆਸਾਰ (ਇਨਸਾਨੀਅਤ) ਨੂੰ ਹ ਭੁਲ ਗਿਆ। ਭੁਲ ਗਿਆ ਭਗਵਾਨ ਕ੍ਰਿਸਨ ਦੇ

ਉਪਦੇਸਾ ਨੂੰ ਯੋ ਯੋ, ਯਾਂ ਯਾਂ ਤਨੂੰ ਭਗਤ:
ਸ੍ਰਧਯਾਰ ਚੀਤ੍ਰਮ ਇਛਤੀ
ਤਸਿਥ ਤਸਿਆਂ ਚਲਾਂ ਸ੍ਰਧਾ
ਤਾਮੇਵ ਵਿਧਾਮੀਅਹਮੰ ॥

ਜੋ ਭਗਤ ਜਿਸ ਰੂਪ ਵਿਚ ਸ੍ਰਧਾ ਨਾਲ ਮੇਰੀ ਅਰਚਨਾ ਕਰਦ ਹਨ ਮੈਂ ਉਸੇ ਰੂਪ ਵਿਚ ਹੋ ਕੇ ਉਸਨੂੰ ਮਿਲਦਾ ਹਾਂ ਅਤੇ ਉਸਦੀ ਸ੍ਰਧਾ ਸਥਿਰ ਰਖਦਾ ਹਾਂ।

ਭਗਵਾਨ ਜਾਂ ਖੁਦਾ ਕੋਲ ਪਹੁੰਚਨ ਦੇ ਰਸਤੇ ਦਸ ਵੀਹ ਹੋ ਸਕਦੇ ਹਨ,ਪਰ ਭਗਵਾਨ ਤਾਂ ਦਸ ਵੀਹ ਨਹੀਂ। ਉਹ ਤਾਂ ਸਵਰਬ ਸ਼ਕਤੀ ਮਾਨ ਪਿਤਾ ਇਕ ਹੈ। ਉਸਨੂੰ ਜੋ ਜਿਸ ਰੂਪ ਵਿਚ ਯਾਦ ਕਰਦਾ ਹੈ,ਓਸੇ ਰੂਪ ਵਿਚ ਹੋ ਕੇ ਉਹ ਭਗਤ ਦੀ ਭਗਤੀ ਕਬੂਲ ਕਰਦਾ ਹੈ।

ਪਰ ਉਸ ਵੇਲੇ ਤਾਂ ਸ਼ਾਸਕ ਵਰਗ ਦੇ ਉਤੇ ਤਅੱਸਬ ਦਾ ਭੂਤ ਸਵਾਰ ਸੀ ਜਿਸ ਦੇ ਫਲ ਸਵਰੂਪ ਗੁਰੂ ਤੇਗਬਹਾਦਰ ਜੀ ਦੀ ਸ਼ਹੀਦੀ ਜਰੂਰ ਪਜੀਰ ਹੋਈ। ਅਧਰਮ ਔਰ ਅਨੀਤੀ ਦੇ ਅਧੀਨ ਹਿੰਦੂਆਂ ਤੋਂ ਧਰਮ ਛੁਡਵਾਨਾ ਹੀ ਅਪਨਾ ਧਰਮ ਸਮਝ ਬੈਠਾ ਸੀ। ਜੁਲਮ ਅਤੇ ਅਤਿਆ ਚਾਰਕਰਕੇ ਲੋਕਾਂ ਨੂੰ

ਮੁਸਲਮਾਨ ਬਣਾ ਦੇਣਾ ਹੀ ਅਪਨਾ ਫਰਜ਼ ਸਮਝਦਾ ਸੀ। ਦੇਸ ਦੇ ਅੰਦਰ ਗਮ ਦੀ ਘਟਾਵਾਂ ਛਾ ਗਈਆਂ ਸੰਤ ਫਕੀਰ ਸਤਾਏ ਜਾਣ ਲਗੇ। ਜਦੋਂ ਸੰਤ ਅਤੇ ਫਕੀਰ ਦੀ ਆਤਮਾ ਦੁਖਾਈ ਜਾਂਦੀ ਹੈ,ਉਦੋਂ ਪ੍ਰਮਾਤਮਾ ਦੁਖੀ ਹੁੰਦਾ ਹੈ। ਅਤੇ ਇਹ ਦੁਖ ਦੀ ਪੁਕਾਰ ਜਦੋਂ ਕਸ਼ਮੀਰ ਦੇ ਬ੍ਰਾਹਮਣ ਲੈ ਕੇ ਗੁਰੂ ਤੇਗਬਹਾਦਰ ਕੋਲ ਪਹੁੰਚੇ ਤਾਂ ਉਨਾਂ ਨੇ ਤਤਕਾਲ ਨਿਰਨਾ ਕੀਤਾ ਧਰਮ ਕੁਰਬਾਨੀ ਮੰਗਦਾ ਹੈ। ਅਤੇ ਸਮਾ ਆਵਨ ਤੇ ਆਪਾ ਵਾਰ ਕੇ ਭੀ ਰਿਖੀ ਮੁਨੀਆਂ ਦੇ ਦੇਸ ਵਿਚ ਧਰਮ ਦੀ ਨੀਂਹ ਕਾਯਮ ਰਖੀ।

ਤੇਗ ਉਤੇ ਵਿਜਯ ਪ੍ਰਾਪਤ ਕਰਨ ਵਾਲੇ ਗੁਰੂ ਤੇਗ ਬਹਾਦਰ ਨੇ ਜਦੋਂ ਸੌਰਯ ਅਤੇ ਸ਼ਕਤੀ ਦਾ ਬਲੀਦਾਨ ਨਾਲ ਸਾਖਿਆਤਕਾਰ ਕਰਵਾਇਆ ਤਾਂ ਮਾਨਵਤਾ ਮੁਲਕੀਤ ਹੋ ਉਠੀ। ਆਪਨਾ ਬਲੀਦਾਨ ਦੇ ਕੇ ਭੀ ਦੇਸ਼ ਦੇ ਕ੍ਰੋੜਾਂ ਵਿਅਕਤੀਆਂ ਦੀ ਰਖਿਆ ਕਰਨ ਵਾਲੇ ਸਪੂਤ ਨੂੰ ਵੇਖ ਭਾਰਤ ਮਾਤਾ ਗੋਰਵਾਨਵੀਤ ਹੋ ਉਠੀ, ਆਪਨੇ ਦੁਖ ਤੋਂ ਦੁਖੀ ਹੋਨਾਂ ਤਾਂ ਹਰ ਮਨੁਖ ਜੀਵ ਜੰਤੂ ਜਾਣਦੇ ਹਨ ਪਰ ਦੂਸਰੇ ਦੇ ਦੁਖ ਤੋਂ ਅਭੀ ਭੂਤ ਹੋ ਕੇ ਆਪਨੇ ਆਪ ਨੂੰ ਨਿਓਛਾਵਰ ਕਰਕੇ ਗੁਰੂ ਜੀ ਨੇ ਪ੍ਰਮਾਣਿਤ ਕਰ ਦਿਤਾ ਕਿ ਪਰੋਪਕਾਰ ਦੇ ਮਾਧਯਮ ਨਾਲ ਹੀ ਆਤਮਾ ਦੇ ਨਾਲ ਸਾਛਾਤ ਕਾਰ ਸੰਭਵ ਹੋ ਸਕਦਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਚਿਰ ਕਾਲ ਤੋਂ ਵਿਦੇਸ਼ੀ ਅ ਕ੍ਰਮਣ ਕਾਰੀਆਂ ਦੀ ਗੁਲਾਮੀ ਦੀ ਨੀਂਦ ਵਿਚ ਸੁਤੇ ਦੇਸ ਵਾਸੀਆ ਦੀ ਅਣਖ ਨੂੰ ਇਕ ਜੋਰਦਾਰ ਹਲੂਣਾ ਦਿਤਾ। ਆਪਦੇ ਖੂਨ ਨੇ ਗੁਰੂ ਗੋਬਿੰਦ ਸਿੰਘ ਵਰਗਾ ਸੂਰਮਾ ਪਦਾ ਕਰ ਦਿਤਾ,ਜਿਸਨੇ ਮੁਣੀ ਭਰ ਸਿਖਾਂ ਦੇ ਨਾਲ ਹੀ ਮੁਗਲ ਬਾਦਸ਼ਾਹ ਅਤੇ ਪਹਾੜੀ ਰਾਜਿਆਂ ਦੀ ਸਮੂਹਿਕ ਵਿਸਾਲ ਲਸਕਰ ਨੂੰ ਕਰਾਰੀ ਹਾਰ ਦੇ ਕੇ ਇਹ ਪ੍ਰਮਾਣਿਤ ਕਰ ਦਿਤਾ ਕਿ ਥੋੜੇ ਜਿਹੇ ਸ਼ਤ੍ਰਿਯ ਅਤੇ ਧਰਮ ਦਾ ਮੁਕਾਬਲਾ ਸਾਰੀ ਦੁਨੀਆ ਦੀ ਤਾਕਤ ਵੀ ਨਹੀਂ ਕਰ ਸਕਦੀ।

ਆਪਦੇ ਖੂਨ ਤੋਂ ਪ੍ਰਿਥਵੀ ਨੇ ਬੰਦਾ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਵਰਗੇ ਸੂਰਮੇ ਪੈਦਾ ਕਰ ਦਿਤੇ। ਸਿਖਾਂ ਦੇ ਵਿਚ ਉਹ ਤਾਕਤ ਭਰ ਦਿਤੀ ਜਿਨਾਂ ਆਪਨੇ ਸਿਰਾਂ ਦੇ ਮੁਲ ਪੁਆਏ ਦੇਸ ਦੀ ਰਖਿਆ ਲਈ ਕੁਰਬਾਨੀਆਂ ਦਿਤੀਆਂ ਧੀਆਂ ਭੈਣਾਂ ਦੇ ਡੋਲੇ ਬਚਾਏ ਮੁਗਲਾਂ ਪਠਾਨਾਂ ਦੇ ਦੰਦ ਖੱਟੇ ਕਰ ਦਿਤੇ ਹੱਸ ਹੱਸ ਕੇ ਫਾਂਸੀਆਂ ਤੇ ਲਟਕੇ,ਤੋਪਾਂ ਅਗੇ ਤੂੰਬੇ ਤੂੰਬੇ ਉਡ ਗਏ,ਪਰ ਆਪਨਾ ਧਰਮ ਨ ਛਡਿਆ ਆਪਨੇ ਦੇਸ ਦਾ ਸਿਰ ਨਾਂ ਝੁਕਨ ਦਿਤਾ। ਪਹਿਲਾਂ ਜੋ ਦੇਸ ਦੀ ਅਸਮਤ ਗਜਨੀ ਕੇ ਬਜਾਰਾਂ ਵਿਚ ਕਦੇ-ਕਦੇ ਵਿਕਦੀ ਸੀ ਸੰਘ ਸੂਰ ਬੀਰਾਂ ਦੇ ਪ੍ਰਗਟ ਹੋਣ ਪਿਛੋਂ ਜਦੋਂ ਇਹਨਾਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਛਡੇ ਤਾਂ ਕਾਬਲ ਕੰਧਾਰ ਦੀਆਂ ਦੀਵਾਰਾਂ ਹਿਲ ਗਈਆਂ।

ਗੁਰੂ ਤੇਗ ਬਹਾਦਰ। ਆਪ ਧੰਨ ਹੋ। ਧਰਮ ਦੀ ਰਖਿਆ ਅਤੇ ਦੇਸ ਦੀ ਸਵਤੰਤ੍ਰਤਾ ਦੀ ਖਾਤਿਰ ਕੀਤਾ ਹੋਇਆ ਆਪ ਦਾ ਤਿਆਗ ਅਨੂਪਮ ਹੈ। ਆਪਦਾ ਤਿਆਗ ਕਿਸੇ ਕੌਮ ਜਾਂ ਸਮਾਜ ਵਾਸਤੇ ਨਹੀਂ ਬਲਕਿ ਸਾਰੀ ਮਾਨਵਤਾ ਵਾਸਤੇ ਸੀ। ਆਪਦੀ ਕੁਰਬਾਨੀ ਕਿਸੇ ਸਵਾਰਥ ਪੂਰਤੀ ਲਈ ਨਹੀ ਅਪਿਤੂ ਮਨੁਖ ਮਾਤਰ ਦੀ ਸੁਰਖਯਤ ਲਈ ਸੀ। ਆਪਨੇ ਸਤਯ ਅਤੇ ਅਹਿੰਸਾ ਸੋਰਯ ਅਤੇ ਬਲੀਦਾਨ ਭਾਵਨਾਂ ਅਤੇ ਭਗਤੀ ਅਤੇ ਲੋਕਹਿਤ ਅਤੇ ਦੇਸ ਭਗਤੀ ਦਾ ਜੋ ਆਦਰਸ ਰਖਿਆ ਉਹ ਮਿਸਾਲ ਹੈ ਗਫਲਤ ਨੀਂਦ ਸੁਤੇ ਹੋਏ ਦੇਸ ਵਾਸੀਆਂ ਨੂੰ ਜਗਾ ਕੇ ਨਿਆਏ ਅਧਿਕਾਰੀ ਅਤੇ ਧਰਮ ਦੀ ਰਖਿਆ ਲਈ ਇਕ ਵਾਰ ਫਿਰ ਤੋਂ ਆਪਨੇ ਸਾਵਧਾਨ ਕਰ ਦਿਤਾ। ਸਤਯ ਸਾਂਤੀ ਅਤੇ ਸਮਾਨਤਾ ਦਾ ਜੋ ਪ੍ਰਕਾਸ ਸਤੰਭ ਆਪਨੇ ਰਖਿਆ ਉਸਤੋਂ ਸਾਰਾ ਜਗਤ ਪ੍ਰਕਾਸਮਾਨ ਹੋ ਇਆ ਹੈ। ਅਪਨੇ ਤਿਆਗ ਅਤ ਤਪਸਿਆ ਦੀ ਜੋ ਨਿਰਮਲ ਧਾਰਾ ਪ੍ਰਵਾਹਿਤ ਕੀਤੀ ਹੈ ਉਸਤੋਂ ਸਾਰੀ ਮਾਨਵਤਾ ਲਾਭਾਨਵੀਤ ਹੋਈ ਹੈ। ਅਜ ਸਾਰਾ ਮਾਨੁਖ ਮਾਤਰ ਨਤਮਸਤਕ ਹੈ ਆਪਦੇ ਸਾਮਨੇ

ਸਿਰ ਝੁਕਾ ਕੇ ਕਹਿੰਦਾ ਹੈ ਕਿ
ਜਿਨਕੀ ਢੂੰਢਤੀ ਹੂਈ ਜਵਾਨੀ,
ਮਾਂਗ ਰਹੀ ਅਪਨੀ ਕੁਰਬਾਨੀ
ਮਰਨ ਏਕ ਜਿਨਕੀ ਅਭਿਲਾਸਾ,
ਮਰਨ ਏਕ ਜਿਨਕਾ ਤਿਓਹਾਰ
ਨਮਨ ਮੇਰਾ ਉਨਹੇਂ ਸ਼ਤ ਬਾਰ ॥

—o—

ਪੱਤ ਤਿਲਕ ਤੇ ਜੰਞੂ ਦੀ ਰਖਣੇ ਲਈ

ਵਲੋਂ ਸ੍ਰ. ਨਿਰੰਜਣ ਸਿੰਘ ਜੀ ਤਾਂਘੀ ਟਰੇਨਿੰਗ ਅਫਸਰ, ਨੀਲੋਖੇੜੀ

ਨੌਵੇਂ ਗੁਰੂ ਧਰਮਾਤਮਾ ਧਰਮ ਰਖਸ਼ਕ,ਇਕ ਦਿਨ ਬੈਠੇ ਹੋਏ ਸਨ ਦਰਬਾਰ ਅੰਦਰ।
ਸੰਗਤ ਬੈਠੀ ਹੋਈ ਸੀ ਇਰਦ ਗਿਰਦ ਸਾਰੇ,ਪਏ ਹੋਏ ਸਨ ਕਿਸੇ ਵਿਚਾਰ ਅੰਦਰ।
ਸੂਰ ਬੀਰ ਬਲਵਾਨ ਗੋਬਿੰਦ ਗੁਰ ਭੀ,ਮਗਨ ਬੈਠੇ ਸਨ ਧਿਆਨ ਕਰਤਾਰ ਅੰਦਰ।
ਏਸ ਸਮੇ ਚ ਥੋੜੇ ਜਿਹੇ ਦੁਖੀ ਪੰਡਤ,ਖੜੇ ਆਣ ਕੇ ਹੋਏ ਕਤਾਰ ਅੰਦਰ।

ਪੱਲਾ ਗਲ ਪਾਕੇ ਕਹਿੰਦੇ ਸਤਿਗੁਰੂ ਜੀ,ਐ ਹਜ਼ੂਰ ਸਾਡਾ ਭੀ ਬਚਾਓ ਕਰਨਾ।
ਅਤੀ ਦੁਖੀ ਕੀਤਾ ਸਾਨੂੰ ਜ਼ਾਲਮਾ ਨੇਂ,ਕੋਈ ਉਨ੍ਹਾਂ ਦਾ ਚਾਹੀਏ ਉਪਾਓ ਕਰਨਾ।

ਧੀਰਜ ਦੇ ਕੇ ਆਖਿਆ ਗੁਰਾ ਅਗੋਂ,ਹੈ ਸਾਰਾ ਮਾਲੂਮ ਹਵਾਲ ਸਾਨੂੰ।
ਅਸੀਂ ਏਸੇ ਸਵਾਲ ਨੂੰ ਸੋਚ ਰਹੇ ਹਾਂ,ਰਾਤ ਦਿਨੇ ਹੀ ਹੈ ਖਿਆਲ ਸਾਨੂੰ।
ਧਰਮੀ ਸੀਸ ਕੋਈ ਦੇਵੇ ਤਾਂ ਧਰਮ ਬਚਦਾ,ਹੁੰਦਾ ਹਲ ਦਿਸੇ ਤਾਂ ਸਵਾਲ ਸਾਨੂੰ।
ਕਿਹਾ ਪੰਡਤਾ,ਦੇਵੇਗਾ ਜਾਨ ਕਿਹੜਾ,ਇਹ ਤਾ ਦਿਸਦਾ ਕੰਮ ਮੁਹਾਲ ਸਾਨੂੰ।

ਸੁਣ ਕੇ ਹਾਲ ਸਬ ਬਾਲਕ ਗੋਬਿੰਦ ਬੋਲੇ,ਪਿਤਾ ਤੁਸਾਂ ਦੇ ਜਿਹਾ ਧਰਮਾਤਮਾ ਕੌਣ?
ਕਿਹੜਾ ਜਾਣਕੇ ਅਗ ਵਿਚ ਪੈਰ ਪਾਊ,ਆਪਣੀ ਜਾਨ ਦਾ ਕਰੇਗਾ ਖਾਤਮਾ ਕੌਣ?
ਬੋਲੇ ਤੇਗ ਬਹਾਦਰ ਵਿਚਾਰ ਸੁਣਕੇ,ਜੋ ਕੁਝ ਕਿਹਾ ਤੂੰ ਬੇਸ਼ੱਕ ਸਚ,ਸੋਚਾਂ!
ਐਪਰ ਉਮਰ ਤੇਰੀ ਨੌਂ ਸਾਲ ਦੀ ਏ, ਪ੍ਰੇਸ਼ਾਨ ਤਾਹੀਓਂ ਮੈਂ ਅਵੱਸ਼ ਸੋਚਾਂ!

ਰਾਖਾ ਤੁਸਾਂ ਦਾ ਕਿਸ ਨੂੰ ਛਡ ਜਾਵਾਂ,ਜ਼ਾਲਮ ਕਰੇ ਨਾਂ ਕੋਈ ਨੁਕਸਾਨ ਪਿਛੋਂ!
ਅਗੋਂ ਆਖਿਆ ਗੁਰੂ ਗੋਬਿੰਦ ਨੇ, ਮੇਰਾ ਪਿਤਾ ਜੀ ਰਾਖਾ ਭਗਵਾਨ ਪਿਛੋਂ।

ਸੁਣਕੇ ਬਾਲ ਗੋਬਿੰਦ ਦੇ ਬਚਨ ਐਸੇ,ਅਨੰਦ ਪੁਰ ਤੋਂ ਦਾਤਾ ਰਵਾਨ ਹੋਇ।
ਪੱਤ ਜੰਞੂ ਤੇ ਤਿਲਕ ਦੀ ਰਖਣੇ ਲਈ,"ਤਾਂਘੀ"ਦਿੱਲੀ ਦੇ ਵਿਚ ਕੁਰਬਾਨ ਹੋਇ।

ਨਿਮੀ ਵਾਰਤਾ—

ਸ੍ਰੀ ਗੁਰੂ ਤੇਗ ਬਹਾਦਰ

—ਬੀਬੀ ਹਰਬੀਰ ਕੌਰ ਰਾਮ ਪੁਰ (ਬੁਢੀ ਮਾੜੀ)

ਗੁਰੂ ਤੇਗ ਬਹਾਦਰ ਜੀ ਕਸ਼ਮੀਰੀ ਪੰਡਤਾਂ ਪਾਸੋਂ ਸੁਣਦੇ ਹਨ ਕਿ ਔਰੰਗਜ਼ੇਬ ਹਿੰਦੂਆਂ ਨੂੰ ਸਖਤੀ ਨਾਲ ਮੁਸਲਮਾਨ ਬਣਾਈ ਜਾ ਰਿਹਾ ਹੈ ਤਾਂ ਆਪ ਹੌਕਾ ਭਰ ਆਖਦੇ ਹਨ ਕੋਈ ਧਰਮੀ ਦਿਲੀ ਜਾਕੇ ਸੀਸ ਦੇਵੇ ਤਾਂ ਠਲਾ ਪਵੇਗਾ।

ਇਹ ਵਾਰਤਾ ਭਾਈ ਸੁਖਾ ਸਿੰਘ ਜੀ ਨੇ ਗੁਰ ਬਿਲਾਸ ਵਿਚ ਇਸਤਰਾਂ ਲਿਖੀ ਹੈ।

ਤੁਰਕਨ ਭਾਰ ਦੁਖਤ ਭਈ ਲੋਈ,ਛਤ੍ਰੀ ਜਗਤ ਨ ਦਿਖਅਤ ਕੋਈ
ਜੋ ਨਿਜ ਆਪਨੋ ਸੀਸ ਚਢਾਵੈ,ਨਿਘਰਤ ਧਰਨ ਭਾਰ ਠਹਰਾਵੈ
ਯੋਸੁਨ ਕਰ ਪਿਤ ਕੀ ਸੁਤਬਾਨੀ, ਬੀਚ ਸਭਾ ਕਹਿ ਪ੍ਰਗਟ ਬਖਾਨੀ
ਤੁਮਤੇ ਔਰ ਅਧਕ ਕੋ ਆਹੀ, ਦੇਗ ਤੇਗ ਜਾਕੇ ਗ੍ਰਿਹ ਮਾਹੀ
ਯੋ ਸੁਨ ਤਾਤ ਧਰੀ ਮਨਮਾਹੀ, ਫਿਰ ਕਛੁ ਬਚਨ ਬਖਾਨਯੋ ਨਾਹੀ—੦
ਕਿਤਕ ਕਾਲ ਇਹ ਭਾਂਤ ਬਿਤਾਈ, ਚੜੇ ਸੁ ਨਾਮ ਸਿਕਾਰ ਜਤਾਈ
ਦਿਲੀ ਕਹਿ ਸਤਿ ਗੁਰ ਤਬ ਗਯੋ, ਯੋ ਚਲ ਨਾਸ ਤਵਨ ਕਾ ਕਯੋ,, ਪੰਨਾ ੮੧ ੮੨

ਦਿਲੀ ਕੈਦ ਹੁੰਦੇ ਸਮੇ ਇਕ ਸਿਖ ਦੀ ਅਰਜ ਤੇ ਉਸਦੇ ਘਰ ਜਾ ਪ੍ਰਸਾਦ ਛਕਦੇ ਹਨ, ਸੋ ਵਾਰਤਾ ਸੂਰਜ ਪ੍ਰਕਾਸ ਵਿਚ ਸੰਤੋਖ ਸਿੰਘ ਜੀ ਇਸ ਤਰਾਂ ਲਿਖੀ ਹੈ।

ਸਿਖ ਕੇ ਘਰਿ ਭੋਜਨ ਅਚਯੋ ਨਿਕਸੇ ਜਬਿ ਤਿਸ ਦ੍ਵਾਰ।
ਪਿਖੇ ਮੁਲਾਨੇ ਤਬਿ ਤਹਾਂ ਜਰ ਬਰ ਹੁਇਗੋ ਛਾਰ।
ਮਤਸਰ ਅਗਨ ਮੁਲਾਨੇ ਮਨ ਮਹਿ, ਜਰਬਰ ਭਯੋ ਭਸਮਿ ਛਿਨ ਮਹਿ।
ਜਬਿ ਲਗਿ ਤੁਰਕ ਬਨਹਿ ਇਹ ਨਾਂਹੀ, ਨਹਿਮਾਨਹਿ ਹਿਦੂੰ ਮਨ ਮਾਂਹੀ,,

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਜਹਾਂਗੀਰ ਦੇ ਤਅਸਬੀ ਸੁਭਾ ਕਾਰਨ ਮਜਬੂਰਨ ਕੀਤੀ ਗਈ ਸੀ ਪਰ ਗੁਰੂ ਤੇਗ ਬਹਾਦਰ ਜੀ ਹਿੰਦ ਧਰਮ ਰਖਣ ਦੀ ਖਾਤਰ ਆਪ ਖੁਸ਼ੀ ਨਾਲ ਜਾਕੇ ਦਿੱਲੀ ਸੀਸ ਦਿਤਾ ਸੀ ਜਿਸ ਦੀ ਬਾਬਤ ਦਸ਼ਮ ਜੀ ਨੇ ਵਿਚਤਰ ਨਾਟਕ ਵਿਚਲਿਖਿਆ ਹੈ।

"ਠੀਕਰ ਫੋਰ ਦਿਲੀਸ ਸਿਰ ਪ੍ਰਭ ਪੁਰ ਕੀਆ ਪਿਆਨ।
ਤੇਗ ਬਹਾਦਰ ਕਿਰਿਆ ਸੀ ਕਰੀ ਨਾ ਕਿਨ ਹੂ ਆਨ,,

ਬੁਧਵਾਨ ਤੇ ਧਰਮੀ ਪੁਰਸ਼ ਇਸੇ ਵਾਸਤੇ ਹੀ ਗੁਰੂ ਤੇਗ ਬਹਾਦਰ ਜੀ ਨੂੰ ਹਿੰਦ ਦੀ ਚਾਦਰ ਆਖਦੇ ਹਨ

—੦ ਸੂਰਜ ਪ੍ਰਕਾਸ਼ ਅਨੁਸਾਰ ਸ੍ਰੀ ਦਸਮੇਸ ਜੀ ਉਸ ਵਕਤ ਅਜੇ ਅਨੰਦਪੁਰ ਆਏ ਹੀ ਨਹੀ ਸਨ। (ਸੰਪਾਦਿਕ)

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ
ਸਮਕਾਲੀਨ ਮਹਾਨਤਾ

—ਮਾਸਟਰ ਅਜੀਤ ਸਿੰਘ ਐਮ. ਏ. ਅਹੀਆ ਪੁਰ

ਮਹਾਂ ਪਰਸ਼ ਮਹਾਨ ਕਾਰਜਾਂ ਨੂੰ ਸਮਰਪਤ ਹੁੰਦੇ ਹਨ। ਅਪਣੇ ਜੀਵਨ ਦਾ ਹਰ ਪਲ, ਉਹ ਮਿਥੇ ਨਿਸਾਨੇ ਦੀ ਤਿਆਰੀ ਵਿਚ ਰੁਝਾਂਉਦੇ ਹਨ ਅਤੇ ਉਸਦੀ ਪੂਰਤੀ ਉਨਾਂ ਲਈ ਵਡੀ ਖੁਸ਼ੀ ਦੀ ਲਖਾਇਕ ਹੁੰਦੀ ਹੈ, ਭਾਂਵੇ ਉਨਾਂ ਨੂੰ ਆਪਣੇ ਲਖਸ਼ ਲਈ ਅਪਣੇ ਜੀਵਨ ਦੀ ਅਹੂਤੀ ਵੀ ਦੇਣੀ ਪੈ ਜਾਵੇ। ਤੇ ਫਿਰ ਮਹਾਨ ਕਾਰਨਾਮਿਆਂ ਵਿਚ ਵੀ ਧਰਮ, ਮਨੁਖਤਾ ਅਤੇ ਦੇਸ਼ ਪ੍ਰਤੀ ਨਿਸ਼ਕਾਮ ਭਾਵਨਾ ਨਾਲ ਜਿੰਦਗੀ ਵਾਰ ਦਣਾ ਸਰਬੋਤਮ ਕਾਰਜ ਹੈ। ਇਸੇ ਲਈ ਹੀ ਤਾਂ ਵੇਖਣ ਵਿਚ ਆਇਆ ਹੈ ਕਿ ਮਨੁਖ ਮਾਤਰ ਉਸੇ ਹੀ ਵਿਅਕਤੀ - ਰੂਪ, (ਜਿਸਨੇ ਉਪਰੋਕਤ ਢੰਗ ਨਾਲ ਮਨੁਖਤਾ ਦੀ ਸੇਵਾ ਕੀਤੀ ਹੋਵੇ)ਲਈ ਹਮੇਸਾਂ ਅਖੀਆਂ ਵਿਛਾਉਂਦਾ ਰਿਹਾ ਹੈ ਤੇ ਉਸਦੀ ਯਾਦ ਨੂੰ ਦਿਲਾਂ ਵਿਚ ਬਿਠਾਉਂਦਾ ਰਿਹਾ ਹੈ। ਐਸੇ ਮਨੁਖਾਂ ਲਈ ਸਮੇਂ ਦੀਆਂ ਹਦਾਂ ਪ੍ਰਭਾਵ—ਰਹਿਤ ਹੁੰਦੀਆਂ ਹਨ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵੀ ਇਸਪਖੋਂ ਉਚਤਮ ਅਤੇ ਮਹਾਤਨਮਹੈ। ਇਹ ਅਜ ਵੀ ਸਾਡੇ ਵਾਸਤੇ ਦੀਨ ਲਈ, ਦੁਖੀਆਂ ਲਈ ਅਤੇ ਮਨੁਖਤਾ ਲਈ ਜ਼ੁਲਮ ਨਾਲ ਟਕਰ ਲਾ ਕੇ ਜੀਵਨ ਰੂਪੀ ਭਾਂਡਾ ਫੋੜਨ ਦੀ ਪ੍ਰੇਰਕ ਹੈ। ਗੁਰੂ ਜੀ ਦੀ ਕੁਰਬਾਨੀ ਦੀ ਸਹੀ ਅਤੇ ਸਰਬ ਪਖੀ ਮਹਾਨਤਾ ਨੂੰ ਜਾਚਣ ਲਈ ਉਨਾਂ ਦੇ ਸਮਕਾਲੀਨ ਪਿਛੋਕੜ ਵਲ ਝਾਤ ਮਾਰਨੀ ਕੁਥਾਂ ਨਹੀ ਹੋਵੇਗੀ।

ਗੁਰੂ ਜੀ ਦੀ ਵਿਅਕਤੀਗਤ ਧਾਰਮਕ ਅਤੇ ਅਧਿਆਤਮਕ ਸਬਲਤਾ ਬੜੀ ਵਿਕਸੀਤ ਸੀ। ਆਪ ਜੀਵਨ ਦੇ ਮੁਢਲੇ ਦਿਨਾ ਤੋਂ ਹੀ ਅਕਾਲ ਪੁਰਖ ਦੇ ਸਿਮਰਨ ਵਿਚ ਰਤੇ ਰਹਿੰਦੇ ਸਨ, ਦੁਨਿਆਵੀ ਖਿਚਾਂ ਅਤੇ ਸੁਖ ਦੁਖ ਓਨਾਂ ਨੂੰ ਤੜਪਾਂਦੇ ਨਹੀ ਸਨ । ਉਨਾਂ ਗੁਰਗਦੀ ਵਾਲੀ ਸਿਆਸਤ ਵਿਚ ਦਿਲ ਚਸਪੀ ਨਾ ਵਿਖਾਈ। ਇਸੇ ਕਰਕੇ ਆਪ ਨੂੰ ਮਹਿਸੂਸ ਨਾ ਹੋਇਆ ਜਦੋਂ ਗੁਰੂ ਹਰ ਗੋਬਿੰਦ ਆਪ ਜੀ ਦੇ ਪੂਜਯ ਪਿਤਾ ਜੀ ਨੇ ਗੁਰਗਦੀ ਆਪਣੇ ਪੋਤਰੇ ਗੁਰੂ ਹਰਿ ਰਾਇ ਜੀ ਨੂੰ ਬਖਸ਼ ਦਿਤੀ। ਆਪ ਨਾਮ - ਰੰਗ-ਰਤੇ, ਅਪਣੀ ਮਾਤਾ ਅਤੇ ਸੁਪਤਨੀ ਸਮੇਤ ਬਾਬੇ ਬਕਾਲੇ ਪਹੁਚ ਗਏ। ਗੁਰੂ ਹਰ ਗੋਬਿੰਦ ਜੀ ਵਲੋਂ ਆਪ ਨੂੰ ਗੁਰ-ਗਦੀ ਨਾ ਮਿਲਣ ਦਾ ਕਾਰਣ ਇਹ ਵੀ ਜਾਪਦਾ ਹੈ ਕਿ ਆਪ ਵਰਗੇ ਸਾਂਤੀ ਪੁੰਜ, ਸਹਿਨਸੀਲ ਅਤੇ ਉਚੀ ਪ੍ਰਤਿਭਾ ਵਾਲੇ ਵਿਅਕਤੀ ਨੂੰ ਗੁਰਗਦੀ ਦੀ ਜਿੰਮੇਵਾਰੀ ਸੰਭਾਲਣ ਦਾ ਸਹੀ ਅਵਸਰ ਗੁਰੂਪਿਤਾ ਜੀ ਦੀ ਦ੍ਰਿਸਟੀ ਵਿਚ ਅਜੇ ਨਹੀ ਆਇਆ ਸੀ। ਅਤੇ ਆਉਣ ਵਾਲੇ ਸਮੇ ਦੀ ਨਜ਼ਾਕਤਤਾ ਨੂੰ ਸਮਝ ਕੇ ਹੀ ਆਪ ਜੀ ਨੂੰ ਗੁਰਗਦੀ ਦੋ ਗੁਰੂਆਂ ਤੋਂਬਾਦ ਵਿਚ ਦਿਤੀ ਗਈ। ਬਾਬੇ ਬਕਾਲੇਨਿਵਾਸ

ਸਮੇ ਆਪ ਜੀ ਨੇ ੨੬ ਸਾਲ ਦਾ ਸਮਾਂ ਭੋਰੇ ਅੰਦਰ ਤਪਸਿਆ ਕਰਕੇ ਅਪਣੀ ਅਧਿਆਤਮਕ ਸਕਤੀ ਨੂੰ ਜਿਆਦਾ ਤੋਂ ਜਿਆਦਾ ਪ੍ਰਜਵਲਤ ਕੀਤਾ ਅਤੇ ਆਉਣ ਵਾਲੇ ਸਮੇਂ ਦੇ ਸੰਕਟ ਲਈ ਅਪਣੇ ਆਪ ਨੂੰ ਤਿਆਰ ਕੀਤਾ।

ਗੁਰਗਦੀ ਦੀ ਪ੍ਰਾਪਤੀ ਵੇਲੇ ਆਪ ਜੀ ਨੂੰ ਪਹਿਲ ਕਿਆਂ ਵਾਂਗ ਹੀ ਬਹੁਤ ਸਾਰੀਆਂ ਸਮਸਿਆਵਾਂ ਨਾਲ ਜੂਝਣਾ ਪਿਆ ਕਿਉਂ ਕਿ ਗੁਰਗਦੀ ਬਖਸ਼ਣ ਵੇਲੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਇਤਨਾਂ ਹੀ ਇਸ਼ਾਰਾ ਕੀਤਾ 'ਬਾਬਾ ਬਕਾਲੇ' ਨਤੀਜੇ ਵਜੋਂ ਬਕਾਲੇ ਵਿਚ ੨੨ ਸੋਢੀ ਅਤੇ ਮਸੰਦ ਆਪਣੀ - ਆਪਣੀ ਪੂਜਾ ਕਰਾਣ ਦੇ ਚਾਹਵਾਨ ਸੰਗਤ ਨੂੰ ਗੁਮਰਾਹ ਕਰਨ ਲਗੇ। ਗੁਜਰਾਤ ਦੇ ਨਾਮਵਰ ਵਪਾਰੀ ਮਖਣ ਸ਼ਾਹ ਲਬਾਣੇ ਨੇ ਅਸਲੀ ਗੁਰੂ ਲਭ ਕੇ ਸੰਗਤ ਵਿਚ ਦੁਹਾਈ ਦਿਤੀ ਤੇ ਗੁਰੂ ਤੇਗ ਬਹਾਦਰ ਜੀ ਦੇ ਵਿਰੋਧੀਆਂ ਨੂੰ ਭਾਜੜਾਂ ਪਾਈਆਂ। ਵਿਰੋਧੀਆਂ ਨੇ ਦੋ ਵਾਰ ਆਪ ਜੀ ਤੇ ਗੋਲੀ ਵੀ ਚਲਾ ਦਿਤੀ ਪਰ ਆਪਜੀ ਦੇ ਸਹਿਨ-ਸ਼ੀਲ ਸੁਭਾਅ ਨੇ ਵਾਹ ਮਲ ਜੀ, ਵਾਹ ਮਲ ਜੀ, ਕਹਿ ਕੇ ਹੀ ਗਲ ਟਾਲ ਦਿਤੀ ਵਿਰੋਧਤਾ ਏਨੀ ਹੀ ਨਹੀ ਸੀ ਸਗੋਂ ਗੁਰੂ ਜੀ ਦਾ ਵਿਰੋਧੀ ਰਾਮ ਰਾਇ ਤਾਂ ਔਰੰਗ ਜ਼ੇਬ ਦੇ ਦਰਬਾਰ ਵਿਚੋਂ ਵੀ ਆਪ ਜੀ ਵਿਰੁਧ ਸਾਜਸ਼ਾਂ ਕਰਨ ਲਗਾ ਹੋਇਆ ਸੀ। ਉਸਨੂੰ ਗੁਰੂ ਜੀ ਦੀ ਲੋਕ ਪ੍ਰਿਅਤ ਸੁਖਾਂਦੀ ਨਹੀ ਸੀ। ਉਨਾਂ ਨੇ ਕੋਸ਼ਿਸ ਕਰਕੇ ਆਪ ਜੀ ਨੂੰ ਸ੍ਰੀ ਅੰਮ੍ਰਿਤਸਰ ਤੋਂ ਇਥੋਂ ਤਕ ਕਿ ਆਪਣੇ ਹੀ ਵਸਾਏ ਅਨੰਦਪੁਰ ਸਾਹਿਬ ਵੀ ਨਾ ਟਿਕਣ ਦਿਤਾ। ਗੁਰੂ ਜੀ ਵਕਤ ਦੀ ਕਰੂਰਤਾ ਨੂੰ ਦ੍ਰਿਸਟੀ ਗੋਚਰ ਕਰਕੇ ਪੂਰਬ-ਵੰਨੀ ਦੌਰੇ ਤੇ ਪਧਾਰੇ। ਦੌਰੇ ਸਮੇ ਗੁਰੂ ਜੀ ਨੇ ਰਾਜਪੂਤ ਰਾਜੇ ਬਿਸ਼ਨ ਸਿੰਘ ਅਤੇ ਕਾਮ ਰੂਪ ਦੇ ਰਾਜੇ ਵਿਚਕਾਰ ਸਦਕੇ ਸੁਲਾਹ ਸਫਾਈ ਕਰਵਾਕੇ ਨਾਮਣਾ ਖਟਿਆ। ਤੇ ਦੂਰ ਢਾਕਾ ਅਤੇ ਚਿਟ ਗਾਂਮ ਤਕ ਗੁਰਮਤ ਦਾ ਪ੍ਰਚਾਰ ਕੀਤਾ।

ਉਧਰ ਦਿਲੀ ਦਾ ਮੁਗਲ ਬਾਦਸ਼ਾਹ ਔਰੰਗਜੇਬ ਆਪਣੀ ਧਾਰਮਕ ਕਟੜਤਾ ਦੀ ਨੀਤੀ ਤੇ ਸੁੰਨੀ-ਮਤ ਮੁਤਾਬਿਕ ਸਾਰੇ ਹਿੰਦੁਸਤਾਨ ਨੂੰ ਮੁਸਲਮ ਦੇਸ਼ ਬਨਾਣ ਦਾ ਪਰਪੱਕ ਨਿਸਚਾ ਕਰੀ ਬੈਠਾ ਸੀ। ਇਸ ਨੀਤੀ ਦਾ ਵਿਖਾਵਾ ਉਹ ਅਪਣੇ ਗੁਜਰਾਤ ਪ੍ਰਦੇਸ਼ ਦੇ ਗਵਰਨਰ ਰਹੇ ਚੁਕਣ ਵੇਲੇ ਵੀ ਕਰ ਚੁਕਾ ਸੀ। ਇਸ ਨਿਸਾਨ ਨਾਲ ਹੀ ਉਸਨੇ ਕਸਮੀਰ ਤੋਂ ਇਹ ਸਖਤੀ ਦੀ ਨੀਤੀ ਲਾਗੂ ਕਰਨ ਦੀ ਠਾਨ ਲਈ ਤੇ ਸ਼ੇਰ ਅਫਗਾਨ ਕਸ਼ਮੀਰ ਦੇ ਗਵਰਨਰ ਨੂੰ ਠੀਕ ਸਮਝਕੇ ਉਸਨੂੰ ਇਹ ਕੰਮ ਸੌਂਪਿਆ ਗਿਆ। ਮੁਤਾਲਿਵਿਤ ਅਨੁਸਾਰ ਜ਼ੋਰ ਨਾਲ ਮੁਸਲਮਾਨ ਬਣਨ ਦੀ ਨੀਤ ਨੂੰ ਕਸ਼ਮੀਰ ਪ੍ਰਦੇਸ ਤੋਂ ਦੋ ਕਾਰਨਾਂ ਕਰਕੇ ਲਾਗੂ ਕੀਤਾ ਗਿਆ ਪਹਿਲਾ ਇਹ ਕਿ ਕਸ਼ਮੀਰ ਦੇ ਪੰਡਤਾਂ ਨੂੰ ਸਾਰੇ ਦੇਸ਼ ਵਿਚ ਉਚ ਕੋਟੀ ਦੇ ਵਿਦਵਾਨ ਮੰਨਿਆ ਜਾਂਦਾ ਸੀ ਤੇ ਜੇਕਰ ਉਹ ਮੁਸਲਮਾਨ ਬਣ ਜਾਣਗੇ ਤਾਂ ਸਾਰੇ ਹਿੰਦੁਸਤਾਨ ਦੇ ਹਿੰਦੂ ਅਪਣੇ ਆਪ ਮੁਸਲਮਾਨ ਬਣ ਜਾਣ ਗੇ। ਦੂਸਰੇ ਜੇ ਉਨਾਂ (ਬ੍ਰਹਮਣਾਂ) ਨੇ ਵਿਰੋਧ ਕੀਤਾ ਤਾਂ ਉਨਾਂ ਵਿਰੁਧ ਜਹਾਦ ਛੇੜ ਕੇ ਗਵਾਂਢੀ ਪੇਸ਼ਾਵਰ ਅਤੇ ਕਾਬੁਲ ਦੇ ਮੁਸਲਮ ਦਸ਼ਾਂ ਦੀ ਸਹਿਜੇ ਹੀ ਮਦਦ ਲਈ ਜਾ ਸਕਦੀ ਸੀ ਸ਼ੇਰ ਅਫਗਾਨ ਨੇ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾਨ ਦਾ ਕੰਮ ਸ਼ੁਰੂ ਕਰ ਦਿਤਾ। ਜਿਹੜੇ ਨਾਂਹ ਕਰਦੇ ਉਨਾਂ ਨੂੰ ਕਤਲ ਕਰ ਦਿਤਾ ਜਾਂਦਾ ਉਹ ਰੋਜਾਨਾ ਸਵਾ ਮਣ ਜਨੇਉ ਲਾਹੁੰਦਾ ਇਸ ਤਰਾਂ ਜਦੋਂ ਇਹ ਕਸ਼ਮੀਰ ਦੇ ਗਵਰਨਰ ਦੀ ਜਬਰੀ ਨੀਤੀ ਟੀਸੀ ਤੇ ਪੁਜ ਗਈ ਤਾਂ ਕੁਝ ਕਸ਼ਮੀਰੀ ਪੰਡਤਾਂ ਨੇ ਸ੍ਰੀ ਗੁਰ ਤੇਗ ਬਹਾਦਰ ਜੀ ਪਾਸ ਜਾ ਅਰਜ ਕੀਤੀ। ਗੁਰੂ ਜੀ ਨੇ ਸੋਚ ਵਿਚਾਰ ਕਰਕੇ ਭਵਿਖ ਤੇ ਦੂਰੇਡੀ ਨਜਰ ਦੁੜਾ ਕੇ ਪੰਡਤਾ ਨੂੰ ਦਿਲਾਸਾ ਦੇ ਕਿਹਾ ਕਿ ਉਹ ਜਾਕੇ ਆਪਣੇ ਗਵਰਨਰ ਰਾਹੀਂ ਬਾਦਸ਼ਾਹ ਨੂੰ ਕਹਿਣ ਕਿ ਜੇ ਕਰ ਉਹ ਇਨਾਂ ਦੇ ਆਗੂ ਨੂੰ ਧਰਮ ਦੀ ਤਬਦੀਲੀ ਕਰਨ ਵਿਚ ਮਜਬੂਰ ਕਰ ਲੈਣ ਤਾਂ ਉਹ ਅਪਣੇ ਆਪ ਮੁਸਲਮਾਨ ਬਣ ਜਾਣ ਗੇ। ਬ੍ਰਹਮਨਾਂ ਦੇ ਕਹਿਣ ਅਨੁਸਾਰ ਸੂਚਨਾ ਕਸ਼ਮੀਰ ਤੋਂ ਦਿਲੀ

ਔਰੰਗਜ਼ਬ ਪਾਸ ਪਹੁੰਚ ਗਈ। ਉਸਨੇ ਗੁਰੂ ਜੀ ਨੂੰ ਬੁਲਾ ਭੇਜਿਆ ਪਰੰਤੂ ਗੁਰੂ ਜੀ ਨੇ ਬਰਸਾਤ ਤੋਂ ਬਾਦ ਜਾਣ ਲਈ ਉਨਾਂ ਨੂੰ ਕਹਿ ਦਿਤਾ। ਏਧਰ ਗੁਰੂ ਜੀ ਨੇ ਚਾਲੇ ਪਾ ਦਿਤੇ ਤੇ ਪਟਿਆਲੇ ਦੇ ਲਾਗੇ ਬਹਾਦੁਰ ਗੜ੍ਹ ਵਿਖੇ ਸੈਫੁਲਦੀਨ ਇਕ ਮੁਸਲਮਾਨ ਦੇ ਘਰ ਬਰਸਾਤ ਦਾ ਮੌਸਮ ਗੁਜਾਰਿਆ ਬਰਸਾਤ ਤੋਂ ਬਾਦ ਬਾਦਸ਼ਾਹ ਨੇ ਗੁਰੂ ਜੀ ਨੂੰ ਲਭ ਕੇ ਬੰਦੀ ਬਣਾਨ ਦਾ ਅਸਫਲ ਜਤਨ ਕੀਤਾ। ਆਖਿਰ ਗੁਰੂ ਜੀ ਨੇ ਆਪਣੇ ਆਪ ਨੂੰ ਆਗਰੇ ਤੋਂ ਕੈਦ ਕਰਵਾ ਲਿਆ

ਗੁਰੂ ਜੀ ਅਗੇ ਇਹ ਸ਼ਰਤਾਂ ਰਖੀਆਂ ਗਈਆਂ ਕਿ ਓਹ ਇਸਲਾਮ ਕਬੂਲ ਕਰਨ, ਕੋਈ ਕਰਾਮਾਤ ਕਰਕੇ ਦਿਖਾਉਣ ਜਾਂ ਸਜਾ ਕਬੂਲ ਕਰਨ ਗੁਰੂ ਜੀ ਨੇ ਆਖਰੀ ਗਲ ਨੂੰ ਠੀਕ ਸਮਝਿਆ। ਕਦ ਵਿਚ ਬੜਾ ਤੰਗ ਕੀਤਾ ਗਿਆ, ਉਨਾਂ ਦੇ ਸਿਖਾਂ ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਸਖ਼ਤ ਸਜਾਵਾਂ ਦੇ ਕੇ ਉਨਾਂ ਦੇ ਸਾਹਮਣੇ ਸ਼ਹੀਦ ਕੀਤਾ ਗਿਆ। ਪਰ ਗੁਰੂ ਜੀ ਮਸਤ ਰਹੇ, ਉਹ ਉਦਾਸ ਨਹੀਂ ਹੋਏ। ਕਹਿੰਦੇ ਹਨ ਉਨਾਂ, ਇਸੇ ਸਮੇਂ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਇਮਤਿਹਾਨ ਲੈਣ ਲਈ ਉਨਾਂ ਨੂੰ "ਬਲ ਛੁਟਕਿਓ ਬੰਧਨ ਪਰੇ................." ਵਾਲਾ ਸਲੋਕ ਲਿਖ ਭੇਜਿਆ ਪਰ ਗੁਰ ਗੋਬਿੰਦ ਸਿੰਘ ਜੀ ਨੇ ਜੁਆਬ ਵਿਚ "ਬਲ ਹੋਆ ਬੰਧਨ ਛੁਟ........................" ਸੂਰਮ ਗਤੀ ਵਾਲਾ ਸਲੋਕ ਲਿਖ ਭੇਜਿਆ। ਇਸ ਜੁਆਬ ਤੇ ਗੁਰੂ ਜੀ ਅਤਿਅੰਤ ਪ੍ਰਸੰਨ ਸਨ ਕਿਉਂ ਕਿ ਹੁਣ ਉਨਾ ਨੂੰ ਯਕੀਨ ਸੀ ਕਿ ਗੁਰੂ-ਸਿਖੀ ਦਾ ਵਾੜਾ ਨੂੰ ਸੰਭ ਲਣ ਲਈ, ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਉਨਾਂ ਦਾ ਸਪੁਤਰ ਪੂਰਨ ਕਾਮਯਾਬ ਹੋਵੇਗਾ।

ਸੀਸ ਧੜ ਤੋਂ ਅਲਗ ਕਰ ਤਾ ਗਿਆ ਪਰ 'ਸਿਸ ਦਿਆ ਪਰ ਸਿਰਰੁ ਨਾ ਦਿਆ' ਦੀ ਅਵਾਜ ਵੀ ਨਾਲ ਹੀ ਗੂੰਜੀ ਜਿਸਨੇ ਸਮਰਾਟ ਅਤੇ ਜਲਾਦਾਂ ਦੀਆਂ ਕਰੂਰ ਆਤਮਾਵਾਂ ਨੂੰ ਭੋਜਲ ਵਿਚ ਪਾ ਦਿਤਾ।

ਪੰਜਾਬ ਦੇ ਇਤਹਾਸ ਵਿਚ ਗੁਰੂ ਜੀ ਦਾ ਬਲੀਦਾਨ ਇਕ ਮਹਾਨ ਤੇ ਲਾ ਮਿਸਾਲ ਘਟਨਾਂ ਹੈ। ਕੁਝ ਮੁਸਲਮਾਨ ਅਤੇ ਅੰਗ੍ਰੇਜ਼ ਲਿਖਾਰੀਆਂ ਜਿਨਾਂ ਵਿਚ ਲਤੀਫ, ਗੁਲਾਮਹੁਸੈਨ, ਕਨੰਘਮ, ਟਰੰਪ ਆਦਿ ਸ਼ਾਮਲ ਹਨ ਨੇ ਇਸ਼ ਸ਼ਹੀਦੀ ਦੀ ਮਹਾਨਤਾ ਨੂੰ ਸਿਰਫ ਪੰਜਾਬ ਦੀ ਸਾਤੀ ਨੂੰ ਭੰਗ ਕਰਨ ਲਈ ਦਿਤੀ ਗਈ ਸਜਾ ਨਾਲ ਹੋਈ ਮੌਤ ਕਹਿ ਕੇ ਛੁਟਿਆਇਆ ਹੈ। ਗੁਲਾਮ ਹੁਸੈਨ ਨੇ ਤਾਂ ਗੁਰੂ ਜੀ ਨੂੰ ਲੁਟੇਰਿਆਂ ਦਾ ਸਰਦਾਰ ਕਹਿ ਕੇ ਬਹੁਤ ਕੋਹਝੇ ਢੰਗ ਨਾਲ ਮੁਸਲਮ ਬਾਦਸ਼ਾਹ ਦੀ ਕਾਰਵਾਈ ਨੂੰ ਠੀਕ ਦਰਸਾਨ ਦੀ ਕੋਸ਼ਿਸ ਕੀਤੀ ਹੈ ਭਾਵੇਂ ਉਨਾਂ ਦੀਆਂ ਦਲੀਲਾਂ ਪਖ-ਪਾਤੀ ਅਤੇ ਇਤਿਹਾਸਿਕ ਦ੍ਰਿਸਟੀ ਕੋਣ ਦੇ ਉਲਟ ਹਨ ਅਤੇ ਗੁਰੂ ਜੀ ਦੇ ਜੀਵਨ ਨਾਲ ਲੇਸ਼ ਮਾਤਰ ਵੀ ਸਬੰਧਤ ਨਹੀ ਹਨ। ਪਰ ਇਸਤਰਾਂ ਨਾਲ ਉਹ ਔਰੰਗ ਜੇਬ ਦੀਆਂ ਜੁਲਮ ਭਰਪੂਰ, ਅਸਭਿਅਤ ਤੇ ਪਾਛਵਿਕ ਕਾਰਵਾਇਆਂ ਨੂੰ ਨਹੀ ਲੁਕਾ ਸਕੇ ਇਸੇ ਕਰਕੇ ਮੁਕਾਲਿਫ ਨੇ ਠੀਕ ਕਿਹਾ ਹੈ। "ਮੁਸਲਮ ਲਿਖਾਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਲਿਖਤਾਂ ਦੇ ਬਿਲਕੁਲ ਉਲਟ ਸੋਚ ਰਖਦੇ ਹਨ। ਇਨਾਂ ਇਤਿਹਾਸਕ ਦ੍ਰਿਸ਼ਟੀ ਕੋਣ ਤੋਂ ਨਹੀਂ ਲਿਖਿਆ।" ਸੁ ਸਪਸ਼ਟ ਹੋਇਆ ਕਿ ਗੁਰੂ ਜੀ ਦੀ ਸਹੀਦੀ ਸਿਰਫ ਗੜ ਬੜ ਫੈਲਾਉਣ ਜਾਂ ਨਿਰੀ ਰਾਜਨੀਤਿਕ ਉਦੇਸ ਨਾਲ ਨਹੀ ਸੀ ਹੋਈ ਸਗੋਂ ਇਹ ਤਾਂ ਮਹਾਨ ਸ਼ਹੀਦਾਂ ਵਾਂਗ ਧਾਰ-ਮਕ ਕਟੜਤਾ ਅਗਹਿਨਸ਼ੀਲਤਾ ਵਿਰੁਧ ਵਡਾ ਕਾਰਨਾਮਾਂ ਸੀ।

ਗੁਰੂ ਜੀ ਦੀ ਪੁਰਵਕਾਰ ਸ਼ਹੀਦੀ ਦੇ ਫਲ-ਸਵਰੂਪ ਸਰਕਾਰ ਦੀ ਧਿੰਗੋਜੋਰੀ, ਤਾਕਤ ਬਲ ਨਾਲ ਧਰਮ ਤਬਦੀਲ ਕਰਕੇ ਮੁਸ਼ਲਮ ਬਨਾਣ ਦੀ ਨੀਤੀ ਵਿਚ ਬੜਾ ਪਰੀਵਰਤਨ ਹੋ ਗਿਆ। ਪਰ ਜਨਤਾ ਜਿਸਦੇ ਅੰਦਰ ਕਿ ਉਨਾਂ ਦੇ ਬਲੀਦਾਨ ਨੇ ਦਹਿਸਤ ਫੈਲਾ ਦਿਤੀ ਸੀ, ਵਿਚੋਂ ਵਿਸ਼ੇਸ਼ਕਰਕੇ ਪੰਜਾਬੀਆਂ ਦੇ ਅੰਦਰ ਰੋਸ, ਗੁਸੇ ਅਤੇ ਬਦਲੇ ਦੀ ਭਾਵਨਾਂ ਜਾਗਰਤ ਹੋਈ, ਇਹ ਦਲੀਲ ਡਾ: ਨਾਰੰਗ ਨੇ ਸੁਲਝਾਈ ਹੈ।

ਸਿਖਾਂ ਦੇ ਆਚਰਨ ਤੇ ਇਨਾਂ ਸਹੀਦੀਆਂ ਦਾ ਚਿਰ ਸਥਾਈ ਪ੍ਰਭਾਵ ਪਿਆ ਪੰਜਵੇਂ ਪਾਤਸ਼ਾਹ ਸ੍ਰੀ ਗੁਰੂਅਰਜਨ ਦੇਵ ਜੀ ਦੀ ਸਹੀਦੀ ਤੋਂ ਬਾਦ ਸ੍ਰੀ ਗੁਰੂ ਹਰ ਗੋਬਿੰਦ ਜੀ ਨੂੰ ਸਮਸੀਰ ਵਰਤਣੀ ਪਈ ਸੀ। ਇਸੇ ਤਰਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਹੀਦੀ ਉਪਰੰਤ ਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਤਲਵਾਰ ਉਠਾਣਾ ਪਈ ਸੀ ਇਸਦਾ ਭਾਵ ਇਹ ਹੈ ਕਿ ਸਾਰੇ ਗੁਰੂ ਸਾਹਿਬਾਨਾਂ ਦੇ ਵਿਅਕਤੀਗਤ ਜੀਵਨ – ਸਾਰ ਸੰਸਾਰ ਦੀ ਮਨੁਖੀ ਜੀਵਨ ਜਾਚ ਦਾ ਇਕ ਹਿਸਾ ਹਨ। ਤੇ ਜਦੋਂ ਛੇਵੇਂ ਗੁਰੂ ਜੀ ਨੇ ਤੇ ਦਸਵੇਂ ਗੁਰੂ ਜੀ ਨੇ ਅਨੁਭਵ ਕੀਤਾ ਕਿ ਇਨਸਾਨੀਅਤ ਤੇ ਜੋਰ ਜੁਲਮ ਦੀ ਅੱਤ ਹੋ ਗਈ ਸੀ ਇਸ ਨੂੰ ਸਾਂਤ ਮਈ ਢੰਗਾਂ ਨਾਲ ਖਤਮ ਨਹੀ ਕੀਤਾ ਜਾ ਸਕਦਾ ਤਾਂ ਉਨਾਂ ਨੇ ਤਲਵਾਰ ਉਠਾਈ। ਪਰ ਇਸਦਾ ਨਿਸਾਨਾਂ ਕੇਵਲ ਜੁਲਮ ਵਿਰੁਧ ਹੋਣਾ ਹੀ ਸੀ, ਅਧਿਆਤਮਕ ਪਖੋਂ ਉਹ ਉਤਨੀ ਹੀ ਸ਼ਕਤੀ ਦੇ ਮਾਲਿਕ ਸਨ ਜਿਨੀ ਦੇ ਪਹਿਲੇ ਹੋਰ ਗੁਰੂ ਸਾਹਿਬਾਨ। ਉਨਾਂ ਦਾ ਇਸਤਰਾਂ ਦੀਨੀਤੀ ਧਾਰਨ ਕਰਨਾ ਬਿਲਕੁਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਫਰਨਾਮੇ ਦੇ ਹੇਠ ਲਿਖੇ ਸ਼ੇਅਰ ਦੇ ਅਨੁਸਾਰ ਸੀ :—ਚੂੰ ਕਾਰ ਅਜ ਹਮਾ ਹੀਲਤੇ ਦਰ ਗੁਜ਼ਸ਼ਤ,

ਹਲਾਲ ਅਸਤ ਬੁਰਦਨ ਬਾ ਸਮਸ਼ੀਰ ਦਸਤ।

ਭਾਵ – ਜਦੋਂ ਸ਼ਾਂਤੀ ਕਾਇਮ ਕਰਨ ਦੇ ਹੀਲੇ ਵਸੀਲੇ ਖਤਮ ਹੋ ਜਾਣ ਤਾਂ ਤਲਵਾਰ ਉਠਾਣੀ ਜਾਇਜ ਹੈ।

ਜਿਵੇਂ ਕਿ ਉਪਰ ਦਸਿਆ ਜਾ ਚੁਕਾ ਹੈ ਕਿ ਸ਼ਹੀਦੀ ਦੇ ਫਲਸਵਰੂਪ ਸਿਖਾਂ ਵਿਚ ਜੋਸ਼ ਠਾਠਾਂ ਮਾਰ ਰਿਹਾ ਸੀ। ਗੁਰੂ ਜੀ ਨੇ ਇਸ ਜੋਸ਼ ਨੂੰ ਸੰਭਾਲ ਕੇ ਸਹੀ ਸੇਧ ਦਿਤੀ। ਉਨਾਂ ਵਿਚ ਉਨਾਂ ਨੇ ਇਕ ਵਿਸੇਸ ਸੈਨਿਕ ਸਪਿਰਟ ਪੈਦਾ ਕੀਤੀ ਤੇ ਜੁਲਮਾ ਵਿਰੁਧ ਡਟ ਕੇ ਮੁਕਾਬਲਾ ਕਰਨ ਦਾ ਬਲ ਬਖਸਿਆ ਏਨਾਂ ਹੀ ਨਹ ਉਨਾਂ ਖਾਲਸਾ ਪੰਥ ਦੀ ਸਿਰਜਨਾਂ ਕਰਕੇ ਆਪਣੇ ਸਿਖਾਂ ਨੂੰ ਦੂਸਰੇ ਫਿਰਕਿਆਂ ਤੋਂ ਬਿਲਕੁਲ ਭਿੰਨ ਸ਼ਕਲ ਦਿਤੀ ਤਾਂ ਕਿ ਜਦੋਂ ਵੀ ਜਰੂਰਤ ਪਏ ਸਿਖਾਂ ਨੂੰ ਲਭਣਾਂ ਨਾ ਪਏ, ਉਹਨਾਂ ਦੀ ਜਾਹਰੀ ਸ਼ਕਲ ਤੋਂ ਉਹ ਇਕਦਮ ਪਹਿਚਾਨੇ ਜਾਣ। ਇਸਦਾ ਕਾਰਣ ਇਹ ਵੀ ਦਸਿਆ ਜਾਂਦਾਂ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਹੀਦੀ ਦੇ ਵਕਤ, ਦਿਲੀ ਵਿਚ ਗੁਰੂ ਜੀ ਦੇ ਹਜਾਰਾਂ ਸਿਖ ਹੋਣਦੇ ਬਾਵਜੂਦ ਵੀ-ਕੋਈ ਜਣਾਂ ਅਪਣੇ ਆਪ ਨੂੰ ਖੁਲੇ ਤੌਰ ਤੇ ਉਨਾਂ ਦਾ ਸਿਖ ਕਬੂਲ ਨਹੀ ਕਰਦਾ ਸੀ। ਇਸ ਕਾਇਰਤਾ ਦੇ ਪੜਦੇ ਨੂੰ ਗੁਰੂ ਜੀ ਨੇ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਸਾਜ ਕੇ, ਫਾਸ਼ ਕੀਤਾ ਤੇ ਇਕ ਵਖਰੀ ਤੇ ਨਵੀਂ ਜੰਗਜੂ ਕੌਮ ਦੀ ਸਿਰਜਨਾ ਕੀਤੀ।

ਇਹ ਗੁਰੂ ਜੀ ਦੀ ਸ਼ਹੀਦੀ ਦਾ ਹੀ ਨਤੀਜਾ ਸੀ ਕਿ ਸਿਖਾਂ ਨੇ ਬਾਦ ਵਿਚ ਬੜੇ ਬਹਾਦਰੀ ਅਤੇ ਜੋਸ ਨਾਲ ਕਈ ਯੁਧ ਲੜੇ। ਇਥੋਂ ਤਕ ਕਿ ਬਾਬਾ ਬੰਦਾ ਬਹਾਦਰ ਜੀ ਤੇ ਸਿਖ ਮਿਸਲਾਂ ਦੇ ਕਾਇਮ ਹੋਣ ਤੋਂ ਲੈ ਕੇ, ਮਹਾਰਾਜ ਰਣਜੀਤ ਸਿੰਘ ਦੇ ਸਮੇਂ ਸਿਖ ਰਾਜ ਕਾਇਮ ਕਰਨਾਂ, ਇਕ ਛੋਟੀ ਜਹੀ ਕੌਮ ਲਈ ਮੁਅਜ਼ਜੇ ਤੋਂ ਘਟ ਤਾਂ ਨਹੀ ਸੀ।

ਗੁਰੂ ਜੀ ਦੀ ਸਹੀਦੀ ਦਾ ਸਭ ਤੋਂ ਪ੍ਰਮੁਖ ਤੇ ਵਿਸ਼ੇਸ ਪ੍ਰਭਾਵ ਜੋ ਹੋਇਆ ਉਹ ਸੀ ਭਾਰਤ ਵਿਚ ਹਿੰਦੂ ਧਰਮ ਹਮੇਸਾਂ ਲਈ ਸੁਰਖਿਅਤ ਹੋ ਗਿਆ। ਔਰੰਗ ਜੇਬ ਦੇ ਸਾਰੇ ਹਿੰਦੁਸਤਾਨ ਨੂੰ ਮੁਸਲਮ ਬਨਾਣ ਦੇ ਵਿਚਾਰ ਅਤੇ ਸੁਪਨੇ ਪਸਤ ਹੋ ਗਏ। ਇਸੇ ਗੁਰੂ ਤੇਗ ਬਹਾਦਰ ਜੀ ਦੀ ਸਹੀਦੀ ਦੀ ਮਹਾਨਤਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅਪਣੀ ਬਚਿਤ੍ਰ ਨਾਟਕ ਵਾਲੀ ਵਚਿਤ੍ਰ ਬਾਣੀ ਵਿਚ ਇਸਤਰਾਂ ਦ੍ਰਿਸਟੀ ਗੋਚਰ ਕੀਤਾ :—

ਤਿਲਕ ਜੰਞੂ ਰਾਖਾ ਪ੍ਰਭ ਤਾਕਾ,
ਕੀਨੋ ਬੱਡੋ ਕਲੂ ਮਹਿ ਸਾਕਾ।
ਸਾਧਿਨ ਹੇਤ ਇਤੀ ਜਿਨੀ ਕਰੀ,
ਸੀਸ ਦੀਆ ਪਰ ਸੀ ਨਾ ਉਚਰੀ।
ਧਰਮ ਹੇਤ ਸਾਕਾ ਜਿਨਿ ਕੀਆ,
ਸੀਸ ਦੀਆ ਪਰ ਸਿਰਰੁ ਨਾ ਦੀਆ।

ਇਹ ਸਹੀਦੀ ਸਮਕਾਲੀਨ ਧਾਰਮਕ ਅਸਹਿਣਸ਼ੀਲਤਾ, ਕਟੜਤਾ ਤੇ ਜੋਰ ਜੁਲਮ ਦੇ

ਖਿਲਾਫ ਇਕ ਅਧਿਆਤਮਕ ਅਤੇ ਸਾਂਤਮਈ ਪਿਠਭੂਮੀ ਵਾਲੀ ਲਲਕਾਰ ਸੀ, ਜਿਹੜੀ ਸੌ ਵਿਰੋਧਤਾਵਾਂ ਔਕੜਾਂ, ਸੰਕਟਾਂ ਦੇ ਹੁੰਦਿਆਂ ਹੋਇਆਂ ਵੀ ਸਚ ਧਾਰਮਕ ਸਹਿਣਸ਼ੀਲਤਾ, ਪਵਿਤ੍ਰ ਅਣਖ ਅਤੇ ਸੁਚੀ ਸੁਹਿਰਦਤਾ ਦੀ ਪ੍ਰੇਰਕ ਸਿਧ ਹੋਈ। ਇਸਨੇ ਮਨੁਖਤਾ ਅਤੇ ਧਰਮ ਵਿਚਲੀ ਨੇੜਤਾ ਦਰਸਾਈ ਅਤੇ ਸਦੀਵੀ ਸੁਖ ਸਾਂਤੀ ਲਈ ਗਾਡੀ ਰਾਹ ਉਲੀਕਿਆ।

ਉਮਰ ਮੁਕਦੀ ਮੁਕਦੀ ਮੁਕ ਜਾਣੀ

"ਛਿਨ ਛਿਨ ਅਉਧ ਬਿਹਾਤ ਹੈ" ਗੁਰੂ ਵਾਕ ਦੇ ਅਧਾਰ ਤੇ ਕਵਿਤਾ

—ਵਲੋਂ ਜਸਬੀਰ ਸਿੰਘ "ਮੌਜੀ" ਧਰਮ ਪੁਰਾ (ਸਿਰਸਾ)

ਪਤਾ ਨਹੀ ਇਹ ਭੌਰ ਸਰੀਰ ਵਾਲਾ ਕਦੋਂ ਲਾ ਉਡਾਰੀਆਂ ਛਡ ਜਾਵੇ।
ਘੁਘ ਵਸਦੇ ਕਿਸੇ ਪ੍ਰਵਾਰ ਵਿਚੋਂ ਕਾਲ ਕਿਸ ਨੂੰ ਵਖਰਾ ਕਢ ਜਾਵੇ।
ਕੀ ਜਾਣੀਏ ਸਜਨਾਂ ਸਾਥੀਆਂ ਚੋਂ ਕਿਹੜਾ ਕਿਸ ਵੇਲੇ ਹੋ ਅਡ ਜਾਵੇ।
ਕੀ ਪਤਾ ਇਸ ਫੁਲੇ ਦਰਖਤ ਵਿਚੋਂ ਬਾਢੀ ਕਾਲ ਕਿਸ ਟਾਹਣੇ ਨੂੰ ਵਢ ਜਾਵੇ।
ਇਹ ਗਲ ਯਾਦ ਰਖਕੇ ਸਮਾਂ ਪਾਸ ਕਰੀਏ ਜਿੰਦ ਲੁਕਦੀ ਲੁਕਦੀ ਲੁਕ ਜਾਣੀ।
ਜਿਵੇਂ ਫੁਟੇ ਹੋਏ ਘੜੇ ਚੋਂ ਜਲ ਸਿੰਮੇ ਉਮਰ ਮੁਕਦੀ ਮੁਕਦੀ ਮੁਕ ਜਾਣੀ।

ਭੌਰ ਨਿਕਲ ਵਜੂਦੋਂ ਜਾਂ ਟੁਰ ਜਾਣਾਂ ਭੇਤ ਇਸਦਾ ਕਿਸੇ ਨਾਂ ਪਾਵਣਾਂ ਏਂ।
ਜਿਹੜਾ ਸਮਝਿਆ ਇਹ ਸਰੀਰ ਅਪਣਾ ਇਕ ਦਿਨ ਇਹ ਵੀ ਖਾਕ ਰਲ ਜਾਵਣਾ ਏ
ਵਗਦਾ ਮੌਤ ਦਾ ਜਿਹੜਾ ਦਰਿਆ ਡੂੰਘਾ ਗੋਤਾ ਏਸ ਵਿਚ ਸਭਨੇ ਖਾਵਣਾ ਏਂ।
ਮਾਣ ਮਾਇਆ ਦਾ ਕਦੇ ਵੀ ਨਾ ਕਰੀਏ ਨੰਗੇ ਆਏ ਏਥੋਂ ਨੰਗਿਆਂ ਜਾਵਣਾ ਏਂ
ਨਾਮ ਜਪੀਏ ਜਨਮ ਸੁਧਾਰ ਲਈਏ ਗਲ ਢੁਕਦੀ ਢੁਕਦੀ ਢੁਕ ਜਾਣੀ।
ਪਲਾਂ ਘੜੀਆਂ ਤੇ ਪਹਿਰਾਂ ਨੂੰ ਗਿਣਦਿਆਂ ਹੀ ਉਮਰ ਮੁਕਦੀ ੨ ਮੁਕ ਜਾਣੀ।

ਖਾਲੀ ਹਥ ਜਹਾਨ ਤੋਂ ਚਲਿਆਂ ਨੂੰ ਫੜਕੇ ਜਮਾਂ ਨੇ ਆਖਿਰ ਨੂੰ ਲੈ ਜਾਣਾ।
ਕਰਕੇ ਅੰਤਮ ਸਸਕਾਰ ਸਨਬੰਧੀਆਂ ਨੇ ਫਿਰ ਹੋਰ ਖਿਆਲਾਂ ਵਿਚ ਪੈ ਜਾਣਾ।
ਮਾਨ ਤਾਨ ਤੇ ਸ਼ਾਨ ਜੋ ਨਜ਼ਰ ਆਵੇ ਬੁਰਜ ਹੰਗਤਾ ਦਾ ਆਖਰ ਢੈ ਜਾਣਾ।
ਨਾਮ ਜਪ ਲੈ ਹਥਾਂ ਨਾਲ ਕਰ ਸੇਵਾ ਇਸਤੋਂ ਬਿਨਾਂ ਹੋ ਸਭ ਕੁਝ ਖੈ ਜਾਣਾ।
ਤੇਜ਼ ਚਲਦੀ ਨਬਜ਼ ਹੈ ਜੋ ਇਕ ਦਿਨ ਆਖਰ ਰੁਕਦੀ ਰੁਕਦੀ ਰੁਕ ਜਾਣੀ।
ਗਲ ਸਿਆਣਿਆਂ ਦੀ "ਮੌਜੀ" ਹੈ ਸਚੀ ਉਮਰ ਮੁਕਦੀ ੨ ਮੁਕ ਜਾਣੀ।

ਦਿੱਲੀ ਤੋਂ ਬਾਬਾ ਬਕਾਲਾ ਤੱਕ

ਸ੍ਰੀ ਮਾਨ ਸੰਤ ਸਵਰਨ ਸਿੰਘ ਜੀ ਸਨੇਹੀ ਸਾਹਪੁਰ

ਗੁਰੂ ਨਾਨਕ ਦੇਵ ਜੀ ਦੀ ਪੰਜਵੀ ਅਵਤਾਰ ਸ਼ਤਾਬਦੀ ਦੇ ਸਬੰਧ ਵਿਚ,ਗੁਰੂ ਜੀ ਦੇ ਅਵਤਾਰ ਮਹੀਨੇ ਦਾ ਨਿਰਣਾ ਕਰਨ ਦੇ ਮੰਤਵ ਵਲ ਲਿਖੇ ਗਏ ਲੇਖ ਵਿਚ ਅਸੀਂ ਇਹ ਸਪਸ਼ਟ ਕਰਨ ਦਾ ਕੁਝ ਜਤਨ ਕੀਤਾ ਸੀ ਕਿ ਸਿਖ ਇਤਿਹਾਸ ਵਿਚ ਕਿੰਨਾਂ ਰਾਮ ਰੌਲਾ ਹੈ। ਗੁਰੂ ਹਰ ਕ੍ਰਿਸ਼ਨ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਦੇ ਗੁਰ ਗੱਦੀ ਤੇ ਬਿਰਾਜਣ ਤਕ ਦੇ ਵੀ ਜੋ ਵੇਰਵੇ ਸਾਨੂੰ ਵਖ-ਵਖ ਸਿਖ ਇਤਿਹਾਸ ਵਿਚੋਂ ਜਾਂ ਸਿਖ ਇਤਿਹਾਸ ਸਬੰਧੀ ਲਿਖਿਆਂ ਗੈਰ ਸਿਖਾਂ ਦੀਆਂ ਲਿਖਤਾਂ ਵਿਚੋਂ ਮਿਲਦੇ ਹਨ ਉਹਨਾਂ ਦੇ ਅਧਾਰ ਤੇ ਵੀ ਕਿਸੇ ਇਕ ਘਟਨਾ ਸਬੰਧੀ ਕੋਈ ਗਲ ਪਕੀ ਤੌਰ ਤੇ ਕਹਿ ਸਕਣੀ ਅਸੰਭਵ ਜਾਪਦੀ ਹੈ।

ਜਿਵੇਂ ਕਿ ਆਪਣੇ ਕਿਸੇ ਪਹਿਲੇ ਲੇਖ ਵਿਚ ਅਸੀਂ ਜਿਕਰ ਕਰ ਹੀ ਚੁਕੇ ਹਾਂ,ਸਿਖ ਇਤਿਹਾਸ ਨੂੰ ਨਿਰਪੱਖ ਦ੍ਰਿਸ਼ਟੀ ਤੋਂ ਲਿਖਣ ਦੇ ਜਤਨ ਉਨੇਂ ਨਹੀਂ ਹੋਏ ਜਾਪਦੇ ਜਿੰਨੇ ਇਸਨੂੰ ਧੜੇ ਬਾਜੀ ਦਾ ਵਿਸ਼ਾ ਬਣਾਉਣ ਦੇ ਕੀਤੇ ਤੇ ਜਾ ਰਹੇ ਹਨ। ਇਹ ਗਲ ਆਮ ਪਾਠਕਾਂ ਨੂੰ ਬੜੀ ਓਪਰੀ ਤੇ ਨਿਗੁਣੀ ਜਹੀ ਭਾਸੇ ਗੀ ਪਰ ਇਸ ਵਿਚ ਅਤਕਥਿਨੀ ਕੋਈ ਨਹਾਂ। ਗੁਰੂ ਹਰ ਕ੍ਰਿਸ਼ਨ ਜੀ ਦੇ ਅੰਤਮ ਸਮੇਂ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਦੀ ਗੱਦੀ ਨਸ਼ੀਨੀ ਤਕ ਦ ਇਤਿਹਾਸ ਨੂੰ ਧੜੇ ਬਾਜੀ ਦੇ ਲਹਿਜੇ ਵਿਚ ਹੀ ਲਿਖਿਆ ਤੇ ਆਮ ਤੌਰ ਤੇ ਪ੍ਰਚਲਤ ਕੀਤਾ ਜਾ ਰਿਹਾ ਭਾਸਦਾ ਹੈ। ਹੌਲੀ ਹੌਲੀ ਇਹ ਹੀ ਪ੍ਰਚਲਤ ਰਹਿ ਜਾਇਗਾ ਕਿਉਂ ਕਿ ਪੁਰਾਤਨ ਲਿਖਤਾਂ ਤਕ ਆਮ ਪਾਠਕਾ ਦੀ ਪਹੁੰਚ ਨਾਂ ਹੁੰਦੀ ਹੈ ਤੇ ਨਾ ਹੀ ਭਵਿਖ ਵਿਚ ਹੋ ਸਕਣ ਦੀ ਆਸ ਕਰਨੀ ਹੀ ਸੰਭਵ ਜਾਪਦੀ ਹੈ।

ਏਹ ਕਰਕੇ,ਗੁਰੂ ਹਰ ਕ੍ਰਿਸਨ ਜੀ ਭਾਵੇਂ ਛੋਟੇ ਸਨ ਤੇ ਗੁਰ ਗੱਦੀ ਤੇ ਬਿਰਾਜਣ ਦਾ ਸਮਾਂ ਵੀ ਉਨ੍ਹਾਂ ਨੂੰ ਭਾਵੇਂ ੨ ਵਰੇ,੫ ਮਹੀਨੇ ਤੇ ੨੬ ਦਿਨ ਦਾ ਹੀ ਮਿਲਿਆ ਪਰ ਫਿਰ ਵੀ ਉਨਾਂ ਦਾ ਇਹ ਸਮਾਂ ਸਿਖ ਇਤਿਹਾਸ ਵਿਚ ਇਕ ਮੀਲ ਪਥਰ ਸਿਧ ਹੋਇਆ ਜੇ ਇਹ ਵੀ ਕਹਿ ਲਿਆ ਜਾਵੇ,ਕਿ ਗੁਰੂ ਨਾਨਕ ਦੇਵ ਜੀ ਵਲੋਂ,ਸਿਖ ਪੰਥ ਦੀ ਨੀਂਹ ਰਖੇ ਜਾਣ ਜਿੰਨਾਂ ਹੀ ਮਹੱਤਵ ਪੂਰਨ ਹਿੱਸਾ ਗੁਰੂ ਹਰਿ ਕ੍ਰਿਸ਼ਨ ਜੀ ਵਲੋਂ ਪੰਥਕ ਪ੍ਰੰਪਰਾ ਨੂੰ ਸਦੀਵ ਰਖਣ ਹਿਤ ਪਾਇਆ ਗਿਆ,ਤਦ ਇਸ ਵਿਚ ਵੀ ਅਤਿ ਕਥਨੀ ਵਰਗੀ ਕੋਈ ਗੱਲ ਨਹੀਂ ਹੋਏਗੀ ਕਿਉਂ ਕਿ ਗੁਰੂ ਹਰ ਕ੍ਰਿਸ਼ਨ ਜੀ ਦੇ ਅੰਤਮ ਸਮੇਂ ਵੀ ਇਕ ਅਜਿਹੀ ਸਥਿਤੀ ਪੈਦਾ ਹੋ ਗਈ ਸੀ,ਜਿਸ



ਸਤਿਜੁਗ ਸ੍ਰੀ ਜੀਵਨ ਨਗਰ
ਬਾਬਾ ਬਸਹਿ ਜਿ ਗ੍ਰਾਮ ਬਕਾਲੇ
"ਕੰਚਨ ਥਾਰ ਨਿਕਟ ਕਰਵਾਯੋ ॥ ਦੇਖ ਦਾਹਿਨੋ ਹਾਥ ਉਠਾਯੋ ॥......
ਪੈਸੇ ਪੰਚ ਉਠਾਵਨ ਕਰੇ ॥ ਸ੍ਰੀ ਫਲ ਸਾਥ ਹਾਥ ਮਹੁ ਧਰੇ ॥......
ਹਾਥ ਜੋਰ ਪੁਨ ਬੰਦਨ ਠਾਨੀ ॥ ਨੈਨ੍ਹ ਉਘਾਰ ਕਹੀ ਮੁਖ ਬਾਨੀ ॥......
ਬਾਬਾ ਬਸਹਿ ਜਿ ਗ੍ਰਾਮ ਬਕਾਲੇ ॥
ਬਨ ਗੁਰੂ ਸੰਗਤ ਸਗਲ ਸਮਾਲੇ ॥
(ਗੁਰੂ ਸੂਰਜ ਪ੍ਰਕਾਸ਼ ਰਾਸ ੧੦ ਅੰਸੂ ੫੨)
ਸ੍ਰੀ ਗੁਰੂ ਹਰ ਕ੍ਰਿਸ਼ਨ ਜੀ ਦਿਲੀ ਨਿਵਾਸ ਸਮੇ ਅੰਤਮ ਵੇਲੇ ਗੁਰੂ ਗਦੀ ਦੀ ਸਮਗ੍ਰੀ (ਪੰਜ ਪੈਸੇ ਤੇ ਨਲੀਯੇਰ ਥਾਲ ਵਿਚ ਰਖਾਕੇ ਬਾਬਾ ਬਸੇਹਿ ਜਿ ਗ੍ਰਾਮ ਬਕਾਲੇ ਦੇ ਸੰਕੇਤ ਨਾਲ) ਸੰਗਤ ਦੇ ਸਪੁਰਦ ਕਰ ਰਹੇ ਹਨ।

ਨੂੰ ਮੌਕੇ ਸਿਰ ਹੀ ਸੰਭਾਲਕੇ ਸਿਖੀ ਨੂੰ ਸਹੀ ਅਗਵਾਈ ਨਾ ਦਿਤੀ ਜਾਂਦੀ ਤਦ ਗੁਰ ਨਾਨਕ ਵਲੋਂ ਚਲਾਈ ਪ੍ਰੰਪਰਾ ਸੰਸਾਰ ਵਿਚੋਂ ਅਲੋਪ ਹੋ ਜਾਣੀ ਕੋਈ ਅਸੰਭਵ ਨਹੀਂ ਸੀ।

ਗੁਰੂ ਹਰਿ ਕ੍ਰਿਸ਼ਨ ਜੀ,ਬਾਦਸ਼ਾਹ ਔਰੰਗਜ਼ਬ ਦੇ ਸੱਦੇ ਤੇ,ਦਿਲੀ ਪਧਾਰੇ.ਉਥੇ ਹੀ ਆਪ ਤੇ ਸੀਤਲਾ ਦਾ ਹਮਲਾ ਹੋ ਗਿਆ ਸਿਹਤ ਦਿਨੋ ਦਿਨ ਵਿਗੜਦੀ ਗਈ,ਤੇ ਅੰਤ ਚਿੰਤਾ ਜਨਕ ਅਵਸਥਾ ਵਿਚ ਜਾ ਪੁਜੀ। ਦਿਲੀ ਦੀ ਸੰਗਤ ਆਪ ਦੇ ਕੋਲ ਹਾਜਰ ਸੀ।ਆਪ ਦੀ ਸਿਹਤ ਬਹੁਤ ਖਰਾਬ ਵੇਖ ਕੇ ਸੰਗਤ ਡੋਲ ਗਈ ਤੇ ਅੰਤ ਗੁਰੂ ਜੀ ਦੇ ਚਰਨਾ ਵਿਚ ਅਰਜ ਕੀਤੀ-ਕਿ ਪਿਛਲੇ ਗੁਰੂ ਸਾਹਿਬ ਆਪਣਾ ਉਤਰਾਧਿਕਾਰੀ ਨੀਯਤ ਕਰਕੇ,ਸੰਗਤ ਨੂੰ ਉਸਦਾ ਪੱਲਾ ਫੜਾ ਕੇ ਜਾਂਦੇ ਰਹੇ ਹਨ ਪਰ ਆਪ ਅਜੇ ਤਕ ਆਪਣੇ ਉਤਰਾਧਿਕਾਰੀ ਦਾ ਕੋਈ ਐਲਾਨ ਨਹੀ ਕੀਤਾ,ਆਪ ਸੰਗਤ ਨੂੰ ਕਿਸਦੇ ਲੜ ਲਾ ਕੇ ਜਾ ਰਹੇ ਹੋ ? ਸਤਿਗੁਰੂ ਜੀ ਨੇ ਇਹ ਅਰਜ਼ ਬੜੇ ਧਿਆਨ ਨਾਲ ਸੁਣੀ। ਕੁਝ ਚਿਰ ਮੌਨ ਧਾਰਨ ਪਿਛੋਂ :-

ਕ੍ਰਿਪਾਨਿਧਾਨ ਬਚਨ ਸੁਨ ਭਨਯੋ
ਮੌਨ ਠਾਨਿ ਸਭ ਹਿਨਿ ਤਬਿ ਸੁਨਯੋ।
ਹਮਰੇ ਤਨ ਤਿਯਾਗਨਿ ਬਹੁ ਕਾਰਨ।
ਆਛੇ ਨਹੀਂ ਜਿ ਕਰਹਿ ਉਚਾਰਨਿ।
ਗੁਰਗਾਦੀ ਅਵਚਲ ਜਗ ਮਾਹੀਂ।
ਵਧਹਿ ਪ੍ਰਤਾਪ ਮਿਟਹਿ ਕਿਮ ਨਾਂਹੀ।
ਮਨੋ ਕਾਮਨਾ ਸੰਗਤਿ ਪਾਵਹਿ।
ਲੈ ਗੁਰ ਤੇ ਉਪਦੇਸ਼ ਕਮਾਵਹਿ।
ਗੁਰੂ ਗ੍ਰੰਥ ਸਾਹਿਬ ਸਭਿ ਕੇਰਾ।
ਜੋ ਹਮਰੋ ਚਹਿ ਦਰਸ਼ਨ ਹੇਰਾ।
ਸੋ ਸਰਧਾ ਧਰਿ ਦਰਸਨ ਕਰੇ।
ਪਾਪਨਿ ਗਨ ਕੋ ਤਤਛਿਨ ਹਰੈ।
ਹਮ ਸੋ ਬਾਤ ਕਰਨ ਕੋ ਚਾਹਹਿ।
ਪਠਹਿ ਸੁਨਹਿ ਗੁਰ ਗ੍ਰੰਥ ਉਮਾਹਹਿ।
ਸ਼ਰਨ ਗ੍ਰੰਥ ਸਾਹਿਬ ਕੀ ਜਾਇ।
ਤਤਦਿਨ ਸਤਿਗੁਰ ਬਨਹਿ ਸਹਾਇ।

ਗੁਰ ਪ੍ਰਤਾਪ ਸੂਰਜ) ਰਾਸ ੧੦
ਅੰਸੂ ੧੫

ਇਉਂ ਗੁਰੂ ਜੀ ਨੇ ਸੰਗਤ ਨੂੰ 'ਗ੍ਰੰਥ ਸਾਹਿਬ ਦੇ ਲੜ ਲਗਣ ਦਾ ਫੈਸਲਾ ਦਿਤਾ। ਪਰ ਇਹ ਗੱਲ ਬੜੀ ਅਸੰਭਵ ਵੀ ਸੀ ਤੇ ਗੁਰੂ ਨਾਨਕ ਵਲੋਂ ਚਲਾਈ ਪ੍ਰੰਪਰਾ ਦੇ ਪ੍ਰਤੀਕੂਲ ਵੀ? ਕਿਉਂ ਕਿ ਹੁਣ ਤਕ ਗੁਰਬਾਣੀ ਦੇ ਹੁੰਦਿਆਂ ਹੋਇਆਂ ਵੀ ਦੇਹ-ਧਾਰੀ ਗੁਰੂ ਦੀ ਰਵਾਇਤ ਕਾਇਮ ਰਖੀ ਗਈ ਸੀ ਤਦ ਫਿਰ ਹੁਣ ਹੀ ਕਿਉਂ ਇਸ ਰਵਾਇਤ ਨੂੰ ਤੋੜਿਆ ਜਾਂਦਾ। ਫਿਰ ਉਸ ਸਮੇ ? ਜਦੋਂ ਸਿਖੀ ਤੇ ਗੁਰ ਗੱਦੀ ਦੇ ਹੋਰ ਦਾਅਵੇ ਦਾਰਾਂ ਵਲੋਂ ਹਮਲੇ ਹੋ ਰਹੇ ਸਨ ? ਇਕ ਪਾਸੇ ਧੀਰ ਮਲੀਏ ਕਾਬਜ਼ ਹੋ ਰਹੇ ਸਨ,ਦੂਜੇ ਬੰਨੇ ਰਾਮ ਰਾਏ ਵੀ ਰਾਮ ਰੌਲਾ ਪਾ ਕੇ ਹਕੂਮਤ ਦਾ ਸਹਾਰਾ ਲੈ ਰਿਹਾ ਸੀ,ਤੇ ਤੀਜੇ ਪਾਸੇ ਪ੍ਰਿਥੀ ਚੰਦ ਦੀ ਵੰਸ ਵਿਚੋਂ ਹਰਿ ਜੀ ਵੀ ਆਪਣੀ ਵਖਰੀ ਹੋਂਦ ਕਾਇਮ ਰਖ ਕੇ ਚਮਕਣ ਦੇ ਆਹਰ ਵਿਚ ਸਨ। ਅਜੇਹੇ ਸਮੇ ਜੇ ਸਿਖੀ ਦੀ ਵਾਗ ਡੋਰ ਕਿਸੇ ਯੋਗ ਹਥ ਨਾਂ ਦਿਤੀ ਜਾਂਦੀ ਤਾਂ ਸਿਖ ਪੰਥ ਦਾ ਭਵਿਖ ਨਿਰਾ ਧੁੰਦਲਾ ਹੀ ਹੁੰਦਾ। ਇਸ ਦਾ ਇਹ ਕਦਾਚਿਤ ਭਾਵ ਨਹੀਂ ਲੈਣਾ ਚਾਹੀਦਾ ਕਿ ਗੁਰੂ ਸਾਹਿਬ ਅਨਜਾਣ ਸਨ ਤੇ ਉਨ੍ਹਾਂ ਨੇ ਪੰਥਕ ਭਵਿਖ ਨੂੰ ਅਖ ਪਰੋਖ ਕਰ ਦਿਤਾ ਸੀ। ਸਗੋਂ ਹਰ ਕੰਮ ਦਾ ਸਮਾ ਤੇ ਸਾਧਨ ਹੁੰਦੇ ਹਨ ਉਹ ਕੰਮ ਉਸੇ ਵਕਤ ਤੇ ਉਨਾਂ ਹੀ ਸਾਧਨਾਂ ਰਾਹੀਂ ਸਿਰੇ ਚੜਦਾ ਹੈ ਜਿਨ੍ਹਾਂ ਬਾਰੇ ਸਤਿਗੁਰੂ ਜਾਂ ਅਕਾਲ ਪੁਰਖ ਨੇ ਸੋਚਿਆ ਹੁੰਦਾ ਹੈ

ਇਹ ਅਰਜ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਹੀ ਸੰਗਤ ਵਲੋਂ ਕਿਉਂ ਕੀਤੀ ਗਈ ? ਇਸ ਦੇ ਵੀ ਕਈ ਕਾਰਨ ਹੋ ਸਕਦੇ ਸਨ। ਇਕ ਤਾਂ ਗੁਰ ਗੱਦੀ ਦੇ ਦਾਅਵੇ ਦਾਰਾਂ ਦੀ ਗਿਣਤੀ ਵਧ ਰਹੀ ਸੀ, ਦੂਜੇ ਗੁਰੂ ਸਾਹਿਬ ਬਾਲ ਅਵਸਥਾ ਵਿਚ ਸਨ ਕੋਈ ਵਿਆਹ ਔਲਾਦ ਹੋਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ ਇਸ ਕਰਕੇ ਇਹ [illegible] ਵੀ ਜਰੂਰੀ ਹੋ ਗਿਆ ਸੀ,ਕਿ ਗੁਰੂ ਸਾਹਿਬ ਗੁਰਿਆਈ

ਲਈ ਪੂਰਨ ਯੋਗਤਾ ਕਿਸ ਵਿਅਕਤੀ ਵਿਚ ਸਮਝਦੇ ਹਨ ! ਜੇ ਦਿਲੀ ਦੀ ਸੰਗਤ ਇਹ ਅਰਜ ਨਾਂ ਕਰਦੀ ਜਾ ਦੂਜੇ ਸ਼ਬਦਾਂ ਵਿਚ ਗੁਰੂ ਜੀ ਆਪ ਹੀ ਸੰਗਤ ਨੂੰ ਇਸ ਗਲ ਦਾ ਸਾਧਨ ਨਾਂ ਬਨਾਂਉਂਦੇ ਤਦ ਹੋ ਸਕਦਾ ਹੈ ਸਿਖ ਪੰਥ ਆਂਪ ਮੁਹਾਰ ਹੋ ਕੇ ਖੇਰੂ ਖੇਰੂ ਹੀ ਹੋ ਜਾਂਦਾ। ਪਰ ਗੁਰੂ ਨਾਨਕ ਨੇ ਅਵਿਚਲ ਨੀਂਹ ਇਸ ਪੰਥ ਦੀ ਰਖੀ ਸੀ ਜਿਸ ਕਰਕੇ ਅਜਿਹਾ ਹੋ ਨਹੀਂ ਸੀ ਸਕਦਾ। ਤਾਂ ਹੀ ਗੁਰੂ ਸਾਹਿਬ ਨੇ ਦੇਹਧਾਰੀ ਗੁਰੂ ਪ੍ਰੰਪਰਾ ਨੂੰ ਪ੍ਰਗਟ ਕਰਨ ਤੇ ਉਸਦੀ ਮਹਾਨਤਾ ਨੂੰ ਹੋਰ ਉਜਾਗਰ ਕਰਨ ਲਈ ਦਿਲੀ ਦੀ ਸੰਗਤ ਨੂੰ ਇਕ ਸਾਧਨ ਬਣਾਇਆ।

ਜਦੋਂ ਗੁਰੂ ਜੀ ਨੇ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਉਪਦੇਸ ਸੰਗਤ ਨੂੰ ਦਤਾ ਤਦ ਸੰਗਤ ਨੇ ਇਸ ਸਾਰੇ ਫੈਸਲੇ ਨੂੰ ਘਟਨਾ ਦੇ ਪਿਛੋਕੜ ਵਿਚ ਵਿਚਾਰਿਆ ਤੇ ਪੂਰਨ ਅਧੀਨਗੀ ਨਾਲ ਗੁਰੂ ਸਾਹਿਬ ਦੇ ਚਰਨਾਂ ਵਿਚ ਵਿਚਾਰਿਆ ਤੇ ਪੂਰਨ ਅਧੀਨਗੀ ਨਾਲ ਗੁਰੂ ਸਾਹਿਬ ਦੇ ਚਰਨਾਂ ਵਿਚ ਦੋਬਾਰਾ ਬੇਨਤੀ ਕਰਨ ਦਾਂ ਫੈਸਲਾ ਕੀਤਾ। ਸਾਰੀ ਸੰਗਤ ਦੀ ਪ੍ਰਤੀਨਿਧਤਾ ਕਰਦਿਆਂ ਗੁਰਬਖ਼ਸ਼ ਨੇ ਉਠ ਕੇ ਅਰਜ ਗੁਜ਼ਾਰੀ।

ਘਟਿਕਾ ਚਾਰ ਬਤੀਤਨਿ ਕਰੇ।
ਤਬਿ ਗੁਰ ਬਖ਼ਸ਼ ਅੱਗ੍ਰ ਹੁਇ ਖਰੇ।
ਸਭਿ ਕੇ ਹਿਤਿ ਕੀ ਸੁਭ ਅਰਦਾਸ।.........
ਸਪਤਮ ਸਤਿਗੁਰਿ ਸ੍ਰੀ ਹਰਿ ਰਾਇ।
ਸੁਤ ਤੇਜ ਬਡੋ ਨ ਉਚਿਤ ਲਖਾਇ।.........
ਤੁਮ ਕੋ ਨਿਜਿ ਅਸਥਾਨ ਬਿਠਾਏ।
ਸਭਿ ਬਿਧਿ ਉਚਿਤ ਜਾਨਿ ਹਰਖਾਏ।
ਕਿਤਕ ਆਸ ਜੁਗ ਸਮਤ ਬੀਤੇ।
ਜਬ ਕੇ ਜਗਤ ਗੁਰੂ ਤੁਮ ਕੀਤੇ।
ਤਬਿ ਕੀ ਸੰਗਤਿ ਸਰਬ ਸਮ੍ਹਾਲੀ।
ਸਿਖੀ ਰੀਤਿ ਭਲੀ ਪ੍ਰਤਿਪਾਲੀ।
ਚਹਤਿ ਭਏ ਅਬ ਅੰਤਰ ਧਯਾਨਾ।
ਨਾਂਹੀ ਬਿਠਾਯੋ ਕੋ ਨਿਜ ਥਾਨਾਂ।
ਅਬਿ ਸਭ ਸੰਗਤ ਮਿਲੀ ਬਿਸੂਰਤਿ।
ਨਹਿੰਨ ਬਿਲੋਕ ਹੰਗੇ ਤੁਮ ਮੂਰਤਿ।
ਰਾਵਰ ਨੇ ਕਿਸ ਕੇ ਲੜ ਲਾਈ।
ਰੀਤਿ ਪ੍ਰਥਮ ਗੁਰੂਅਨਿ ਚਲਿ ਆਂਈ।
ਕਰਹੁ ਆਪ ਭੀ ਤਿਨਹੁ ਸਮਾਨ।
ਜਿਸ ਤੇ ਸਿਖੀ ਰਹੈ ਜਹਾਨ।
ਜੇ ਨ ਕਰਹੁਗੀ ਪੂਰਬਕੀ ਰੀਤਿ।
ਜਾਨੀ ਪਰਹਿ ਸੁ ਹੋਇ ਬਿਪਰੀਤ।

ਬਿਚਲ ਜਾਏ ਗੀ ਸੰਗਤਿ ਸਾਰੀ।
ਕੇਚਿਤ ਹੁਇ ਮੀਣਨਿ ਅਨੁਸਾਰੀ।
ਧੀਰਮਲ ਕੋ ਮਾਨਹਿ ਕੋਈ।
ਕੇ ਸਿਖ ਰਾਮ ਰਾਇ ਕੋ ਹੋਈ।
ਇੱਤਯਾਦਿਕ ਸੋਢੀ ਜੋ ਔਰ।
ਲੇ ਬਿਠਮਾਇ ਆਪਨੀ ਠੌਰ।
ਬਿਨ ਗੁਰ ਸੰਗਤਿ ਹ੍ਵੈ ਥਿਰ ਕੋਇ ਨ।
ਜਥਾ ਨ੍ਰਿਪਤਿ ਬਿਨ ਸੈਨਾ ਹੋਇਨ।
.... ਗੁਰ ਪ੍ਰਤਾਪ ਸੂਰਜ ਰਾਸ ੧੦
.... ਅਧਿਆਇ ੫੨

ਇਸ ਤਰਾਂ,ਪਿਛਲੇ ਗੁਰੂ ਸਾਹਿਬ ਤੋਂ ਚਲੀ ਆਉਂਦੀ ਰੀਤ ਦਾ ਜਿਕਰ ਕਰਕੇ ਤੇ ਹੁਣ ਦੇ ਮੌਕੇ ਮੁਤਾਬਿਕ ਵੀ ਸ਼ਕਤੀ ਸ਼ਾਲੀ ਗੁਰੂ ਦੀ ਲੋੜ ਦਾ ਜਿਕਰ ਕਰਕੇ ਗੁਰਬਖ਼ਸ਼ ਨੇ ਆਪਨੀ ਅਰਜ ਪੁਸ਼ਟੀ ਸਹਿਤ ਗੁਰੂ ਸਾਹਿਬ ਅਗੇ ਰਖਦਿਆਂ ਗ੍ਰੰਥ ਸਾਹਿਬ ਨੂੰ ਗਦੀ ਦਿਤੇ ਜਾਣਦੀ ਸਾਰੀ ਸੰਗਤ ਵਲੋਂ ਇਓਂ ਦਲੀਲ ਦਿਤੀ,

ਜੋ ਗੁਰੂ ਗ੍ਰੰਥ ਅਪਨੇ ਭਨਯੋ।
ਸੋ ਸਗਰ ਸਿੱਖਨਿ ਹੂੰ ਸੁਨਯੋ।
ਲਿਖਿ ਲੈ ਹੈ ਅਬ ਸੋਢੀ ਸਾਰੇ।
ਬੈਠਹਿੰ ਮਾਨੀ ਗੁਰ ਹੁਇ ਭਾਰੇ।
ਯਾਂ ਤੇ ਸੰਗਤਿ ਕਿਸ ਲੜ ਲਾਵਹੁ।
ਗੁਰਤਾ ਉਚਿਤ ਜੇਹਿ ਲਖਿ ਪਾਵਹੁ।.........

(ਗੁਰ ਪ੍ਰਤਾਪ ਸੂਰਜ)
ਰਾਸ ੧੦ ਧਿਆਇ ੫੨

ਭਾਈ ਗੁਰਬਖਸ਼ ਦੇ ਦੋਬਾਰਾ (ਉਪ੍ਰੋਕਤ) ਬੇਨਤੀ ਕਰਨ ਤੇ ਸਤਿਗੁਰੂ ਜੀ ਨੇ ਇਸ ਸਮਸਿਆ ਤੇ ਡੂੰਘੀ ਵਿਚਾਰ ਕਰਨ ਪਿਛੋਂ ਸੰਗਤ ਦੀ ਅਰਜ ਨੂੰ ਦਲੀਲ ਯੁਕਤ ਤੇ ਪੰਥਕ ਉਨਤੀ ਵਾਸਤੇ ਬਿਲਕੁਲ ਠੀਕ ਸਮਝਦਿਆਂ ਇਉਂ ਫੁਰਮਾਇਆ—

ਸੁਨਿ ਕਰਿ ਸ੍ਰੀ ਹਰਿ ਕ੍ਰਿਸ਼ਨ ਕ੍ਰਿਪਾਲਾ।
ਜਥਾ ਜੋਗ ਜਾਨੀ ਤ੍ਰਿਕਾਲਾ। ......"......
ਤਊ ਰੀਤਿ ਪੂਰਬ ਗੁਰ ਕੇਰੀ।
ਹਮ ਕੋ ਕਰੀ ਚਹਿਬ ਇਸ ਬੇਰੀ।
ਇਮ ਬਿਚਾਰ ਕਰਿ ਨਿਰਨੈ ਕਰਯੋ।
ਬੋਲੇ "ਜਥਾ ਜੋਗ ਤੁਮ ਕਰਯੋ।
ਪੈਸੇ ਪੰਚ ਨਰੇਲ ਮੰਗਾਵਹੁ।
ਸਭਿ ਸੰਗਤ ਕੇ ਨਿਕਟਿ ਬਿਠਾਵਹੁ।
ਭਾਰੀ ਗੁਰ ਬਿਤਤਿਹਿ ਜਗ ਮਾਂਹੀ।
ਜਿਸ ਤੇ ਦੰਭੀ ਗੁਰ ਦੂਰ ਜਾਂਹੀ।

....

ਧਾਇ ਗਯੋ ਆਨਯੋ ਤਤਕਾਲਾ।
ਪੈਸ ਪੰਚ ਨਰੇਲ ਬਿਸਾਲਾ।
ਕੰਚਨਿ ਥਾਰ ਬਿਖੈ ਧਰਿ ਦੀਨਿ।
ਚੰਦਨ ਪੁਸ਼ਪ ਧੂਪ ਸ਼ੁਭ ਕੀਨਿ।
ਸੰਗਤਿ ਸਗਰੀ ਨਿਕਟਿ ਬੁਲਾਈ।
ਜਿਨ ਮਹਿ ਸਯਾਨੇ ਸਿਖ ਸਮਦਾਈ।

ਨਾਰੀਅਲ ਤੇ ਪੰਜ ਪੈਸੇ ਸੋਨੇ ਦੇ ਥਾਲ ਵਿਚ ਰੱਖਕੇ ਸਤਿਗੁਰੂ ਜੀ ਨੂੰ ਭੇਟਾ ਕੀਤੇ ਗਏ। ਭਾਵੇਂ ਦੇਹ ਕਰਕੇ ਗੁਰੂ ਜੀ ਦੀ ਹਾਲਤ ਖਰਾਬ ਸੀ ਪਰ ਫਿਰ ਵੀ ਆਪਨੇ ਹੇਠਾ ਜਮੀਨ ਤੇ ਅਪਣਾ ਆਸਣ ਕੀਤਾ। ਸਜੇ ਹਥ ਵਿਚ ਨਾਰੀਅਲ ਤੇ ਪੰਜ ਪੈਸੇ ਉਪਰੰਤ ਕਰਕੇ

ਕੀਨਿ ਮੰਡਲਾ ਕ੍ਰਿਤ ਤ੍ਰੈ ਬਾਰੀ।
ਧਰਯੋ ਸੁ ਧਯਾਨ ਪ੍ਰਕ੍ਰਮਾਂ ਧਾਰੀ।
ਲੇਪਨ ਕਰੀ ਭੂਮ ਜਹਿ ਪਾਵਨ।
ਜਿਨ ਕਰ ਤੇ ਤਹਿ ਕਰੇ ਟਿਕਾਵਨਿ।
ਹਾਥ ਜੋਰਿ ਪੁਨ ਬੰਦਨ ਠਾਨੀ।
ਨੇਤ੍ਰ ਉਘਾਰਿ ਕਹੀ ਮੁਖ ਬਾਨੀ।
"ਬਾਬਾ ਬਸਹਿ ਜੁ ਗ੍ਰਾਮ ਬਕਾਲੇ।
ਬਨਿ ਗੁਰ ਸੰਗਤ ਸਕਲ ਸਮਾਲੇ'
ਇਮ ਸੁਨਾਇ ਸਭਿਹਿਨ ਸੋਂ ਕਹਯੋ।
ਸਿਖਨ ਉਰ ਨਿਸ਼ਚੈ ਤਬਿ ਲਹਯੋ।
ਨਹੀਂ ਨਾਮ ਲੀਨਸਿ ਤਿਸ ਬੇਰਾ।
ਤਊ ਲਖਯੋ ਸਭ ਗੁਰੂ ਬਡੇਰਾ।

(ਗੁਰ ਪ੍ਰਤਾਪ ਸੂਰਜ ਰਾਸ ੧੦ ਅਧਿਆਇ ੫੨)

ਇਸ ਅਧਾਰ ਤੇ ਇਹ ਸਿਟਾ ਨਿਕਲਦਾ ਹੈ ਕਿ ਗੁਰੂ ਹਰਿ ਕ੍ਰਿਸ਼ਨ ਜੀ ਪਾਸ ਸੰਗਤ ਨੇ ਅਰਜ ਕੀਤੀ ਤਾਂ ਅਪਨੇ ਗ੍ਰੰਥ ਸਾਹਿਬ ਵਲ ਇਸ਼ਾਰਾ ਕੀਤਾ ਪਰ ਸੰਗਤ ਦੇ ਦੋਬਾਰਾ ਅਰਜ ਕਰਨ ਤੇ ਗੁਰੂ ਸਾਹਿਬ ਨੇ ਇਹ ਮਹਿਸੂਸ ਕੀਤਾ ਕਿ ਸਚਮੁਚ ਹੀ ਸੰਗਤ ਦੀ ਅਗਵਾਈ ਤੇ ਦੇਖ ਰੇਖ ਕਰਨ ਵਾਲਾ ਕੋਈ ਡਾਢਾ ਗੁਰੂ ਚਾਹੀਦਾ ਹੈ ਤੇ ਉਹ ਡਾਢਾ, ਤੇਜ ਪ੍ਰਤਾਪੀ ਗੁਰੂ ਉਨ੍ਹਾਂ ਨੇ ਅਪਣੇ ਬਾਬਾ ਸ੍ਰੀ ਤੇਗ ਬਹਾਦਰ ਨੂੰ ਚੁਣਿਆ। ਜੋ ਉਸ ਸਮੇਂ ਬਾਬਾ ਬਕਾਲਾ ਵਿਚ ਨਿਵਾਸ ਰਖਦੇ ਸਨ।

ਸਿੱਖ ਇਤਹਾਸ ਵਿਚ ਪ੍ਰਸਿਧ ਇਹੋ ਗਲ ਰਹੀ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਭਜਨ ਬੰਦਗੀ ਵਿਚ ਲੀਨ, ਨਾਮ ਖੁਮਾਰੀ ਵਿਚ ਬੌਰੇ ਤੇ ਕਪੜੇ ਲੀੜੇ ਜਾਂ ਸਰੀਰ ਦੀ ਬਹੁਤੀ ਪ੍ਰਵਾਹ ਕੀਤੇ ਬਿਨਾਂ ਹੀ ਗੁਪਤ ਤੇ ਸਾਦਾ ਜੀਵਨ ਬਤੀਤ ਕਰ ਰਹੇ ਸਨ। ਓਧਰ ਜਦੋ ਅਠਵੇਂ ਗੁਰੂ ਜੀ ਨੇ ਦਿੱਲੀ ਵਿਚ, ਬਾਬੇ ਬਕਾਲੇ ਵਿਚ ਨਾਵੇਂ ਗੁਰੂ ਦੇ ਵਾਸੇ ਸਬੰਧੀ ਬਚਨ ਕੀਤਾ ਤਦ ਬਹੁਤ ਸਾਰੇ ਸੋਢੀਆਂ ਨੇ ਬਕਾਲੇ ਵਲ ਵਹੀਰਾਂ ਪਾ ਦਿਤੀਆਂ ਤੇ ਆਪੋ ਅਪਣੀਆਂ ਮੰਜੀਆਂ ਲਾ ਕੇ, ਅਣਜਾਣ ਤੇ ਭੋਲੀ ਸਿਖ ਸੰਗਤ ਨੂੰ ਗੁਮਰਾਹ ਕਰਕੇ ਮੌਜਾਂ ਉਡਾਉਣ ਲਗੇ।

ਮੱਖਣਸ਼ਾਹ ਲੁਬਾਣਾ ਸਿਖ, ਗੁਰੂ ਘਰ ਦਾ ਪ੍ਰੇਮੀ ਤੇ ਅਨੰਨ ਭਗਤ ਸੀ, ਜੋ ਵਪਾਰ ਕਰਦਾ ਹੁੰਦਾ ਸੀ। (ਕਈਆਂ ਨੇ ਉਸਨੂੰ ਮਸੰਦ ਵੀ ਦਸਿਆ ਹੈ।) ਉਹਦੇ ਜਹਾਜ ਨੂੰ ਸਮੁੰਦਰ ਵਿਚ ਖਤਰਾ ਪੈ ਗਿਆ। ਤੇ ਉਹਨੇ ਗੁਰੂ ਸਾਹਿਬ ਅਗੇ, ਅਪਨੇ ਬਚਾਉ ਹਿਤ ਅਰਦਾਸ ਕਰਕੇ, ਪੰਜ ਸੌ ਮੁਹਰਾਂ ਦੀ ਮੰਨਤ ਭੇਟ ਕਰਨ ਦਾ ਨਿਸਚਾ ਧਾਰਿਆ। ਉਸ ਮੌਕੇ ਗੱਦੀ ਦੇ ਜੋ ਮਾਲਕ ਸਨ, ਤੇ ਉਨ੍ਹਾਂ ਗੁਰੂ ਤੇਗ ਬਹਾਦਰ ਜੀ

ਤੇ ਮੌਕੇ ਦਾ ਮਾਲਕ ਹੀ ਦੁਖ ਭੀੜ ਵਿਚ ਆਪਣੇ ਸਿਖਾਂ ਦੀ ਸੁਣਦਾ ਹੈ। ਸੋ,ਭਾਵੇਂ ਮਖਣ ਸ਼ਾਹ ਦੀ ਅਰਦਾਸ ਗੁਰੂ ਹਰਿ ਕ੍ਰਿਸ਼ਨ ਜੀ ਅਗੇ ਹੀ ਕੀਤੀ ਗਈ ਹੋਵੇਗੀ,ਪਰ ਗੁਰੂ ਤੇਗ ਬਹਾਦਰ ਜੀ ਦੀ ਹੀ ਕਿਰਪਾ ਸਦਕਾ ਮਖਣ ਸ਼ਾਹ ਦਾ ਜਹਾਜ ਸਹੀ ਸਲਾਮਤ ਬੰਨੇ ਲਗ ਗਿਆ। ਉਹ ਗੁਰੂ ਹਰਿ ਕ੍ਰਿਸ਼ਨ ਜੀ ਕੋਲ ਅਪਣੀ ਮੰਨੀ ਹੋਈ ਰਕਮ ਮਥਾ ਟੇਕਣ ਆਇਆ,ਤਦਉਸ ਨੂੰ ਪਤਾ ਲਗਾ ਕਿ ਗੁਰੂ ਜੀ ਸਰੀਰ ਛਡਣ ਸਮੇਂ ਗੁਰਿਆਈ ਬਕਾਲੇ ਵਿਚ ਵਸਦੇ 'ਬਾਬੇ' ਨੂੰ ਦੇ ਗਏ ਹਨ। ਸੋ ਉਹ ਵੀ ਬਕਾਲੇ ਆ ਗਿਆ।

ਬਕਾਲੇ ਆ ਕੇ ਉਸ ਨੇ ਵੇਖਿਆ ਕਿ ਥਾਂ ਥਾਂ ਗੁਰੂ ਮੰਜੀਆਂ ਲਾਈ ਬੈਠੇ ਹਨ ਇਨੇ ਗੁਰੂਆਂ ਨੂੰ ਤਾਂ ਪੰਜ ਪੰਜ ਸੋ ਮੁਹਰਾਂ ਮਥਾ ਟੇਕਣੀਆਂ ਤਾ ਅਸੰਭਵ ਸਨ। ਮਖਣ ਸ਼ਾਹ ਨੇ ਯੋਜਨਾ ਬਣਾਈ ਕਿ ਹਰੇਕ ਮੰਜੀ ਨੂੰ ਦੋ-ਦੋ ਮੋਹਰਾਂ ਮਥਾ ਟੇਕਿਆ ਜਾਏ। ਜਿਹੜਾ ਗੁਰੂ ਹੋਵੇਗਾ ਉਹ ਆਪਣੀ ਇਮਾਨਤ ਆਪ ਮੰਗ ਕੇ ਲੈ ਲਏਗਾ। ਜਦੋ ਇਸ-ਤਰਾਂ ਸਾਰੀਆਂ ਮੰਜੀਆਂ ਨੂੰ ਮਥਾ ਟੇਕ ਕੇ ਪੁਛ ਗਿਛ ਕਰਦਾ ਹੋਇਆ ਉਹ ਸ੍ਰੀ ਤੇਗ ਬਹਾਦਰ ਦੇ ਡੇਰੇ ਪੁਜਾ ਤਾਂ ਮਖਨ ਸ਼ਾਹ ਨੇ ਉਥੇ ਵੀ ਪਹਿਲਾ ਢੰਗ ਵਰਤਿਆ।

ਸਵੈਯਾ– ਪਿਖਿ ਕੈ ਸਿਖ ਕੈ ਮਨਿ ਮੋਦ ਛਯੋ,...
ਨਿਸਚੈ ਗੁਰ ਪੂਰਨ ਤੌਰ ਲਯੋ।
ਸ਼ਰਫੀ ਜੁਗ ਭੇਟ ਚੜਾਇ ਗਹੇ ਪਦ,
ਦੇਖਿ ਗੁਰੂ ਕਹਿੰ ਬੌਰ ਭਯੋ ? (੩੪)
ਹਮਰੀ ਸ਼ਰਫੀ ਤੁਮ ਪੈ ਪੰਜ ਸੌ,
ਦਸਵੰਧ ਸੁ ਔਰ ਨਿਰੱਲਾ ਪਯੋ।
ਸਿੰਧੁ ਪਾਰ ਜਹਾਜ ਉਤਾਰ ਤੁਮਾਰ,
ਅਵੱਲਾ ਬਿਪਾਰ ਸੁਵੱਲਾ ਕਿਯੋ।
ਅਬਿ ਪੂਰੀ ਮਜੂਰੀ ਜਰੂਰੀ ਲਹੈਂ,
ਪਿਖਿ ਕੰਧ ਅਬੀ ਲਗ ਛਿੱਲਾ ਪਯੋ।
ਹਮ ਮਾਨਤ ਨਾਂਹਿ ਅਮਾਨਤ ਛੋਰਨਿ,
ਜਾਨਤਿ ਤੂੰ ਇਹ ਝੱਲਾ ਭਯੋ। (੩੫)
(ਸ੍ਰੀ ਗੁਰੂ ਪੰਥ ਪ੍ਰਕਾਸ਼,ਪੂਰਬਾਰਧ ਬਿਸ੍ਰਾਮ (੩੩)

ਅਰਥਾਤ ਦੋ ਮੋਹਰਾਂ ਵੇਖ ਕੇ,ਗੁਰੂ ਤੇਗ ਬਹਾਦਰ ਜੀ ਨੇ ਆਪਣਾ ਜਖਮੀ ਮੋਢਾ ਜੋ ਅਜੇ ਤਕ ਛਿੱਲਿਆ ਪਿਆ ਸੀ,ਮਖਣ ਸ਼ਾਹ ਨੂੰ ਦਿਖਾ ਕੇ ਆਪਨੀ ਪੂਰੀ ਇਮਾਨਤ ੫੦੦ ਮੁਹਰਾਂ ਦੀ ਮੰਗ ਕੀਤੀ। ਤਦ ਮਖਣ ਸ਼ਾਹ ਮਸਤੀ ਵਿਚ ਆ ਕੇ ਕਠੇ ਤੇ ਚੜ ਪਲੂ ਫੇਰ ਕੇ ਦੁਹਾਈ ਦਿਤੀ ਭੁਲੀਏ ਸੰਗਤੇ ਗੁਰੂ ਲਾਧੋ ਰੇ। ਇਓ ਗੁਰੂ ਤੇਗ-ਬਹਾਦਰ ਜੀ ਨੂੰ ਪ੍ਰਗਟ ਕਰਨ ਵਿਚ ਮਖਣ ਸ਼ਾਹ ਦਾ ਬਹੁਤ ਵਡਾ ਹਥ ਸੀ। ਇਸ ਪਿਛੋਂ ਇਕ ਵਡਾ ਦਰਬਾਰ ਕਰਕੇ ਗੁਰੂ ਸਾਹਿਬ ਨੂੰ ਗੁਰਿਆਈ ਦਾ ਤਿਲਕ,ਬਾਬੇ ਬੁਢ ਦੇ ਪੁਤ੍ਰ ਬਾਬੇ ਗੁਰਦਿਤੇ ਤੋਂ ਦੁਆਇਆ ਤੇ ਗੁਰੂ ਤੇਗ ਬਹਾਦਰ ਜੀ ਨੇ,ਨਾਂਵੇਂ ਗੁਰੂ ਦੇ ਰੂਪ ਵਿਚ,ਸਿਖ ਸੰਗਤ ਦੀ ਅਗਵਾਈ ਦੀ ਜਿਮੇਵਾਰੀ ਸੰਭਾਲੀ।

ਇਸ ਲੇਖ ਦੇ ਸ਼ੁਰੂ ਵਿਚ ਹੀ,ਸਿਖ ਇਤਿਹਾਸ ਦੇ ਲੇਖਕਾਂ ਦੇ ਧੜ ਬਾਜੀ ਵਿਚ ਪੈਣ ਤੇ ਇਤਿਹਾਸਕ ਘਟਨਾਵਾਂ ਤੇ ਤੱਥਾ ਨੂੰ ਨਵੀਂ ਵਿਚਾਰਧਾਰਾ ਅਧੀਨ ਸੋਧ ਜਾਂ ਵਿਗਾੜ ਕੇ ਲਿਖਣ ਦੇ ਝੁਕਾਓ ਦਾ ਜਿਕਰ ਕੀਤਾ ਜਾ ਚੁਕਾ ਹੈ। ਬਹੁਤੇ ਪਾਠਕ ਇਸ ਤਥ ਤੋਂ ਅਨਜਾਣ ਹੋ ਸਕਦੇ ਹਨ। ਇਸ ਲਈ ਪ੍ਰਸੰਗ ਵਸ ਏਥੇ ਉਨ੍ਹਾਂ ਨਵੀਆਂ ਕਾਢਾਂ ਦਾ ਤੇ ਦਿਲੀ ਤੋਂ ਬਕਾਲੇ ਦੇ ਸਫਰ ਦੇ ਵਿਚ ਪਏ ਇਤਹਾਸਕ ਰਾਮ ਰੌਲੇ ਦਾ ਕਛ ਵੇਰਵਾ ਦੇ ਦੇਣਾ ਪਾਠਕਾਂ ਦੇ ਗਿਆਨ ਵਾਸਤੇ ਜਰੂਰੀ ਹੋਇਗਾ।

ਪਹਿਲਾਂ ਗੁਰੂ ਹਰਿ ਕ੍ਰਿਸ਼ਨ ਵਲੋਂ ਗੁਰੂ ਦੀ ਚੋਣ ਕਰਣ ਦੀ ਘਟਨਾ ਹੀ ਲੈ ਲਈਏ। ਬਹੁਤੇ ਇਤਹਾਸਾਂ ਵਿਚ ਇਸ ਗਲ ਦਾ ਕੋਈ ਸਕੇਤ ਨਹੀ ਦਿਤਾ ਜਾਂਦਾ ਕਿ ਗੁਰੂ ਸਾਹਿਬ ਨੇ ਪਹਿਲਾਂ ਇਸ਼ਾਰਾ ਸ੍ਰੀ ਗ੍ਰੰਥ ਸਾਹਿਬ ਵਲ ਕਤਾ ਸੀ ਤੇ ਫੇਰ ਭਾਈ ਗੁਰਬਖਸ਼ ਦੇ ਦੋਬਾਰਾ ਅਰਜ ਕਰਨ ਤੇ (ਜਿਵੇਂ ਦੂਰ ਪ੍ਰਤਾਪ ਸੂਰਜ ਦੇ ਉਪਰ ਦਿਤੇ ਜਾ ਚੁਕੇ ਹਵਾਲ ਤੋ ਸਪਸ਼ਟ ਹੈ) ਗੁਰੂ ਜੀ ਨੇ ਇਸ

ਸ਼ਕਤੀਸ਼ਾਲੀ ਗੁਰੂ ਦੀ ਚੋਣ ਜਰੂਰੀ ਸਮਝ ਕੇ ਹੀ 'ਬਾਬਾ ਬਕਾਲੇ' ਦਾ ਉਚਾਰਨ ਕੀਤਾ ਸੀ। ਇਸੇ ਇਤਹਾਸਿਕ ਤੱਥ ਦੀ ਪ੍ਰੋੜ੍ਹਤਾ ਕਰਦਾ ਹੋਇਆ ਮੈਕਾਲਿਫ ਲਿਖਦਾ ਹੈ।

"ਅਗਲੇ ਦਿਨ ਸਿਖ ਇਕਠੇ ਹੋ ਕੇ, ਗੁਰੂ ਜੀ ਦੇ ਦਰਸ਼ਨ ਨੂੰ ਗਏ। ਗੁਰਬਖਸ਼ ਨੇ ਫਿਰ ਅਰਜ ਕੀਤੀ, ਹੇ ਪਾਤਸ਼ਾਹ, ਰਾਮਰਾਇ ਦੀ ਇਥੇ ਬਾਦਸ਼ਾਹ ਨਾਲ ਚੰਗੀ ਬਣੀ ਹੋਈ ਹੈ। ਪੰਜਾਬ ਵਿਚ ਧੀਰਮਲ ਤੇ ਦੂਜੇ ਸੋਢੀ ਗਦੀ ਦੇ ਦਾਅਵੇਦਾਰ ਬਣੀ ਬੈਠੇ ਹਨ ਜੋ ਕੇਵਲ ਆਪਦੇ ਸਰੀਰ ਛਡਣ ਦੇ ਸਮੇਂ ਦੀ ਉਡੀਕ ਵਿਚ ਹਨ। ਸਾਧਾਰਨ ਸਿਖ ਉਹਨਾਂ ਦੇ ਪੰਜੇ ਵਿਚ ਫਸ ਜਾਣਗੇ ਤੇ ਸਮਝਦਾਰ ਸਿਖ, ਆਉਣ ਵਾਲੇ ਦੁਖਾਂ ਵਿਚ ਦੁਖੀ ਹੋਣਗੇ। ਇਸਤਰਾਂ ਸਿਖ ਰੂਪੀ ਫਲ ਜੋ ਹੁਣ ਤਕ ਟਹਿਕਦਾ ਰਿਹਾ ਹੈ, ਕੁਮਲਾ ਜਾਇਗਾ। ਆਪੋ ਅਪਣੇ ਘਰ ਵਿਚ ਹਰ ਕੋਈ ਗੁਰੂ ਬਣ ਬੈਠਗਾ। ਕਟੜ ਪੰਥ ਤੇ ਪਖੰਡੀਆਂ ਦੇ ਕਿੰਨੇ ਹੀ ਪਥ ਬਣ ਜਾਣਗੇ। ਕਿਰਪਾ ਕਰੋ, ਸਾਡੀ ਮੁਕਤੀ ਵਾਸਤੇ ਅਪਣੇ ਜਿਹਾ ਹੀ ਕੋਈ ਗੁਰੂ ਗਦੀ ਤੇ ਬਿਠਾਉ।"

ਸਿਖ ਰਿਲੀਜਨ (ਅੰਗ੍ਰੇਜੀ), ਜਿਲਦ ੪, ਪੰਨਾਂ ੩੨੯

ਇਹ ਇਸ ਨਵੀ ਸੋਚੀ ਸਮਝੀ ਕਾਢ ਦਾ ਸਿਟਾ ਹੈ। ਕਿ ਇਸ ਤਰਾਂ ਗੁਰਬਾਣੀ ਗੁਰੂ ਦੀ ਥਾਂ ਦੇਹਧਾਰੀ ਗੁਰੂ ਦੀ ਮਹਾਨਤਾ ਹੋਰ ਵਧੇਰੇ ਉਘੜਦੀ ਹੈ ਜਿਸਨੂੰ ਕੁਛ ਸਵਰਥੀ ਧੜੇ ਠੀਕ ਨਹੀ ਸਮਝਦੇ। ਸੋ ਇਹ ਪ੍ਰਸੰਗ ਹੀ ਛਡਿਆ ਜਾ ਰਿਹਾ ਹੈ। ਸਧਾ ਹੀ ਮਗਰਲੀ ਘਟਨਾ ਦਾ ਜਿਕਰ ਕਰ ਦਿਤਾ ਜਾਂਦਾ ਹੈ। ਜਿਸ ਤੋਂ ਆਮ ਪਾਠਕ ਪਹਿਲੀ ਮਹਤਵ ਪੂਰਨ ਸਚਾਈ ਤੋਂ ਵਿਰਵਾ ਰਹਿ ਜਾਂਦਾ ਹੈ। *

ਸਮੁਚੇ ਸਿਖ ਪੰਥ ਕੋਲ ਪੁਰਾਤਨ ਗ੍ਰੰਥਾਂ ਦੇ ਰੂਪ ਵਿਚ ਸਿਖ ਇਤਹਾਸ ਸਬੰਧੀ ਕਾਫੀ ਸਮਗਰੀ ਹੈ ਜਿਸਦੇ ਅਧਾਰ ਤੇ ਹੁਣ ਤਕ ਇਤਹਾਸ ਲਿਖੇ ਜਾਂਦੇ ਰਹੇ ਹਨ, ਤੇ ਆਮ ਸਿਖ ਸੰਗਤਾਂ ਵਿਚ ਇਨਾਂ ਦੀਆ ਜਾਂ ਇਨਾਂ ਦੇ ਅਧਾਰ ਤੇ ਲਿਖੇ ਹੋਰਨਾਂ ਇਤਹਾਸਾਂ ਦੀਆਂ ਕਥਾਂਵਾਂ ਆਮ ਪ੍ਰਚਲਤ ਹਨ, ਤੇ ਆਮ ਸਿਖ ਜਨਤਾ ਉਨਾਂ ਘਟਨਾਵਾਂ ਬਾਰੇ ਉਸੇ ਤਰਾਂ ਹੀ ਜਾਣਦੀ ਹੈ। ਪਰ ਹੁਣ ਕੁਛ ਨਵੀਂ ਖੋਜ ਵੀ ਕੀਤੀ ਕਰਵਾਈ ਜਾ ਰਹੀ ਹੈ ਜਿਸ ਅਧੀਨ ਕਈ ਗਲਾਂ ਅਜੀਹੀਆਂ ਵੀ ਪ੍ਰਗਟ ਕੀਤੀਆਂ ਜਾਂ ਕਰਵਾਈਆਂ ਜਾ ਰਹੀਆਂ ਹਨ ਜੋ ਪੁਰਾਤਨ ਰਵਾਇਤਾਂ ਜਾਂ ਇਤਹਾਸਾਂ ਨਾਲ ਮਲ ਨਹੀ ਖਾਦੀਆਂ। ਖੋਜ ਤਾਂ ਹੋਣੀ ਚਾਹੀਦੀ ਹੈ ਪਰ ਖੋਜ ਦਾ ਮੰਤਵ ਪੰਥਕ ਉਨਤੀ ਤੇ ਇਤਹਾਸਿਕ ਸਚਾਈ ਹੋਣੀ ਚਾਹੀਦੀ ਹੈ ਨਾ ਕਿ ਇਤਹਾਸ ਵਗਾੜਨਾ।

ਸਿਖ ਇਤਹਾਸ ਵਿਚ ਇਹ ਗਲ ਇਸੇ ਤਰਾਂ ਹੀ ਪ੍ਰਸਿਧ ਹੈ ਕਿ ਅਠਵੇਂ ਗੁਰੂ ਜੀ ਨੇ ਬਾਬਾ ਬਸੇ ਗ੍ਰਾਮ ਬਕਾਲੇ ਦੇ ਸਬਦ ਵਰਤ ਕੇ ਹੀ (ਗੁਰੂ) ਤੇਗ ਬਹਾਦਰ ਜੀ ਨੂੰ ਗੱਦੀ ਦੇ ਵਾਰਸ ਹੋਣ ਦਾ ਸੰਕੇਤ ਕੀਤਾ ਸੀ - ਵਿਸਤੀਰਤ ਵੇਰਵਾ ਉਨਾਂ ਨੇ ਨਹੀ ਸੀ ਦਿਤਾ - ਕਿਉਂ ? ਇਹ ਉਹ ਹੀ ਜਾਣ ਸਕਦੇ ਸਨ। ਤਰੀਖੇ ਪੰਜਾਬ ਦਾ ਕਰਤਾ ਕਨ੍ਹਈਆ ਲਾਲ ਕਹਿੰਦਾ ਹੈ ਕਿ ਗੁਰੂ ਜੀ ਨੇ ਬਚਨ ਕੀਤਾ ਸੀ, ਪਿੰਡ ਬਕਾਲੇ ਜਾਓ ਕਿਉ ਜੁ ਗਦੀ ਦੇ ਮਾਲਕ

* ਪਰ ਜੇ ਗੁਰੂ ਹਰਿ ਕ੍ਰਿਸਨ ਜੀ ਵਲੋਂ ਸ੍ਰੀ ਗ੍ਰੰਥ ਸਾਹਿਬ ਬਾਰੇ ਉਚਾਰਿਆ ਹੁਕਮ ਭਾਈ ਸੰਤੋਖ ਸਿੰਘ ਦੇ ਦਿਮਾਗ ਦੀ ਕਾਢ ਹੁੰਦੀ, ਤਦ ਭਾਈ ਵੀਰ ਸਿੰਘ ਹੋਰਾਂ ਨੇ ਸੂਰਜ ਪ੍ਰਕਾਸ਼ ਦੇ ਕਰਤਾ ਨੂੰ ਕਦੇ ਮੁਆਫ ਨਹੀ ਸੀ ਕਰਨਾ। ਅਪਣੇ ਵਲੋਂ ਸੰਪਾਦਨ ਕੀਤੇ ਹੋਏ ਸੂਰਜ ਪ੍ਰਕਾਸ਼ ਵਿਚ ਭਾਈ ਵੀਰ ਸਿੰਘ ਜੀ ਨੇ ਅਨੇਕ ਥਾਂਈ ਟਿਪਣੀਆਂ ਦੇ ਕੇ ਅਪਣੇ ਵਿਚਾਰ ਪ੍ਰਗਟਾਏ ਹਨ ਪਰ ਇਸ ਘਟਨਾਂ ਤੇ ਉਨਾਂ ਟਿਪਣੀ ਕਰਨ ਦੀ ਕੋਈ ਗੁੰਜਾਇਸ ਨਹੀਂ ਲਭੀ। ਇਹ ਇਕ ਹੋਰ ਸਬੂਤ ਹੈ ਇਸ ਘਟਨਾਂ ਦੇ ਸਹੀ ਹੋਣ ਦਾ।

ਉਥੇ ਹਨ। ਗਿ: ਗਿਆਨ ਸਿੰਘ ਵੀ ਇਸੇ ਤਰਾਂ ਦੀ ਸਬਦਾਵਲੀ ਵਰਤਦੇ ਹਨ —

ਕਹਿ ਦਯੋ ਬਾਬਾ ਜੀ ਬਕਾਲੇ
ਪਰਗਟੈਗੋ ਗੁਰ ਸੋਂ।
ਤਮਚਰ ਪਖੰਡੀ ਜਨੋਂ ਕੋ, ਸਹਿ
ਦੰਭ ਕਰ ਹੈ ਦੂਰ ਸੋਂ। (੩੮੨)

(ਗੁਰੂ ਪੰਥ ਪ੍ਰਕਾਸ ਪੂਰਬਾਰਧ, ਬਿਸ੍ਰਾਮ ੩੨)

ਪਰ ਭਟ ਵਹੀਆਂ ਦੇ ਅਧਾਰ ਤੇ ਡਾ: ਫੌਜਾ ਸਿੰਘ ਤੇ ਡਾਕਟਰ ਤਾਰਨ ਸਿੰਘ ਹੋਰੀ ਅਪਣੀ ਸਾਂਝੀ ਲਿਖੀ ਸਜਰੀ ਪੁਸਤਕ ਵਿਚ ਇਹ ਵਿਸਵਾਸਪ੍ਰਗਟਾਉਦੇਹਨਕਿ ਅਠਵੇਂ ਗੁਰੂਜੀਨੇਕੋਈ ਅਸਪਸਟ ਗਲ ਨਹੀ ਸੀ ਕੀਤੀ ਸਗੋਂ ਤੇਗ ਬਹਾਦਰ ਜੀ ਬਾਰੇ ਸਪਸ਼ਟ ਹੁਕਮ ਕੀਤਾ ਸੀ। 'ਭਟ ਵਹੀ ਤਲੋਂਦਾ ਦੇ ਸਬਦ ਹਨ—

"ਗੁਰੂ ਹਰਿ ਕ੍ਰਿਸਨ ਜੀ ਮਹਲ ਅਠਵਾਂ ਬੇਟਾ ਗੁਰੂ ਹਰ ਰਾਇ ਜੀ ਕਾ ਸੂਰਜ ਬੰਸੀ ਗੋਸਲ ਗੋਤਰਾ ਸੋਢੀ ਖਤਰੀ ਸਾਲ ੧੭੨੧ ਚੇਤ ਮਾਸੇ ਸੁਦੀ ਚਉਦਾ ਬੁਧਵਾਰ ਕੇ ਦਿਉਹ ਪੰਚ ਪੈਸੇ ਨਰੇਲ ਮੰਗਾਏ ਤਿੰਨਬਾਰ ਦਾਈ ਭੁਜਾ ਭਮਾਇ ਧੀਮੀ ਅਵਾਜ ਸੇ ਬਚਨ ਕੀਆ ਕਿ ਮੇਰਾ ਬਾਬਾ ਤੇਗ ਬਹਾਦਰ ਬਕਾਲਾ ਵਾਲਾ ਕੋ ਅਸਾਂ ਕੇ ਪੀਛਿ ਗੁਰੂ ਜਾਨਣਾ ਜੋ ਜਾਨੇਗਾ ਗੁਰੂ ਤਿਸ ਕੀ ਬਹੁੜੀ ਕਰੇਗਾ।

ਇਥੇ ਸੋਚਣ ਵਾਲੀ ਗਲ ਇਹ ਹੈ ਕਿ ਜੇਗੁਰੂ ਤੇਗ ਬਹਾਦਰ ਸਬੰਧੀ ਇਨੇ ਸਪਸਟ ਤੇ ਵਿਸਤੀਰਤ ਬਚਨ ਉਚਾਰਨ ਕੀਤੇ ਗਏ ਸਨ ਤਦ ਹੋਰਨਾਂ ਸੋਢੀਆਂ ਵਲੋਂ ਗਦੀਆਂ ਲਾਕੇ ਬਕਾਲੇ ਬੈਠਣਾ ਤੇ ਗੁਰੂ ਤੇਗ ਬਹਾਦਰ ਜੀ ਦੀ ਗਦੀ ਨਸੀਨੀ ਬਾਰ ਸੰਗਤਾਂ ਨੂੰ ਸਾਲ ਭਰ ਭੁਲੇਖਾ ਪਏ ਰਹਿਣਾ ਦੋਵੇਂ ਗਲਾਂ ਨਿਰਾਧਾਰ ਸਿਧ ਹੋਣਗੀਆਂ ਪਰ ਇਸ ਗਲ ਤੋਂ ਕੋਈ ਨਹੀ ਮੁਕਰਦਾ ਕਿ ਬਕਾਲੇ ਵਿਚ ਇਹ ਸਥਿਤੀ ਨਹੀਂ ਸੀ ਜਿਸ ਕਰਣੇ ਸਾਨੂੰ ਸਿਖ ਇਤਹਾਸ ਦੇ ਪਿਛੋਕੜ ਦੀ ਰੌਸਨੀ ਚ ਇਹ ਮੰਨਣਾ ਪਏਗਾ ਕਿ ਅਠਵੇਂ ਗੁਰੂ ਜੀ ਨੇ ਵਾਕਅਸਪਸ਼ਟ ਹੀ ਉਚਾਰਨ ਕੀਤੇ ਸਨ ਭਾਵੇਂ ਅਸੀਂ ਉਨਾਂ ਵਿਚੋਂ ਸਪਸਟਤਾ ਇਸ ਤਰਾਂ ਲਭ ਸਕਦੇ ਹਾਂ ਕਿ ਗੁਰੂ ਹਰਿ ਕ੍ਰਿਸਨ ਜੀ ਦਾ, ਦੁਨਿਆਵੀ ਪਖੋਂ ਬਾਬਾ ਬਕਾਲੇ ਵਿਚ ਹੋਰ ਕੋਈ ਵੀ ਨਹੀ ਸੀ ਸਗੋਂ ਸ੍ਰੀ ਤੇਗ ਬਹਾਦਰ ਜੀ ਹੀ ਸਨ ਕਹਿਣ ਤੋਂ ਭਾਵ ਇਹ ਵੀ ਹੈ ਕਿ ਪੁਰਾਣੇ ਇਤਹਾਸਾ ਨੂੰ ਜੇ ਅਸੀਂ ਬਿਲਕੁਲ ਤਿਲਾਂਜਲੀ ਦੇ ਕੇ ਨਵੇਂ ਹਥ ਆਏ ਸ੍ਰੋਤਾਂ ਤੇ ਟੇਕ ਰਖਣ ਲਗ ਪਏ ਜਿਵੇਂ ਇਨ੍ਹਾਂ ਦੋਹਾਂ ਵਿਦਵਾਨਾਂ ਨੇ ਆਪਣਾ ਸ੍ਰੋਤ ਸਿਰਫ ਭਟ ਵਹੀਆਂ ਬਣਾਇਆ ਹੈ, ਤਾਂ ਇਤਿਹਾਸਿਕ ਤਥਾਂ ਤੇ ਤਿਥਾਂ ਦਾ ਜੋ ਟੋਲਾ ਸਾਡੇ ਇਤਹਾਸ ਵਿਚ ਪਹਿਲਾਂ ਹੀ ਪਿਆ ਹੋਇਆ ਹੈ ਉਹ ਹੋਰ ਵਧੇਗਾ ਹੀ ਉਦਾਹਰਣ ਵਜੋਂ ਲਗਭਗ ਸਾਰੇ ਇਤਹਾਸਕਾਰ ਇਸ ਗਲ ਸਹਿਮਤ ਹਨ ਕਿ ਅਠਵੇਂ ਗੁਰੂ ਜੀ ਦੇ ਮਾਤਾ ਜੀ ਮਾਤਾ ਕਿਸਨ ਕੌਰ ਜੀ ਸਨ। ਇਹ 'ਕੌਰ' ਸਬਦ ਵੀ ਹੁਣ ਦੀ ਕਾਢ ਹੈ ਉਂਜ ਦਸਮ ਗੁਰੂ ਸਾਹਿਬ ਤਕ ਸਭ ਮਹਿਲਾਂ ਜਾਂ ਮਾਤਾਵਾਂ ਦੇ ਨਾਂ ਬਿਨਾਂ 'ਕੌਰ ਤੋਂ ਹੀ ਹੁੰਦੇ ਸਨ ਪਰ ਭਟ ਵਹੀ ਦੇ ਅਧਾਰ ਤੇ ਡਾਕਟਰ ਫੌਜਾ ਸਿੰਘ ਤੇ ਡਾਕਟਰ ਤਰਨ ਸਿੰਘ ਹੋਰੀ ਮਾਤਾ ਜੀਦਾ ਨਾਂ ਮਾਤਾ ਸੁਲਖਣੀ ਮੰਨਦੇ ਹਨ।

ਜਿਵੇਂ ਪਹਿਲਾਂ ਦਸਿਆ ਵੀ ਜਾ ਚੁਕਾ ਹੈ ਸ੍ਰੀ ਤੇਗ ਬਹਾਦਰ ਜੀ ਬਾਬੇ ਬਕਾਲੇ ਵਿਚ ਹੀ ਨਿਵਾਸ ਰਖਦੇ ਸਨ ਭਾਵੇਂ ਉਹਨਾਂ ਦੇ ਸਾਦਾ ਸੁਭਾਉ ਤੇ ਮਾਇਆ ਦੇ ਮੋਹ ਤੋਂ ਰਹਿਤ ਹੋਣ ਕਾਰਨ, ਤੇ ਹਰ ਵਕਤ ਨਾਮ ਅਭਿਆਸ ਵਿਚ ਲੀਨ ਰਹਿਣ ਕਾਰਨ ਉਨਾਂ ਦਾ ਜੀਵਨ ਗੁਪਤ ਵਾਸ ਨਾਲੋਂ ਘਟ ਨਹੀਂ ਸੀ। ਪ੍ਰੋਫੈਸਰ ਪੂਰਨ ਸਿੰਘ ਜੀ ਵੀ ਇਸੇ ਗਲ ਦੀ ਹੀ ਪੁਸਟੀ ਕਰਦੇ ਹੋਏ ਲਿਖਦੇ ਹਨ ਕਿ ਸਚੇ ਗੁਰੂ ਦੀ ਭਾਲ ਕੁਛ ਚਿਰ ਤਕ ਨਾਂ ਹੋ ਸਕੀ ਕਿਉਂ ਕਿ ਗੁਰੂ ਤੇਗ ਬਹਾਦਰ ਜੀ ਇਕਾਂਤ ਪ੍ਰੇਮੀ ਸਨ ਤੇ ਦੁਨਿਆਵੀ ਸੋਰ ਸ਼ਰਾਬੇ ਤੋਂ ਪਾਸੇ ਰਹਿਣਾ ਪਸੰਦ ਕਰਦੇ ਸਨ। ਉਹ ਅਪਣੇ ਪਰਿਵਾਰ ਸਹਿਤ ਇਕ ਵਖਰੇ ਘਰ ਵਿਚ ਰਹਿੰਦੇ ਹੋਏ ਸਾਰਾ ਦਿਨ ਜੀਵਨ ਦ

ਵਾਸਤਵਿਕਤਾ ਸਬੰਧੀ ਵਿਚਾਰਾਂ ਵਿਚ ਲੀਨ ਰਹਿੰਦੇ ਸਨ। ਉਨਾਂ ਦੀ ਗੁਰੂ ਬਣਨ ਦੀ ਨਾ ਹੀ ਕੋਈ ਇਛਾ ਸੀ ਨਾ ਹੀ ਕੋਈ ਅਜਹੀ ਯੋਜਨਾ ਉਨਾ ਨੇ ਬਣਾਈ ਸੀ।

ਪਰ ਨਵੀਂ ਇਤਿਹਾਸਿਕ ਖੋਜ ਕੁਛ ਹੋਰ ਹੀ ਗਲ ਸਾਡੇ ਸਾਹਮਣੇ ਲਿਆਉਂਦੀ ਹੈ। ਇਸ ਗਲ ਨਾਲ ਲਗਭਗ ਸਾਰੇ ਸਹਿਮਤ ਹਨ ਕਿ ਗੁਰੁ ਹਰਿ ਕ੍ਰਿਸਨ ਜੀ ਨੇ ੩ ਵਿਸਾਖ (ਚੇਤ ਸੁਦੀ ੧੪) ੧੭੨੧ ਨੂੰ ਦਿਲੀ ਵਿਚ ਸਰੀਰ ਛਡਿਆ। ਗੁਰੂ ਤੇਗ ਬਹਦਰ ਜੀ ਦੀ ਗਦੀ ਤੇ ਬਿਰਾਜ ਮਾਨ ਹੋਣ ੨੪ ਚੇਤ ੧੭੨੨ ਬਿ. ਨੂੰ ਭਟ ਵਹ ... ਪਰਗਨਾ ਜੀ ਦੇ ਅਨੁਸਾਰ ਗੁਰੂ ਅਸ਼ਟਮ ਨੇ ਸਰੀਰ ਚੇਤ ਸੁਦੀ ੧੩ ਨੂੰ ਛਡਿਆ ਸੀ। ਤੇ ਦਿਵਾਨ ਦੁਰਘਾਮਲ ਨੂੰ ਪੰਜ ਪੈਸੇ ਤੇ ਨਾਰੀਅਲ ਦੇ ਕੇ ਬਕਾਲੇ ਜਾਕੇ ਸ੍ਰੀ ਤੇਗ ਬਹਾਦਰ ਜੀ ਨੂੰ ਗੁਰਿਆਈ ਸੌਂਪਣ ਦਾ ਆਦੇਸ ਦਿਤਾ ਸੀ, ਇਸੇ ਭਟ ਵਹੀ ਅਨੁਸਾਰ ਦੀਵਾਨ ਦੁਰਘਾਮਲ ਹੋਰ ਬਹੁਤ ਸਾਰੀ ਸੰਗਤ ਨੂੰ ਨਾਲ ਲੈ ਕੇ ਦਿਲੀ ਤੋਂ ਬਾਬਾ ਬਕਾਲੇ ਨੂੰ ਰਵਾਨਾ ਹੋਇਆ ਦਿਲੀ ਤੋਂ ਔਣ ਦੀ ਮਿਤੀ ਭਾਦੋਂ ਅਮਾਵਸ,੧੭੨੧ ਬਿ: ਦਿਤੀ ਹੈ।

ਕਿੰਨੀ ਹਾਸੋ ਹੀਣੀ ਗਲ ਹੈ ਕਿ ਇਨੀ ਗੰਭੀਰ ਸਥਿਤੀ ਵਿਚ ਦਿੱਲੀ ਦੀ ਸੰਗਤ ਨੇ ਗੁਰਗੱਦੀ ਦੀ ਏਮਾਨਤ ਇਨਾਂ ਲੰਮਾਂ ਸਮਾਂ ਆਪਣੇ ਹੀ ਕੋਲ ਰਖ ਛਡੀ। ਡਾਕਟਰ ਫੌਜਾ ਸਿੰਘ ਤੇ ਡ: ਤਰਨ ਸਿੰਘ ਹੋਰਾਂ ਅਨੁਸਾਰ ਗੁਰੂ,ਹਰਿ ਕ੍ਰਿਸ਼ਨ ਜੀ ਦੀਆਂ ਅਸਥੀਆਂ ੨੨ ਅਗਸਤ ੧੬੬੪ ਨੂੰ ਸਤਿਲੁਜ ਵਿਚ ਪ੍ਰਵਾਹੀਆਂ ਗਈਆਂ ਤੇ ਉਸ ਤੋਂ ਪਹਿਲਾਂ ੧੧ ਅਗਸਤ ੧੬੬੪ (ਭਾਵ ਭਾਦੋਂ ਦੀ ਅਮਾਵਸ ੧੭੨੧ ਨੂੰ ਬਕਾਲੇ ਵਿਚ ਇਕ ਇਕੱਠ ਕੀਤਾ ਗਿਆ। "ਗੱਦੀ ਸਥਾਪਨ ਦੀ ਰਸਮ ਇਸ ਮਨੋਰਥ ਲਈ ਬੁਲਾਏ ਗਏ ਇਕ ਆਮ ਦੀਵਾਨ ਵਿਚ ਕੀਤੀ ਗਈ ਦੀਵਾਨ ਦੁਰਘਾ ਮਲ ਨੇ ਸੰਗਤ ਨੂੰ ਅਠਵੇਂ ਗੁਰੂ ਸਾਹਬ ਵਲੋਂ,ਸ੍ਰੀ ਗੁਰੂ ਤੇਗ-ਬਹਾਦਰ ਜੀ ਨੂੰ ਨਾਮਜ਼ਦ ਕਰਨ ਦੀ ਸੂਚਨਾ ਦਿਤੀ ਫੇਰ ਦਿਲੀ ਤੋਂ ਲਿਆਂਦੇ ਪੰਜ ਪੈਸੇ ਤੇ ਇਕ ਨਰੀਏਲ ਗੁਰੂ ਸਥਾਪਨਾ ਦੀ ਨਿਸ਼ਾਨੀ ਵਜੋਂ ਭੇਟ ਕੀਤੀ। ਬਾਬਾ ਬੁਢਾ ਜੀ ਦੇ ਸਪੁਤਰ ਬਾਬਾ ਗੁਰਦਿਤਾ ਜੀ ਨੇ ਕੇਸਰੀ ਟਿਕੇ ਦੀ ਰਸਮ ਅਦਾ ਕੀਤਾ। "ਇਨਾਂ ਅਨੁਸਾਰ ਗੁਰਗੱਦੀ ੧੭੨੧ ਬਿ: ਦੀ ਭਾਦੋਂ ਦੀ ਮੱਸਿਆ ਦੇ ਦਿਨ ਹੀ ਦਿਤੀ ਗਈ। * ਕਰਮ ਸਿੰਘ ਹਿਸਟੋਰੀਅਨ ਗਦੀ ਨਸ਼ੀਨੀ ਤੇ ਨਾਮ ਜ਼ਦਗੀ ਵਿਚਾਲੇ ਇਕ ਸਾਲ ਦੇ ਪਾੜੇ ਦਾ ਦਾਅਵਾ ਕਰਦੇ ਹਨ। (ਇਹ ਤਾਂ ਸੀ ਗਦੀ ਨਸ਼ੀਨੀ ਦੇ ਸਮੇਂ ਬਾਰੇ ਰੌਲੇ ਦੀ ਗੱਲ) ਬਾਬੇ ਬਕਾਲੇ ਵਿਚ ਸੋਢੀਆਂ ਵਲੋਂ ਲਈਆਂ ਮੰਜੀਆ ਬਾਰੇ ਵੀ ਇਤਹਾਸ ਕਾਰਾਂ ਦੀ ਇਕ ਸੰਮਤੀ ਨਹੀਂ। ਗੁਰੂ ਹਰ ਕ੍ਰਿਸ਼ਨ ਜੀ ਵਲੋਂ ਨਾਂਵੇਂ ਗੁਰੂ ਦੀ ਚੋਣ ਸਬੰਧੀ ਉਚਾਰੇ ਬਚਨਾਂ ਕਾਰਨ ਬਾਬਾ ਬਕਾਲਾ ਵਿਚ ਸੋਢੀਆਂ ਨੇ ਵਖ-ਵਖ ਗਦੀਆਂ ਲਾਈਆਂ ਤੇ ਸਾਰੇ ਗੁਰੂ ਬਣ ਬੈਠੇ। ਸਿਖ ਇਤਿਹਾਸ ਵਿਚ ੨੨ ਮੰਜੀਆਂ ਦਾ ਜਿਕਰ ਹੈ ਪਰ ਗੁਰਬਿਲਾਸ (ਕੋਇਰ ਸਿੰਘ ਕਲਾਲ ਰਚਿਤ) ਵਿਚ ਗਿਣਤੀ ਕੋਈ ਨਹੀਂ ਦਸੀ ਗਈ। ਉਹ ਇੰਨਾਂ ਕਹਿ ਕੇ ਹੀ ਗੁਜ਼ਾਰਾ ਕਰ ਲੈਂਦਾਂ ਹੈ-

ਪੁਰ ਬਕਾਲਾ ਮੈ ਘਨੀ,
ਤਬ ਧਰੀ ਮੰਜੀ ਸੋਢਨੀ।
ਗ੍ਰਹ ਗ੍ਰਹ ਗੁਰੂ ਨਿਜ ਸੋ ਕਹੈ,
ਪੁਨ ਰਾਜ ਪਾਟ ਘਨੋ ਧਨੀ।

ਕਨਈਆ ਲਾਲ ਨੇ ਵੀ ੨੨ ਮੰਜੀਆਂ ਹੀ ਲਿਖੀਆਂ ਹਨ। ਸਵਾ ਦਾਸ ਦੀਆਂ ਪਰਚੀਆਂ ਵਿਚ ੧੬ ਲਿਖੀਆਂ ਹਨ। ਪਰ ਕਰਮ ਸਿੰਘ ਹਿਸਟੋਰੀਅਨ ਹੋਰਾਂ ਦਾ ਮਤ ਸਭ ਨਾਲੋਂ ਵਖਰਾ ਹੈ। ਉਹ ਲਿਖਦੇ ਹਨ, "ਕਿਓ ਕਿ ਮੇਲਾਂ ਤਾਂ ਕਿਤੇ ਰਹੀਆਂ ਉਸ ਸਮੇ ਪੰਜ ਮੰਜੀਆਂ ਵੀ ਹੋ ਨਹੀਂ ਸਕਦੀਆਂ ਸਨ, ਇਹ ਗਲ ਸਾਹਿਬ ਜਾਦਿਆਂ

* ਜੇ ਗੁਰਗਦੀ ਭਾਦੋਂ ਵਿਚ ਹੀ ਦਿਤੀ ਗਈ ਹੁੰਦੀ ਤਦ ਮਖਣ ਸ਼ਾਹ ਨੂੰ ਇੰਨੀ ਖੋਜ ਭਾਲ ਦੀ ਮਿਹਨ [ਕਿਉਂ ਕਰਨੀ] ਪੈਂਦੀ?

ਦੇ ਸਜਰਿਆਂ ਤੋਂ ਸਿਧ ਹੋ ਸਕਦੀ ਹੈ।...........ਸਭ ਮੰਨਦੇ ਹਨ ਕਿ ਧੀਰਮੱਲ ਨਾਲ ਹੀ ਸਿੱਖਾਂ ਦੀ ਲੜਾਈ ਹੋਈ, ਜਦ ਸਭ ਸੰਗਤਿ ਨੇ ਗੁਰੂ ਤੇਗ-ਬਹਾਦਰ ਜੀ ਨੂੰ ਗੁਰੂ ਮੰਨ ਲਿਆ। ਜੇਕਰ ਕੋਈ ਹੋਰ ਮੰਜੀ ਹੁੰਦੀ ਉਸ ਨਾਲ ਵੀ ਜ਼ਰੂਰ ਹੀ ਟਾਕਰਾ ਹੁੰਦਾ ਇਸ ਲਈ ਇਕ ਮੰਜੀ ਮਨਣੀ ਹੀ ਠੀਕ ਹੈ।

ਹੁਣ ਜਰਾ ਮਖਣ ਸ਼ਾਹ ਦੀ ਸਾਖੀ ਵਲ ਧਿਆਨ ਮਾਰੀਏ। ਆਮ ਇਤਹਾਸਕਾਰਾਂ ਨੇ ਮੰਨਿਆ ਹੈ ਕਿ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕੀਤਾ ਤਾਂ ਮਖਣ ਸ਼ਾਹ ਨੇ ਹੀ ਕੀਤਾ ਜਿਸ ਦੀ ਸਾਖੀ ਦਾਹਵਾਲਾ ਇਸ ਲੇਖਦੇ ਸ਼ੁਰੂ ਵਿਚ ਦਿਤਾ ਜਾ ਚੁਕਾ ਹੈ। ਕੁਇਰ ਸਿੰਘ ਕਹਿੰਦਾ ਹੈ ਕਿ ਮਖਣ ਸ਼ਾਹ ਲੁਬਾਣੇ ਦਾ ਜਹਾਜ ਸਮੁੰਦਰ ਵਿਚ ਅਟਕਿਆ ਤਾਂ :—

ਤਿਨ ਧਿਆਨ ਗੁਰ ਕੋ ਮਨ ਧਰਯੋ
ਗੁਰ ਨਾਨਕੰ ਮਨ ਸੁ ਚੁਨਯੋ।
ਤਬ ਪਾਂਚ ਸਤ ਅਤਿ ਭੇਟ ਧਾਰੋ
ਜੋ ਅਤਾ ਪਦ ਰਾਜ ਹੀ।
ਜੋ ਗੁਰ ਸਚੋ ਮੋਹ ਤਾਰ ਹੈ
ਇਮ ਚੀਤ ਮੈ ਤਿਨ ਸਾਜ ਹੀ ੬੧)

ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ—

ਬੈਲ ਚਲੈ ਇਕ ਲਾਂਖ ਤਿਸੈ,
ਘਰ ਖੇਪ ਜਹਾਜਨ ਕੋ ਬਨਜਾਰੋ।
ਤਾਂਹਿ ਜਹਾਜ ਲਗੋ ਡੁਬਨੇ ਸਿੰਧੁ,
ਬਯਾਕੁਲ ਹ੍ਵੈ ਗੁਰ ਵਾਹਿ ਚਿਤਾਰੋ।
ਮੰਨਤ ਮੁਹਰ ਕਰੀ ਤਿਨ ਪਾਂਸ ਸੋ,
ਤਾਰ ਜਹਾਜ ਕਰਯੋ ਗੁਰ ਪਾਰੋ।੨੭)
(ਪੂਰਬਾਰਧ ਬਿਸ੍ਰਾਮ ੩੩)

ਤਰੀਖੇ ਪੰਜਾਬ ਦਾ ਕਰਤ ਕਨ੍ਹਈਆ ਲਾਲ ਗ੍ਰੰਥ ਦੇ ਮੁਢ ਵਿਚ ਮਖਣ ਸ਼ਾਹ ਦਾ ਜਿਕਰ ਕਰਦਾ ਹੈ। ਜਦੋਂ, ਇਸ ਅਨੁਸਾਰ, ਮਖਣ ਸ਼ਾਹ ਨੇ ਪੰਜ ਮੋਹਰਾਂ ਗੁਰੂ ਤੇਗ ਬਹਾਦਰ ਜੀ ਅਗੇ ਚੜ੍ਹਾਈਆਂ ਤਾਂ ਉਨਾਂ ਟੋਕਿਆ, ਤੂੰ ਤਾਂ ਪੰਜ ਸੌ ਮੁਹਰਾਂ ਭੇਟ ਕਰਨੀਆਂ ਸਨ, ਇਹ ਪੰਜ ਕਿਓ ਪੇਸ਼ ਕਰ ਰਿਹਾ ਹੈ?

ਤੇ ਫਿਰ ਮਖਣ ਸ਼ਾਹ ਨੇ ਕੋਠੇ ਚੜ ਕੇ ਪਲੂ ਫੇਰ ਦਿਤਾ। ਗੁਰੂ ਤੇਗ ਬਹਾਦਰ ਦੇ ਸਮੇਂ *

ਪ੍ਰੋਫੈਸਰ ਪੂਰਨ ਸਿੰਘ ਜੀ ਵੀ ਮਖਣ ਸ਼ਾਹ ਵਲੋਂ ਹੀ ਗੁਰੂ ਜੀ ਨੂੰ ਪ੍ਰਗਟ ਕੀਤੇ ਜਾਣ ਦਾ ਜਿਕਰ ਕਰਦੇ ਹਨ। ਉਹ ਤਾਂ ਇਥੋਂ ਤਕ ਕਹਿੰਦੇ ਹਨ ਕਿ ਜਦੋਂ ਮਖਣ ਸ਼ਾਹ ਨੇ ਹੋਕਾ ਦਿਤਾ ਤਦ ਦਰਸ਼ਨ ਨੂੰ ਤਰਸਦੇ ਸਾਰੇ ਸਿਖ ਓਥੇ ਇਕੱਠੇ ਹੋ ਗਏ। ਪੰਡਤ ਤਾਰਾ ਸਿੰਘ ਨਰੋਤਮ ਵੀ ਇਸ ਗਲਨਾਲ ਸ਼ਹਿਮਤ ਹਨ। ਪਰ ਭਾਈ ਕਰਮ ਸਿੰਘ ਹਿਸਟੋਰੀਅਨ ਹੋਰੀਂ ਇਸ ਗਲ ਤੋਂ ਵੀ ਉਵੇਂ ਪਲਾ ਛੁਡਾਓਣਾਂ ਚਾਹੁੰਦੇ ਹਨ ਜਿਵੇਂ ਓਹ ਭਾਈ ਬਾਲੇ ਦੀ ਜਨਮ ਸਾਖੀ ਨੂੰ ਗਲਤ ਸਿਧ ਕਰਨ ਲਈ ਇਹ ਲਿਖਦੇ ਹਨ ਕਿ ਭਾਈ ਬਾਲਾ ਕੋਈ ਹੋਇਆ ਹੀ ਨਹੀਂ। ਹਿਸਟੋਰੀਅਨ ਹੋਰਾਂ ਦੇ ਆਪਣੇ ਹੀ ਸ਼ਬਦ ਹਨ—

"ਆਮ ਪੁਸਤਕਾਂ ਵਿਚ ਮਖਣ ਸ਼ਾਹ ਨਾਲ ਜਹਾਜ ਦਾ ਪ੍ਰਸੰਗ ਟਾਂਕਿਆ ਹੋਇਆ ਹੈ, ਪਰ ਇਹ ਗਲ ਕੋਈ ਵੀ ਸਿਧ ਨਹੀਂ ਕਰ ਸਕਦਾ ਕਿ ਜਦ ਦੀ ਦੁਨੀਆਂ ਬਣੀ ਹੈ, ਅਜ ਤੀਕ ਕਿਸੇ ਲੁਬਾਣੇ ਨੇ ਜਹਾਜ ਚਲਾਯਾ ਹੋਵੇ"।

ਵਰਤਮਾਨ ਸਿਖ ਇਤਹਾਸਕਾਰ ਮਖਨ ਸ਼ਾਹ ਨਾਲ ਕਿਉਂ ਨਰਾਜ ਹਨ? ਸਾਡੀ ਸਮਝ ਵਿਚ ਇਕ ਗਲ ਆਉਂਦੀ ਹੈ ਕਿ ਹੁਣ ਵਿਗਿਆਨ ਦਾ ਜੁਗ ਹੋਣ ਕਰਕੇ ਵਿਗਿਆਨੀਆਂ ਵਲੋਂ ਕਹੀ ਗਲ ਤੇ ਤਾਂ ਹਰ ਕੋਈ ਵਿਸ਼ਵਾਸ ਕਰ ਲੈਂਦਾ ਹੈ ਭਾਵੇਂ ਉਹ ਅਨਹੋਣੀ ਹੀ ਕਿਉਂ ਨਾ ਹੋਵੇ ਪਰ ਧਾਰਿਮਿਕ ਤੇ ਆਤਮਕ ਸ਼ਕਤੀ ਵਿਚ

* ਦਾ ਜਿਕਰ ਕਰਨ ਸਮੇ ਘਨਈਆ ਲਾਲ ਇਥੇ ਮਖਣ ਸ਼ਾਹ ਦੀ ਥਾਂ ਚੰਦੂ ਲਾਲ ਦਾ ਸ਼ਾਹ ਜਹਾਨ ਬਾਦ ਤੋਂ ਕੀਰਤ ਪੁਰ ਆਉਣ ਦਾ ਜ਼ਿਕਰ ਕਰਦਾ ਹੈ।

ਵਿਸਵਾਸ ਤੇ ਸਰਧਾ ਦਿਨੋ ਦਿਨ ਘਟ ਰਹੇ ਹਨ ਆਪਣੇ ਆਪ ਵਿਚੋਂ ਬਹੁਤੇ ਪੜ੍ਹੇ ਲਿਖੇ ਵਿਦਵਾਨ ਸਜਣ ਇਹ ਨਹੀ ਮੰਨਣਾ ਚਾਹੁੰਦੇ ਕਿ ਗੁਰੂ ਘਰ ਵਿਚ ਵੀ ਕੋਈ ਸ਼ਕਤੀ ਹੁੰਦੀ ਹੈ ਜਿਸ ਕਾਂਰਨ ਆਮ ਲੋਕ ਉਸ ਘਰ ਨੂੰ ਮਥੇ ਟੇਕਦੇ ਹਨ। ਤੇ ਜਿਸ ਕਾਰਨ ਮਖਣ ਸ਼ਾਹ ਦਾ ਜਹਾਜ ਡੁਬਣੋ ਬਚਿਆ ਸੀ। ਕਿਉਂ ਕਿ ਮਖਨ ਸ਼ਾਹ ਦਾ ਗੁਰੂ ਤੇਗ ਬਹਾਦਰ ਨਾਲ ਇਸੇ ਸਬੰਧ ਵਿਚ (ਸ਼ਕਤੀ ਦੇ ਸਬੰਧ ਵਿਚ) ਹੀ ਜਿਕਰ ਆਉਂਦਾ ਹੈ ਇਸ ਲਈ ਹੌਲੀ ਹੌਲੀ ਮਖਣ ਸ਼ਾਹ ਤੋਂ ਮੁਨਕਰ ਹੋਣ ਦੇ ਜਤਨ ਹੋ ਰਹੇ ਹਨ ਜਿਵੇਂ ਭਾਈ ਬਾਲੇ ਦੀ ਹੋਂਦ ਤੋਂ ਬਹੁਤਿਆਂ ਦਾ ਵਿਸਵਾਸ ਖਤਮ ਕੀਤਾ ਜਾ ਚੁਕਾ ਹੈ। ਪਰ ਸੂਰਜ ਨੂੰ ਕੁਨਾਲੀ ਨਾਲ ਢਕ ਕੇ ਹਨੇਰਾ ਦੂਰ ਨਹੀਂ ਕੀਤਾ ਜਾ ਸਕਦਾ।

ਮੁਹਰਾਂ ਦੀ ਗਿਣਤੀ ਬਾਰੇ ਵੀ ਸਭਇਤਹਾ-ਸਕਾਰ ਇਕ ਰਾਇ ਨਹੀ ਰਖਦੇ। ਪ੍ਰੋਫੈਸਰ ਪੂਰਨ ਸਿੰਘ ੧੫੦੦ ਮੁਹਰ ਦੀ ਮੰਨਤ ਇਕ ਜਾਂ ਦੋ ਦੋ ਮੋਹਰਾਂ ਮਥਾ ਟੇਕ ਜਾਣ ਦਾ ਜਿਕਰ ਕਰਦੇ ਹਨ।

ਕੁਇਰ ਸਿੰਘ ਪੰਜ ਸੌ ਮੁਹਰ ਦੀ ਸੁਖ ਸੁਖੀ ਦਸਦਾ ਹੈ ਤੇ ਦ ਦੋ ਮੁਹਰਾਂ ਹਰੇਕ ਅਗੇ ਭੇਟ ਕਰਨ ਦੀ ਯੋਜਨਾ ਦਾ ਜ਼ਿਕਰ ਕਰਦਾ ਹੈ।

ਕਰੀ ਤੜਾਗੀ ਮਖਨ ਸਾਹਾ।
ਦੋ ਦੋ ਦਾਮ ਦੀਨ ਗੁਰ ਪਾਹਾ।

ਗਿ: ਗਿਆਨ ਸਿੰਘ, ਕਨਈਆ ਲਾਲ ਆਦਿ ਸਭ ਪੰਜ ਸੌ ਮੁਹਰ ਦੀ ਮੰਨਤ ਹੀ ਮੰਨਦੇ ਹਨ ਪਰ ਡਾ: ਫੌਜਾ ਸਿੰਘ ਹੋਰੀ ਸੌ ਮੋਹਰਾਂ ਦਾ ਜਿਕਰ ਕੀਤਾ ਹੈ।

ਰਹੀ ਗਲ ਗੁਰੂ ਤੇਗ ਬਹਾਦਰ ਜੀ ਦੀ ਗਦੀ ਨਸ਼ੀਨੀ ਦੀ। ਕੁਛ ਇਤਹਾਸਕਾਰਾ ਦਾ ਵਿਚਾਰ ਹੈ ਕਿ ਸਿਖਾਂ ਨੇ ਹੀ ਗੁਰੂ ਸਾਹਿਬ ਨੂੰ ਗੱਦੀ ਬਿਠਾਇਆ। ਤਾਰੀਖੇ ਮਖਜ਼ਿਨਿ ਪੰਜਾਬ ਦੇ ਪੰਨਾਂ ੪੭੫–੭੬ ਤੇ ਮੁਫਤੀ ਗੁਲਾਮ ਸਰਵਰ ਇਸੇਗਲ ਨੂੰ ਬਿਆਨਦਾ ਹੋਇਆ ਕਹਿੰਦਾ ਹੈ,ਹਰਕ੍ਰਿਸਨ ਕੇ ਮਰਨੇ ਕੇ ਬਾਦ ਸਿਖੋਂ ਨੇ ਮਿਲ ਕਰ ਇਸ ਕੋ ਗੁਰੂ ਬਨਾਇਆ। ਬਹੁਸੰਖਿਆ ਨੇ ਬਾਬਾ ਗੁਰਦਿਤਾ ਵਲੋਂ ਗਦੀ ਦਾ ਤਿਲਕ ਦਿਤੇ ਜਾਣ ਦਾ ਹੀ ਜਿਕਰ ਕੀਤਾ ਹੈ,ਪਰ ਭਟ ਵਹੀਆਂ ਤੇ ਗੁਰੂ ਕੀਆਂ ਸਾਖੀਆਂ ਤੋਂ ਬਿਨਾਂ ਬਾਕੀ ਦੇ ਲਗਭਗ ਸਾਰੇ ਇਤਹਾਸਕਾਰ ਇਸ ਗਲੇ ਸਹਿਮਤ ਹਨ,ਕਿ ਮਖਨ ਸ਼ਾਹ ਵਲੋਂ ਪਰਗਟ ਕੀਤੇ ਜਾਣ ਪਿਛੋਂ ਹੀ ਗੁਰੂ ਜੀ ਨੂੰ ਗੁਰਗਦੀ ਤੇ ਸੁਸੋਭਿਤ ਕੀਤਾ ਗਿਆ। ਤਾਰਾ ਸਿਘ ਨਰੋਤਮ ਜੀ ਲਿਖਦੇ ਹਨ ਅਗਲੇ ਦਿਨ (ਭਾਵ ਮਖਣ ਸ਼ਾਹ ਵਾਲੀ ਘਟਨਾਂ ਤੋਂ) ਫਰਸ ਬਿਛਾਯਾ ਗੱਦੀ ਤਕੀਏ ਲਗਾਕੇ ਊਪਰ ਗੁਰੂ ਜੀ ਕੋ ਬੈਠਾਯਾ ਸਭ ਸੰਗਤਕੋ ਬਤਾਯਾ ਗੁਰੂ ਯੇਹ ਹੈ। ਸਭ ਲੋਗੋਂ ਨੇ ਪੂਜਾ ਕਰੀ ਕੁਇਰ ਸਿੰਘ ਦਾ ਮਤ ਵੀ ਇਹੋ ਹੈ –

"ਤਾਵਤ ਸਿੰਖ ਘਨੇ ਦਿਸ ਕੇ ਗਨ ਆਨ ਸਿੰਘਾਸਨ ਸ੍ਰੀ ਪਧਰਾਵੈ"। ਪਰ ਡਾ: ਫੌਜਾ ਸਿੰਘ ਹੋਰੀ ਭਾਦਰੋਂ ਦੀ ਮਸਿਆ ਨੂੰ ਗੁਰਗੱਦੀ ਦੇ ਕੇ ਫਿਰ ਦੀਵਾਲੀ ਦੇ ਮੇਲੇ ਤੇ ਮਖਣ ਸ਼ਾਹ ਦੀ ਸਾਖੀ ਦੀ ਘਟਨਾਂ ਦਾ ਜ਼ਿਕਰ ਕਰਦੇ ਹਨ।

ਮੁਕਦੀ ਗਲ ਤਾਂ ਇਹ ਹੈ। ਕਿ ਗੁਰੂ ਹਰਿ ਕ੍ਰਿਸਨ ਜੀ ਵਲੋਂ ਦੋਵੇਂ ਵਾਰੀ ਉਚਾਰੇ ਗਏ ਬਚਨ ਤੇ ਮਖਣ ਸ਼ਾਹ ਲੁਬਾਣੇ ਦੀ ਗੁਰੂ ਸਾਹਿਬ ਵਲੋਂ ਕੀਤੀ ਗਈ ਮਦਦ ਦੀ ਘਟਨਾਂ ਨੂੰ ਜੇ ਸਿਖ ਇਤਹਾਸ ਵਿਚੋਂ ਕਢ ਦਿਤਾ, ਇਸ ਨਾਲ ਗੁਰੂ ਘਰ ਦੀ ਸਕਤੀ ਨੂੰ ਤਾਂ ਕੋਈ ਫਰਕ ਨਹੀਂ ਪੈਣਾ ਪਰ ਸਿਖ ਇਤਹਾਸ ਵਿਚ ਪਹਿਲਾਂ ਤੋਂ ਹੀ ਪਏ ਹੋਏ ਕਾਫੀ ਭੁਲੇਖਿਆਂ ਤੇ ਗਲਤੀਆਂ ਅਸੰਮਤੀਆਂ ਵਿਚ ਵਾਧਾ ਜਰੂਰ ਹੋਇਗਾ,ਇਸ ਨਾਲ ਆਉਣ ਵਾਲੀਆਂ ਨਸਲਾ ਦਾ 'ਗੁਰੂ' ਤੇ ਵਿਸ਼ਵਾਸ ਤੇ ਸਰਧਾ ਕੁਛ ਹੋਰ ਰੂਪ ਵਿਚ ਹੀ ਪ੍ਰਗਟ ਹੋ ਸਕਦਾ ਹੈ। ਕਾਸ਼! ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਤੀਜੀ ਸਤਾਬਦੀ ਸਮੇ ਕਿਸੇ ਅਜਿਹੀ ਇਤਹਾਸਕ ਸਮਗਰੀ ਦੀ ਪਾਠਕਾਂ ਨਾਲ ਜਾਣ ਪਛਾਣ ਕਰਵਾਈ ਜਾਂਦੀ ਜਿਸ ਨਾਲ ਗੁਰੂ ਸਾਹਿਬ ਨਾਲ ਸਬੰਧਤ ਇਤਹਾਸ ਦੀਆਂ ਉਕਾਈਆਂ ਤੇ ਗਲਤੀਆਂ ਦੂਰ ਹੋ ਜਾਂਦੀਆਂ!

—o—

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਭਗਤੀ ਸੰਕਲਪ

(ਪ੍ਰੋਫੈਸਰ ਜੀ. ਐਸ. 'ਕਵੀਰਾਗ' ਐਮ. ਏ.)

ਭਗਤੀ-ਪ੍ਰੰਪਰਾ, ਅਰਵਾਚੀਨ, ਪਰਾਚੀਨ, ਮਧਿਕਾਲ, ਤੇ ਅਧੁਨਿਕ ਸਮੇਂ ਅੰਦਰ ਵੀ ਅੱਜ, ਸਦੀਆਂ ਹੀ ਨਹਾਂ ਬਲਿਕੇ ਜੁਗਾਂ ਤੋਂ ਪਹਿਲਾਂ ਆਦਿ ਕਾਲ ਤੋਂ ਹੀ ਉਪਜਦੀਆ ਰਹੀ ਹੈ। ਉਪ-ਨਿਸ਼ਦ ਵਿਚ ਜਿਸਦੀ ਝਲਕ ਪ੍ਰਤੱਖ ਹੋ ਰਹੀ ਹੈ। ਪਰ;ਪੁਰਾਨ ਸਾਹਿਤ ਤਾਂਭਗਤੀ ਦਾ ਸੋਮਾ-ਭੰਡਾਰਾ ਹੀ ਹੋ ਵਰਤਿਆ ਹੈ।

ਮੱਧਿਜੁਗ ਵਿਚ ਜੋ ਭਗਤੀ ਦੀ ਵਿਚਾਰ-ਧਾਰਾ ਪ੍ਰਗਟ ਹੋਈ, ਉਸਦੇ ਦਾਰਸ਼ਨਿਕਾਂ ਨੇ ਪ੍ਰਤੱਖ ਪ੍ਰਭਾਵ ਬੁਧ, ਜੈਨ ਦੇ ਗੁਰੂ ਨਾਮ ਧਰਮਾਂ ਦੁਆਰਾ ਭਗਤੀ ਦਾ ਪ੍ਰਚਾਰ ਕੀਤਾ, ਪਰ, ਇਹਨਾਂ ਨੇ ਹੋਰ ਕਿਸੇ ਈਸ਼ਰ ਨੂੰ ਸਵੀਕਾਰ ਕਰਨ ਤੋਂ ਦ੍ਰਿੜ ਹੋ ਇਨਕਾਰ ਕਰ ਦਿਤਾ। ਇਸਤਰਾਂ ਕਰਕੇ ਇਹਨਾਂ ਪੁਰਾਤਨ ਵੈਦਿਕ ਧਰਮ ਤੇ ਵੀ ਹਮਲਾ ਕੀਤਾ। ਜਿਸਦਾ ਪੁਠਾ ਸਿਧਾ ਅਸਰ ਇਹ ਹੋਇਆ, ਕਿ ਸ਼ੰਕਰ ਆਦਿ ਦਾਰਸ਼ਨਿਕਾਂ ਨੇ ਇਕ ਪਾਸੇ ਬੁਧ ਧਰਮ ਦਾ ਖੰਡਨ ਕਰਕੇ, ਦੂਜੇ ਪਾਸੇ ਉਪਨਿਸ਼ਦਾ ਦੇ ਵੈਦਿਕ-ਅਦ੍ਵੈਦਵਾਦ ਦੀ ਨੀਂਹ ਰਖੀ। ਤੇ ਪ੍ਰਭਾਵ ਇਹ ਦਿਤਾ ਜੋ ਜਗਤ ਦੀ ਹੋਂਦ ਨੂੰ ਝੂਠ ਮਿਥਿਆ ਸਿੱਧ ਕਰਕੇ ਨਿਰਗੁਣ ਬ੍ਰਹਮ ਸਤਾ ਨੂੰ ਪ੍ਰਵਾਨ ਕੀਤਾ ਤੇਵਿਸ਼ਨੂ ਨੂੰ ਪਾਰ-ਬ੍ਰਹਮ-ਪਰਮੇਸਰ ਸਿਧ ਕਰਕੇ ਸਧਾਰਣ ਮਨੁਖ ਦੇ ਸਾਂਤੀ ਲਈ ਭਗਤੀ ਲਹਿਰ ਤੋਰੀ।

ਵੈਰਾਗ ਤੇ ਭਗਤੀ:—

ਸੰਸਾਰਕ ਪਦਾਰਥਾਂ ਦੇ ਭੋਗਾਂ ਤੋਂ ਅਰੁਚ ਹੋ ਉਪ੍ਰਾਮਤਾ ਧਾਰਨੀ ਵੈਰਾਗ ਪਦ ਦੀ ਪਹਿਲੀ ਪੌੜੀ ਹੈ, ਤੇ ਜਿਸ ਵੈਰਾਗ ਦੇ ਆਸਰੇ ਪ੍ਰਭੂ ਪਿਆਰ ਪਰਮੇਸ਼ਰੀ ਸ਼ਰਧਾ ਨਾਲ ਪ੍ਰੇਮ ਕਰਨਾਂ ਹੀ ਦੂਜੀ ਮੰਜਿਲ ਪਉੜੀ ਭਗਤੀ ਪਦ ਸਥਾਨ ਹੈ। ਇਹ ਭਗਤੀ ਕਦਾਚਿਤ ਹੋ ਹੀ ਨਹੀਂ ਸਕਦੀ ਜਦੋਂ ਤਕ ਸੰਸਾਰੀ ਮੋਹ ਦੀ ਪਕੜ ਟੁਟ ਨ ਜਾਵੇ। ਭਗਤੀ ਦੀ ਪ੍ਰਾਪਤੀ ਮਨੁਖ ਦੇ ਅੰਦਰ ਮੁਖ ਲਗਨ, ਦ੍ਰਿੜ ਹੋਈ ਬਿਰਤੀ ਬੁਨਿਆਦ ਦਾ ਨਾਂ ਹੈ। ਜਦੋਂ ਸਰੀਰਕ ਇੰਦ੍ਰੀਆਂ ਥਕ ਤੇ ਅਕ ਜਾਣ, ਧੁਰ ਅੰਦਰੋਂ ਸੰਸਾਰੀਪਦਾਰਥਾਂ ਨਾਲੋਂ ਮੋਹ ਟੁਟ-ਹੁਟ ਜਾਵੇ, ਤਦੋਂ ਮਨੁਖ ਦੇ ਏਸ ਚਲਨ ਨੂੰ ਨਿਸ਼ਕਾਮ ਕਿਹਾ ਜਾਂਦਾ ਹੈ, ਤੇ ਰਬੀ ਪਿਆਰ ਨਾਲ ਜੁੜ ਜਾਣਾਂ ਹੀ ਪ੍ਰੇਮਾਂ ਭਗਤੀ ਦਾ ਸਚਾ ਤੇ ਸੁਚਾ ਜੀਵਨ ਮਾਨਣਾ ਹੈ। ਜੋ ਏਸ ਹੀ ਆਦਰਸ਼ਕ ਕਲਿਅ ਨ ਕਾਰੀ ਜਾਂ ਜੀਵਨ ਮੁਕਤਿ ਮਨੁਸ਼ ਨੂੰ ਭਗਤਿ-ਭਗਵੰਤ, ਭਗਵਾਨ ਕਿਹਾ ਜਾਂਦਾ ਹੈ। ਜਦੋਂ ਓਹ ਭਗਤੀ ਕਰਕੇ ਭਗਉਤੀ ਦੀ ਸ਼ਕਤੀ ਤੋਂ ਸ਼ਕਤੀਸਾਲੀ, ਕ੍ਰਾਂਤੀਕਾਰੀ

ਨਿਰਭੈ, ਨਿਰਲੋਭ,ਬਲਕਿ,ਬ੍ਰਹਮ ਗਿਆਨੀ ਹੋ, ਜੋ ਦੁਖ ਤੇ ਸੁਖ ਮਾਨ ਤੇ ਅਪਮਾਨ,ਹਰਖ-ਤੇ ਸੋਗ, ਇਤਿ ਆਦੀ ਦਿਲ ਬੁਰਿਆਈਆਂ ਤੋਂ ਪਾਕ ਕਰ ਲੈਣ ਉਪ੍ਰੰਤ 'ਨਰ' ਹੀ ਹਰਹੈ ਤੇ ਭਗਤ ਹੀ ਭਗਵਾਨ ਹੈ। ਏਸ ਹੀ ਸੁਨਹਿਰੀ ਤੇ ਸੁਗੰਧਾ ਭਰੇ ਜੀਵਨ ਦੀ ਪ੍ਰਾਪਤੀ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰ ਬਾਰ ਮਾਨਣ ਲਈ ਸੰਕੇਤ ਪ੍ਰੇਰਨਾਵਾਂ ਬਾਣੀਂ ਅੰਦਰ ਕਰਦੇ ਹਨ।

"ਹਰਿ ਕੇ ਨਾਮ ਬਿਨਾ ਦੁਖੁ ਪਾਵੈ॥
ਭਗਤਿ ਬਿਨਾ ਸਹਸਾ ਨਹ ਚੂਕੈ,
ਗੁਰੁ ਇਹੁ ਭੇਦੁ ਬਤਾਵੈ ॥ ਰਹਾਉ।"
(ਬਿਲਾਵਲ ਮ: ੯)

ਜਦੋਂ ਅਸੀਂ ਸਤਿਗੁਰੂ ਇਤਿਹਾਸ ਦੇ ਪਛੋਕੜ-ਸੰਨ—੧੬੨੧ ਤੋਂ ੧੬੭੫ ਤੇ ਝਾਤ ਪਾਉਂਦੇ ਹਾਂ ਤਾਂ ਸਾਨੂੰ ਸਭ ਤੋਂ ਪਹਿਲਾ ਪਵਿਤਰ ਆਤਮਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਲੌਕਿਕ ਤੇ ਅਲੌਕਿਕ ਸਚੀਤੇ ਸੁਚੀ ਭਗਤੀ ਮਾਰਗ ਦੇ ਉਪਕਾਰੀ ਦਰਸ਼ਨ ਹੁੰਦੇ ਹਨ।

ਅੱਜ ਜੋ ਸ੍ਰੀ ਗੁਰੂ ਤੇਗਬਹਾਦਰ ਜੀ ਦੀ ਕੰਠ ਬਾਣੀ ਵਿੱਚ ਭਗਤੀ ਵਾਦ ਦੇ ਸਰੂਪ ਦਾਰਸ਼ਨਿਕਿ ਪ੍ਰਭਾਵ ਲਭਿਤ ਹੋ ਰਹੇ ਹਨ,ਇਹ ਨਿਰਗੁਣ ਤੇ ਸਰਗੁਣ ਦੋਨ ਭਗਤੀ ਭਾਵ ਦੇ ਦੁਮੇਲ ਦੇ ਮੇਲ ਹੋਏ ਰੂਪ ਦਾ ਹੀ ਤਾਂ ਪ੍ਰਤੱਖ ਦਰਸ਼ਨ ਹਨ। ਇਸ ਲਈ ਵੀ ਤੇ ਜਦੋਂ ਕਿ :—

ਗੁਰੂਦੇਵ ਜੀ ਈਸ਼ਵਰ ਦਰਸ਼ਨਾਂ ਨੂੰ ਨਿਰਗੁਣ,ਨਿਰੰਕਾਰ,ਤੇ ਨਿਰੰਜਣ ਮੰਨਦੇ ਹੋਏ ਅਨਭਵੇਂ ਕਹਿੰਦੇ ਹਨ ਕਿ ਉਸ ਪ੍ਰਮਾਤਮਾ ਵਾਹਿਗੁਰੂ ਨੂੰ ਜੋਗੀ ਖੋਜ ਖੋਜ ਕੇ ਥੱਕ ਹਾਰ ਹੋ ਗਏ ਹਨ,ਪਰ ਹਾਲਾਂ ਤੀਕ ਉਸ ਸਰਵ ਵਿਆਪੀ ਦੇ ਉਪਾਰ ਦਾ ਪਾਰ ਨਹੀਂ ਪਾ ਸਕੇ ਜੋ ਸੁਆਮੀ ਸਭ ਦੇ ਅੰਤਰ ਆਤਮਾ ਵਿਚ ਹੀ ਰਹਿੰਦਾ ਹੈ,ਪਰ,ਹੈ ਸਭ ਤੋਂ ਰੂਪ ਰੇਖ ਤੋਂ ਨਿਆਰਾ।

ਜਾਕਉ ਜੋਗੀ ਖੋਜਤ ਹਾਰੇ,
ਪਾਇਓ ਨਾਹਿ ਤਿਹ ਪਾਰਾ॥
ਸੋ ਸੁਆਮੀ ਤੁਮ ਨਿਕਟਿ ਪਛਾਨੋ,
ਰੂਪ ਰੇਖ ਤੇ ਨਿਆਰਾ॥
(ਰਾਗੁ ਜੈਤਸਰੀ,ਪੰਨਾ ੭੦੩)

ਫੇਰ ਵੀ ਨਾਲ ਨਾਲ ਈਸ਼ਵਰ ਦੇ ਸਰਗੁਣ ਸਰੂਪ ਨੂੰ ਮੰਨਦਿਆਂ ਕਈ ਪੁਰਾਣਿਕ ਭਗਤਾਂ ਦੇ ਪਰਤਖ ਉਦਾਹਰਣ ਦਿੰਦੇ ਹਨ,ਜਿਨਾਂ ਦਾ ਵਿਸ਼ਨੂ ਨਾਵਾਂ ਦੇ ਅਵਤਾਰਾਂ ਨਾਲ ਸਬੰਧ ਹੈ, ਤੇ ਜਿਹਨਾਂ ਦੀਆਂ ਕਥਾਂ ਕਥਾਵਾਂ ਭਾਗਵਤ ਆਦਿ ਪੁਰਾਣਾਂ ਵਿਚੋਂ ਪ੍ਰਾਪਤ ਹਨ।

ਜੋ ਸਰਗੁਣ ਦਾ ਅਰਥ ਹੈ,ਪ੍ਰਤਖ ਗੁਣਵਾਲਾ ਹੋਣਾ ਏਸ ਲਈ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਸਰਵ ਵਿਆਪੀ ਈਸ਼ਵਰ ਨੂੰ ਅਨੰਤ ਗੁਣਾਂ ਦਾ ਆਧਾਰ ਭੰਡਾਰ ਮੰਨਦੇ ਹੋਏ ਉਸ ਨੂੰ ਕਿਰਤਮ ਨਾਵਾਂ ਤੇ 'ਦੀਨ ਬੰਧੁ''ਦੁਖ ਭੰਜਨ''ਦੀਨ ਦਇਆਲ 'ਪਤਿਤ ਉਧਾਰਨ' 'ਸਰਬ ਨਿਵਾਸੀ' 'ਸਭ ਸੁਖ ਦਾਤਾ'ਆਦਿ ਗੁਣ ਨਾਵਾਂ ਨਾਲ ਉਪਮਾਉਂਦੇ ਹਨ। ਜਿਹਨਾਂ ਦਾ ਆਰਾਧਨ ਜਿਕਰ ਬਾਰ ੨ ਹੀ ਪ੍ਰਮੇਸ਼ਵਰ ਨੂੰ ਸਰਗੁਣ ਅਥਵਾ ਗੁਣਾਂ ਦਾ ਆਧਾਰ ਮੰਨਕੇ ਉਸ ਦੀ ਸਚੀ ਭਗਤੀ ਦਾ ਉਪਦੇਸ ਦਿੰਦੇ ਹਨ। ਭਾਵੇਂ ਪਹਿਲਾ ਵੀ ਭਾਗਵਤ ਵਿਚ'ਨਵਧਾ ਭਗਤੀ ਦਾ ਨਿਰਣੈ ਵਰਣਨ ਪ੍ਰਾਪਤ ਹੁੰਦਾ ਹੀ ਹੈ। ਪਰ,ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਮਰ ਤੇ ਮਾਧੁਰ ਕੰਠ ਬਾਣੀ ਅੰਦਰ ਵੀ ਨਵਧਾ,ਭਗਤੀ ਦੇ ਕਈ ਉਦਾਹਰਨਾਂ ਦੇ,ਤੇ ਕਈ ਤਰਾਂ ਦੀ ਭਗਤੀ ਦੇ ਦਰਸ਼ਨ ਪ੍ਰਾਪਤਹੁੰਦੇ ਹਨ।ਜਿਹਨਾਂ ਦਾ ਉਦਾਹਰਣਾਂ ਅੰਦਰੋਂ ਇਸ ਪਰਕਾਰ ਬਿਓਰਾ ਹੁੰਦਾ ਹੈ।

ਜਿਵੇਂ ਕਿ:— 'ਨਵਧਾ-ਭਗਤੀ'ਦਾ ਵਰਨਨ ਕਰਦੇ ਹੋਇਆਂ ਨਿਰਣਾ ਦਿੱਤਾ ਜਾਂਦਾ ਹੈ;—

੧. ਸਰਵਣ ਭਗਤੀ, ੨. ਹਰਿ ਕੀਰਤਨ ਭਗਤੀ, ੩. ਸਿਮਰਨ ਭਗਤੀ, ੪. ਪਾਦ-ਸੇਵਨ ਭਗਤੀ, ੫. ਅਰਚਨ-ਭਗਤੀ, ੬. ਵੰਦਨ ਭਗਤੀ, ੭. ਦਾਸ਼ਯ-ਭਗਤੀ ੮. ਸਖਯ-ਭਗਤੀ, ੯.- (ਅਤੇ) ਆਤਮ-ਨਿਵੇਦਨ ਭਗਤੀ, ਇਹ ਵਿਸ਼ਨੂ ਦੀ ਭਗਤੀ ਦੇ ਨੌ ਪ੍ਰਕਾਰ ਦਸੇ ਗਏ ਹਨ। ਇਹਨਾਂ ਨੌਂ ਪ੍ਰਕਾਰ ਭਗਤੀ ਨਾਮ ਨਾਵਾਂ ਦਾ ਸ਼ਬਦਾਰਥ

ਖੁਲਾਸਾ ਇਸ ਤਰਾਂ ਹੋਵੇਗਾ। –

(ੳ)'ਸਰਵਣ' ਸ਼ਬਦ ਦਾ ਭਾਵ ਅਰਥ ਹੈ ਜੋ ਕਿ ਪ੍ਰਮੇਸ਼ਵਰ ਦੀ 'ਸਰਵਣਾ' ਕੰਨਾਂ ਦੁਆਰਾ ਕਥਾ ਕੀਰਤਨ ਸੁਣਨੀ, (ਅ)-ਕੀਰਤਨ ਤੋਂ ਭਾਵ ਹੈ,-ਈਸ਼ਵਰ ਪ੍ਰਮਾਤਮਾ ਦੇ ਨਾਮ ਦਾ ਬਹੁਤੇ ਸਰਵ ਪਖੀ ਗਾ ਕੇ ਘੜੀ ਹੋਈ ਆਵਾਜ-ਰਾਗ (ਨਾਦ) ਤੇ ਸ਼ਬਦ ਭਾਵ ਘੜਵੇਂ ਸ਼ਬਦਾਂ ਦੁਆਰਾ (ਅਧਿਆਤਮਿਕ) ਹਰੀ ਕੀਰਤਨ ਦਾ ਧੁਨੀਕਾਰ ਜਸ ਹੋਵ। (ੲ) 'ਸਿਮਰਨ' ਤੋਂ ਭਾਵ ਹੈ:—ਪ੍ਰਮਾਤਮਾ ਦੇ ਨਾਮ ਦਾ ਸਹਿਜ ਸਹਿਜ,ਧੀਰਜ ਨਾਲ ਜਾਪ ਕਰਨਾਂ,ਅਤੇਓਸ ਸਦੀਵਕਾਲੀਮਹਾਂ ਸ਼ਕਤੀ ਨੂੰ ਹਮੇਸ਼ਾਂ (ਨਿਤਨੇਮ ਨਾਲ) ਯਾਦ ਰਖਣਾ, (ਸ) 'ਪਾਦ-ਸੇਵਨ' ਦਾ ਗੂੜ ਅਰਥ ਹੈ,-ਕਿ ਸਰਵ ਵਿਆਪੀ ਪ੍ਰਭੂ ਦੇ ਚਰਨਾਂ ਦੇ ਅਰਾਧਨ-ਕਰਨ ਵਾਲੇ ਭਗਤਾ ਦੇ ਪਵਿਤਰ ਚਰਨਾਂ ਦੀ ਧੂੜੀ ਮਲਣੀ,ਚਰਨ ਧੋਣੇ ਜਾ ਘੁਟਣੇ ਆਦਿ ਸੇਵਾ ਭਾਵਨਾ ਤੋਂ ਹੈ, (ਹ)-'ਅਰਚਨਾ' ਸਬਦ ਦਾ ਸ਼ਪਸਟ ਭਾਵ ਹੈ ਸਰਬ ਵਿਆਪੀ ਭਗਵਾਨ ਤੇ ਉਸਦੇ ਭਗਤ ਪਿਆਰਿਆਂ ਦੀ ਮਿਠ ਬੋਲੀ ਭਾਸ਼ਾ ਵਿਚ,ਸ਼ਰਧਾ ਭਾਵਨਾ ਨਾਲ ਉਸਤਤੀ ਕਰਨੀ,ਵਡਿਆਈ ਜਾਂ ਉਪਮਾਂ, (ਕ)-'ਵੰਦਨ' ਸ਼ਦਦ ਦਾ ਭਾਵ ਹੈ;— ਕਿ ਈਸ਼ਵਰ ਪ੍ਰਮਾਤਮਾ ਦੇ ਦਿਖੇ ਅਦਿੱਖੇ,ਸਰੂਪਾਂ ਨੂੰ ਸਭ ਜਗਾ ਵਿਆਪਿਕ ਹਾਜਰ ਹਜੂਰ ਸਮਝਕੇ ਉਸਦੇ ਸਨਮੁਖ ਹੋ (ਅਰਦਾਸ) ਪ੍ਰਾਰਥਨਾ ਕਰਨੀ (ਖ)-ਦਾਸਯ ਦਾ ਮਾਲਿਕ-ਸੁਆਮੀ ਸਮਝ ਕੇ (ਭਗਤਿ ਵਲੋਂ) ਆਪਣ ਆਪ ਨੂੰ ਉਸਦਾ ਦਾਸ,ਸੇਵਕ ਜਾ ਬੇ ਖਰੀਦ ਦਾਸਰੋ (ਬੇਦਾਮ) ਨੌਕਰ ਸਮਝਣਾਂ (ਗ)- 'ਸਖਯ-ਭਗਤੀ' ਤੋਂ ਭਾਵ ਹੈ;—

(ਭਗਤਿ ਵਲੋਂ) ਪ੍ਰਮਾਤਮਾਂ ਨੂੰ ਅਪਣਾ (ਨਿਰਲੋਭ ਤੇ ਅਨ ਥਕ) ਸਚਾ ਤੇ ਸੁਚਾ ਸਹਾਈ ਪ੍ਰਮ ਮਿਤਰ ਸਮਝਕੇ ਉਸ ਨਿਰਵੈਰ, ਤੇ ਨਿਰਲੋਭ ਈਸ਼ਵਰ ਲਈ ਸਦੀਵ ਕਾਲ ਮਿਤਰਤਾ ਦਾ ਦਿਲੋਂ ਹਰ ਦਮ, ਦਮ ਭਰਨਾਂ, ਦਿਲੋਂ ਉਠੇ ਅਧਿਆਤਮੀ ਪਿਆਰ ਨੇਂਹੁ ਨੂੰ ਅੰਤ ਸੁਆਸਾਂ ਤਕ ਨਿਭਾਹ ਜਾਣਾਂ - ਤੇ ਤੋੜ ਨਿਭਾਉਣਾ, ਅਤੇ (ਘ.) ,ਆਤਮ-ਨਿਵੇਦਨਾ ਭਗਤੀ ਦਾ ਅੰਤਰ ਤੇ ਬਾਹਰ ਮੁਖੀ ਭਾਵ ਅਰਥ ਹੈ :— (ਭਗਤਿ-ਜਾਂ ਸਿਖ ਵਲੋਂ) ਅਪਣੇ ਆਪ ਨੂੰ ਆਪਣੇ ਸਾਰੇ ਕਰਮਾਂ ਧਰਮਾਂ ਅਤੇ ਉਨਹਾਂ ਤੋਂ ਪ੍ਰਾਪਤ ਹੋਣ ਵਾਲੇ (ਇਵਜਾਨੇ-ਜਾਂ ਸਿਲੇ, ਭਾਵਨਾ ਫਲਾਂ ਤਕਵੀ) ਅਪਣ ਇਸਟ ਈਸਵਰ ਪ੍ਰਮਾਤਮਾ ਦੇ ਸਦ ਸਦੀਵ ਲਈ ਅਰਪਨ ਕਰਨਾ ਭੇਟ ਜਾਂ ਇਛਾ ਰਹਿਤ ਹੋ, ਕੇਵਲ ਉਸ ਦਇਆਲੂ ਸਰਵ ਸਕਤੀ ਵਾਨ, ਦਾਤਾ ਜੀ ਦੇ ਖਸਮਾਨਾਂ ਭਰੋ ਤੇ ਕ੍ਰਿਪਾ ਜਾਂ ਮੇਹਰ ਦਇਆਲਤਾ ਦੇ ਘਰ ਦਿਆਲੂ ਜੀ ਦੀ ਓਟ ਆਸਰੇ, ਪਰਨੇ ਤੇ ਅਧਿਆਤਮਿਕ ਭਾਵ ਦੀ ਨਿਰਇਛਕ ਇਛਾ ਤੇ ਟਿਕੇ ਰਹਿਣਾ, ਅਬੋਲ, ਤੇ ਅਫੁਰ ਹੋ ਜਾਣ ਤੋਂ ਹੈ। ਉਪ੍ਰੋਕਿਤ ਨਵਧਾ-ਭਗਤੀ ਦੇ ਤੋਰ ਤਰੀਕਿਆਂ ਭਾਵ ਘਾਲਨਾ ਜਾਂ ਪ੍ਰਾਪਤੀਆਂ ਦੀ ਪਕੜ ਤੋਂ ਉਚੇ ਉਠਕੇ ਜਦੋਂ ਸਿਖ ਜਗਿਆਸੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿਤਰ ਜੀਵਨੀ ਤੇ ਮਧੁਰ ਕੰਠ ਬਾਣੀ ਵਿਚ ਨੌਂ ਪ੍ਰਕਾਰ ਦੀ ਭਗਤੀ ਭਾਵਨਾ ਦੀ ਨੁਹਾਰ, ਤਕ ਪੜ ਵਾਚਦਾ ਤੇ ਸੁਣ ਮਾਣਦਾ ਹੈ, ਤਾਂ ਨੌ ਪ੍ਰਕਾਰੀ ਭਗਤੀ ਦੇ ਪ੍ਰਤਖ ਦਰਸ਼ਨ ਅਧਿਆਤਮੀ ਬਦਲਵੇਂ ਰੂਪਾਂ ਚਿਤਰਾਂ ਅੰਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਭਿਆਸ, ਕਮਾਏ, ਤੇ ਪਰਖੇ ਜੀਵਨ ਪੰਧਾਂ ਉਤੇ ਤੁਰ ਸਿਖ ਅਡੋਲ, ਨਿਰਭੈ, ਨਿਰਲੋਭ, ਨਿਰਿਛਤ, ਸਿਖੀ ਜੀਵਨ ਮਾਣ ਰਿਹਾ ਹੁੰਦਾ ਹੈ।

ਹੁਣ ਅਸੀਂ, ਸੂਖਸਮ ਵਿਚਾਰ ਦ੍ਰਿਸ਼ਟਾਂਦਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਅਧਿਆਤਮੀ ਕੰਠ ਬਾਣੀ ਅੰਦਰੋਂ ਹੋਰ ਵੀ ਸਾਸ਼ਤਰੀ ਪੁਰਾਣਿਕ, ਉਪ ਨਿਸ਼ਦੀ, ਵੇਦਕ ਲਭਿਤਾਂ ਖੋਜਾਂ ਦੇ ਨਿਰਣਾਂਕਿਨ ਕਰਦੇ ਹਾਂ :- ਸ੍ਰੀ ਗੁਰੂ ਤੇਗ ਬਹਾਦਰ ਜੀ ਭਗਤੀ ਤੇ ਭਗਵਾਨ ਵਿਚ ਕੋਈ ਅੰਤਰ ਜਾਂ ਭੇਦ ਨਹੀਂ ਅਤੇ ਇਸ ਵਿਚਾਰ ਨੂੰ ਸਦੀ ਗਲ ਆਖਦੇ ਹਨ; ਸਤਿਗੁਰੂ ਜੀ ਦਾ ਇਹ ਵੀ ਅਨੁਭਵ ਹੈ, ਕਿ :— ਜਿਸ ਹਿਰਦੇ ਵਿਚ ਰਮੇ ਹੋਏ ਰਾਮ ਦਾ ਸਿਮਰਨ ਹੁੰਦਾ ਰਹਿੰਦਾ ਹੈ, ਉਸ ਮਨੁਖ ਨੂੰ ਏਸ ਜੀਵਨ

ਵਿਚ 'ਮੁਕਤ' ਸਮਝਣਾ ਚਾਹੀਦਾ ਹੈ, ਇਸ ਲਈ ਵੀ ਕਿ :- ਉਸ 'ਨਰ' ਵਿਚ ਤੇ 'ਹਰਿ' ਵਿਚ ਕੋਈ ਅੰਤਰ ਨਹੀ ਰਹਿੰਦਾ. ਇਸ ਵਿਚਾਰ ਸੀਲ 'ਗਲ' ਨੂੰ ਵੀ'ਸਚਾਜਾਂ ਸਚੀ ਮੰਨਿਆ ਗਿਆ ਹੈ:-

" ਜੋ ਪ੍ਰਾਨੀ ਨਿਸਿ ਦਿਨਿ ਭਜੈ
ਰੂਪ ਰਾਮ ਤਿਹ ਜਾਨੁ ॥
ਹਰਿ ਜਨ ਹਰਿ ਅੰਤਰੁ ਨਹੀ
ਨਾਨਕ ਸਾਚੀ ਮਾਨੁ ॥"

(ਸਲੋਕ ਮ: ੯ ਵਾਂ, ਪੰਨਾਂ ੧੪੨੭)ਅਤੇ

"॥ਜਿਹ ਘਟ ਸਿਮਰਨ ਰਾਮ ਕੋ
ਸੋ ਨਰ ਮੁਕਤਾ ਜਾਨੁ ॥
ਤਿਹਿ ਨਰ ਹਰਿ ਅੰਤਰੁ ਨਹੀ
ਨਾਨਕ ਸਾਚੀ ਮਾਨ ॥"

(ਸਲੋਕ ਮ: ੯ ਵਾਂ, ਪੰਨਾਂ ੧੪੨੮)

ਸਤਿਗੁਰੂ ਜੀ, ਹਰਿ ਦੀ ਭਗਤੀ ਦਾ ਪਰਿਣਾਮ 'ਬੈਕੁੰਠ' ਦੀ ਪ੍ਰਾਪਤੀ ਹੋਣ ਦਾ ਅਨੁਭਵ ਵੀ ਕਰਾਉਂਦੇ ਹਨ, ਉਸ ਆਦਮੀ ਨੂੰ ਬਡਭਾਗੀ ਸਮਝੋ, ਜਿਹੜਾ ਕਿ ਹਰੀ ਦੇ ਗੁਣਾ ਨੂੰ ਗਾਉਂਦਾ ਹੈ, ਕਿਉਂ ? ਕਿ ! ਹਰੀ ਦੇ ਗੁਣ ਗਾਣ ਨਾਲ ਭਗਤ ਦੇ ਜਨਮ ਜਨਮਾਤਰਾਂ ਦੇ ਪਾਪ ਨਸਟ ਹੋਜਾਂਦੇਹਨ' ਜੋ ਅੰਤਸਰੀਰ ਛੋਡਣਤੋਂ ਉਪ੍ਰੰਤ-

ਹਰੀ ਦਾ ਭਗਤਿ, ਭਗਤੀ ਭਾਵਨਾਂ ਫਲ ਦੇ ਅ ਸਰੇ 'ਬੈਕੁੰਠ ਦੀ ਪ੍ਰਾਪਤੀ ਕਰਦਾ ਹੈ :—

"॥ਬਡਭਾਗੀ ਤਿਹ ਜਨ ਕਉ
ਜਾਨਉ ਜੋ ਹਰਿ ਕੇ ਗੁਨ ਗਾਵੈ॥
॥ਜਨਮ ਜਨਮ ਕੇ ਪਾਪ ਖੋਇਕੈ
ਫੁਨਿ ਬੈਕੁੰਠ ਸਿਧਾਵੈ ॥"

(ਰਾਗ ਰਾਮ ਕਲੀ ਮ: ੯, ਪੰਨਾਂ ੯੦੧)

ਜਦੋਂ ਕਿ :- 'ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਭਗਤੀ ਸੰਕਲਪ ਹਥਲੇ ਲੇਖ ਦਾ ਮੁਖਿ ਅਧਿਐਨ ਵਿਸਾ ਹੈ। ਪਰ; ਇਕੋ ਸਬਦ ਪੜ੍ਹ ਵਿਚਾਰੋ ਤੇ ਮਾਣੋਂ, ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸਾਖੀ ਹੋ ਰਾਹਗੀਰ ਬਣ ਜਾਂਦੀ ਹੈ । ਜਿਵੇਂ ਕਿ:-

["॥ਸਾਧੋ ਮਨ ਕਾ ਮਾਨ ਤਿਆਗੋ । ਜਾਂ]

"ਸਾਧੋ ਗੋਬਿੰਦ ਕੇ ਗੁਨ ਗਾਵਉ ॥
ਮਾਨਸ ਜਨਮੁ ਅਮੋਲਕੁ ਪਾਇਓ,
ਬਿਰਥਾ ਕਾਹਿ ਗਵਾਵਉ ॥ਰਹਾਉ॥
॥ਪਤਿਤ ਪੁਨੀਤ ਦੀਨਬੰਧ ਹਰਿ,
ਸਰਨਿ ਤਾਹਿ ਤੁਮ ਆਵਉ॥
॥ਗਜ ਕੋ ਤ੍ਰਾਸੁ ਮਿਟਿਓ ਜਿਹੁ
ਸਿਮਰਤ, ਤੁਮ ਕਾਹੇ ਬਿਸਰਾਵਉ॥੧॥
॥ਤਜਿ ਅਭਿਮਾਨ ਮੋਹ ਮਾਇਆ ਫੁਨਿ
ਭਜਨ ਰਾਮ ਚਿਤੁ ਲਾਵਉ॥
। ਨਾਨਕ ਕਹਤ ਮੁਕਤਿ ਪੰਥ ਇਹੁ,
ਗੁਰਮੁਖਿ ਹੋਇ ਤੁਮ ਪਾਵਉ॥

(ਰਾਗ ਗਉੜੀ ਮ: ੯ ਵਾਂ,ਪੰਨਾਂ ੨੧੯)

ਏਸ ਉਪ੍ਰੋਕਿਤ ਸਬਦ ਅੰਦਰ ਭਗਤੀ ਦੇ ਕਈਕੁ ਸਰੂਪਾਂ ਦੇ ਦਰਸ਼ਨ ਲਭ ਦੇ ਹਨ ।:—

'ਗੋਬਿੰਦ ਕੇ ਗੁਨ ਗਾਵਉ ।'

ਇਹ ਵਾਕ 'ਕੀਰਤਨ ਭਗਤੀ ਦਾ ਸੰਕੇਤ ਕਰਦਾ ਰੂਪਹੈ ।

'ਸਰਨਿ ਤਾਹਿ ਤੁਮ ਆਵਉ ।'

ਵਾਕ ਆਤਮ ਨਿਵੇਦਨ ਭਗਤੀ ਵਲ ਸੰਕੇਤ ਕਰਦਾ ਹੈ।

'ਗਜ ਕੋ ਤ੍ਰਾਸੁ ਮਿਟਿਓ ਜਿਹੁ ਸਿਮਰਤ'
ਤੁਮ ਕਾਹੇ ਬਿਸਰਾਵਉ ।

ਵਾਕ ਸਿਮਰਣ ਭਗਤੀ ਦਾ ਦਰਸਨ ਕਰਾਂਦਾ ਹੈ । ਇਤਿਆਦੀ ਅਧਿਆਤਮਿਕ ਗਿਆਨ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੰਠ ਬਾਣੀ ਵਿਚ ਭਗਤੀ ਸੰਕਲਪ ਪ੍ਰਗਟ ਹੋ ਰਿਹਾ ਹੈ, ਤੇ ਸਾਕਤੀ ਬਿਰਤੀ ਦੀ ਨਿਬਿਰਤੀ ਕਰ ਰਿਹਾ ਦੈਵੀ ਭਗਤੀ ਜੀਵਨ ਪ੍ਰਦਾਨ ਕਰਤਾ ਸੰਕਲਪ ਹੋ ਨਿਬੜਦਾ ਹੈ।

ਰਾਗੁ ਸੋਰਠਿ ਬਾਣੀ ਅੰਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਹੋਰ ਭਗਤੀ ਸਰੂਪ ਦਰਸਨ ਕਰਵਾਉਂਦੇ ਹਨ, ਜਿਵੇਂ ਕਿ :—

" ਰੇ ਮਨ ਰਾਮ ਸਿਉ ਕਰਿ ਪ੍ਰੀਤਿ॥
ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ
ਰਸਨਾ ਗੀਤਿ ॥ਰਹਾਉ॥

ਕਰਿ ਸਾਧ ਸੰਗਤਿ ਸਿਮਰ ਮਾਧੋ ਹੋਹਿ ਪਤਿਤ ਪੁਨੀਤ॥"

(ਰਾਗ ਸੋਰਠ ਮ: ੯, ਪੰਨਾਂ ੬੧੩)

ਏਸ ਉਪਰ ਪ੍ਰਕਾਸ਼ਨ ਹੋਏ, ਸਬਦ ਅੰਦਰ 'ਹੇ ਮਨ ਰਾਮ ਸਿਉ ਕਰਿ ਪ੍ਰੀਤਿ।' ਸਖਯ ਭਗਤੀ ਨਿਰੂਪਨ ਹੋ ਰਹੀ ਹੈ, 'ਸ੍ਰਵਣ ਗੋਬਿੰਦ ਗੁਨੁ ਸਨਉ ਏਸ ਅਰਧ ਪੰਗਤੀ ਵਿਚ 'ਸ੍ਰਵਣ ਭਗਤੀ' ਦਾਰ-ਸ਼ਿਕ ਹੋ ਰਹੀ ਹੈ, ਤੇ 'ਗਉ ਰਸਨਾ ਗੀਤਿ' ਸਬਦ ਵਾਕ ਅੰਦਰ 'ਕੀਰਤਨ ਭਗਤੀ' ਨਿਮਨ ਪ੍ਰਕਾਰ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਰਾਗ ਕੰਠ ਬਾਣੀ ਵਿਚ 'ਨਵਧ ਭਗਤੀ' ਚੋਂ ਨਿਮਨ ਭਗਤੀ ਦੇ ਸਰੂਪ ਸਾਕਾਰ ਹੋ ਰਹੇ ਹਨ :– 'ਸ੍ਰਵਣ ਭਗਤੀ 'ਕੀਰਤਨ ਭਗਤੀ' 'ਸਿਮਰਨ ਭਗਤੀ' 'ਸਖਯ ਭਗਤੀ' 'ਦਾਸਯ ਭਗਤੀ' 'ਆਤਮ ਨਿਵੇਦਨ ਭਗਤੀ' ਇਤਿਆਦ ਅਧਿਆਤਮੀ ਮਾਰਗ ਦਰ-ਸਾਊ ਭਗਤੀ ਦੇ ਰੂਪਾਤ੍ਰ ਸਰੂਪ ਦ੍ਰਿੜਤਾ ਨਾਲ ਪ੍ਰਗਟ ਹੋ ਰਹੇ ਹਨ।

ਦਰ- ਅਸਲ; ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੰਠ ਰਾਗ ਬਾਣੀ ਅੰਦਰ ਵਿਸੇਸ ਤੇ ਸਹਿਜ, 'ਰਾਗ ਕੀਰਤਨ ਭਗਤੀ' ਦਾ ਹੀ ਸਰੂਪ ਪ੍ਰਤਖ ਥਾਂ ਥਾਂ ਬਾਰ ਬਾਰ, ਰਾਗ ਧੁਨੰਤਿ ਗਾਵਨ ਕੀਤੀਆਂ ਗੀਤੀਆਂ ਵਿਧੀਆ ਦੁਆਰਾ ਰਾਗੁ ਕਲਾ ਸਾਹਿਤਕ ਪਖਾਂ ਦੇ ਕੀਰਤਨੀ, ਸਰਵ ਭਾਰਤੀ ਪ੍ਰਾਂਤਿਕ ਸੈਲੀਆਂ ਦੇ ਭਗਤੀ ਸਰੂਪ ਬਲੰਦ ਕਰਦੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੰਠ ਰਾਗ ਬਾਣੀ ਦਾ ਆਦਿ ਪ੍ਰਾਰੰਭ ਹੀ 'ਰਾਗ ਗਉੜੀ' ਮ: ੯ਵਾਂ ਦੇ ਸਿਰ ਲੇਖ ਨਾਲ ਹੁੰਦਾ ਹੈ। ਜਦੋਂ ਕਿ ਰਾਗ ਗਉੜੀ ਅਜ (ਆਧੁਨਿਕ ਕਾਲ) ਆਲ ਇੰਡੀਆ ਭਾਰਤੀ (ਪ੍ਰਾਂਤਿਕ) ਮੁਖਿ ਵਿਦਿਆ ਕੇਂਦਰਾਂ ਯੂਨੀਵਰਸਟੀਆਂ ਅੰਦਰੋਂ ਰਾਗ ਪਾਠਿ ਕ੍ਰਮ ਭਾਵ ਸਿਲੇਬਸ ਅਨੁਸਾਰ 'ਮਾਸਟਰ ਔਫ ਡਿਗਰੀ' ਐਮ ਏ ਦੀ ਕੰਠ ਜਾਂ ਤੰਤਿਕ ਸਿੱਖਿਆ (ਪੜਾਈ)' ਚ ਪੜਾਇਆ ਸਿਖਾਇਆ ਜਾਂਦਾ ਹੈ। ਤਦੋਂ ਹੀ ਪੂਰਬ ਤੋਂ (ਪਹਿਲਾਂ) ਹੀ ਭਾ: ਗੁਰਦਾਸ ਜੀ ਨੇ ਵੀ 'ਰਾਗ ਗਉੜੀ' ਦੀ ਪ੍ਰਭਤਾ, ਸਾਸਤਰੀ ਉਚਤਾ ਨੂੰ ਇਊਂ ਦਰਸਾਇਆ ਹੈ – "ਬੋਲੇ ਅਗੇ ਗਾਵੀਏ ਭੈਰਉ ਸੁ ਗਉੜੀ" ਭਾਵ ਗਉੜੀ ਰਾਗ ਦੇ ਕੰਠ ਗਾਇਨ ਦਾ ਪਿਆਰ ਇਤਨਾਂ ਉਚਾ ਹੈ, ਕਿ ਰਾਗ ਕਲਾ ਤੋਂ ਅਗਿਆਨੀ ਅਠਵੀਂ ਕਲਾਸ ਦੇ ਰਾਗ ਭੈਰਉ ਅਥਵਾਂ ਭੈਰਵ ਨੂੰ ਹੀ ਗਉੜੀ ਸੁਣ ਸਮਝ ਬੈਠਦਾ ਹੈ, ਤਿਵੇਂ ਹੀ ਕਈ ਵਾਰ ਭੁਲੇਖੇ ਵਿਚ ਅਚੇਤ ਮਨੋ ਸੰਗੀਨ ਕਲਾ ਕਾਰ ਵੀ 'ਭੈਰਉ ਰਾਗ ਨੂੰ ਗਉੜੀ ਰਾਗ ਸਮਝ ਲੈਂਦਾ ਹੈ। ਇਸਤੋਂ ਇਲਾਵਾ :–

ਸ੍ਰੀ ਗੁਰੂਦੇਵ ਜੀ ਦੀ ਬਾਣੀ, ਅਜ ਤਾਲੀਮ ਦੇ ਟਾਕਰੇ ਤੇ ਸਾਹਿਤ ਕਲਾਤਮਿਕ ਪਖੋਂ

* ਰਾਗ ਗਉੜੀ, ਧਨਾਸਰੀ, ਤੇ ਰਾਗ ਜੈਤਸਰੀ, ਐਮ. ਏ. ਦੀ ਸਿਖਿਆ ਵਿਚ ਹਨ।
* ਕੁਲ ੧੫ ਰਾਗਾਂ ਵਿਚ ੫੯ ਰਾਗ ਸਬਦ ਹਨ, ਤੇ ੫੭ ਸਲੋਕ ਅੰਤਕਾ ਉਤੇ ਅੰਕਿਤ ਹਨ।
* ਸਤਿਗੁਰੂ ਜੀ ਦੀ ਸਮੂਹ ਬਾਣੀ ਸਬਦ ਸਲੋਕਾਂ ਅੰਦਰ ਇਕ ਵੀ ਲਫ਼ਜ ਫਾਰਸੀ ਜਾਂ ਅਰਬੀ, ਦਾ ਨਹੀਂ ਆ ਰਿਹਾ।
* ਸਤਿਗੁਰ ਜੀ ਆਪਣੀ ਬਾਣੀ ਵਿਚ ਇਕ ਥਾਂ ਵੀ ਕਿਤੇ ਜਰਾ ਮਾਤਰ ਇਸਲਾਮ ਦਾ ਜਿਕਰ ਨਹੀ ਕਰਦੇ।
* ਸਬਦਾਂ ਸਲੋਕਾਂ ਦੀ ਸਾਰੀ ਬਾਣੀ ਨਿਰੋਲ ਤੇ ਸੁਧ ਟਕਸ਼ਾਲੀ ਹਿੰਦੀ ਭਾਰਤੀ ਕੇਂਦ੍ਰੀ ਮੁਖਿ ਭਾਸਾ ਅੰਦਰ ਹੈ।
* ਅਸਲ ਹੀ ਦੂਜੀ ਬਾਰ ਗੁਰੂ (ਬਕਾਲੇ) ਸਬਦ ਗੁਰੂਤਵ ਪਦ ਨਾਲ ਆਇਆ ਹੈ।
* ਤੇ ਉਦਾਸੀਆਂ ਜਾਂ ਸਫਰ ਬੰਗਾਲ ਪ੍ਰਾਂਤ ਦਾ ਹੋਰ ਵੀ ਸਫਰ ਦੂਜੀ ਥਾਂ ਕਰਰਹ ਹਨ।
* ਅਵਤਾਰ ਧਾਰਨਾਂ ੫ ਵੈਸਾਖ ਸੰਮਤ ੧੬੭੮ (੧ ਅਪ੍ਰੈਲ ਸੰਨ -੧੬੨੧ ਤੇ ਸਹੀਦੀ ਦਿਲੀ ਚਾਂਦਨੀ ਚੌਂਕ ੧੧ ਨਵੰਬਰ ਸੰਨ ੧੬੭੫ ਇਹ ਹੈ ਭਗਤੀ ਸੰਕਲਪ ਦਾ ਸਾਰ।

ਸ੍ਰੀ ਗੁਰੂ ਤੇਗ ਬਹਾਦਰ ਤੇ ਬਾਦਸ਼ਾਹ ਔਰੰਗਜੇਬ

ਦੇ ਸਵਾਲ—ਜਵਾਬ

ਵਲੋਂ- ਅਮਰ ਭਗਵੰਤ ਸਿੰਘ (ਲੂਲੋਂ)

ਔਰੰਗਜ਼ੇਬ ਕਹਿੰਦਾ ਨਾਵੇਂ ਪਾਤਸ਼ਾਹ ਨੂੰ ਤਿਨਾਂ ਸ਼ਰਤਾ ਚੋਂ ਇਕ ਪ੍ਰਵਾਨ ਕਰਲੋ
ਭਾਵੇਂ ਕਰੋ ਕਬੂਲ ਇਸਲਾਮ ਤਾਈਂ ਦੁਨੀਆ ਵਿਚ ਵੱਡੀ ਆਪਨੀ ਸ਼ਾਨ ਕਰਲੋ
ਕਰਾਮਾਤ ਦਸੋ ਨਹੀਂ ਤਾਂ ਜੋ ਆਖਾਂ ਰਾਮਰਾਇ ਵਾਂਗੂ ਫੁਰਮਾਨ ਕਰਲੋ
ਨਹੀ ਤਾਂ ਮੌਤ ਦੇ ਲਈ ਤਿਆਰ ਹੋਵੋ, ਗਲਾ ਮੇਰੀਆਂ ਵਲ ਧਿਆਨ ਕਰਲੋ ।

ਗੁਰੂ ਜੀ :—

ਕਹਿਆ ਗੁਰੂ ਨਾਵੇਂ ਸੁਣ ਬਾਦਸ਼ਾਹ ਕਿਸੇ ਸ਼ਰਤ ਤੇ ਧਰਮ ਨ ਛਡਨਾ ਮੈ
ਕਿਸੇ ਰੋਅਬ ਹੇਠਾਂ ਕਰਾਮਾਤ ਵਾਲਾ ਹਲ ਦੇਹ ਲਈ ਮੂਲ ਨ ਕਢਨਾ ਮੈ
ਤੀਜੀ ਸ਼ਰਤ ਦੇ ਲਈ ਮੈ ਹਾਂ ਆਇਆ, ਝੰਡਾ ਧਰਮ ਦਾ ਸੀਸ ਤੇ ਗਡਨਾ ਮੈ
ਬਲੀਦਾਨ ਦੀ ਤੇਗ ਨਾਲ ਵਾਰ ਕਰਕੇ ਬ੍ਰਿਖ ਜ਼ੁਲਮ ਵਾਲਾ ਤੇਰਾ ਵਢਨਾ ਮੈ

ਬਾਦਸ਼ਾਹ :—

ਔਰੰਗ ਜ਼ੇਬ ਸੁਣ ਗੁਰਾਂ ਦੇ ਵਾਕ ਐਸੇ ਮਨ ਆਪਣੇ ਵਿਚ ਘਬਰਾਨ ਲਗਾ
ਸਦਕੇ ਕਾਜੀਆਂ ਅਤੇ ਮੁਲਾਣਿਆਂ ਨੂੰ ਫਤਵੇ ਸ਼ਰਾਅ ਦੇ ਕਈ ਕਢਵਾਨ ਲਗਾ
ਮਤੀ ਦਾਸ ਤੇ ਦਿਆਲਾ ਸ਼ਹੀਦ ਕਰਕੇ ਰੋਅਬ ਆਪਣਾ ਖੂਬ ਵਿਖਾਨ ਲਗਾ
ਭਗਵੰਤ ਗਈ ਨ ਪੇਸ਼ ਜਦ ਮੂਲ ਉਸਦੀ ਕਤਲ ਗੁਰੂ ਕਾ ਸੀਸ ਕਰਵਾਣ ਲਗਾ ।

ਦੋ ਰੁਬਾਈਆਂ :—

ਵਲੋਂ-ਸ਼ੰਗਾਰਾ ਸਿੰਘ (ਧਰਮ ਪੁਰਾ) "ਸਿਰਸਾ"

ਜਿਸ ਗੁਰ ਨੂੰ ਕਿਸੇ ਜਿਥੇ ਸ਼ਿਮਰਿਆ ਡਿਠਾ ਹਾਜਰ ਨਾਜਰ
ਜਿਸ ਸਤਿਗੁਰੂ ਨੂੰ ਆਖਿਆ ਜਾਂਦਾ ਹਿੰਦ ਧਰਮ ਦੀ ਚਾਦਰ
ਨੌ ਨਿਧਾਂ ਤੇ ਅਠਾਰਾਂ ਸਿਧਾਂ ਜਿਸ ਸਤਿਗੁਰ ਦੀ ਚਰਨੀ
ਨੌਵਾਂ ਪਾਤਸ਼ਾਂਹ ਉਹ 'ਸ਼ੰਗਾਰ' ਹੈ ਸ੍ਰੀ ਗੁਰੂ ਤੇਗ ਬਹਾਦਰ

ਲੋਕੀ ਕਮਲੇ ਜਿਸ ਵਿਅਕਤੀ ਨੂੰ ਤੇਗਾ ਕਮਲਾ ਕਹਿੰਦੇ
ਸਿਮਰਨ ਭਗਤੀ ਤਿਆਗ ਵੈਰਾਗ ਵਿਚ ਲੀਨ ਸਦਾ ਜੋ ਰਹਿੰਦੇ
ਛਬੀ ਵਰ੍ਹੇ ਤਪਸਯਾ ਕੀਤੀ ਜਿਨ੍ਹਾਂ ਨੇ ਬੈਠ ਬਕਾਲੇ
ਨਾਲ ਸਮੇਂ ਗੁਰੂ ਤੇਗ ਬਹਾਦਰ ਬਣ ਗੁਰੂ ਗੱਦੀ ਬਹਿੰਦੇ

ਗੁਰ ਦਰਸ਼ਨ ਦੀ ਖਿੱਚ

ਵਲੋਂ—ਮਾਸਟਰ ਹਰਸਾ ਸਿੰਘ'ਬਾਠ'ਪਿੰਡ ਨਾਰਲੀ ਹਾਲ ਸ੍ਰੀ ਜੀਵਨ ਨਗਰ

ਅੱਠਵੇਂ ਗੁਰੂ ਹਰਿ ਕ੍ਰਿਸ਼ਨ ਜੀ ਵਿਚ ਦਿਲੀ,ਜੋਤੀ ਜੋਤ ਸਨ ਜਦੋਂ ਸਮਾਉਣ ਲਗੇ।
'ਗਰੰਥ'ਸਾਹਿਬ ਨੂੰ ਮੰਨਿਉ ਗੁਰੂ ਅਗੋਂ,ਸੱਦ ਸਿਖਾਂ ਨੂੰ ਪਾਸ,ਸਮਝਾਉਣ ਲੱਗੇ।
ਸਿੱਖਾਂ ਆਖਿਆ,ਸਾਨੂੰ ਮਨਜੂਰ ਨਾਹੀ,ਰੀਤ ਨਵੀਂ ਹੀ ਤੁਸੀਂ ਚਲਾਉਣ ਲੱਗੇ।
ਜਗਦੀ ਜੋਤ ਤੋਂ ਜੋਤ,ਜੋ ਚਲੀ ਆ ਰਹੀ,ਓਸ ਜੋਤ ਨੂੰ ਤੁਸੀਂ ਬੁਝਾਉਣ ਲੱਗੇ।
ਗੁਰਾਂ ਹੱਸ ਕੇ ਕਿਹਾ, "ਹੋ ਧੰਨ ਸਿਖੋ, ਬਾਬਾ ਅਹਿ ਬਕਾਲੇ ਦੇ ਵਿਚ ਹੋਵੇ।
ਨੌ ਨਿਧਾਂ ਘਰ ਉਸ ਦੇ ਧਾਈ ਕਰਸਨ, ਜਿਸ ਨੂੰ ਗੁਰੂ ਦੇ ਦਰਸ ਦੀ ਖਿਚ ਹੋਵੇ।"

ਡਾਹ ਕੇ ਵਿਚ ਬਕਾਲੇ ਦੇ ਬਾਈ ਮੰਜੇ, ਬਾਈ ਗੁਰੂ ਬਣਕੇ ,ਸੋਢੀ ਬਹਿ ਗਏ ਸਨ।
ਆਪੋ ਅਪਣਾ ਲੱਗੇ ਪ੍ਰਚਾਰ ਕਰਨੇ, 'ਗੁਰੂ''ਗੁਰੂ ਜੀ' ਮੈਨੂੰ ਹੀ ਕਹਿ ਗਏ ਸਨ।
ਭੋਲੇ,ਭਾਲਿਆਂ ਸਿਖਾਂ ਨੂੰ ਲੱਗੇ ਲਟਣ, ਸੱਭ ਸ਼ਰਮ ਹਯਾ ਜੋ ਲਹਿ ਗਏ ਸਨ।
ਅਸਲ ਗੁਰੂ, ਜੋ ਗੱਦੀ ਦੇ ਸਨ ਮਾਲਕ, ਕੌਤਕ ਰਚ ਕੇ,ਭੋਰੇ ਵਿਚ ਬਹਿ ਗਏ ਸਨ।
ਗੁਰੂ ਛੁਪਿਆ ਕਦੇ ਨਹੀਂ ਰਹਿ ਸਕਦਾ,ਸੁਰਤੀ ਸਿੱਖ ਦੀ ਜੇ ਗੁਰੂ ਵਿਚ ਹੋਵੇ।
ਨੌ ਨਿਧਾਂ ਘਰ ਉਸ ਦੇ ਧਾਈ ਕਰਸਨ, ਜਿਸ ਨੂੰ ਗੁਰ ਦੇ ਦਰਸ ਦੀ ਖਿੱਚ ਹੋਵੇ।

ਮੱਖਣ ਸ਼ਾਹ ਲੁਬਾਣੇ ਦੀ ਸੁਣੋ ਸਾਖੀ, ਕਰਦਾ ਇਹ ਬਿਉਪਾਰ ਦੀ ਕਾਰ ਹੈ ਸੀ।
ਸੌਦਾ ਲੱਦ ਕੇ ਵਿਚ ਜਹਾਜ ਦੇ ਜੀ,ਜਾਂਦਾ ਇਹ ਸਮੁੰਦਰੋਂ ਪਾਰ ਹੈ ਸੀ।
ਇਕ ਦਿਨ ਸੀ,ਐਸਾ ਤੂਫਾਨ ਆਇਆ, ਬੇੜਾ ਡੋਲਿਆਂ ਵਿਚ ਮੰਝਧਾਰ ਹੈ ਸੀ।
ਮੋਹਰਾਂ ਪੰਜ ਸੌ ਸੁਖੀਆਂ ਗੁਰੂ ਘਰ ਲਈ, ਸ਼ਰਧਾ ਗੁਰਾਂ ਤੇ ਇਹਨੂੰ ਅਪਾਰ ਹੈ ਸੀ।
ਗੁਰੂ ਸੋਚਿਆ ਸਿੱਖ ਦਾ ਸਿਦਕ ਸਚਾ,ਬੇੜਾ ਬੰਨੇ ਨਾਂ ਲਾਇਆਂ ਤਾਂ ਜਿੱਚ ਹੋਵੇ।
ਨੌ ਨਿੱਧਾਂ ਘਰ ਉਸ ਦ ਧਾਈ ਕਰਸਨ,ਜਿਸ ਨੂੰ ਗੁਰੂ ਦੇ ਦਰਸ ਦੀ ਖਿੱਚ ਹੋਵੇ।

ਮਖਣ ਸ਼ਾਹ ਹੁਣ ਕਰਕੇ ਧਾਈ ਲੰਮੀ, ਮੋਹਰਾਂ ਗੁਰਾਂ ਦੀ ਭੇਟ ਚੜ੍ਹਾਉਣ ਆਇਆ!
ਪਹੁੰਚਾ ਵਿਚ ਬਕਾਲੇਦੇ ਬਹੁਤ ਜਲਦੀ, ਬਾਈਆ ਗੁਰਾਂਨੂੰ ਮਨੋ ਅਜਮਾਉਣ ਆਇਆ!
ਬਾਈਆਂ ਗੁਰੂਆਂ ਦਾ ਇਕ ਇਕਚੇਲਾ,ਵਾਰੀ ੨ ਸੀ ਉਹਨੂੰ ਬੁਲਾਉਣ ਆਇਆ!
ਬਾਈ ਗੁਰੂ ਸਨ ਸਿਖ ਭੁਚਲਾ ਰਹੇ,ਝੂਠੇ ਗੁਰੂਆਂ ਨੂੰ ਸਿਖ ਭੁਚਲਾਉਣ ਆਇਆ!
ਮੋਹਰਾਂ ਪੰਜ ਸੌ ਮੂਹੋਂ ਓ ਮੰਗ ਲੈਸੀ,ਅਸਲ ਗੁਰੂ ਜੋ ਇਹਨਾਂ ਦੇ ਵਿਚ ਹੋਵੇ!
ਨੌ ਨਿੱਧਾਂ ਘਰ ਓਸ ਦੇ ਧਾਈ ਕਰਸਨ, ਜਿਸ ਨੂੰ ਗੁਰੂ ਦੇ ਦਰਸ ਦੀ ਖਿੱਚ ਹੋਵੇ!

ਮੋਹਰਾਂ ਪੰਜ ਪੰਜ ਸੱਭ ਨੂੰ ਟੇਕ ਮਥਾ, ਮਖਣ ਸ਼ਾਹ ਦਾ ਦਿਲ ਨਾਂ ਮੰਨਿਆਂ ਏ!
ਅਸਲ ਗੁਰੂ ਨਹੀਂ ਇਹਨਾਂ ਦੇ ਵਿਚ ਕੋਈ,ਸਾਰੀ ਸ੍ਰਿਸਟੀ ਨੂੰ ਜਿਸਨੇ ਥੰਮਿਆ ਏ!
ਕੋਈ ਹੋਰ ਵੀ ਗੁਰੂ ਦੀ ਅੰਸ ਏਥੇ? ਜਿਸ ਨੇ ਕਿਬਰ ਹੰਕਾਰ ਨੂੰ ਭੰਨਿਆ ਏ!
ਕਿਸੇ ਕਿਹਾ ਕਿ ਤੇਗਾ ਹੈ ਇਕ ਕਮਲਾ,ਜਿਸ ਨੂੰ ਕੋਈ ਵੀ ਨਹੀਂ ਤਮੰਨਿਆ ਏ।
ਮਨਾਂ ਚਲ ਹੁਣ ਉਹ ਵੀ ਅਜਮਾ ਲਈਏ, ਮੋਹਰਾਂ ਮੰਗ ਲਊ ਸ਼ਕਤੀ ਜੇਵਿੱਚ ਹੋਵੇ!
ਨੌ ਨਿਧਾਂ ਘਰ ਓਸਦੇ ਧਾਈ ਕਰਸਨ, ਜਿਸ ਨੂੰ ਗੁਰੂ ਦੇ ਦਰਸ ਦੀ ਖਿਚ ਹੋਵੇ

ਮਖਣ ਸ਼ਾਹ ਹੁਣ ਭੋਰੇ ਦੇ ਵਿਚ ਜਾ ਕੇ, ਦਰਸ਼ਨ ਗੁਰਾਂ ਦਾ ਕਰ ਨਿਹਾਲ ਹੋਇਆ!
ਗੁਰਾਂ ਹਸ ਕੇ ਕਿਹਾ ਓਏ ਆਸਿਖਾ, ਮੋਢਾ ਵੇਖ ਤੂੰ ਸਾਡਾ ਕੀ ਹਾਲ ਹੋਇਆ।
ਮੋਹਰਾਂ ਪੰਜ ਸੌ ਸਾਡੀਆਂ ਰਖ ਏਥੈਸੁੱਖ ਸੁੱਖੀ ਜੋ,ਜਦੋਂ ਬੇਹਾਲ ਹੋਇਆ!
ਬੇੜਾ ਬੰਨੇ ਸੀ;ਡੁਬਦਾ ਅਸਾਂ ਲਾਇਆ, ਤੇਰਾ ਹੋਰਨਾਂ ਵਲ ਖਿਆਲ ਹੋਇਆ!
ਮੱਖਣ ਟੇਕ ਮਥਾ ਕਿਹਾ ਚੜ ਕੋਠੇ, ਗੁਰੂ ਲਾਧੋ ਰੇ ਜੋ ਭੋਰੇ ਵਿਚ
ਨੌ ਨਿਧਾਂ ਘਰ ਓਸ ਦੇ ਧਾਈਂ ਕਰਸਨ, ਜਿਸਨੂੰ ਗੁਰੂ ਦੇ ਦਰਸ਼ਨ ਦੀ ਖਿੱਚ ਹੋਵੇ।

ਨੌਵੇਂ ਗੁਰੂ ਦੀ ਤੀਜੀ ਸ਼ਤਾਬਦੀ ਇਹ, ਜਿਸ ਨੇ ਧਰਮ ਤੋਂ ਸੀਸ ਕੁਰਬਾਨ ਕੀਤਾ!
ਜੜ੍ਹ ਜ਼ੁਲਮ ਦੀ ਜੜ੍ਹਾਂ ਤੋਂ ਪੁਟਣੇ ਲਈ, ਦਿੱਲੀ ਵਲ ਸੀ ਜਿਸ ਧਿਆਨ ਕੀਤਾ।
ਹੈ ਹੈ ਸੀ ਜਗਤ ਦੇ ਵਿਚ ਹੋਇਆ, ਜੈ ਜੈ ਸੁਰਲੋਕ ਬਿਆਨ ਕੀਤਾ।
ਜਿਸ ਦੀ ਅੰਸ ਨੇ ਵਾਰ ਸਰਬੰਸ ਸਾਰਾ, ਹਿੰਦੂ ਧਰਮ ਦਾਸੀ ਕਲਿਆਨ ਕੀਤਾ।
'ਬਾਠ' ਕਹੋ ਸਾਰੇ ਧੰਨ ਗੁਰੁ ਨੌਵੇਂ, ਮੁਕਤੀ ਤੁਸਾਂ ਦੀ ਪਲਾਂ ਦੇ ਵਿਚ ਹੋਵੇ
ਨੌ ਨਿਧਾਂ ਘਰ ਓਸਦੇ ਧਾਂਈ ਕਰਸਨ, ਜਿਸ ਨੂੰ ਗੁਰੂ ਦੇ ਦਰਸਨ ਦੀ ਖਿੱਚ ਹੋਵੇ।

:—:o:—:

ਰੁਬਾਈ

ਜਿਸ ਸਤਿਗੁਰੂ ਨੇ ਧਰਮ ਦੇਸ਼ ਲਈ ਪ੍ਰਾਨ ਆਪਨੇ ਵਾਰੇ
ਮਖਣ ਸ਼ਾਹ ਜਿਹੇ ਕਈ ਸਿਖਾਂ ਦੇ ਡੁਬਦੇ ਬੇੜੇ ਤਾਰੇ
ਸਾਹਿਬ ਜਾਦਾ ਦਸਮ ਗੁਰੂ ਜਿਹਾ ਜਿਸਦੇ ਘਰ ਸੀ ਹੋਇਆ
ਉਸ ਗੁਰੂ ਤੇਗ ਬਹਾਦਰ ਤੋਂ ਮੈ ਜਾਵਾਂ ਸਦ ਬਲਿਹਾਰੇ

ਸੰਤ ਕਰਮ ਸਿੰਘ ਜੀ 'ਜੋਗੀ'

ਗੁਰੂ ਤੇਗ ਬਹਾਦਰ ਜੀ ਦੀ

ਸ਼ਹਾਦਤ ਦਾ ਕਾਰਨ !

—ਬੂਟਾ ਸਿੰਘ ਜੀ ਐਮ. ਏ. ਦਿਲੀ

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੀ ਹਰ ਕੜੀ ਦੁਖਾਂਤ ਭਰਪੂਰ ਹੈ,ਜਿਸਨੂੰ ਉਸ ਬਲਵਾਨ ਆਤਮਾ ਨੇ ਖਿੜੇ ਮਥੇ ਪਰਵਾਨ ਕੀਤਾ ਤੇ ਰਬੀ ਰਜਾ ਵਿਚ ਸ਼ਾਕਰ ਰਹਿਕੇ ਹਰ ਔਂਦੀ ਔਕੜ ਨੂੰ ਜੀ ਆਇਆ ਕਿਹਾ। ਉਹਨਾਂ ਉਤੇ ਆਈ ਹਰ ਔਕੜ ਨੂੰ ਸੰਹਾਰਕ ਜੀਵ ਦੁਖਾਂਤ ਦੇ ਸ਼ਬਦਾਂ ਨਾਲ ਯਾਦ ਕਰ ਸਕਦਾ ਹੈ,ਪਰ ਉਹਨਾਂ ਲਈ ਇਹ ਇਕ ਖੇਡ ਸੀ,ਜਿਸਨੂੰ ਪੂਰਨ ਤੌਰ ਉਤੇ ਕਾਮਯਾਬ ਕਰਨ ਲਈ ਅਕਾਲ ਪੁਰਖ ਨੇ ਗੁਰੂ ਤੇਗ ਬਹਾਦਰ ਜੀ ਨੂੰ ਸੰਸਾਰ ਵਿਚ ਭੇਜਿਆ। ਉਹਨਾਂ ਦਾ ਚੁਕਿਆ ਹਰ ਕਦਮ ਮਨੁਖ ਲਈ ਆਤਮਕ ਬਲ ਦੇਣ ਵਾਲਾ ਸ਼ਹਾਰਾ ਹੀ ਨਹੀ ਸਗੋਂ ਨਵੀ ਸ਼ਾਹ ਰਾਹ ਵਖਾਉਣ ਵਾਲਾ ਚਾਨਣ ਮੁਨਾਰਾ ਹੈ। ਗੁਰੂ ਤੇਗ ਬਹਾਦਰ ਜੀ ਨੇ ਕਿਸੇ ਵੀ ਆਈ ਔਕੜ ਉਤੇ ਸ਼ਕਾਇਤ ਨਹੀਂ ਕੀਤੀ ਸਗੋਂ ਆਪਣੇ ਤਨ ਦਾ ਇਕ ਇਕ ਲਹੂ ਦਾ ਟੇਪਾ ਗੁਲਾਮ ਕੌਮ ਨੂੰ ਆਜ਼ਾਦ ਕਰਾਉਣ ਲਈ ਲੇਖੇ ਲਾ ਦਿਤਾ ਗੁਰੂ ਤੇਗ ਬਹਾਦਰ ਜੀ ਜਿਥੋਂ ਜਿਥੋਂ ਲੰਘਦੇ ਗਏ ਨਵੀ ਜੋਤ ਦਾ ਪਰਕਾਸ਼ ਕਰਦੇ ਗਏ ਨਾ ਰਾਮ ਰਾਏ ਨਾਂ ਧੀਰ ਮਲ ਤੇ ਨਾ ਹੀ ਸ਼ੋਹਨ ਸ਼ਾਹ ਔਰੰਗਜ਼ੇਬ ਦੀਆ ਫੂਕਾਂ ਇਸ ਇਲਹੀ ਜੋਤ ਨੂੰ ਬੁਝਾ ਸਕੀਆਂ।

ਸ੍ਰੀ ਗੁਰੂ ਤੇਗ ਬਹਾਦਰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰ ਗੋਬਿੰਦ ਜੀ ਦੇ ਸਭ ਤੋਂ ਛੋਟੇ ਸਾਹਬ ਜਾਦੇ ਸਨ ਤੇ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਸ੍ਰੀ ਗੁਰੂ ਹਰ ਗੁਬਿੰਦ ਸਾਹਿਬ ਦੇ ਪੋਤਰਿਆਂ ਦੀ ਥਾਂਵ ਸਨ।

ਗੁਰੂ ਹਰ ਗੋਬਿੰਦ ਜੀ ਦੇ ਵਡੇ ਸਾਹਿਬ ਜ਼ਾਦੇ ਬਾਬਾ ਗੁਰਦਿਤਾ ਜੀ ਦੇ ਦੋ ਪੁਤਰ ਸ੍ਰੀ ਹਰ ਕ੍ਰਿਸ਼ਨ ਜੀ ਤੇ ਧੀਰ ਮਲ ਸ੍ਰੀ ਗੁਰੂ ਤੇਗ ਬਹਾਦਰ ਤੋਂ ਵਡੇ ਸਨ। ਤੇ ਗੁਰੂ ਤੇਗ ਬਹਾਦਰ ਜੀ ਦੇ ਜਨਮ ਤੋਂ ਹੀ ਧੀਰ ਮਲ ਵਰਗਾ ਈਰਖਾਲੂ ਸਰਦਸੀ ਨਾਲ ਹੋ ਤੁਰਿਆ ਉਸਨੂੰ ਗੁਰੂ ਤੇਗ ਬਹਾਦਰ ਇਕ ਅਖ ਨਹੀਂ ਸਨ ਭਾਉਂਦੇ।

ਗੁਰੂ ਤੇਗ ਬਹਾਦਰ ਜੀ ਦਾਂ ਜਨਮ ਐਤਵਾਰ ਸੰਮਤ ੧੬੭੮ (੧੬੨੨ ਈਸਵੀ ਨੂੰ ਅੰਮ੍ਰਿਤਸਰ ਮਾਤਾ ਨਾਨਕੀ ਜੀ ਦੀ ਕੁਖੋਂ ਹੋਇਆ। ਜਦ ਇਹ ਖਬਰ ਗੁਰੂ ਹਰ ਗੋਬਿੰਦ ਸਾਹਿਬ ਨੂੰ ਮਿਲੀ ਤਾਂ ਉਹ ਆਪਣੇ ਨਾਲ ਹੋਰ ਪੰਜ ਸਿਖ ਲੈ ਕੇ ਨਵ ਜਨਮੇ ਬਾਲਕ ਦੇ ਦਰਸਨ ਕਰਨ ਆਏ। ਉਹ ਜਾਣਦੇ ਸਨ, ਕਿ ਉਹਨਾਂ ਦਾ ਇਹ ਸਪੁਤਰ ਔਣ ਵਾਲੇ ਯੁਗ ਦਾ ਹੀ ਨਹੀਂ ਰਹਿੰਦੀ ਦੁਨੀਆ ਦਾ ਬਲਵਾਨ ਪੁਰਸ਼ ਹੋਵੇ ਗਾ ਏਸੇ ਹੀ ਆਦਰਸ ਨੂੰ ਮੁਖ ਰਖਦਿਆਂ ਆਪ ਜੀ ਨੇ ਨਵ ਜਨਮੇ ਬਾਲਕ ਦਾ ਨਾਂ ਤੇਗ ਬਹਾਦਰ ਰਖਿਆ ਉਹ ਜਾਣਦੇ ਸਨ ਕਿ ਅਕਾਲ ਪੁਰਖ ਨੇ ਇਸ ਨੂੰ ਤਗਾਂ ਦ ਮੂੰਹ ਮੋੜਨ ਵਾਸਤੇ ਹੀ ਭੇਜਿਆ ਹੈ ਮਾਤਾ ਨਾਨਕ ਤੇਗ-

ਬਹਾਦਰ ਸ਼ਬਦ ਸੁਣਕੇ ਕੁਝ ਸੋਚਾਂ ਵਿਚ ਪੈ ਗਈ ਇਹ ਤਕ ਗੁਰੂ ਜੀ ਨੇ ਫੁਰਮਾਇਆ, ਤੂੰ ਨਹੀਂ ਜਾਣਦੀ ਇਹ ਕੌਣ ਹੈ ਤੇ ਇਸ ਨੇ ਕੀ ਕੀ ਚਮਤ-ਕਾਰ ਵਖਾਉਣੇ ਹਨ,ਜਿਨਾਂ ਨੂੰ ਵੇਖ ਦੁਨੀਆ ਦੀਆਂ ਅਖਾਂ ਚੁਕੀਆਂ ਜਾਣਗੀਆਂ ?

ਇਹ ਕਿਹਾ ਜਾਂਦਾ ਹੈ,ਕਿ ਬਾਬਾ ਗੁਰਦਿਤਾ ਸੂਰਜ ਮਲ,ਅਨੀ ਰਾਇ ਤੇ ਬਾਬਾ ਅਟੱਲ ਰਾਏ ਘਰ ਅਤੇ ਗੁਰੂ ਦੇ ਦਰਬਾਰ ਦੀਆਂ ਸੇਵਾਵਾਂ ਵਿਚ ਰੁਝੇ ਰਹਿੰਦੇ,ਪਰ ਤੇਗ ਬਹਾਦਰ ਆਪਣੇ ਭਰਾਵਾਂ ਤੋਂ ਵਖਰਾ ਵਖਰਾ ਤੇ ਚੁਪ ਬੈਠਾ ਰਹਿੰਦਾ। ਤੇ ਡੂੰਘੀਆਂ ਸੋਚਾਂ ਵਿਚ ਪਿਆ ਰਹਿੰਦਾ। ਮਾਤਾ ਨਾਨਕੀ ਜੀ ਸੋਚਦੇ,ਤੇਗ ਬਹਾਦਰ ਸਾਧੂ ਪੁਤਰ ਹੈ। ਤੇ ਪਤਾ ਨਹੀਂ ਕੀ ਸੋਚਦਾ ਰਹਿੰਦਾ ਹੈ-ਤੇਗਬਹਾਦਰ ਦੀ ਚੁਪ ਨੇ ਮਾਂ ਨੂੰ ਪੁਤਰ ਦੇ ਹੋਰ ਨੇੜੇ ਕਰ ਦਿਤਾ ਤੇ ਦੂਜੇ ਪੁਤਰਾਂ ਨਾਲੋਂ ਜਿਆਦਾ ਪਿਆਰ ਕਰਨ ਲਗ ਪਈ।

ਜਦ ਗੁਰੂ ਹਰਗੋਬਿੰਦ ਸਾਹਿਬ ਨੇ, ਬਾਬਾ ਗੁਰਦਿਤਾ ਜੀ ਦੇ ਪੁਤਰ ਹਰ ਰਾਇ ਨੂੰ ਗੁਰ ਗਦੀ ਦਾ ਜਾਂ ਨਸ਼ੀਨ ਨੀਯਤ ਕੀਤਾ ਤਾਂ ਮਾਤਾ ਨਾਨਕੀ ਜੀ ਨੇ ਗਲੇਡੂ ਭਰਦਿਆਂ ਕਿਹਾ ਮੇਰੇ ਤੇਗ ਬਹਾ-ਦਰ ਦਾ ਕੀ ਬਣੇਗਾ ? ਤਾਂ ਗੁਰੂ ਹਰ ਗੋਬਿੰਦ ਜੀ ਨੇ ਫਰਮਾਇਆ ਅਜ ਵੇਲਾ ਨਹੀ ਆਇਆ ਇਹ ਗਲ ਸੁਣ,ਮਾਤਾ ਨਾਨਕੀ ਗੰਭੀਰ ਹੋ ਗਈ ਤੇ ਓਹਨਾਂ ਆਪਣੀ ਗਲ ਫਿਰ ਦੁਹਰਾਈ,ਜਿਸ ਨੂੰ ਸੁਣ ਕੇ ਗੁਰੂ ਹਰ ਗੁਬਿੰਦ ਜੀ ਨੇ ਗੁਸੇ ਨਾਲ ਮਾਤਾ ਨਾਨਕੀ ਜੀ ਵਲ ਆਪਣਾ ਰੁਮਾਲ ਸੁਟਦਿਆਂ ਕਿਹਾ,ਅਜੇ ਵੇਲਾ ਨਹੀ ਆਇਆ।

ਮਾਤਾ ਨਾਨਕੀ ਜੀ ਸਮਝਦੇ ਸਨ ਕਿ ਉਹਨਾਂ ਦੇ ਬਾਕੀ ਪੁਤਰ ਅਤੇ ਪੋਤਰੇ ਹੁਸ਼ਿਆਰ ਹਨ। ਤੇ ਇਸ ਦਰਵੇਸ ਦਾ ਕੌਣ ਹੈ,ਜਿਸ ਨੂੰ ਪ੍ਰਸਾਦ ਛਕਣ ਲਈ ਵੀ ਕੋਈ ਨਹੀਂ ਪੁਛਦਾ। ਇਹ ਜਿਥੇ ਬੈਠ ਜਾਏ ਬੈਠਾ ਹੀ ਰਹਿੰਦਾ ਹੈ। ਕਿਸੇ ਕੁਝ ਖਾਣਲਈ ਦੇ ਦਿਤਾ ਤਾ ਖਾ ਲਿਆ ਨਹੀਂ ਤਾਂ ਫਿਰ ਸੋਚਾਂ ਵਿਚ ਪਏ ਰਹੇ।

ਮਾਂ ਨੂੰ ਪਤਾ ਨਹੀ ਸੀ ਕਿ ਉਸਦਾ ਦਰਵੇਸ ਪੁਤਰ (ਤੇਗ ਬਹਾਦਰ) ਔਣ ਵਾਲੇ ਯੁਗ ਦੇ ਇਨ-ਕਲਾ ਬਾਤ ਸੋਚਦਾ ਰਹਿੰਦਾ ਹੈ।

ਸਮਾ ਲੰਘਦਾ ਗਿਆ। ਸ੍ਰੀ ਗੁਰੂ ਹਰ ਰਾਏ ਸਾਹਿਬ ਆਪਣੇ ਛੋਟੇ ਤੇ ਬਾਲੜੀ ਉਮਰ ਦੇ ਪੁਤਰ ਗੁਰੂ ਹਰ ਕ੍ਰਿਸ਼ਨ ਜੀ ਨੂੰ ਗੁਰੂ ਨਾਨਕ ਦੀ ਗਦੀ ਸੌਂਪ ਆਪ ਚਲ਼ਦੇ ਹੋਏ।

ਗੁਰੂ ਹਰ ਕ੍ਰਿਸ਼ਨ ਜੀ ਦੇ ਗਦੀ ਨਸ਼ੀਨੀ ਨੇ ਗੁਰੂ ਘਰ ਦੇ ਹੋਰ ਕਈ ਦੋਖੀ ਪੈਦਾ ਕਰ ਦਿਤੇ। ਪਹਿਲਾਂ ਤਾ ਧੀਰ ਮਲ ਹੀ ਮਾਣ ਨਹੀ ਸੀ,ਹੁਣ ਰਾਮ ਰਾਏ ਨੇ ਵੀ ਤੂਫਾਨ ਪੈਦਾ ਕਰ ਦਿਤਾ। ਤੇ ਹਰ ਪਾਸੇ ਗੁਰੂ ਗਦੀ ਦੇ ਕਈ ਦਾਅਵੇ ਦਾਰ ਪੈਦਾ ਹੋਗਏ। ਤੇ ਓਹ ਆਪਣੇ ਹਕਦੀ ਰਾਖੀ ਲਈ ਦਿਲੀ ਦੇ ਬਾਦਸ਼ਾਹ ਤੇ ਸਰਹੰਦ ਦੇ ਗਵਰਨਰ ਤਕ ਜਾ ਪਹੁੰਚੇ, ਪਰ ਗੁਰੂ ਨਾਨਕ ਦੀ ਗੱਦੀ ਕਿਸੇ ਹੁਕਮ ਰਾਨ ਦੀ ਬਖਸ਼ਸ ਨਹੀ ਸੀ, ਸਾਬਤ ਹੋ ਸਕਦੀ।

ਗੁਰੂ ਹਰ ਕ੍ਰਿਸ਼ਨ ਜੀ ਨੂੰ ਰਾਮ ਰਾਏ ਦੀ ਸਖਾਵਤ ਉਤੇ ਦਿਲੀ ਦੇ ਬਾਦਸ਼ਾਹ ਨੇ ਸਦ ਭੇਜਿਆ ਪਰ ਉਹ ਦਿਲੀ ਆ ਕੇ ਵਾਪਸ ਨਾ ਮੁੜੇ,ਤੇ ਸੀਤਲਾ ਨਿਕਲਨ ਦੇ ਕਾਰਨ,ਉਹ ਗੁਰੂ ਨਾਨਕ ਜੀ ਕੋਲ ਜਾ ਪਹੁੰਚੇ,ਤੇ ਜਦ ਸਿਖਾਂ ਪੁਛ ਕੀਤੀ ਪਾਤਸ਼ਾਹ ਹੁਣ ਸਾਡਾ ਰਾਖਾ ਕੌਣ ਹੈ ਤਾਂ ਫਰਮਾਇਆ "ਬਾਬਾ ਬਕਾਲੇ।

ਗੁਰੂ ਹਰ ਕ੍ਰਿਸ਼ਨ ਜੀ ਦੇ ਇਨਾਂ ਸ਼ਬਦਾਂ ਦੇ ਨਾਲ, ਗੱਦੀ ਦੇ ਕਈ ਦਾਅਵੇਦਾਰ ਬਣ ਬੈਠੇ ਸੋਢੀਆਂ ਨੇ ਬਕਾਲੇ ਵਿਚ ਥਾਂ ਥਾਂ ਉਸੇ ਗੁਰ ਗਦੀ ਦੇ ਮੰਜੇ ਵਿਛਾ ਲਏ। ਰਾਮ ਰਾਏ ਤੇ ਧੀਰ ਮਲੀਆਂ ਦੀਆ ਕਰਤੂਤਾਂ ਬਕਾਲੇ ਵਿਚ ਊਧਮ ਮਚਾਦਿਤਾ ਬਕਾਲੇ ਵਿਚ ਸਭ ਗੁਰੂ ਸਨ,ਅਤੇ ਆਈਆਂ ਸੰਗਤਾਂ ਦੇ ਕਪੜੇ ਉਤਾਰਨੇ ਉਹਨਾਂ ਦਾ ਕੰਮ ਸੀ। ਪਰ ਉਸ ਮਹਾਨ ਤਪਸਵੀ ਦੇ ਤਪ ਤੇਜ ਨੂੰ ਕਦ ਤਕ ਝੂਠੇ ਲੋਕੇ ਤੰਬੂ ਤਾਣ ਤਾਣਕੇ ਡਕੀ ਰਖਦੇ।

ਆਖਿਰ ਮਖਣ ਸ਼ਾਹ ਲੁਬਾਣੇ ਨੇ ਝੂਠੇ ਪਾਏ ਪਰਦਿਆਂ ਨੂੰ ਇਕ ਪਾਸੇ ਸੁਟ, ਗੁਰੂ ਲਾਧੋ

ਗੁਰੂ ਲਾਧੋ ਦੀ ਦੁਹਾਈ ਪਾ ਦਿਤੀ। ਪਰ ਧੀਰ ਮਲੀਏ ਤੇ ਰਾਮ ਰਾਈਆਂ ਨੇ ਹੋਰ ਕੰਡੇ ਖਲਾਰ ਦਿਤੇ। ਅਤੇ ਗੁਰੂ ਤੇਗ ਬਹਾਦਰ ਨੂੰ ਬਕਾਲਾ ਛਡਨਾ ਪਿਆ। ਇਤਿਹਾਸ ਇਸ ਗਲ ਦਾ ਗੁਆਹ ਹੈ ਕਿ ਗੁਰੂ ਤੇਗਬਹਾਦਰ ਜੀ ਨੂੰ ਧੀਰ ਮਲੀਆ ਨੇ ਕਈ ਤਰਾਂ ਮਾਰ ਮੁਕਾਉਣ ਦੇ ਕਈ ਉਪਰਾਲੇ ਕੀਤੇ। ਮਾਤਾ ਨਨਕੀ ਆਪਣੇ ਦਰਵੇਸ਼ ਪੁਤਰ ਤੇ ਸਿਦਕੀ ਨੂੰਹ ਮਾਤਾ ਗੁਜਰੀ ਨੂੰ ਥਾਂ ਥਾਂ ਉਤੇ ਲੁਕਾਉਂਦੀ ਫਿਰੀ ਪਰ ਉਹ ਨਿਡੱਰ ਤੇ ਮਹਾਨ ਸ਼ਕਤੀ ਹਰ ਔਕੜ ਵਿਚੋਂ ਨਵੇਂ ਰਾਹ ਬਨਾਉਂਦੀ ਲੰਘ ਜਾਂਦੀ।

ਮਾਘ ਸੰਮਤ ੧੭੨੨ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਅੰਮ੍ਰਿਤ ਸਰ ਜੀ ਦੇ ਦਰਸ਼ਨਾਂ ਨੂੰ ਅਏ ਗੁਰੂ ਤੇਗ ਬਹਾਦਰ ਜੀ ਨੂੰ ਸਰੋਵਰ ਵਿਚ ਅਸ਼ਨਾਨ ਕਰਨ ਦੀ ਇਜਾਜ਼ਤ ਤਾਂ ਦੇ ਦਿਤੀ ਗਈ ਪਰ ਹਰੀ ਮੰਦਰ ਸਾਹਿਬ ਦੇ ਪੁਜਾਰੀਆਂ ਨੇਂ ਦਰਵਾਜੇ ਬੰਦ ਕਰ ਦਿਤੇ ਤੇ ਸ਼ਚ ਦਾ ਅਵਤਾਰ ਦਰਸ਼ਨ ਤੋਂ ਵਾਜਿਅ ਹੀ ਵਾਪਸ਼ ਪਰਤ ਆਇਆ

ਅਮ੍ਰਿਤਸਰ ਦੇ ਦਰਵਾਜੇ ਪੁਜਾਰੀਆਂ ਬੰਦ ਕਰ ਦਿਤੇ ਬਕਾਲੇ ਤੋਂ ਸੋਢੀਆਂ (ਰਾਮ ਰਾਈਆਂ) ਨੇ ਕਢ ਦਿਤਾ ਤੇ ਕੀਰਤ ਪੁਰ ਵਿਚ ਧੀਰ ਮਲੀਆਂ ਦਾ ਜੋਰ ਸੀ। ਉਹ ਗੁਰੂ ਜੀ ਨੂੰ ਕੀਰਤ ਪੁਰ ਵਿਚ ਟਿਕਨ ਨਹੀਂ ਸਨ ਦੇਂਦੇ। ਜਿਥੇ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਜਾਂਦੇ ਸੋਢੀ ਕੋਈ ਨ ਕੋਈ ਉਪਦਰ ਪੈਦਾ ਕਰ ਦਿੰਦੇ। ਸੰਗਤਾਂ ਦੁਖੀ ਸਨ,ਪਰ ਪਾਤ-ਸ਼ਾਹ ਨਿਸਚਿੰਤ ਸਨ ਤੇ ਉਹ ਜਾਣਦੇ ਸਨ ਕਿ ਇਹ ਇਨਾਂ ਆਦਮੀਆਂ ਦੇ ਵਸ ਦੀ ਗਲ ਨਹੀਂ ਇਹ ਰਬੀ ਰਜ਼ਾ ਹੈ।

ਹਾੜ ਸੰਮਤ ੧੭੨੨ (੧੬੬੫ ਈਸਵੀ) ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਹਿਲੂਰ ਦੇ ਰਾਜੇ ਕੋਲੋਂ ਮੁਖੋਤਾਲ ਦੀ ਥਾਂ ਖਰੀਦ ਲਈ। ਕਿਹਾ ਜਾਂਦਾ ਹੈ ਕਿ ਉਹ ਥਾਂ ਪਰਤਾਂ ਦਾ ਅਸਥਾਨ ਸੀ ਤੇ ਮੋਖੂ ਪਰੇਤ ਬੜਾ ਜ਼ਾਲਮ ਸੀ ਤੇ ਕਿਸੇ ਨੂੰ ਨੇੜੇ ਤੇੜੇ ਰਹਿਣ ਨਹੀ ਸੀ ਦੇਂਦਾ। ਜਦ ਸਤਿਗੁਰੂ ਜੀ ਨੇ ਮੁਖੋਵਾਲ ਥਾਂ ਉਤੇ ਬਾਣੀ ਪੜ੍ਹੀ ਤਾਂ ਮੁਖੋ ਪਰੇਤ ਚੀਕ ਪਿਆ ਉਸ ਨੂੰ ਸੂਲ ਉਠ ਖਲੋਤਾ ਤੇ ਉਹ ਡਰਦਾ ਓਥੋਂ ਨਸ ਗਿਆ ਪਰ ਗੁਰੂ ਤੇਗ ਬਹਾਦਰ ਜੀ ਨੇ ਓਥੇ ਨਗਰ ਦਾ ਨਾਂ ਮਾਖੋਵਾਲ ਰਖਿਆ ਜਿਸਨੂੰ ਬਾਦ ਵਚ ਅਨੰਦ ਪੁਰ ਕਿਹਾ ਗਿਆ।

ਜਦ ਗੁਰੂ ਤੇਗ ਬਹਾਦਰ ਜੀ ਨੇ ਅਨੰਦਪੁਰ (ਮਾਖੋ) ਆਬਾਦ ਕੀਤਾ ਤੇ ਸ਼ਹਿਰ ਵਿਚ ਰੌਣਕਾਂ ਹੋ ਗਈਆਂ ਤਾਂ ਧੀਰ ਮਲ ਤੇ ਹੋਰ ਸੋਢੀਆਂ ਨੇ ਫਿਰ ਵੀ ਪਿਛਾ ਨਾ ਛਡਿਆ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੁਝ ਸਮਾਂ ਅਨੰਦ ਪੁਰ ਵਿਚ ਰਹਿ ਕੁਝ ਸਿਖਾਂ ਨੂੰ ਨਾਲ ਲੈ ਸੰਗਤਾਂ ਨੂੰ ਤਾਰਦੇ,ਭੁਲਿਆਂ ਨੂੰ ਰਾਹ ਪਾਉਂਦੇ, ਪਰਾਗ ਪਹੁੰਚੇ, ਜਿਥੇ ਉਹ ਛੇ ਮਹੀਨੇ ਠਹਿਰੇ ਤੇ ਗੁਰੂ ਨਾਨਕ ਦਾ ਉਪਦੇਸ ਘਰ ਘਰ ਪਹੁਚਾਇਆ

ਜਦ ਸ੍ਰੀ ਗੁਰੂ ਜੀ ਪਰਾਗ ਵਿਚ ਸਨ ਤੇ ਸੰਗਤਾਂ ਹੁਮ ਹੁਮਾ ਕੇ ਦਰਸਨ ਕਰਨ ਆ ਰਹੀਆਂ ਸਨ ਤਾਂ ਇਕ ਦਿਨ ਮੌਕਾ ਤਾੜ ਕੇ ਮਾਤਾ ਨਾਨਕੀ ਨੇ ਗਲੇਡੂ ਭਰੀ ਕਾਂ ਅਖਾਂ ਨਾਲ ਆਪਣੇ ਪੁਤਰ (ਗੁਰੂ ਤੇਗ ਬਹਾਦਰ) ਜੀ ਅਗੇ ਅਰਜ ਕੀਤੀ, ਕਿ ਤੁਹਾਡੇ ਪਿਤਾ ਗੁਰੂ ਹਰ ਗੋਬਿੰਦ ਜੀ ਨੇ ਮੈਨੂੰ ਕਿਹਾ ਸੀ ਕਿ ਸਾਡੀ ਅੰਸ ਵਿਚ ਇਕ ਵਡਾ ਬੀਰ ਜਨਮ ਲਵੇਗਾ, ਮੇਰੇ ਦਰ-ਵੇਸ਼ ਪੁਤਰ ਮਨੂੰਉਡੀਕਾਂ ਕਰਦਿਆ ਕਿਨਾਂਹੀ ਸਮਾ ਲੰਘ ਗਿਆ ਹੈ। ਤਾਂ ਸਤਿਗੁਰੂ ਜੀ ਨੇ ਜਬਾਬ ਦਿਤਾ, ਅਕਾਲ ਪੁਰਖ ਉਸ ਜੋਧੇ ਨੂੰ ਦੇਣਾ ਹੀ ਵਾਲਾ ਹੈ। ਮਾਤਾ ਚਿਤਾ ਨਾ ਕਰ, ਉਨਾ ਉਤੇ ਭਰੋਸਾ ਰਖ।

ਇਸੇ ਹੀ ਤਰਾਂ ਸ੍ਰੀ ਸਤਿਗੁਰੂ ਜੀ ਰਮਣ ਕਰਦੇ ਤੇ ਸੰਗਤਾਂ ਨੂੰ ਤਾਰਦੇ ਬਨਾਰਸ ਤੋਂ ਪਟਨੇ ਜਾ ਪਹੁੰਚੇ। ਮਾਤਾ ਨਾਨਕੀ ਖੁਸ਼ ਸੀ ਕਿ ਪੁਤਰ ਪੰਜਾਬ ਤੋਂ ਦੂਰ ਆ ਗਿਆ ਹੈ। ਏਥੇ ਕੋਈ ਦੋਖੀ ਨਹੀ ਹੋਵੇਗਾ। ਧੀਰ ਮਲੀਏ ਸੋਢੀ ਸਭ ਪਿਛੇ ਰਹਿ ਗਏ ਹਨ।

ਇਤਹਾਸ ਇਸ ਗਲ ਦੀ ਹਾਮੀ ਭਰਦਾ ਹੈ ਕਿ ਸਾਰੇ ਬਿਹਾਰ ਦਾ ਕੇਂਦਰ ਪਟਨਾ ਬਣ ਗਿਆ ਸੀ। ਹਿੰਦੂ ਮੁਸਲਮਾਨ ਬਿਨਾਂ ਕਿਸੇ ਵਿਤਕਰੇ ਤੋਂ ਗੁਰੂ ਸਾਹਿਬ ਦੇ ਦਰਸਨਾਂ ਲਈ ਦੌੜ ਔਂਦੇ।

ਰਾਜਾ ਬਿਸ਼ਨ ਸਿੰਘ ਜਿਹੜਾ ਕਿ ਰਾਜਾ ਮਾਨ ਸਿੰਘ ਜੋਧ ਪੁਰ ਵਾਲੇ ਦਾ ਪੋਤਰਾ ਸੀ ਫੌਜਾਂ ਲੈ ਕੇ ਜਦ ਪਟਨੇ ਤੋਂ ਲੰਘਣ ਲਗਾ ਤਾਂ ਉਸਦੇ ਕੰਨੀ ਗੁਰੂ ਤੇਗ ਬਹਾਦਰ ਦੇ ਚਮਤਕਾਰਾਂ ਦੀ ਸੋਅ ਆਪਈ। ਇਥੇ ਵਖਵਖਇਤਹਾਸ ਕਾਰਾਂ ਦੀ ਵਖ ਵਖ ਰਾਏ ਹੈ। ਬਹੁਤੇ ਤਾਂ ਮੰਨਦੇ ਹਨ ਕਿ ਇਹ ਰਾਜਾ ਬਿਸ਼ਨ ਸਿੰਘ, ਰਾਜਾ ਮਾਨ ਸਿੰਘ ਦਾ ਹੀ ਪੋਤਰ ਸੀ ਜਿਹੜਾ ਅਕਬਰ ਦਾ ਜਰਨੈਲ ਸੀ। ਪਰ ਕੈਨਿੰਘਮ ਇਹ ਨਹੀ ਮੰਨਦਾ। ਦੀ ਹਿਸਟਰੀ ਔਫ ਸਿਖ ਵਿਚ ਲਿਖਦਾ ਹੈ। ਉਹ ਰਾਜਾ ਬਿਸ਼ਨ ਸਿੰਘ ਨਹੀ ਸੀ ਸਗੋਂ ਰਾਜਾ ਜੈ ਸਿੰਘ ਸੀ, ਪਰ ਕੋਈ ਲਿਖਦਾ ਉਹ ਰਾਜਾ ਬੀਰ ਸਿੰਘ ਸੀ। ਪਰ ਟਾਡ ਰਾਜਸਥਾਨ ਵਿਚ ਲਿਖਿਆ ਹੈ ਉਹ ਰਾਜਾ ਰਾਮ ਸਿੰਘ ਸੀ। ਪਰ ਸਿਖ ਇਤਹਾਸ ਰਾਜਾ ਬਿਸ਼ਨ ਸਿੰਘ, ਹੀ ਮੰਨਦਾ ਹੈ। ਇਹ ਰਾਜਾ ਬਿਸ਼ਨ ਸਿੰਘ ਰਾਜਾ ਮਿਰਜਾ ਮਾਨ ਸਿੰਘ ਦਾ ਪੋਤਰਾ ਸੀ। ਜਿਹੜਾ ਸਤਿਗੁਰੂ ਜੀ ਦੀ ਸਰਨ ਆਇਆ ਤੇ ਅਰਜ ਕੀਤੀ ਪਾਤਸ਼ਾਹ ਮੈਨੂੰ ਸਹਿਨ ਸਾਹ ਔਰੰਗਜ਼ੇਬ ਵਲੋਂ ਹੁਕਮ ਹੋਇਆ ਹੈ ਕਿ ਮੈ ਬੁਟਾਨ ਦੇ ਰਾਜੇ ਨੂੰ ਜਿਤ ਕੇ ਆਵਾਂ। ਮੇਰਾ ਪਿਤਾ ਵੀ ਬੁਟਾਨ ਦੇ ਜੰਗ ਵਿਚ ਮਾਰਿਆ ਗਿਆ ਸੀ ਤੇ ਮੈਨੂੰ ਵੀ ਖਤਰਾ ਹੈ। ਬੁਟਾਨ ਦਾ ਰਾਜਾ ਬਲਵਾਨ ਹੈ, ਤੇ ਉਸ ਕੋਲ ਬੜੇ ਬੜੇ ਜਿਨ੍ਹ ਹਨ ਜੋ ਫਜਾਂ ਵਿਚ ਤੁਫਾਨ ਪੈਦਾ ਕਰਕੇ ਜਵਾਨਾਂ ਨੂੰ ਮਾਰ ਦੇਂਦੇ ਹਨ। ਦਿਆ ਦ੍ਰਸਟੀ ਕਰੋ ਤੇ ਮੇਰੇ ਨਾਲ ਚਲਕੇ ਮੇਰੀ ਸਹਾਇਤਾ ਕਰੋ। ਗੁਰੂ ਤੇਗ ਬਹਾਦਰ ਜੀ ਰਾਜਾ ਬਿਸ਼ਨ ਸਿੰਘ ਦੀ ਬੇਨਤੀ ਪਰ-ਵਾਨ ਕਰ ਉਸਦੇ ਨਾਲ ਤੁਰ ਪਏ।

ਮਾਤਾ ਨਾਨਕੀ ਤੇ ਮਾਤਾ ਗੁਜਰੀ ਜੀ ਨੇ ਏਡੀ ਦੂਰ ਨਾ ਜਾਣ ਲਈ ਤਰਲੇ ਪਾਏ ਪਰ ਉਹ ਦ੍ਰਿੜ ਵਿਸਵਾਸ ਵਾਲਾ ਬਲੀ ਸਤਿਗੁਰੂ ਰਾਜਾ ਬਿਸ਼ਨ ਸਿੰਘ ਨਾਲ ਬੁਟਾਨ ਦੀ ਮੁਹਿਮ ਉਤੇ ਤੁਰ ਗਿਆ।

ਕਈ ਵਰੇ ਗੁਰੂ ਤੇਗ ਬਹਾਦਰ ਜੀ ਰਾਜਾ ਬਿਸਨ ਸਿੰਘ ਨਾਲ ਬੁਟਾਨ ਦੀ ਮੁਹਿਮ ਉਤੇ ਰਹੇ ਚਾਚੇ ਬੁਲਾਕੀ ਮਸੰਦ ਨੂੰ ਮਿਲੇ ਤੇ ਢਾਕੇ ਬੰਗਾਲ ਨੂੰ ਤਾਰਦੇ ਉਹਨਾਂ ਬੁਟਾਨ ਦੇ ਰਾਜੇ ਨੂੰ ਅਪਣਾ ਸਿਖ ਬਨਾ ਲੋਆ। ਜਦ ਰਾਜਾ ਬਿਸ਼ਨ ਸਿੰਘ ਤੇ ਬੁਟਾਨ ਦੇ ਰਾਜੇ ਨਾਲ ਸ੍ਰੀ ਸਤਿਗੁਰੂ ਜੀ ਨੇ ਮੁਲਾਕਾਤ ਕਰਾਈ ਤਾਂ ਨਾਲ ਸਾਰੇ ਹਿੰਦੂ ਫੋਜੀ ਹੀ ਸਨ। ਬੁਟਾਨ ਵਿਚ ਮੁਸਲਮਾਨ ਫੌਜੀਆਂ ਨੂੰ ਨਾ ਲਿਜਾ-ਇਆ ਗਿਆ।

ਇਸ ਤੋਂ ਬਾਦ ਸ੍ਰੀ ਸਤਿਗੁਰੂ ਜੀ ਬੁਟਾਨ ਬੰਗਾਲ ਦਾ ਦੋਰਾ ਕਰਦੇ ਆਸਾਮ ਦੇ ਰਾਜਾ ਰਾਮ ਨੂੰ ਮਿਲੇ ਤੇ ਉਹ ਵੀ ਸਤਿਗੁਰੂ ਜੀ ਦਾ ਸਿਖ ਬਣ ਗਿਆ। ਏਥੇ ਹੀ ਇਹ ਖਬਰ ਮਿਲੀ ਕਿ ਮਾਤਾ ਗੁਜਰੀ ਜੀ ਦੇ ਗ੍ਰਹ ਬਾਲਕ ਨੇ ਜਨਮ ਲਿਆ ਹੈ। ਗੁਰੂ ਤੇਗ ਬਹਾਦਰ ਜੀ ਇਹ ਖੁਸ਼ਖਬਰ ਸੁਣਕੇ ਬਾਲਕ ਦਾ ਨਾ ਗੋਬਿੰਦ ਰਾਏ ਰਖ ਦਿਤਾ। ਤੇ ਕਿਹਾ ਸਰਿਸਟੀ ਦਾ ਤਾਰਨ ਵਾਲਾ, ਤੇ ਗਊ ਗਰੀਬ ਦੀ ਰਖਿਆ ਕਰਨ ਵਾਲਾ ਆਗਿਆ ਹੈ।

ਇਸ ਗਲ ਨੂੰ ਹੋਰ ਕਈ ਵਰੇ ਬੀਤ ਗਏ ਤੇ ਜਦ ਗੁਰੂ ਤੇਗ ਬਹਾਦਰ ਜੀ ਵਾਪਿਸ ਪਟਨੇ ਮੁੜ ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਪੰਜ ਛੇ ਵਰੇ ਦੇ ਹੋ ਚੁਕੇ ਸਨ।

ਕੁਝ ਦਿਨ ਪਟਨੇ ਠਹਿਰਨ ਤੋਂ ਬਾਦ ਗੁਰੂ ਜੀ ਨੇ ਮਾਤਾ ਨਾਨਕੀ ਨੂੰ ਕਿਹਾ ਮੈਂ ਪੰਜਾਬ ਜਾ ਰਿਹਾ ਹਾਂ। ਅਨੰਦ ਪੁਰ ਦੀਆਂ ਸੰਗਤਾਂ ਵਿਆਕੁਲ ਹੋ ਰਹੀਆਂ ਹਨ। ਇਹ ਸੁਣ ਮਾਤਾ ਜੀ ਦਾ ਅੰਦਰ ਕੰਬ ਗਿਆ। ਉਹ ਜਾਣਦੇ ਸਨ ਗੁਰੂ ਦੋਖੀਆਂ ਦਾ ਜਾਲ ਪੰਜਾਬ ਵਿਚ ਵਿਛਿਆ ਪਿਆ ਹੈ। ਪਰ ਦ੍ਰਿੜ ਵਿਸਵਾਸੀ ਸਤਿਗੁਰੂ ਕੁਝ ਟਾਇਮ ਲੈ ਕੇ ਤੁਰ ਪਿਆ। ਤੁਰਨ ਸਮੇ ਤੋਤਲੀ ਅਵਾਜ ਵਿਚ ਗੋਬਿੰਦ ਸਿੰਘ ਜੀ ਨੇ ਕਿਹਾ ਪਿਤਾ ਜੀ ਮੈਨੂੰ ਵੀ ਲੈ ਚਲੋ, ਤਾਂ ਸ੍ਰੀ ਸਤਿਗੁਰੂ ਜੀ ਨੇ ਫਰਮਾਇਆ ਤੁਸੀ ਬਾਦ ਵਿਚ ਆਉਣਾ।

ਅਜੇ ਸਮਾ ਨਹੀ ਹੈ। ਤੁਸੀ ਅਜੇ ਬਚੇ ਹੋ।

ਏਥੇ ਫਿਰ ਇਤਹਾਸਕਾਰਾਂ ਦਾ ਮਤ ਭੇਦ ਹੋ ਜਾਂਦਾ ਹੈ। ਸੂਰਜ ਪ੍ਰਕਾਸ਼ ਦਾ ਕਰਤਾ ਲਿਖਦਾ ਹੈ ਕਿ ਇਸ ਤੋਂ ਬਾਦ ਫਿਰ ਗੁਰੂ ਤੇਗ ਬਹਾਦਰ ਜੀ ਦਾ ਮੇਲ ਕਦੇ ਅਪਣੇ ਸਹਿਬ ਜਾਦੇ ਨਾਲ ਨਹੀ ਹੋ ਸਕਿਆ। ਤੇ ਉਹ ਪਟਨੇ ਤੋਂ ਔਂਦੀ ਵਾਰੀ ਰਾਹ ਵਿਚ ਹੀ ਗਰਿਫ ਤਾਰ ਹੋ ਗਏ। ਪਰ ਭਾਈ ਸੁਖਾ ਸਿੰਘ ਜ ਗੁਰੂ ਬਿਲਾਸ ਵਿਚ ਲਿਖਦੇ ਹਨ, ਕਿ ਸਾਹਿਬ ਜਾਦਾ ਗੋਬਿੰਦ ਰਾਏ ਜੀ ਅੰਨਦ ਪੁਰ ਆ ਚੁਕੇ ਸਨ। ਤੇ ਉਹਨਾਂ ਹੀ ਕਸਮੀਰੀ ਪੰਡਤਾਂ ਦੀ ਤਰਸ ਯੋਗ ਹਾਲਤ ਤਕ ਅਪਣੇ ਪਿਤਾ ਜੀ ਨੂੰ ਸਹਾਦਤਦੇਣ ਲਈ ਕਿਹਾ ਸੀ? ਕੁਝ ਵੀ ਹੋਵੇ

ਗੁਰੂ ਤੇਗ ਬਹਾਦਰ ਜੀ ਦੇ ਅੰਨਦ ਪੁਰ ਪੁਜਣ ਤੋਂ ਕੁਝ ਸਮਾ ਬਾਦ, ਸਾਰੀ ਫੌਜਾਂ ਨੂੰ ਹੁਕਮ ਹੋਇਆ ਕਿ ਗੁਰੂ ਜੀ ਨੂੰ ਜਲਦੀ ਤੋਂ ਜਲਦੀ ਫੜਕੇ ਦਿਲੀ ਸਹਿਨ ਸ਼ਾਹ ਸ਼ਾਹਮਣੇ ਪੇਸ਼ ਕੀਤਾ ਜਾਵੇ।

ਅੰਨਦ ਪੁਰ ਫੋਜਾਂ ਦ ਪਹੁਚ ਤੋਂ ਪਹਿਲਾਂ ਹੀ ਗੁਰੂ ਸਾਹਿਬ ਆਪਣੀਆਂ ਸੰਗਤਾਂ ਨੂੰ ਤਾਰਦੇ ਪੰਜਾਬ ਦਾ ਦੌਰਾ ਕਰ ਰਹੇ ਸਨ। ਅੰਨਦ ਪੁਰ ਤੋਂ ਫੌਜਾਂ ਖਾਲੀ ਮੁੜ ਅਇਆਂ। ਫਿਰ ਸਰਕਾਰੀ ਫਰਮਾਨ ਅਨੁਸਾਰ ਫੌਜਾ ਗੁਰੂ ਜੀ ਨੂੰ ਢੂਡਣ ਅਮ੍ਰਿਤਸਰ ਗਇਆਂ ਤੇ ਸਖਣੀਆਂ ਪਰਤ ਆਈਆਂ।

ਸਤਿਗੁਰੂ ਅਪਣੇ ਨਾਲ ਕੁਝ ਸਿਖਾਂ ਨੂੰ ਲੈ ਜਿਨ੍ਹਾਂ ਵਿਚ ਭਾਈ ਮਤੀ ਦਾਸ, ਭਾਈ ਸਤੀ ਦਾਸ, ਬਾਬਾ ਬੁਢਾ ਜੀ ਦੇ ਪੋਤਰੇ, ਭਾਈ ਗੁਰਦਿਤਾ ਜੀ, ਤੇ ਭਾਈ ਦਿਆਲਾ ਜੀ ਆਦਿ ਸਨ। ਗੁਰੂ ਜੀ ਪਿਡੋਂ ਪਿੰਡ ਅਪਣਾ ਪ੍ਰਚਾਰ ਕਰਦੇ ਜਾ ਰਹੇ ਸਨ ਪਰ ਸ੍ਰਕਾਰੀ ਫੌਜ ਦੇ ਹਥ ਨਾ ਲਗਦੇ। ਆਖਿਰ ਉਹਨਾਂ ਦੀ ਗਰਿਫਤਾਰੀ ਦਾ ਆਮ ਐਲਾਨ ਕਰ ਦਿਤਾ ਗਿਆ।

ਕਿਹਾ ਜਾਂਦਾ ਹੈ ਅਜੇ ਸਤਿਗੁਰੂ ਜੀ ਦਿਲੀ ਤੋਂ ਕਾਫੀ ਦੂਰ ਸਨ ਤੇ ਉਹਨਾ ਬਾਦਸ਼ਾਹ ਨਾਲ ਇਕਰਾਰ ਕੀਤਾ ਹੋਇਆ ਸੀ ਕਿ ਉਹ ਬਰਸਾਤਾਂ ਤੋਂ ਬਾਦ ਔਣਗੇ। ਸਤਿਗੁਰੂ ਜੀ ਅਪਣੇ ਸਿਖਾਂ ਨਾਲ ਜੰਗਲ ਵਿਚ ਡੇਰਾ ਲਾ ਕੇ ਬੈਠੇ ਸਨ ਤੇ ਉਥੋਂ ਭੇਡਾਂ ਚਾਰਨ ਵਾਲਾ ਚਰਵਾਇਆ ਲੰਘਿਆ। ਉਸ ਨੂੰ ਸਤਿਗੁਰੂ ਜੀ ਨੇ ਪਾਸ ਬੁਲਾ ਅਪਣੀ ਹੀਰੇ ਦੀ ਮੁੰਦਰੀ ਦੇ ਕਿਹਾ, ਇਹ ਲੈ ਜਾ ਤੇ ਸਿਖਾਂ ਲਈ ਕੁਝ ਖਾਣ ਨੂੰ ਲੈ ਆ, ਅਸੀਂ ਤੇਰੀਆ ਭੇਡਾਂ ਦਾ ਧਿਆਨ ਰਖਾਂਗੇ।

ਚਰਵਾਹੇ ਨੇ ਬੇਨਤੀ ਕੀਤੀ ਮੇਰੇ ਕੋਲ ਤਾਂ ਕਪੜਾ ਨਹੀਂ। ਮੈ ਵਸਤਾਂ ਕਿਸ ਵਿਚ ਲਿਆਵਾਂਗਾ।

ਸਤਿਗੁਰੂ ਜੀ ਨੇ ਆਪਣਾ ਦੁਸਾਲਾ ਲਾ ਉਸਦੇ ਹਵਾਲੇ ਕੀਤਾ। ਇਹ ਤਕ ਮਤੀ ਦਾਸ ਨੇ ਅਰਜ ਕੀਤੀ ਪਾਤਸ਼ਾਹ ਪੈਸੇ ਮੁਕ ਗਏ ਹਨ।

ਸਤਿਗੁਰੂ ਜੀ ਮੁਸਕਰਾ ਪਏ।

ਜਦ ਚਰਵਾਇਆ ਸ਼ਹਿਰ ਗਿਆ ਤੇ ਉਹ ਮੰਦਰ ਤੇ ਦੁਸਾਲਾ ਵੇਚਦਾ ਫੜਿਆ ਗਿਆ। ਪੁਲਿਸ ਨਾਲ ਟੋ ਤੁਰੀ। ਤੇ ਜਦ ਕਿਲੇ ਦੇ ਗੁਵ੍ਰਨਰ ਨੂੰ ਪਤਾ ਲਗਾ ਕਿ ਸ੍ਰੀ ਗੁਰੂ ਤੇਗ ਬਹਾਦਰ ਫੜੇ ਗਏ ਹਨ ਤਾਂ ਉਹ ਬਾਰਾਂ ਸੌ ਘੋੜ ਸਵਾਰ ਲੈ ਕੇ ਆ ਗਿਆ।

ਇਤਹਾਸ ਦੇ ਪਾਠਕ ਜਾਣਦੇ ਹਨ ਕਿ ਸ੍ਰੀ ਸਤਿਗੁਰੂ ਜੀ ਨੂੰ ਸ਼ਹੀਦੀ ਕਰਨ ਤੋਂ ਪਹਿਲਾਂ ਕੀ ਕੀ ਲਾਲਚ ਦਿਤੇ ਗਏ, ਕਿ ਉਹ ਇਸਲਾਮ ਕਬੂਲ ਕਰ ਲੇਣ। ਫਿਰ ਉਹਨਾ ਸਾਹਮਣੇ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਦਿਤਾ ਗਿਆ ਸਤਿਗੁਰੂ ਜੀ ਜਦ ਫਿਰ ਵੀ ਨਾ ਮਨੇ ਤਾਂ ਇਕ ਕਿਲਾਂ ਵਾਲੇ ਪਿੰਜਰੇ ਵਿਚ ਬੰਦ ਕਰ ਦਿਤਾ ਗਿਆ ਕਿਹਾ ਜਾਂਦਾ ਹੈ ਕਿ ਇਹ ਪਿੰਜਰਾ ੧੯੧੧ ਤਕ ਦਿਲੀ ਦੀ ਕੌਤ ਵਾਲੀ ਵਿਚ ਪਿਆ ਸੀ। ਇਸ ਤੋਂ ਬਾਦ ਕਿਥੇ ਗਿਆ ਇਸ ਦੀ ਖੋਜ ਦੀ ਲੋੜ ਹੈ।

ਇਹ ਠੀਕ ਹੈ ਕਿ ਕਸਮੀਰੀ ਬ੍ਰਹਾਮਣਾ ਲਈ ਵੀ ਗੁਰੂ ਤੇਗ ਬਹਾਦਰ ਕੁਰਬਾਨ ਹੋਏ। ਪਰ ਅਸਲ ਗਲ ਇਹ ਹੈ ਕਿ ਸਤਿਗੁਰੂ ਜੀ ਚੁਗਤੇ ਦੇ ਰਾਜ ਦੀਆਂ ਜੜਾਂ ਪੁਟ ਦੇਣਾ ਚਹੁੰਦੇ ਸਨ। ਹਿੰਦੂਆਂ ਨੂੰ ਗੁਲਾਮੀ ਅਤੇ ਜਬਰ ਤੋਂ ਨਜਾਤ ਦਵਾਣਾ ਚਾਹੁੰਦੇ ਸਨ ਆਦਿਕ ਕਈ ਕਾਰਨ ਸਨ ਜਿਨਾਂ ਕਰਕੇ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ।

ਭਾਈ ਮਤੀ ਦਾਸ ਦੀ ਸਹੀਦੀ

ਹਰਦੇਵ ਸਿੰਘ 'ਵਿਰਕ' (ਕਰੀਵਾਲਾ)

ਮਤੀਦਾਸ ਨੂੰ ਕਾਜੀ ਇਕ ਕਹਿਣ ਲਗਾ, ਸਿਖਾਂ ਦਮਗਜੇ ਬਹੁਤੇ ਤੂੰ ਮਾਰਦਾ ਹੈਂ।
ਕੰਧਾ ਦਿਲੀ ਲਹੌਰ ਦੀਆਂ ਢਾਹੁਣ ਖਾਤਰ ਸੁਣਿਆ ਬਾਜੂ ਤੂ ਬੜੇ ਉਲਾਰਦਾ ਹੈਂ।
ਖੌਫ ਸ਼ਰਾਅ ਤੋਂ ਤੈਨੂੰ ਨ ਮੂਲ ਆਵੇ ਫੜਾਂ ਫੋਕੀਆਂ ਪਿਆ ਡਕਾਰਦਾ ਹੈਂ।
ਨਾਲ ਫਤਵੇ ਦੇ ਤੈਨੂੰ ਦਸ ਦੇਵਾਂ ਤੂ ਹਕੂਮਤ ਨੂੰ ਕਿਵੇਂ ਵੰਗਾਰਦਾ ਹੈਂ।

ਮਤੀ ਦਾਸ ਕਹਿੰਦਾ ਕਾਜੀ ਗਲ ਸੁਨ ਲੈ ਤੇਰੀ ਸਰਾਅ ਨੂੰ ਕਖ ਨਾ ਜਾਣਦਾ ਮੈ।
ਬਝਾ ਹੋਇਆਂ ਹਾਂ ਗੁਰੂ ਦੇ ਹੁਕਮ ਅੰਦਰ ਹੋਰ ਕੈਦ ਨਾ ਰਤਾ ਪਛਾਣਦਾ ਮੈ।
ਲੈ ਦੇ ਇਕ ਵਾਰੀ ਹੁਕਮ ਗੁਰੂ ਪਾਸੋਂ ਵੇਖ ਕਿਵੇਂ ਫਿਰ ਸਰਾਅ ਨੂੰ ਛਾਣਦਾ ਮੈ।
ਦਿਲੀ ਲਹੌਰ ਕੀ ਜਿਮੀ ਅਸਮਾਨ ਉਤੇ ਕਿਵੇਂ ਗੁਰੂ ਕੀ ਸ਼ਕਤ ਨੂੰ ਤਾਣਦਾ ਮੈ।

ਸੜੇ ਬਲੇ ਕਾਜੀ ਸਾਹ ਕੋਲ ਆ ਕੇ ਸਾਰਾ ਬੀਤਿਆ ਹਾਲ ਸੁਣਾ ਦਿਤਾ।
ਕਰਕੇ ਔਖਿਆਂ ਮਾਰੀਏ ਇਹ ਕਾਫਿਰ ਚੀਰ ਪਾਉਣ ਦਾ ਮਤਾ ਪਕਾ ਦਿਤਾ।
ਹੁਕਮ ਪਾ ਜਲਾਦ ਕਲਵਤਰ ਲੈ ਕੇ ਮਤੀ ਦਾਸ ਨੂੰ ਆ ਬਤਾ ਦਿਤਾ।
ਕਰ ਲਏਂ ਦੀਨ ਕਬੂਲ ਤਾਂ ਗਲ ਵਖਰੀ, ਨਹੀ ਤਾਂ ਫਤਵਾ ਇਹ ਕਾਜੀ ਨੇ ਲਾ ਦਿਤਾ।

ਸੁਣਕੇ ਸਿਖ ਨੂੰ ਲਾਲੀਆਂ ਚੜ ਗਈਆਂ ਮੌਤ ਵਰਨ ਨੂੰ ਝਟ ਤਿਆਰ ਹੋਇਆ।
ਕਰ ਇਸਨਾਨ ਗੁਰੂ ਚਰਨਾਂ ਤੇ ਟੇਕ ਮਥਾ ਸਹਾਦਤ ਦੇਣ ਦੇ ਲਈ ਬੇਦਾਰ ਹੋਇਆ।
ਵੇਖ ਕਾਜੀ ਮੁਲਣੇ ਹੈਰਾਨ ਰਹਿ ਗਏ ਇਹ ਮਨੁਖ ਨ ਰਤਾ ਬੇਜਾਰ ਹੋਇਆ।
ਹੋਣ ਲਈ ਦੁਫਾੜ ਮਤੀ ਦਾਸ ਸਿਦਕੀ ਖੜਾ ਜਾ ਕੇ ਸਰੇ ਬਜਾਰ ਹੋਇਆ।

ਧਰਿਆ ਆਰਾ ਜਲਾਂਦਾ ਨੇ ਜਦੋਂ ਸਿਰ ਤੇ ਜਪੁਜੀ ਸੁਰੂ ਕੀਤੀ ਸਿਖ ਅਰਦਾਸ ਕਰਕੇ।
ਨਾਲ ਚੀਰ ਦੇ ਤੁਕ ਵੀ ਜਾਏ ਚੀਰੀ ਸੁਣੀ ਜਾਦੀ ਦੋ ਭਾਗਾਂ ਚੋਂ ਖਾਸ ਕਰਕੇ।
ਨਾਭੀਤਕ "ਕੇਤੀ ਛੁਟੀ ਨਾਲ" ਮੁਕੀ ਦੇਹ ਸੁਟੀ ਜਲਾਦਾਂ ਦੋਪਾਸ ਕਰਕੇ।
ਮਤੀ ਦਾਸ ਸਿਦਕੀ 'ਹਰਦੇਵ' ਜਗ ਤੇ ਹੋਇਆ ਅਮਰ ਗੁਰੂ ਧਾਮ ਨਿਵਾਸ ਕਰਕੇ।

ਵਿਸ਼ੇਸ਼ ਲੇਖ——

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਬ੍ਰਿਤਾਂਤ

ਕੁਝ ਸਿਖ ਇਤਿਹਾਸ ਕਾਰਾਂ ਦੀ ਦ੍ਰਿਸ਼ਟੀ ਤੋਂ

ਆਤਮਾ ਸਿੰਘ ਸਨਖਤਰਵੀ

ਸਿਖ ਸਮਾਜ ਦੇ ਨਾਂਵੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਵਿੱਤਰ ਜੀਵਨ ਵਿਚ ਨਾਮ ਸਿਮਰਨ,ਭਗਤੀ ਮਾਰਗ, ਵੈਰਾਗ, ਤਿਆਗ,ਬ੍ਰਹਮ ਗਿਆਨ,ਤੇ ਨਿੰਮ੍ਰਤਾ,ਆਦਿਕਸਤੋ ਗੁਣੀ ਤੱਥਾਂ ਦਾ ਕਿਤਨਾ ਕੁ ਭੰਡਾਰਾ ਸੀ, ਇਸਦਾ ਪਤਾ ਗੁਰੂ ਜੀ ਦੀ ਰਚਿਤ ਬਾਣੀ ਦਾ ਅਧਿਐਨ ਕਰਨ ਤੋਂ ਸੁਭਾਵਿਕ ਹੀ ਲਗ ਜਾਂਦਾ ਹੈ।

ਪਰ ਜਿਵੇਂ ਹੋਰ ਗੁਰੂ ਸਾਹਿਬਾਂ ਵਲੋਂ ਉਚਾਰਨ ਕੀਤੀ ਗੁਰੁਬਾਣੀ ਦੀ ਹੋਂਦ ਵਿਚ ਉਹਨਾਂ ਦੇ ਜੀਵਨ ਤਥਾਂ ਦਾ ਵਰਨਨ ਆਮ ਇਤਹਾਸ ਦੁਆਰਾ (ਬਹੁਤ ਸਾਰੇ ਲਿਖਾਰੀਆਂ ਨੇ ਇਕ ਦੂਜੇ ਤੋਂ ਕੁਝ ਨ ਕੁਝ ਮਤਭੇਦ ਰਖਕੇ ਕੀਤਾ ਹੋਇਆ ਹੈ,ਤਿਵੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬ੍ਰਿਤਾਤਵਿਚਵੀ ਬਹੁਤ ਸਾਰੇ ਲਿਖਾਰੀਆਂ ਨੇ ਆਪੋ ਅਪਣੀ ਖੋਜ ਦੇ ਅਤੇ ਮਤ—ਭੇਦ ਦੇ ਅਧਾਰ ਉਤੇ ਤੱਥਅੰਕਿਤ ਕੀਤੇ ਹੋਏ ਹਨ। ਭਾਂਵੇ ਸ੍ਰੀ ਗੁਰੂ ਜੀ ਦੇ ਆਦਰਸ਼ਿਕ ਜੀਵਨ.ਅਰ ਪ੍ਰਉਪਕਾਰੀ ਸਿਧਾਂਤਾਦਾ ਆਖਰੀ ਨਿਸ਼ਾਨਾਂ ਸਭ ਲਿਖਾਰੀਆਂ ਦਾ ਅਖੀਰ ਉਤੇ ਜਾ ਕੇ ਇਕ ਹੀ ਹੋ ਜਾਂਦਾ ਹੈ, ਪਰ ਇਨਾਂ ਆਦਰਸ਼ਾਂ ਤੇ ਸਿਧਾਂਤਾ ਦੀ ਪੂਰਤੀ ਕਰਨ ਦੇਦਰਿ-ਮਿਆਨੀ ਮਾਰਗ ਵਿਚ ਇਹਨਾਂ ਲਿਖਾਰੀਆਂ ਨੇ ਇਕ ਦੂਜੇ ਨਾਲੋਂ ਜੋ ਵਡੇ ੨ ਪਾੜੇ ਪਾਏ ਹੋਏ ਹਨ ਉਨਾਂ ਨੇ ਸਾਰੇ ਗੁਰੂ ਸਾਹਿਬਾਂ ਦੇ ਮਤ—ਭੇਦੀ ਇਤ—ਹਾਸਾਂ ਵਾਂਗ ਇਹਨਾਂ ਦੇ ਇਤਹਾਸ ਨੂੰ ਵੀ ਧੁੰਧਲਾ ਬਣਾ ਦਿਤਾ ਹੋਇਆ ਹੈ। ਜਿਸ ਕਰਕੇ ਅਜ ਦੇ ਅਨਜਾਣ ਜਾਂ ਨਵੇਂ ਰੀਸਰਚ ਕਾਰਾਂ ਨੂੰ ਇਹ ਸੋਚਣ ਲਈ ਮਜਬੂਰ ਹੋਣਾ ਪੈਂਦਾ ਹੈ ਕਿ ਕਿਸ ਇਤਹਾਸ ਦੀ ਲਿਖਤ ਨੂੰ ਸਚੀ ਮੰਨੇ ? ਤੇ ਕਿਸ ਨੂੰ ਝੂਠੀ ?

ਜਦ ਕਿ ਮੈਂ ਇਸ ਮਜਮੂਨ ਵਿਚ ਸਿਖਪੰਥ ਵਿਚ ਜਾਣੇ ਜਾਂਦੇ ਸ਼੍ਰੋਮਣੀ ਇਤਹਾਸ ਕਾਰ ਕਵਿ ਚੂੜਾ ਮਣਿ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਦੇ ਇਤਹਾਸ(ਗੁਰੂ ਸੂਰਜ ਪ੍ਰਕਾਸ਼)ਨੂੰ ਹੀ ਪ੍ਰਮਾਣੀਕ ਪਧਰ ਤੇ ਜਿਥੇ ਮਹੱਤਤਾ ਦਿਤੀ ਹੈ। ਓਥੇ ਮਹਿਮਾ ਪ੍ਰਕਾਸ਼ ਕ੍ਰਿਤ ਸਰੂਪ ਦਾਸ ਭਲਾ, ਬੰਸਾਵਲੀ ਨਾਮਾ ਕ੍ਰਿਤ ਸ੍ਰੀ ਕੇਸਰ ਸਿੰਘ ਛਿੱਬਰ,ਗੁਰ ਬਿਲਾਸ ਕੁਇਰ ਸਿੰਘ ਪੰਥਪ੍ਰਕਾਸ਼ ਗਿ. ਗਿਆਨ ਸਿੰਘ ਜੀਆਦਿਕ

ਇਤਹਾਸਾਂ ਦੁਆਰਾ ਪਾਠਿਕਾਂ ਨੂੰ ਇਹ ਜਾਨਕਾਰੀ ਦੇਣ ਦਾ ਜਤਨ ਕਰਾਂਗਾ, ਕਿ ਇਹ ਇਤਿਹਾਸ ਵੀ ਆਪਸ ਵਿਚ ਕਿਤਨਾ ਕਿਤਨਾ ਮਤ ਭੇਦ ਰਖਦੇ ਹਨ। ਇਹਨਾਂ ਮਤ ਭੇਦਾਂ ਦੇ ਅਧਾਰ ਤੇ ਕਿਸੇ ਯੋਗ ਨਤੀਜੇ ਉਤੇ ਪਹੁੰਚਣਾ ਪਾਠਿਕਾਂ ਦੇ ਆਪੋ ਅਪਣੇ ਵਿਚਾਰਾਂ ਤੇ ਨਿਰਭਰ ਹੋਵੇਗਾ? ਮੈ ਕਿਸੇ ਵੀ ਇਤਹਾਸ ਕਾਰ ਉਤੇ ਕਿਸੇ ਤਰਾਂ ਦੀ ਅਜੇ ਕੋਈ ਅਲੋਚਨਾਂ ਕਰਨ ਦਾ ਖਿਆਲ ਨਹੀ ਰਖਦਾ? ਅਤੇ ਕੇਵਲ ਪੁਰਾਣੇ ਇਤਾਸ ਕਾਰਾਂ ਦੇ ਦ੍ਰਸਟੀ ਕੋਣਾ ਅਨੁਸਾਰ ਸਿਖ ਇਤਹਾਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਸਬੰਧੀ ਪਏ ਹੋਏ ਮਤ ਭੇਦਾਂ ਦਾ ਹੀ ਨਮੂਨਾਂ ਖੋਜੀ ਸਜਨਾਂ ਦੀ ਸੇਵਾ ਵਿਚ ਪੇਸ਼ ਕਰਾਂਗਾ। ਆਸ ਹੈ! ਪਾਠਿਕ ਇਸ ਮਜਮੂਨ ਨੂੰ ਬੜੀ ਦਿਲ ਚਸਪੀ ਨਾਲ ਪੜਨ ਦੀ ਕ੍ਰਿਪਾਲਤਾ ਕਰਨਗੇ।

ਸੂਰਜ ਪ੍ਰਕਾਸ਼ ਅਨੁਸਾਰ ਗੁਰੂ ਜੀ ਦਾ ਅਵਤਾਰ

ਮਾਸ ਵਿਸਾਖ ਹੁਤੋ ਅਭਿਰਾਮ।
ਰਹੀ ਜਾਮਨੀ ਸਵਾ ਸੁ ਜਾਮ॥
ਸੋਲਹ ਸੋ ਉਨਹਤਰਾ ਸਾਲ।
ਬਦੀ ਪੰਚਮੀ ਥਿਤ ਤਿਸ ਕਾਲ॥ ੩੫
ਸੇ ਬਧਮਾਨ ਧਾਇ ਤੇ ਹੋਏ।
ਦਾਸੀ ਦਾਸ ਹਰਖ ਸਭ ਕੋਇ॥
ਬਾਲਕ ਜਨਮਯੋ ਭਇਯੋ ਅਨੰਦ।
ਰਖ ਬੇ ਹਿਤ ਜਗ ਬੀਜ ਹਿੰਦ॥ ੩੬
ਭਈ ਭੋਰ ਜੱਹ ਕੱਹ ਸੁਧਿ ਹੋਈ।
ਗੁਰੂ ਬਧਾਈ ਦੇ ਸਭ ਕੋਈ॥
ਬਹੁ ਮੰਗਲ ਕੇ ਬਾਜਿਤ ਬਾਜੇ।
ਬੰਦਰ ਵਾਰੇ ਦ੍ਵਾਰਿਨ ਸਾਜੇ॥ ੩੮
ਰਾਸ ੫ ਅੰਸੂ ੬੩

ਅਰਥਾਤ— ਸਾਹਿਬ ਸ੍ਰੀ ਗੁਰੂ ਹਰ ਗੋਬਿੰਦ ਜੀ ਦੇ ਗ੍ਰਹਿ ਮਾਤਾ ਨਾਨਕੀ ਜੀ ਦੀ ਕੁਖੋਂ ਵੈਸਾਖ ਵਦੀ ਪੰਚਮੀ ਸੰਮਤ ੧੬੬੯ ਬਿ. ਨੂੰ ਡਰੋਲੀ ਨਗਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅਵਤਾਰ ਹੋਇਆ।

ਸ੍ਰੀ ਗੁਰੂ ਜੀ ਦੀ ਸਗਾਈ ਤੇ ਵਿਆਹ

ਸਾਹਿਬ ਜਾਦਾ ਬਬਾ ਸੂਰਜ ਮਲ ਦੇ ਵਿਆਹ ਸਮੇ ਜਦ ਅੰਮ੍ਰਿਤਸਰ ਸੰਗਤ ਤੇ ਰਿਸਤੇ ਦਾਰ ਬਹੁਤ ਆਏ ਹੋਏ ਸਨ, ਇਨਾਂ ਵਿਚ ਹੀ ਲਾਲ ਚੰਦ ਨਾਮੇ ਇਕ ਖਤ੍ਰੀ ਮੇਲ ਵਿਚ ਆਇਆ ਹੋਇਆਸੀ, ਨਾਲ ਹੀ ਉਸਦੀ ਧਰਮ ਪਤਨੀ (ਸ੍ਰੀ ਬਿਸ਼ਨ ਕੌਰ) ਆਈ ਹੋਈ ਸੀ ਸ੍ਰੀ ਤੇਗ ਬਹਾਦਰ ਬਾਲਿਕ ਨੂੰ ਵੇਖਕੇ ਜਿਵੇਂ ਇਨਾਂ ਨੇ ਸਾਹਬ ਜਾਦੇ ਨੂੰ ਪਸੰਦ ਕੀਤਾ ਅਤੇ ਸਗਾਈ ਕੀਤੀ ਉਸਦਾ ਵਰਨਨ ਗੁਰੂ ਸੂਰਜ ਪ੍ਰਕਾਸ਼ ਵਿਚ ਇਸ ਪ੍ਰਕਾਰ ਹੈ:—

ਲਾਲ ਚੰਦ ਇਕ ਖਤ੍ਰੀ ਤਹਾਂ,
ਤਿਸੀ ਮੇਲ ਮਹਿ ਮੇਲੀ ਅਹਾ।
ਬਿਸ਼ਨ ਕੁਇਰ ਤਿਸ ਸੁੰਦਰਿ ਦਾਰਾ,
ਰੂਪ ਵਤੀ ਜਿਹ ਭਾਗ ਉਦਾਰਾ। ੨੩
ਗਨ ਤੀਯਨ ਮਹਿ ਬੈਠੀ ਤਹਾਂ,
ਤਿਨ ਸ੍ਰੀ ਤੇਗ ਬਹਾਦਰ ਲਹਾ।
ਬੂਝੇ ਕਿਤੇ ਸਨਬੰਧ ਨਹਿ ਭਯੋ,
ਸੁਨਤ ਪ੍ਰਮੁਦਤ ਬਿਚਾਰਨ ਕੀਓ। ੨੪
ਗਮਨੀ ਪਤਿ ਕੇ ਢਿਗ ਤਤਕਾਲਾ,
ਅਪਨ ਮਨੋਰਥ ਕਹਯੋ ਸੁ ਢਾਲਾ।.........
ਇਨ ਤੇ ਅਛੋ ਬਾਲ ਨ ਕੋਊ,
ਜਹਾਂ ਦੇਹਿ ਤਨੁਜਾ ਨਿਜ ਸੋਊ।
ਲਾਲ ਚੰਦ ਨੇ ਸੁਨ ਮਨ ਮਾਨੀ,
ਇਹ ਤੈਂ ਨੀਕੀ ਬਾਕ ਬਖਾਨੀ। ੨੭
ਇਸ ਕਾਰਜ ਮੈਂ ਬਿਲਮ ਨ ਕੀਜੈ,
ਦਿਜ ਕੋ ਆਜ ਤਹਾਂ ਪਠ ਕੀਜੈ।
ਦੰਪਤਿ ਕਹਿ ਇਹ ਆਪਸ ਮਹੀਆ,
ਬ੍ਰਿਪ ਬੁਲਾਇ ਪਠਯੋ ਤਬ ਤਹੀਆ।.........
ਬ੍ਰਿਪ ਅਸੀਰ ਬਾਦ ਕਉ ਦੀਨਾ,

ਤਬ ਗੁਰਦਾਸ ਪ੍ਰਥਕ ਕਰ ਲੀਨਾ।
ਸਕਲ ਬਾਰਤਾ ਕਹਿ ਸਮਝਾਈ,
ਗੁਰ ਸੁਤ ਹਿਤ ਮੈ ਆਨ ਸਗਾਈ। ੩੦
ਸੁਨ ਗੁਰ ਢਿਗ ਗਮਨਯੋ ਤਬ ਭਾਈ,
ਕਹੀ ਬਾਰਤਾ ਕ੍ਰਿਪ ਬਤਾਈ।........
ਅਬ ਸ੍ਰੀ ਤੇਗ ਬਹਾਦਰ ਧੀਰ,
ਬਾਲ ਆਰਬਲਾ ਦਿਪਤ ਸਰੀਰ।
ਤਿਸ ਮਸਤਕ ਨਿਕਸਾਵਹੁ ਟੀਕਾ
ਕਰੋ ਸੁਧਾਵਨ ਸਮੋ ਸੁ ਨੀਕਾ।੪੦।...
ਤਬ ਭਾਈ ਨੇ ਗਣਕ ਬੁਲਾਯ,
ਲੇ ਸਤਿਗੁਰ ਕੇ ਨਿਕਟ ਬਿਠਾਯੋ।
ਸੋਧ ਮਹੂਰਤ ਭਲੇ ਸੁਨਾਯੋ,
ਆਨ ਬਿਪ੍ਰ ਕੋ ਤਬਹਿ ਦਿਖਾਯੋ।੪੩।......
ਸ੍ਰੀ ਹਰ ਗੋਵਿੰਦ ਕੇ ਢਿਗ ਸਾਦਰ,
ਆਨ ਬਿਠਾਏ ਤੇਗ ਬਹਾਦਰ।
ਦਿਜ ਨੇ ਦੇਖ ਅਨਦ ਕੋ ਧਾਰਾ,
ਮੁਖ ਪੰਕਜ ਮਹਿ ਦੀਨ ਛੁਹਾਰਾ।।੪੪।...
ਬਾਜ ਉਠੇ ਦੁੰਦਭਿ ਸਦਯਾਨੇ,
ਕੌਤਕ ਹੋਤ ਅਨੇਕ ਮਹਾਨ।।੪੫।...

ਗੁਰੂ ਸੂਰਜ ਪ੍ਰਕਾਸ ਰਾਸ ੭ ਅੰਸੂ ੭

ਸਗਾਈ ਹੋ ਜਾਣ ਤੋਂ ਬਾਦ ਸ੍ਰੀ ਗੁਰੂ ਹਰ ਗੋਵਿੰਦ ਜੀ ਅਨੇਕ ਕੌਤਕ ਕਰਕੇ ਕਰਤਾਰ ਪੁਰ (ਬਿਆਸ) ਵਿਚ ਰਹਿੰਦਿਆ ਜਿਸ ਉਤਸਾਹ ਨਾਲ ਸਾਹਬ ਜਾਦੇ (ਸ੍ਰੀ ਗੁਰੂ ਤੇਗ ਬਹਾਦਰ ਜੀ ਦਾ) ਵਿਆਹ ਕੀਤਾ ਉਜਦਾ ਵਰਨਨ ਭੀ ਭਾਈ ਜੀ ਇੰਵ ਕਰਦੇ ਹਨ :-

ਜਬ ਬਯਾਹ ਦਿਵਸ ਨਯਰਾਏ
ਸਨਬੰਧੀ ਸਕਲ ਬੁਲਾਏ।.. ....
ਗਨ ਢੋਲਕ ਢੋਲ ਬਜਾਵੈ,
ਬਡ ਦੁੰਦਭਿ ਨਾਦ ਉਠਾਵੈਂ।
ਤਬ ਮੁਰਲੀ ਝਾਂਝ ਬਿਸਾਲਾ,
ਮਿਲਿ ਪਟਹਿ ਨਫੀਰੀ ਜਾਲਾ।।੩੯।......
ਕਰ ਕੰਙਨਾ ਬਾਧਨ ਕੀਨਾ,
ਬਹੁ ਦਾਨ ਦਿਜਨ ਕੋ ਦੀਨਾ।
ਮਿਲ ਗਾਵਤ ਕੋਕਿਲ ਬੈਨੀ,
ਬਡ ਤੀਛਣ ਪੰਕਜ ਨੈਨੀ।੪੭।...
ਗਨ ਮਿਲੀ ਬਰਾਤ ਸੁਹਾਈ,
ਦੁਤ ਬਸਨ ਬਿਭੂਖਨ ਛਾਈ।...........
ਧਰ ਭੂਖਨ ਬਸਤ੍ਰ ਨਵੀਨੇ,
ਬਨ ਛੈਲ ਵਿਰਤ ਰਸ ਲੀਨੇ।...........
ਗਨ ਬਾਦਤ ਬਜੇ ਬਿਸਾਲੇ,
ਸਭ ਅਗੇ ਦੂਲਹ ਚਾਲੇ।...........
ਸਿਰ ਸੇਖਰ ਸੁੰਦਰ ਸੋਭੇ,
ਨਰ ਨਾਰ ਪਿਖਤ ਮਨ ਲੋਭੇ।...........

(ਰਾਸ ੮ ਅੰਸੂ ੫)

ਤਬ ਆਤਸ ਬਾਜੀ ਛੋਰੇ,
ਚਡ ਜਾਤ ਗਗਨ ਕੀ ਓਰੇ।...........
ਬਹੁ ਝਾਰ ਮਤਾਬੀ ਘਾਰੀ,
ਜਨ ਫੂਲ ਰਹੀ ਫੁਲਵਾਰੀ।...........
ਘਰ ਲਾਲ ਚੰਦ ਕੇ ਜਾਈ,
ਗਨ ਪੰਕਤ ਕਰ ਬੈਠਾਈ।...........
ਬਹੁ ਸੁੰਦਰ ਦਏ ਅਹਾਰਾ,
ਸਭ ਅਚਹਿ ਸ੍ਵਾਦ ਲੈ ਭਾਰਾ।...........
ਧਨ ਡਾਰ ਜੂਠ ਮਹਿ ਆਏ,
ਨਿਜ ਡੇਰੇ ਬਿਖੈ ਸੁਹਾਏ।
ਨਿਸ ਤੁਦ ਜਾਮ ਜਬ ਬੀਤੀ,
ਹਿਤ ਲਾਵਾਂ ਦੇਨ ਸੁ ਪ੍ਰੀਤੀ।੯।
ਨਰ ਪਠ ਕਰ ਗੁਰੂ ਬੁਲਾਏ,
ਲਖ ਸਮ ਤੁਰਤ ਚਲ ਆਏ।
ਸ੍ਰੀ ਤੇਗ ਬਹਾਦਰ ਬੈਠੇ,
ਜਿਹ ਬੇਦੀ ਸੁੰਦਰ ਹੈ ਸੇ।
ਗਣ ਪਤ ਸੁਰ ਪੂਜਨ ਕੀਨੇ,
ਤਿਹ ਜਥਾ ਜੋਗ ਧਨ ਦੀਨੇ।
ਸ੍ਰੀ ਗੁਜਰੀ ਕੋ ਲੈ ਆਏ,
ਤਿਸ ਬਾਮ ਬਿਖੈ ਬੈਠਾਏ।
ਕਰ ਪੂਜਾ ਅਗਨਿ ਪ੍ਰਕਾਸੀ,
ਬਿਚ ਹਵੀ ਪਾਇ ਬਹੁ ਭਾਸੀ।
ਦਿਜ ਬਚ ਤੇ ਫਿਰ ਕਰ ਫੇਰੇ,
ਸਭ ਲਾਗ ਦਿਯੋ ਤਿਸ ਬੇਰੇ।
ਕਰ ਰੀਤ ਜਥੋ ਚਿਤ ਸਾਰੀ,

ਚਲ ਆਏ ਡੇਰ ਮਝਾਰੀ।
ਤਬ ਸੰਮਤ ਸੋਰਹਿ ਸੈਯਾ;
ਬਿਤ ਅਪਰ ਉਨਨਤ ਭੈਯਾ। *

(ਵਿਸਥਾਰ ਵਾਸਤੇ ਵੇਖੋ ਸੂ. ਰਾਸ ੮ ਅੰਸੂ ੬) ਅਰਥਾਤ –ਬੇਦ ਰੀਤੀ ਅਨੁਸਾਰ ੧੪ ਅਸੂ ਸੰਮਤ ੧੬੮੯ ਨੂੰ ਕਰਤਾਰ ਪੁਰ ਵਿਚ ਸਹਿਬ ਜਾਦੇ(ਸ੍ਰੀ ਤੇਗ ਬਹਾਦਰ ਜੀ ਦਾ ਵਿਆਹ ਮਾਤਾ ਗੁਜਰੀ ਜੀ ਨਾਲ ਹੋਇਆ।

ਅੰਤਰ ਜਾਮੀ ਸ੍ਰੀ ਗੁਰੂ ਹਰ ਗੋਵਿੰਦ ਸਾਹਿਬ ਜੀ ਨੇ (ਮਾਤਾ ਨਾਨਕੀ ਜੀ ਦੇ ਉਦਾਸ ਰਹਿਣ ਤੇ ਕਿ ਮੇਰੇ ਪੁਤ੍ਰ ਨਾਲ ਇਤਨਾ ਪਿਆਰ ਨਹੀ ਕਰਦੇ ਜਿਤਨਾ ਹੋਰ ਪੁਤਰਾਂ ਤੇ ਪੋਤਰਿਆਂ ਨਾਲ ਕਰਦੇ ਹਨ? ਸ਼ਾਇਦ ਇਸ ਲਈ ਕਿ ਇਹ ਸਾਧੂ ਬ੍ਰਿਤੀ ਵਿਚ ਰਹਿੰਦਾ ਹੈ ਅਤੇ ਇਸਦੇ ਭਵਿਖਤ ਵਿਚ ਕੀ ਬਣੇਗਾ) ਇਹਨਾਂ ਬਾਬਤ ਜੋ ਵਰਦਾਨ ਦਿਤੇ ਉਸਦਾ ਵਰਨਨ ਭਾਈ ਸਾਹਿਬ ਇੰਵ ਕਰਦੇ ਹਨ–

ਇਕ ਬਾਸਰ ਸਤਿਗੁਰੂ ਘਰ ਮਾਹੀ
ਬੈਠੀ ਹੁਤੀ ਨਾਨਕੀ ਪਾਹੀ।
ਤੇਗ ਬਹਾਦਰ ਤਬ ਚਲ ਆਏ
ਪਿਤ ਗੁਰ ਦ੍ਰਸਨ ਕਰਨ ਲਲਚਾਏ। ੨੨।
ਸਾਦਰ ਨਿਕਟ ਬਿਠਾਵਨ ਕੀਨ
ਬੰਦਨ ਕਰਤ ਗਹੀ ਭੁਜ ਪੀਨ।
ਬੈਠੇ ਤਰੇ ਬਿਲੋਚਨ ਕਰੇ
ਪਿਤਾ ਨਿਕਟ ਨਹਿ ਉਚ ਨਿਹਰੇ। ੨੩।
ਲਖ ਅਵਿਕਾਸ ਇਕਾਕੀ ਕੰਤ
ਕਹਤ ਨਾਨਕੀ ਸੁਣ ਭਗਵੰਤ।
ਸਭ ਤੇ ਲਘੁ ਨੰਦਨ ਇਹੁ ਮੇਰੋ
ਜਿਸਕੋ ਸੂਧ ਸੁਭਾਵ ਬਡੇਰੋ। ੨੪।
ਪੁਤ੍ਰ ਆਪਕੇ ਅਪਰ ਬਡੇਰੇ
ਚਿਤ ਜਾਨਤ ਬਿਵਹਾਰ ਘਨੇਰੇ।
ਘਰ ਕੇ ਕਾਜ ਸੰਭਾਰਨ ਕਰੇ
ਲੈਨ ਰੁ ਦੇਨ ਜਥੋ ਚਿਤ ਧਰੇ। ੨੫।
ਸਰਬ ਪ੍ਰਕਾਰਨ ਚਹਤ ਬਡਾਈ
ਮਿਲਹਿ ਮਸੰਦ ਜਿਨਹੁ ਸਮਦਾਈ।
ਇਹ ਮਮ ਸੁਤ ਨਹਿ ਜਾਨਤ ਕੋਈ
ਰਹਿਤ ਇਕਾਕੀ ਤੂਸਨ ਹੋਈ। ੨੬।
ਸੁਣ ਕਰ ਸ੍ਰੀ ਮੁਖ ਤੇ ਮੁਸਕਾਏ
ਸੁਤ ਕੀ ਦਿਸਾ ਬਿਲੋਚਨ ਲਾਏ।
ਪਿਖ ਸ੍ਰੀ ਹਰ ਗੁਵਿੰਦ ਬਖਾਨਾ
ਕਹਾਂ ਭੋਲੀਏ ਭੇਵ ਪਛਾਨਾ।
ਅਜਰ ਜਰਨ ਉਰ ਧੀਰ ਧੁਰੰਤਰ
ਇਸ ਮਨਿੰਦਨ ਅਪਰ ਜਗ ਅੰਦਰ।
ਇਸਕੇ ਪੁਤ੍ਰ ਹੋਏ ਬਲਵੰਡ
ਤੇਜ ਪਤਾਪ ਝੁੰਡ ਖਲ ਖੰਡ। ੩੦।
ਜਗਤ ਗੁਰੂ ਗੁਰ ਨਾਨਕ ਕੇਰਾ
ਨਾਮ ਕਰੇ ਉਜਲ ਬਹੁ ਤੇਰਾ
ਸੁਨਤ ਅਨੰਦ ਨਾਨਕੀ ਹੋਈ
ਬੰਦਨ ਕੀਨ ਬੰਦ ਕਰ ਦੋਈ।

ਸੂ. ਪ੍ਰ. ਰਾਸ ੮ ਅੰਸੂ ੩੮

ਬੰਸਾ ਵਲੀ ਨਾਮਾ (ਕ੍ਰਿਤ ਭਾਈ ਕੇਸਰ ਸਿੰਘ ਛਿਬਰ) ਦੁਆਰਾ

ਸ੍ਰੀ ਗੁਰੂ ਦਾ ਅਵਤਾਰ :–

---

* ਜਿਹੜੇ ਅਜਕਲ ਦੇ ਕੁਝ ਵਿਦਵਾਨ ਪੁਰਾਤਨ ਤੇ ਸਨਾਤਨੀ ਖਿਆਲ ਰਖਨ ਵਾਲਿਆ ਨੂੰ ਬ੍ਰਾਹਮਨ ਵਾਦੀ ਤੇ ਮਨ ਮਤੀ ਆਦਿਕ ਨਾਵਾਂ ਨਾਲ ਸੰਬੋਧਨ ਕਰਕੇ ਆਪਨੇ ਆਪ ਨੂੰ ਗੁਰੂ ਮਤੀਏ ਤੇ ਦਸਾਂ ਗੁਰੂਆਂ ਦੇ ਵਿਰਾਸ਼ਤੀ (ਹਕੀ) ਸਿਖ ਸਮਝਦੇ ਤੇ ਅਖਵਾਉਂਦੇ ਹਨ। ਉਨਾਂ ਨੂੰ ਪਹਿਲਾਂ ਗੁਰੂ ਸੂਰਜ ਪ੍ਰਕਾਸ ਵਿਚੋਂ ਸਾਰੇ ਗੁਰੂ ਪਰਵਾਰਾਂ ਦੇ ਵਿਆਹਾਂ ਦਾ ਅਧਿਐਨ ਕਰਨਾ ਚਾਹੀਦਾ ਹੈ ਇਹ ਤਿਕ ਫਖ਼ਰ ਯੋਗ ਗਲ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਿਥੇ ਜਨਮ, ਵਿਆਹ,ਤੇ ਮਰਨ ਸ਼ਮੇ ਦੇ ਸਾਰੇ ਕੰਮਾਂ ਨੂੰ ਨਿਟੋਲ ਗੁਰੂ ਮਤ ਦੇ ਸਚੇ ਵਿਚ ਢਾਲਿਆ ਤੇ ਬੇਦ ਮੰਤ੍ਰ ਦੇ ਥਾਂ ਗੁਰਬਾਣੀ ਨੂੰ ਤਰਜੀਹ ਦਿਤੀ,ਉਥੇ ਵਿਆਹ ਸਬੰਧੀ ਲਾਵਾਂ ਵਿਚ ਗੁਰੂ ਰਾਮ ਦਾਸ ਜੀ ਵਲੋਂ ਲਿਖੇ ਹੋਏ ਹੁਕਮ ਕਿ– "ਵੇਦ ਧਰਮ ਦ੍ਰਿੜਹੁ" ਅਨੁਸਾਰ ਹਵਨ ਵੇਦੀ ਦੇ ਫੇਰਿਆਂ ਨੂੰ ਹੀ ਬਦਸਤੂਰ ਜਾਰੀ ਰਖਿਆ। ਲੇਖਕ

ਭਾਈ ਸੰਤੋਖ ਸਿੰਘ ਜੀ ਕਰਤਾ ਗੁਰੂ ਸੂਰਜ ਪ੍ਰਕਾਸ ਜੀ ਜਿਥੇ ਗੁਰੂ ਜੀ ਦਾ ਅਵਤਾਰ ਵਿਸਾਖ ਬਦੀ ਪੰਚਮੀ ਸੰਮਤ ੧੬੬੯ ਦਾ ਲਿਖਦੇ ਹਨ ਉਥੇ ਭਾਈ ਕੇਸਰ ਸਿੰਘ ਜੀ ਛਿਬਰਨੇ ਆਪਣੇ ਪੁਸਤਕ ਬੰਸਾਵਲੀ ਨਾਮੇ ਵਿਚ ਸ੍ਰੀ ਗੁਰੂ ਜੀ ਦਾ ਅਵਤਾਰ ਇੰਵ ਲਿਖਿਆ ਹੈ :-

" ਸੰਮਤ ਸੋਲਾਂ ਸੈ ਅਠੱਤਰ ਸੇ ਗਏ।
ਦਿਨ ਮਘਰ ਉਨੀ ਸੈ ਭਏ।
ਕ੍ਰਿਸਨਾ ਪਖ ਰੈਨ ਰਹੀ ਡਢ ਜਾਮ।
ਬਿਸਾਖਾ ਨਛਤ੍ਰ ਜਨਮੇ ਸ੍ਰੀ ਤੇਗ ਬਹਾਦਰ ਨਾਮ
(ਪਰਖ ੧੯੭੨ ਦਾ ਬੰਸਾਵਲੀ ਨਾਮਾ ਅੰਕ ਪੰਨਾ ੮੧)

ਜਦੋ ਕਿ ਭਾਈ ਸਾਹਿਬ ਸ੍ਰ. ਕਾਨ੍ਹ ਸਿੰਘ ਜੀ ਮਹਾਨ ਕੋਸ਼ ਵਿਚ ਸ੍ਰੀ ਗੁਰੂ ਜੀ ਦਾ ਅਵਤਾਰ ਇੰਵ ਦਸਦੇ ਹਨ :-

ਤੇਗ ਬਹਾਦਰ ਸਤਿਗੁਰੂ –
ਸਿਖ ਕੌਮ ਦੇ ਨੌਵੇ ਬਾਦਸ਼ਾਹ.
ਜਿਨਾਂ ਦਾ ਜਨਮ ੫ ਵੈਸ ਖ (ਵੈਸਾਖ ਵਦੀ ੫) ਸੰਮਤ ੧੬੭੮ ਨੂੰ ਗੁਰੂ ਹਰ ਗੋਵਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਜੀ ਤੋਂ ਅੰਮ੍ਰਿਤ ਸਰ ਹੋਇਆ। (ਮਹਾਨ ਕੋਸ਼ ਪੰਨਾ ੪੪੯)

ਅਵਤਾਰ ਤੋਂ ਅਗੇ ਗੁਰੂ ਜੀ ਦੇ ਵਿਆਹ ਦਾ ਸੰਮਤ (ਜਿਥੇ ਸੂਰਜ ਪ੍ਰਕਾਸ਼ ਦੇ ਕਰਤਾ ਨੇ ੧੫ ਅਤੂ ਸੰਮਤ ੧੬੮੯ ਲਿਖਿਆ ਹੈ) ਭਾਈ ਕੇਸਰ ਸਿੰਘ ਜੀ ਨੇ ਇੰਵ ਲਿਖਿਆ ਹੈ ਕਿ :-

ਸੰਮਤ ਸੋਲਾਂ ਸੈ ਛਿਆਸੀ ਜਬ ਗਏ
ਕਰਤਾਰ ਪੁਰ ਮੈ ਕਾਰਜ ਕਰ ਲਏ।
ਧਾਮ ਸੁਭਿਖਿਆ ਸਹੁਰੇ ਜਾਤ।
ਤਿਨਕੇ ਬਿਆਹੁ ਕੀਆ ਅਧ ਰਾਤਿ।
ਪੰਨਾ-੮੧
ਮਾਤਾ ਗੁਜਰੀ ਆਈ ਤਾਕੇ ਧਾਮ।
ਰਹਿਣ ਤੀਰ ਪਿਤਾਕੇ ਕਛ ਨਕਾਮ।..........
ਪਰਖ - ਪੰਨਾ ੯੧

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਤੋਂ ਬਾਦ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ-ਗਦੀ ਪ੍ਰਾਪਤ ਤਕਦੇ ਮੱਧਕਾਲੀ ਇਤਹਾਸਿਕ ਤੱਥ-

ਇਸ ਤੋਂ ਪਹਿਲਾਂ ਕਿ ਮੈਂ ਚਲ ਰਹੇ ਇਤਹਾਸਿਕ ਪ੍ਰਸੰਗ ਵਿਚ ਨਾਂਵੇ ਗੁਰੂ ਜੀ ਦੀ ਗੁਰਤਾ ਪ੍ਰਾਪਤੀ ਦਾ ਹਾਲ ਲਿਖਾਂ ਸਾਹਿਬ ਸ੍ਰੀ ਗੁਰੂ ਹਰ ਗੋਬਿੰਦ ਜੀ ਦੇ ਜੋਤੀ ਜੋਤ ਸਮ ਉਣ ਅਥਵਾ ਬੀਬੀ ਭਾਨੀ ਜੀ ਦੇ ਵਕਤ ਦਾ ਕੁਝ ਹਾਲ (ਜਦੋਂ ਸਿਖ ਇਤਹਾਸਾਂ ਦੇ ਲਿਖਨ ਅਨੁਸਾਰ ਬੀਬੀ ਜੀ ਨੇ ਸ਼ਾਹਿਬ ਸ੍ਰੀ ਗੁਰੂ ਅਮਰ ਦੇਵ (ਅਪਨੇ ਪਿਤਾ) ਜੀ ਤੋਂ "ਗੁਰਿਆਈ ਘਰ ਦੀ ਘਰ ਵਿਚ ਰਖਨ ਦਾ ਵਰ ਪ੍ਰਾਪਤ ਕੀਤਾ ਸੀ) ਪਾਠਿਕਾਂ ਦੀ ਸੇਵਾ ਵਿਚ ਵਰਨਨ ਕਰਨਾ ਜਰੂਰੀ ਸਮਝਦਾ ਹਾਂ; ਕਿਉ ਕਿ ਸ੍ਰੀ ਗੁਰੂ ਰਾਮ ਦਾਸ ਪਾਤਸ਼ਾਹ ਤੋਂ ਬਾਦ ਜਿਥੇ ਗੁਰੂ ਗਦੀ ਸੋਢੀ ਵੰਸ ਵਿਚ ਰਹਿਣ ਲਗ ਪਈ, ਉਥੇ ਨਾਲ ਹੀ ਗੁਰ ਗਦੀ ਰੂਪੀ ਫੁਲ ਦੇ ਦੁਆਲੇ ਤਿਖੇ ਤਿਖੇ ਤੇ ਲੰਮੇ ਲੰਮੇ ਕੰਡੇ ਵੀ ਸੋਢੀ ਵੰਸ ਵਿਚੋਂ ਹੀ ਨਿਕਲ ਆਏ। ਜਿਨਾਂ ਦੇ ਕਾਰਨ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਅਗੇ ਗੁਰੂ ਗਦੀ ਦੇ ਵਿਰਾਸਤੀ ਹੱਕ ਦੇ ਝਗੜੇ ਆਰੰਭ ਹੋ ਗਏ। ਜਿਨਾਂ ਦੇ ਫਲ ਸਰੂਪ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ੫ ਸਾਲ ਦੀ ਉਮਰ ਵਿਚ ਗੁਰੂ ਗਦੀ ਦਾ ਬੋਝ ਬ੍ਰਦਾਸਤ ਕਰਨਾਂ ਅਤੇ ਸਗੋਂ ਅਪਨੇ ਤੋਂ ਬਾਦ ਨਾਵੇਂ ਪਾਤ-ਸ਼ਾਹ ਦਾ ਨਾਮ ਦਸਨ ਤੋਂ ਭੀ ਸੰਕੋਚ ਰਖਣਾ ਪਿਆ

ਸੂਰਜ ਪਕਾਸ਼ ਵਿਚ ਬੀਬੀ ਭਾਨੀ ਦੇ ਵਰਦਾਨ ਪ੍ਰਾਪਤ ਅਤੇ ਸ੍ਰੀ ਗੁਰ ਅਮਰ ਦਾਸ ਜੀ ਵਲੋਂ ਵਰ ਦੇ ਨਾਲ ਹੀ ਸਰਾਪ ਰੂਪੀ ਕੀਤੇ ਬਚਨ ਦਾ ਵਰਨਨ ਕਿਸ ਪ੍ਰਕਾਰ ਕੀਤਾ ਹੋਇਆ ਹੈ।

ਸ੍ਰੀ ਸਤਿਗੁਰੂ ਰਾਮ ਦਾਸ ਜੀ ਨੂੰ ਜਦ ਸ੍ਰੀ ਗੁਰੂ ਅਮਰ ਦਾਸ ਨੇ ਗੁਰੂ ਗਦੀ ਬਖਸ਼ ਦਿਤੀ ਤਾਂ

"ਉਠ ਕਰ ਵਡ ਭਾਗਨ ਤਬ ਭਾਨੀ।

ਪਿਤ ਆਗੈ ਕਰ ਜੋਰ ਬਖਾਨੀ॥
ਹੇ ਪ੍ਰਭ ਤੁਮ ਬਖਸ਼ੀ ਗੁਰਿਆਈ।
ਰਹੈ ਹਮਾਰੇ ਬੰਸ ਸਦਾਈ ॥
ਹੋਇ ਨ ਅਸ ਕੋ ਦਾਸ ਅਗਾਰੀ।
ਕਰ ਸੇਵਾ ਲੇਵਹਿ ਪਦ ਭਾਰੀ॥
ਬਰ ਨਿਜ ਦੇਹ ਨ ਜਾਵਹਿ ਆਨ।
ਰਹਹਿ ਸਥਿਰ ਅਬ ਇਸਹੀ ਥਾਨ ॥
ਸੁਨਤ ਕ੍ਰਿਪਾਲ ਹੋਹਿ ਬਚ ਕਹੇ।
ਨਹਿ ਕਿਤ ਜਾਹਿ ਤੁਮਹ ਘਰ ਰਹੇ॥
ਤਊ ਬਿਲਮ ਸਲਤਾ ਜਲ ਚਲਤਾ।
ਪਯਹੁ ਬੰਧ ਨ ਆਗੇ ਢਲਤਾ ॥
ਹੋਹਿ ਕਲੇਸ ਉਪਦ੍ਰਵ ਭਾਰੇ ।
ਜਿਨ ਕਉ ਕੋਨ ਸਕਹਿ ਨਿਵਾਰੇ॥
ਲਛਮੀ ਸੁ ਨਾਨਕ ਫਿਰ ਗਈ।
ਦ੍ਵਾਦਸ ਕੋਸ ਦੂਰ ਥਿਰ ਥਈ ॥
ਖਡੂ ਕੋਸ਼ ਗੁਰੂ ਅੰਗਦ ਰਾਖੀ।
ਨਿਕਟ ਹਦਿ ਕੋ ਤਿਨਹੁ ਨ ਭਾਖੀ॥
ਆਨ ਹਮਾਰੇ ਠਾਢੀ ਦਵਾਰ ।
ਕਰਯੋ ਅਪਨੋ ਜੋਰ ਉਦਾਰ ॥
ਪੈ ਸਕਾਰ ਅੰਤਰ ਨਹਿ ਭਯੋ ।
ਖਰੀ ਰਹੀ ਦਰ ਪਰ ਹਿਤ ਲਯੋ॥
ਅਬਿ ਤੁਮਰੇ ਘਰ ਬਿਖੈ ਪ੍ਰਵੇਸੀ।
ਬਿਘਨ ਕਲੇਸਨ ਬਿਖੈ ਬਿਸੇਸੀ॥

ਸੂਰਜ ਪ੍ਰਕਾਸ਼ ਰਾਸੀ੧ ਅੰਸੂ ੬੭

ਏਸੇ ਵਰ ਸਰਾਪ ਵਾਲੇ ਵਾਰਤਾ ਲਾਪ ਨੂੰ ਤਵਾਰੀਖ ਗੁਰੂ ਖਾਲਸਾ ਹਿਸਾ ਪਹਿਲਾ ਵਿਚ ਗਿ. ਗਿਆਨ ਸਿੰਘ ਜੀ ਇਸਤਰਾਂ ਲਿਖਦੇ ਹਨ :–

"ਬਚਨ ਕੀਤਾ ਬੀਬੀ ! ਤੇਰੀ ਸੇਵਾ ਥਾਇ ਪਈ ਹੈ, ਕੁਝ ਮੰਗ ? ਤਾਂ ਬੀਬੀ ਜੀ ਨੇ ਹਥ ਜੋੜਕੇ ਆਖਿਆ, ਜੇ ਤੁਠੇ ਹੋ, ਤਾਂ ਮੇਰੇ ਪਤੀ ਨੂੰ ਐਸੀ ਗੁਰਿਆਈ ਬਖਸ਼ੋ, ਜੋ ਫਿਰ ਮੇਰੀ ਕੁਲ ਵਿਚ ਹੀ ਰਹੇ ।

ਗੁਰੂ ਅਮਰ ਦਾਸ ਜੀ ਥੋੜਾ ਚਿਰ ਚੁਪ ਕਰਕੇ ਬੋਲੇ, ਬੀਬੀ ਇਹ ਮੇਵਾ ਸੇਵਾ ਦਾ ਹੈ, ਤੇ ਸੋਭਦਾ ਵੀ ਸੇਵਕ ਨੂੰ ਹੀ ਹੈ ਦਾਅਵੇਦਾਰ ਨੂੰ ਨਹੀ ਸੋਭਦਾ। ਏਹ ਕਿਸੇ ਦੀ ਦਾਦੇ ਹਾਲੀ ਨਹੀ। ਜੇ ਮਲਕੀਅਤ ਸਮਝੀ ਜਾਊ ਤਾਂ ਰਹੂ ਨਾਹੀ। ਅਤੇ ਨਾਹੀ ਸੁਖ ਦੇਊ, ਝਗੜੇ ਕਲੇਸ ਕਰਨੇ ਪੈਣਗੇ। ਭਾਂਵੇ ਗੁਰੂ ਜੀ ਦੀ ਮਰਜੀ ਮੌਰੂਸੀ ਵਿਰਸ਼ਾ ਕਰਨ ਦੀ ਨਹੀ ਸੀ, ਪਰ ਬੀਬੀ ਨੇ ਤ੍ਰਿਯਾ ਹਠ ਨ ਛਡਿਆ। ਜਿਸਦਾ ਫਲ ਦਸਵੇਂ ਗੁਰੂ ਜੀ ਤਕ ਜੋ ਛੇ ਗੁਰੂ ਜੀ ਹੋਏ, ਉਹ ਕਲੇਸਾਂ ਵਿਚ ਹੀ ਉਮਰ ਕਟ ਦੇ ਰਹੇ, ਤੇ ਅੰਤ ਨੂੰ ਸੋਢੀਆਂ ਦੇ ਘਰ ਗੁਰਿਆਈ ਭੀ ਨ ਰਹੀ

ਤਵਾਰੀਖ ਗੁਰੂ ਖਾਲਸਾ ਪੰਨਾਂ ੩੪੧
ਪ੍ਰਕਾਸ਼ਿਤ - ਭਾਸ਼ਾ ਵਿਭਾਗ ਪਟਿਆਲਾ

ਏਸੇ ਤਰਾਂ ਮਹਿਮਾ ਪ੍ਰਕਾਸ (ਕ੍ਰਿਤ ਬਾਬਾ ਸਰੂਪ ਦਾਸ ਜੀ ਭੋਲਾ) ਵਿਚੋਂ ਵੀ ਅਜਿਹੇ ਸੰਕੇਤ ਮਿਲਦੇ ਹਨ ਜਿਹਾ ਕਿ :–

"ਪੁਨ ਬੀਬੀ ਜੀ ਬਿਨਤੀ ਕੀਨਾ।
ਨਿੰਮਰ ਭੂਤ ਹੋਇ ਮਨ ਅਧੀਨਾ।
ਹੇ ਸਤਿਗੁਰੂ ਕੀਆ ਬਖਸ਼ ਗੁਰਿਆਈ।
ਕੋਈ ਸੇਵਕ ਸੇਵਾ ਕਰ ਲੈ ਜਾਈ।
ਜੋ ਕੀਆ ਬਖਸ ਸਤਿਗੁਰੂ ਗੁਰਿਆਈ।
ਰਹੇ ਮੇਰੇ ਕੁਲ ਕਬਹੂ ਨ ਜਾਈ।
ਸੁਨਿ ਇਹੁ ਬਚਨ ਦਿਆਲ ਗੁਰ ਕਹੇ।
ਸਦਾ ਗੁਰਾਈ ਤੁਮ ਕੁਲ ਰਹੇ।
ਪਰ ਚਲਤਾ ਸਰ ਨਿਰਮਲ ਤੁਮ ਬੰਧਾ।
ਤਾ ਤੇ ਕਛੁ ਹੋਏ ਕਲੇਸ਼ ਕੋ ਧੰਧਾ।

ਮਹਿਮਾ ਪ੍ਰਕਾਸ਼ ਪੰਨਾ ੨੬੬
ਪ੍ਰ. ਭਾਸ਼ਾ ਵਿਭਾਗ ਪਟਿਆਲਾ

ਉਪ੍ਰੋਕਤ ਇਤਹਾਸਿਕ ਉਦਾਹਰਣਾਂ ਅਨੁਸਾਰ ਤੀਜੇ ਪਾਤਸ਼ਾਹ ਜੀ ਦੇ ਵਰ ਨਾਲ ਜਿਥੇ ਸ੍ਰੀ ਗੁਰੂ ਰਾਮਦਾਸ ਸਾਹਿਬ ਤੋਂ ਗੁਰਿਆਈ ਸੋਢੀ ਗੁਰੂ ਅੰਸ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੋਈ ਓਥੇ ਦਿਤੇ ਹੋਏ ਸਰਾਪ ਕਰਕੇ ਬਾਬੇ ਪ੍ਰਿਥੀ ਚੰਦ ਦੁਆਰਾ ਇਹ ਗੁਰਤਾ ਕਲੇਸ ਦਾ ਕਾਰਨ ਉਸੇ ਵਕਤ ਤੋਂ ਹੀ ਬਣ ਗਈ। ਫਿਰ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਦੇ ਵਕਤ (ਜਦੋਂ ਕਿ ਛੇਵੇਂ

ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਇਹਨਾਂ ਦੇ ਤਿੰਨ ਸਾਹਿਬ ਜਾਦੇ (ਬਾਬਾ ਸੂਰਜ ਮਲ, ਅਣੀ ਰਾਏ, ਅਤੇ ਬਾਬਾ ਤੇਗ ਬਹਾਦਰ ਸਾਹਿਬ, ਤੇ ਦੋ ਪੋਤ੍ਰੇ (ਧੀਰ ਮਲ ਤੇ ਸ੍ਰੀ ਹਰਿ ਰਾਏ ਜੀ) (ਬਾਬਾ ਗੁਰਦਿਤਾ ਜੀ ਦੇ ਸਪੁਤ੍ਰ) ਮੌਜੂਦ ਸਨ ਜਿਨਾਂ ਵਿਚੋਂ ਬਾਬਾ ਅਣੀ ਰਾਏ ਉਂਞ ਹੀ ਤਿਆਗੀ ਸਨ। ਅਤੇ ਸ੍ਰੀ ਤੇਗ ਬਹਾਦਰ ਜੀ ਵੀ ਘਰੋਗੀ ਜੁਮੇ ਵਾਰੀਆਂ ਵਲੋਂ ਕੁਝ ਬੇ ਪਰਵਾਹ ਹੋ ਰਹਿੰਦੇ, ਤੇ ਭਜਨ ਬੰਦਗੀ ਵਿਚ ਹੀ ਲੀਨ ਸਨ। ਅਤੇ ਭਾਵੇਂ ਗੁਰੂ ਜੀ ਇਨਾਂ ਦੀ ਗੁਰਤਾ ਬਾਬਤ ਮਾਤਾ ਨਾਨਕੀ ਜੀ ਨੂੰ ਕੁਝ ਸੰਕੇਤ ਦੇ ਵੀ ਚੁਕੇ ਹੋਏ ਸਨ। ਪਰ ਅੰਤ ਸਮੇ ਦੇ ਵਾਤਾ ਵਰਨ ਵਿਚ ਇਸ ਗੁਰੂ ਪਰਵਾਰ ਵਿਚ ਗੁਰਤਾ ਦੇਣ ਲੇਣ ਸਬੰਧੀ ਜੋ ਕਲੇਸ ਵਾਲੇ ਹਾਲਾਤ ਪੈਦਾ ਹੋਏ ਉਸਦਾ ਨਿਰੂਪਣ "ਕਰਤਾ ਸੂਰਜ ਪ੍ਰਕਾਸ" ਇੰਞ ਕਰਦਾ ਹੈ :–

ਸ੍ਰੀ ਗੁਰੂ ਹਰਿ ਰਾਏ ਜੀ ਨੂੰ ਗੁਰਤਾ ਦੇਣ ਸਮੇਂ :–

ਤੀਨਹੁ ਪੁਤ੍ਰ ਬਿਠਾਏ ਤੀਰ
ਸ੍ਰੀ ਗੁਰੂ ਹਰਿ ਗੋਵਿੰਦ ਬਰ ਬੀਰ।
ਪੈਸੇ ਪੰਚ ਨਾਲਿਯਰ ਏਕ
ਕਹਿ ਮੰਗਵਾਯੋ ਜਲਧ ਬਿਬੇਕ।...........
ਕੇਸਰ ਚੰਦਨ ਕੋ ਘਿਸਵਾਇ
ਕਲਗੀ ਜਗਾ ਲਈ ਮੰਗਵਾਇ।...........
ਇਮ ਕਹਿ ਆਪ ਉਠੇ ਗੁਰ ਪੂਰੇ
ਪੌਤ੍ਰ ਬਿਲੋਕਤ ਸ੍ਰੀ ਗੁਰ ਰੂਰੇ।
ਤੀਨ ਪ੍ਰਦਖਨਾ ਫਿਰ ਕਰ ਦੀਨ
ਪੈਸੇ ਪਾਂਚ ਨਾਲ੍ਹਿਯਰ ਲੀਨ।
ਖਰੇ ਹੋਏ ਧਰ ਭੇਟ ਅਗਾਰੀ
ਹਾਥ ਜੋਰ ਕਰ ਬੰਦਨ ਧਾਰੀ।
ਪੁਨ ਸਾਹਿਬ ਭਾਨੇ ਕੀਯ ਟੀਕਾ
ਕੀਨਸੁ ਕੁਲ ਮੋਢੀ ਮਹਿ ਨੀਕਾ।
ਪੁਨ ਸਭ ਕੋ ਗੁਰ ਕਹਯੋ ਸੁਨਾਇ
ਮਮ ਸਭ ਅਬ ਜਾਨਹੁ ਹਰਿਰਾਏ।੨੦।...
ਸੂ. ਰਾਸ ੮ ਅੰਸੂ ੫੩

ਗੁਰ ਗਦੀ ਦੀ ਰਸਮ ਹੋਣ ਉਪ੍ਰੰਤ :–

ਭਈ ਛੁਭਤ ਉਰ ਤਬ ਮਰਵਾਹੀ
ਜਿਸ ਕੋ ਹਿਤ ਹੋਯੋ ਕਿਮ ਨਾਹੀ।
ਮੋਹਿ ਪੁਤ੍ਰ ਉਚਤੀ ਸਭ ਬਾਤ
ਧਾਰਤ ਗੁਨਨ ਰਿਦਾ ਅਵਦਾਤ।...........
ਲਖ ਅਵਾਸ ਗੁਰੂ ਢਿਗ ਆਈ
ਬੈਠ ਅਪਨੀ ਬ੍ਰਿਥਾ ਸੁਨਾਈ॥
ਮੋ ਸੁਤ ਮਹਿ ਕਿਆ ਅਵਗੁਨ ਜਾਨਾ
ਜਿਸਤੇ ਰਾਖਯੋ ਛੂਛ ਸੇ ਜਾਨਾ।
ਕਹਾਂ ਕਰਹਿਗੇ ਰਾਵਰ ਪਾਛੈ
ਕਿਮ ਗੁਜਰਾਨ ਚਲਾਵੈਂ ਆਛੈ।...........
ਸੁਨ ਸ੍ਰੀ ਹਰਿ ਗੋਵਿੰਦ ਬਖਾਨੀ
ਕਯੋਂ ਚਿੰਤਾ ਚਿਤ ਕੀਨ ਮਹਾਨੀ।...........
ਮਤਸਰ ਆਦਿ ਤਯਾਗ ਉਰਦੀਜੈ
ਨਹੀਂ ਛੋਭ ਕੋ ਮਨ ਮਹਿ ਦੀਜੈ।...........
ਸੁਨ ਮਰਵਾਹੀ ਰਿਸ ਉਰ ਭਾਰੀ
ਕਰਹਿ ਬਾਰਤਾ ਟਾਰਨ ਵਾਰੀ।...........

ਅਰਥਾਤ :– ਮਾਤਾ ਮਰਵਾਹੀ ਜੀ ਨੇ ਬਾਬਾ ਸੂਰਜ ਮਲ ਜੀ ਨੂੰ ਗੁਰਤਾ ਨ ਦਿਤੀ ਜਾਣ ਕਰਕੇ ਬਹੁਤ ਰੋਸ ਕੀਤਾ ਅਤੇ ਇਹ ਸੋਚਕੇ ਕਿ :–

ਪਤਿ ਕੇ ਜੀਵਨ ਵਹਿਰ ਸਿਧਾਊ
ਕੈ ਅਬ ਵਸਤ ਇਨਹੁ ਤੇ ਪਾਊਂ॥
ਇਮ ਬਿਚਾਰ ਚਿਤ ਮਹਿ ਉਪਜਾਈ
ਗੁਰੂ ਨਿਕਟ ਤੇ ਉਠ ਕਰ ਆਈ।੯੭।
ਨਿਜ ਘਰ ਮਹਿ ਸਭ ਤੀਆਰੀ ਕੀਨ।
ਸੂਰਜ ਮਲ ਬੁਲਾਇ ਢਿਗ ਲੀਨ॥
ਸੁਨਹੁ ਪੁਤ੍ਰ ਅਬ ਕਿਆ ਹਮ ਕਾਜੂ।
ਕਰੇ ਨਿਰਾਸ ਗੁਰੂ ਮਹਾਰਾਜੂ॥
ਇਨ ਕੋ ਤਨ ਜਬ ਲਗ ਥਿਰ ਰਹੈ।
ਤਬ ਲੌ ਇਹਾ ਰਹਿਨ ਹਮ ਲਹੈ॥
ਪੁਨ ਹਰਿ ਰਾਇ ਮਾਲਕੀ ਲੀਨ।
ਕਿਮ ਕੁਛ ਦੇਇ ਸਰੀਕਾ ਚੀਨ ॥੧੯
ਬੜੇ ਪੌਤ੍ਰ ਨੇ ਪੁਰ ਕਰਤਾਰ।
ਛਲ ਕਰ ਲੀਨੋ ਸਰਬ ਸੰਭਾਰ॥
ਤਹਾਂ ਗ੍ਰੰਥ ਸਾਹਿਬ ਭੀ ਰਾਖਯੋ।

ਨਹੀ ਪਿਤਾਮੇ ਕੋ ਢਿਗ ਕਾਂਖਯੋ ॥
ਇਤਯਾਦਿਕ ਸੁਤ ਕੋ ਸਮਝਾਯੋ ।
ਉਠ ਚਲਯੋ ਚਿਤ ਮਹਿ ਅਬ ਭਾਯੋ ॥
ਨਿਕਸੇ ਕੀਰਤ ਪੁਰ ਕੋ ਛੋਰ ।
ਦੌਰੇ ਦਾਸ ਗਏ ਗੁਰ ਓਰ ॥

ਜਦ ਮਾਤਾ ਮਰਵਾਹੀ ਜੀ ਨਾਰਾਜ਼ ਹੋਕੇ ਪੁਤ੍ਰ ਸਮੇਤ ਸਾਰਾ ਮਾਲ ਅਸਬਾਬ ਲੈਕੇ ਕੀਰਤ ਪੁਰੋਂ ਬਾਹਰ ਨਿਕਲ ਤੁਰੇ, ਤਾਂ ਬੜੀ ਮੁਸਕਿਲ ਨਾਲ ਛੇਵੇਂ ਪਾਤਸ਼ਾਹ ਨੇ ਇਹਨਾਂ ਨੂੰ ਵਾਪਸ ਮੰਗਵਾਇਆ। ਅਰ ਸ੍ਰੀ ਸੂਰਜ ਮਲ ਜੀ ਨੂੰ ਪੁਛਿਆ ਕਿ ਤੂੰ ਚਾਹੁੰਦਾ ਹੈ, ਤਾਂ ਉਸਨੇ ਆਖਿਆ ਹੇ ਪਿਤਾ ਜੀ—

ਜੇ ਪ੍ਰਸੰਨਤਾ ਅਪਨੀ ਠਾਨਹੁ,
ਮੁਝ ਕੋ ਦੇਨੋ ਉਚਿਤੇ ਜਾਨਹੁ।
ਤੌ ਸਿਖੀ ਅਪਨੀ ਮੁਝ ਦੀਜੰ,
ਗੁਰਤਾ ਭਾਰ ਨ ਸਹੋ ਲਖੀਜੈ।
ਸੁਨਤ ਪ੍ਰਸੰਨ ਕ੍ਰਿਪਾ ਨਿਧ ਹੋਏ,
ਸੁ ਪ੍ਰਸੰਨ ਹੁਇ ਸੁਤ ਅਵਿਲੋਏ।
ਸਿਖੀ ਤੂ ਅਧੀਨ ਹੋਇ ਸਾਰੀ,
ਬਧਹਿ ਬੰਸ ਬਹੁ ਤੋਹਿ ਅਗਾਰੀ।
ਗੁਰਤਾ ਭੀ ਪ੍ਰਾਪਤ ਹੁਇ ਜੈਹੈ,
ਅਧਿਕ ਬਡਾਈ ਕੋ ਤਬ ਪੈ ਹੈ।
(ਰਾਸ ੮ ਅੰਸੂ ੫੪)

ਇਸਤਰਾਂ ਦੀ ਹਾਲਤ ਹੀ ਮਾਤਾ ਨਾਨਕੀ ਜੀ ਦੀ ਹੋਈ —

ਜਿਹਾ ਕਿ :—
ਇਤਆਦਿਕ ਬ੍ਰਿਤੰਤ ਮਰਵਾਹੀ।
ਸੁਨਹੁ ਨਾਨਕੀ ਜੋ ਚਿਤ ਚਾਹੀ॥
ਅਤਿ ਚਿੰਤਾਤੁਰ ਭਈ ਬਿਚਾਰੀ।
ਔਚਕ ਕੰਤ ਕਹਾਂ ਕ੍ਰਿਤ ਕਾਰੀ॥
ਪੁਤ੍ਰ ਗਰੀਬ ਨ ਜਾਨੇ ਕਾਹੂ
ਸਦਾ ਮਸਤ ਜਿਮ ਸਰਲ ਸੁਭਾਊ॥ ੫
ਜਗ ਕੇ ਚੁਤੁਰਾਈ ਬਿਵਹਾਰੇ ।
ਕਬ ਨਾ ਆਜ ਲਗ ਅੰਗੀ ਕਾਰੇ॥
ਕਿਸੇ ਮਸੰਦ ਸੋਂ ਮੇਲ ਨ ਠਾਨਾ।
ਆਵਤ ਦਰਬ ਜਿਨਹੁ ਕੇ ਪਾਨਾ॥ ੬
ਪੀਛੇ ਕਹਾ ਕਰੇ ਸੁਤ ਮੇਰੋ,
ਜਿਨਹੁ ਨ ਜਗ ਮਹਿ ਕੋ ਕ੍ਰਿਤ ਕੇਰੋ॥
ਉਦਾਸੀਨ ਬ੍ਰਿਤ ਰਹੈ ਇਕਾਕੀ,
ਮਿਲਯੋ ਮੁਲਾਕਾਤ ਨਹਿ ਕਾਕੀ॥ ੧੦

ਸਗੋਂ ਸਵਾਮੀ ਜੀ :—
ਛੂਛ ਛੋਰ ਚਹਹੁ ਤੁਮ ਚਾਲੇ,
ਕਹਹੁ ਸੁ ਕਿਸ ਕੈ ਲਾਗਹਿ ਪਾਲੇ॥ ੧੧
ਕਈ ਸਰੀਕਨ ਕੋ ਬਡਿਆਈ,
ਤਿਨ ਕੇ ਸੰਗ ਨ ਕਿਮ ਬਨ ਆਈ॥
ਇਕ ਪੋਤ੍ਰੇ ਗੁਰ ਗ੍ਰੰਥ ਸੰਭਾਰਾ,
ਦੂਤੀ ਅਪਨੇ ਬਲ ਬੈਠਾਰਾ॥ ੧੨
ਸ੍ਰੀ ਹਰਿ ਗੋਬਿੰਦ ਕਹੈ ਸਮਝਾਈ,
ਚਿਤ ਮਾਹਿ ਚਿੰਤਾ ਕਰਹੁ ਨ ਕਾਈ॥
ਇਸ ਬਿਧ ਬਹੁ ਪ੍ਰਕਾਰ ਸਮਝਾਵੈ,
ਤਊ ਨਾਨਕੀ ਧੀਰ ਨ ਪਾਵੈ॥
ਨਿਸ ਦਿਨ ਬਤੇ ਗਿਨਤਯੋ ਗਿਨਤੀ,
ਕਿਤ ਤੇ ਚਿਰ ਗੁਰੁ ਨ ਸੋ ਬਿਨਤੀ॥ ੧੪
ਕੌਣ ਸਿਖ ਚਲ ਕਰ ਢਿਗ ਆਵੈ,
ਕੋ ਅਰ ਪਹਿ ਕੋ ਭੇਟ ਲਿਆਵੈ॥ ੩੧
ਮਰੋਂ ਬਿਸੂਰਤ ਦੇਖਤ ਨੰਦਨ,
ਬਨਹਿ ਸਰੀਕੀ ਸਭ ਜਗ ਬੰਦਨ॥
ਅਬ ਸੁਤ ਪਰ ਕਯੋਂ ਦਯਾ ਨ ਧਰਤੇ
ਨਿਜਸਮ ਜਗ ਗੁਰੁ ਕਯੋਂ ਨਹਿ ਕਰਤੇ
ਮੁਝ ਸਮੇਤ ਜਿਯ ਸਕੈ ਕਿ ਨਾਹੀ,
ਕਰੋ ਅਨਾਦਰ ਸਹਯੋ ਨ ਜਾਈ॥ ੩੭
ਤੁਮਰੇ ਤਨ ਤਿਯਾਗਨ ਕੇ ਆਗੇ,
ਮਰ ਹੈ ਹਮ ਦੋਨਹ ਦੁਖ ਪਾਗੇ॥
ਹੁਇ ਨ ਸਕਹਿ ਸਰੀਕ ਅਧੀਨ,
ਯਾਤੇ ਮਰਯੋ ਨੀਕੇ ਚੀਨ॥ ੩੮

ਸਾਹਿਬ ਸ੍ਰੀ ਗੁਰੂ ਹਰਿ ਗੋਬਿੰਦ ਜੀ ਸ੍ਰੀ ਤੇਗ ਬਹਾਦਰ ਜੀ ਦੀ ਮਾਤਾ ਨਾਨਕੀ ਦੀਆਂ ਇਸ ਪ੍ਰਕਾਰ ਦੀਆਂ ਦੁਖੀ ਕਰਨ ਵਾਲੀਆਂ ਗਲਾਂ ਸੁਣਕੇ ਰੋਸ ਵਿਚ ਆ ਗਏ

ਜਿਹਾ ਕਿ :—
ਬਹੁ ਪਰਵਾਰ ਜਾਨ ਜੰਜਾਰ,

ਨਹਿ ਸਮਝਤ ਇਹ ਰਿਦੇ ਮੰਝਾਰ।
ਹੁਤੋ ਰੁਮਾਲ ਪੌਂਛ ਤੇ ਹਾਥ,
ਸੋ ਇਕਠੋ ਕਰਕੈ ਤਬ ਨਾਥ। ੪੦
ਝੋਰੀ ਬਿਖੇ ਡਾਰ ਸੋ ਦੀਨ,
ਕੁਛਕ ਕੋਪ ਤੇ ਬੋਲਨ ਕੀਨ।
ਚਹਿਤ ਰਹਿਤ ਜਿਹ ਕਹਿਤ ਬਿਸਾਲਾ,
ਸੋ ਗੁਰਤਾ ਲੀਜਹਿ ਇਸ ਕਾਲਾ।
ਹਮ ਕੋ ਕਾਹਿਲ ਕਰ ਤੈ ਲੀਨ,
ਸੰਕਟ ਸਹਿਤ ਹੋਇ ਜਸ ਪੀਨ।
ਗੁਰਤਾ ਪਾਇ ਕਸਟ ਕਉ ਧਾਰਹਿ,
ਅਨਿਕ ਬਖੇਰੇ ਉਠਹਿ ਨ ਟਾਰਹਿ।
ਸਹਿ ਸਰੀਰ ਪਰ ਬਿਘਨ ਅਨੇਕ,
ਤੁਵ ਸੁਤ ਰਾਖਹਿ ਗੁਰਤਾ ਟੇਕ।
ਰਾਸ ੮ ਅੰਸੂ ੫੫

ਸਾਹਿਬ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਦ ਤੇਰਵੀਂ ਆਦਿਕ ਦੀ ਰਸਮ ਉਪ੍ਰੰਤ :—

ਰਿਦੈ ਨਾਨਕੀ ਕੀਨ ਬਿਚਾਰਾ
ਸਿਮਰਯੋ ਬਾਕ ਜੁ ਕੰਤ ਉਚਾਰਾ
ਮਮ ਸੁਤ ਭੀ ਪੈ ਹੈ ਬਡਿਆਈ
ਸਮਾ ਪ੍ਰਤੀਖਤ ਰਹਿ ਕਿਸ ਥਾਈ।
ਈਹਾਂ ਸ਼ਰੀਕ ਵਧੈ ਦੁਹੇਲਾ
ਨਹੀ ਪਰਸ ਪਰ ਰਖਹਿ ਮੇਲਾ।
ਯਾਂ ਤੇ ਪ੍ਰਿਥਕ ਹੋਨ ਭਲ ਮਾਨਾ
ਗਰਾਮ ਬਕਾਲੇ ਬਸਨ ਬਖਾਨਾ।
ਸੁਤ ਕੋ ਲੀਏ ਅਪਨੇ ਸਾਥ
ਸਿਮਰਨ ਕਰ ਕੈ ਜਗ ਗੁਰੁ ਨਾਥ।
ਸਕਟਨ ਪਰ ਸਾਮ੍ਰੱਗੀ ਧਰਕੈ
ਨਿਕਸੀ ਘਰ ਤੇ ਦ੍ਰਿਗ ਜਲ ਭਰਕੇ॥ ੪੬ ॥
ਰਾਸ ੮ ਅੰਸੂ ।੫੯।

ਅਰਥਾਤ —

ਮਾਤਾ ਨਾਨਕੀ ਜੀ ਸਾਹਿਬ ਜ਼ਾਦੇ ਤੇਗ ਬਹਾਦਰ ਜੀ ਸਮੇਤ ਸਾਰਾ ਸਮਾਨ ਲੈ ਕੇ ਬਕਾਲੇ ਪਿੰਡ ਵਿਚ ਆ ਗਏ। ਅਤੇ ਗੁਰਤਾ ਦੀ ਗਦੀ ਤੇ ਸ੍ਰੀ ਸਤਿਗੁਰੂ ਹਰਿ ਰਾਏ ਜੀ ਸ਼ਸੋਭਿਤ ਹੋ ਕੇ ਸੰਗਤਾਂ ਨੂੰ ਨਿਵਾਜਨ ਲਗੇ।

ਸ੍ਰੀ ਸਤਿਗੁਰੂ ਹਰਿ ਰਾਏ ਜੀ ਜਦ ਜੋਤੀ ਜੋਤ ਸਮਾਉਣ ਲਗੇ ਤਾ ਉਨਾਂ ਨੇ ਵਡੇ ਸਪੁਤ੍ਰ ਬਾਬਾ ਰਾਮ ਰਾਏ ਜੀ ਨੂੰ ਦਿਲੀ ਵਿਚ ਔਰੰਗਜ਼ੇਬ ਨੂੰ ਪ੍ਰਸੰਨ ਕਰਨ ਖਾਤਰ "ਮਿਟੀ ਮੁਸਲ ਮਾਨ" ਦੀ ਥਾਂਵੇਂ ਮਿਟੀ ਬੇਈਮਾਨ ਦੇ ਸ਼ਬਦਾਂ ਦੀ ਤੁਕ ਉਲਟਾਨ ਕਾਰਨ ਜਦ ਮਥੇ ਹੀ ਨਹੀ ਲਾਇਆ ਸੀ ਤਾਂ ਗੁਰਿਆਈ ਦੇਣ ਦੇ ਸਬੰਧ ਵਿਚ ਹਜ਼ੂਰ ਨੇ ਆਪਣਾ ਅੰਤ ਸਮਾਂ ਵੇਖ ਕੇ ਗੁਰੂ ਸੂਰਜ ਪ੍ਰਕਾਸ਼ ਅਨੁਸਾਰ ਦੋਹਰਾ

" ਸ੍ਰੀ ਸਤਿਗੁਰੂ ਹਰਿ ਰਾਏ ਜੀ
ਤਖਤ ਦੇਨ ਚਿਤਵੰਤ।
ਬਡੋ ਪੁਤ੍ਰ ਤਿਆਗਨ ਕਰਯੋ
ਲਾਇਕ ਨਹੀਂ ਲਖੰਤ।..........

ਚੌਪਈ "ਲਘ ਸੁਤ ਹਰੀ ਕ੍ਰਿਸ਼ਨ ਬਿਚਾਰਾ।
ਸਰਬ ਸਹਾਰਹਿ ਗੁਰਤਾ ਭਾਰਾ॥
ਤਖਤ ਬਿਠਾਵਨ ਕਰ ਅਭਿਲਾਖਾ
ਬਾਕ ਸਮੀਪੀ ਸਿਖ ਕੋ ਭਾਖਾ॥
ਸਭ ਡੇਰਨ ਮਹਿ ਸੁਧ ਪਹੁਚਾਵਹੁ
ਦਰਸਨ ਕਰਨ ਗੁਰਨਿ ਕਹੁ ਆਵਹੁ॥
ਮਿਲਬਿਲੰਦ ਮਿਲਯੋ ਜਬ ਆਇ।
ਬੈਠੇ ਸੁਭਟ ਹੁਤੇ ਸਮਦਾਇ॥
ਸ੍ਰੀ ਫਲ ਤਬ ਸਤਿਗੁਰੂ ਮੰਗਾਵਾ।
ਲਘ ਸੁਤ ਸਭ ਕੇ ਬੀਚ ਬਿਠਾਵਾ॥
ਚੌਰ ਦਾਰ ਕੋ ਕੀਯ ਫੁਰਮਾਵਨ।
ਇਨ ਪਰ ਕੀਜਹਿ ਚਮਰ ਝੁਲਾਵਨ॥
ਸਭਨ ਦੇਖ ਤੇ ਸਤਿਗੁਰ ਉਠੇ।
ਦੇਨ ਹੇਤ ਗੁਰਤਾ ਉਰ ਤੁਠੇ॥
ਤੀਨ ਪ੍ਰਕਰਮਾ ਕਰ ਤਿਹ ਸਮੇ।
ਨਲੀਯੇਰ ਅਰਪ ਤਬ ਨਮੇਂ ਕੀਯੇ॥
ਪੁਨ ਸਭਹਨ ਕਉ ਆਇਸ ਦਈ।
ਜਗ ਗੁਰਤਾ ਅਬ ਇਨਹੂੰ ਲਈ॥
ਸਰਬ ਉਪਾਇਨ ਉਠ ਅਰਪੀਜਹਿ।
ਹਮ ਸਮ ਇਨੈ ਬੰਦਨ ਕੀਜਹਿ ॥ ੨੫ ॥
(ਸੂਰਜ ਪ੍ਰਕਾਸ਼ ਰਾਸ ੧੦ ਅੰਸੂ ੨੭)

ਸ੍ਰੀ ਸਤਿਗੁਰੂ ਹਰਿ ਰਾਇ ਜੀ ਵਲੋਂ ਗੁਰ ਦੀ ਗਦੀ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਨੂੰ ਦਿਤੀ ਜਾਣ ਦਾ ਪਤਾ ਜਦ ਇਨਾਂ ਦੇ ਵਡੇ ਭਰਾ ਬਾਬੇ ਰਾਮ ਰਾਏ ਨੂੰ ਲਗਾ (ਜੋ ਉਸ ਵਕਤ ਦਿਲੀ ਔਰੰਗਜੇਬ ਪਾਸ ਹੀ ਨਿਵਾਸ ਰਖ ਰਿਹਾ ਸੀ) ਤਾਂ ਰਾਮ ਰਾਏ ਜੀ ਤੇ ਇਸ ਗਲ ਦਾ ਬਹੁਤ ਬੁਰਾ ਅਸਰ ਹੋਇਆ ਉਸਨੇ ਗੁਰਤਾ ਦੀ ਪ੍ਰਾਪਤੀ ਵਾਸਤੇ ਈਰਖਾ ਵਸ ਹੋਕੇ ਜੋ ਨਿਰਾਰਥ ਜਤਨ ਕੀਤੇ ਉਸਦੇ ਵਿਸਥਾਰ ਪੂਰਬਿਕ ਇਤਹਾਸ ਵਿਚੋਂ ਕੁਝ ਸੰਖਿਪਤ ਹਾਲ ਇਸਤਰਾਂ ਹੈ :–

ਦੋਹਰ- ਕਿਤਕ ਕਾਲ ਬੀਤਤ ਭਯੇ
ਗੁਰਤਾ ਲਘ ਸੁਤ ਦੀਨ।
ਰਾਮ ਰਾਇ ਬਡ ਪੁਤ੍ਰ ਸੁਨ
ਪਛਤਾਵਤ ਮਨ ਦੀਨ।..............

ਅਥਵਾ- ਰਾਮ ਰਾਇ ਉਰ ਈਰਖਾ
ਲਘ ਭ੍ਰਾਤਾ ਸੰਗ ਧਾਰ॥
ਚਿਤਵਤ ਅਨਿਕ ਉਪਾਇ ਕੋ
ਨਿਤ ਚਿਤ ਚਿੰਤ ਮਝਾਰ॥
ਸੂਰਜ ਪ੍ਰਕਾਸ਼ ਰਾਸ ੧੦ ਅੰਸੂ ੨੭

ਭਾਂਵੇ ਉਸ ਵਕਤ ਦੇ ਗੁਰਦਾਸ ਆਦਿਕ ਮਸੰਦਾਂ ਨੇ ਬਾਬਾ ਰਾਮ ਰਾਏ ਨੂੰ ਈਰਖਾ ਛਡਨ ਵਾਸਤੇ ਬਹੁਤ ਸਮਝਾਇਆ ਪਰ :–

ਦੋਹਰਾ ਸ੍ਰੀ ਸਤਿਗੁਰੂ ਹਰਿ ਰਾਏ ਕੋ
ਜੇਠੋ ਸੁਤ ਸੁਨ ਬਾਤ॥
ਮਾਨੀ ਨਹੀ ਮਾਨੀ ਕਛੂ
ਕਹਤ ਭਯੋ ਬਿਖਯਾਤ॥...............
ਸ੍ਰੀ ਹਰ ਕ੍ਰਿਸ਼ਨ ਸਮੀਪ ਨ ਜਾਵਹਿ
ਖਾਰਜ ਸਿਖੀ ਤੇ ਡਰ ਪਾਇ॥
ਬਰਜਨ ਕਰਹਿ ਜਾਂਹਿ ਸਭ ਦੇਸਨ
ਲਘ ਬਿਲੰਦ ਕੋ ਦੇਹ ਸਮਝਾਇ॥

ਅਰਥਾਤ- ਬਾਬੇ ਰਾਮ ਰਾਇ ਨੇ ਸਗੋਂ ਸਮਝਾਉਣ ਵਾਲੇ ਸਿਖਾਂ ਨੂੰ ਆਖਿਆ ਕਿ ਜੇਕਰ ਤੁਸੀ (ਸ੍ਰੀ ਗੁਰੂ) ਹਰ ਕ੍ਰਿਸ਼ਨ ਪਾਸ ਜਾਵੋ ਗੇ ਤਾਂ ਤੁਹਾਨੂੰ ਸਿਖੀ ਤੋਂ ਖਾਰਜ ਕਰ ਦਿਤਾ ਜਾਵੇਗਾ ਇਸ ਲਈ ਚੰਗੀ ਗਲ ਤਾਂ ਇਹ ਹੈ ਕਿ ਸਾਰਿਆਂ ਇਲਾਕਿਆਂ ਤੇ ਬਿਦੇਸਾਂ ਵਿਚ ਜਾ ਕੇ ਛੋਟਿਆਂ ਵਡਿਆਂ ਸਿਖਾਂ ਨੂੰ ਸਮਝਾ ਦਿਓ ਕਿ ਕੋਈ ਸਿਖ ਕੀਰਤਪੁਰ ਨ ਜਾਵੇ ਆਦਿਕ.....................

ਇਸਤਰਾਂ ਆਖਕੇ ਸ੍ਰੀ ਰਾਮਰਾਏ ਜੀ ਨੇ :–

ਦੋਹਰਾ ਇਸ ਬਿਧ ਅਪਨੀ ਸੰਗਤਾ
ਬਾਟ ਮਸੰਦਨ ਦੀਨ॥
ਬੰਦੋ ਬਸਤ ਸਭ ਰੀਤ ਕਰ
ਰਖੀ ਸਕਲ ਅਧੀਨ॥......੨੩
ਰਾਸ ੧੦ ਅੰਸੂ ੨੯

ਸੂਰਜ ਪ੍ਰਕਾਸ਼ ਅਨੁਸਾਰ ਭਾਵੇਂ ਬਾਬੇ ਰਾਮ ਰਾਇ ਨੇ ਆਪਨੀ ਗੁਰਤਾ ਬਾਬਤ ਸਾਰਾ ਬੰਦੋ ਬਸਤ ਕਰਹੀ ਲਿਆ ਪਰ ਇਸ ਨਾਲ ਵੀ ਈਰਖਾ ਦੀ ਅਗ ਘਟ ਨਾਂ ਹੋਈ ਤੇ ਸਗੋ ਇਕ ਦਿਨ ਜਦ ਸੁਭਾਵਿਕ ਤੌਰ ਤੇ ਬਾਦਸ਼ਾਹ ਨੇ ਰਾਮ ਰਾਇ ਨੂੰ ਆਪਨੇ ਘਰ ਦਾ ਤੇ ਸ੍ਰੀ ਗੁਰੂ ਹਰਿ ਰਾਇ ਦੇ ਜੋਤੀ ਜੋਤ ਸਮਾਵਣ ਦਾ ਹਾਲ ਪੁਛਿਆ ਤਾਂ ਇਸਨੇ ਬੜੇ ਦੁਖਿਤ ਤੇ ਮਤਸਰੀ ਸੁਭਾਵ ਨਾਲ ਦਸਿਆ ਕਿ:–

ਚੌਪਈ ਸੁਨਹੁ ਸਾਹੁ ਮੁਝ ਇਤੈ ਪਠਾਯੋ।
ਪਿਤ ਆਇਸ ਤੇ ਮੈ ਚਲ ਆਯੋ॥੫॥...
ਮਿਲਨ ਆਪਕੇ ਸਾਥ ਘਨੇਰਾ।
ਅਜਮਤ ਪਤਾ ਪੁਨਹਿ ਬਹੁ ਹੇਰਾ।
ਦੇਸਨ ਮਹਿ ਸਿਖੀ ਬਿਸਤਾਰੀ।
ਦਰਸਹਿ ਆਇ ਪੁੰਜ ਨਰ ਨਾਰੀ।.......
ਸ੍ਰੀ ਗੁਰ ਪਿਤਾ ਸੁਨੀ ਸੁਧ ਸਾਰੀ।
ਤਿਨਹੁ ਬਾਤ ਨ ਨੈਕ ਬਿਚਾਰੀ।
ਸੁਨ ਸੁਨ ਕ੍ਰੋਧ ਭਏ ਇਨ ਭਾਖਾ।
ਸਾਹੁ ਸਾਥ ਜੋ ਅਸਰ ਸਰਾਖਾ।
ਬਾਰ ਬਾਰ ਅਜਮਤ ਦਿਖਰਾਵਤ।
ਜੋ ਬਿਧ ਅਨ ਬਨ ਦੁਲਭ ਬਨਾਵਤ........
ਹੋਯਹੁ ਜਿਸਕੇ ਅਸ ਅਨੁਸਾਰੀ।
ਆਇਸ ਮਾਨ ਸਕਹਿ ਨਹਿ ਟਾਰੀ॥
ਤੌ ਤਿਸ ਪਾਸ ਰਹਹੁ ਹਿਤ ਕਰਕੈ।
ਹਮਰੇ ਨਿਕਟ ਨ ਆਵੈ ਫਿਰਕੈ।

ਅਰਥਾਤ- ਰਾਮ ਰਾਏ ਨੇ ਬਾਦਸ਼ਾਹ ਵਲੋਂ ਘਰ ਦਾ ਹਾਲ ਪੁਛਣ ਤੇ ਦਸਿਆ ਕਿ ਮੇਰੀ ਸ਼ਾਹੀ ਦ੍ਰਬਾਰ ਵਿਚ (ਜੋ ਅਜਮਤਾ ਦਿਖਾਨ ਨਾਲ) ਮਾਨ ਪ੍ਰਤਿਸ਼ਟਾ ਬਣੀ ਹੋਈ ਹੈ, ਉਹ ਮੇਰੇ ਪਿਤਾ ਜੀ ਨੂੰ ਚੰਗੀ ਨਹੀ ਲਗੀ। ਤੇ ਮੈਨੂੰ ਉਸਨੇ ਆਖ ਦਿਤਾ, ਕਿ ਮੇਰੇ ਮਥੇ ਨ ਲਗੇ ਅਤੇ ਸ਼ਾਹ ਕੋਲ ਹੀ ਰਹੇ ਤੇ ਉਸਦੀ ਆਗਿਆ ਮੰਨੇ। ਤੇ ਸਗੋਂ ਮੇਰੇ ਪਿਤਾ ਗੁਰੂ ਜੀ ਨੇ

ਚੌਪਈ :- ਪਠਯੋ ਹੁਕਮ ਨਾਮਾ ਮੁਝ ਪਾਸ।
ਸੁਨ ਤਬ ਤੇ ਮੈ ਤਯਾਗੀ ਆਸ॥
ਕਰੇ ਤ੍ਰਾਸ ਉਰ ਗਯੋ ਨ ਤੀਰ।
ਰਿਸ ਤੇ ਸ੍ਰਾਪ ਨ ਦੇਹ ਅਭੀਰ॥
ਲਗੇ ਸਮਾਵਨ ਕੋ ਜਿਸ ਕਾਲਾ।
ਲਘ ਸੁਤ ਕੋ ਗਾਦੀ ਬੈਠਾਲਾ॥

ਅਰਥਾਤ —ਮੇਰ ਵਲ ਹੁਕਮ ਨਾਮਾ ਭੇਜ ਕੇ ਬਾਦ ਵਿਚ ਛੋਟੇ ਪੁਤਰ ਨੂੰ ਉਹਨਾਂ ਗੁਰਿਆਈ ਦੇ ਦਿਤੀ ਤੇ ਸਗੋਂ

ਲਘ ਸੁਤ ਕੋ ਸਮਝਾਵਨ ਕੀਨ।
ਅਪਨੀ ਕਰਮਾਤ ਸਭ ਦੀਨ॥
ਦਿਲੀ ਪਤ ਤੋਂ ਮਿਲਹੁ ਨ ਜਾਇ।
ਨਹਿ ਦਰਸਹੁ ਨਹਿ ਨਿਜ ਦਰਸਾਇ॥...

ਇਸ ਪ੍ਰਕਾਰ :-

ਜੋ ਸਭ ਬਿਧ ਤੇ ਮਮ ਅਧਿਕਾਰਾ।
ਸੋ ਲਘੁ ਭ੍ਰਾਤਾ ਨੇ ਸੰਭਾਰਾ॥............

ਭਾਂਵੇਂ ਔਰੰਗਜ਼ਬ ਨੇ ਉਪ੍ਰੋਕਤ ਕਿਸਮ ਦਾ ਵਾਰਤਾਲਾਪ ਸੁਣਕੇ ਰਾਮ ਰਾਇ ਨੂੰ ਆਖਿਆ ਵੀ ਕਿ ਬਾਬਾ ਜੀ ਤੁਹਾਨੂੰ ਕਿਸ ਗਲ ਦੀ ਪਰਵਾਹ ਹੈ ? ਤੁਹਾਡੇ ਇਧਰ ਅਗੇ ਵੀ ਕਾਫੀ ਸਿਖ ਹਨ ਤੇ ਹੋਰ ਵੀ ਬਣਾ ਲਵੋ ਤੇ ਮੇਰੇ ਪਾਸ ਟਿਕੇ ਰਹੋ। ਚਾਹੋ ਤਾਂ ਤੁਹਾਨੂੰ ਹੋਰ ਜਾਗੀਰ ਮੈ ਦੇ ਦੇਵਾਂਗਾ ਆਦਿਕ।

ਪਰ ਬਾਬੇ ਰਾਮਰਾਇ ਦੇ ਅੰਦਰ ਗੁਰਤਾ ਪ੍ਰਾਪਤੀ ਦੀ ਲਾਲਸਾ ਰੂਪੀ ਅਗ ਦੇ ਜੋ ਭਾਂਬੜ ਮਚ ਰਹੇ ਸਨ ; ਉਨਾਂ ਉਤੇ ਬਾਦਸ਼ਾਹੀ ਸਹੂਲਤਾਂ ਦਾ ਕੋਈ ਅਸਰ ਨਾ ਹੋਇਆ ਅਤੇ ਔਰੰਗਜ਼ੇਬ ਨੂੰ ਆਖਿਆ ਕਿ :—

"ਪਠਹੁ ਦੂਤ ਕੋ ਤਿਨ ਕੇ ਪਾਸ।
ਕਰਹੁ ਹਕਾਰਨ ਅਪਨ ਅਵਾਸ।..........
ਜਿਮ ਚਿਤ ਚਾਹਹੁ ਤਥਾ ਬਨਾਵਹੁ
ਏਕ ਬਾਰ ਦਿਲ ਮੰਗਵਾਵਹੁ', ॥ ੪੨॥
ਅੰਸੂ ੩੧

ਭਾਂਵੇ ਸ਼ੁਰੂ ਸ਼ੁਰੂ ਵਿਚ (ਸੂਰਜ ਪ੍ਰਕਾਸ਼ ਦੀ ਲਿਖਤ ਅਨੁਸਾਰ) ਔਰੰਗਜ਼ੇਬ ਨੇ ਛੋਟੀ ਆਰਬਲਾ ਵਾਲੇ ਸਤਿਗੁਰੂ ਜੀ ਨੂੰ ਦਿਲੀ ਮੰਗਵਾਉਣ ਵਾਲੀ ਰਾਮ ਰਾਇ ਦੀ ਸਲਾਹ ਨ ਮੰਨੀ , ਪਰ ਬਹੁਤਵਾਰੀ ਆਖਣ ਤੇ ਮਜਬੂਰ ਕਰਨ ਤੇ ਔਰੰਗਜ਼ੇਬ ਨੇ ਰਾਜੇ ਜੈ ਸਿੰਘ ਦੁਆਰਾ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਕੀਰਤਪੁਰ ਤੋਂ ਦਿਲੀ ਮੰਗਵਾਉਣ ਲਈ ਦੀਵਾਨ ਪਰਸਰਾਮ ਨੂੰ ਭੇਜਿਆ। ਉਸ ਵਕਤ ਰਾਮਰਾਇ ਦੇ ਇਸ ਅਪਕਰਮ ਦਾ ਭਾਂਵੇ ਕੀਰਤਪੁਰ ਵਿਚ ਵੀ ਗੁਰੂਘਰ ਦੇ ਸੇਵਕਾਂ ਨੇ ਬੁਰਾ ਹੀ ਮਨਾਇਆ , ਪਰ ਸ਼ਾਹੀ ਫ਼ੁਰਮਾਨ ਅਨੁਸਾਰ ਬਾਲ ਸਰੂਪੀ ਸਤਿਗੁਰੂ ਜੀ ਕੁਝ ਸੰਗਤਾਂ ਤੇ ਮਾਤਾ ਕ੍ਰਿਸ਼ਨ ਕੌਰ ਸਮੇਤ ਰਸਤੇ ਵਿਚ ਕਈ ਕੌਤਕ ਕਰਦੇ ਤੇ ਗੁਰਮਤ ਦਾ ਪ੍ਰਚਾਰ ਕਰਦੇ ਹੋਏ ਦਿਲੀ ਪਹੁੰਚ ਗਏ।

ਦਿਲੀ ਜਾਕੇ ਰਾਮ ਰਾਇ ਜੀ ਨੇ ਅਪਨੇ ਕੰਮ ਦੀ ਸਫਲਤਾ ਵਾਸਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੀ ਵਿਰੋਧਤਾ ਦੇ ਸਬੰਧ ਵਿਚ ਜੋ ਜੋ ਜਤਨ ਕੀਤੇ ਉਨਾਂ ਨਾਲ ਇਤਹਾਸਾਂ ਦੇ ਦਰਜਨਾ ਪੰਨੇ ਕਾਲੇ ਹੋਏ ਪਏ ਹਨ,। ਲੇਖ ਬ੍ਰਿਧੀ ਨੂੰ ਧਿਆਨ ਵਿਚ ਰਖਦਿਆਂ ਮੈ ਕੇਵਲ ਸਾਹਬ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਇਸ ਵਿਰੋਧਤਾ ਦੇ ਕਾਰਨ ਦਿਲੀ ਜੋਤੀ ਜੋਤ ਸਮਾਉਣ ਅਤੇ ਅਗੋਂ ਗੁਰਤਾ ਗੱਦੀ ਦੇਣ ਬਾਬਤ ਹੀ ਨਮੂਨੇ ਵਜੋਂ ਕੁਝ ਉਹ ਇਤਹਾਸਿਕ ਤੱਥ ਅੰਕਿਤ ਕਰਦਾ ਹਾਂ, ਜਿਨਾਂ ਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰ ਗੱਦੀ ਨਾਲ ਹੀ ਵਿਸੇਸ਼ ਸਬੰਧ ਹੈ।

ਸੂਰਜ ਪ੍ਰਕਾਸ ਵਿਚ ਜ਼ਿਕਰ ਆਉਂਦਾ ਹੈ, ਸ੍ਰੀ ਰਾਮ ਰਾਇ ਜੀ ਨੇ ਇਕ ਦਿਨ ਅਪਨੀ ਮਤਸਰ ਦੀ ਅਗ ਨੂੰ ਸ਼ਾਂਤ ਕਰਨ ਵਾਸਤੇ ਔਰੰਗ ਜੇਬ ਦੇ ਦਰਬਾਰ ਵਿਚ (ਜਿਥੇ ਕਿ ਬਾਦਸ਼ਾਹ ਸਮੇਤ ਆਮ ਦ੍ਰਬਾਰੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੀ ਕੀਰਤੀ

ਵਾਲੀਆਂ ਗਲਾਂ ਬਾਤਾਂ ਕਰ ਰਹੇ ਸਨ) ਗੁਰੂ ਜੀ ਦੀ ਉਪਮਾ ਸੁਣਕੇ

ਆਵਤ ਪੁਨਹਿ ਦ੍ਵੈਸ਼ ਕੋ ਠਾਨਾ।
ਬੈਠ ਸਭਾ ਮਹਿ ਬਾਕ ਬਖਾਨਾ॥
ਖਾਜ ਸੀਤਲਾ ਕੋ ਮਿਸ ਅਹੈ।
ਗੁਰਤਾ ਕਹਾਂ ਕ੍ਰਰਹਿ ਮ੍ਰਿਤ ਲਹੈ॥
ਇਤਆਦਿਕ ਬੋਲਯੋ ਦੁਖ ਪਾਇ।
ਇਹਕੀ ਮਹਿਮਾ ਜਰੀ ਨ ਜਾਇ॥ ੨੨
(ਅੰਸੂ ੪੨ ਰਾਸ ੧੦)

ਅਰਥਾਤ – ਰਾਮ ਰਾਇ ਨੇ ਬਾਲਿਕ ਸਵਰੂਪੀ ਸਤਿਗੁਰੂ ਜੀ ਨੂੰ ਚੀਚਕ ਨਾਲ ਮਰਨ ਦਾ ਸਰਾਪ ਦੇ ਦਿਤਾ। ਇਸ ਸਰਾਪ ਦੇ ਅਧੀਨ ਸ੍ਰੀ ਸਤਿਗੁਰੂ ਜੀ ਨੂੰ ਸੀਤਲਾ ਨਿਕਲਨ ਤੋਂ ਬਾਦ ਜਦ ਸ਼ਰੀਰ ਦੀ ਹਾਲਤ ਕਾਫੀ ਕਮਜ਼ੋਰ ਹੋ ਗਈ ਤਾਂ ਇਸ ਭਿਆਨਕ ਹਾਲਤ ਨੂੰ ਵੇਖਕੇ ਗੁਰੂ ਗਦੀ ਦੇ ਸਬੰਧ ਵਿਚ ਗੁਰਬਖਸ ਮਸਦ ਤੇ ਰਾਜੇ ਜੈ ਸਿੰਘ ਦੁਆਰਾ ਗੁਰੂ ਜੀ ਨਾਲ ਜੋ ਵਰਤਲਾਪ ਹੋਇਆ ਉਸਦਾ ਵਰਨਨ ਸੂਰਜ ਪ੍ਰਕਾਸ਼ ਵਿਚ ਇਸਤਰਾਂ ਆਉਂਦਾ ਹੈ :–

ਦੋਹਰਾ

ਚੇਤ ਚਤਰ ਦਸਮੀ ਭਈ ਚਾਹਿਤ ਭੇ ਪਰਲੋਕ
ਬਯਾਕੁਲ ਤਨ ਕੀ ਦਸਾ ਬਹੁ।
ਦੇਖਤ ਦਾਸ ਸ ਸੋਕ॥

ਏਸ ਹਾਲਤ ਨੂੰ ਵੇਖਕੇ :–

ਚੋਪਈ— "ਪਿਖ ਗੁਰਬਖਸ਼ਹਿ, ਜੈ ਪੁਰ ਨਾਥ।
ਪ੍ਰਵਿਸਯੋ ਅੰਤਰ ਗਹਿ ਗਿਹਿ ਤਿਸ ਹਾਥ॥
ਗੁਰਤਨ ਪਿਖਯੋ ਬ੍ਰਿੰਦ ਬਿਸ ਫੋਟ।
ਭਰੇ ਸਰਬ ਦੀਰਘ ਕੋ ਛੋਟ॥
ਜਥਾ ਉਚਿਤ ਬੈਠੇ ਧਰ ਮੌਨ।
ਕਰਤ ਬਿਲੋਕਨ ਬੋਲਹਿ ਕੋ ਨ॥

ਆਖਰ ਕਾਰ –

ਜੈ ਪੁਰ ਪਤ ਕੋ ਰੁਖ ਲਖ ਕਰਕੈ।
ਕਹੈ ਗੁਰਬਖਸ਼ ਨਿੰਮ੍ਰਤਾ ਧਰਕੈ॥ ੧੩
ਸ੍ਰੀ ਸਤਿਗੁਰੂ ਆਪ ਸਰਬੱਗਯ।
ਕਯਾਕਹਿਸਕਹਿ ਜਿਨਰਅਲਪਗਯ
ਤਊ ਅਪਨੋ ਹਿਤ ਚਿਤ ਚਹੈ।
ਸਮਰੱਥਨ ਢਿਗ ਬਿਨਤੀ ਅਹੈ॥ ੧੪
ਆਗੈ ਭਏ ਸਾਤ, ਗੁਰ ਜੋਇ।
ਦਾਸ ਕਿਧੋ ਲਾਇਕ ਸੁਤ ਹੋਇ॥
ਸਭ ਬਿਧ ਤੈ ਸਮਰਥ ਤਿਸ ਕਰਕੈ।
ਗੁਰਤਾ ਗਾਦੀ ਪਰ ਬੈਠਰ ਕੈ॥
ਬਹੁਰ ਚਹੈ ਪ੍ਰਲੋਕ ਪਯਾਨਾ।
ਕਰਤ ਰਹੇ ਜਨ ਗਨ ਦੁਖ ਹਾਨਾ॥.........

ਅਵਲਤਾਂ —

ਸਭ ਦਾਸਨ ਪਰ ਕਰਣਾ ਕਰੀਏ।
ਭੋਗਹੁ ਬਯ ਕੋ ਦਰਸ਼ ਦਿਖਰੀਏ॥.........

ਨਹੀ ਤਾਂ ਜਿਸਨੂੰ ਯੋਗ ਸਮਝ੍ਹੁ –

ਅਪਨੇ ਥਾਨ ਬਠਾਵਨ ਕੀਜਹਿ।
ਪੁਨ ਪ੍ਰਲੋਕ ਜਾਨੇ ਮਨ ਦੀਜੈ॥ ੧੯

ਇਸਤਰਾਂ ਨਿਕਟਵਰਤੀ ਸਿਖਾਂ ਦੀ:–

ਸੁਨੀ ਬਾਰਤਾ ਸਤਿਗੁਰ ਸਾਰੀ।
ਅਪਰ ਸਭਾ ਸਭ ਤੂਸ਼ਨ ਧਾਰੀ॥............
ਕ੍ਰਿਪਾ ਨਿਧਾਨ ਬਚਨ ਪੁਨਭਨਯੋ।
ਮੌਨਠਾਨ ਸਭ ਹਿਨ ਤਬ ਸੁਨਯੋ॥............

ਹਮ ਤਨ ਤਯਾਗਨ ਕੇ ਬਹੁ ਕਾਰਨ।
ਆਛੋ ਨਹੀ ਜਿ ਕਰਹਿ ਉਚਾਰਨ॥

ਗੁਰਗਦੀ ਅਵਚਲ ਜਗ ਮਾਹੀ।
ਵਧਹਿ ਪ੍ਰਤਾਪ ਮਿਟਹਿ ਕਬਨਾਂਹੀ॥.........
ਗੁਰੂ ਗ੍ਰੰਥ ਸਾਹਿਬ ਸਭ ਕੇਰਾ।
ਜੋ ਹਮਰੋ ਚਹਿ ਦਰਸ਼ਨ ਹੇਰਾ॥
ਸੋ ਸਰਧਾ ਧਰ ਹੇਰਨ ਕਰੇ।
ਪਾਪਨ ਗਨ ਕੋ ਤਤ ਛਿਨ ਹਰੈ॥.........
ਇਮ ਸੁਨ ਕਰਸਤਿਗੁਰ ਕੀ ਬਾਨੀ।
ਸਭਨ ਬਿਲੋਚਨ ਤੇ ਬਹਿ ਪਾਨੀ॥
ਰਾਸ ੧੦ ਅੰਸੂ ੫੧

ਸੂਰਜ ਪ੍ਰਕਾਸ਼ ਅਨੁਸਾਰ ਉਸਵਕਤ ਸਥਾਨਿਕ ਸੰਗਤ ਇਕਤਾਂ ਸ੍ਰੀ ਸਤਿਗੁਰੂ ਜੀ ਦੀ ਸ਼ਰੀਰਕ ਹਾਲਤ ਵੇਖਕੇ ਅਰ ਗੁਰੂ ਜੀ ਦਾ ਅੰਤਮ ਸਮਾਂ ਸੁਣ ਕੇ ਬਹੁਤ ਵੈਰਾਗ ਕਰ ਰਹੀ ਸੀ ਅਰ ਦੂਸਰਾ ਗੁਰੂ

ਗਦੀ ਦਾ ਯੋਗ ਫੈਸਲਾ ਨਾ ਹੋਇਆ ਅਨੁਭਵ ਕਰਕੇ ਬਹੁਤ ਬਿਆਕੁਲ ਹੋ ਰਹੀ ਸੀ। ਅਖੀਰ ਨੂੰ ਸਾਰਿਆ ਸਿਖਾ ਨੇ ਗੁਰਬਖਸ ਮਸੰਦ ਨੂੰ ਗੁਰ ਗਦੀ ਦੇ ਫੈਸਲੇ ਵਿਚ ਤਰਮੀਮ ਕਰੌਣ ਲਈ ਫਿਰ ਗੁਰੂ ਜੀ ਦੇ ਚਰਨਾ ਵਿਚ ਅਰਦਾਸ ਕਰਨ ਲਈ ਭੇਜਿਆ ਜਿਹਾ ਕਿ—

ਚੌ:—ਘਟ ਕਾ ਚਾਰ ਬਿਤੀਤਨ ਕਰੈ।
ਤਬ ਗੁਰਬਖਸ ਅਗ੍ਰ ਹੁਇ ਖਰੈ॥
ਸਭ ਕੇ ਹਿਤ ਕੀ ਸੁਭ ਅਰਦਾਸ।
ਕਰੀ ਗੁਰੂ ਕੇ ਪਾਸ ਪ੍ਰਕਾਸ॥
ਸਭ ਸੰਗਤ ਕੀ ਬਿਨੈ ਸੁਨੀਜੈ।
ਬਿਰਦ ਕ੍ਰਿਪਾਲ ਕ੍ਰਿਪਾ ਨਿਧ ਕੀਜੈ।
ਸਪਤਮ ਸਤਿਗੁਰੂ ਸ੍ਰੀ ਹਰ ਰਾਇ।
ਸੁਤ ਤਜ ਬਡੋਨਾ ਉਚਿਤਲਖਾਇ॥
ਤੁਮ ਕੋ ਨਿਜ ਅਸਥਾਨ ਬਿਠਾਏ।
ਸਭ ਬਿਧ ਉਚਿਤ ਜਾਨ ਹਰਖਾਏ।

ਪਰ ਹੁਣ ਜਦੋਂ ਆਪ ਵੀ ਪ੍ਰਲੋਕ ਦੀ ਤਿਆਰੀ ਕਰ ਰਹੇ ਹੋ ਤਾਂ:—

ਚਹਿਤ ਭਏ ਅਬ ਅੰਤਰ ਧਿਆਨ।
ਨਹੀ ਬਠਾਯੋ ਕੋ ਨਿਜ ਥਾਨ॥
ਅਬ ਸਭ ਸੰਗਤ ਮਿਲ ਬਿਸੂਰਤਿ।
ਨਹਿਨ ਬਿਲੋਕਹਿਗੇ ਤੁਮ ਮੂਰਤ॥
ਗਾਵਰ ਨੇ ਕਿਸ ਕੇ ਲੜ ਲਾਈ॥
ਰੀਤ ਪ੍ਰਿਥਮ ਗੁਰੂ ਅਨ ਚਲਆਈ॥੧੪
ਕਰਹੁ ਆਪ ਭੀ ਤਿਨਹੁ ਸਮਾਨ।
ਜਿਸ ਤੇ ਸਿਖੀ ਰਹੈ ਜਹਾਨ॥
ਜੇ ਨ ਕਰਹੁ ਪੂਰਬ ਕੀ ਰੀਤ।
ਜਾਨੀ ਪਰਹਿ ਸੁ ਹੋਇ ਬਿਪਰੀਤ।੧੫
ਬਿਚਲ ਜਾਇਗੀ ਸੰਗਤ ਸਾਰੀ।
ਕੇ ਚਿਤ ਹੁਇ ਮੀਣਨ ਅਨੁਸਾਰੀ॥
ਧੀਰ ਮਲ ਕੋ ਮਾਨਹਿ ਕੋਇ।
ਕੋ ਸਿਖ ਰਾਮ ਰਾਇ ਕਾ ਹੋਇ॥੧੬
ਇਤ ਆਦਿਕ ਜ ਸੋਢੀ ਅਉਰ।
ਲੇ ਬਿਠਾਵਹਿ ਅਪਨੀ ਠੌਰ॥
ਬਿਨ ਗੁਰ ਸੰਗਤ ਹ੍ਵੈ ਬਿਰ ਕੋਇਨ।
ਜਥਾ ਨ੍ਰਿਪਤ ਬਿਨ ਸੈਨਾ ਹੁਇਨ॥੧੭
ਰਹੈ ਨ ਜਬ ਗਾਦੀ ਕੋ ਮਾਲਕ।
ਧਨ ਹਿਤ ਅਪਰ ਬਨਹਿ ਤਤਕਾਲਿਕ॥
ਜੋ ਗੁਰੂ ਗ੍ਰੰਥ ਆਪਨੇ ਭਯੋ।
ਸੋ ਸਗਰੇ ਸਿਖਨ ਹੂ ਸੁਨਯੋ॥
ਲਿਖ ਲੈ ਹੈ ਅਬ ਸੋਢੀ ਸਾਰੇ।
ਬੈਠਹਿ ਮਾਨੀ ਗੁਰ ਹੁਇ ਭਾਰੇ॥੨੧
ਯਾ ਤੇ ਸੰਗਤ ਕਿਸ ਲੜ ਲਾਵਹੁ।
ਗੁਰਤਾ ਉਚਿਤ ਜਾਹਿ ਲਖ ਪਾਵਹੁ
ਪੁਰ ਕੀ ਸੰਗਤ ਮਿਲ ਸਮੁਦਾਈ।
ਇਮ ਅਰਦਾਸ ਕਰਤ ਅਗੁਵਾਈ।੨੨੪

ਆਖਿਰਕਾਰ—

ਸਨਕਰ ਸ੍ਰੀ ਹਰਿ ਕ੍ਰਿਸ਼ਨ ਗੁਪਾਲਾ
ਜਥਾ ਜੋਗ ਜਾਨੀ ਤਿਸ ਕਾਲਾ
ਗੁਰੂ ਹੋਇ ਸੋ ਛਪੈ ਨਾ ਕੈਸੇ।
ਬਿਦਤਹਿ ਗਗਨ ਚਢੇ ਰਵਿ ਜੈਸੇ।੨੩।
ਤਊ ਰੀਤ ਪੂਰਬ ਗੁਰ ਕੇਰੀ।
ਹਮ ਕੋ ਕਰੀ ਚਹਿਯੇ ਇਸ ਬੇਰੀ॥
ਇਮ ਵਿਚਾਰ ਕਰ ਨਿਰਨੈ ਲਹਯੋ।
ਬੋਲੇ ਜਥਾ ਜੋਗ ਤੁਮ ਕਹਯੋ॥੨੪॥
ਪੈਸੇ ਪੰਚ ਨਲੀਯੇਰ ਮੰਗਵਾਹੁ।
ਸਭ ਸੰਗਤ ਕੋ ਨਿਕਟ ਬਿਠਾਵਹੁ।
ਪੁਨ ਸ੍ਰੀ ਮੁਖ ਤੇ ਬਚਨ ਸੁਹਾਏ।
ਸੁਨਤ ਜਿ ਸਗਰੇ ਸੀਸ ਨਿਵਾਏ॥
ਧਾਇ ਗਯੋ ਆਨਯੋ ਤਤਕਾਲਾ।
ਪੈਸੇ ਪੰਚ ਨਲੀਯੇਰ ਬਿਸਾਲਾ॥ ੨੮
ਸ੍ਰੀ ਹਰਿ ਕ੍ਰਿਸ਼ਨ ਦਰਸ ਕਹੁ ਦੈਨਾ
ਦੀਨਹੁ ਕੀਨ ਜਨਨ ਕਲਯਾਨ॥
ਤਜਯੋ ਪ੍ਰਯੰਕ ਤਰੇ ਗੁਰ ਭਏ।
ਕੁਸ਼ ਕੋ ਆਸਤਰੁਨ ਕਰ ਬਿਏ।
ਕੰਚਨ ਥਾਰ ਨਿਕਟ ਕਰਵਾਯਹੁ।
ਦੇਖ ਦਾਹਿਨੋ ਹਾਥ ਉਠਾਯੋ॥
ਪੈਸੇ ਪੰਚ ਉਠਾਵਨ ਕਰ।
ਸ੍ਰੀ ਫਲ ਸਾਥ ਹਾਥ ਮਹੁ ਧਰੇ॥
ਕੀਨ ਮੰਡਲਾ ਕ੍ਰਿਤ ਤੈ ਬਾਰੀ।

ਧਰਯੋ ਸੁ ਧਯਾਨ ਪ੍ਰਭੂਮਾ ਧਾਰੀ॥
ਲੇਪਨ ਕਰੀ ਭੂਮਿ ਜਿਹ ਪਾਵਨ।
ਨਿ ਕਰਤੇ ਤਹ ਕਰੇ ਟਿਕਾਵਨ॥
ਹਾਥ ਜੋਰ ਪੁਨ ਬੰਦਨ ਠਾਨੀ।
ਨੇਤ੍ਰ ਉਘਾਰ ਕਹੀ ਮੁਖ ਬਾਨੀ॥
ਬਾਬਾ ਬਸਹਿ ਜਿ ਗ੍ਰਾਮ ਬਕਾਲੇ।
ਬਨ ਗੁਰ ਸੰਗਤ ਸਕਲ ਸਮਾਲੇ॥
ਨਹੀ ਨਾਮ ਲੀਨਥ ਤਿਸ ਬੇਰਾ।
ਤਉ ਲਖਯੋ ਸਭ, ਗੁਰੂ ਬਡੇਰਾ॥
(ਰਾਸ ੧੦ ਅੰਸੂ ੫੨)

ਇਤਹਾਸਿਕ ਪੱਖ ਤੋਂ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਦੇ ਸਮੇ ਤਕ ਗੁਰੂ ਵੰਸੀਆਂ ਨੇ ਵਿਰੋਧਤਾ ਕਰਕੇ ਗੁਰੂ ਨਾਨਕ ਪ੍ਰੰਪਰਾ ਵਾਲੀ ਗੁਰਿਆਈ ਨੂੰ ਇਸ ਹਾਲਤ ਤਕ ਪਹੁੰਚਾ ਦਿਤਾ ਹੋਇਆ ਸੀ, ਕਿ ਜਿਸ ਹਾਲਤ ਵਿਚ ਤਖਤ ਨਸ਼ੀਨ ਗੁਰੂ ਵਿਅਕਤੀ ਵਾਸਤੇ ਕਿਸੇ ਵਿਅ-ਕਤੀ ਸ਼ੀਲ ਉਤ੍ਰਾਧਿਕਾਰੀ ਦਾ ਨਾਮ ਪ੍ਰਗਟ ਕਰਨਾ ਵੀ ਇਕ ਖਤਰਾ ਜਿਹਾ ਪ੍ਰਤੀਤ ਹੁੰਦਾ ਸੀ। ਤੇ ਇਹੋ ਵਜਾ ਸੀ, ਕਿ ਜਿਵੇ ਅਠਵੇਂ ਪਾਤਸ਼ਾਹ ਜੀ ਨੇ ਸੰਗਤ ਵਲੋਂ ਅਰਜ ਕਰਨ ਤੇ ਫੁਰਮਾਇਆ ਕਿ :—

"ਹਮ ਤਨ ਤਿਯਾਗਨ ਮੈ ਬਹੁ ਕਾਰਨ॥
ਆਛੋ ਨਹੀ ਜਿ ਕਰਿ ਉਚਾਰਨ"

ਓਥੇ ਉਸ ਵਕਤ ਦੇ ਘਰੋਗੀ ਹਾਲਾਤ ਨੂੰ ਧਿਆਨ ਵਿਚ ਰਖਦਿਆਂ ਗੁਰੂ ਜੀ ਨੇ ਸਿਖਾ ਦੀ ਵਯਕਤੀ ਗਤ ਗੁਰੂ ਭਾਵਨਾ ਨੂੰ ਪਰਖਨ ਵਾਸਤੇ ਹੀ ਇਹ ਸੁਝਾਉ ਵੀ ਦਿਤਾ ਕਿ :—

ਗੁਰੂ ਗ੍ਰੰਥ ਸਾਹਿਬ ਸਭ ਕੇਰਾ।
ਜੋ ਹਮਰੋ ਚਾਹਿ ਦ੍ਰਸ਼ਨ ਹੇਰਾ।
ਸੋ ਸਰਧਾ ਕਰ ਹੇਰਨ ਕਰੈ।

ਪਰ ਉਸ ਵਕਤ ਦੇ ਸਿਖਾਂ ਨੇ (ਸੂਰਜ ਪ੍ਰਕਾਸ ਦੇ ਕਥਨ ਅਨੁਸਾਰ) ਇਸ ਸੁਝਾਓ ਨੂੰ ਉਸੇ ਵਕਤ ਹੀ ਅਪ੍ਰਵਾਨ ਕਰ ਦਿਤਾ। ਅਰ ਸਤਿਗੁਰਾਂ ਨੇ ਸਿਖਾਂ ਦੇ ਆਸ਼ੇ ਅਨੁਸਾਰ ਜਿਥੇ ਹੋਣ ਵਾਲੇ ਵਿਅਕਤੀ ਗਤ ਨਾਂਵੇ ਪਾਤਸ਼ਾਹ ਦਾ ਸੰਕੇਤ ਖੁਲੇ ਬੰਦਾਂ ਵਿਚ ਦਿਤਾ ਓਥੇ ਨਾਮ ਦਸਨਾ ਫਿਰ ਵੀ ਮੁਨਾਸਿਬ ਨ ਸਮਝਆ।

ਉਸ ਵਕਤ ਬਾਲਿ ਸਵਰੂਪੀ ਅਠਵੇਂ ਸਤਿਗੁਰੂ ਪਾਤਸ਼ਾਹ ਜੀ ਦੀ ਇਹ ਬਹੁਤ ਹੀ ਵਡੀ ਨੀਤੀ ਸੀ। ਜਿਸ ਨੂੰ ਕੇਵਲ ਉਹ ਆਪ ਹੀ ਜਾਣਦੇ ਸਨ।

ਸ੍ਰੀ ਤੇਗ ਬਹਦਾਰ ਜੀ ਗੁਰੂ ਰੂਪ ਵਿਚ:-

ਭਾਂਵੇ ਬਾਲ ਸਵਰੂਪੀ ਸ੍ਰੀਗੁਰੂ ਹਰਿ ਕਿਸ਼ਨ ਜੀ ਨੇ ਜੋਤੀ ਜੋਤ ਸਮਾਉਣ ਦੇ ਪਹਿਲਾਂ ਹੀ "ਬਾਬਾ ਬਕਾਲੇ" ਵਾਲੇ ਸੰਕੇਤੀ ਸ਼ਬਦ ਦਵਾਰਾ ਗੁਰੂ ਜਯੋਤ ਦੀ ਸ਼ਕਤੀ ਨੂੰ ਸੁਰਤੀ ਮਾਰਗ ਬਕਾਲੇ ਵਿਚ ਤਪ-ਸਿਆ ਕਰਦੇ ਸ੍ਰੀ ਤੇਗ ਬਹਾਦਰ ਪਾਸ ਪਹੁੰਚਾ ਦਿਤਾ ਸੀ, ਜਿਸਤੋਂ ਇਹਨਾਂ ਨੂੰ ਗੁਰੂ ਸ਼ਕਤੀ ਪ੍ਰਦਾਨ ਹੋ ਚੁਕੀ ਸੀ ਅਤੇ ਭੂਤ, ਭਵਿਖ ਤੇ ਵਰਤਮਾਨ ਦਾ ਸਾਰਾ ਚਾਨਣ ਹੋ ਰਿਹਾ ਸੀ। ਸਗੋਂ ਕਈ ਵਾਰੀ ਮਾਤਾ ਨਾਨਕੀ ਜੀ ਇਨਾਂ ਨੂੰ ਸੰਗਤ ਵਿਚ ਪ੍ਰਗਟ ਹੋਣ ਬਾਬਤ ਆਖਦੇ ਵੀ ਰਹਿੰਦੇ, ਪਰ ਇਹ ਆਪਨੇ ਕਿਸੇ ਗੁਪਤ ਪ੍ਰੋਗ੍ਰਾਮ ਅਨੁਸਾਰ ਪਹਿਲੇ ਦੀ ਤਰਾਂ ਮਸਤ ਹੀ ਰਹਿੰਦੇ। ਜਦ ਕਿ ਇਤਨੇ ਚਿਰ ਨੂੰ (ਆਮ ਇਤਹਾਸਕਾਰਾਂ ਦੇ ਲਿਖਣ ਅਨੁਸਾਰ)ਸ੍ਰੀ ਗੁਰੂ ਹਰ ਕ੍ਰਿਸ਼ਨ ਜੀ ਦੇ ਕੀਤੇ ਸੰਕੇਤੀ ਬਚਨ ਨੂੰ ਆਪੋ ਅਪਣੇ ਧਿਆਨ ਵਿਚ ਰਖਦਿਆਂ ਕਰਤਾਰ ਪੁਰ ਜਾਂ ਕੀਰਤ ਪੁਰ ਵਿਚ ਨਿਵਾਸ ਰਖਨ ਵਾਲੇ ਗੁਰੂ ਵੰਸੀਆਂ ਨ ਬਕਲੇ ਆਣਕੇ ਆਪਣੀਆਂ ਆਪਣੀਆਂ ਮਸ਼ੰਨਦਾ (ਮੰਜੀਆਂ) ਡਾਹ ਲਈਆਂ ਅਤੇ ਵਖ ਵਖ ਮਸੰਦ (ਦਲਾਲਾ) ਦੁਆਰਾ ਗ੍ਰਾਹਕ ਰੂਪੀ ਸਿਖ ਆਪੋ ਆਪਣੀਆਂ ਦੁਕਾਨਾਂ ਵਲ ਪ੍ਰੇਰਨੇ ਸੁਰੂ ਕਰ ਦਿਤੇ। (ਭਾਂਵੇ ਕੁਝ ਵਿਦਵਾਨ ਇਹ ਗਲ ਨਹੀ ਵੀ ਮਨਦੇ ਪਰ ਸੂਰਜ ਪ੍ਰਕਾਸ਼ ਆਦਿਕ ਗ੍ਰੰਥਾਂ ਅਨੁਸਾਰ ਇਹਨਾਂ ਮੰਜੀਆਂ ਦੀ ਗਿਣਤੀ ੨੨ ਹੀ ਦਸੀ ਜਾਂਦੀ ਹੈ)

ਇਸਤਰਾਂ ਸ੍ਰੀ ਗੁਰੂ ਅਠਵੇਂ ਪਾਤਸ਼ਾਹ

ਜੀ ਦੇ ਜੋਤ ਜੋਤ ਸਮਾਉਣ ਤੇ ਨਾਂਵੀ ਪਾਤਸ਼ਾਹੀ ਦੇ **ਗੁਰੂ ਰੂਪ** ਵਿਚ ਪ੍ਰਗਟ ਹੋਣ ਦੇ ਮਧ ਕਾਲ ਵਿਚ ਆਮ ਸਿਖਾਂ ਦੀ ਜੋ ਹਾਲਤ ਸੀ ਉਸਦਾ ਨਮੂਨਾ ਸੂ. ਪ੍ਰ. ਵਿਚ ਇਸ ਪ੍ਰਕਾਰ ਲਿਖਿਆ ਹੋਇਆ ਹੈ :—

"ਸੰਗਤ ਡੋਲਹਿ ਕਹੇ ਮਸੰਦ।
ਨਹਿ ਪ੍ਰਾਪਤ ਸਤਿਗੁਰ ਸੁਖ ਕੰਦ॥
ਕਿਸ ਢਿਗ ਅਪਨੀ ਬਿਨਯ ਸੁਨਾਵੈ।
ਸਯਾਨੇ ਸਿਖ ਅਧਿਕ ਦੁਖ ਪਾਵੈ॥੧੪॥
ਬੀਚ ਬਕਾਲੇ ਹੋਰ ਬਿਸਾਲਾ।
ਉਤਰੀ ਆਨ ਸੰਗਤਾਂ ਜਾਲਾ॥
ਸੰਗ ਮਸੰਦ ਲਏ ਜਿਤ ਜਾਵੈ।
ਬਿਨ ਅਨੰਦ ਸੋਢੀ ਪੁਜਵਾਵੈ॥੧੫।
ਜਿਸ ਕੋ ਮੇਲ ਅਹੈ ਜਿਸ ਸਾਥਿ।
ਤਹਿ ਲੇ ਜਾਇ ਸੁਨਾਵਹਿ ਗਾਥ॥
ਇਹ ਗੁਰ ਪੂਰਨ ਅਜਮਤ ਵੰਤਾ।
ਪੂਰਹਿ ਕਾਮਨਾ ਜੋ ਚਿਤਵੰਤਾ॥੧੬॥
ਇਮ ਸੋਢੀ ਸਬ ਆਇ ਬਕਾਲੇ।
ਬੈਠੇ ਮੰਜੀ ਪਾਇ ਬਿਸਾਲੇ॥......
ਸਦਾਇ ਕੰਤ ਗੁਰੂ ਭਗਵੰਤ।
ਨਹੀ ਲਖਾਵਹਿ ਅਪਨ ਮਤੰਤ॥
ਧੀਰ ਮਲ ਕੋ ਬਡ ਬਿਸਤਾਰਾ।
ਗੋਪ ਗੁਰੂ ਇਹ ਧੀਰ ਮੁਝਾਰਾ॥
ਕਿਤਕ ਕਾਲ ਜਬ ਇਮਹਿ ਬਤਾਯਹੁ।
ਸਿਖਨ ਗਨ ਜਹਿ ਕਹ ਡਹਕਾਯਹੁ। ੨੭
(ਰਾਸ ੧੧ ਅੰਸੂ ੧)

ਏਸੇ ਸਮੇ ਵਿਚ ਮਾਤਾ ਨਾਨਕੀ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਨੂੰ ਵੀ ਬਾਕੀਆ ਵਾਂਗ ਗੁਰੂ ਪੰਕਤੀ ਵਿਚ ਬਿਠਾਉਨ ਵਾਸਤੇ) ਗੋਇੰਦ ਵਾਲ ਸ੍ਰੀ ਗੁਰੂ ਅਮਰ ਦਾਸ ਦੇ ਅੰਸੀ ਵੰਸੀ ਭਾਈ ਗੜੀਏ ਨੂੰ ਬਕਾਲੇ ਸਦਿਆ। ਤਾਂ ਕਿ ਉਹ ਇਹਨਾਂ ਨੂੰ ਕਝ ਸਮਝਾਵੇ। ਜਦ ਭਾਈ ਗੜੀਆ ਬਕਾਲੇ ਆਇਆ ਤਾਂ ਮਾਤਾ ਜੀ ਨੇ ਇਵੇਂ ਉਸ ਨਾਲ ਗਲਬਾਤ ਕੀਤੀ :—

ਗੜੀਏ ਕੀਨ ਸੁ ਬਾਕ ਬਿਲਾਸ।
ਜੇ ਗੁਰ ਪ੍ਰਗਟੇ ਤੁਮਹੁ ਅਵਾਸ॥
ਸਤ ਸੰਗਤ ਧਨ ਕੇਤਕ ਦਯੋ।
ਕਰਹੁ ਅਚਾਵਨਿ ਮਾਤਾ ਕਹਯੋ॥
ਜਨਨੀ ਕੋ ਸੁਨ ਮਨ ਹਰਖਾਨਾ।
ਦਸ ਹਜਾਰ ਦੇਵਨ ਕੋ ਮਾਨਾ॥

ਅਰਥਾਤ ਸ੍ਰੀ ਦਵਾਰਕਾ ਦਾਸ ਤੇ ਭਾਈ ਗੜੀਏ ਨੂੰ ਮਾਤਾ ਜੀ ਨੇ ਕਿਹਾ ਕਿ ਜਿਸਤਰਾਂ ਹੋਵੇ ਤੇਗ ਬਹਾਦਰ ਜੀ ਨੂੰ ਗੁਰਤਾ ਦਾ ਟਿਕਾ ਲਾ ਦਿਓ? ਇਸ ਕੰਮ ਦੇ ਹੋ ਜਾਣ ਤੇ ਦਸ ਹਜਾਰ ਰੁਪਿਆ ਮੈਂ ਆਪਨੂੰ ਵੀ ਭੇਟਾ ਦੇਵਾਂਗੀ।

ਇਹ ਸਲਾਹ ਕਰਕੇ ਸ੍ਰੀ ਦਵਾਰਕਾ ਦਾਸ ਨੇ ਕੇਸਰ ਘਸਾ ਕੇ ਤੇ ਪੰਜ ਪੈਸੇ ਤੇ ਨਲੀਯੇਰ ਲੈਕੇ ਭਾਈ ਗੜੀਏ ਸਮੇਤ ਸਮਾਧੀ ਸਥਿਤ (ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਆਏ ਅਤੇ ਬੇਨਤੀ ਕੀਤੀ

"ਤੁਮ ਜਗ ਤਾਰਨ ਕਾਰਨ ਆਏ।
ਛਪਕੇ ਬੈਠਨ ਕਿਮ ਇਮ ਭਾਏ॥੨੭
ਅਬਹਿ ਸਿੰਘਾਸਨ ਸਜਹੁ ਬਿਸਾਲਾ।
ਦੇਹੁ ਦਰਸ ਜਗ ਕਰੋ ਨਿਹਾਲਾ॥
ਇਤ ਆਦਿਕ ਕਹਿ ਬਿਨੈ ਬਡੇਰੀ।
ਕੁੰਕਮ ਤਿਲਕ ਕਰਯੋ ਤਿਸ ਬੇਰੀ॥੨੮
ਪੂਜਾ ਭੇਟ ਨਾਲੀਯਰ ਧਰਯੋ।
ਪੁਨ ਸਤਿਗੁਰ ਕੁਛ ਨਹਿ ਉਚਰਯੋ॥
ਰਾਸ ੧੧ ਅੰਸੂ ੨

ਇਸ ਪ੍ਰਕਾਰ ਭਾਂਵੇ ਸ੍ਰੀ ਦਵਾਰਕਾ ਦਾਸ ਨੇ ਅਪਨੇ ਵਲੋਂ ਗੁਰਤਾ ਗਦੀ ਦੀ ਸਾਰੀ ਰਸਮ ਪੂਰੀ ਕਰ ਵੀ ਦਿਤੀ। ਪਰ ਜਿਥੇ ਗੁਰੂ ਜੀ ਪਹਿਲੇ ਦੀ ਤਰਾਂ ਅਨੰਦ ਰਹੇ ਉਥੇ ਮਸੰਦਾ ਨੇ ਸਿਖ ਸੰਗਤਾਂ ਦਾ ਇਸ ਪਾਸੇ ਕੋਈ ਧਿਆਨ ਹੋਣ ਹੀ ਨਾ ਦਿਤਾ। ਸਗੋਂ ਉਘੜਕੇ ਬਾਬ ਦਵਾਰਕਾ ਦਾਸ ਨੇ ਵੀ ਕਿਸੇ ਨੂੰ ਕੁਝ ਨ ਕਿਹਾ 'ਕਿਉਂਕਿ ਇਸ ਤਰਾਂ ਬਾਕੀ ਦੇ ਸਾਰੇ ਸੋਢੀ ਬਾਬੇ ਨਰਾਜ਼ ਹੋ ਜਾਣ ਤੋਂ ਉਹ ਵੀ ਡਰਦੇ ਸਨ।

ਕੁਝ ਦਿਨ ਰਹਿ ਕੇ ਬਾਬਾ ਦਵਾਰਕਾ ਦਾਸ ਜੀ ਗੋਇੰਦਵਾਲ ਨੂੰ ਵਾਪਸ ਪਰਤ ਆਏ ਤੇ ਭਾਈ ਗੜ੍ਹੀਆ ਗੁਰੂ ਜੀ ਤੇ ਪਾਸ ਬਕਾਲੇ ਰਿਹਾ ਜਦਕਿ ਸਮਾ ਪਾ ਕੇ ਮਖਨ ਸ਼ਾਹ ਵਾਲਾ ਪ੍ਰਸੰਗ ਵੀ ਸਾਹਮਣੇ ਆ ਗਿਆ। ਉਸਨੇ ਅਪਣੇ ਡੁਬਦੇ ਬੇੜੇ ਦੀ ਸਹਾਇਤਾ ਵਾਸਤੇ ਜੋਤੀ ਸਰੂਪ ਤੇ ਹਾਜ਼ਰਾ ਹਜ਼ੂਰ ਗੁਰੂ ਦੇ ਚਰਨਾਂ ਵਿਚ ਜਹਾਜ਼ ਬੰਨੇ ਲਾਉਣ ਦੀ ਭਾਵਨਾ ਸਹਿਤ ਅਰਦਾਸ ਕੀਤੀ। (ਭਾਂਵੇਂ ਕਿ ਉਸਨੂੰ ਵਕਤ ਦੇ ਵਿਅਕਤੀਗਤ ਗੁਰੂ ਦੇ ਨਾਮ ਆਦਿਕ ਦਾ ਕੋਈ ਪਤਾ ਨਹੀਂ ਸੀ) ਪਰ ਉਹ ਅਰਦਾਸ ਵਰਤਮਾਨ ਕਾਲ ਦੇ ਵਿਅਕਤੀਗਤ ਸਤਿਗੁਰੂ ਤੇਗਬਹਾਦਰ ਨੇ ਸਰਵਣ ਕੀਤੀ ਅਤੇ ਸਮੁੰਦਰ ਵਿਚ ਜਾਕੇ ਉਸਦਾ ਬੇੜਾ ਬੰਨੇ ਲਾ ਦਿਤਾ। ਗਰੰਥਾ ਦੇ ਲਿਖਨ ਅਨੁਸਾਰ ਮਖਣ ਸ਼ਾਹ ਲੁਬਾਣੇ ਨੇ ਅਰਦਾਸ ਕਰਨ ਸਮੇਂ ਜੋ ਪੰਜ ਸੋ ਮੋਹਰ ਗੁਰੂ ਚਰਨਾਂ ਵਿਚ ਭੇਟ ਕਰਨ ਦੀ ਮੰਨਤ ਮੰਨੀ ਸੀ। ਉਹ ਹੀ ਮੰਨਤ ਸ੍ਰੀ ਗਰੂ ਤੇਗਬਹਾਦਰ ਜੀ ਨੂੰ ਸੰਗਤਾਂ ਵਿਚ ਪ੍ਰਗਟ ਕਰਨ ਦੀ ਮੂਜਬ ਬਣੀ।

ਮਖਣ ਸ਼ਾਹ ਲਬਾਣੇ ਦਾ ਸੰਖਿਪਤ ਹਾਲ

ਮਖਣ ਸਾਹੁ ਇਕ ਸਿਖ ਭਾਰਾ,
ਗੁਰ ਸਿਖੀ ਹੈ ਮਹਦ ਅਧਾਰਾ।
ਕਰ ਸੌਦਾ ਬਹੁ ਚਢਯੋ ਜਹਾਜਾ।
ਅਨਕ ਵਸਤ ਲੇ ਵਣਜਨ ਕਾਜਾ।੨॥
ਦੇਸਾਂਤਰ ਮਹਿ ਬੇਚਯੋ ਜਾਇ।
ਤਹਿ ਕੀ ਵਸਤ ਖਰੀਦ ਕਰਾਇ।
ਧਰ ਜਹਾਜ਼ ਬਹੁ ਹਟਯੋ ਬਹੋਰ।
ਬੀਚ ਸਮੁੰਦ ਜਹਾਂ ਜਲ ਘਰ। ੩ ॥......
ਟਾਪੂ ਨਿਕਟ ਹੋਤ ਬਡ ਭਾਰੂ।
ਨਹਿ ਮਨੁਖ ਜਹਿ ਪਿਖਯੋ ਉਜਾਰੂ।
ਬਿ ਬਸ ਜਹਾਜ ਪ੍ਰੇਰਕਨਿ ਭਇਊ।
ਬਲ ਕਰ ਰਹੇ ਸਥੰਭ ਨ ਗਈਊ।੬।
ਅਧਿਕ ਬੇਗ ਬਾਯੂ ਕੇ ਪਾਇ।
ਸਿਕਤਾ ਥਲ ਪਰ ਜਾ ਅਟਕਾਏ।
ਪੁਨ ਸਾਗਰ ਕੀ ਲਗੇ ਤਰੰਗਾ।
ਕੁਛਕ ਭਯੋ ਚਢ ਜਲ ਥਲ ਤੁੰਗਾ। ੭ ॥
ਮਖਣ ਅਸਚਰਜ ਮਨ ਮਾਨਾ।
ਚਿੰਤ ਪਰਾਇਣ ਭਏ ਮਹਾਨਾ।
ਨਰਨ ਉਪਾਇਨ ਕੀਨ ਬਹੁਤੇਰਾ।
ਬੁਧ ਕਰਕੇ ਅਰ ਓਜ ਘਨੇਰਾ।੮।......
ਭਯੋ ਨਿਰਾਸ ਜਤਨ ਕੇ ਕਰਿਬੇ।
ਉਪਜੀ ਏਕ ਆਸ ਤਜ ਸਰਬੇ। ੯ ॥
ਅਬ ਸਤਿ ਗੁਰੂ ਕੀ ਬਨਹਿ ਸਹਾਈ।
ਨਾਹਿ ਅਪਰ ਕੀ ਗਤ ਜਿਹ ਥਾਈ।......
ਇਸ ਪ੍ਰਕਾਰ ਸਿਖ ਨਿਸਚੈ ਧਰਕੇ।
ਕਰ ਪਗ ਨੀਰ ਪਖਾਰਿਨ ਕਰਕੈ।
ਜੋਤੀ ਰੂਪ ਗੁਰੂ ਕੋ ਧਯਾਨ।
ਅਚਲ ਠਾਢਿ ਭਾ ਅੰਜੁਲ ਠਾਨਿ। ੧੧।
ਹੇ ਪ੍ਰਭ ਤੁਮ ਨਿਰਾਸ ਕੀ ਆਸ।
ਅੰਤਰ ਜਾਮੀ ਜਾਮੀ ਸਰਬ ਪਕਾਸ।......
ਮੈ ਸਦੀਵ ਕੋ ਦਾਸ ਤੁਮਾਰੋ।
ਅਬ ਜਹਾਜ ਕੋ ਪਾਰ ਉਤਾਰੋ।

ਅਰਥਾਤ—ਜਦੋਂ ਮਖਣ ਸ਼ਾਹ ਲੁਬਾਣੇ ਨੇ ਇਸ ਪ੍ਰਕਾਰ ਅਧੀਰਜ ਹੋ ਕੇ ਜੋਤੀ ਸਰੂਪ ਸਤਿਗੁਰੂ ਜੀ ਦੇ ਚਰਨਾਂ ਦਾ ਧਿਆਨ ਧਰਕੇ ਅਰਦਾਸ ਕੀਤੀ। ਤਾਂ ਉਸ ਵਕਤ।

ਸਤਿਗੁਰੂ ਤੇਗ ਬਹਾਦਰ ਧੀਰ।
ਅੰਤਰ ਜਾਂਮੀ ਸਰਬ ਸਰੀਰ।
ਨਹੀ ਜਨਾਵਨ ਆਪਾ ਕਰਿਹੀ।
ਸਹਜ ਸੁਭਾਵਿਕ ਸਮਤਾ ਧਰਹੀ।
ਕੋ ਇਕ ਨਾਮ ਰੂਪ ਕੋ ਜਾਨੈ
ਕਹਿਨ ਮਿਲਨਿ ਕਿ ਕਰਹਿ ਨ ਸਯਾਨੈ ੧੬

ਅਰਥਾਤ— ਸ੍ਰੀ ਗੁਰੂ ਤੇਗ ਬਹਾਦਰ ਜੀ ਉਸ ਵਕਤ ਗੁਰੂ ਸ਼ਕਤੀ ਨੂੰ ਧਾਰਨ ਕਰਦੇ ਹੋਏ ਵੀ ਆਪਣੇ ਆਪ ਨੂੰ ਪ੍ਰਗਟ ਨਹੀ ਸਨ ਕਰਦੇ, ਤੇ

ਸਹਿਜ ਅਵਸਥਾ ਵਿਚ ਹੀ ਅਪਨੇ ਘਰ ਵਿਚ ਗੁਪਤ ਰਹਿਕੇ ਨਾਮ ਸਿਮਰਨ ਵਿਚ ਲੀਨ ਰਹਿੰਦੇ, ਤੇ ਸਗੋਂ ਗ੍ਰੰਥ ਕਰਤਾ ਅਨੁਸਾਰ ਆਪ ਜੀ ਦੇ ਨਾਂ ਤੋਂ ਵੀ ਕੋਈ ਕੋਈ ਆਦਮੀ ਹੀ ਜਾਣੂ ਸੀ ਅਰ ਜਿਹੜਾ ਕੋਈ ਨਾਮ ਦਾ ਜਾਣੂ ਸੀ ਉਹ ਵੀ ਆਪ ਜੀ ਨਾਲ ਕੋਈ ਮਿਲਣ ਜਾਂ ਗਲ ਬਾਤ ਕਰਨ ਦੀ ਸਾਂਝ ਨਹੀਂ ਸੀ ਰਖਦਾ।

ਜਦ ਕਿ ਗੁਰੂ ਸ਼ਕਤੀ ਕਾਰਨ ਇਨਾਂ ਨੇ ਮਖਣ ਸ਼ਾਹ ਦੀ ਅਰਦਾਸ ਸੁਣੀ ਜਿਹਾ ਕਿ:—

ਸਿਖ ਮਨ ਕੀ ਲਖ ਅੰਤਰ ਜਾਮੀ।
ਤਹਿ ਸਹਾਇਤਾ ਚਹਿ ਕਰ ਸੁਾਮੀ।
ਰਿਦੈ ਵਿਚਾਰਤ ਜੇ ਨ ਕਰੈ ਅਬਿ।
ਗੁਰੁ ਘਰ ਕੀ ਮਹਿਮਾ ਸੁ ਘਟੈ ਤਬਿ।
ਹੋਨ ਸਹਾਇਕ ਹੀ ਬਨਿ ਆਵੈ।
ਜਿਸਤੇ ਸਿਖ ਸਰਧਾ ਅਧਿਕਾਵੈ।

ਅਰਥਾਤ—ਅੰਤਰਜਾਮੀ ਸਤਿਗੁਰੂ ਜੀ ਨੇ ਮਖਨ ਸ਼ਾਹ ਦੀ ਅਰਦਾਸ ਨੂੰ ਸੁਰਤੀ ਦੇ ਮਾਰਗ ਸੁਣਕੇ ਅਨੁਭਵ ਕੀਤਾ ਕਿ ਹੁਣ ਇਸ ਸਿਖ ਦੀ ਸਹਾਇਤਾ ਕਰਨੀ ਹੀ ਬਣਦੀ ਹੈ ਜੇਕਰ ਹੁਣ ਇਸਦੀ ਸਹੈਤਾ ਨਾ ਕੀਤੀ ਤਾਂ ਇਹ ਸਿਖ ਬੇ ਸਿਦਕ ਹੋ ਜਾਵੇਗਾ, ਇਸ ਤਰਾਂ ਗੁਰੂ ਘਰ ਦੀ ਮਹਿਮਾ ਘਟ ਹੋ ਜਾਵੇਗੀ ਇਸ ਗਲ ਨੂੰ ਧਿਆਨ ਵਿਚ ਰਖਦਿਆਂ

"ਪਹੁੰਚੇ ਨਿਮਖ ਬਿਖੈ ਗੁਰੁ ਪੂਰੇ।
ਕਰਨਿ ਸਿਖਨ ਕੋ ਕਾਰਜ ਪੂਰੇ।
ਮਖਣ ਸ਼ਾਹ ਕੀਨ ਅਰਦਾਸ।
ਚਿਤਵਤਿ ਦਰਬ ਦੇਉਗੋ ਹਾਸ।
ਨਰਨ ਬਹਾਨੇ ਸ੍ਰੀ ਗੁਰ ਜਾਇ।
ਸਿਖ ਜਹਾਜ ਕੋ ਦਯੋ ਚਲਾਇ।

ਅਰਥਾਤ—

ਸ੍ਰੀ ਸਤਿਗੁਰੂ ਜੀ ਨੇ ਨਰ ਸਰੂਪ ਦੁਆਰਾ ਜਾਕੇ ਉਸ ਦਾ ਰੁਕਿਆ ਹੋਇਆ ਜਹਾਜ ਚਲਾ ਦਿਤਾ ਭਾਂਵੇ ਉਸ ਵਕਤ ਕਿਸੇ ਨੂੰ ਵੀ ਨਰ ਸਰੂਪ ਸਤਿਗੁਰੂ ਦਾ ਪਤਾ ਨਾ ਲਗਾ ਪਰ ਮਖਨ ਸ਼ਾਹ ਨਿਸਚਾ ਕਰ ਲਿਆ ਕਿ ਇਹ ਮੇਰਾ ਜਹਾਜ ਗੁਰੂ ਸ਼ਕਤੀ ਨਾਲ ਹੀ ਪਾਰ ਲਗਾ ਹੈ। ਨਹੀਂ ਤਾਂ ਆਪਨੇ ਯਤਨਨਾਲ ਕੁਝ ਨਹੀ ਸੀ ਬਣਦਾ। ਜਹਾਜ ਦਾ ਮਾਲ ਵੇਚਕੇ ਉਹ ਜਦ ਪੰਜਾਬ ਆਇਆ ਤਾਂ ਉਸਦੇ ਅੰਦਰ ਗੁਰੂ ਦਰਸ਼ਨ ਦੀ ਅਭਿਲਾਖਾ ਬਹੁਤ ਜਿਆਦਾ ਪੈਦਾ ਹੋ ਗਈ। ਜਿਹਾ ਕਿ:—

ਰਹਿ ਨ ਸਕਯੋ ਚਹਿ ਦਰਸਨ ਦੇਖਾ।
ਚਲਯੋ ਪੰਥ ਲੈ ਸੌਜ ਬਿਸੇਖਾ।
ਸੇਵਕ ਨੌਕਰ ਰਖ ਸਮੁਦਾਇ।
ਮਦ੍ਰ ਦੇਸ ਕੋ ਸਨਮੁਖ ਆਇ।
ਪਹੁਚਯੋ ਨਿਕਟ ਤਬਹਿ ਗੁਰ ਦੇਸ।
ਪਯਾਰੀ ਸਿਖੀ ਜਾਹਿ ਵਿਸ਼ੇਸ।

ਸੂਰਜ ਪ੍ਰਕਾਸ਼ ਰਾਸ ੧੧ ਅੰਸੂ ੩

ਉਸ ਵਕਤ:—

ਸ੍ਰੀ ਹਰ ਕ੍ਰਿਸ਼ਨ ਬਾਕ ਜਿਮ ਕਹਯੋ।
ਕਿਨਹੂ ਗੁਰੂ ਰੂਪ ਨਹਿ ਲਹਯੋ।
ਬੀਚ ਬਕਾਲੈ ਗੁਰੂ ਕਹਾਵੈ।
ਦ੍ਵੈ ਬਿੰਸਤ ਗਾਦੀਨਿ ਪੁਜਾਵੈ।

ਰਾਸ ੧੧—ਅੰਸੂ ੪

ਸੂਰਜ ਪ੍ਰਕਾਸ਼ ਦੇ ਲਿਖਣ ਅਨੁਸਾਰ ਸ੍ਰੀ ਗੁਰੂ ਹਰ ਕ੍ਰਿਸ਼ਨ ਜੀ ਦੇ ਕੀਤੇ "ਬਾਬਾ ਬਕਾਲੇ,, ਦੇ ਵਾਕ ਅਨੁਸਾਰ ਬਕਾਲੈ ਵਿਚ ਸਾਰੇ ਗੁਰੂ ਪਰਵਾਰੀਆਂ ਵਲੋਂ ਜੋ ਆਪੋ ਆਪਣੀਆਂ ਮਸੰਨਦਾਂ ਕਾਇਮ ਕਰ ਰਖੀਆਂ ਸਨ। ਉਨਾਂ ਦੀ ਗਿਣਤੀ ੨੨ ਸੀ।

ਜਦ ਮਖਣ ਸ਼ਾਹ ਨੇ ਪੰਜਾਬ ਤੇ ਖਾਸ ਕਰਕੇ ਬਕਾਲੇ ਦੇ ਨੇੜੇ ਆਕੇ ਗੁਰ ਨਾਨਕ ਦੀ ਗਦੀ ਬਾਬਤ ਇਹ ਰੌਲਾ ਸੁਣਿਆ ਤਾਂ ਉਸਨੇ ਆਪਣੀ ਚਤਰ ਬੁਧੀ ਅਨੁਸਾਰ ਅਸਲੀ ਗੁਰੂ ਨਾਨਕ ਉਤਰਾਧਿਕਾਰੀ ਦੀ ਖੋਜ ਕਰਨ ਦਾ ਇਕ ਨਵਾਂ ਤਰੀਕਾ ਅਖਤਿਆਰ ਕੀਤਾ ਅਤੇ ਉਸ ਢੰਗ ਅਨੁਸਾਰ —

ਪਹਿਰੇ ਬਸਤ੍ਰ ਨਵੀਨ ਸਰੀਰ।
ਕੁਛ ਧਨ ਲੈ ਸੰਗ ਕਰ ਭਟਭੀਰ।
ਬਰਯੋ ਬਕਾਲੈ ਮਹਿ ਤਬ ਜਾਇ।
ਪ੍ਰਿਥਮ ਗ੍ਰੰਥ ਸਾਹਿਬ ਢਿਗ ਆਇ। ੧੧
ਧੀਰ ਮੱਲ ਕੇ ਹੁਤੇ ਜਿ ਪਾਸ।

ਖਰੇ ਕਰਾਇ ਤਹਾਂ ਅਤਦਾਸ ।
ਪੰਚ ਅਸਰਫੀ ਦੇ ਨਿਜ ਹਾਥ ।
ਰਿਦੇ ਅਰਾਧਹਿ ਸਤਿਗੁਰ ਨਾਥ ।੧੨
ਪੁਨਹੁ ਧੀਰ ਮਲ ਕੇ ਢਿਗ ਆਏ ।
ਦੋਇ ਅਸਰਫੀ ਧਰੀ ਮਨਾਇ ।
ਬੰਦਨ ਕਰ ਨਿਕਸਯੋ ਤਿਸ ਡੇਰੇ ।
ਅਪਰ ਜਾਇ ਸੋਢੀ ਸਭਿ ਹੇਰੇ ।
ਜੁਗ ਜੁਗ ਮੁਹਰ ਅਗਾਰੀ ਧਰਿ ਕੈ ।
ਸਭ ਕੇ ਪਾਇਨ ਬੰਦਨ ਕਰ ਕੈ ।
ਬਾਛਾਂ ਕਰਤ ਰਿਦੈ ਮਹਿ ਧੀਰ ।
ਦੇਹਿ ਪਤਾ ਕੋ ਜਲਧਿ ਗੰਭੀਰ ।
ਮੋ ਤੇ ਲੇਹਿ ਅਮਾਨਤ ਆਪ ।
ਜੋ ਗੁਰਤਾ ਕੋ ਧਰੈ ਪ੍ਰਤਾਪ ।੩੨ ।.........
ਤਬ ਚਲ ਗਯੋ ਅਪਨੇ ਡੇਰੇ ।
ਦੀਨ ਸੋ ਮਨ ਹੋਏ ਰਹਯੋ ਬਡੇਰੇ ।

ਰਾਸ ੧੧ ਅੰਸੂ ੫

ਭਾਈ ਮਖਣ ਸ਼ਾਹ ਵਲੋਂ ਸਾਰੇ ਸੋਢੀਆਂ ਦੀ ਕੀਤੀ ਗਈ ਪੂਜਾ ਭੇਟਾ ਦੀ ਚਰਚਾ ਸਾਰੇ ਬਕਾਲੇ ਵਿਚ ਫੈਲ ਗਈ ,ਅਰਮਾਤਾ ਨਾਨਕੀ ਜੀ ਦੇ ਪਾਸ ਵੀ ਇਕ ਸਿਖ ਨੇ ਜਾ ਕੇ ਆਖਿਆ।

"ਕਿ ਮਾਤਾ ਜੀ ਏਥੇ ਇਕ ਧਨੀ ਸਿਖ ਆਇਆ ਹੈ ਉਸਨੇ ਸਾਰਿਆਂ ਬਾਬਿਆਂ ਦੇ ਘਰਾਂ ਵਿਚ ਜਾਕੇ ਮਥਾ ਟੇਕਿਆ ਹੈ ? ਪਰ ਤੁਹਾਡੇ ਘਰ ਦਾ ਉਸਨੂੰ ਕਿਸੇ ਨੇ ਪਤਾ ਨਹੀ ਦਸਿਆ ਜਿਸ ਕਰਕੇ ਉਹ ਸਿਖ ਬਿਨਾਂ ਆਪਨੂੰ ਭੇਟਾ ਦੇਣ ਦੇ ਵਾਪਸ ਹੀ ਪਰਤ ਗਿਆ ਹੈ"।

ਇਮ ਸੁਨ ਮਾਤ ਗਈ ਸੁਤ ਪਾਸ।
ਪਉਢੇ ਹੁਤੇ ਉਠੇ ਸੁਖ ਰਾਸ ॥
ਇਕ ਦੁਇ ਸਿਖਯ ਦਾਸ ਥਿਤ ਤੀਰ।
ਪਿਖਯੋ ਪੁਤ੍ਰ ਕੋ ਰਿਦਾ ਗੰਭੀਰ ॥੯।

ਅਰਥਾਤ ਮਾਤਾ ਨਾਨਕੀ ਜੀ ਨੇ ਗੁਰੂ ਜੀ ਨੂੰ ਆਖਿਆ –

ਤਉ ਸਰੀਕ ਕ੍ਰਿਤ ਕੋ ਦੇਖ ।
ਕਹਯੋ ਪੁਤ ਹੇ ਬੁਧਿ ਬਿਸੇਖ ॥
ਬੈਠਹੁ ਬਾਹਰ ਦਿਖਾਵਹੁ ਆਪ।
ਕਰਹੁ ਮਸੰਦਨ ਸੰਗ ਮਿਲਾਪ॥
ਦੂਰ ਦੇਸ਼ ਤੇ ਸਿਖ ਚਲ ਆਯੋ।
ਸਬ ਗੁਰ ਬੰਸਹਿ ਦਰਬ ਚਢਾਯੋ॥
ਤੁਮ ਭੀ ਵਹਿਰ ਹੋਤ ਢਿਗ ਆਵਤ।
ਸਭ ਕੇ ਸਮ ਪਿਖਧਨ ਅਰਪਾਵਤ।੧੨
ਪਾਛਲ ਰੀਤ ਤਿਆਗ ਦਿਹ ਤਾਤ।
ਸਭਨਿ ਬਿਖੈ ਬਰਤਹੁ ਬਿਖਯਾਤ ॥
ਅੰਤਰ ਬੈਠਯੋ ਲਖਹਿ ਨ ਕੋਈ।
ਕਿਸ ਪੂਜਹਿ ਤੁਮ ਕੋ ਸਿਖ ਜੋਈ ॥੧੬
ਪਿਖਹੁ ਸਰੀਕ ਕਰਤ ਕ੍ਰਿਤ ਜੈਸੇ।
ਦਰਬ ਉਪਾਵਹੁ ਜੈਸੇ ਕੈਸੇ ॥੧੯

ਅਰਥਾਤ – ਮਾਤਾ ਨਾਨਕੀ ਜੀ ਨੇ ਸ੍ਰੀ ਗੁਰੂ ਜੀ ਨੂੰ ਆਖਿਆ ਹੇ ਪੁਤ੍ਰ ਬਾਹਰ ਵੇਖ ਸ਼ਰੀਕਾ ਨੇ ਕਿਵੇਂ ਆਪਣੀਆਂ ਦੁਕਾਨ ਦਾਰੀਆਂ ਚਲਾ ਰਖੀਆਂਹਨ ਜਿਹੜਾ ਕੋਈ ਸਿਖ ਬਾਹਰੋਂ ਆਉਂਦਾ ਹੈਉਨਾਂ ਦੇ ਮਸੰਦ ਉਸਨੂੰ ਝਟ ਦਬੋਚ ਲੈਂਦੇ ਹਨ। ਕਲ ਕੋਈ ਚੰਗਾ ਧਨੀ ਸਿਖ ਆਇਆ। ਉਸਨੇ ਸਾਰਿਆਂ ਦੀ ਭੇਟਾ ਪੂਜਾ ਕੀਤੀ ਹੈ। ਜੇਕਰ ਤੂੰ ਵੀ ਬਾਹਰ ਬੈਠਾ ਹੁੰਦਾ ਤਾਂ ਤੇਰੀ ਵੀ ਪੂਜਾ ਉਸਨੇ ਕਰ ਜਾਣੀ ਸੀ। ਪਰ ਪੁਤ੍ਰ ਤੂੰ ਬਾਹਰ ਨਿਕਲਕੇ ਬੈਠਦਾ ਹੀ ਨਹੀ। ਇਸਤਰਾਂ ਘਰ ਦਾ ਗੁਜਾਰਾ ਕਿਵੇਂ ਚਲੇਗਾ ? ਪੁਤ੍ਰ ! ਹੁਣ ਪਿਛਲੀ ਰੀਤ(ਗੁਫਾ ਵਿਚ ਬੈਠਕੇਰਹਿਣ ਵਾਲੀ) ਛਡ ਦੇਹਿ ਵੇਖ ਸ਼ਰੀਕ ਕੀ ਤੇ ਕਿਵੇਂ ਕਰ ਰਹੇ ਹਨ, ਤੂੰ ਵੀ ਜਿਸਤਰਾਂ ਹੋ ਸਕੇ ਦਰਬ ਪੈਦਾ ਕਰ।

ਅੰਤਰ ਜਾਮੀ ਸਤਿਗੁਰੂ ਜੀ ਮਾਤਾ ਦੀਆਂ ਗਲਾਂ ਸੁਣਕੇ ਚੁਪ ਹੋ ਰਹੇ। ਜਿਹਾ ਕਿ:–

ਜਨਨਿ ਗਿਰਾ ਸੁਨੀ ਕਰ ਮੌਨਿ।
ਨਹਿ ਉਤਰ ਦੀਨਸ ਬਿਧ ਕੌਨ।

ਮਾਤਾ ਜੀ ਨੇ ਗੁਰੂ ਜੀ ਦੀ ਚੁਪ ਤੋੜਨ ਵਾਸਤੇ ਕੁਝ ਸਰੀਰਾਂ ਨੂੰ ਫੇਰ ਗੁਰੂ ਜੀ ਕੋਲ ਬਾਕੀ ਗੁਰੂ ਵੰਸੀਆਂ ਵਾਂਗ ਗਦੀ ਲਾਕੇ ਬਾਹਰ ਬੈਠਣ ਤੇ ਪ੍ਰਗਟ ਹੋਣ ਲਈ ਆਖਕੇ ਭੇਜਿਆ। ਜਿਸਨੂੰ ਗੁਰੂ ਜੀ ਨੇ ਇਹ ਉਤਰ ਦਿਤਾ।

ਸ੍ਰੀ ਗੁਰੂ ਤੇਗ ਬਹਾਦਰ ਸੁਨਿਕੈ।

ਬਰਜਨ ਕੀਨਸਿ ਬਾਕਨ ਭਨਿਕੈ।੨੭।
ਹਮ ਕੋ ਜਾਹਰ ਬਾਹਰ ਕੈਰ।
ਪੁਨਨ ਮਨੋਰਥ ਇਹੁ ਉਰ ਧਰੋ।
ਜੋ ਮਨੁਖ ਇਮ ਕਰਹੈ ਕਾਰਾ।
ਤਿਹ ਮੁਖ ਹੋਇ ਦਰਗਹ ਮਹਿ ਕਾਰਾ।੨੯
ਯਾਤੇ ਤੂਸ਼ਨ ਪਿਖਹੁ ਤਮਾਸਾ।
ਜਿਮ ਹੁਇ ਕਰਤਾ ਪੁਰਖ ਬਿਲਾਸਾ
ਸੁਨਤ ਸਿਖਯ ਉਪਜੋਯ ਉਰ ਤ੍ਰਾਸਾ।
ਭਯੋ ਮੋਨ ਕੁਛ ਮੁਖ ਨ ਪ੍ਰਕਾਸਾ।
(ਰਾਸ ੧੧-ਅੰਸੂ ੬)

ਅਰਥਾਤ– ਸ੍ਰੀ ਗੁਰੂ ਜੀ ਨੇ ਅਰਜ ਕਰਨ ਆਏ ਸਰੀਰਾਂ ਨੂੰ ਆਖਿਆ ਕਿ ਮੇਰੇ ਕੋਲ ਕੋਈ ਆਦਮੀ ਅਜਿਹੀ ਗਲ ਨਾਂ ਕਰ,ਸਗੋਂ ਜਿਹੜਾ ਆਦਮੀ ਮੇਰੀ ਬਾਬਤ ਕੋਈ ਬਾਹਰ ਵੀ ਗਲ ਕਰੇਗਾ,ਉਸਦਾ ਮੂੰਹ ਦਰਗਾਹ ਵਿਚ ਕਾਲਾ ਹੋਵੇ ਗਾ। ਇਹ ਗਲ ਸੁਣਕੇ ਉਹ ਸਰੀਰ ਚੁਪ ਕਰਕੇ ਤੇ ਨਿਰਾਸ ਹੋ ਕੇ ਚਲੇ ਗਏ।

ਦੂਸਰੇ ਪਾਸੇ ਮਖਨ ਸ਼ਾਹ (ਬਾਵਜੂਦ ਸ੍ਰੀ ਗ੍ਰੰਥ ਸਾਹਿਬ ਤੋਂ ਲੈ ਕੇ ਧੀਰ ਮਲ ਆਦਿਕ ੨੨ ਗੁਰੂ ਵੰਸੀਆਂ ਦੀ ਭੇਟਾ ਪੂਰਾ ਕਰਨ ਦੇ ਵੀ ਨਿਮੋ-ਝੂਨਾ ਹੋ ਕੇ ਵਾਪਸ ਡੇਰੇ ਚਲਾ ਗਿਆ। ਅਤੇ ਓਥੇ ਬੈਠਿਆਂ ਨਿਕਟ ਵਰਤੀਆਂ ਪਾਸ ਇਸ ਗਲ ਦਾ ਝੋਰਾ ਝੁਰਨ ਲਗਾ। ਤੇਬਕਾਲੇ ਪਿੰਡ ਦੇ ਆਦਮੀਆਂ ਨੂੰ ਪੁਛਨ ਲਗਾ :–

ਮਖਣ ਸ਼ਾਹ ਦੀਨ ਮਨੁ ਕਹਯੋ,
ਅਪਰ ਭਿ ਸੋਢੀ ਕੋਇ ਕੁ ਕਹਯੋ।
ਜਿਸ ਢਿਗ ਮੋਤੇ ਭੇਟ ਨ ਗਈ।
ਆਪਨਿ ਆਪ ਕੀ ਸੁਧਿ ਨਹਿਤਈ।

ਅਰਥਾਤ– ਭਲਿਓ ਲੋਕੋ ! ਕੋਈ ਸੋਢੀ ਇਸ ਪਿੰਡ ਐਸਾ ਤਾ ਨਹੀਂ ਰਹਿ ਗਿਆ,ਜਿਸਨੂੰ ਮੇਰੀ ਭੇਟਾ ਨਾਂ ਪਹੁੰਚੀ ਹੋਵੇ ? ਤੇ ਓਸ (ਸੋਢੀ) ਨੇ ਆਪਨਾਂ ਨਾਮ ਜਾਹਿਰ ਨਾਂ ਕੀਤਾ ਹੋਵੇ ?

(ਪਿੰਡ ਵਾਲੇ ਸਰੀਰਾਂ ਵਿਚੋਂ ਇਕ ਨੇ ਦਸਿਆ ਕਿ –

"ਇਕ ਗੁਰੁ ਹਰਿ ਗੋਬਿੰਦ ਕੋ ਨੰਦ।
ਆਖਯ ਤੇਗ ਬਹਾਦਰ ਚੰਦ।੧੫।
ਜਿਸ ਕੇ ਸੁਧਿ ਨਹਿ ਜਗਤ ਮਝਾਰੇ।
ਸੁਨਹਿ ਨ ਕਿਸਤੇ ਨਹਿਨ ਉਚਾਰੇ।
ਜਹਾਂ ਇਕਾਂਤ ਥਾਨ ਤਹਿ ਗਹੈ।
ਮਸਤ ਸੁਭਾਇ ਸਦਾ ਜਿਸ ਅਹੈ।੧੬।
ਬਦਨ ਅਖਾਦਯੋ ਪਰਯੋ ਰਹਿਤ ਹੈ।
ਲੈਨ ਦੇਨ ਕੀ ਸੁਧ ਨ ਲਹਿਤ ਹੈ।
ਨਹਿਨ ਕਦਾਚਿਤ ਕੋਊਹ ਮਾਨਹਿ।
ਅਹੈ ਨ ਲਾਇਕ ਸਭ ਇਮ ਜਾਨਹਿ।੧੭

ਜਦੋਂ ਮਖਨ ਸ਼ਾਹਨੇ ਪਿੰਡ ਵਾਲਿਆਂ ਕੋਲੋਂ, ਇਸ ਕਿਸਮ ਦੀਆਂ ਗਲਾਂ ਸੁਣੀਆਂ ਤਾਂ —

ਤਿਨ ਤੇ ਸ੍ਰਤਿਵਾ ਮਖਨ ਸ਼ਾਹ।
ਕੁਛ ਭਯੋ ਮਨ ਮਹਿ ਉਤਸ਼ਾਹ।
ਤਿਆਰੀ ਕਰੀ ਗਮਨ ਕੇ ਕਾਰਨਿ।
ਧੀਰ ਮੱਲ ਨਰ ਕੀਯ ਹਟਿਕਾਰਨਿ।੨੦
ਤੁਮ ਕੋ ਉਚਿਤ ਨ ਤਿਨ ਪਹਿਜਾਨੋ।
ਜਹਿ ਸੁਭਾਵ ਪਰ ਮੱਤ ਮਹਾਨੋ।
ਮਿਲਹੁ ਤੁਮਹਿ ਕੈ ਮਿਲਹੈ ਨਾਹੀ
ਲਘ ਕੋਸਠ ਮਹਿ ਪਰਯੋ ਰਹਾਈ।੨੧

ਅਰਥਾਤ – ਜਦੋਂ ਮਖਣ ਸ਼ਾਹ ਪਿੰਡ ਦੇ ਆਦਮੀਆਂ ਪਾਸੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੋਆ ਸੁਣਕੇ ਇਹਨਾਂ ਦੇ ਦਰਸ਼ਨ ਕਰਨ ਦੀ ਤਿਆਰੀ ਕਰਨ ਲਗਾ, ਤਾਂ ਧੀਰ ਮਲ ਦੇ ਬੰਦਿਆਂ ਨੇ ਉਸਨੂੰ ਮਨਾਂਹ ਕੀਤਾ, ਕਿ ਉਸ ਪਾਸ ਜਾਣਾ ਤੁਹਾਡੀ ਸ਼ਾਨ ਦੇ ਉਲਟ ਹੈ। ਕਿਉਂ ਕਿ ਉਹ ਕਿਸੇ ਦੀ ਪ੍ਰਵਾਹ ਨਹੀ ਕਰਦਾ, ਇਹ ਵੀ ਪਤਾ ਨਹੀ ਉਹ ਕਿਥੇ ਹੋਵੇਗਾ, ਤੇ ਘਰ ਹੋਇਆ ਤਾਂ ਉਹਦਾ ਕੋਠਾ ਬਿਲਕੁਲ ਛੋਟਾ ਹੈ, ਤੁਸੀ ਓਥੇ ਕਿਥੇ ਬੈਠੋਗੇ ? ਇਸ ਵਾਸਤੇ ਸੇਠ ਜੀ। ਤੁਸੀ ਐਵੇਂ ਵਕਤ ਨ ਹਰਜ ਕਰੋ ?

ਪਰ– "ਸੁਨ ਮਖਣ ਸ਼ਾਹ ਕਿਛ ਮਨ ਨਹਿ ਮਾਨੀ।
ਚਹਿਤ ਸੁ ਦੇਖਬਿ ਸੰਸੈ ਹਾਨੀ।।
ਲੇਕਰ ਸੰਗ ਨਰਨ ਕੀ ਭੀਰ।
ਚਲਯੋ ਪਰਸਬੇ ਗੁਰੂ ਗੰਭੀਰ।।੨੪।
ਜਬਹਿ ਭੀਰ ਸੋਂ ਪਹੁੰਚਯੋ ਆਏ।

ਸ੍ਰੀ ਗੁਰੂ ਸ੍ਰਵਣ ਪਰੀ ਧੁਨ ਜਾਈ॥
ਪਠਯੋ ਦਾਸ ਰੋਕਨ ਤਿਨਿ ਕੇਰਿ।
ਕਹਯੋ ਸਭਨ ਸੋ ਆਗੇ ਘੇਰ॥

ਅਰਥਾਤ - ਜਦੋਂ ਗੁਰੂ ਜੀ ਨੇ ਤਪ ਅਸਥਾਨ ਤੇ ਬੈਠਿਆਂ ਬਾਹਰੋ ਭੀੜਦੀ ਅਵਾਜ ਸੁਣੀ ਤਾਂ ਇਕ ਆਦਮੀ ਨੂੰ ਰੋਕਨ ਵਾਸਤੇ ਕਹਿ ਭੇਜਿਆ। ਉਸਨੇ ਜਾਕੇ ਮਖਣ ਸ਼ਾਹ ਤੇ ਹੋਰਨਾਂ ਨੂੰ ਅਗੇ ਆਉਣ ਤੋਂ ਰੋਕ ਦਿਤਾ। ਤੇ ਦਸਿਆ ਕਿ ਬਾਬਾ ਜੀ ਨੇ ਆਖਿਆ ਹੈ ਕਿ :—

"ਥਾਨ ਕੁਸਾਦੋ ਅੰਤਰਿ ਹੈ ਨ"
"ਮਿਲਨ ਲਾਲਸਾ ਜੇ ਤੁਝ ਉਰ ਮੈਂ।
ਹੋਹਿ ਇਕਾਂਕੀ ਪ੍ਰਵਿਸਹੁ ਘਰ ਮੈਂ"

ਅਰਥਾਤ– ਉਸ ਸਿਖ ਨੇ ਮਖਣ ਸ਼ਾਹ ਨੂੰ ਆਖਿਆ। ਸੇਠ ਜੀ। ਬਾਬਾ ਜੀ ਨੇ ਆਖਿਆ ਹੈ ਕਿ ਅੰਦਰ ਥਾਂ ਖੁਲਾ ਨਹੀ? (ਭਾਵ ਜਗਾ ਤੰਗ ਹੈ) ਜੇਕਰ ਤੁਸਾਂ ਮਿਲਨਾਂ ਹੈ ਤਾਂ ਇਕਲੇ ਜਾਕੇ ਦਰਸ਼ਨ ਕਰ ਆਵੋ।

ਮਖਣ ਸ਼ਾਹ ਨੇ ਸਾਰੇ ਸਾਥੀਆ ਨੂੰ ਪਿਛਾਂਹ ਹਟਾ ਦਿਤਾ ਅਤੇ ਆਪ ਇਕਲਾ ਹੀ ਗੁਰੂ ਕੇ ਮਕਾਨ ਵਲ ਹੋ ਤੁਰਿਆ ਜਿਹਾ ਕਿ :–

ਸੁਨਕੈ ਸਭ ਕੋ ਠਾਢ ਕਰਕੈ।
ਆਪ ਪ੍ਰਵਿਸਯੋ ਅੰਦਰ ਘਰਕੈ॥..........
ਇਤਨੇ ਮਹਿਜਾਂ ਮਖਣ ਸ਼ਾਹ।
ਬੰਦਨ ਕਰੀ ਬੰਦ ਕਰ ਤਾਹਿ॥
ਦੁਇ ਦੀਨਾਰ ਅਗਾਰੀ ਧਰੀ।
ਮੋਊ ਰਿਦੇ ਕਾਮਨਾਂ ਕਰੀ॥

ਅਰਥਾਤ – ਮਖਨ ਸ਼ਾਹ ਨੇ ਜਾਕੇ ਇਨਾਂ ਅਗੇ ਵੀ (ਬਾਕੀ ਦੇ ਗੁਰੂ ਵੰਸੀਆਂ ਵਾਂਗਰ ਦੋ ਮੋਹਰਾਂ ਰਖਕੇ ਮਥਾ ਟੇਕਿਆ। ਜਿਨਾਂ ਨੂੰ ਵੇਖਕੇ ਅੰਤਰ ਜਾਮੀ ਗੁਰੂ ਜੀ ਨੇ ਬਚਨ ਕੀਤਾ :—

ਸ੍ਰੀ ਗੁਰੂ ਤੇਗ ਬਹਾਦਰ ਚੰਦ।
ਕਹਯੋ ਤਿਸੈ ਹੇ ਸਿਖ ਬਿਲੰਦ॥
ਗੁਰ ਘਰ ਕੀ ਜੋ ਅਹੈ ਉਪਾਇਨ।
ਸੋ ਦੀਜਹਿ ਨਹਿ ਰਾਖਹੁ ਆਇਨ।
ਸਾਗਰ ਸਮੈ ਜਹਾਜ ਲੰਘਾਵਨਿ।
ਤਹਿ ਜੋ ਕੀਨ ਸੰਕਲਪ ਉਠਾਵਨ।
ਅਰ ਦਸਵੰਧ ਗੁਰੂ ਕੋ ਹੈ ਜੇਤਾ।
ਅਰਪਨਿ ਦਰਬ ਕਰਹੁ ਅਬਿ ਤੇਤਾ।੩੮
ਸ੍ਰੀ ਗੁਰ ਬਾਕ ਸੁਨਤਿ ਸਿਖ ਸੋਇ।
ਭਯੋ ਪ੍ਰਸੰਨ ਸੰਦੇਹਨ ਖੋਇ।
ਗਦ ੨ ਗਿਰਾ ਨ ਬੋਲਯੋ ਗਯਊ।
ਰੁਕਯੋਕੰਠ ਪਰਪੂਰਨ ਭਯਊ।
ਨੇਤ੍ਰਨ ਬਿਖੈ ਅੰਸੂ ਭਰਿ ਆਏ।
ਦਸ਼ਾ ਦੇਖ ਮਨ ਰਹਿ ਬਿਸਮਾਏ।੪੧॥
ਰਾਸ ੧੧—ਅੰਸੂ ੭॥

ਅਰਥਾਤ—ਘਟ ਘਟ ਕੇ ਜਾਨਨ ਹਾਰ ਸਤਿਗੁਰੂ ਜੀ ਨੇ ਮਖਣ ਸ਼ਾਹ ਨੂੰ ਆਖਿਆ ਸਿਖਾ! ਉਹ ਸਮਾ ਯਾਦ ਕਰ, ਜਦੋਂ ਸਾਗਰ ਵਿਚੋਂ ਜਹਾਜ ਕਢਵਾਉਣ ਲਈ ਅਰਦਾਸੇ ਕਰਦਾ ਸੈਂ। ਹੁਣ ਦੋ ਮੋਹਰਾਂ ਭੇਟਾ ਕਰ ਰਿਹਾ ਹੈਂ! ਜੇਕਰ ਭੇਟਾ ਦੇਣੀ ਹੈ ਤਾਂ ਮੰਨੀ ਹੋਈ ਮੰਨਤ (ਪੰਜ ਸੌ ਮੁਹਰਾਂ) ਅਰ ਨਾਲ ਹੀ ਮੁਨਾਫੇ ਦਾ ਦਸਵੰਧ ਏਥੇ ਰਖ ਦੇਹਿ। ਨਹੀਂ ਤਾਂ ਇਹ ਦੋ ਮੋਹਰਾਂ ਵੀ ਚੁਕ ਲੈ?

ਗੁਰੂ ਜੀ ਦੇ ਇਹ ਵਾਕ ਸੁਣਕੇ ਮਖਣ ਦੀ ਖੁਸ਼ੀ ਦਾ ਕੋਈ ਅੰਤ ਹੀ ਨ ਰਿਹਾ ਤੇ ਮਸਤ ਹੋ ਗਿਆ, ਤੇ ਪ੍ਰਸੰਨਤਾ ਨਾਲ ਹਿਰਦਾ ਕੰਠ ਤੱਕ ਇਤਨਾ ਭਰ ਗਿਆ ਕਿ ਉਸ ਵਿਚ ਬੋਲਣਦੀ ਵੀ ਗੁੰਜਾਇਸ਼ ਨ ਰਹਿ ਗਈ, ਤੇ ਅਗੋਂ ਪ੍ਰਸੰਨਤਾ ਦਾ ਹੜ ਅਖਾਂ ਦੁਆਰਾ ਉਛਾਲੇ ਮਾਰਨ ਲਗ ਪਿਆ।

ਆਖਰ ਬਹੁਤ ਦੇਰ ਬਾਦ:—

ਦੋਹਰਾ—ਮਖਣ ਧੀਰਜ ਧਰ ਰਿਦੈ,
ਹਾਥ ਬੰਦ ਕਰ ਦੋਇ।
ਨਮਸ ਕਾਰ ਕਰ ਪੁਨਹ ਪੁਨ
ਪਿਖ ਪਿਖ ਹਰਖਤ ਹੋਇ।੧॥
ਚੌ. —— ਚਰਨ ਪਰਸੈ ਦ੍ਵੈ ਕਰਿ ਸਾਥਿ।
ਭਯੋ ਕ੍ਰਿਤਾਰਥ ਦਰਸੇ ਨਾਥ।
ਪੁਨ ਮੈ ਦਰਸੋ ਬਾਕ ਬਖਾਨਯੋ।
ਅਬਹਿ ਨ ਡੋਲੋ ਧੀਰਜ ਠਾਨਯੋ।੧੫।

ਅਰਥਾਤ– ਮਖਨ ਸ਼ਾਹ ਨੇ ਮਸਤੀ ਦੀ ਹਾਲਤ ਨੂੰ ਸੰਭਾਲ ਕੇ ਗੁਰੂ ਕੇ ਚਰਨ ਪਰਸ ਕੇ

ਬੇਨਤੀ ਕੀਤੀ ਸਚੇ ਪਾਤਸ਼ਾਹ, ਮੈ ਹੁਣੇ ਛੇਤੀ ਆਣ ਕੇ ਦਰਸ ਕਰਾਂਗਾ ਹੁਣ ਮੈ ਡੋਲਦਾ ਨਹੀਂ ਜੋ ਕੁਝ ਮੈਂ ਲਭਦਾ ਫਿਰਦਾ ਸਾਂ ਉਹ ਕੁਝ ਮੈਨੂੰ ਲਭ ਗਿਆ ਹੈ। ਇਤਨੀ ਅਰਜ ਕਰਕੇ ਡੇਰ ਪਹੁੰਚਾ ਅਤੇ :-

ਬਹੁਤ ਮੋਲ ਕੇ ਬਸਤ੍ਰ ਨਿਕਾਸੇ।
ਸਿਆਵਨਲਗੇ ਬੈਠੇ ਕਰ ਪਾਸੇ।
ਸਰਬ ਸਰਵਰੀ ਕੇਰਿ ਬਿਤਾਈ।
ਕਰਿ ਪੋਸ਼ਿਸ਼ ਰਚ ਸੁੰਦਰ ਤਾਈ।
ਬ੍ਰਹਮ ਮਹੂਰਤ ਮਹਿ ਉਠ ਕਰਿ ਕੈ।
ਮਖਣਸ਼ਾਹ ਹਰਖ ਉਰ ਭਰਕੈ੨੧।
ਮਜਨ ਆਦਿ ਕ੍ਰਿਆ ਕਰ ਸਾਰੀ।
ਗੁਰਬਾਨੀ ਕਰਿ ਪ੍ਰੇਮ ਉਚਾਰੀ।
ਉਜਲ ਪੋਸ਼ਸ ਪਹਰੀ ਫੇਰ।
ਪਨਹ ਤ੍ਰਿਹਾਵਲ ਕੀਨ ਘਨੇਰਿ।......
ਸੁਚ ਸੰਜਮ ਪਠਤਯੋ ਗੁਰ ਗਿਰਾ।
ਪੰਚਾਮ੍ਰਿਤ ਤਯਾਰ ਕਹੁ ਕਰਾ।......
ਮੋਹਰ ਪੰਜ ਸੈ ਗਿਨਕੈ ਲੀਨ।
ਜੋ ਗੁਰ ਕੇ ਹਿਤ ਸੰਚਨਿ ਕੀਨ।
ਗੁਰ ਘਰ ਸਨਮੁਖ ਗਮਨਯੋ ਜਾਇ।
ਸਕਲ ਉਪਾਇਨ ਸੰਗ ਲਵਾਇ।
ਰਾਸ ੧੧ ਅੰਸੂ ੮ ॥
ਜਬ ਗੁਰੂ ਘਰ ਕੇ ਸਨਮੁਖ ਆਵਾ।
ਦਾਸਹੁਤੋ ਮਾਤਾ ਪ੍ਰਤਿ ਗਾਵਾ।
ਸਿਖ ਇਹੁ ਪੂਰਨ ਸਰਧਾਵਾਨ।
ਆਯੋ ਚਲਕੈ ਦੂਰ ਮਹਾਨ ॥੨॥

ਅਰਥਾਤ – ਜਦੋਂ ਬੜੀ ਧੂਮ ਧਾਮ ਨਾਲ ਅਨੇਕ ਪ੍ਰਕਾਰ ਦੀ ਭੇਟਾ ਪੂਜਾ ਲੈਕੇ ਭਾਈ ਮਖਣਸ਼ਾਹ ਗੁਰੂ ਘਰ ਦੇ ਨਜਦੀਕ ਆਇਆ ਤਾਂ ਉਸ ਵਕਤ ਉਥੇ ਉਹ ਸਿਖ ਵੀ ਖੜਾ ਸੀ, ਜਿਸ ਨੂੰ ਗੁਰੂ ਸਾਹਿਬਾਂ ਨੇ ਇਹ ਆਖਿਆ ਸੀ ਕਿ ਜਿਹੜਾ ਮੈਨੂੰ ਪ੍ਰਗਟ ਕਰੇਗਾ, ਉਸ ਦਾ ਮੂੰਹ ਦਰਗਾਹ ਵਿਚ ਕਾਲਾ ਹੋਵੇਗਾ।

ਉਸਨੇ ਸੋਚਿਆ ਕਿ ਇਹ ਨਵਾ ਸਿਖ ਜੋ ਇਤਿਨੀ ਧੂਮਧਾਮ ਨਾਲ ਆਇਆ ਹੈ, ਇਸਨੂੰ ਕਿਤੇ ਇਸ ਸੇਵਾ ਦੇ ਇਵਜ਼ਾਨੇ ਬਾਬਾ ਜੀ ਦਾ ਸਰਾਪ ਹੀ ਨ ਲਗ ਜਾਵੇ ? ਉਸ ਸਿਖ ਨੇ ਮਖਣਸ਼ਾਹ ਨੂੰ ਉਸ ਸਰਾਪ ਤੋਂ ਜਾਣੂ ਕਰਵਾਉਣਾ ਇਕ ਉਪਕਾਰ ਸਮਝ ਕੇ ਅਗੋਂ ਵਾਂਢੀ ਜਾ ਕੇ ਦਸ ਦਿਤਾ, ਕਿ ਬਾਬਾ ਜੀ ਨੇ ਇਸਤਰਾਂ ਇਕ ਸਰਾਪ ਮੇਰੇ ਸਾਹਮਣੇ ਦਿਤਾ ਸੀ ਕਿ ਜਿਹੜਾ ਮੈਨੂੰ ਪਰਗਟ ਕਰੇਗਾ, ਉਸਦਾ ਮੂੰਹ ਦਰਗਾਹ ਵਿਚ ਕਾਲਾ ਹੋਵੇਗਾ।

ਮਖਣਸ਼ਾਹ ਜੋ ਬੜੀ ਚੰਗੀ ਪੁਸ਼ਾਕ ਪਹਿਨਕ ਭੇਟਾ ਪੂਜਾ ਸਮੇਤ ਗੁਰੂ ਦਰਸ਼ਨਾਂ ਨੂੰ ਆ ਰਿਹਾ ਸੀ, ਉਸ ਸਿਖ ਦੀ ਗਲ ਸੁਣਕੇ ਉਥੇ ਹੀ ਖਲੋ ਗਿਆ ਜਿਹਾ ਕਿ :—

ਸੁਣਕੇ ਮਖਣ ਰਿਦੈ ਬਿਚਾਰਾ,
ਹੋਇ ਸਫਲ ਜੋ ਗੁਰੂ ਉਚਾਰਾ।
ਪ੍ਰਗਟ ਕਰਯੋ ਚਾਹਿਤ ਮੈ ਇਨਕੋ,
ਦਰਸੇ ਭਲਾ ਹੋਇ ਜਿਨਿ ਕਿਨਿਕੋ। ੧੧।...
ਯਾਂ ਤੇ ਮੈ ਹੋਵੇ ਉਪਕਾਰੀ।
ਸਫਲ ਭਿ ਕਰਉ ਜੋ ਗੁਰੂ ਉਚਾਰੀ।
ਪੂਰਬ ਗਯੋ ਨਾਨਕੀ ਤੀਰ।
ਬਰਜ ਸੰਗਤ ਤੇ ਸਗਰੀ ਭੀਰ।
ਕਿਛੁ ਧਨੁ ਧਰਕੈ ਮਸਤਕ ਟੇਕਾ।
ਬੈਠੀ ਮਾਤਾ ਸਹਿਤ ਬਿਬੇਕਾ।੧੩।
ਸਾਦਰ ਸਿਖ ਕੋ ਬਾਕ ਸੁਨਾਇ।
ਬਹੁਰ ਉਠਯੋ ਮਖਣ ਤਿਸਥਾਂਇ।
ਸ੍ਰੀ ਗੁਰ ਕੋ ਲੰਗਰ ਜਿਸ ਘਰ ਮੈ।
ਤਿਹਤੇ ਕਾਲਖ ਲੈ ਨਿਜ ਕਰ ਮੈਂ।
ਅਪਨੇ ਮੁਖ ਪਰ ਸਰਬ ਲਗਾਈ।
ਗਯੋ ਗੁਰੂ ਢਿਗ ਸਰਧ ਬਢਾਈ।

ਅਰਥਾਤ ਜਦੋਂ ਉਸ ਸਿਖ ਨੇ ਮੂੰਹ ਕਾਲਾ ਹੋਣ ਬਾਬਤ ਦਸਿਆ ਤਾਂ ਮਖਣਸ਼ਾਹ ਨੇ ਸਾਰੇ ਸਾਥੀਆਂ ਨੂੰ ਉਥ ਹੀ ਖਲਿਆਰ ਦਿਤਾ ਤੇ ਆਪ ਮਾਤਾ ਨਾਨਕੀ ਜੀ ਦੇ ਪਾਸ ਜਾਕੇ ਉਨਾਂ ਨੂੰ ਕੁਝ ਮਾਇਆ ਭੇਟ ਕਰਕੇ ਲੰਗਰ ਖਾਨੇ ਦਾ ਪਤਾ ਕੀਤਾ ਤੇ ਝਟ ਪਟ ਅੰਦਰ ਜਾਕੇ ਇਕ ਤਵੇ ਦੀ ਕਾਲਖਨਾਲ ਆਪਣਾ ਮੂੰਹ ਚੰਗੀਤਰਾਂ ਕਾਲਾ ਕਰ ਲਿਆ। ਅਰ ਇਕਲਾ ਹੀ ਜਿਸ ਕੋਠੇ ਵਿਚ ਮਹਾਰਾਜ ਜੀ ਬੈਠ

ਓਥੇ ਦਰਵਾਜ਼ੇ ਅਗੇ ਆ ਖਲੋਤਾ ਤੇ ਸਾਥੀਆਂ ਨੂੰ ਨਜ਼ਦੀਕ ਸਦ ਲਿਆ' ਅਤੇ ਸਾਹਮਣੇ :—

"ਦ੍ਵਾਰੇ ਅੰਦਰ ਜਬ ਪ੍ਰਵਿਸਾਯੋ।
ਪਾਤਸ਼ਾਹ ਨਵਮੇ ਦਰਸਾਯੋ।੧੫
ਪੰਚਾ ਮ੍ਰਿਤ ਤਹ ਕਰਯੋ ਅਗਾਰੇ।
ਅਪਰ ਉਪਾਇਨ ਲੀਨ ਸੰਗਾਰੇ।
ਜਾਇ ਨਮਹ ਕੀਨਿਸ ਗੁਰ ਤਾਂਈ।
ਪਰਯੋ ਤਿਹਾਵਲ ਕਰ ਅਗਵਾਈ।੧੬
ਪੁਨਹ ਦੀਨਾਰ ਭੇਟ ਧਰ ਦੀਨਸਿ।
ਪੋਸ਼ਿਸ਼ ਰੁਚਿਰ ਦਿਖਾਵਨ ਕੀਨਸ।
ਬਿਨੈ ਸਹਿਤ ਗੁਰ ਕੋ ਕਹਿ ਬਾਨੀ।
ਹੇ ਧੀਰਨ ਮਹਿ ਧੀਰ ਮਹਾਨੀ।
ਅਬ ਕਰਨਾ ਕਰਿ ਪੋਸ਼ਿਸ਼ ਪਾਇ।
ਬੈਠੋ ਸਭਾ ਮਾਹਿ ਪ੍ਰਗਟਾਇ।
ਮਖਨ ਦਿਸ ਪਿਖ ਗੁਰੂ ਉਚਾਰਿਯੋ।
ਪ੍ਰਗਟ ਕਰਨ ਤੇ ਤੂੰ ਨਹਿ ਟਰਿਯੋ।
ਕਰਯੋ ਅਕਾਰਨ ਆਪ ਮੁਖ ਕਾਰਾ।
ਲੋਕ ਲਾਜ ਕੁਲ ਲਾਜ ਨਿਵਾਰਾ।......
ਪ੍ਰੇਮ ਡੋਰ ਤੇ ਬੰਧਨ ਹੋਇ।
ਕਿਰਤ ਕਰਹਿ ਜਿਮ ਬਾਂਛਹਿ ਸੋਇ।੨੧

ਅਰਥਾਤ - ਮਖਣ ਸ਼ਾਹ ਨੇ ਮੂੰਹ ਕਾਲਾ ਕਰਕੇ ਗੁਰੂ ਚਰਨਾ ਵਿਚ ਹਾਜ਼ਰ ਹੋਕੇ ਸਾਰੀ ਭੇਟਾ ਅਰਪਨ ਕੀਤੀ ਤੇ ਖਲੋਕੇ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ ਇਹ ਨਵੀਨ ਵਸਤ੍ਰ ਪਹਿਨ ਕੇ ਸੰਗਤਾਂ ਨੂੰ ਬਾਹਰ ਹੋਕੇ ਦ੍ਰਸ਼ਨ ਦੇਵੋ।

ਗੁਰੂ ਜੀ ਫੁਰਮਾਇਆ ਮਖਣ ਸ਼ਾਹ ਤੂੰ ਮੈਨੂੰ ਪ੍ਰਗਟ ਕਰਨ ਤੋਂ ਨਹੀ ਟਲਿਆ ਤੇ ਲੋਕ ਲਾਜ ਛਡਕੇ ਮੂੰਹ ਵੀ ਕਾਲਾ ਕਰ ਆਇਆ ਹੈਂ, ਹੁਣ ਮੈਂ ਤੇਰੇ ਪ੍ਰੇਮ ਦੇ ਬੰਧਨ ਵਿਚ ਬਝ ਗਿਆ ਹਾਂ ਜਿਵੇਂ ਤੇਰੀ ਮਰਜੀ ਹੈ ਕਰਵਾਲੈ ਪਰ ਪਹਿਲਾਂ ਅਪਨਾ ਮੂੰਹ ਸਾਫ ਕਰ। ਜਿਹਾ ਕਿ :—

"ਗੁਰੂ ਆਗਿਆ ਲੈ ਮਖਣ ਸ਼ਾਹ।
ਮੁਖ ਧੋਯੋ ਲੈ ਜਲ ਕਰ ਮਾਹੁ"

ਬਸ ਫਿਰ ਕੀ ਸੀ :—

ਨਿਜ ਹਾਥਨ ਮਹਿ ਬਸਤ੍ਰ ਜੁ ਧਾਰੇ।
ਪਹਿਰਾਵਨ ਹਿਤ ਉਠਯੋ ਸੁਧਾਰੇ॥
ਜਾਮਾ ਚੀਰ ਜੁ ਸੂਖਮ ਚਾਰ।
ਗਰ ਮਹਿ ਪਾਯੋ ਗੁਰੂ ਉਦਾਰ।੫੧
ਸੁੰਦਰ ਦੀਰਘ ਬਰ ਦਸਤਾਰ।
ਸਿਰ ਪਰ ਬੰਧਨ ਕੀਨ ਸੁਧਾਰ॥
ਊਪਰ ਮਹਦ ਚਾਦਰਾ ਲੀਨ।
ਸਿਖ ਕਾਮਨਾ ਪੂਰਨ ਕੀਨ।੫੨
ਵਹਿਰ ਸਥੰਡਲ ਹੁਤੋ ਬਿਲੰਦ।
ਤਹਾਂ ਆਇ ਬੈਠ ਸੁਖ ਕੰਦ।
ਤਹ ਛਿਨ ਮਖਨ ਚੜ੍ਹਯੋ ਅਟਾਰੀ।
ਸਭ ਸੰਗਤ ਮੋਂ ਉਚ ਉਚਾਰੀ॥੫੩
ਭੁਲੀਏ ਸੰਗਤੇ ਸੁਨਹੁ ਸੁ ਕਾਨ।
ਸਤਿਗੁਰ ਲਧਾ ਮਹਦੁ ਮਹਾਨ।
ਸੰਸੈ ਭਰਮ ਰਿਦੈ ਕੋ ਤਜ ਕੈ।
ਜਨਮ ਸੁਧਾਰਹ ਸ੍ਰੀ ਗੁਰੂ ਭਜਕੈ।
ਬਾਬਾ ਅਹੈ ਬਕਾਲੇ ਮਾਹਿ।
ਭਯੋ ਸਾਚ ਸੋ ਹੈ ਗੁਰ ਯਾਹਿ।
ਪਤਾ ਜਹਾਜ ਬਤਾਵਨ ਕੀਨ।
ਅੰਤਰ ਕੀਗਤ ਸਭ ਲਖ ਲੀਨ॥੫੯

ਸੂਰਜ ਪ੍ਰਕਾਸ਼ ਰਾਸ ੧੧ ਅੰਸੂ੯

ਬੰਸਾਵਲੀ ਨਾਮੇ ਦੁਆਰਾ ਗੁਰੂ ਜੀ ਦਾ ਕਰਤਾਰ ਪੁਰ ਤੋਂ ਪਟਨੇ ਪਹੁੰਚਣ ਤਕ ਦਾ ਇਤਹਾਸ—

ਇਸ ਤੋਂ ਪਹਿਲਾਂ ਕਿ ਗੁਰੂ ਸੂਰਜ ਪ੍ਰਕਾਸ਼ ਅਨੁਸਾਰ ਸ੍ਰੀ ਗੁਰ ਤੇਗ ਬਹਾਦਰ ਜੀ ਦੇ ਇਸ ਇਤਹਾਸ ਨੂੰ ਮਖਨ ਸ਼ਾਹ ਦੇ ਪ੍ਰਸੰਗ ਤੋਂ ਅਗੇ ਤੋਰਿਆ ਜਾਵੇ, ਬੰਸਾਵਾਲੀ ਨਾਮੇ ਵਿਚ ਅੰਕਿਤ ਕੁਝ ਉਹ ਤਥ ਲਿਖਣੇ ਜਰੂਰੀ ਹਨ, ਜਿਨਾ ਅਨੁਸਾਰ ਸ੍ਰੀ ਕੇਸਰ ਸਿੰਘ ਜੀ ਛਿਬਰ ਨੇ ਸਾਰੇ ਦੇ ਸਾਰੇ ਉਪ੍ਰੋਕਤ ਕਿਸਮ ਦੇ ਇਤਹਾਸਾਂ ਨੂੰ ਬਦਲਕੇ ਰਖ ਦਿਤਾ ਹੋਇਆ ਹੈ, ਜਿਹਾ ਕਿ :—

" ਤਜ ਕਰਤਾਰ ਪੁਰ ਕੀਰਤ ਪੁਰ ਗਏ।
ਕੋਈ ਕਾਲ ਬਸੇ ਤਹਾਂ ਬੀਸ ਸਾਲ ਕੇ ਭਏ।
ਤਬ ਬਿਚਾਰ ਮਨ ਮੈ ਇਹ ਕੀਨ।
ਮੈ ਹਾਂ ਨਿਕੜਾ ਭਾਈ ਅਸੀਂ ਹਾਂ ਤੀਨ।
ਗੁਰਿਆਈ ਕੇ ਵਾਰਿਸ ਦੀਰਘ ਅਹਿ ਭਾਈ।
ਮੈ ਤੀਜੇ ਅਸਥਾਨ ਮੁਝ ਪਹੁੰਚ ਨ ਕਾਈ। ੫
ਬਡੀ ਤਪਸਿਆ ਸੋ ਤੀਰਥ ਕਰੀਏ।
ਇਸ ਜਗਾ ਤਜ ਸਰੀਕੀ ਅਤੇ ਖੋਹ ਖੋਹੀ
ਬੇਗ ਦੇ ਟੁਰੀਏ। ੬।
ਕਛ ਦੁਬ ਅਤੇ ਕਬੀਲਾ ਲੈ ਟੁਰ ਪਏ।
ਭਲੀ ਜੁਗਤਿ ਕਰਿ ਤੀਰਥਿ ਕਰਤੇ ਭਏ।
ਸੰਮਤ ਸਤਾਰਾ ਸੌ ਤੇਰਵੇ ਘਰੋਂ ਤੁਰੇ।
ਨਾਲੇਅੰਸ ਨ ਹੋਈ ਹਿਰਦਾ ਪਿਆ ਝੁਰੇ। ੭
ਅਤਿ ਦੀਨਤਾ ਕਰ ਸਾਹਿਬ ਸੁਣੀ ਅਰਦਾਸ।
ਆਪਨੇ ਅੰਗ ਤੇ ਭੇਜਿਆ ਬੇਟਾ ਗੁਰੂ ਤੇਗ-
ਬਹਾਦਰ ਪਾਸ।
ਨਗਰ ਪਟਨਾ ਮ ਜਬ ਆਵਤ ਭਏ।
ਤਬ ਬਾਲਕ ਗੁਰੂ ਗੋਬਿੰਦ ਸਿੰਘ ਜੀ ਜਨਮ ਲੀਏ
ਸੰਮਤ ਸਤਾਰਾਂ ਸੌ ਅਠਾਰਾਂ ਕਹੀਐ।
ਇਸ ਪਰ ਸਾਖ ਦਿਤੀ ਚਹੀਐ।...................

ਯਾਦ ਰਹੇ ਕਿ ਸ੍ਰੀ ਛਿਬਰ ਨੇ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦ ਅਵਤਾਰ ਦੀ ਸੰਮਤ ਵੀ ੧੭੨੩ ਦੇ ਥਾਂ ੧੭੧੮ ਦਸੀ ਹੋਈ ਹੈ।

"ਪਟਨੇ ਤੋਂ ਬਕਾਲੇ ਨਿਵਾਸ—

ਕਈ ਕਾਲ ਰਹੇ ਪਟਨਾ ਸੇ ਵਸੀ।
ਖਬਰ ਈਹਾਂ ਤੇ ਗਈ ਗੁਰੂ ਹਰਿ ਰਾਏ ਦੇਵ
ਲੋਕ ਸਿਧਾਸੀ। ੧੪
ਤੇਗ ਬਹਾਦਰ ਚਲੇ ਸੁਨ ਤਹਾਂ ਤੇ ਫਿਰਿ ਆਏ
ਆਵਤ ਮਾਰਗ ਖਬਰ ਸੁਨੀ ਹਰਿ ਕ੍ਰਿਸ਼ਨ ਜੀ
ਦਿਲੀ ਸਿਧਾਏ।
ਰਾਮਰਾਇ ਜੀ ਮਿਲੇ ਤਿਨ ਸਭ ਕੀਆ ਬਖਾਨ।
ਪਿਤਾ ਟਿਕਿਆ ਹਰਿ ਕ੍ਰਿਸ਼ਨ ਕੋ ਮੁਝਿ ਕੀਆ ਜੁਦਾ
ਅਸਥਾਨ। ੧੫।
ਅਉਰੰਗੇ ਨੂੰ ਮਿਲਕੇ ਮੁਲਖ ਅਸਾਂ ਲੀਅ ਇਨਾਮ
ਦਿਖਾਈ ਅਜਮਤਿ ਪਰ ਕੀਆ ਆਪਨਾ ਕਾਮ
ਵੈਰ ਭਾਵ ਤਜਿ ਕਿਨਾਰੇ ਅਸੀ ਉਠਿ ਆਏ।
ਬਾਬਾ ਜੀ ਫੇਰ ਕਿਉਂ ਹਰਕ੍ਰਿਸ਼ਨ ਉਠਿ
ਦਿਲੀ ਆਏ। ੧੬
ਤੁਰਕ ਬੇ ਪੀਰ ਇਕੇ ਅਜਿਮਤਿ ਪੁਛ ਇਕੇ
ਧਰਮ ਗਵਾਏ।

ਇਹਨਿਦਾਨ ਬਾਲਕ ਲੈਣਾ ਸੀ ਕੀ ਉਥੇ ਜਾਏ ਕਰਤਾ ਭੰਸਾਵਲੀ ਨਾਮੇ ਅਨੁਸਾਰ ਗੁਰੂ ਜੀ ਸੰਮਤ ੧੭੧੩ ਨੂੰ ਕੀਰਤਪੁਰ ਤੋਂ ਚਲਕੇ ਤੀਰਥਾਂ ਦਾ ਰਟਨ ਕਰਦੇ ਪਟਨੇ ਗਏ ਉਥੇ ਸੰਮਤ ੧੭੧੮ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਹੋਇਆ। ਪਟਨੇ ਰਹਿੰਦਿਆਂ ਹੀ ਇਨਾਂ ਨੂੰ ਪਤਾ ਲਗਾ ਕਿ ਗੁਰੂ ਹਰਰਾਇ ਜੀ ਜੋਤੀ ਜੋਤ ਸਮਾਂ ਗਏ ਹਨ ਤੇ ਉਹ ਭੀ ਦਿਲੀ ਆਏ ਹੋਏ ਹਨ।

ਰਸਤੇ ਵਿਚ ਹੀ ਕਿਸੇ ਥਾਂ ਇਨਾਂ ਨੂੰ ਬਾਬਾ ਰਾਮ ਰਾਇ ਜੀ ਮਿਲੇ ਤੇ ਉਨਾਂ ਗਲ ਬਾਤ ਕਰਦਿਆਂ ਦਸਿਆ ਕਿ ਪਤਾ ਨਹੀ (ਗੁਰੂ) ਹਰਕ੍ਰਿਸ਼ਨ ਦਿਲੀ ਕਿਉਂ ਆਇਆ ਹੈ ? ਜਦ ਕਿ ਉਸਦੀ ਉਮਰ ਬੜੀ ਛੋਟੀ ਹੈ, ਤੇ ਔਰੰਗਜੇਬ ਬੜਾ ਬੇ ਪੀਰਾ ਹੈ, ਉਸਨੇ ਇਨਾਂ ਪਾਸੋ ਕਰਾਮਾਤ ਮੰਗਣੀ ਹੈ, ਫਿਰ ਜਾਂ ਇਹ ਕਰਾਮਾਤ ਦਸਣਗੇ, ਜਾਂ ਆਪਨਾ ਧਰਮ ਗਵੌਣਗੇ ਜਦ ਕਿ ਮੈ ਔਰੰਗਜੇਬ ਨੂੰ ਕਾਫੀ ਕਰਾਮਾਤਾਂ ਵਿਖਾ ਲਕੇ ਇਨਾਮ ਪ੍ਰਾਪਤ ਕਰ ਚੁਕਾ ਹਾਂ ਆਦਿ।

ਇਤ ਆਦਿਕ ਬਾਬਾ ਰਾਮ ਰਾਇ ਦੀਆਂ ਗਲਾਂ ਸੁਣਕ ਗੁਰੂ ਤੇਗ ਬਹਾਦਰ ਜੀ ਰਸਤੇ ਵਿਚੋਂ ਬਕਾਲੇ ਨੂੰ ਤੁਰ ਆਏ। ਜਿਹਾ ਕਿ:—

ਇਹ ਗਲਾਂ ਸੁਣ ਗੁਰੂ ਤੇਗ ਬਹਾਦਰ ਉਠ
ਆਏ ਬਕਾਲੇ।
ਛੋਟੇ ਹੁੰਦੇ ਰਹਿ ਸੇ ਪਿਤਾ ਆਪਨੇ ਦੇ ਨਾਲੇ।
ਉਥੇ ਆਏ ਤਾ ਦਿਲੀਉਂ ਖਬਰ ਆਈ।
ਹਰਿ ਕ੍ਰਿਸ਼ਨ ਜੀ ਗਏ ਦੇਵ ਲੋਕ ਸਿਧਾਈ।
"ਬਾਬਾ ਬਕਾਲੇ,, ਇਹ ਬਚਨ ਕਹਿ ਗਏ।
ਤੇਗ ਬਹਾਦਰ ਜੀ ਬਕਾਲੇ ਗਏ।
ਤਹਾਂ ਸੰਗਤ ਸਭ ਆਵਤ ਭਈ।
ਘਰ ਘਰ ਮੰਜੀ ਤਹਾਂ ਗੁਰਿਆਈ ਕੀ ਪਈ।

ਗੁਰਿਆਈ ਦਾ ਰੌਲਾ—

ਧੀਰ ਮਲ ਕਹਿਆ ਗੁਰਿਆਈ ਸਾਡੀ।
ਹਰਿ ਕ੍ਰਿਸ਼ਨ ਜੋ ਕਹਿਆ "ਬਾਬਾ ਬਕਾਲੇ"
ਅਸੀਂ ਬਾਬੇ ਹਾਂ ਆਦੀ।
ਬਾਬੇ ਗੁਰਦਿਤੇ ਦੀ ਅਸੀਂ ਅਉਲਾਦ।
ਤੇਗ ਬਹਾਦਰ ਹੈ ਪੰਜਵੀਂ ਜਗਾ।
ਅਸੀਂ ਬਾਬੇ ਹਾਂ ਆਦਿ।
ਸੰਗਤ ਧੀਰ ਮਲ ਦੇ ਭੀ ਜਾਏ।
ਨਾਲੇ ਗੁਰੂ ਤੇਗ ਬਹਾਦਰ ਦੇ ਭੀ ਆਇ।
ਲੋਕ ਅਜਮਾਏ ਅਜਮਾਏ ਪੈਰੀ ਪਵਨ।
ਨਾਲੇ ਇਧਰ ਆਵਨ ਨਾਲੇ ਧੀਰੂ ਦੇ ਜਾਵਨ

ਕਰਤਾ ਬੰਸਾਵਲੀ ਨਾਮਾ ਦਸਦਾ ਹੈ, ਕਿ ਗੁਰੂ ਤੇਗ ਬਹਾਦਰ ਜੀ ਜਦ ਪਟਨੇ ਤੋਂ ਬਕਾਲੇ ਪਹੁੰਚੇ ਤੇ ਏਥੇ ਆਇਆਂ ਸ੍ਰੀ ਗੁਰੂ ਹਰ ਕ੍ਰਿਸ਼ਨ ਦੇ ਜੋਤੀ ਜੋਤ ਸਮਾਉਣ ਅਤੇ "ਬਾਬਾ ਬਕਾਲੇ" ਵਾਲੇ ਉਚਾਰੇ ਸੰਕੇਤਕ ਵਾਕ ਦਾ ਪਤਾ ਲਗਾ।

ਜਦੋਂ ਕਿ ਇਹ ਸੰਕੇਤੀ ਵਾਕ ਸੁਣਕੇ ਸਾਰੇ ਸੋਢੀਆਂ ਨੇ ਬਕਾਲੇ ਵਖਵਖ ਮਸੰਨਦਾ ਡਾਹਲਈਆਂ ਤੇ ਸਗੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਇਹਨਾਂ ਮੰਜੀਆਂ ਵਿਚ ਹੀ ਸ਼ਾਮਲ ਸਨ ਤੇ ਕੁਝ ਨਾ ਕੁਝ ਲੋਕ ਇਨਾਂ ਕੋਲ ਵੀ ਆਇਆ ਕਰਦੇ ਸਨ, ਪਰ ਵਧੇਰੇ ਧੀਰਮਲ ਜੀ ਪਾਸ ਜਾਂਦੇ ਸਨ।

"ਪੰਜਵੇਂ ਮਹੀਨੇ ਸੰਗਤ ਦਿਲੀ ਕੀ ਆਈ।
ਨਾਲੇ ਦੁਰਘਾਮਲ ਨਾਲੇ ਗੁਰੂਕੇ ਸਿਖ ਵਡੇ ਠਾਈ।
ਨਾਲੇ ਗੁਰੂਕੇ ਨਫਰ ਚਾਕਰ ਮੁਸੱਦੀ ਸਭਆਏ।
ਜਿਤਨੇ ਗੁਰੂ ਹਰ ਕ੍ਰਿਸ਼ਨ ਜੀ ਨਾਲ ਆਹਿ ਸਿਧਾਏ। ੨੪—
ਅਗੋਂ ਸੁਣਿਆ ਬਾਈ ਮੰਜੀਆਂ ਗੁਰੂ ਬਣਿ ਬੈਠੇ ਹੈਨ ਬਹੁਤੇ।
ਵਕੀਲ ਸਭਨਾਂਦੇ ਨਾਲੇ ਧੀਰਮਲ ਜਾਇਪਹੁਤੇ।
ਸਭੋ ਆਪੋ ਆਪਣੇ ਵਲ ਸੱਦਨ।
ਸਭੇ ਆਪੇ ਨੂੰ ਗੁਰੂ ਬਦਨ। ੨੫।
ਸਭੇ ਸੋਢੀ ਸਭੇ ਸਾਹਿਬ ਜਾਦੇ।
ਘਟਿ ਵਧਿ ਕਿਸਨੂੰ ਕੋਈ ਆਖੇ
ਸਭੈ ਚੰਗੇ ਪੀਉ ਦਾਦੇ।.........
ਸੰਗਤ ਬਹਿ ਲਗੀ ਕਰਨ ਬੀਚਾਰ।
ਅਗੇ ਹੈਨ ਬਹੁਤੇ ਦਰਬਾਰ।

ਮਖਨ ਸ਼ਾਹ ਦੇ ਥਾਂ ਦੀਵਾਨ ਦੁਰਗਾ ਮਲ ਜੀ—

ਦੀਵਾਨ ਦੁਰਘਾ ਮਲ ਵਿਚ ਸਦ ਬਹਾਇਆ।
ਕਹੋ ਜੀ ਵਕੀਲ ਹੈਨ ਸਭਨਾਂ ਦੇ ਆਇਆ।
ਅਸੀਂ ਦਰਬਾਰ ਵਡਾ ਜਾਣ ਕਿਥੈ ਜਾਈਐ।
ਤੁਸੀ ਹੋ ਵਡੇ ਜਿਥੇ ਆਖੋ ਉਥੇ ਜਾਇ ਸੀਸ ਨਿਵਾਈਐ। ੨੮।
ਦੀਵਾਨ ਦੁਰਗਾ ਮਲ ਕਹਿਆ ਵਡਾ ਦਰਬਾਰ ਹੈ ਤੇਗ ਬਹਾਦਰ।
ਜੋ ਬਾਬਾ ਬੈਠਾ ਸਲਾਮਤ ਹਾਜਰ।
ਵਿਚ ਬਕਾਲੇ ਜਿਸਦਾ ਦਰਬਾਰ।
ਸਭ ਚਲ ਕਰੀਏ ਓਥੇ ਜੁਹਾਰ।
ਸਭਨਾ ਹੈ ਵਕੀਲ ਪਠਾਇਆ।
ਤੇਗ ਬਹਾਦਰ ਦਾ ਨਹੀ ਕੋਈ ਆਇਆ।
ਸਭੇ ਲਗੇ ਆਖਣ ਚਲੋ ਉਸੇ ਦੇ ਦਰਬਾਰ
ਚਲ ਉਥੇ ਸਭ ਕਰੋ ਜੁਹਾਰ।੨੯।
ਸੰਗਤ ਟੁਰੀ ਗੁਰੂ ਤੇਗ ਬਹਾਦਰ ਵਲਿ
ਕਛੁ ਵਿਚੋ ਫਾੜ ਵਕੀਲ ਲੈ ਚਲੇ ਘਰਿ ਧੀਰਮਲ।
ਭਾਦਰੋਂ ਦਾ ਮਹੀਨਾ ਅਧਾ ਸੀ ਗਿਆ
ਜੋ ਧੀਰਮਲ ਵਲ ਸੇਟੂਰੇ ਉਨਾਨੂੰ ਟੁਟ ਬਜਲ ਪਇਅ
ਉਹ ਵੀ ਮੁੜ ਆਏ ਸਭੇ ਇਧਰ।
ਆਖਣ ਗੁਰੂ ਅਸੀਂ ਛਡਿ ਚਲੇ ਕਿਧਰ।
ਸੰਗਤ ਸਾਰੀ ਗੁਰੂ ਤੇਗਬਹਾਦਰ ਦੇ ਆਈ।
ਜੈ ਜੈ ਕਾਰ ਕਾਰ ਕਰੇ ਸਭ ਲੁਕਾਈ।............
ਧੀਰਮਲ ਸੁਣਿਆ ਗੁਸਾ ਮੰਨਿਆ।
ਸਚਾ ਦਰਬਾਰ ਗੁਰੂ ਕੇ ਚਾਚੇ ਕਾ ਬਨਿਆ।
ਗੁਰੂ ਤੇਗਬਹਾਦਰ ਸਭੇ ਰਖ ਲਏ।
ਚਾਕਰ ਨਫਰ ਮੁਸੱਦੀ ਜੋ ਗੁਰ ਹਰਿ ਕ੍ਰਿਸ਼ਨ ਦੇਗਏ।

ਸ੍ਰੀ ਛਿਬਰ ਜੀ ਦੇ ਲਿਖਨ ਅਨੁਸਾਰ ਸ੍ਰੀ ਗੁਰੂ ਤੇਗਬਹਾਦਰ ਜੀ ਨੂੰ ਆਮ ਸੰਗਤਾਂ ਵਿਚ ਪ੍ਰਗਟ

ਕਰਨ ਦਾ ਉਪਕਾਰ ਸ੍ਰੀ ਦੁਰਗਾ ਮਲ ਜੀ ਨੇ ਦਿਲੀ ਦੀ ਸੰਗਤ ਦੁਆਰਾ ਕੀਤਾ ਅਤੇ ਗੁਰੂ ਘਰ ਅਥਵਾ ਗੁਰਤਾ ਦੇ ਖਤਮ ਹੋ ਚੁਕੇ ਕੰਮ ਨੂੰ ਨਵੇ ਸਿਰੇ ਚਾਲੂ ਕਰਨ ਲਈ ਗੁਰੂ ਜੀ ਨੇ ਦੁਰਗਾ ਮਲ ਤੇ ਉਸਦੇ ਪੁਤਰ ਸ੍ਰੀ ਕਰਮ ਚੰਦ ਅਤੇ ਇਸਦੇ ਭਤੀਜੇ ਸ੍ਰੀ ਮਤੀ ਦਾਸ ਤੇ ਸਤੀ ਦਾਸ ਨੂੰ ਦੀਵਾਨਗਿਰੀ ਦਾ ਕੰਮ ਸੰਭਾਲ ਦਿਤਾ।

ਜਦ ਇਨਾਂ ਪ੍ਰਬੰਧਕਾਂ ਨੇ ਗੁਰੂ ਤੇਗਬਹਾਦਰ ਜੀ ਦੇ ਗੁਰਗਦੀ ਤੇ ਸਸ਼ੋਭਿਤ ਹੋਣ ਦਾ ਪਤਾ ਦੇਣ ਵਾਸਤੇ ਆਪਣੇ ਮੇਵੜਿਆਂ ਨੂੰ ਕਾਬਲ ਦੇ ਮਸੰਦਾਂ ਨੂੰ ਸਿਰੋਪਾਓ ਦੇ ਕੇ ਭੇਜਿਆਂ, ਤਾਂ ਨਾਲ ਹੀ ਬਾਬੇ ਧੀਰ ਮਲ ਨੇ ਆਪਣੇ ਮੇਵੜੇ (ਅਰਦਾਸੀਏ) ਭੇਜ ਦਿਤੇ। ਕਾਬਲ ਜਾਕੇ ਜੋ ਗੁਰੂ ਕੇ ਤੇ ਬਾਬੇ ਧੀਰਮਲ ਦੇ ਮੇਵੜਿਆਂ ਦੀ ਆਪਸ ਵਿਚ ਗਲ ਬਾਤ ਹੋਈ ਉਸਦਾ ਵਰਣਨ ਵੀ ਸ੍ਰੀ ਛਿਬਰ ਜੀ ਇੰਝ ਕਰਦੇ ਹਨ :—

"ਸਤੀ ਦਾਸ ਮਤੀ ਦਾਸ ਗੁਰੂ ਤੇਗਬਹਾਦਰ ਨੂੰ ਕਹਿਆ।

ਜੀ ਮਸਦੀਆਂ ਮਸੰਦਾਂ ਨੂੰ ਸਿਰੋਪਾਉ ਭੇਜੋ ਜਿਥੇ ਕੋਈ ਹੈ ਰਹਿਆ।

ਸੰਗਤ ਹੈ ਮਸੰਦਾਂ ਦੇ ਹਵਾਲੇ।......................
ਸਭਨੀਂ ਜਾਗੀ ਸਿਰੋਪਾਉ ਮਸੰਦਾਂ ਨੂੰ ਪਠਾਏ।
ਜਿਥੇ ਜਿਥੇ ਮਸੰਦ ਆਹੇ ਉਥੇ ਹੀ ਠਹਿਰਾਏ।

ਦੂਸਰੇ ਪਾਸੇ ਮੁਕਾਬਲੇ ਵਿਚ :—

ਧਰਿਮਲ ਦੇ ਭੀ ਏਹੋ ਗਲ ਲਗੇ ਕਰਨਿ।
ਜੋ ਕਿਛ ਕਰਨ ਸੋ ਓਹੋ ਹਿਰਦੇ ਧਰਨਿ।੩੬।
ਕਾਬਲ ਭੀ ਸਿਰੋ ਪਾਉ ਪਠਾਏ।
ਚੇਤੂ ਤੇ ਗੋਂਦਾ ਦੋ ਮਸੰਦ ਓਥੇ ਆਹੇ।
ਧੀਰ ਮਲ ਕਿਆਂ ਭੀ ਭੇਜੇ ਓਥੇ ਸਿਰੋ ਪਾਉ।
ਕਹਿਆ ਤੁਸੀ ਭੀ ਨਾਲ ਇਨਾਂ ਦੇ ਲੈ ਜਾਉ।
ਜਦਿ ਏਹ ਦੇਵਣ ਤਾਂ ਤੁਸੀ ਭੀ ਦੇਣਾ।
ਜਦਿ ਏਹ ਕੁਝ ਲੈਵਣ ਤਾਂ ਤੁਸੀਂ ਭੀ ਲੈਣਾ।
ਦੋਵੇਂ ਇਕਠੇ ਜਾਏ ਕਾਬਲ ਪਹੁੰਚੇ।
ਖਬਰ ਮਸੰਦਾਂ ਨੂੰ ਹੋਈ, ਤਿਨਾਂ ਸਿਖ ਇਕਠੇ ਕੀਤੇ ਬਹੁਤ —ਤਿਨਾ ਮਸੰਦਾਂ ਨੂੰਇਉਂ ਕਹਿਆ:—
ਭਾਈ ਸਿਖੋ ਸਿਰੋਪਾਓ ਹੈ ਦੁਇ ਕੇ ਗੁਰੂਇਕ।
ਅਸੀਂ ਕਿਸਨੂੰ ਮੰਨੀਏ ਕਿਸਨੂੰ ਛਡੀਏਚਿਕੁ।੪੦
ਸੰਗਤ ਇਕ ਅਰ ਗੁਰੂ ਬਣੇ ਦੋਇ।
ਕਿਸਨੂੰ ਬਹਾਈਐ ਮੰਜੀ ਕਿਸਨੂੰ ਬਹਾਈਐ ਭੁਇ।
ਸਤ ਦਿਨ ਸਵਾਲ ਜਵਾਬ ਏਹ ਪੁਛਦੇ ਰਹੇ"
ਓੜਕ ਇਕ ਦਿਨ ਬੋਲਿਆ ਇਕ ਗਰੀਬ ਸਿਖ।
ਭਾਈ ਗੁਰੂ ਕੀ ਧਾਰਨਾ ਹੈ ਭਾਰੀ, ਗੁਰੂ ਇਕ।
ਭਾਈ ਚੇਤੇ ਮਸੰਦ ਤ੍ਰਕੜੀ ਹਥ ਲੈ ਲਈ।
ਅਤੇ ਸਭੇ ਸੰਗਤ ਇਕਠੀ ਤੁਰ ਪਈ।
ਸਮੇਤ ਸੰਗਤ ਚੇਤੋ ਗੋਂਦਾ ਮਲ ਮਸੰਦ, ਆਇ—ਬਾਹਰ ਵਿਚ ਆਰਾਮ।
ਬਹਾਇ ਸੰਗਤ ਸਾਰੀ ਬਾਗ ਵਿਚ ਕੀਤਾਏਹ ਕਾਮ।
ਦੋਨੋ ਮੇਵੜੇ ਇਕਠੇ ਹੀ ਬੁਲਾਏ।
ਕਰ ਇਕਠੇ ਦੋਨੋ ਅਗੇ ਖੜੇ ਕਰਵਾਏ।......
ਦੋਹਾਂ ਪਾਸੋਂ ਹੁਕਮ ਨਾਮੇ ਇਕਠੇ ਖੁਲਵਾਏ।
ਦੋਹਾਂ ਪਾਸੋਂ ਹੁਕਮ ਨਾਮੇ ਇਕਠੇ ਹੀ ਪੜ੍ਹਵਾਏ।੪੬
ਦੋਹਾਂ ਪਾਸੋਂ ਸਿਰੋ ਪਾਉ ਇਕਠੇ ਮੰਗਵਾਏ।
ਦੋਹਾਂ ਮਸੰਦਾ ਹਥ ਜੋੜ ਸਿਖਾਂ ਅਗੇ ਇਹ ਬਚਨ ਆਖ ਸੁਣਾਏ।
ਸੰਗਤ ਗੁਰੂ ਕੀ ਇਹ ਬਚਨ ਹੈ ਸਾਚਾ ਜੋ ਸਿਖ ਅਲਾਏ।
ਸਰਬਤ ਕਹਿਆ ਜੋ ਗੁਰੂ ਕੀ ਧਾਰਨ ਹੈ ਭਾਰੀ
ਗਠੜੀਆਂ ਦੋਨੋਂ (ਸਿਰੋ ਪਾਉ ਵਾਲੀਆ) ਤਰਾਜੂ ਲਈ ਚੜ੍ਹਾਇ।
ਫੜ ਬੋਦੀ ਜਾ ਤਰਾਜੂ ਚੁਕੀ।
ਇਕ ਨੀਵੀ ਇਕ ਉਚੀ ਚੜ ਗਈ।
ਦੋਨੋ ਗਠੜੀ ਬਧੀ ਹੀ ਚੁਕ ਲਈ।
ਸਰਬਤ ਡਿਠਾ ਅਤੇ ਕਹਿਆ, ਗੁਰੂ ਕੀ ਧਾਰਨ ਭਾਰੀ।—
ਗੁਰੂ ਤੇਗ ਬਹਾਦਰ ਦੀ ਨੀਵੀ, ਧੀਰਮਲ ਦੀ ਉਚੀ ਅਟਾਰੀ।੪੮
ਦੋਨੋ ਗੰਡੜੀ ਖੋਲੀ ਕਪੜੇ ਖੋਲ ਡਿਠੇ।
ਗੁਰੂ ਤੇਗ ਬਹਾਦਰ ਵਾਲੇ ਕਪੜੇ ਮਾੜੇ।
ਉਹ ਜਰੀ ਦੇ ਸੀ ਮਿਠੇ।
ਦੇਖ ਅਚਰਜ ਸਭ ਭਏ ਹੈਰਾਨ।

ਗੁਰੂ ਤੇਗ ਬਹਾਦਰ ਸਤਿਗੁਰੂ ਕੀਤਾ ਪ੍ਰਵਾਨ ।੪੯
ਗੋਲਕ ਹੁੰਡੀ ਗੁਰੂ ਤੇਗ ਬਹਾਦਰ ਪਠਾਈ ।
ਗੁਰੂ ਤੇਗ ਬਹਾਦਰ ਦੇ ਕਪੜੇ ਚੇਤੇ ਆਪ ਲਏ ਅੰਗ ਲਾਈ ।...............
ਧੀਰ ਮਲੀਏ ਮੇਵੜੇ ਨੂੰ ਕੁਝ ਥੋੜਾ ਹੀ ਦਿਤਾ ।
ਅਤੇ ਕਹਿਆ ਭਾਈ ਸਰਬਤ ਸੰਗਤ ਗੁਰੂ ਤੇਗ ਬਹਾਦਰ ਕੀਤਾ ।

ਵਿਸਥਾਰ ਵਾਸਤੇ ਵੇਖੋ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਦਾ ਮਾਸਕ ਪਤ੍ਰ "ਪਰਖ ਬੰਸਾਵਲੀਨਾਮਾ ੧੦ ਪਾਤਸ਼ਾਹੀ ਕਾ-ਨਾਂ ੯੧ ਤੋਂ ੯੪

ਸ੍ਰੀ ਕੇਸਰ ਸਿੰਘ ਜੀ ਛਿਬਰ ਨੇ ਉਪ੍ਰੋਕਤ ਲਿਖੇ ਸਬਦਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗੁਰ ਗਦੀ ਤੇ ਬਿਰਾਜਨ ਤਕ ਦੇ ਉਹ ਸਾਰੇ ਤੱਥ ਹੀ ਅਪਨੇ ਬਜੁਰਗਾਂ ਦੇ ਅਧਾਰ ਉਤੇ ਅਜਿਹੇ ਲਿਖੇ ਹਨ ਜਿਹੜੇ ਆਮ ਸਿਖ ਇਤਹਾਸਕਾਰਾਂ ਨਾਲੋਂ ਧਰਤੀ ਤੇ ਅਕਾਸ਼ ਦਾ ਮਤ ਭੇਦ ਰਖਦੇ ਹਨ । ਖੈਰ ?

ਜਿਥੇ ਆਮ ਸਿਖ ਇਤਹਾਸਕਾਰ ਨੌਂਵੇ ਪਾਤਸ਼ਾਹ ਦੇ ਦੇਸ਼ਾਟਨ ਅਥਵਾ ਪਟਨੇ ਸਾਹਿਬ ਵਲ ਜਾਣ ਦਾ ਪ੍ਰੋਗ੍ਰਾਮ ਗੁਰੂਜੀ ਦੇ ਗੁਰੂਸ਼ਸ਼ੋਭਿਤ ਹੋਣ ਤੋਂ ਬਾਦ ਦਾ ਦਸਦੇ ਹਨ, ਓਥੇ ਸੀ ਛਿੱਬਰ ਜੀ ਗੁਰੂ ਜੀ ਦੇ ਅਰੰਭਿਕ ਜੀਵਨ ਨਾਲ ਹੀ (ਜਦੋਂ ਕਿ ਉਹ ਛੇਵੇਂ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਕਰਤਾਰ ਪੁਰ ਹੀ ਸਨ) ਜੋੜ ਦੇ ਹਨ, ਅਰ ਦਸਵੇਂ ਪਾਤਸ਼ਾਹ ਦਾ ਆਗਮਨ ਇਨਾਂ ਦੇ ਗੁਰੂ ਗਦੀ ਉਤੇ ਸ਼ਸ਼ੋਭਿਤ ਹੋਣ ਤੋਂ ਪਹਿਲਾਂ ਹੀ ਦਸਦੇ ਹਨ ?

ਇਸਤਰਾਂ ਦੇ ਇਤਹਾਸਿਕ ਪਖ ਤੋਂ ਬੰਸਾਵਲੀਨਾਮਾ ਆਪਣੇ ਆਪ ਵਿਚ ਕਿਤਨਾ ਕੁ ਪ੍ਰਮਾਣੀਕ ਹੈ, ਇਸ ਦੀਖੋਜ ਵਿਦਵਾਨਾਂ ਦੇ ਅਧੀਨ ਹੈ ?

ਗੋਲੀ ਚਲਣ ਦੀ ਘਟਨਾ—

ਸੂਰਜ ਪ੍ਰਕਾਸ਼ ਅਨੁਸਾਰ:—

ਇਸ ਤੋਂ ਅਗੇ ਗੁਰੂ ਜੀ ਦੇ ਗੁਰ ਗਦੀ ਉਤੇ ਬਕਾਲੇ ਨਿਵਾਸ ਸਮੇ ਬਾਬੇ ਧੀਰ ਮਲ ਵਲੋਂ ਗੁਰੂ ਜੀ ਉਤੇ ਮਤਸਰ ਕਰਕੇ ਗੋਲੀ ਚਲਾਉਣ ਦਾ ਪ੍ਰਸੰਗ ਥੋੜੇ ਥੋੜੇ ਮਤ ਭੇਦ ਨਾਲ ਇਸ ਗ੍ਰੰਥ(ਬੰਸਾਵਲੀ—ਨਾਮੇ) ਵਿਚ ਵੀਅੰਕਿਤ ਹੈ ।

ਸੂਰਜ ਪ੍ਰਕਾਸ ਦੀ ਲਿਖਤ ਅਨੁਸਾਰ ਗੋਲੀ ਚਲਣ ਦੀ ਘਟਨਾ ਦਾਹਾਲ ਬੜੇ ਵਿਸਥਾਰ ਵਿਚ ਅੰਕਿਤ ਹੈ ਪਰ ਪਾਠਕਾਂ ਦੀ ਜਾਣਕਾਰੀ ਵਾਸਤੇ ਕੇਵਲ ਨਮੂਨੇ ਵਜੋਂ ਕੁਝ ਸ਼ਬਦ ਹੀਲਿਖੇ ਜਾਂਦੇ ਹਨ, ਜਿਹਾਕਿ

"ਯਾਂ ਤੇ ਜਾਹਰ ਭਏ ਜਹਾਨ ।
ਕਰਹਿ ਅਨਿਕ ਸਿਖਯਨ ਕਲਿਆਨ ।
ਇਸ ਪ੍ਰਕਾਰ ਸੰਗਤ ਦਰਸੰਤੀ ।
ਅਨਿਕ ਭਾਂਤ ਬਸਤੂਨ ਅਰਪੰਤੀ ।੧੪
ਚਹੁੰ ਦਿਸ ਭੀਰ ਪਈ ਤਬ ਆਇ ।
ਬੰਦਹਿ ਪਾਇਨ ਸੀਸ ਨਿਵਾਇ ।
ਮਖਣ ਸ਼ਾਹ ਢੋਇ ਚੰਵਰ ਜੋ ਲਿਯਾਵਾ ।
ਦੁਇ ਦਿਸ ਮਹਿ ਸੁਭ ਰੀਤ ਝੁਲਾਵਾ ।
ਸਭ ਸੋਢੀਆਂ ਕੇ ਨਰ ਤਹਿ ਆਏ ।
ਦੇਖ ਦੇਖ ਮਨ ਅਨਖ ਬਢਾਏ ।
ਜਯੋਂ ਜਯੋਂ ਬਹੁਤ ਅਪਾਇਨ ਆਵੈ ।
ਸੰਗਤ ਸਗਰੀ ਸਤੁਤ ਸੁਨਾਵੈ ।
ਦ੍ਰਬ ਅਗਾਰੀ ਬ੍ਰਿੰਦ ਦਿਸਾਵੈ ।
ਤਯੋਂ ਤਯੋਂ ਮਤਸਰ ਅਧਿਕ ਉਪਾਵੈ ।
ਰਾਸ ੧੧ ਅੰਸੂ ੧੦

ਅਰਥਾਤ— ਜਦ ਮਖਨ ਸ਼ਾਹ ਨੇ ਕੋਠੇ ਤੇ ਪਲੂ ਫੇਰਕੇ ਗੁਰੂ ਲਾਧੋ ਰੇ ਦੀ ਦੁਹਾਈ ਦੇ ਕੇ ਸਚੇਪਾਤਨੂੰ ਬੜੀ ਅਧੀਨਗੀ ਨਾਲ ਬੇਨਤੀ ਕਰਕੇ ਨਵੀਨ ਬਸਤ੍ਰ ਪਹਿਨਾ ਕੇ ਬਾਹਰ ਗੁਰੂ ਗਦੀ ਦੇ ਆਸਨ ਉਤੇ ਬੈਠਾਲਿਆ । ਤਾਂ ਸਭ ਸਿਖ ਸੰਗਤਾਂ ਇਕ ਦਮ ਯਥਾ ਸ਼ਕਤ ਭੇਟਾ ਲੈ ਕੇ ਉਮਡ ਪਈਆਂ । ਮਖਣ ਸ਼ਾਹ ਨੇ ਗੁਰੂ ਜੀ ਦੇ ਦੋਹੀਂ ਪਾਸੀਂ ਚੌਰ ਬਰਦਾਰ ਸੇਵਕ ਚੌਰ ਕਰਨ ਲਈ ਖਲਿਆਰ ਦਿਤੇ ਅਤੇ ਆਪ ਚੋਬਦਾਰ ਬਣਕੇ ਗੁਰੂ ਜੀ ਦੀ ਸੇਵਾ ਵਿਚ ਖਲੋ ਗਿਆ ਤਾਂ ਸਾਰੇ ਸੋਢੀ ਬਾਬੇ ਇਸ ਪ੍ਰਭਤਾ ਨੂੰ ਵੇਖ ਕੇ ਬਹੁਤ ਨਿਰਾਸ ਹੋਏ ਅਤੇ ਉਹਨਾਂਦੇ ਮਸੰਦ ਭਾਂਤ ਰਈਰਖਾ ਵਾਲੀਆਂ ਗਲਾਂ

ਕਰਨ ਲਗ ਪਏ। ਤੇ ਸਗੋਂ ਬਾਬੇ ਧੀਰਮਲ ਜੀ ਦੇ ਨਿਜੀ ਸਕਤਰ ਸੀਹੇ ਮਸੰਦ ਨੇ ਬਾਬਾ ਜੀ ਨੂੰ ਆਖਿਆ ਕਿ:–

ਸੁਨਹੁ ਗੁਰੂ ਤੁਮ ਮੇਰੀ ਬਾਤ।
ਮਹਿਮਾ ਰਾਵਰ ਜਾ ਦ ਬਿਲਾਤ।
ਨਿਕਟ ਆਪ ਕੇ ਤਿਨਹੁ ਪੁਜਾਯੋ।
ਨਹਿ ਕਿਸਤੇ ਲਘੁ ਹੀ ਡਰ ਪਾਯੋ।ਪ..........
ਅਬ ਤੈਂ ਲਘੁ ਹੀ ਬਨੈ ਉਪਾ ਦ।
ਜਿਮ ਚਾਹਹੁ ਤਿਮ ਕਰੋ ਬਨਾਇ।..............
ਕੈ ਦਿਹੋ ਤ੍ਰਾਸਨ ਨਿਕਸੈ ਬਾਹਰ।
ਕਿਧੋ ਮੈਂਘਾਰਹੁ ਹੋਇ ਨ ਜਾਹਰ।
ਕੈ ਅਬ ਦਰਬ ਛੀਨ ਲਿਹੁ ਤਾਹੀ।
ਆਗੇ ਕੋ ਦਿਉ ਭੈ ਉਪਜਾਂਈ। ੧ ॥
ਸਭ ਲੋਕਨ ਕੀ ਬਰਜਹੁ ਭੀਰ।
ਆਈ ਜਿਤਕ ਉਪਾਇਨ ਤੀਰ।
ਸਭ ਸੰਗਤ ਜਬ ਡੇਰਨ ਜਾਵੈ।
ਸਗਰੀ ਵਸਤ ਉਠ ਇਸੁ ਲਿਆਵੈ।......

ਅਰਥਾਤ- ਜਦੋਂ ਸ਼ੀਹੇ ਮਸੰਦ ਨੇ ਉਪ੍ਰੋਕਤ ਕਿਸਮ ਦੀਆਂ ਦਲੀਲਾਂ ਬਾਬਾ ਧੀਰਮਲ ਜੀ ਨੂੰ ਦਿਤੀਆਂ ਤਾਂ ਬਾਬਾ ਜੀ ਆਖਿਆ ਕਿ :–

ਇਮ ਸੁਨ ਧੀਰ ਮਲ ਨੈ ਕਹਯੋ।
ਤਿਸਕੋ ਤੇ ਲੋਭ ਧਨ ਨ ਲਹਯ।

ਅਰਥਾਤ– ਜਿਹੜਾ ਭੇਟਾ ਗੁਰੂ (ਤੇਗ ਬਹਾਦਰ) ਜੀ ਦੇ ਚੜੀ ਹੈ ਉਹ ਤਾਂ ਜਰੂਰ ਲੈ ਆਉਣੀ ਚਾਹੀਦ ਹੈ ਕਿਧਰੇ ਅਣਗਿਣਤ ਪਦਾਰਥ ਲੋਕ ਹੀ ਨ ਲੈ ਜਾਣ। ਕਿਉਂ ਕਿ ਉਹ ਆਪ ਤਾਂ ਧਨ ਪਦਾਰਥ ਦਾ ਲੋਭ ਰਖਦੇ ਹੀ ਨਹੀਂ;

ਏਸੇ ਹੀ ਗਲਬਾਤ ਦੇ ਦੌਰਾਨ ਇਸ ਮਤਸਦੀ ਚੌਂਕੜੀ ਨੇ ਮਸ਼ਵਰਾ ਕੀਤਾ ਕਿ :––

ਰਾਖਹੁ ਤਹਾਂ ਜਸੂਸ ਲਗਾਏ।
ਜਬ ਮਖਣ ਤਹਿ ਤੇ ਉਠ ਜਾਏ।
ਤਤ ਛਿਨ ਜਾਹਿ ਤਹਾਂ ਭਟ ਸਾਰੇ
ਲੇਹਿ ਅਚਾਨਕ ਧਨ ਵਥ ਭਾਰੇ। ੨੯॥
ਖਰਭਰਾਟ ਪਰਹੈ ਤਿਨ ਮਾਂਹੀ।
ਤੁਪਕ ਤਾਕ ਹਤ ਹੈ ਤਬ ਤਾਂਹੀ।
ਨਿਤਕਾ ਕਲਾ ਦਿਹੁ ਮਿਟਾਇ।
ਬਹੁਰ ਨ ਬੈਠਹਿ ਆਪ ਪੁਜਾਇ। ੩੦।

.... ਰਾਸ ੧੧-ਅੰਸੂ ੧੧

ਸੂਰਜ ਪ੍ਰਕਾਸ਼ ਦੇ ਲਿਖਣ ਅਨੁਸਾਰ ਜਦੋਂ ਬਾਬੇ ਧੀਰ ਮਲ ਜੀ ਦੇ ਮਸੰਦ ਉਪ੍ਰੋਕਤ ਕਿਸਮ ਦੀਆਂ ਘਾਤਕ ਬਿਉਂਤਾਂ ਗੁੰਦ ਦੇ ਸਨ। ਗੁਰੂ ਜੀ ਆਪਨੀ ਰਜਾ ਨਾਲ ਦੀਵਾਨ ਚੋ ਉਠਕੇ ਇਕ ਘੋੜੀ ਤੇ ਸਵਾਰ ਹੋ ਬਾਹਰ ਨੂੰ ਚਲੇ ਗਏ, ਅਤੇ ਸਾਰਾ ਪਦਾਰਥ ਮਖਣ ਸ਼ਾਹ ਨੇ ਚੁਕਕੇ ਕੇ ਮਾਤਾ ਜੀ ਨੂੰ ਸੰਭਾਲ ਦਿਤਾ ਅਤੇ ਆਪਣੇ ਡਰ ਚਲਾ ਗਿਆ।

ਜਦੋਂ ਇਸ ਦੁਸ਼ਟ ਚੌਕੜੀ ਨੂੰ ਗੁਰੂ ਜੀਦੇ ਬਾਹਰ ਜਾਣ ਦਾ ਪਤਾ ਲਗਾ ਤਾਂ ਇਹਨਾਂ ਝਟ ਪਟ ਹੀ ਸਲਾਹ ਬਨਾ ਲਈ ਕਿ:—

ਜੋ ਹਮਰੇ ਢਿਗ ਮਗ ਕੋ ਆਇ।
ਬ੍ਰਿੰਦ ਤੁਫੰਗੇ ਦੇਉ ਚਲਵਾਇ।
ਇਕ ਗੁਲਕਾ ਲਾਗੈ ਮਰ ਰਹੈ।
ਬਹੁਤ ਲਗੈ ਕਯੋ ਜੀਵਨ ਲਹੈ।
ਇਮ ਕਹਿ ਤਯਾਰ ਸੁਭੱਟ ਕਛੁ ਕਰੈ।
ਕਸਕੈ ਕਮਰ ਭਏ ਤਹਿ ਖਰੇ।

ਅਰਥਾਤ—

ਜਦ ਇਹ (ਗੁਰੂ ਜੀ) ਬਾਹਰ ਵਾਪਸ ਸਾਡੇ ਕੋਲੋਂ ਲੰਘਣ ਲਗੇ ਉਸੇ ਵਕਤ ਬਹੁਤ ਸਾਰੀਆਂ ਗੋਲੀਆਂ ਇਕ ਦਮ ਚਲਾ ਦਿਤੀਆਂ, ਜਾਣ ਤੇ ਬਸ ਕਰ ਦਿਤਾ ਜਾਏ। ਇਹ ਸਲਾਹ ਕਰਕ ਕੁਝ ਕੁ ਸੂਰਮੇ ਇਸ ਕੁਕਰਮ ਵਾਸਤੇ ਤਿਆਰ ਕਰ ਦਿਤੇ ਗਏ। ਜਦੋਂ ਵਾਪਸੀ ਸਮੇ ਗੁਰੂ ਜੀ:—

ਸੂਖਮ ਇਕ ਕਰ ਬਿਖੈ ਰੋਮਾਲ।
ਮੰਦ ਮੰਦ ਗਮਨਤ ਸੁਖ ਚਾਲ।
ਜਬਹਿ ਗ੍ਰਾਮ ਪ੍ਰਵਿਸੇ ਆਇ।
ਛੁਟੀ ਤੁਫੰਗੈ ਸਬਦ ਉਠਾਇ।
ਤੁਪਕ ਤੜਾਕ ਅਚਾਨਕ ਸੁਨ ਕੈ।
ਤੇਜ ਤੁਰਗਨ ਭੀ ਡਰ ਗਨਕੈ।
ਤਬ ਸ੍ਰੀ ਸਤਿਗੁਰ ਬਾਗ ਉਠਾਈ।
ਦੇਖਤ ਤਿਸ ਦਿਸ ਗਿਰਾ ਅਲਾਈ। ੩੪

ਦੋਹਿਰਾ —

ਭਲੇ ਧੀਰਮਲ ਭਲੇ ਜੀ ਭਲੇ ਧੀਰਮਲ ਧੀਰੁ।
ਬਹੁਤ ਬਾਰ ਬੋਲੈ ਬਚਨ ਸ੍ਰੀ ਪ੍ਰਭ ਗੁਨੀ ਗਹੀਰ। ੬੫

ਰਾਸ ੧੧ ਅੰਸੂ ੧੨

ਅਰਥਾਤ – ਗੁਰੂ ਜੀ ਇਕ ਹਥ ਵਿਚ ਰੁਮਾਲ ਫੜੀ ਘੋੜੀ ਤੇ ਸਵਾਰ ਸਹਿਜੇ ਸਹਿਜੇ ਜਦੋਂ ਵਾਪਸੀ ਤੇ ਪਿੰਡ ਵਾਲੇ ਰਸਤੇ ਅਪਨੀ ਮੌਜ ਵਿਚ ਜਾ ਰਹੇ ਸਨ, ਤਾਂ ਇਕ ਦਮ ਗੋਲੀਆਂ ਦੀ ਅਵਾਜ ਆਈ ਤੇ ਘੋੜੀ ਤ੍ਰਬਕ ਕੇ ਦੌੜ ਪਈ ਜਿਸਨੂੰ ਗੁਰੂ ਜੀ ਨੇ ਵਾਗਾਂ ਖਿਚ ਕੇ ਰੋਕਿਆ, ਤੇ ਪਿਛਾਂਹ ਵੇਖਕੇ ਬਚਨ ਕੀਤਾ, ਭਲੇ ਧੀਰ ਮਲ ਜੀ ਭਲੇ! ਭਲੋ ਧੀਰ ਮਲ ਜੀ ਭਲੇ !! ਮਤਲਬ ਦੁਸਟ ਚੌਕੜੀ ਦਾ ਇਹ ਵਾਰ ਅਸਫਲ ਹੀ ਗਿਆ। ਸ਼ਰਮਿੰਦੇ ਹੋ ਕੇ ਵਾਪਸ ਬਾਬਾ ਜੀ ਦੇ ਘਰ ਆ ਗਏ। ਅਤੇ ਆਨਕੇ ਗੁਰੂ ਜੀ ਦੇ ਘਰ ਉਤੇ ਹਮਲਾ ਕਰਨ ਦਾ ਮਤਾ ਬਨਾਇਆ। ਜਿਹਾ ਕਿ :–

ਗ੍ਰੰਥ ਕਰਤਾ ਅਨੁਸਾਰ ਭਾਂਵੇ ਬਾਬਾ ਧੀਰ ਮਲ ਜੀ ਨੇ ਮਸੰਦਾਂ ਨੂੰ ਗੁਰੂ ਜੀ ਦੇ ਹਤ ਕਰਣ ਤੋਂ ਬੰਦ ਕੀਤਾ, ਪਰ ਮਸੰਦ ਭੂਤਰੇ ਹੋਏ ਸਨ। ਉਨਾਂ ਬਾਬਾ ਜੀ ਦੀ ਗਲ ਨ ਮੰਨੀ, ਤੇ ਗੁਰੂ ਜੀ ਨੂੰ ਮਾਰਨ ਅਤੇ ਸਮਾਨ ਲੁਟ ਲਿਆਉਣ ਲਈ ਜਾ ਹਲਾ ਬੋਲਿਆ ਜਿਹਾ ਕਿ :–

ਸਤਿਗੁਰ ਕੇ ਘਰ ਪਹੁੰਚੇ ਜਾਇ।
ਏਕਹਿ ਬਾਰ ਪਰੇ ਅਰਰਾਏ।
ਕਿਤਕ ਹੁਤੇ ਜੋ ਮਾਨਵ ਪਾਸ।
ਕਯਾ ਹੈ ਕਯਾ ਹੈ ਕਰਹਿ ਅਵਾਸ ॥੧੬
ਮਾਰ ਮਾਰ ਕਰ ਆਨ ਪਰੇ ਹੈਂ।
ਔਚਕ ਪੌਰਿ ਮਝਾਰ ਬਰੇ ਹੈਂ॥
ਹਥੋ ਹਥੀ ਗਹਿ ਲੀਨਸ ਕੋਈ।
ਰੌਰ ਮਚਯੋ ਦੋਨਹੁ ਦਿਸ ਤੇਈ॥੧੭
ਸਮੁਖ ਭਏ ਕੇਤਕ ਤਬ ਹੇਰੇ।
ਹਤਹੁ ਬੰਦੂਕ ਮਸੰਦ ਸੁ ਟੇਰੇ।
ਤਤ ਛਿਨ ਤਿਸਨੇ ਤਾਕ ਚਲਾਈ।
ਸਤਿਗੁਰ ਕੇ ਸਿਰ ਕਹੁ ਚਲਿਆਈ ॥੧੮
ਕਰ ਹੂੰਕਾਰ ਦੀਨ ਸੋ ਟਾਰੀ।
ਮਸਤਕ ਚਾਟਤ ਗਿਰੀ ਅਗਾਰੀ॥
ਕੁਛਕ ਚਰਮ ਗੁਲਕਾ ਨੇ ਫਾਰਾ।
ਰੁਧਰ ਅਲਪ ਸਰਵਯੋਂ ਤਿਸ ਬਾਰਾ॥
ਦੇਖ ਦਾਸ ਭੈਮਾਨ ਘਨੇਰੇ।
ਹਾਹਾ ਕਾਰ ਕੀਨ ਬਹੁਤੇਰੇ।......
ਸਭ ਦੀਨਾਰ ਜੁ ਧਰੇ ਅਗਾਰੀ।
ਲਈ ਉਠਾਇ ਵਸਤ ਗਨ ਸਾਰੀ॥
ਵਸ਼ਤ ਸਦਨ ਕੀ ਪੂਰਬ ਜੋਈ।
ਕਰ ਬਲ ਛੀਨ ਲੀਨ ਸਭ ਤੇਈ ॥੨੨

ਅਰਥਾਤ ਮਸੰਦਾਂ ਦੀ ਚੌਕੜੀ ਨੇ ਗੁਰੂ ਜੀ ਦੇ ਘਰ ਤੇ ਇਕ ਦਮ ਹੱਲਾ ਬੋਲ ਦਿਤਾ। ਜਿਸ ਕਰਕੇ ਸਾਰੇ ਮਹਲੇ ਵਿਚ ਰੌਲਾ ਮਚ ਗਿਆ। ਗੁਰੂ ਜੀ ਆਪਣੇ ਰਸ ਵਿਚ ਬੈਠੇ ਹੋਏ ਸਨ ਕਿ ਇਕ ਪਾਪੀ ਨੇ ਗੁਰੂ ਜੀ ਉਤੇ ਗੋਲੀ ਚਲਾ ਦਿਤੀ ਜੋ ਗੁਰੂ ਜੀਦੇ ਮਥੇ ਤੇ ਛੋਹ ਕੇ ਲੰਘ ਗਈ। ਜਿਸ ਵਿਚੋਂ ਖੂਨ ਵਗਣ ਲਗ ਪਿਆ। ਦੂਸਰੇ ਆਦਮੀਆਂ ਨੇ ਸਾਰਾ ਪਦਾਰਥ ਲੁਟ ਲਿਆ ਤੇ ਸਗੋਂ ਨਾਲਹੀ ਗੁਰੂ ਜੀ ਦੇ ਘਰ ਵਿਚ ਪਿਆ ਪਹਿਲਾ ਸਮਾਨ ਵੀ ਲੁਟ ਕੇ ਲੈ ਗਏ। ਜਾਣ ਲਗਿਆਂ ਗੁਰੂ ਜੀਨੂੰ ਇਸ ਤਰਾਂ ਧਮਕੀਆਂ ਵੀ ਦਿਤੀਆ, ਕਿ :–

ਤਬ ਦੁਰਾਤਮਾ ਕਹਤ ਮਸੰਦ।
ਗੁਰਤਾਕੋ ਡਸਾਇ ਮਸੰਦ।
ਬੈਠਿ ਗਯੋ ਤੁਝ ਕਿਨੈ ਬਠਾਯੋ।
ਧੀਰ ਮਲ ਤੇ ਡਰ ਨਹਿ ਪਾਯੋ।...........
ਲੋਭ ਦਰਬ ਕੋ ਧਾਰ ਦਡੇਰਾ।
ਮਖਣ ਮਿਲਯੋ ਪਨਾਢ ਖੜੇਰਾ।
ਨਿਜ ਘਰ ਮਹਿ ਥਿਤ ਮੰਤ੍ਰ ਪਕਾਵਾ।
ਗੁਰੂ ਗੁਰੂ ਕਰ ਰੌਰ ਮਚਾਵਾ।੨੬।........
ਕ੍ਰਿਤ ਅਨਜਾਨ ਪਨੇ ਕਿਯ ਏਤੀ।
ਤਾਂਤੇ ਭਈ ਸਾਸਨਾ ਤੇਤੀ। ੨੯।
ਬਹੁਰ ਕਰਹੁ ਜੇ ਟਰੇ ਨ ਟਾਰੇ।।
ਹਾਨ ਪ੍ਰਾਂਠ ਹੁਇ ਜਾਇ ਤੁਮਾਰੇ।
ਅਬ ਕੇ ਜੀਵਤ ਜਗ ਮੇ ਰਹਯੋ।
ਹਿਤ ਕੋ ਬਾਕ ਲਖੋ ਮੈ ਕਹਯੋ। ੩੦।

ਅਰਥਾਤ –ਸ਼ੀਹੇ ਨੇ ਆਖਿਆ –

ਤੂੰ ਆਪਣੇ ਆਪ ਗੁਰੂ ਬਣ ਕੇ ਬੈਠ ਗਿਆ ਹੈਂ ਤੇ ਲੋਭ ਦੇ ਵਸ ਹੋ ਕੇ ਮਖਣਸ਼ਾਹ ਨੂੰ ਪ੍ਰੇਰ ਕੇ ਉਸਕੋਲੋਂ ਪੈਸੇ ਲੈ ਕੇ ਘਰ ਵਿਚ ਬੇਠ ਕੇ ਗੁਰੂ ਗੁਰੂ ਦਾ ਰੌਲਾ ਜੋ ਤੂੰ ਪਾਇਆ ਸੀ ਉਸਦੀ ਸਜ਼ਾ ਤੈਨੂੰ ਇਹ ਲੁਟਮਾਰ ਮਿਲੀ ਹੈ, ਜੇਕਰ ਤੂੰ ਅਗੋਂ ਵੀ ਇਸੇ ਤਰਾਂ ਕੀਤਾ ਤਾਂ ਤੈਨੂੰ ਜਾਨੋ ਮਾਰ ਦਿਆਂਗੇ। ਹੁਣ ਤਾਂ ਤੂੰ ਕੁਦਰਤੀ ਜਿਊਂਦਾ ਰਹਿ ਗਿਆ ਹੈ, ਪਰ ਅਗੋਂ ....ਦਿਤਾ ਜਾਵੇਗਾ। ਆਦਿਕ।

ਬੰਸਾਵਲੀ ਨਾਮੇ ਅਨੁਸਾਰਃ—

ਜਿਥੇ ਕਰਤਾ ਸੂਰਜ ਪ੍ਰਕਾਸ਼ ਸ੍ਰੀ ਗੁਰੂ ਜੀ ਉਤੇ ਦੁਸ਼ਟ ਚੌਕੜੀ ਵਲੋਂ ਗੋਲੀ ਚਲੌਣ ਤੇ ਲੁਟ ਮਾਰ ਕਰਨ ਬਾਬਤ ਉਪ੍ਰੋਕਤ ਲਿਖੇ ਸੰਖਿਪਤ ਨਮੂਨੇ ਅਨੁਸਾਰ ਵਿਸਥਾਰ ਸਹਿਤ ਸਾਰਾ ਹਾਲ ਲਿਖਦਾ ਹੈ: ਉਥੇ ਸ੍ਰੀ ਕੇਸਰ ਸਿੰਘ ਛਿਬਰ ਇਸ ਘਟਨਾ ਨੂੰ ਸੰਖਿਪਤ ਰੂਪ ਵਿਚ ਇੰਞ ਅੰਕਿਤ ਕਰਦਾ ਹੈ,

ਓਹੁ ਦੋਨੋ ਮੇਵੜੇ ਜਬ (ਕਾਬਲ ਤੋਂ) ਮੁੜ ਆਏ।
ਤਬ ਧੀਰ ਮਲ ਨੂੰ ਮੇਵੜੇ ਆਖ ਸੁਣਾਏ।
ਧੀਰ ਮਲ ਸੁਨਦੇ ਦੁਸਮਨੀ ਬਹੁਤ ਲਗਾ ਕਰਨ।
ਕਹਨ ਸਤਿਗੋਲੀ ਦੀ ਵਿਚ ਧਿਕਾਰ ਨਹੀ ਡਰਨ।
ਬਚਨ ਕੀਤਾ ਸਾਹਿਬ ਬੇਟਾ ਧੀਰੂ ਗੋਲੀਆਂ — ਮਾਰਨਾ ਹੈ ਸਾਨੂੰ।
ਕਹੇ ਬਾਬਾ ਜੀ ਕਿਸੇ ਬਾਵ ਹਵਾਈ ਛਡੀ ਹੋਸੀ।
ਮੈਂ ਕਿਉਂ ਮਾਰਨੀ ਹੈ ਤੁਸਾਂ ਨੂੰ।

ਪਰਖ - ਪੰਨਾਂ ੮੬

ਬਕਾਲੇ ਤੋਂ ਅੰਮ੍ਰਿਤ ਸਰ —

ਇਸ ਘਟਨਾਂ ਤੋਂ ਬਾਦ ਸੂਰਜ ਪ੍ਰਕਾਸ਼ ਅਨੁ— ਸਾਰ ਵਿਸਥਾਰ ਪੂਰਵਿਕ ਸਾਹਿਬ ਨਾਵੇਂ ਪਾਤਸ਼ਾਹ ਦਾ ਜੀਵਨ ਇਤਹਾਸ ਜੋ ਅੰਕਿਤ ਹੈ, ਉਸਦਾ ਸੰਖਪਤ ਹਾਲ ਇਸ ਤਰਾਂ ਪੜ੍ਹੋ।

"ਸ੍ਰੀ ਗੁਰੂ ਜੀ ਦੇ ਡੇਰੇ ਲੁਟ ਮਾਰ ਹੋ ਜਾਣ ਉਪ੍ਰੰਤ ਕਿਸੇ ਸਿਖ ਨੇ ਮਖਣ ਸ਼ਾਹ ਦੇ ਡੇਰੇ ਵਿਚ ਜਾ ਕੇ ਪੁਕਾਰ ਕੀਤੀ ਕਿ:—

ਦੋਹਰਾ— ਪੌਚਯੋ ਹੁਏ ਪ੍ਰਜੰਕ ਪਰ।
ਮਖਣ ਸਿਖਯ ਬਿਸਾਲ।
ਊਚੇ ਬਾਕ ਪੁਕਾਰਤੇ।
ਪਹੁਚਯੋ ਸੋ ਤਤਕਾਲ।

ਮਖਨ ਸ਼ਾਹ ਪਰੇ ਹੋ ਕਹਾਂ। ਭਯੋ ਬਿਘਨ— ਸਤਿਗੁਰ ਘਰ ਮਹਾਂ।
ਜੋ ਤੈ ਦਰਬ ਜਾਇ ਅਰਪਾਵਾ। ਘਰ ਸਿਖ— ਯਨ ਕੋ ਜਿਤਕ ਚੜ੍ਹਾਵਾ।੨।
ਧੀਰਮਲਯ ਸੁਨਿ ਕੇ ਅਨਖਾਯੋ। ਕਰਤ— ਅਸੂਯਾ ਲੋਭ ਬਧਾਯੋ।
ਸੰਗ ਮਸੰਦ ਕਿਤਕ ਦੇ ਸੂਰਿ। ਪਠਿ ਦੀਨੇ— ਕਰਿ ਰਿਦੈ ਗਰੂਰ।੩।
ਸੋ ਚਲ ਆਏ ਕੁਕਰਮ ਕਮਾਵਾ। ਸਨ ਮੁਖਿ- ਸਤਿਗੁਰ ਤੁਪਕ ਚਲਾਵਾ।
ਛੁਇ ਲਿਲਾਰ ਗਿਰ ਪਰੀ ਅਗਾਰੀ।
ਨਿਜ ਅਜਮਤ ਕਰ ਬਚੇ ਬਿਚਾਰੀ।।੪।।........
ਕਰ ਅਪਮਾਨ ਬਾਕ ਦੁਰ ਕਹੈ। ਨਹ ਤ੍ਰਾਸ— ਦੂਸਰ ਕੋ ਲਹੈ।............
ਸੁਨ ਮਖਨ ਕੇ ਭਯੋ ਬਿਖਾਦ। ਹਤਿ ਹੋਵਤ— ਭਾ ਉਰ ਅਹਿਲਾਦ।............
ਅਬ ਜੋ ਬਿਘਨ ਗੁਰੂ ਘਰ ਹੋਵਾ। ਸਰਬ ਦੋਸ਼- ਮੈ ਅਪਨੋ ਜੋਵਾ।............
ਮ੍ਰਿਤ ਹੋਇ ਕ੍ਰਿਤਾਰਥ ਜਾਨੋ। ਮੈ ਅਬ ਜੀਵਨ—ਸਫਲ ਨ ਮਾਨੋ।............

ਅਰਥਾਤ— ਜਦ ਬਾਬੇ ਧੀਰ ਮਲ ਦੇ ਇਸਕਾਰੇ ਦਾ ਪਤਾ ਮਖਨ ਸ਼ਾਹ ਨੂੰ ਲਗਾ ਤਾਂ ਉਹ ਬਹੁਤ ਦੁਖੀ ਹੋਇਆ। ਤੇ ਆਖਨ ਲਗਾ ਕਿ ਗੁਰੂ ਜੀ ਨੂੰ ਜੋ ਇਹਕਸ਼ਟ ਮਿਲਿਆ ਹੈ, ਇਸਦਾ ਮੂਲ ਕਾਰਨ ਮੈਂ ਹਾਂ ?

ਇਸ ਵਾਸਤੇ ਮੇਰੇ ਹੁੰਦਿਆਂ ਜੋ ਗੁਰੂ ਜੀ ਦਾ ਅਨਾਦਰ ਹੋਇਆ ਹੈ ਮੈ ਇਸ ਜੀਵਣ ਤੋਂ ਮਰ ਜਾਂਦਾ ਤਾਂ ਚੰਗਾ ਸੀ। ਪਰ ਹੁਣ ਜਿਨਾ ਚਿਰ ਦੁਸ਼ਟਾਂ ਕੋਲੋਂ ਇਸ ਘੋਰ ਜੁਲਮ ਦਾ ਬਦਲਾ ਨਹੀਂ ਲੈ ਲੈਂਦਾ ਮੇਰਾ ਜੀਉਣਾ ਸਫਲ ਨਹੀ।

ਇਮ ਬਿਚਾਰ ਕਰ ਆਇਸ ਦੀਨ। ਸੁਭਟ- ਸੁਨਹੁ ਬਿਲਮ ਕਯੋਂ ਕੀਨ।੨੦
ਜਿਮ ਕਾਰਜ ਹਮ ਮਗ ਚਲ ਆਏ। ਕਈ—

ਕਈ ਕੋਸ ਲੌ ਸੰਕਟ ਪਾਇ।
ਸੋ ਕਾਰਜ ਬਿਗਰਤ ਅਬ ਜਾ ਤੌ। ਗਹਿਹੁ
ਸਸਤ੍ਰ ਤੀਛਨ ਰਿਪ ਘਾਤੋ।੨੧

ਅਰਥਾਤ– ਆਪਨੇ ਸੈਨਕਾਂ ਨੂੰ ਇਕ ਦਮ ਲੜਾਈ ਲਈ ਤਿਆਰ ਕਰ ਲਿਆ। ਅਤੇ ਆਪ ਵੀ :–

"ਸਿਪਰ ਖੜਗ ਨਿਜ ਕਰ ਮਹਿ ਲੀਨਸ।
ਗੁਰੂ ਅਵਗਯਾ ਤੇ ਰਿਸ ਭੀਨਸ।
ਗ੍ਰਾਮ ਨਜੀਕ ਜਬੈ ਚਲ ਆਯੋ। ਸੁਨਯੋ ਰੋਰ–
ਜੋ ਨਰਨ ਮਚਾਯੋ।............
ਜਿਸ ਮਸੰਦ ਨੇ ਏਤੀ ਕਰੀ। ਤਿਸਕੋ ਦੀਯੋ-
ਦਿਖਾਇ ਇਕ ਬਰੀ।............
ਇਮ ਕਹੈ ਔਚਕ ਜਾਇ ਪਰਯੋ ਹੈ। ਮਾਰ–
ਮਾਰ ਬਡਰੋਰ ਕਰਯੋ ਹੈ।

ਰਾਸ ੧੧ ਅੰਸੂ ੧੫।

ਇਸਤਰਾਂ ਸ੍ਰੀ ਮਖਣਸ਼ਾਹ ਨੇ ਅਪਨੇ ੫੦੦ ਸਵਾਰਾਂ ਸਮੇਤ ਬਕਾਲੇ ਵਿਚ ਸੋਢੀਆਂ ਦੇ ਘਰਾਂ ਤੇ ਜਾ ਹੱਲਾ ਬੋਲਿਆ,ਤੇ ਜਿਥੇ ਸੋਢੀਸਾਹਿਬ ਜਾਦਿਆਂ ਦਾ ਫਿਰ ਵੀ ਥੋੜਾ ਬਹੁਤਾ ਲਿਹਾਜ ਕੀਤਾ,ਉਥੇ ਕਈਆਂ ਸੈਤਾਨ ਮਸੰਦਾਂ ਨੂੰ ਚੰਗਾ ਸੁਧਾਰਿਆ। ਪਰ ਸਾਰ ਘਰਾਂ ਵਿਚੋਂ ਉਹਨਾਂ ਦਾ ਸਾਮਾਨਲੁਟ ਕੇ ਸਤਿਗੁਰੂ ਜੀਦੇ ਘਰ ਪਹੁੰਚਾ ਦਿਤਾ। ਅਤੇ ਇਕ ਵਾਰੀ ਸਾਰੇ ਪਿੰਡ ਵਿਚ ਖੂਬ ਮਾਰੋ ਮਾਰ ਹੋ ਗਈ, ਤ ਜਿਨਾ ਮਸੰਦਾਂਨੇ ਅਤਿ ਚੁਕੀ ਹੋਈ ਸੀ ਅਤੇਇਹ ਉਪਾਧੀ ਕੀਤੀ ਸੀ ਸਣੇ ਬਾਬੇ ਧੀਰਮਲ ਜੀਦੇ ਸਾਰੇ ਸੋਢੀ ਸਾਹਿਬ ਉਨਾਂ ਨੂੰ ਨਾਰਾਜ਼ ਹੋਣ ਲਗੇ। ਪਰ ਮਖਣਸ਼ਾਹ ਦੇ ਸੈਨਿਕਾਂ ਬਿਨਾ ਝਿਜਕ ਬਾਬੇ ਧੀਰ-ਮਲ ਦੇ ਘਰੋਂ :—

"ਬਹੁਰੋ ਦਰਬ ਸਰਬ ਕਢਵਾਯੋ,
ਤਿਨਹੁ ਕੇ ਨਰ ਸਿਰ ਉਚਵਾਯੋ।
ਪੁਨ ਤਿਨ ਡਰੇ ਕੀ ਵਥ ਸਾਰੀ,
ਬਧ ਭਾਰ ਕਰ ਸਕਲ ਸੰਭਾਰੀ। ੨੦।
ਬਹੁਰ ਗ੍ਰੰਥ ਸਾਹਿਬ ਜੀ ਲੀਨ,
ਸਿਰ ਉਚਵਾਇ ਸਿਖਯ ਕੇ ਦੀਨ।
ਪੁਨ ਮਸੰਦ ਕੋ ਗਹਿ ਕਰ ਬੰਧਾ,
ਜਿਨ ਅਪਮਾਨ ਕੀਨ ਮਤ ਅੰਧਾ। ੨੧॥
ਹਾ ਹਾ ਕਾਰ ਸਗਲ ਨਰ ਕਰੈ,
ਕਿਯ ਕੁਕਰਮ ਤੈਸੋ ਫਲ ਭਰੈ।

ਇਸ ਲੁਟ ਮਾਰ ਵਿਚ ਸਭ ਤੋਂ ਵਧੇਰਾਦੁਖ ਬਾਬੇ ਧੀਰਮਲ ਨੂੰ ਅਪਣੇ ਕੋਲੋ ਸ੍ਰੀ ਗ੍ਰੰਥ ਸਾਹਿਬ ਦੇ ਖੁਸ ਜਾਣ ਦਾ ਹੋਇਆ। ਤੇ ਉਸਨੇ ਮਖਣਸ਼ਾਹਨੂੰ ਉਲਾਮਾ ਦਿਤਾ ਕਿ ਅਗੇ ਕਿਸੇ ਸਿਖ ਨੇ ਤੇਰੇ ਵਾਂਗ ਸਾਡੀ ਬਿਅਦਬੀ ਨਹੀ ਸੀ ਕੀਤੀ ਪਰ ਤੂੰ:—

ਕਰਯੋ ਅਨਾਦਰ ਹਮਰੋ ਭਾਰੀ,
ਵਸਤ ਖਸੋਟ ਲੀਨ ਤੈ ਧਾਰੀ।
ਪੁਨ ਮਸੰਦ ਹਮਰੋ ਗਹਿ ਕਰਕੈ,
ਲਿਯੋ ਗ੍ਰੰਥ ਸਾਹਿਬ ਸਿਰ ਧਰਕੈ।
ਸੁਨਕੇ ਮਖਣ ਸ਼ਾਹ ਬਖਾਨਾ।
ਧੀਰਮਲਯ ਤੁਮ ਕੁਕ੍ਰਿਤ ਠਾਨਾ।
ਕਰ ਨ ਸਕੈ ਕੋਈ ਏਤੀ ਬਾਤ।
ਜਸ ਤੈਂ ਕਰੀ ਮਤੀ ਬਖਿਆਤ। ੨੬।

ਅਰਥਾਤ – ਜਦੋਂ ਬਾਬੇ ਧੀਰ ਮਲ ਜੀ ਨੇ ਮਖਣ ਸ਼ਾਹ ਨੂੰ ਇਹ ਆਖਿਆ ਕਿ ਤੁਹਾਨੂੰ (ਸਿਖਾ ਨੂੰ) ਸਾਡੇ ਗੁਰੂ ਵੰਸੀਆਂ ਦੀ ਗਲਬਾਤ ਵਿਚ ਦਖਲਨਹੀ ਦੇਣਾ ਚਾਹੀਦਾ ਸੀ, ਤਾਂ ਮਖਣ ਸ਼ਾਹ ਨੇ ਆਖਿਆ ਜਿਤਨੀ ਜਿਆਦਤੀ ਤੂੰ ਤੇ ਤੇਰੇ ਆਦਮੀਆਂ ਨੇ ਗੁਰੂ ਸਾਹਿਬਾਂ ਨਾਲ ਕੀਤੀ ਹੈ,ਇਤਨੀ ਵਧੀਕੀ ਵੀ ਕਦੇ ਕਿਸੇ ਨੇ ਨਹੀ ਸੀ ਕੀਤੀ! ਪਰ ਅਸਾਂ ਫਿਰ ਵੀ ਤੇਰਾ ਲਿਹਾਜ ਕੀਤਾ ਹੈ, ਤੇ ਤੈਨੂੰ ਕੁਝ ਨਹੀ ਆਖਿਆ।

ਇਸ ਤਰਾਂ ਲੁਟਮਾਰ ਕਰਕੇ :–

ਸਗਰੀ ਵਸਤ ਆਨ ਧਰਵਾਈ,
ਸੌਂਪੀ ਜਹਾਂ ਨਾਨਕੀ ਮਾਈ।
ਪੋਸ਼ਸ ਆਦਿ ਧੀਰ ਮਲ ਕੇਰੀ।
ਆਨ ਧਰੀ ਤਹਿ ਪੋਟ ਘਨੇਰੀ॥ ੩੩।
ਦਰਬ ਸਰਬ ਗੁਰ ਆਗੇਧਰਯੋ।
ਸਰਬਸ ਅਪਰ ਨਿਵੇਦਨ ਕਰਯੋ॥
ਸ੍ਰੀ ਗ੍ਰੰਥ ਕਢਵਾਯਹੁ ਡੇਰਾ।
ਆਯੋ ਮਖਣ ਸਿਖ ਬਡੇਰਾ॥ ੩੪।
ਹਾਥ ਜੋਰ ਕੈ ਬੰਦਨ ਠਾਨੀ।
ਮੁਖ ਦੇਖਯੋ ਰਹਿ ਇਕ ਸਮਾਨੀ॥

ਪ੍ਰਾਪਤ ਦਰਬ ਨ ਹਰਖਤ ਭਯੋ ਹੈ।
ਸੋਕ ਨ ਚਿਤ ਮਹਿ ਸਰਬ ਗਯੋ ਹੈ॥

ਅਰਥਾਤ :—

ਸਾਰਾ ਸਾਮਾਨ ਲਿਆਕੇ ਸ੍ਰੀ ਮਖਣ ਸ਼ਾਹ ਗੁਰੂ ਜੀ ਦੇ ਡੇਰੇ ਕ੍ਰਮਵਾਰ ਧਰ ਦਿਤਾ ਤੇ ਫਿਰ ਜਾਕੇ ਸਤਿਗੁਰੂ ਜੀਨੂੰ ਮਥਾ ਟੇਕਿਆ ਪਰ ਸਤਿਗੁਰੂ ਜੀ ਭਜਨਾਨੰਦ ਇਕ ਰਸ ਬੈਠੇ ਸਨ। ਨਾ ਉਨਾਂ ਨੂੰ ਸਮਾਨ ਆਏ ਦੀ ਖੁਸੀ ਤੇ ਨਾ ਸਮਾਨ ਲੁਟੇ ਗਏ ਦਾ ਝੋਰਾ ਹੀ ਸੀ ਤ ਸਗੋਂ ਚਿਟੇ ਬਸਤ੍ਰ ਧਾਰਨ ਕਰੀ ਇਕ ਰਸ ਚੌਂਕੜਾ ਮਾਰਕੇ ਬੈਠੇ ਸਨ :-

ਜਿਹਾ ਕਿ :—

ਸਗਰੀ ਦੀਰਘ ਦੇਹ ਸੁਹਾਵੈ।
ਸੇਤ ਬਸਤ੍ਰ ਨਿਰਮਲ ਛਬ ਛਾਵੈ।
ਸਗਰੇ ਸਦ ਗੁਨ ਸਦਨ ਮਹਾਨ।
ਬੈਠੇ ਮਹਾਂ ਬਿਰਾਜਤ ਥਾਨ॥ ੩੯

ਰਾਸ ੧੧ ਅੰਸੂ ੧੬

ਆਖਿਰ ਸ੍ਰੀ ਮਖਣ ਸ਼ਾਹ ਪਾਸੋਂ ਸ੍ਰੀ ਗੁਰੂ ਜੀ ਨੇ ਲਿਆਂਦੇ ਸਮਾਨ ਦਾ ਸਾਰਾ ਹਾਲ ਪੁਛਿਆ :—ਕਿ

ਸਭ ਵਸਤੂ ਕੈਸੀ ਇਹ ਲਯਾਏ।
ਕਰਹਿ ਰੌਰ ਕਿਉਂ ਨਰ ਸਮੁਦਾਏ।
ਤੈ ਅਬ ਸੰਝ ਪਰੀ ਕਿਮ ਆਵਾ।
ਆਯੁਧ ਬੰਧੇ ਮੁਖ ਦਰਸਾਵਾ ੨

ਅਰਥਾਤ — ਇਹ ਸਮਾਨ ਜੋ ਸਾਡੇ ਵੇਹੜੇ ਵਿਚ ਧਰਿਆ ਗਿਆ ਹੈ ਇਹ ਕੈਸਾ ਹੈ ?ਅਰ ਤੂੰ ਸਸਤ੍ਰ ਵਗੈਰਾ ਧਾਰਕੇ ਸੰਧਿਆ ਸਮੇ ਕਿਵੇਂ ਆਇਆ ਹੈਂ ? ਅਥਵਾ ਬਾਹਰ ਰੌਲਾ ਕਿਉਂ ਪੈ ਰਹਿਆ ਹੈ ?

ਮਖਣ ਸ਼ਾਹ ਨੇ ਹਥ ਜੋੜ ਕੇ ਬੇਨਤੀ ਕੀਤੀ' ਗ੍ਰੀਬ ਨਿਵਾਜ ਜੀ :—

ਸੁਨ ਮਖਣ ਹਰਖੰਤ ਬਖਾਨਾ।
ਜਿਨ ਤੁਮਰੋ ਕੀਨਸ ਅਪਮਾਨਾ।
ਮਹਾ ਮੰਦ ਮਤਿ ਨਿੰਦਕ ਪਾਪੀ।
ਦੁਸਟ ਦੁਰਾਤਮ ਦੁਖਦ ਸੰਤਾਪੀ।੩
ਤਿਸ ਮਸੰਦ ਕੋ ਬੰਧਨ ਕਰਯੋ।
ਧੀਰ ਮਲਯ ਨੇ ਨਿਕਟ ਨਿਹਰਯੋ।
ਵਸਤ ਤੁਮਾਰੀ ਲੂਟਿ ਜਿ ਲੀਨਸ।
ਤਿਨਤੇ ਮੈ ਛੀਨਤ ਦੁਖ ਦੀਨਸ।੪

ਅਰਥਾਤ :—ਗੁਰੂ ਜੀ ਜਿਨਾ ਦੁਸਟਾਂ ਨੇਏਥੇਆਕੇ ਲੁਟ ਮਾਰ ਕੀਤੀ ਸੀ ਮੈ ਉਨਾਂ ਮਸੰਦਾਂ ਨੂੰ ਧੀਰ ਮਲ ਪਾਸੋਂ ਬੰਨ ਕੇ ਲੈ ਆਇਆ ਹਾਂ। ਅਤੇ ਜਿਹੜਾ ਸਾਮਾਨ ਉਨਾਂ ਏਥੋਂ ਖੜਿਆ ਸੀ ਮੈ ਉਸ ਦੇ ਨਾਲ ਉਨਾਂ ਦੇ ਘਰਾਂ ਤੋਂ ਸਾਰਾ ਮਾਲ ਅਸਬਾਬਲੇ ਆਂਦਾ ਹੈ ਕਿਉਂਕਿ ਉਨਾਂ ਬਹੁਤ ਮਾੜਾ ਕੰਮ ਕੀਤਾ ਸੀ।

ਜਦ ਗੁਰੂ ਜੀ ਨੇ ਮਖਨ ਸ਼ਾਹ ਤੋਂ ਸਾਰਾ ਵਾਰਤਾਲਾਪ ਸੁਣਿਆ ਤਾਂ ਕ੍ਰਿਪਾ ਨਿਧਾਨ ਬਚਨ ਕੀਤਾ :—

ਸੁਨ ਸਤਿਗੁਰੂ ਕਹਿ ਬਾਕ ਪ੍ਰਬੀਨਾ।
ਮਖਣ ਸ਼ਾਹ ਕਹਾਂ ਤੈ ਕੀਨਾਂ।
ਕਾਮ ਕ੍ਰੋਧ ਕੇ ਬਸ ਹੈ ਸੋਈ।
ਅਨਿਕ ਕੁ ਕਰਮ ਕਰਯੋ ਤਿਨ ਜੋਈ।੧੨
ਹਮ ਤਿਨ ਸਮ ਨ ਕਰਬੋ ਚਾਹੈਂ।
ਜਾਨਹਿ ਮਹਾਂ ਦੋਸ਼ਤਿਨ ਮਾਹੈਂ।
ਧੀਰ ਮਲ ਕੀ ਵਸਤੂ ਸਰਬਾ।
ਫੇਰ ਦੇਹੁ ਤਿਨ ਢਿਗ ਯੁਤ ਦਰਬਾ।੧੫
ਸਜੋ :—ਜੋ ਹਮਰੇ ਢਿਗ ਦਰਬ ਅਰਪਾਯੋ।
ਸਭ ਦੇਵਹੁ ਤਿਸ ਢਿਗ ਪਹੁੰਚਾਯੋ।

ਅਰਥਾਤ:— ਸਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਕਿ ਜਿਹੜਾਕੰਮ ਧੀਰ ਮਲ ਨੇ ਕਾਮ ਕ੍ਰੋਧ ਲੋਭਮੋਹ ਦੇ ਅਧੀਨਹੋਕੇ ਕੀਤਾਹੈ। ਮੈਉਹ ਕੰਮ ਨਹੀ ਕਰਨਾ। ਇਸ ਵਾਸਤੇ ਸਾਰਾ ਉਸਦਾ ਸਮਾਨ ਸਮੇਤ ਉਸ ਪਦਾਰਥ ਦੇ ਜੋ ਤਸਾ ਇਥੇ ਅਰਪਿਆ ਸੀ ਉਹ ਉਸਨੂੰ ਦੇ ਆਵੋ।

ਭਾਂਵੇ ਮਖਣਸ਼ਾਹ ਨੇ ਬੜੀ ਅਰਜ ਕੀਤੀ ਕਿ ਨੀਤੀ ਵਿਚ ਇਸ ਤਰਾਂ ਕਰਨਾ ਯੋਗ ਨਹੀ ,ਪਰ ਗੁਰੂ ਜੀ ਨੇ ਉਸਦੀ ਕੋਈ ਗਲ ਨ ਮੰਨੀ ,ਸਗੋ ਉਸਨੂੰ ਸਤ ਸੰਤੋਖ ਛਿਮਾ ਤੇ ਧੀਰਜ ਧਾਰਨ ਦਾ ਉਪਦੇਸ਼ ਦਿਤਾ।

ਗੁਰੂ ਜੀ ਕਿਹਾ।——

ਛਿਮਾ ਸਮਾਨ ਆਨ ਗੁਨ ਨਾਹੀ।
ਯਾ ਤੇ ਛਿਮਾਧਰਹੁ ਮਨ ਮਾਹੀ।

ਸਦ ਗੁਨ ਕੋ ਨਹਿ ਤਜਾਗਨ ਕੀਜੈ।
ਸਦਾ ਰਿਦੈ ਮਹਿ ਇਸਥਿਰ ਕੀਜੈ। ੪੪।

ਰਾਸ ੧੧ –ਅੰਸੂ੧੭

ਮਖਣਸ਼ਾਹ ਤੋਂ ਬਾਦ ਮਾਤਾ ਨਾਨਕੀ ਜੀ ਵੀ ਆਈ ਅਤੇ ਹੁਨਾਂ ਵੀ ਧੀਰਮਲ ਵਲੋਂ ਕੀਤੀ ਗਈ ਵਧੀਕੀ ਤੇ ਉਸ ਨਾਲ ਕੀਤੇ ਸਿਖਾਂ ਦੇ ਵਰਤਾਉ ਦੀ ਹੀ ਹਾਮੀ ਭਰੀ ਤੇ ਆਖਣ ਲਗੀ ਤੇ ਇਹਨਾ ਪਾਪੀਆਂ ਨਾਲ ਐਸੇ ਤਰਾਂ ਹੀ ਹੋਣੀ ਚਾਹੀਦੀ ਸੀ ਤੇ ਹੁਣ ਸਮਾਨ ਵਾਪਸ ਨਹੀਂ ਕਰਨਾ ਚਾਹੀਦਾ।

ਪਰ ਸ੍ਰੀ ਗੁਰੂ ਜੀ ਨੇ ਮਖਨ ਸ਼ਾਹ ਨੂੰ ਸਮਾਨ ਵਾਪਸ ਕਰਨ ਦਾ ਫਿਰ ਹੁਕਮ ਦਿਤਾ ਕਿ:-

ਫੇਰਹੁ ਵਸਤ ਜਿਤਕ ਤਿਸ ਕੇਰੀ।
ਨਿਜ ਧਨ ਕੋ ਭੀ ਦੀਜਹਿ ਫੇਰੀ।...........
ਬਹੁਰ ਨਹੀ ਇਮ ਕਰਨੀ ਕਾਰ।
ਦੁਰਾਚਾਰਨ ਸੋ ਮਸਲਤ ਧਾਰ।
ਤਬ ਮਖਨ ਉਠ ਬੰਦਨ ਕਰਕੈ।
ਸੌਂਪਤ ਵਸਤ ਨਿਭਾਰਨ ਕਰਕੇ।
ਅਖਲ ਦਈ ਵਸਤੂ ਜਬ ਫੇਰ।
ਪੁਨਹਿ ਗ੍ਰੰਥ ਸਾਹਿਬ ਜੀ ਹੇਰ।੧੩
ਦਿਯੋ ਨ ਚਹਿਤ ਅਮੋਲਕ ਜਾਨ।
ਰਹੈ ਗੁਰੂ ਢਿਗ ਇਛਾ ਜਾਨ।..............
ਗੁਰ ਜਨਨੀ ਸੋਂ ਬਾਨੀ ਪ੍ਰਾਚੀ।
ਇਹ ਸਮਾਨ ਦੂਰ ਕੋ ਨਾਹੀ।
ਨਹਿ ਫੇਰਹੁ ਐਸੇ ਮਤ ਮੇਰਾ।
ਨਿਜ ਘਰ ਮੈ ਕਰਵਾਵਹੁ ਡੇਰਾ।੧੫
ਗੁਰੂ ਨ ਪੂਛੈ ਕਹੁ ਨ ਕੋਈ।
ਇਸ ਦਰਸਨ ਪਰਸੈ ਸੁਖ ਹੋਈ।

ਅਰਥਾਤ:– ਗੁਰੂ ਜੀ ਦਾ ਹੁਕਮ ਮੰਨ ਕੇ ਮਖਨ ਸ਼ਾਹ ਨੇ ਅਪਨੇ ਸੇਨਕਾਂ ਨੂੰ ਚੁਕਵਾਕੇ ਜਿਥੇ ਬਾਬੇ ਧੀਰ ਮਲ ਤੇ ਹੋਰ ਸੋਢੀਆਂ ਦਾ ਸਾਰਾ ਸਾਮਾਨ ਵਾਪਸ ਉਨਾਂ ਦੇ ਘਰਾਂ ਵਿਚ ਪਹੁੰਚਾ ਦਿਤਾ ਉਥੇ ਸ੍ਰੀ ਗ੍ਰੰਥ ਸਾਹਿਬ ਇਸ ਲਈ ਵਾਪਸ ਨ ਭੇਜਿਆ ਕਿ ਇਸ ਦੇ ਹਕਦਾਰ ਤਾਂ ਗੁਰ ਸਾਹਿਬ ਹੀ ਹਨ, ਤੇ ਸਗੋਂ ਮਾਤਾ ਜੀ ਨਾਲ ਸਲਾਹ ਕਰਕੇ ਸ੍ਰੀ ਗ੍ਰਥ ਸਾਹਿਬ ਨੂੰ ਅਜਿਹੇ ਥਾਂ ਅਸਥਾਪਨ ਕਰ ਦਿਤਾ, ਜਿਥ ਗੁਰੂ ਜੀ ਦਾ ਧਿਆਨ ਨ ਜਾਵੇ।

ਭਾਂਵੇਂ ਧੀਰ ਮਲ ਜੀਨੂੰ ਸ੍ਰੀ ਗ੍ਰੰਥ ਸਾਹਿਬ ਵਾਪਸ ਨ ਪਹੁੰਚਨ ਦੀ ਘਾਟ ਮਹਿਸੂਸ ਹੋਈ ਪਰ ਹੋਰ ਸਾਰਾ ਪਦਾਰਥ ਆ ਜਾਣ ਤੇ ਗੁਰੂ ਜੀ ਦੀ ਉਦਾਰਤਾ ਤੇ ਧੀਰਜ ਦੇ ਭਾਰ ਹੇਠਾਂ ਇਤਨਾ ਦਬਿਆ ਗਿਆ ਕਿ ਉਹ ਸ੍ਰੀ ਗ੍ਰੰਥ ਸਾਹਿਬ ਦੇ ਨ ਆਉਣ ਬਾਬਤ ਕੋਈ ਗਲ ਕਰ ਹੀ ਨ ਸਕਿਆ।

ਸ੍ਰੀ ਅੰਮ੍ਰਤ ਸਰ ਸਾਹਿਬ ਦੀ ਯਾਤਰਾਂ

ਇਸ ਘਟਨਾ ਤੋਂ ਬਾਦ ਕੁਝ ਚਿਰ ਗੁਰੂ ਜੀ ਬਕਾਲੇ ਵਿਖੇ ਹੀ ਸੰਗਤਾਂ ਨੂੰ ਕ੍ਰਿਤਾਰਥ ਕਰਦੇ ਰਹੇ ਅਤੇ ਮਖਨ ਸ਼ਾਹ ਵੀ ਗੁਰੂ ਜੀ ਦੇ ਪਾਸ ਹੀ ਰਹਿਆ ਇਕ ਦਿਨ ਗੁਰੂ ਜੀ ਨੂੰ ਮਖਨ ਸ਼ਾਹ ਨੇ ਆਖਿਆ ਕਿ :–

ਇਕ ਦਿਨ ਮਖਨ ਸ਼ਾਹ ਬਖਾਨਾ।
ਸ੍ਰੀ ਗੁਰਦੇਵ ਅਨੰਦ ਨਿਧਾਨਾ।
ਗੁਰ ਅਰਜਨ ਜੀ ਰਚਯੋ ਸਧਾਸੁਰ।
ਤਿਨਕੇ ਪਿਤ ਉਪਦੇਸਿਓ ਜੋ ਕਰ।੬।
ਤਹਾਂ ਜਾਨਕੀ ਮੈ ਮਨ ਚਾਹੂ।
ਮਜਨ ਕਰੋ ਕਲਖ ਗਨ ਦਾਹੂ।
ਭਲੋ ਪਰਬ ਅਬ ਪਹੁੰਚਯੋ ਆਨ।
ਭਯੋ ਬਿਸਾਖੀ ਕੋ ਇਸਨਾਨ।੭।
ਦਰਸਨ ਦਰਸੋ ਸ੍ਰੀ ਗੁਰੂ ਧਾਮ।
ਕਹੀ ਪ੍ਰਸੰਸਾ ਜਿਸ ਅਭਿਰਾਮ।
ਰਾਵਰ ਕੀ ਮੈ ਆਇਸ ਪਾਇ।
ਪੁਨ ਆਵੋਂ ਸੁੰਦਰ ਦਰਸਾਇ।੯॥

ਅਰਥਾਤ– ਮਖਨ ਸ਼ਾਹ ਨੇ ਅਰਜ ਕੀਤੀ,ਮੇਰਾ ਚਿਤ ਵੈਸਾਖੀ ਸਮੇ ਸ੍ਰੀ ਅੰਮ੍ਰਿਤਸਰ ਜਾ ਕੇ ਸਨਾਨ ਕਰਨ ਨੂੰ ਕਰਦਾ ਹੈ ਜੇ ਆਗਿਆ ਦਿਓ ਤਾਂ ਮੈਂ ਦਰਸਨ ਮੇਲਾ ਕਰ ਆਵਾਂ। ਸ੍ਰੀ ਗੁਰੂ ਜੀ ਨੇ ਸਿਖ ਦੀਭਾਵਨਾ ਭਰਪੂਰਅਰਜਾਨਕੇ ਬਚਨ ਕੀਤਾ।:–

"ਹਮ ਭੀ ਗਮਨਹਿ ਚਲ ਦਰਸੈ ਹੈ।
ਕਰਹਿ ਸ਼ਨਾਨ ਥਾਨ ਸਿਰਨੁਯੈ ਹੈ।,,

ਇਸਤਰਾਂ ਗੁਰੂ ਜੀ ਨੇ ਭੀ ਸ੍ਰੀ ਅੰਮ੍ਰਤਸਰ ਜਾਣ ਦਾ ਪ੍ਰੋਗ੍ਰਾਮ ਬਣਾਲਿਆ।

ਤੇ ਮਖਨ ਸ਼ਾਹ ਅਤੇ ਹੋਰ ਸੰਗਤਾਂ ਸਮੇਤ

ਗੁਰੂ ਜੀ :–

ਮਾਰਗ ਗਏ ਉਲੰਘ ਕਰ ਸਾਰਾ।
ਜਾਇ ਸੁਧਾਸਰ ਤਬਹਿ ਨਿਹਾਰਾ,
ਹੁਤੇ ਮਸੰਦ ਮਤਸਿਰੀ ਜੇਤੇ।
ਗੁਰ ਆਗਮਨ ਸ੍ਰੋਨ ਸੁਨ ਤੇਤੇ। ੨੧
ਕਹੂੰ ਕਹੂੰ ਗਮਨੇ ਡਰ ਪਾਇ।
ਮਤ ਹਮ ਸਾਥ ਬਿਗਰ ਇਹ ਜਾਇ।
ਦਰਬ ਆਮਦਨ ਦੇਖ ਬਿਸਾਲਾ,
ਅਬ ਮੇਲਿ ਕਾ ਆਯੋ ਕਾਲਾ। ੨੨
ਰਹਹਿ ਜਿ ਆਪ ਬਿਲੋਕਹਿ ਤਾਹੀ,
ਹਮਤੇ ਪੁਨਲੈਹੈਂ ਬਿਧ ਯਾਹੀ।
ਮਖਣ ਸਿਖ ਸੰਗ ਜਿਨ ਅਹੈ,
ਹਮਸੋ ਕਰਹਿ ਜਥਾ ਚਿਤ ਚਹੈ। ੨੩।

ਅਰਥਾਤ- ਗੁਰੂ ਜੀ ਸੰਗਤਾਂ ਸਮੇਤ ਅੰਮ੍ਰਿਤਸਰ ਪਹੁੰਚੇ ਤਾਂ ਸਾਰੇ ਮਸੰਦ ਗੁਰੂ ਜੀ ਦਾ ਆਉਣਾ ਸੁਣਕੇ ਥਾਉਂ ਥਾਈ ਜਾਕੇ ਲੁਕ ਗਏ ਕਿ ਕਿਤੇ ਸਾਡਾ ਵੀ ਬਕਾਲੇ ਦੇ ਮਸੰਦਾ ਵਾਲਾ ਹਾਲ ਨਾ ਹੋਵੇ। ਕਿਉ ਕਿ ਮਖਨ ਸ਼ਾਹ ਇਨਾ ਦੇ ਨਾਲ ਹੈ। ਤੇ ਵਿਸਾਖੀ ਤੇ ਚੜ੍ਹਾਵਾ ਕਾਫੀ ਚੜ੍ਹਨਾਂ ਹੈ ਤੇ ਹੋ ਸਕਦਾ ਹੈ ਕਿ ਇਹ (ਗੁਰੂ ਜੀ) ਚੜ੍ਹਾਵਾ ਸਾਂਭਨ ਹੀ ਏਥੇ ਆਏ ਹੋਣ ; ਕਿਉ ਕਿ ਗੁਰੂ ਹਰ ਗੋਵਿੰਦ ਸਾਹਿਬ ਦਾ ਪੁਤ੍ਰ ਹੋਣ ਕਰਕੇ ਸਾਡੇ ਤੇ ਇਸਦਾ ਦਾਵਾਵੀ ਬਣਦਾ ਹੈ, ਜਿਹਾ ਕਿ:–

ਹਰ ਗੋਬਿੰਦ ਗੁਰ ਕੋ ਇਹ ਨੰਦਨ,
ਦਾਵਾ ਰਾਖਤ ਉਪਰ ਮਸੰਦਨ।

ਅਰਥਾਤ – ਅਸੀ ਇਸਦੇ ਸਾਹਮਣੇ ਉਫ ਵੀ ਨਹੀ ਕਰ ਸਕਦੇ.ਇਸ ਲਈ ਚੰਗੀ ਗਲ ਇਹੋ ਹੈ, ਕਿ ਇਸਦੇ ਮਥੇ ਹੀ ਨਾ ਲਗਿਆ ਜਾਵੇ।

ਇਮ ਬਿਚਾਰ ਕਰ ਆਪਸ ਮਾਹਿ।
ਦੁਰੇ ਮੰਦ ਮਤ ਸੰਸੈ ਪ੍ਰਾਹਿ।
ਸ੍ਰੀ ਹਰਿ ਮੰਦਰ ਚਾਰੋ ਦ੍ਵਾਰ।
ਕਰੇ ਅਸੰਜਤ ਸਭਨ ਕਿਵਾਰ ।।੩੦।।
ਹੁਤੋ ਦਰਸਨੀ ਪੌਰ ਬਡੇਰਾ
ਦੇ ਕਪਾਟ ਤਾਰੋ ਪੁਨ ਭੇਰਾ,

ਅਰਥਾਤ– ਮਸੰਦਾਂ ਪੁਜਾਰੀਆਂ ਨੇ ਸਲਾਹ ਕਰਕੇ ਪਹਿਲਾ ਸ੍ਰੀ ਹਰਿ ਮੰਦਰ ਸਾਹਿਬ ਦੇ ਚਾਰੇ ਦਰਵਾਜੇ ਬੰਦ ਕਰਕੇ ਤਾਲੇਮਾਰ ਦਿਤੇ,ਫਿਰ ਦਰਸਨੀਡਿਉਢੀ ਦਾ ਵਡਾ ਦਰਵਾਜਾ ਬੰਦ ਕਰਕੇ ਇਕ ਭਾਰਾ ਜਿਹਾ ਜੰਦਰਾ ਮਾਰਕੇ ਆਪ ਉਥੋਂ ਖਿਸਕ ਗਏ। ਅੰਤਰ ਜਾਮੀ ਸਤਿਗੁਰੂ ਜੀ ਨੇ ਮਸੰਦਾ ਦੀ ਇਸ ਖੁਟਿਆਈ ਨੂੰ ਚੰਗੀ ਤਰਾਂ ਅਨੁਭਵ ਕਰ ਲਿਆ। ਜਿਹਾ ਕਿ:—

ਸ੍ਰੀ ਗੁਰ ਤੇਗ ਬਹਾਦਰ ਸ੍ਵਾਮੀ।
ਲਖ ਮਸੰਦ ਬਿਧ ਅੰਤਰਜਾਮੀ।
ਗਏ ਤਹਾਂ ਜਹਾਂ ਪਿਰਯੋ ਨ ਕੋਈ।
ਬੇ ਮੁਖ ਭਏ ਜਾਨ ਮਨ ਸੋਈ।
ਮਖਣ ਸ਼ਾਹ ਕਹਯੋ ਇਸ ਭਾਂਤਿ।
ਪਿਖਹੁ ਮਸੰਦਨ ਕੇ ਬਿਰਤਾਂਤ।੩੨
ਭਿੰਨ ਭਿੰਨ ਹੁਇ ਛਪੇ ਸਥਾਨ।
ਨਹਿ ਆਇ ਕਰਬੇ ਸਨਮਾਨ।
ਧਨ ਕੇ ਲੋਭ ਲਗੇ ਮਤ ਮੰਦ।
ਹਮ ਕੋ ਸੁਨ ਨਹਿ ਭਏ ਅਨੰਦ। ੩੩
ਸ੍ਰੀ ਗੁਰ ਮੰਦਰ ਕੇ ਦਰਵਾਜੇ।
ਭੇੜ ਗਏ ਨਹਿ ਬਾਜਤ ਬਾਜੇ।
ਸ਼ਬਦ ਕੀਰਤਨ ਸੁਨਿਯਤ ਨਾਹੀ।
ਕੀਨਸ ਕਹਾਂ ਮਹਾਂ ਲਬ ਮਾਹੀ।੩੪
ਰਾਸ ੧੧— ਅੰਸੂ ੧੨

ਅਰਥਾਤ :— ਗੁਰੂ ਜੀ ਨੇ ਮਖਨ ਸ਼ਾਹ ਨੂੰ ਦਸਿਆ ਕਿ ਇਹ ਮਸੰਦ ਪੁਜਾਰੀ ਲੋਭ ਦੇ ਮਾਰੇ ਹੋਏ ਸਾਥੋਂ ਲਕ ਗਏ ਅਤੇ ਹਰ ਮੰਦਰ ਸਾਹਿਬ (ਜਿਥੇ ਹਰ ਸਮੇ ਕੀਰਤਨ ਹੋਣਾ ਚਾਹੀਦਾ ਸੀ) ਦੇ ਵੀ ਚਾਰੇ ਦਰਵਾਜੇ ਬੰਦ ਕਰ ਗਏ ਹਨ।

ਭਾਂਵੇ ਮਖਨ ਸ਼ਾਹ ਨੇ ਮਸੰਦਾ ਦਾ ਇਹ ਵਤੀਰਾ ਵੇਖ ਕੇ ਫਿਰ ਗੁਰੂ ਜੀ ਪਾਸ ਧੀਰ ਮਲ ਦੇ ਮਸੰਦਾਂ ਵਾਂਗ ਕਰਨ ਲਈ ਬੇਨਤੀ ਕੀਤੀ ਪਰ ਗੁਰੂ ਜੀ ਨੇ ਫੁਰਮਾਇਆ, ਮਖਨ ਸ਼ਾਹ :—

ਸ੍ਰੀ ਗੁਰੂ ਕਹਯੋ ਸਮੇ ਜਬ ਆਵ ਹੈ।
ਦੁਸਟ ਮੰਦ ਤਾੜਨ ਕੋ ਪਾਵਹਿ।
ਸਭ ਮਸੰਦ ਤੇ ਲੈ ਹੈ ਦੇਖਾ।
ਪੀੜਹਿ ਨਿਜ ਦਰਗਹ ਬਿਸੇਖਾ।........


ਸਤਿਜੁਗ ਸ੍ਰੀ ਜੀਵਨ ਨਗਰ
ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅੰਮ੍ਰਿਤਸਰ ਪ੍ਰਵੇਸ਼
ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀਆਂ ਨੇ : --
ਇਮ ਬਿਚਾਰ ਕਰ ਆਪਸਿ ਮਾਂਹਿ ॥ ਢੂਰੇ ਮੰਦ ਮਤ ਸੀਸੈ ਪ੍ਰਾਹਿ ॥ ......
ਸ੍ਰੀ ਹਰਿ ਮੰਦਰ ਚਾਰੋ ਦਵਾਰ ॥ ਕਰੇ ਅਸੰਜਤ ਸਭਨ ਕਿਵਾਰ ॥ ......
ਹੁਤੋ ਦਰਸ਼ਨੀ ਪੌਰ ਬਡੇਰਾ ॥ ਦੇ ਕਪਾਟ ਤਾਰੋ ਪੂਨ ਭੇਰਾ ॥ ......
ਸ੍ਰੀ ਗੁਰੂ ਤੇਗ ਬਹਾਦਰ ਸਵਾਮੀ ॥ ਲਖ ਮਸੰਦਬਿਧ ਅੰਤਰ ਜਾਮੀ ॥ ......
ਮਖਨ ਸਾਥ ਕਹਯੋ ਇਸ ਭਾਂਤਿ ॥ ਪਿਖਹੁ ਮਸੰਦਨ ਕੈ ਬਿਰਤਾਂਤਿ ॥੩੨॥
ਸ੍ਰੀ ਗੁਰੂ ਤੇਗ ਬਹਾਦਰ ਜੀ ਸੰਗਤਾਂ ਸਮੇਤ ਜਦ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਗਏ, ਤਾਂ ਸਾਰੇ ਪੁਜਾਰੀ ਆਪ ਲੁਕ ਗਏ। ਅਤੇ ਸ੍ਰੀ ਹਰਮੰਦਿਰ ਸਾਹਿਬ ਦੇ ਚਾਰੇ ਦਰਵਾਜੇ ਬੰਦ ਕਰਕੇ ਦਰਸ਼ਨੀ ਡਿਊਢੀ ਨੂੰ ਵਡਾ ਸਾਰਾ ਜੰਦਰਾ ਲਾ ਦਿਤਾ।
ਤਸਵੀਰ ਵਿਚ ਗੁਰੂ ਜੀ ਮਖਣਸ਼ਾਹ ਸਮੇਤ ਦਰਸ਼ਨੀ ਡਿਊਢੀ ਅਗੇ ਖਲੋਤੇ ਦਿਖਾਈ ਦੇ ਰਹੇ ਹਨ।

ਦੀਨੋ ਸ੍ਰਾਪ ਰਹਹਿ ਜਰ ਨਾਹੀ।
ਕਿਸੀ ਸਮੇ ਮਹਿ ਹ੍ਵੈ ਬਿਨਸਾਹੀ।
ਸਮੈ ਆਇ ਜਬ ਪ੍ਰਾਪਤ ਹੋਇ।
ਇਨਕੋ ਮੂਲ ਬਿਨਾਸਹਿ ਸੋਇ।੪੦।

ਅਰਥਾਤ– ਗੁਰੂ ਜੀ ਨੇ ਮਖਨ ਸ਼ਾਹ ਨੂੰ ਆਖਿਆ ਕਿ ਇਨਾਂ ਨੂੰ ਇਨ ਕੁਕਰਮ ਦਾ ਫਲ ਆਪੇ ਹੀ ਲਗ ਜਾਵੇਗਾ। ਕੋਈ ਸਮਾ ਆਵੇਗਾ ਜਦੋਂ ਇਨਾਂ ਪਾਸੋਂ ਸਾਰਾ ਪਦਾਰਥ ਤੇ ਇਹ ਅਸਥਾਨ ਖੁਸ ਜਾਵੇਗਾ ਤੇ ਇਹ ਲੋਕ ਬਹੁਤ ਦੁਖੀ ਹੋਣਗੇ। ਪਰ ਅਸਾਂ ਇਹਨਾਂ ਨੂੰ ਨਹੀ ਕੁਝ ਆਖਨਾ। ਤੁਸੀ ਏਥੇ ਇਸ਼ਨਾਨ ਪਾਨ ਕਰ ਲਵੋ, ਜਿਹਾ ਕਿ :–

ਤੁਅਬ ਕਰ ਸਨਾਨ ਸਰ ਮਾਹਿ।
ਜਿਸਤੇ ਅਖਲ ਪਾਪ ਬਿਨਸਾਹਿ॥
ਕਰਹੁ ਤਿਹਾਵਲ ਹੁਇ ਅਰਦਾਸ।
ਸਤਿਗੁਰ ਪੂਰਤ ਉਰ ਕੀ ਆਸ।
ਅਸ ਕਹਿ ਮਖਣ ਕੋ ਤਬ ਛੋਰਾ।
ਹਟੇ ਆਪ ਗੁਰ ਉਤ ਕੇ ਓਰਾ॥............

ਅਰਥਾਤ - ਗੁਰੂ ਜੀ ਨੇ ਮਖਣ ਸ਼ਾਹ ਨੂੰ ਸਮਝਾਇਆ ਕਿ ਤੁਸਾਂ ਹੁਣ ਕਿਸੇ ਪੁਜਾਰੀ ਨੂੰ ਕੁਝ ਨਹੀ ਆਖਣਾ ਤੇ ਸਗੋਂ ਸਰੋਵਰ ਵਿਚੋ ਅਸਨਾਨ ਪਾਨ ਕਰੋ, ਕੜਾਹ ਪ੍ਰਸ਼ਾਦ ਕਰਵਾਕੇ ਅਰਦਾਸਾ ਕਰਾਵਾਓ, ਕਿਉਂ ਕਿ ਮੇਰੇ ਜਾਣ ਤੇ ਬਾਦ ਹੁਣੇ ਹੀ ਏਥੇ ਸਾਰੇ ਮਸੰਦਾਂ ਨੇ ਆ ਜਾਣਾ ਹੈ, ਤੁਸੀ ਮੇਲਾ ਵੇਖਕੇ ਆਉਣਾ ਪਰ ਮੈਂ ਥੋਹੁਣ ਏ ਜਾਂਦਾ ਹਾਂ।

ਤਵਾਰੀਖ ਗੁਰੂ ਖਾਲਸਾ ਕ੍ਰਿਤ ਗਿਆਨੀ ਗਿਆਨ ਸਿੰਘ ਜੀ ਦੀ ਲਿਖਤ ਅਨੁਸਾਰ :–

"ਗੁਰੂ ਜੀ ਇਸਨਾਨ ਕਰਕੇ ਅਕਾਲ ਬੁੰਗੇ ਦੇ ਪਾਸ (ਜਿਥੇ ਹੁਣ ਥੜਾ ਸਾਹਿਬ ਨੌਵੇ ਗੁਰੂ ਜੀ ਦਾ ਹੈ) ਬੇਰੀ ਦੇ ਬ੍ਰਿਛ ਹੇਠਾਂ ਪਿਛਲੇ ਪਹਿਰ ਤਕ ਬੈਠੇ ਭਜਨ ਕਰਦੇ ਹੋਏ ਪੁਜਾਰੀਆਂ ਨੂੰ ਉਡੀਕਦੇ ਰਹੇ। ਓੜਕ ਜਦ ਉਹ ਨਾਂ ਆਏ ਤਾਂ ਇਹ ਓਥੋਂ ਤਿੰਨ ਕੋਹ "ਵਲੇ" ਪਿੰਡ ਪੂਰਬ ਵਾਲੇ ਪਾਸੇ ਇਕ ਸਿਖ ਦੇ ਘਰ ਜਾ ਉਤਰੇ।

ਅਰ ਏਥੇ ਹੀ ਮਖਣ ਸ਼ਾਹ "ਪੁਜਾਰੀਆਂ ਨੂੰ ਤਾੜ ਫਾੜ ਕਰਕੇ ...... ਵਲੇ ਪਿੰਡ ਗੁਰੂ ਜੀ ਦੇ ਪਾਸ ਹੀ ਜਾ ਰਿਹਾ।

ਅਰ ਏਥੇ ਹੀ ਸ੍ਰੀ ਅੰਮ੍ਰਿਤ ਸਰ ਦੀਆਂ ਮਾਈਆਂ ਨੇ ਆਣਕੇ ਗੁਰੂ ਜੀ ਦੀ ਸੇਵਾ ਕੀਤੀ ਤੇ ਫਿਰ ਅੰਮ੍ਰਿਤਸਰ ਜਾਣ ਵਾਸਤੇ ਗੁਰੂ ਜੀ ਅਗੇ ਬੇਨਤੀ ਕੀਤੀ। ਪਰ ਸਤਿਗੁਰੂ ਜੀ ਫਿਰ ਅੰਮ੍ਰਿਤਸਰ ਨ ਗਏ ਅਰ ਮਾਈਆਂ ਦੀ ਸੇਵਾ ਤੇ ਪ੍ਰਸੰਨ ਹੋ ਕੇ ਵਰ ਦਿਤਾ ਕਿ "ਮਾਈਆਂ ਰਬ ਰਜਾਈਆਂ"।

ਵਿਸਥਾਰ ਵਾਸਤੇ ਵੇਖੋ - ਤਵਾਰੀਖ ਖਾਲਸਾ ਹਿਸਾ ੩, ਪੰਨਾਂ ੬੪੭

ਇਤਆਦਿਕ ਬਹੁਤ ਸਾਰੇ ਅਦਿਭੁਤ ਕੌਤਕ ਕਰਕੇ ਸ੍ਰੀ ਗੁਰੂ ਜੀ ਕੁਝ ਦਿਨਾਂ ਬਾਦ ਅੰਮ੍ਰਤਸਰ ਵਲੋਂ:-

"ਭਏ ਅਰੂਢਨ ਮਾਰਗ ਚਾਲਿ।
ਪਹੁੰਚੇ ਜਾਇ ਸੁ ਬੀਚ ਬਕਾਲੇ।:—

ਕੀਰਤ ਪੁਰ ਜਾਣ ਦੀ ਤਿਆਰੀ—

ਸੂਰਜ ਪ੍ਰਕਾਸ਼ ਦੀ ਲਿਖਤ ਅਨੁਸਾਰ ਸ੍ਰੀ ਸਤਿਗੁਰੂ ਜੀ ਮਖਨ ਸ਼ਾਹ ਤੇ ਕੁਝ ਸੰਗਤ ਸਮੇਤ ਸ੍ਰੀ ਅੰਮ੍ਰਿਤਸਰ ਦੀ ਯਾਤ੍ਰਾ ਕਰਕੇ ਜਦ ਬਕਾਲੇ ਆਕੇ ਕੁਝ ਦਿਨ ਰਹੇ ਤਾਂ ਇਕ ਦਿਨ ਮਖਨ ਸ਼ਾਹ ਨੇ ਫੇਰ ਬੇਨਤੀ ਕੀਤੀ ਕਿ:—

ਹਿਦੈ ਬਿਚਾਰਤ ਇਕ ਦਿਨ ਐਸੇ,
ਚਲਿ ਆਯਹੁਜਹ ਸਤਿਗੁਰ ਬੈਸੇ।
ਨਿੰਮ੍ਰ ਹੋਇ ਕਰ ਬੰਦਨ ਠਾਨੀ,
ਪ੍ਰੇਮ ਜਨਾਵਤਿ ਬੋਲਯੋ ਬਾਨੀ।੨੨
ਦੂਰ ਅਧਿਕ ਤੇ ਮੈ ਚਲਿ ਆਯੋ।
ਬਾਂਛਤ ਰਾਵਰ ਦਰਸ਼ਨ ਪਾਯੋ।
ਭਯੋ ਕ੍ਰਿਤਾਰਥ ਅਬ ਸਭ ਭਾਂਤੀ।
ਹਤ ਸੰਸੈ ਭਾ ਸੀਤਲ ਛਾਤੀ।੨੩
ਚਿਰੰ ਕਾਲ ਭਾ ਤਜੇ ਨਿਕੇਤ।
ਚਲਯੋ ਚਹਿਤ ਤੁਮ ਨਾਮ ਸਮੇਤ।

ਅਰਥਾਤ —ਮਖਨ ਸ਼ਾਹ ਨੇ ਬੜੀ ਨਿੰਮ੍ਰਤਾ ਨਾਲ ਗੁਰੂ ਜੀ ਅਗੇ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ ਮੇਰੇ ਸਾਰੇ ਮਨੋਰਥ ਪੂਰੇ ਹੋ ਗਏ ਅਰ ਮੇਰਾ ਪੰਜਾਬ ਆਉਣਾ ਆਪ ਦੀ ਕ੍ਰਿਪਾ ਨਾਲ ਸਫਲ ਹੋ ਗਿਆ ਹੈ। ਹੁਣ ਮੈਨੂੰ ਆਗਿਆ ਦੇਹੁ ਤਾ ਕਿ ਮੈ ਅਪਣੇ ਘਰ ਤੇ ਕਾਰੋ ਬਾਰ ਦਾ ਵੀ ਜਾਕੇ ਪਤਾ ਕਰਾਂ। ਕਿਉਂਕਿ ਮੈਨੂੰ ਘਰੋਂ ਆਇਆ ਨੂੰ ਬਹੁਤ ਦੇਰ ਹੋ ਗਈ ਹੈ?

ਮਖਨ ਸ਼ਾਹ ਦੀ ਬੇਨਤੀ ਸੁਣਕੇ ਸ੍ਰੀ ਗੁਰੂ ਜੀ ਨੇ ਬਚਨ ਕੀਤਾ :–

"ਸੁਨ ਸਤਿਗੁਰ ਕਹੇ ਸਹਿਜ ਸੁਭਾਇ।
ਹਮਤੇ ਭੀ ਇਤ ਬਸਯੋ ਨ ਜਾਇ ।੨੪

ਅਥਵਾ :–

ਤਜਹਿ ਦੇਸ ਹੁਇ ਸਤਦ੍ਰਵ ਪਾਰ।
ਕਹੂ ਕਰਹਿਗੇ ਅਪਨ ਅਗਾਰ॥
ਮਤਿਸਰ ਇਹਾਂ ਕਰਤ ਹੈ ਘਨੇ।
ਅਸ ਨ ਹੋਵਹਿ ਕੋ ਜਾਵਹਿ ਹਨੇ॥

ਅਰਥਾਤ – ਗੁਰੂ ਜੀ ਨੇ ਬਚਨ ਕੀਤਾ, ਕਿ ਅਸਾਂ ਭੀ ਏਥੇ ਰਹਿਣਾ ਯੋਗ ਨਹੀਂ ਸਮਝਦੇ, ਕਿਉਂ ਕਿ ਏਥੇ ਇਹ ਲੋਕ ਸਾਡੇ ਨਾਲ ਬੜੀ ਈਰਖਾ ਰਖਦੇ ਹਨ, ਅਤੇ ਕਿਤੇ ਐਸਾ ਨ ਹੋਵੇ ਕਿ, ਇਥੇ ਇਸ ਈਰਖਾ ਦੇ ਕਾਰਨ ਕਿਸੇ ਪਾਸੇ ਦਾ ਕੋਈ ਵਿਨਾਹ ਹੋ ਜਾਵੇ।

ਬਿਹਤਰ ਹੈ ਕਿ ਏਥੋਂ ਜਾਕੇ ਕਿਤੇ ਉਸ ਥਾਂ ਅਪਨਾ ਡੇਰਾ ਲਾ ਲਿਆ ਜਾਵੇ। ਜਿਥੇ ਕਿਸੇ ਕਿਸਮ ਦਾ ਝਗੜਾ ਨ ਹੋਵੇ। ਜਿਹਾ ਕਿ :–

"ਜਹਾਂ ਸਾਂਤ ਹੋਇ ਬਿਨਾ ਬਖੇਰੇ।
ਤਹਾਂ ਕੁਸਲ ਹ੍ਵੈ ਬਸਬੇ ਕੇਰੇ।
ਸ੍ਰੀ ਹਰਿ ਕ੍ਰਿਸਨ ਬਾਕ ਕੇ ਕੇਹੇ।
ਗ੍ਰਾਮ ਬਕਾਲੇ ਗੁਰਤਾ ਲਹੇ।੨੬
ਯਾਂ ਤੇ ਈਹਾ ਬਸਨ ਸਭ ਚਾਹੇ।
ਵਧੇ ਦ੍ਵੈਸ਼ ਪੁਨ ਆਪਨ ਮਾਹੈ।
ਆਗੇ ਧੀਰ ਮਲ ਬਹੁ ਕੀਨ।
ਕਹਾਂ ਲਾਭ ਹੋਯਹੁ ਦੁਖ ਭੀਨ।੨੭।

ਅਗੇ ਧੀਰ ਮਲ ਨੇ ਪੂਜਾ ਦੇ ਲਾਲਚ ਵਾਸਤੇ ਕਿਤਨੇ ਉਪਦ੍ਰਵ ਕੀਤੇ ਹਨ ਇਸ ਵਾਸਤੇ ਇਤਨੀ ਈਰਖਾ ਵਲੇ ਥਾਂ ਰਹਿਣ ਦਾ ਕੋਈ ਲਾਭ ਨਹੀ ਅਤੇ ਇਹਨਾਂ ਖਿਆਲਾਂ ਨੂੰ ਵਿਚਾਰ ਕੇ ਸਤਿਗੁਰੂ ਜੀ ਬਕਾਲੇ ਤੋ ਤੁਰ ਜਾਣ ਲਈ ਤਿਆਰ ਹੋ ਪਏ ਜਿਹਾ ਕਿ :–

"ਇਹਾਂ ਸਮਝ ਸਤਿਗੁਰੂ ਭੇ ਤਯਾਰ।
ਜਨਨੀ ਸੋ ਤਬ ਕੀਨ ਉਚਾਰ।
ਅਪਰ ਗ੍ਰਾਮ ਬਸਯੋ ਅਬ ਬਨੈ।
ਦ੍ਵੈਸੀ ਦ੍ਵੈਸ ਕਰਤ ਹੈ ਘਨੇ।੨੮।........
ਮਾਤਾ ਨਾਨਕੀ ਲਖ ਸਭ ਬਾਤ।
ਨਹਿ ਰਹਿਬੇ ਕੀ ਮਰਜੀ ਤਾਤ।
ਘਰ ਕੀ ਵਸਤ ਸਰਬ ਸੰਭਵਾਈ।
ਚਿਰੰਕਾਲ ਕੀ ਬਸਹਿ ਜਹਾਂ ਹੀ।੩੦।........

ਓਧਰ–

ਜੀਨ ਤੁਰੰਗਨ ਪਰ ਸੁਭ ਪਾਏ।
ਮਖਨ ਤਯਾਰ ਭਯੋ ਸਹਸਾਇ।
ਸਭ ਦਾਸਨ ਸੋ ਕੀਨ ਉਚਾਰੀ।
ਆਨਹੁ ਸਗਰੀ ਵਸਤ ਸੰਭਾਰੀ।੩੨।
ਹੁਰ ਘਰ ਕੀ ਨਾਰ ਅਪਨੀ ਜੇਤੀ।
ਲੇ ਕਰ ਆਵਹੁ ਬੇਗ ਸਮੇਤੀ।
ਇਮ ਕਹਿ ਆਨ ਮਿਲਯੋ ਗੁਰ ਸੰਗ
ਕ.ਨਸ ਬੰਦਨ ਉਤਰੁ ਤਰੰਗ।੩੩।
ਹਾਥ ਜੋਰ ਕਰ ਗਿਰਾਂ ਉਚਾਰੀ।
ਚਢਹੁ ਆਪ ਨ ਕਰਹੁ ਅਵਾਰੀ।
ਸਲਤਾ ਤਰਨੀ ਪੂਰ ਚਢ ਤਰਨੀ।
ਮਿਲਹਿ ਆਇ ਸਭ ਵਸਤ ਸਭਰਨੀ।

ਅਰਥਾਤ—

ਮਖਨ ਸ਼ਾਹ ਨੇ ਆਪਨੇ ਆਦਮੀਆਂ ਨੂੰ ਗੁਰੂ ਜੀ ਦਾ ਸਾਰਾ ਸਮਾਨ ਸੰਭਾਲ ਕੇ ਆਪਨੇ ਵਾਹਿਨਾ ਉਤੇ ਰਖਨ ਲਈ ਆਖਿਆ ਅਰ ਆਪ ਆਕੇ ਗੁਰੂ ਜੀ ਅਗ ਅਰਜ ਕੀਤੀ ਕਿ ਸਚੇ ਪਾਤਸਾਹ ਸਾਰਾ ਸਮਾਨ ਆਪੇ ਆ ਜਾਵੇਗਾ ਆਪ ਘੋੜੀ ਉਤੇ ਅਸਵਾਰਹੋਵੇ, ਤਾ ਕਿ(ਬਿਆਸਾ)ਦਰਿਆ ਤੇ ਪਹੁੰਚ ਕੇ ਬੇੜੀ ਦਾ ਪ੍ਰਬੰਧ ਵਕਤ ਸਿਰ ਕੀਤਾ ਜਾਵੇ।

ਮਖਨ ਸ਼ਾਹ ਦੀ ਬੇਨਤੀ ਸੁਣਕੇ :—

ਸੁਨ ਸ੍ਰੀ ਤੇਗ ਬਹਾਦਰ ਚੰਦ।
ਕਹਿ ਬੜਵਾ ਮੰਗਵਾਇ ਬਿਲੰਦ।
ਸਜਤ ਜੀਨ ਜੁਤ ਲੈ ਕਰ ਆਵਾ।
ਆਗੇ ਖਰੋ ਦਾਸ ਦ੍ਰਿਸਟਾਵਾ। ੩੫।
ਸ੍ਰੀ ਗੁਰ ਨਾਨਕ ਤਬਹਿ ਮਨਾਇ।
ਉਠ ... ਤੇਗ ਬਹਾਦਰ ਰਾਇ।
ਲੇ ਮਖਣ ... ਆਪਨੇ ਸੰਗ।
ਚਢੇ ਤੁਰੰਗਨਿ ਪਰ ਸੁਭ ਰੰਗ। ।੩੬

ਰਾਸ ੨੧-ਅੰਸੂ ੨੩

ਇਸ ਪ੍ਰਕਾਰ ਗੁਰੂ ਜੀ ਮਖਨ ਸ਼ਾਹ ਨੂੰ ਨਾਲ ਲੈਕੇ ਬਕਾਲੇ ਤੋਂ ਰਵਾਨਾ ਹੋਏ, ਮਾਤਾ ਨਾਨਕੀ, ਤੇ ਮਾਤਾ ਗੁਜਰੀ ਤੇ ਮਾਮਾ ਕ੍ਰਿਪਾਲ ਚੰਦ ਆਦਿਕ ਸਾਰੇ ਪਰਵਾਰੀ ਘਰਦੇ ਸਮਾਨ ਸਮੇਤ ਆਪੋ ਅਪਨੇ ਵਾਹਿਨਾ ਤੇ ਅਸਵਾਰ ਹੋਕੇ ਮਗਰ ਤੁਰ ਪਏ ਅਤੇ ਸਾਰੇ ਸਾਥੀਆਂ ਸਮੇਤ ਗੁਰੂ ਜੀ ਬਿਆਸਾ ਦੇ ਕੰਢੇ ਆ ਡੇਰਾ ਕੀਤਾ।

ਸ੍ਰੀ ਗ੍ਰੰਥ ਸਾਹਿਬ ਦਰਿਆ ਬਿਆਸਾ ਦੇ ਸਪੁਰਦ ਕੀਤਾ।

ਸੂਰਜ ਪ੍ਰਕਾਸ਼ ਦੇ ਲਿਖਨ ਅਨੁਸਾਰ ਜਦ ਸ੍ਰੀ ਸਤਿਗੁਰੂ ਜੀ ਮਖਣਸ਼ਾਹ ਤੇ ਹੋਰ ਸਾਥੀਆਂ ਸਮੇਤ ਬਕਾਲ ਤੋਂ ਤੁਰਕੇ ਦਰਿਆ ਬਿਆਸਾ ਦੇ ਕੰਢੇ ਤੇ ਆਕੇ ਬੇੜੀ ਦੀ ਉਡੀਕ ਕਰ ਰਹੇ ਸਨ ,ਤਾਂ

"ਇਤਨੇ ਮਹਿ ਇਕ ਸਿਖ ਚਲ ਆਯੋ।
ਗੁਰੂ ਗ੍ਰੰਥ ਜਿਨ ਸੀਸ ਉਠਾਯੋ।
ਦੇਖਤ ਗੁਰ ਅਰ ਸਿਖ ਤਿਸ ਓਰ।
ਬੰਦਨ ਕਰੀ ਸਕਲ ਕਰ ਜੋਰ ।੪

ਅਰਥਾਤ— ਇਤਨੇ ਚਿਰਨੂੰ ਇਕ ਸਿਖ ਜਿਸਦੇ ਸਿਰ ਉਤੇ ਸ੍ਰੀ ਗ੍ਰੰਥ ਸਾਹਿਬ ਦਾ ਅਸਵਾਰਾ ਸੀ, ਉਸਨੂੰ ਆਉਂਦਾ ਵੇਖ ਕੇ ਗੁਰੂ ਜੀ ਨੇ ਸਿਖਾਂ ਸਮੇਤ ਉਠ ਕੇ ਨਮਸਕਾਰ ਕੀਤੀ ਅਤੇ ਫਿਰ ਗੁਰੂ ਜੀ ਨੇ ਪੁਛਿਆ :—

ਤੇਗ ਬਹਾਦਰ ਗੁਰੂ ਬਖਾਨਯੋ।
ਕੌਨ ਗ੍ਰੰਥ ਸਾਹਿਬ ਇਹ ਆਨਯੋ।
ਕਿਤ ਲੇ ਜਾਇ ਅਹੈ ਕਿਸ ਪਾਸ।
ਬੂਝਹੁ ਇਸਕੋ ਕਰਹੁ ਪ੍ਰਕਾਸ਼।

ਅਰਥਾਤ ਗੁਰੂ ਜੀ ਨੇ ਆਖਿਆ ਕਿ ਇਹ ਕਿਹੜਾ ਗ੍ਰੰਥ ਸਾਹਿਬ ਹੈ, ਤੇ ਕਿਸਦੇ ਪਾਸੋਂ ਕਿਸਨੇ ਲਿਆਂਦਾ ਹੈ ਇਹ ਸਾਰੀ ਗਲ ਦਸੋ ? ਗੁਰੂ ਜੀਦਾ ਬਚਨ ਸੁਣਕੇ :—

ਤਬ ਕ੍ਰਿਪਾਲ ਗੁਜਰੀ ਕੋ ਭ੍ਰਾਤ ।
ਸਰਬ ਸੁਨਾਇ ਭਨਯੋ ਸੁ ਬ੍ਰਿਤਾਂਤ।
ਸ੍ਰੀ ਗੁਰ ਅਰਜਨ ਪ੍ਰਿਥਮ ਲਿਖਾਯੋ।
ਧੀਰ ਮਲ ਸੋ ਛਲ ਕਰ ਪਾਯੋ।੬।
... ਲੂਟ ਲੀਨ ਜਬ ਸਾਰੇ।
ਤਬਤੇ ਆਯੋ ਸਦਨ ਹਮਾਰੇ।
"ਮਹਾਂ ਮਹਾਤਮ ਹੈ ਇਸ ਕੇਰਾ।
ਜਿਸਕੇ ਦਰਸ਼ਨ ਪੁੰਨ ਘਨੇਰਾ। ੭।
ਰਾਵਰ ਬਡਨ ਬਨਾਯੋ ਏਹੀ।
ਜਿਸ ਢਿਗ ਹੁਇ ਪੂਜਾ ਬਹੁ ਲੇਹੀ।
ਤਿਸ ਕਰ ਸਰਬ ਸੰਗਤਾਂ ਆਵੈਂ।
... ਹਿਂ ਆਨ ਅਕੋਰ ਚਢਾਵੈਂ।
ਯਾਂਤੇ ਆਪ ਨਿਕਟ ਅਬ ਰਹੈ।
ਅਪਰ ਥਾਨ ਕੇ ਉਚਿਤ ਨਾ ਅਹੈ। ,,

ਅਰਥਾਤ— ਮਾਤਾ ਨਾਨਕੀ ਦੇ ਭਰਾ ਸ੍ਰੀ ਕ੍ਰਿਪਾਲ ਚੰਦ ਨੇ ਗੁਰੂ ਜੀ ਨੂੰ ਦਸਿਆ, ਕਿ ਇਹ ਉਹ ਗ੍ਰੰਥ ਸਾਹਿਬ ਹੈ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਿਆ ਸੀ। ਅਰ ਜਿਸਨੂੰ ਧੀਰਮਲ ਨੇ ਆਪਨੇ ਪਾਸ ਰਖਿਆ ਹੋਇਆ ਸੀ। ਜਦੋਂ ਮਖਨ ਸ਼ਾਹ ਦੇ ਸੈਨਿਕਾਂ ਨੇ ਜਵਾਬੀ ਹਮਲੇ ਵਿਚ ਸੋਢੀਆਂ ਦੇ ਘਰ ਲੁਟੇ, ਤਾਂ ਇਹ ਗ੍ਰੰਥ ਸਾਹਿਬ ਵੀ (ਜੋ ਉਸਨੇ ਅਪਨੀ ਦੁਕਾਨ ਦੀ ਵਿਸ਼ੇਸਤਾ ਦਸਨ ਵਾਸਤੇ ਕਰਤਾਰ ਪੁਰੇ ਤੋਂ ਬਕਾਲੇ ਲਿਆਂਦਾ ਹੋਇਆ ਸੀ) ਉਸਦੇ ਘਰੋਂ ਲੈਆਂਦਾ ਸੀ।

ਪਰ ਜਦੋਂ ਆਪਦੇ ਹੁਕਮ ਨਾਲ ਉਨਾਂ ਦਾ ਸਮਾਨ ਵਾਪਸ ਕੀਤਾ ਗਿਆ; ਤਾਂ ਇਹ ਗ੍ਰੰਥ ਸਾਹਿਬ ਉਸ ਨੂੰ ਇਸ ਵਾਸਤੇ ਵਾਪਸ ਨਹੀ ਸੀ ਕੀਤਾ; ਕਿ ਇਹ ਗੁਰੂ ਘਰ ਦੀ ਚੀਜ ਹੈ, ਅਰ ਗੁਰੂ ਜੀ ਪਾਸ

ਹੀ ਰਹਿਣਾ ਚਾਹੀਦਾ ਹੈ? ਇਸ ਵਾਸਤੇ ਇਹ ਗ੍ਰੰਥ ਸਾਹਿਬ ਉਸ ਵਕਤ ਤੋਂ ਸਾਡੇ ਹੀ ਘਰ ਸੀ, ਜਿਸ ਨੂੰ ਹੁਣ ਨਾਲ ਲੈ ਆਂਦਾ ਹੈ। ਇਹ ਇਕ ਬੜੇ ਮਹਾ-ਤਮ ਵਾਲਾ ਗ੍ਰੰਥ ਹੈ, ਜਿਸ ਕੋਲ ਇਹ ਹੋਵੇਗਾ ਉਥੇ ਸੰਗਤਾਂ ਸਾਰੀਆਂ ਆਉਣਗੀਆਂ, ਤੇ ਭੇਟ ਵੀ ਬਹੁਤ ਚੜੇਗੀ। ਅਥਵਾ ਇਹ ਇਕ ਬੜੀ ਲਾਭ ਵਾਲੀ ਵਸਤੂ ਹੈ, ਅਰ ਜੋ ਰਹਿਣੀ ਵੀ ਗੁਰੂ ਜੀ ਦੇ ਪਾਸ ਹੀ ਚਾਹੀਦੀ ਹੈ, ਧੀਰ ਮਲ ਇਸਦਾ ਕੀ ਲਗਦਾ ਹੈ?

ਸ੍ਰੀ ਕ੍ਰਿਪਾਲ ਚੰਦ ਦੀਆਂ ਗਲਾਂ ਸੁਣ ਕੇ ਸ੍ਰੀ ਸਤਿਗੁਰੂ ਜੀ ਨੇ ਉਤਰ ਦਿਤਾ:--

" ਸੁਨ ਸ੍ਰੀ ਤੇਗ ਬਹਾਦਰ ਕਹਯੋ।
ਹਮਰੇ ਸੰਗ ਕੌਨ ਬਿਧ ਰਹਯੋ। ੯
ਕਿਨ ਇਹ ਰਾਖ ਸਾਥ ਨਿਜ ਆਨਯੋ।
ਫੇਰਨ ਕਹਯੋ ਨਹੀ ਸੋ ਮਾਨਯੋ।
ਧੀਰਮਲ ਕੇ ਨਿਕਟ ਕਦੀ ਕੋ।
ਅਬ ਭੀ ਦੇਨੋ ਬਨਹਿ ਤਿਸੀਕੋ। ੧੦।
ਛੀਨ ਲੇਨ ਇਹ ਉਚਿਤ ਨ ਹਮੈ।
ਰਿਦੈ ਬਸੂਰੇ ਦੁਖ ਸਭ ਸਮੈ।

ਅਰਥਾਤ- ਸ੍ਰੀ ਗੁਰੂ ਜੀ ਨੇ ਬੜੇ ਰੋਸ ਵਾਲੇ ਲਹਿਜੇ ਨਾਲ ਬਚਨ ਕੀਤਾ, ਕਿ ਇਹ ਸਾਡੇ ਪਾਸ ਕਿਸਤਰਾਂ ਰਹਿ ਸਕਦਾ ਹੈ? ਸਗੋਂ ਕਿਸਦੇ ਆਖਣ ਤੇ ਇਹ (ਸ੍ਰੀ ਗ੍ਰੰਥ ਸਾਹਿਬ) ਲਿਆਂਦਾ ਗਿਆ ਹੈ? ਅਤੇ ਇਸਨੂੰ ਸਮਾਨ ਦੇ ਨਾਲ ਵਾਪਸ ਕਿਉਂ ਨਹੀ ਕੀਤਾ ਗਿਆ?

ਮੈ ਕਿਸੇ ਦੀ ਖੋਹੀ ਹੋਈ ਕੋਈ ਚੀਜ਼ ਵੀ ਰਖਨ ਨੂੰ ਤਿਆਰ ਨਹੀ, ਕਿਉਂਕਿ ਖੋਹੀ ਹੋਈ ਚੀਜ਼ ਰਖਨ ਨਾਲ ਹਮੇਸ਼ਾਂ ਦੁਖ ਹੀ ਬਣਿਆ ਰਹਿੰਦਾ ਹੈ?

ਜਦਕਿ ਇਹ ਗ੍ਰੰਥ ਸਾਹਿਬ ਧੀਰਮਲ ਕੋਲ ਬੜੇ ਚਿਰਦਾ ਹੈ, ਇਸ ਵਾਸਤੇ ਹੁਣ ਵੀ ਉਸੇ ਨੂੰ ਹੀ ਦੇਣਾ ਯੋਗ ਹੈ?

ਗੁਰੂ ਜੀ ਦੇ ਬਚਨ ਸੁਣਕੇ ਸ੍ਰੀ ਕ੍ਰਿਪਾਲ ਚੰਦ ਨੇ ਫੇਰ ਅਰਜ਼ ਕੀਤੀ ਕਿ -

ਤਬਹਿ ਕ੍ਰਿਪਾਲ ਸੁਨਾਵਨ ਕੀਨ।
ਮਖਣ ਅਰ ਮਾਤਾ ਨਹਿ ਦੀਨ। ੧੧।
ਕਿਉਂਕਿ - ਹੁਤੇ ਪਿਤਾਮਾਰਾਵਰ ਕੇਰਾ।
ਜਨਹੁ ਗ੍ਰੰਥ ਜੀ ਕੀਨ ਬਡੇਰਾ।
ਯਾਂ ਤੇ ਵਸਤ ਆਪ ਕੀ ਅਹੈ।
ਜੋ ਗੁਰ ਗਾਦੀ ਪਰ ਸੋ ਲਹੈ। ੧੨।
ਇਹ ਬਿਚਾਰ ਕਰ ਦਯੋ ਨ ਮਾਤਾ।
ਉਚਿਤ ਬਿਚਾਰ ਲੇਹੁ ਸਖ ਦਾਤਾ।
ਅਤਿਸੈ ਦੁਰਲਭ ਵਸਤ ਅਜਾਇਬ।
ਇਹ ਨਹਿ ਦੇਨ ਬਨੈ ਗੁਰ ਸਾਹਿਬ। ੧੩

ਇਤਨੀਆਂ ਗਲਾਂ ਕਰਦਿਆਂ ਨੂੰ ਮਾਤਾ ਨਾਨਕੀ ਜੀ ਵੀ ਪਿਛੋਂ ਆ ਗਏ ਤੇ ਉਸਨੇ ਆਪਣੇ ਭ੍ਰਾਤਾ (ਕ੍ਰਿਪਾਲ ਚੰਦ) ਪਾਸੋਂ ਸ੍ਰੀ ਗ੍ਰੰਥ ਸਾਹਿਬ ਲਿਆਉਣ ਬਾਬਤ ਗੁਰੂ ਜੀ ਵਲੋਂ ਨਾਰਾਜ਼ਗੀ ਦੀ ਸਾਰੀ ਗਲ ਬਾਤ ਸੁਣੀ, ਜਿਹਾ ਕਿ :—

ਨਿਕਟ ਆਇ ਗੁਰ ਕੇ ਬਚ ਸੁਨੇ।
ਹਠ ਕਰ ਰਹੇ ਨੈਂਚ ਸਿਰ ਧੁਨੇ।
ਸ਼ਤ੍ਰੁ ਕੋ ਹਿਤ ਚਾਹਤ ਰਹੈ।
ਪ੍ਰਾਨ ਹਾਨ ਲਗ ਖੋਟਾ ਅਹੈ। ੧੫।
ਕੌਹ ਕਹਾਂ ਲਗ ਬਹੁ ਸਮਝਾਏ।
ਸਰਲ ਸੁਭਾਉ ਨ ਕਛ ਲਗ ਪਾਏ।

ਅਰਥਾਤ ਜਦੋਂ ਮਾਤਾ ਜੀ ਨੇ ਆਪਣੇ ਭ੍ਰਾਤਾ ਪਾਸੋਂ ਸ੍ਰੀ ਗ੍ਰੰਥ ਸਾਹਿਬ ਨੂੰ ਵਾਪਸ ਭੇਜ ਦੇਣ ਦੀ ਸਾਰੀ ਗਲ ਬਾਤ ਸੁਣੀ, ਤਾਂ ਗੁਰੂ ਜੀ ਦੇ ਹਠ ਨੂੰ ਧਿਆਨ ਵਿਚ ਕਰਦਿਆਂ ਰੋਸ ਵਜੋਂ ਸਿਰ ਫੇਰਿਆ, ਤੇ ਅਫਸੋਸ ਨਾਲ ਆਖਿਆ, ਕਿ ਉਹ ਧੀਰ ਮਲ ਜਹੜਾ ਤੁਹਾਡੀ ਜਾਨ ਲੈਣ ਵਸਤੇ ਜਤਨ ਕਰ ਰਿਹਾ ਹੈ, ਇਹ ਅਜੇ ਵੀ ਉਸ ਦੇ ਹਿਤ ਤੇ ਰੁਜ਼ਗਾਰ ਦੀ ਬਾਬਤ ਸੋਚ ਰਹੇ ਹਨ। ਪਰ ਕੀਤਾ ਕੀ ਜਾਵੇ? ਅਖੀਰ ਮਾਤਾ ਜੀ ਤੇ ਹੋਰ ਸਿਖਾਂ ਨੇ ਇਹ ਮਤਾ ਕੀਤਾ, ਕਿ ਕਿਸੇ ਬਹਾਨੇ ਨਾਲ ਵਾਪਸ ਕਰਤ ਰਪੁਰ ਬੀੜ ਲੈ ਕੇ ਜਾਨ ਦੇ ਇਨਕਾਰ ਕੀਤਾ ਜਾਵੇ। ਜਦੋਂ ਕੋਈ ਸਿਖ ਕਰਤਾਰਪੁਰ ਜਾਣ ਲਈ ਤਿਆਰ ਨ ਹੋਵੇ ਫਿਰ ਬੇਸ਼ਕ ਅਵੱਸ਼ ਗੁਰੂ ਜੀ ਨੂੰ ਨਾਲ ਲਿਜਾਨੀ ਪਵੇਗੀ?

ਓਧਰ ਦੂਜੇ ਪਾਸੇ ਜਦ ਗੁਰੂ ਜੀ ਨੇ ਨਿਕਟ ਵਰਤੀ ਸਿਖਾਂ ਨੂੰ ਕੋਲ ਸਦਕੇ ਆਖਿਆ ਕਿ :—

ਸਿਖਅਨ ਸੰਗ ਗੁਰੂ ਪੁਨ ਕਹਯੋ।
ਧੀਰ ਮਲ ਕੋ ਹਮ ਇਹ ਲਹਯੋ॥ ੧੯।
ਕੋ ਅਬ ਗਮਨਹੁ ਲੈ ਕਰ ਜਾਵੈ।
ਸੋ ਪੌ ਜਾਇ ਤਿਸੀ ਕੇ ਪ੍ਰਾਹੋ॥"

ਅਰਥਾਤ – ਸ੍ਰੀ ਦਯਾ ਨਿਧ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਇਹ ਬੀੜ ਧੀਰ ਮਲ ਨੂੰ ਹੀ ਮੈ ਦੇਣੀ ਹੈ,ਕਿਉਂ ਕਿ ਇਹ ਉਸਦੀ ਨਿਜੀ ਜਾਇ-ਦਾਤ ਹੈ। ਕੋਈ ਸਿਖ ਜਾਣ, ਤੇ ਇਸ ਬੀੜ ਨੂੰ ਵਾਪਿਸ ਕਰਤਾਰ ਪੁਰ ਹੀ ਛਡਕੇ ਔਣ, ਸਗੋਂ ਜੇ ਮੈਨੂੰ ਵੀ ਜਾਣਾ ਪਵੇ ਤਾਂ ਜਾਣ ਨੂੰ ਤਿਆਰ ਹਾਂ ਪਰ ਬੀੜ ਮੈ ਨਹੀ ਰਖਣੀ ?

ਸਿਖਾਂ ਨੇ ਗੁਰੂ ਜੀ ਦੇ ਇਸ ਹਠ ਨੂੰ ਅਨੁਭਵ ਕਰਦਿਆਂ :–

"ਸੁਨ ਸਿਖਯਨ ਸਭ ਜੋਰੇ ਹਾਥ।
ਹੋਇ ਨਿੰਮ੍ਰ ਬੋਲੇ ਗੁਰ ਸਾਥ॥
ਧੀਰਮਲ ਤਨ ਮਨ ਕਾ ਖੋਟਾ।
ਤਿਸਤੇ ਦਖਨ ਤੇ ਬਹੁ ਤੋਟਾ॥
ਗੁਰ ਨਿੰਦਕ ਬਡ ਪਾਪ ਕਮਾਏ।
ਕਹਿ ਕਰ ਤੁਮ ਪਰ ਤੁਪਕ ਚਲਾਏ॥......
ਹਮ ਤਿਸਕੀ ਦਿਸ ਮੁਖ ਨ ਕਰੈਂ।
ਮਿਲਣੇ ਕੀ ਬਾਂਛਾਂ ਕੋ ਧਰੈ॥
ਗਵਰ ਕੋ ਅਪਰਾਧੀ ਭਾਰੋ।
ਹਮ ਬਿਲੋਕ ਨਹਿ ਸਕਹਿ ਸਹਾਰੋ॥ ੨੦

ਅਰਥਾਤ – ਸਿਖਾਂ ਨੇ ਕੀਤੇ ਹੋਏ ਮਤੇ ਅਨੁਸਾਰ ਬੇਨਤੀ ਕੀਤੀ, ਸੱਚੇ ਪਾਤਸ਼ਾਹ ਧੀਰਮਲ ਬੜਾ ਖੋਟਾ ਤੇ ਬਾਗੀ ਆਦਮੀ ਹੈ, ਜਿਸਨੇ ਅਗੇ ਬਹੁਤ ਅਯੋਗ ਤੇ ਦੁਰਵਿਉਹਾਰ ਕੀਤੇ ਹਨ। ਅਸੀ ਤਾਂ ਉਸ ਦੁਸ਼ਟ ਵਲ ਮੂੰਹ ਵੀ ਨਹੀਂ ਕਰਨਾ ਚਾਹੁੰਦੇ, ਤੇ ਨਾ ਉਸਨੂੰ ਵੇਖਣਾ ਹੀ ਚਾਹੁੰਦੇ ਹਾਂ।

ਗ੍ਰੰਥਕਾਰ ਦੇ ਲਿਖਣਅਨੁਸਾਰ ਏਥੇ ਦੋਹਾਂ ਪਾਸਿਆਂ ਦੇ ਹਠਾਂ ਦਾ ਮੁਕਾਬਿਲਾ ਖੜਾ ਹੋ ਗਿਆ, ਇਕ ਪਾਸੇ ਤਾਂ ਗੁਰੂ ਜੀ ਬੀੜ ਨੂੰ ਵਾਪਸ ਕਰਤਾਰ ਪੁਰ ਪੁਜਾਨ ਦਾ ਹਠ ਕਰੀ ਬੈਠੇ ਸਨ, ਦੂਸਰੇ ਪਾਸੇ ਸਿਖ ਕਿਸੇ ਨਾ ਕਿਸੇ ਬਹਾਨੇ ਬੀੜ ਨੂੰ ਪਾਸ ਰਖਨ ਵਾਸਤੇ ਕਿਸੇ ਹਾਲਤ ਵਿਚ ਵੀ ਕਰਤਾਰ ਪੁਰ ਜਾਣ ਨੂੰ ਤਿਆਰ ਨਹੀ ਸਨ?

ਅਖੀਰ ਗੁਰੂ ਜੀ ਨੇ:–

"ਸੁਨ ਗੁਰ, ਸਭ ਸਿਖਯਨ ਕੀ ਬਿਨਤੀ।
ਮਨ ਮਹਿ ਗਨਤ ਰਹੇ ਮਨ ਮਿਨਤੀ।
ਨਹਿਨ ਗ੍ਰੰਥ ਸਾਹਿਬ ਹਮ ਰਾਖੈ।
ਕਿਸ ਢਿਗ ਪਹੁਚੈ ਚਿਤ ਅਭਿਲਾਖੈ। ੨੧।

ਜਦ ਗੁਰੂ ਜੀ ਇਸ ਗਿਨਤੀ ਵਿਚ ਮਗਨ ਸਨ ਤਾਂ ਮਾਤਾ ਨਾਨਕੀ ਜੀ ਨੇ ਸਮਾ ਪਛਾਨਕੇ ਫਿਰ ਆਖਿਆ:–

" ਮਾਤਾ ਨਾਨਕੀ ਬਰਜਤ ਹੇਰੇ।
ਹੇ ਸੁਤ ਕਯੋਂ ਹਠ ਕਰਹੁ ਬਡੇਰੇ।
ਦੁਰਲਭ ਵਸਤੂ ਆਪਨ ਬਡਨ ਕੀ।
ਬਹੁਰ ਨ ਪ੍ਰਾਪਤ ਆਨਿਕ ਜਤਨ ਕੀ।੨੨।
ਨਹਿ ਦੀਜਹਿ ਨਿਜ ਸਾਥ ਰਖੀਜੈ।
ਨੀਕੇ ਰਿਦੇ ਬਿਚਾਰ ਲਖੀਜਹਿ।
ਰਿਪੁ ਕੋ ਕਛੁ ਤਦਾਰਕ ਹੋਇ।
ਕਰੀ ਅਵਗਯਾ ਲੇ ਫਲ ਸੋਇ ,,੨੩।......

ਅਰਥਾਤ– ਮਾਤਾ ਜੀ ਨੇ ਆਖਿਆ ਹੇ ਪੁਤ੍ਰ ਤੂੰ ਬੀੜ ਵਾਪਸ ਕਰਨ ਦਾ ਕਿਉਂ ਹਠ ਕਰਦਾ ਹੈਂ, ਇਸਨੂੰ ਅਪਨੇ ਪਾਸ ਰਖੋ। ਇਹ ਆਪਣੇ ਵਡਿਆਂ ਦੀ ਬਣਾਈ ਹੋਈ ਬੜੀ ਦੁਰਲਭ ਵਸਤੂ ਹੈ, ਜੋ ਫਿਰ ਹੋਰ ਪ੍ਰਾਪਤ ਨਹੀ ਹੋਸਕੇਗੀ? ਸਗੋਂ ਬੀੜ ਆਪਣੇ ਪਾਸ ਰਖਕੇ ਦੁਸਮਨ ਨੂੰ ਕੁਝ ਨਾ ਕੁਝ ਤੇ ਅਵਗਯਾ ਕਰਨ ਤੇ ਅਯੋਗ ਕੰਮ ਕਰਨ ਦੀ ਸਜਾ ਹੋਣੀ ਚਾਹੀਦੀ ਹੈ?

ਮਾਤਾ ਜੀ ਦੇ ਬਚਨ ਸੁਣਕੇ ਗੁਰੂ ਜੀ:—

"ਸੁਨਤ ਮਾਤ ਕੇ ਧਰ ਮੁਖ ਮੌਨ,
ਚਿਤਹਿ ਉਪਾਇਕਰੋ ਅਬ ਕੌਨ।
ਸਿਖ ਸੇਵਕ ਤਹਿ ਜਾਇ ਨਾ ਕੋਈ।
ਲਖਹਿ ਮਹਾਂ ਪਰਾਧੀ ਸੋਈ। ੨੬।
ਕਰਤਾ ਜਾਨ ਕੁਕਰਮ ਕੇਰਾ।
ਨਹਿ ਚਾਹਤ ਸਿਖ ਦਰਸਨ ਹੇਰਾ।
ਕਰਹਿ ਪ੍ਰਣ ਤਿਸ ਮੁਖ ਨਹਿ ਲਾਗਹਿ।
ਕਿਮ ਪਹੁੰਚਾਵਹਿ ਗ੍ਰੰਥ ਤਿਸ ਆਗਹਿ।

ਅਰਥਾਤ:- ਮਾਤਾ ਜੀ ਦੇ ਬਚਨ ਸੁਨਕੇ ਗੁਰੂ ਜੀ ਵਿਚਾਰਨ ਲਗੇ ਕਿ ਹੁਣ ਜਦ ਕੋਈ ਸਿਖ ਸੇਵਕ (ਧੀਰਮਲ ਦੀਆਂ ਕੁਟਲਤਾਈਆਂ ਦੇ ਕਾਰਨ) ਗ੍ਰੰਥ ਸਾਹਿਬ ਕਰਤਾਰ ਪੁਰ ਨਹੀ ਲਿਜਾਂਦਾ ਤਾਂ ਕਿਵੇਂ ਕੀਤਾ ਜਾਵੇ। ਕਿਉਂਕਿ ਮੈ ਗ੍ਰੰਥ ਸਾਹਿਬ ਕਿਸੇ ਸੂਰਤ ਵਿਚ ਵੀ ਆਪਣੇ ਨਾਲ ਨਹੀ ਲਿਜਾਣਾ? ਆਦਿ

ਗੁਰੂ ਜੀ ਅਪਨੇ ਹਿਰਦੇ ਵਿਚ ਨਾਲੇ ਇਹ ਵਿਚਾਰ ਕਰ ਰਹੇ ਸਨ, ਅਰ ਨਾਲ ਹੀ ਪਾਰ ਜਾਣ ਵਾਸਤੇ ਬੇੜੀ ਦੀ ਉਡੀਕ ਕਰ ਰਹੇ ਸਨ ਜਿਹਾ ਕਿ :—

"ਤਰਨੀ ਕੀ ਪ੍ਰਤੀਖਨਾ ਕਰਤੇ।
ਇਸ ਕਾਰਜ ਕੋ ਰਿਦੇ ਬਿਚਰਤੇ।
ਜਬ ਨੌਕਾ ਚਲ ਕਰ ਢਿਗ ਆਈ।
ਭਏ ਅਰੂਢਨ ਤਬਹਿ ਗੁਸਾਂਈ। ੨੮।
ਸਚੰਦਨ ਡੇਰੇ ਨਰ ਸਮਦਾਏ।
ਮੱਖਣ ਆਦਿਕ ਤੁਰਤ ਚਢਾਏ।
ਗੁਰੂ ਗ੍ਰੰਥ ਕੋ ਤਰੀ ਮੰਝਾਰ।
ਸੁਭ ਥਲ ਪਿਖ ਕਰ ਧਰਯੋ ਸੁਧਾਰ। ੨੯।
ਕਰਨਧਾਰ ਤਬ ਪ੍ਰੇਰਨ ਕਰੀ।
ਨੀਰ ਗੰਭੀਰ ਸੀਘ੍ਰ ਚਲ ਤਰੀ।
ਪਰਲੇ ਤੀਰ ਗਈ ਤਤਕਾਲਾ।
ਉਤਰ ਪਰੇ ਸਤਿਗੁਰੂ ਕ੍ਰਿਪਾਲਾ। ੩੦

ਅਰਥਾਤ- ਉਸ ਵਕਤ ਜਦ ਕੋਈ ਜਤਨ ਕਾਰ ਗਰ ਨਾ ਹੋਇਆ, ਤਾਂ ਗੁਰੂ ਜੀ ਸ੍ਰੀ ਗ੍ਰੰਥ ਸਾਹਿਬ ਤੇ ਸਿਖਾਂ ਸਮੇਤ ਬੇੜੀ ਤੇ ਚੜ੍ਹਕੇ ਪਾਰ ਜਾ ਪਹੁੰਚੇ। ਓਥੇ ਕੁਦਰਤੀ ਇਕ ਅਜਿਹਾ ਸਿਖ ਮਿਲ ਗਿਆ, ਜੋ ਕਰਤਾਰ ਪੁਰ ਜਾਣਾ ਚਾਹੁੰਦਾ ਸੀ।

ਗੁਰੂ ਜੀ ਨੂੰ ਜਦ ਪਤਾ ਲਗਾ ਤਾਂ ਉਸਨੂੰ ਸਦਕੇ ਪੁਛਿਆ ਜਿਹਾ ਕਿ :—

ਬੂਝਨ ਕੀਨੋ ਤਾਹਿ ਬਖਾਨਾ।
ਮੈ ਤਿਸ ਨਗਰ ਬਿਖੈ ਚਲ ਜਾਨਾ। ੩੧।
ਸਤਿਗੁਰ ਕਹਯੋ ਕਾਜ ਹਮ ਕੀਜੈ।
ਏਕ ਸੰਦੇਸ ਧੀਰਮਲ ਦੀਜੈ।
ਗੁਰੂ ਗ੍ਰੰਥ ਜੋ ਤੁਮਤੇ ਲਯੋ।
ਸੋ ਦਰਿਆਉ ਬਿਖੈ ਧਰ ਦਯੋ। ੩੨।
ਹਮ ਨਹਿ ਕੀਨਸ ਅੰਗੀਕਾਰ।
ਜਾਇ ਅਗਾਰੀ ਪੰਥ ਮਝਾਰ।
ਆਪ ਜਾਇ ਕਰ ਲੇਉ ਨਿਕਾਸ।
ਪੁਨ ਸਦੀਵ ਤੁਮ ਰਾਖਹੁ ਪਾਸ।

ਅਰਥਾਤ-ਸ੍ਰੀ ਗੁਰੂ ਜੀ ਨੇ ਕਰਤਾਰ ਪੁਰ ਜਾਣ ਵਾਲੇ ਰਾਹੀ ਸਿਖ ਨੂੰ ਸਨੇਹਾ ਦਿਤਾ ਕਿ ਉਸ ਨੂੰ ਮੇਰੇ ਵਲੋਂ ਆਖਣਾ ਕਿ ਜਿਹੜਾ ਗ੍ਰੰਥ ਸਾਹਿਬ ਤੁਹਾਡੇ ਕੋਲੋਂ ਸਿਖਾਂ ਨੇ ਲੈ ਆਂਦਾ ਸੀ, ਮੈ ਉਸਨੂੰ ਅੰਗੀਕਾਰ ਨਹੀਂ ਕੀਤਾ। ਜਦੋਂ ਦਰਿਆ ਉਤੇ ਪਹੁੰਚਨ ਤੇ ਮੈਨੂੰ ਪਤਾ ਲਗਾ ਮੈ ਉਸ ਵਕਤ ਹੀ ਉਸਨੂੰ ਵਾਪਸ ਕਰਨ ਦਾ ਜਤਨ ਕੀਤਾ ਪਰ ਕੋਈ ਜਤਨ ਨਾ ਹੋਣ ਕਰਕੇ ਮੈ ਉਸ ਬੀੜ ਨੂੰ ਦਰਿਆ ਬਿਆਸਾ ਦੇ ਸਪੁਰਦ ਕਰ ਚਲਿਆ ਹਾਂ। ਤੁਸਾਂ ਆਪ ਆਨਕੇ ਇਸ ਨੂੰ ਦਰਿਆ ਵਿਚੋਂ ਕਢਵਾ ਲੈਣਾ ਤੇ ਆਪਨੇ ਪਾਸ ਰਖਨਾ, ਹੁਨ ਕੋਈ ਇਹ ਗ੍ਰੰਥ ਸਾਹਿਬ ਤੁਹਾਡੇ ਪਾਸੋ ਨਹੀ ਲਵੇਗਾ।

ਉਸ ਮਨੁਖ ਨੇ ਅਰਜ ਕੀਤੀ ਕਿ ਮੈ ਇਹ ਸੁਨੇਹਾ ਜਰੂਰ ਜਾਕੇ ਬਾਬੇ ਧੀਰਮਲ ਨੂੰ ਦੇ ਦੇਵਾਂਗਾ ਜਿਹਾ ਕਿ:—

"ਹਾਥ ਜੋਰ ਤਿਹ ਮਾਨਵਮਾਨੀ, ਮੈ ਪਹੁੰਚਤ ਹੀ ਕਹੋਂ ਬਖਾਨੀ। ਫਿਰ ਇਹ ਸਨੇਹਾ ਦੇਕੇ ਗੁਰੂ ਜੀ ਨੇ:-

ਇਮ ਸਮਝਾਇ ਗੁਰੂ ਗਤਿ ਦਾਨੀ।
ਹੇਰ ਗੰਭੀਰ ਬੇਗ ਜਿਹ ਪਾਨੀ। ੩੪
ਮੰਜੀ ਕੇ ਸਮੇਤ ਜਲ ਮਾਹਿ।
ਕਹਿ ਕਰ ਭਲੇ ਰਖਾਯਹੁ ਤਾਹਿ।
"ਭਲੇ ਸੰਭਾਲਹੁ ਭੋ ਦਰਿਆਇ।
ਤੁਝ ਤੇ ਲੇਹਿ ਧੀਰਮਲ ਆਇ"।
ਜਲ ਗੰਭੀਰ ਮਹਿ ਜਬਹਿ ਟਿਕਾਏ।
ਸਗਲ ਬਿਲੋਕਤ ਬਹੁ ਬਿਸਮਾਏ

ਅਰਥਾਤ—ਰਾਹੀ ਨੂੰ ਸਨੇਹਾ ਦੇਕੇ ਕਰਨ ਕਾਰਨ ਸਤਿਗੁਰੂ ਜੀ ਇਕ ਥਾਂ ਡੂੰਘੇ ਜਲ ਦਾ ਪ੍ਰਵਾਹ ਵੇਖਕੇ ਉਥੇ ਬੇੜੀ ਲਿਜਾਕੇ ਸਿਖਾਂ ਨੂੰ ਹੁਕਮ ਦਿਤਾ ਕਿ ਮੰਜੀ ਸਮੇਤ ਸ੍ਰੀ ਗ੍ਰੰਥ ਸਾਹਿਬ ਪਾਣੀ ਵਿਚ ਉਤਾਰ ਦਿਉ ਜਦ ਸਿਖ ਬਚਨ ਮੰਨਕੇ ਮੰਜੀ

ਸਾਹਿਬ ਦਰਿਆ ਵਿਚ ਰਖਨ ਲਗੇ ਤਾਂ ਤ੍ਰਿਲੋਕੀ ਨਾਥਨੇ ਦਰਿਆਉ ਨੂੰ ਸੰਬੋਧਨ ਕਰਕੇਹੁਕਮਕੀਤਾ: "ਹ। ਬਿਆਸਾ ਦਰਿਆਉ ਮੈ ਇਹ ਅਮਾਨਤ ਤੇਰੇ ਸਪੁਰਦ ਕਰ ਚਲਿਆ ਹਾਂ। ਜਦੋਂ ਧੀਰਮਲ ਆਵੇ ਉਸਨੂੰ ਇਹ (ਅਮਾਨਤ) ਦੇ ਦੇਣੀ,, ਜਦ ਗੁਰੂ ਜੀ ਨੇ ਇਹ ਅਦਿਭੁਤ ਚੋਜ ਕੀਤਾਂ, ਤਾਂ ਵੇਖਨ ਵਾਲੇ ਸਾਰੇ ਸਿਖ ਸੇਵਕ ਹੈਰਾਨ ਹੋਕੇ ਬੜਾ ਪਸ਼ਚਾ ਤਾਪ ਕਰਨ ਲਗੇ, ਜਿਹਾ ਕਿ:-

"ਵਸਤ ਅਮੋਲ ਰਖਿਬੇ ਲਾਇਕ।
ਦੇ ਸਰੀਕ ਕੇ ਮਦਨ ਸੁਭਾਇਕ।
ਕੋ ਤਹ ਗਯੋ ਨਾ ਅਬ ਕਯਾ ਕਰਯੋ।
ਸਲਤਾ ਸਹਿਤ ਬੇਗ ਮਹਿ ਧਰਯੋ। ੩੭।
ਜਲ ਮਹਿ ਕਾਗਦ ਭੀ ਗਹਿ ਜਬੈ।
ਬਚਹਿਨ ਸ਼ੀਘਰ ਜਾਹਿ ਗਰ ਤਬੈ।
ਕਿਮ ਅੱਖਰ ਸਾਬਤ ਰਹਿ ਜੇ ਹੈ।
ਬਿਨਾ ਭੀਤ ਜਿਮ ਚਿਤ੍ਰ ਨਾ ਪੈਹੈ। ੩੮।
ਇਤਆਦਿਕ ਆਪਸ ਮਹਿ ਕਹੈ।
ਗੁਰ ਮਹਿਮਾ ਕਹੁ ਭੇਵ ਨਾ ਲਹੈ।......

ਅਰਥਾਤ- ਇਹ ਵਸਤੂ ਜੋ ਅਮੋਲਕ ਸੀ ਐਵੇ ਹੀ ਗਈ,ਨਾ ਉਸਦੇ ਕੰਮ ਦੀ ਰਹੀ ਤੇ ਨਾਂਆਪਣੇ ਪਾਸ ਹੀ ਰਹੀ। ਚੰਗਾ ਹੁੰਦਾ ਜੇ ਕੋਈ ਆਪ ਜਾਕੇ ਬੀੜ ਕਰਤਾਰ ਪੁਰ ਹੀ ਛਡ ਆਉਦਾ ਹੁਣ ਡੂੰਘੇ ਤੇ ਵਗਦੇ ਪਾਣੀ ਵਿਚ ਜਿਥੇ ਇਹ ਗ੍ਰੰਥ ਸਾਹਿਬ ਰਖਿਆ ਹੈ। ਓਥੇ ਕਾਗਜ ਗਲ ਜਾਏਗਾ। ਤੇ ਅਖਰ ਮਿਸ ਜਾਣਗ? ਮਾਨੋ ਇਹ ਅਮੋਲਕ ਵਸਤੂ ਹਮੇਸ਼ਾਂ ਵਾਸਤੇ ਹੀ ਗੁਰੂ ਜੀ ਦਾ ਬਚਨ ਨਾ ਮੰਨਨ ਕਰਕੇ- ਅਸਾਂ ਹਥੋਂ ਗਵਾ ਲਈ ਹੈ? ਪਰ ਇਹ ਸਤਗੁਰੂ ਸਚੇ ਪਾਤਸ਼ਾਹ ਦੇ ਭੇਵ ਨੂੰ ਨਾ ਲਖ ਸਕੇ ਕਿ ਜਿਹੜਾ ਹਜ਼ਾਰਾਂ ਮੀਲਾਂ ਤੇ ਜਾਕੇ ਸਿਖਾਂ ਦੇ ਜਹਾਜ ਸਾਗਰਾਂ ਤੋਂ ਕੰਢੇ ਲਾ ਸਕਦਾ ਹੈ ਕੀ ਉਹ ਇਸ ਬੀੜ ਦੀ ਹਿਫਾਜ਼ਤ ਜਲ ਵਿਚ ਨਹੀ ਕਰ ਸਕੇਗਾ? ਆਖਰਕਾਰ ਇਹ ਇਕ ਅਸਚਰਜ ਤੇ ਸਭ ਨੂੰ ਹੈਰਾਨ ਕਰਨ ਵਾਲਾ ਕੌਤਕ ਕਰਕੇ ਗੁਰੂ ਜੀ ਕੀਰਤ ਪੁਰ ਵਲ ਨੂੰ ਤੁਰ ਪਏ, ਜਿਹਾ ਕਿ

"ਪੁਨ ਸਤਿਗੁਰ ਚਲ ਪਰੇ ਅਗਾਰੀ।
ਮਖਣ ਆਦਿਕ ਚਲੇ ਅਗਾਰੀ।
ਪਿਖਤ ਨਾਨਕੀ ਰਿਦਾ ਤਪਾਯੋ।
ਨਹਿ ਸੁਤ ਸੋਂ ਪੁਨ ਬਾਕ ਅਲਾਯੋ ੩੯...
ਮਾਰਗ ਚਲੇ ਜਾਹਿ ਅਗਵਾਈ।
ਸੇਵਕ ਸਿਖ ਫਕੀਰ ਸਮਦਾਈ। ੪੩।

ਸੂਰਜ ਪ੍ਰਕਾਸ਼ ਦੇ ਉਪ੍ਰੋਕਤ ਪ੍ਰਸੰਗ ਦਾ ਜਿਥੇ ਮਹਿਮਾ ਪ੍ਰਕਾਸ਼ ਤੇ ਬੰਸਾਵਲੀ ਨਾਮੇ ਵਿਚ ਕੋਈ ਜਿਕਰ ਨਹੀ ਆਇਆ ਓਥੇ ਤਵਾਰੀਖ ਗੁਰੂ ਖਾਲਸਾ ਆਦਿਕ ਇਤਹਾਸਾਂ ਵਿਚ ਉਪ੍ਰੋਕਤ ਪ੍ਰਸੰਗਾ ਦੇ ਸੰਕੇਤ ਇਸਤਰਾਂ ਮਿਲਦੇ ਹਨ :- ਤਵਾਰੀਖ ਗੁਰੂ ਖਾਲਸਾ ਕ੍ਰਿਤ ਗਿ.ਗਿਆਨ ਸਿੰਘ ਜੀ ਕਰਤਾ ਪੰਥ ਪ੍ਰਕਾਸ਼—

"ਪਰ ਮਾਤਾ ਨਾਨਕੀ ਦੇ ਪ੍ਰੇਰੇ ਹੋਏ ੧ ਸੌਣ ਸੰਮਤ ੧੭੨੧ ਨੂੰ ਬਕਾਲੇ ਤੋਂ ਚਲ ਕਈ ਸਾਧੂਆਂ ਸਿਖਾਂ ਦੀ ਜਮਾਤ ਸਮੇਤ ਬਿਆਸਾ ਕਿਨਾਰੇ ਪਿਛਲੇ ਸਾਬ ਨੂੰ ਮਿਲਾਵਣ ਵਾਸਤੇ ਉਤਰ ਬੈਠੇ। ਤਦੋਂ ਨੂੰ ਇਕ ਚਰਨ ਦਾਸ ਸਾਧੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਸਵਾਰਾ ਲੈਕੇ ਆ ਪੁਜਾ ਤਾਂ ਗੁਰੂ ਜੀ ਅਪਨੇ ਘਰ ਦੇ ਮੁਹਤਬਿਰ ਕ੍ਰਿਪਾਲ ਚੰਦ ਨੂੰ ਪੁਛਯਾ ਇਹ ਗ੍ਰੰਥ ਸਾਹਿਬ ਕੇਹੜਾ ਹੈ? ਓਨ ਹਥ ਜੋੜ ਕੇ ਬੇਨਤੀ ਕੀਤੀ ਮਹਾਰਾਜ! ਜਦੋਂ ਧੀਰ ਮਲ ਦਾ ਘਲਿਆ ਹੋਯਾ ਸੀਹਾਂ ਮਸੰਦ ਸੌ ਲੁਟੇਰਾ ਲੈ ਕੇ ਗੁਰੂ ਜੀ ਦਾ ਸਾਰਾ ਸਮਾਨ ਲੁਟ ਕੇ ਗਿਆ। ਤਾਂ ਫਿਰ ਮਖਨ ਸ਼ਾਹ ਆਦਿਕ ਸਿਖ ਜੰਗ ਵਿਚ ਜਿਤ ਕੇ ਧੀਰਮਲ ਤੋਂ ਸਭੋ ਕੁਝ ਖੋਹ ਲਿਆਏ ਸੋ ਓਦੋਂ ਹੋਰ ਸਮਾਨ ਤਾਂ ਆਪਦੇ ਹੁਕਮ ਨਾਲ ਮੋੜ ਕੇ ਉਸਨੂੰ ਦੇ ਦਿਤਾ ਸੀ ਪਰ ਮਾਤਾ ਨਾਨਕੀ ਤੇ ਮਖਣ ਸ਼ਾਹ ਦੇ ਆਖਣ ਤੇ ਇਹ ਸ੍ਰੀ ਗ੍ਰੰਥ ਸਾਹਿਬ ਗੁਰੂ ਅਰਜਨ ਸਾਹਿਬ ਦੇ ਹਥਾਂ ਦੀ ਅਮੋਲਕ ਨਿਸ਼ਾਨੀ ਗੁਰੂ ਦੇ ਘਰ ਰਖਣਯੋਗ –ਗਦੀ ਨਸ਼ੀਨ ਦਾ ਹੱਕ ਸਮਝਕੇ ਰਖ ਲੀਤਾ ਸੀ।

ਗੁਰੂ ਜੀ ਬੋਲੇ ਅਸੀ ਗੁਰੂ ਗ੍ਰੰਥ ਸਾਹਿਬ ਜੀ ਖਾਸ ਕਾਰਨਾਂ ਕਰਕੇ ਆਪਣੇ ਪਾਸ ਨਹੀ ਰਖਣਾਂ। ਉਂਜ ਪੂਜਾ ਖਾਣੀ ਕਨਿਸ਼ਟ ਭੋਜਨ ਹੈ। ਆਪਣੀ ਕਮਾਈ ਛਕਣੀ ਉਤਮ ਜੀਂਵਕਾ ਹੈ।

ਗ੍ਰੰਥ,ਪੋਥੀ,ਮੰਦਰ,ਮੂਰਤਿ ,ਅਗੇ ਚੜ੍ਹਿਆ ਹੋਇਆ ਪਦਾਰਥ ਪੂਜਾ ਦਾ ਹੁੰਦਾ ਹੈ,ਏਸ ਨਾਲ ਜਾਂ ਮਾਤਾ ਪਿਤਾ, ਗੁਰੂ ਦੀ ਖੱਟੀ ਖਾਣੀ ਮਧਮ ਜੀ⁻ਕਾ ਹੈ।......ਏਸ ਲਏ ਇਹ ਗ੍ਰੰਥ ਸਾਹਿਬ ਤੁਸੀ ਧਰਿਮਲ ਪਾਸ ਪਹੁੰਚਾ ਦਿਓ।

ਅਸੀਂ ਤਾਂ ਅਪਣੇ ਅਗੇ ਆਯਾ ਅਪਣੇ ਭਾਗਾਂ ਦਾ ਪਦਾਰਥ ਛਕ ਛਕਾ ਕੇ ਪ੍ਰਸੰਨ ਹਾਂ?

ਉਥੋਂ ਤੁਰਨ ਲਗੇ ਤਾ ਗੁਰੂ ਜੀ ਨੇ ਓਸੇ ਚਰਨ ਦਾਸ ਸਾਧੂ ਨੂੰ ਆਖਿਆ ਤੂੰ ਕਰਤਾਰ ਪੁਰ ਜਾਕੇ ਉਹ ਗ੍ਰੰਥ ਸਾਹਿਬ ਧੀਰ ਮਲ ਨੂੰ ਦੇ ਆ। ਸਾਧੂ ਨੇ ਅਤਿ ਨਿੰਮ੍ਰ ਹੋ ਕੇ ਬੇਨਤੀ ਕੀਤੀ, ਸਚੇ ਪਾਤਸ਼ਾਹ। ਹੋਰ ਭਾਵੇਂ ਕਿਤੇ ਭੇਜ ਦੇਵੋ, (੫੩) ਗੁਰ ਦ੍ਰੋਹੀ ਨਿੰਦਕ ਕੇ ਮਥੇ ਮੈਂ ਨਹੀ ਲਗਣਾ ਚਾਹੁੰਦਾ। ....ਫਿਰ ਐਸੀ ਅਮੋਲਕ ਵਸਤੂ ਉਸਦੇ ਘਰ ਦੇਣ ਜਾਈਏ? ਅਯੋਗ ਬਾਤ ਮੈਥੋਂ ਨਹੀ ਹੋਣੀ।

ਜਦ ਏਸੇ ਤਰਾਂ ਹੋਰ ਕਈ ਸਿਖ ਓਥੇ ਜਾਣੋ ਮੁਕਰੇ, ਤਾਂ ਗੁਰ ਸਾਹਿਬ ਜੀ ਨੇ ਮੰਜੀ ਸਮੇਤ ਰੁਮਾਲਾ ਵਿਚ ਲਪੇਟਿਆ ਗ੍ਰੰਥ ਸਾਹਿਬ ਜੀ ਦਰਯਾ ਵਿਚ ਅਮਾਨਤ ਰਖ ਦਿਤਾ ਤੇ ਉਧਰ ਜਾਂਣ ਵਾਲੇ ਇਕ ਰਾਹੀ ਨੂੰ ਆਖਿਆ ਤੂੰ ਧੀਰ ਮਲ ਨੂੰ ਆਖ ਜਾਂਈਂ ਕਿ ਗ੍ਰੰਥ ਸਾਹਿਬ ਜੀ ਇਥੋਂ ਆਕੇ ਲੈ ਜਾਵੇ

ਓਸ ਸਮੇਂ ਭਾਂਵੇ ਮਾਤਾ ਸਾਹਿਬਾ ਤੇ ਹੋਰ ਅਨੇਕ ਸਿਖਾਂ ਸਾਧਾਂ ਨੇ ਅਪਨੇ ਘਰ ਗ੍ਰੰਥ ਸਹਿਬ ਜੀ ਰਖਨ ਦੇ ਨਫੇ ਨੁਕਸਾਨ ਬਹੁਤ ਵਰਨਣ ਕੀਤੇ ਪਰ ਗੁਰੂ ਜੀ ਨੇ ਇਕ ਨਾ ਮੰਨੀ,"ਕੀਰਤਪੁਰ ਵਲ ਕੂਚ ਕਰ ਦਿਤਾ"।

(ਤਵਾਰੀਖ਼ ਖਾਲਸਾ ਗੁਰੂ ੯ ਹਿਸਾ ੩ ਪੰਨਾ ੬੫੦)

ਸਿਖ ਇਤਹਾਸ ਭਾਗ ਪਹਿਲਾ:—

ਲੇਖਕ—ਪ੍ਰੋਫੈਸਰ ਕਰਤਾਰ ਸਿੰਘ ਐਮ. ਏ.

ਇਸ ਇਤਹਾਸ ਵਿਚ ਵੀ ਉਪ੍ਰੋਕਤ ਵਾਰਤਾ ਦਾ ਜਿਕਰ ਸੰਖੇਪ ਰੂਪ ਵਿਚ ਇੰਝ ਕੀਤਾ ਹੋਇਆ ਹੈ

"ਬਕਾਲੇ ਤੋਂ ਤੁਰ ਆਪ ਬਿਆਸਾ ਵਲ ਨੂੰ ਹੋਏ। ਜਦ ਦਰਿਆ ਲੰਘਣ ਲਗੇ, ਤਾਂ ਗੁਰੂ ਜੀ ਨੂੰ ਪਤਾ ਲਗਾ ਕਿ ਸਿਖਾਂ ਨੇ ਸ੍ਰੀ ਗਰੰਥ ਸਾਹਿਬ ਦੀ ਬੀੜ ਧੀਰਮਲ ਨੂੰ ਨਹੀਂ ਮੋੜੀ। ਆਪਨ ਸਿਖਾਂ ਨੂੰ ਸਮਝਾਇਆ ਕਿ ਇਹ ਗਲ ਠੀਕ ਨਹੀਂ। ਗੁਰ ਜੀ ਨੇ ਬੀੜ ਪੰਘੂੜੇ ਸਮੇਤ ਦਰਿਆ ਬਿਆਸ ਦੇ ਵਹਿਣ ਵਿਚ ਇਕ ਵਲਾ-ਗਿਰੇ ਥਾਂ ਟਿਕਾ ਦਿਤੀ। ਅਤੇ ਧੀਰ ਮਲ ਨੂੰ ਸਨੇਹਾ ਭੇਜ ਦਿਤਾ, ਕਿ ਬੀੜ ਦਰਿਆ ਵਿਚੋਂ ਲੈ ਜਾਵੇ।.. ......

ਪੰਨਾ ੩੧੦

ਪ੍ਰਕਾਸ਼ਤ ਸ੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ

ਬਾਬੇ ਧੀਰ ਮਲ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਮ ਲੈ ਕੇ, ਅਰਦਾਸ ਕਰਨ ਤੇ ਬੀੜ ਦੀ ਪ੍ਰਾਪਤੀ

ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਆਪਣੀ ਰਜਾ ਤੇ ਗੁਰੂ ਸ਼ਕਤੀ ਨੂੰ ਬੇ ਰੁਟਕ-ਬੇ ਲਰਜ ਤੇ ਪੂਰਨ ਸੁਤੰਤ੍ਰ ਦਰਸੌਣ ਲਈ ਦਰਿਆ ਬਿਆਸਾ ਵਿਚ ਸ੍ਰੀ ਗ੍ਰੰਥ ਸਾਹਿਬ ਨੂੰ ਸੁਰੱਖਯਤ ਰਖਨ ਬਾਬਤ ਜਿਥੇ ਬਹੁਤ ਸਾਰੇ ਸਿਖ ਇਤਿਹਾਸ ਥੋੜੇ ਥੋੜੇ ਮਤ ਭੇਦ ਰਖਨ ਦੇ ਬਾਵਜੂਦ ਵੀ ਸਹਿਮਤ ਹਨ ਓਥੇ ਬਾਬੇ ਧੀਰਮਲ ਵਲੋਂ ਇਸ ਪਵਿਤਰ ਤੇ ਸੁਰਖਯਤ ਬੀੜ ਨੂੰ ਦਰਿਆ ਵਿਚੋਂ ਕਢਣ ਸਮੇ ਕੀਤੇ ਗਏ ਸਾਧਨਾ (ਜਤਨਾਂ) ਦਾ ਵਰਨਨ ਕਰਦਿਆਂ ਭਾਈ ਸਾਹਿਬ ਸੰਤੋਖ ਸਿੰਘ ਜੀ ਨੇ ਵਿਅਕਤੀਗਤ ਗੁਰੂ ਤੇ ਵਕਤੀ ਸਤਿਗੁਰੂ ਦੀ ਹੋਂਦ ਦਰਸਾਉਣ ਵਾਲੀ ਇਕ ਬੇ ਮਿਸਾਲ ਤੇ ਅਦੁਤੀ ਘਟਨਾ, ਇਸ ਪ੍ਰਸੰਗ ਵਿਚ ਅੰਕਿਤ ਕੀਤੀ ਹੋਈ ਹੈ, ਜਿਸਦਾ ਸੰਖਿਪਤ ਨਮੂਨਾ ਵੀ ਪਾਠਕਾਂ ਦੀ ਜਾਣਕਾਰੀ ਵਾਸਤੇ ਅੰਕਿਤ ਕੀਤਾ ਜਾਂਦਾ ਹੈ। ਜਿਹਾ ਕਿ ਧੀਰਮਲ —

ਕੇਵਟ ਬ੍ਰਿੰਦ ਬੁਲਾਇ ਕਰ ਦੇ ਦਰਬ ਬਹੁ ਮਾਨ ।੧।

ਚੌਪਈ —

ਅਪਰ ਨੀਰ ਮਹਿ ਤਰਨੇ ਹਾਰੇ ।
ਸੁਨ ਸੁਨ ਤਿਨ ਲੀਨ ਹਕਾਰੇ ॥
ਜਾਰ ਬ੍ਰਿੰਦ ਕੋ ਲਯੋ ਮੰਗਾਇ ।
ਸਭ ਬਿਧ ਤੇ ਤਯਾਰੀ ਕਰਵਾਏ ॥ ੨ ॥

ਰਾਸ ੧੧ ਅੰਸੂ ੨੯

ਅਰਥਾਤ ਛੀਹੇਂ ਆਦਿਕ ਮਸੰਦਾਂ ਵਲੋਂ ਬਿਆਸਾ ਦਰਿਆ ਤੇ ਜਾਣ ਤੋਂ ਬਹੁਤ ਜ਼ੋਰ ਨਾਲ ਰੋਕਣ ਦੇ ਬਾਵਜੂਦ ਇਕ ਦਿਨ ਬਾਬਾ ਧੀਰਮਲ ਆਪਣੇ ਨਾਲ ਬਹੁਤ ਸਾਰੇ ਚੰਗੇ ਚੰਗੇ ਮਲਾਹ ਤੇ ਹੋਰ ਤੈਰਾਕ ਆਦਮੀ ਅਥਵਾ ਵਡੇ ਵਡੇ ਜਾਲ ਲੈ ਕੇ ਉਸ ਰਾਹੀ ਦੇ ਦਸੇ ਟਕਾਣੇ ਤੇ ਪਹੁੰਚ ਜਾ ਤੰਬੂ ਲਾਏ, ਅਤੇ ਸ੍ਰੀ ਗ੍ਰੰਥ ਸਾਹਿਬ ਦੀ ਭਾਲ ਅਰੰਭ ਦਿਤੀ। ਜਿਹਾ ਕਿ:-

ਧਨ, ਬਹੁ, ਦੈ ਹੋਂ ਰੇਸ਼ਮ ਚੀਰ,
ਜਬਹੂੰ ਗ੍ਰੰਥ ਬਯਾਵਹੁ ਤੀਰ ।
ਸੁਨ ਕਰ ਬਰੇ ਬੀਚ ਬਹੁ ਪਾਨੀ,
ਪਾਏ ਜਾਰ ਬਿਥਾਰ ਮਹਾਨੀ। ੯ ।
ਖੋਜਨ ਲਗੇ ਫਿਰਨ ਜਲ ਮਾਂਹੀ ।
ਕੇਵਟ ਬ੍ਰਿੰਦ ਪਾਇ ਸੋ ਨਾਹੀ ।
ਖੋਜਹਿ ਕਰ ਸੋਂ ਟੁਭਕੀ ਮਾਰਹਿ ।
ਇਤ ਉਤ ਫਿਰੇ ਜਾਰ ਪਸਾਰਹਿ । ੯ ।
ਫਿਰਹਿ ਮੱਧ ਅਰ ਦੋਨੋ ਤੀਰ ।
ਜਹਿ ਥੋਰੋ ਜਹਿ ਦੀਰਘ ਨੀਰ ।
ਅਨਕ ਬਿਧਨ ਤੇ ਜਤਨ ਰਚੰਤੇ ।
ਜਲ ਮੈਲੇ ਹੁਇ ਕਿਤਕ ਫਿਰੰਤੇ । ੧੦ ।

ਅਰਥਾਤ— ਜਦ ਬਾਬਾ ਜੀ ਨੇ ਟੋਭਿਅ ਤੇ ਮਲਾਹਾਂ ਨੂੰ ਧਨ ਪਦਾਰਥ ਦੇਣ ਦਾ ਲਲਚ ਦਿਤਾ। ਤਾਂ ਆਪੋ ਆਪਣੇ ਢੰਗ ਨਾਲ ਸਾਰੇ ਹੀ ਦਰਿਆ ਵਿਚ ਵੜਕੇ ਸ੍ਰੀ ਗ੍ਰੰਥ ਸਾਹਿਬ ਲਭਨ ਲਗੇ) ਪਰ ਕਿਸੇ ਵੀ ਤੈਰਾਕ ਨੂੰ ਬੀੜ ਦਾ ਕੋਈ ਥਹੁ ਪਤਾ ਨਾ ਲਗ ਸਕਿਆ।

ਬਾਬਾ ਧੀਰਮਲ ਮਨ ਹੀ ਮਨ ਵਿਚ ਬਹੁਤ ਪ੍ਰੇਸ਼ਾਨ ਸੀ, ਕਿਉਂਕਿ ਇਸ ਕਾਰਜ ਖੇਤਰ ਦੀ ਅਸਫਲਤਾ ਵਿਚ ਉਸਨੂੰ ਕਈ ਤਰਾਂ ਦੀਆਂ ਗਲਾਂ ਸੁਣਨੀਆਂ ਪੈਣੀਆਂ ਸਨ ਤੇ ਸੀਹੇ ਆਦਿਕਾਂ ਸਾਹਮਣੇ ਸ਼ਰਮਸਾਰ ਹੋਣ ਦੀ ਨਮੋਸ਼ੀ ਸਾਹਮਣੇ ਆ ਰਹੀ ਸੀ।

ਇਸ ਵਾਸਤੇ ਇਸ ਕਾਰਜ ਦੀ ਸਫਲਤਾ ਵਾਸਤੇ ਬਾਬਾ ਧੀਰਮਲ :—

ਸ੍ਰੀ ਨਾਨਕ ਕੋ ਕਿਤਕ ਮਨਾਵੈ।
ਕ੍ਰਿਪਾ ਕਰਹੁ ਗ੍ਰੰਥ ਜਿਮ ਪਾਵੈ।...........
ਮੰਜੀ ਸਹਿਤ ਗ੍ਰੰਥ ਜੀ ਪਾਵਹਿ,
ਇਸ ਨਿਸਚਾ ਮੇਰੇ ਮਨ ਆਵੈ।

ਪਰ ਇਹ ਜਤਨ ਕਰਦਿਆਂ:—

ਇਕ ਦਿਨ ਬੀਤ ਦੁਤੀਯ ਦਿਨ ਬੀਤਾ।
ਚਿੰਤਾ ਹੋਤ ਸਭਨ ਕੇ ਚੀਤਾ।
ਕਹੈ ਜੋ ਨਰ ਬੁਲਵਾਯੋ ਪ੍ਰਾਹੀ।
ਧਰਤ ਗ੍ਰੰਥ ਤੈ ਪਿਖਯੋ ਕਿ ਨਾਹੀ।

ਅਰਥਾਤ:— ਕਈ ਦਿਨਾਂ ਦੀ ਖੋਜ ਬਾਦ ਉਸ ਰਾਹੀ ਨੂੰ ਪੁਛਿਆ ਕਿ ਤੂੰ ਗ੍ਰੰਥ ਸਾਹਿਬ ਨੂੰ ਦਰਿਆ ਵਿਚ ਰਖਦਿਆ ਆਪ ਵੇਖਿਆ ਵੀ ਸੀ, ਕਿ ਨਹੀ?

ਜਿਹਾ ਕਿ :—

ਕਹੈ ਜਿਨਰ ਬੁਲਵਾਯੋ ਪ੍ਰਾਹੀ।
ਧਰਤ ਗ੍ਰੰਥ ਤੈ ਪਿਖਯੋ ਕਿ ਨਾਹੀ।
ਕੌਨ ਸਥਾਨ ਤਿਕਾਵਨ ਲਹਯੋ।
ਭਯੋ ਸਥਿਰ ਕਿ ਆਗੈ ਬਹਯੋ ।੧੫

ਉਸ ਆਦਮੀ ਨੇ ਬਾਬਾ ਧੀਰਮਲ ਜੀ ਨੂੰ ਤਸੱਲੀ ਦਿਤੀ ਕਿ :-

ਮੁਝ ਦਖਤ ਹੀ ਤਬਹਿ ਉਤਾਰਾ।
ਇਹਾਂ ਟਿਕਾਯਹ ਨੀਰ ਮਝਾਰਾ।
ਸ੍ਰੀ ਗੁਰ ਤੇਗ ਬਹਾਦਰ ਫੇਰ।
ਨੀਕੋ ਪਰਯੋ ਬਿਲੋਚਨ ਹੇਰ ।........

ਅਰਥਾਤ— ਉਸ ਵਕਤ ਤਾਂ ਮੇਰੇ ਵੇਖਦਿਆਂ ਇਸ ਜਗਹ ਤੇ ਗੁਰੂ ਜੀ ਨੇ ਸ੍ਰੀ ਗ੍ਰੰਥ ਸਾਹਿਬ ਬੜੀ ਜੁਗਤੀ ਨਾਲ ਰਖਵਾਇਆ ਸੀ ਪਰ ਹੁਨ ਪਤਾ ਨਹੀ ਕਿ :—

ਕੈ ਸਿਕਤਾ ਉਪਰ ਕੋ ਫਿਰਯੋ।
ਕੈ ਜਲ ਸੰਗ ਬਹਾਵਨ ਕਰਯੋ ॥........

ਅਰਥਾਤ– ਹੁਣ ਓਸ ਜਗਹ ਤੇ ਰੇਤ ਜ਼ਿਆਦਾ ਚੜ੍ਹ ਗਈ ਹੈ ਜਾਂ ਜਲਦਾ ਪ੍ਰਵਾਹ ਸ੍ਰੀ ਗ੍ਰੰਥ ਸਾਹਿਬ ਨੂੰ ਪ੍ਰਵਾਹ ਕੇ ਅਗੇ ਲੈ ਗਿਆ ਹੈ,ਕਿਉਂ ਕਿ ਤੁਸਾਂ ਆਉਣ ਵਿਚ ਕਾਫੀ ਦੇਰ ਲਾ ਦਿਤੀ ਸੀ।

ਉਸ ਸਿਖ ਦੀਆ ਤਸਲੀ ਬਖਸ਼ ਗਲਾਂ ਸੁਣਕੇ ਬਾਬਾ ਧੀਰ ਮਲ ਨੇ ਫਿਰ ਪ੍ਰੇਮ ਨਾਲ ਉਸਨੂੰ ਪੁਛਿਆ ਕਿ ਤੂੰ ਹੀ ਦਸ ਕਿ ਹੋਰ ਕਿਹੜਾ ਢੰਗ ਕੀਤਾ ਜਾਵੇ ਜਿਸ ਨਾਲ ਬੀੜ ਪ੍ਰਾਪਤ ਹੋ ਸਕੇ? ਬਾਬਾ ਜੀ ਨੇ ਬਚਨ ਸੁਣਕੇ ਉਸ ਸਿਖ ਨੇ ਕਰਤਾ ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ ਜੋ ਉਤਰ ਦਿਤਾ ਉਹ ਖਾਸ ਵਿਚਾਰਨ ਯੋਗ ਹੈ।

ਜਿਹਾ ਕਿ :–

ਸੋ ਨਰ ਬੋਲਯੋ ਪੁਨਹ ਬਤਾਵੈ।
ਜੋ ਤੁਮ ਚਹੋ ਗ੍ਰੰਥ ਜੀ ਪਾਵਹ।੨੧।
ਕਹੋਂ ਢੀਠ ਹੁਇ ਆਪ ਅਗੇਰ।
ਇਸ ਪ੍ਰਕਾਰ ਬਚਨ ਮਾਨੋ ਮੇਰੇ।
ਹ੍ਵੈ ਨਿਸ ਕਪਟ ਤਜਹੁ ਅਹੰ ਮਤ ਕੋ।
ਧਰੇ ਭਾਓ ਸੁਧਾ ਕਰ ਚਿਤ ਕੋ।੨੨।
ਸ੍ਰੀ ਨਾਨਕ ਆਦਿਕ ਸੁਖ ਧਾਮਾ।
ਤੇਗ ਬਹਾਦਰ ਲਗ ਜਿਹ ਨਾਮਾ।
ਸਭ ਕੀ ਕਰੋ ਅਰਾਧਨ ਅਬੈ।
ਮਨ ਮਹਿ ਮਾਨ ਮਨੌਤਨ ਤਬੈ।੨੩।
ਜਬ ਤੁਮ ਕਰਹੁ ਇਸੀ ਬਿਧ ਕਾਜ।
ਗੁਰੂ ਨਿਬਾਹੇ ਨਾਮ ਕੀ ਲਾਜ।
ਔਚਕ ਹੋਇ ਸਹਾਇਕ ਆਇ।
ਤਤ ਛਿਨ ਦੁਲਭ ਗ੍ਰੰਥ ਜਿਹੁ ਪਾਇ।੨੪।

ਅਰਥਾਤ —ਸਿਖ ਨੇ ਆਖਿਆ ਬਾਬਾ ਜੀ ਜੇਕਰ ਆਪਨੇ ਉਹ ਦੁਰਲਭ ਬੀੜ ਪ੍ਰਾਪਤ ਕਰਨੀ ਹੈ ਤਾਂ ਨਿਸਕਪਟ ਅਤੇ ਨਿਰਮਾਣ ਹੋਕੇ (ਆਪਨੇ ਅੰਦਰੋਂ ਸਾਰੀ ਈਰਖਾ ਛਡਕੇ) ਸ੍ਰੀ ਗੁਰੂ ਨਾਨਕ ਜੀ ਤੋ ਲੈਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਸਾਰੇ ਗੁਰੂ ਸਾਹਿਬਾਂ ਅਗੇ ਅਰਦਾਸਾ (ਅਰਾਧਨਾ) ਕਰੋ ਤੇ ਮੰਨਤ ਮੰਨੋ। ਮੈਨੂੰ ਆਸ ਹੈ ਕਿ ਵਕਤ ਦੇ ਮਾਲਿਕ ਸਤਿਗੁਰੂ ਜੀ ਜ਼ਰੂਰ ਆਪਨੇ ਨਾਮ ਦੀ ਲਾਜ ਪਾਲਣਗੇ ਤੇ ਕੋਈ ਐਸਾ ਸਬਬ ਲਾ ਦੇਣਗੇ ਜਿਸ ਨਾਲ ਆਪ ਨੂੰ ਬੀੜ ਲਭ ਜਾਵੇਗੀ। ਉਸ ਸਿਖ ਇਹ ਸੁਝਾਓ ਸੁਣਕੇ:–

ਧੀਰਮਲ ਬਾਨੀ ਸੁਨ ਪਾਨੀ।
ਕੀਨ ਸਰਾਹਨ ਠੀਕ ਬਖਾਨੀ।
ਕੋ ਅਸ ਅਹੈ ਕਾਜ ਕੇ ਪਰੇ।
ਸੁਗਮ ਜਤਨ ਤੇ ਸਿਖਯਨ ਕਰੇ।੨੫

ਅਰਥਾਤ– ਉਸ ਸਿਖ ਦਾ ਸੁਝਾਓ ਸੁਣਕੇ ਧੀਰ ਮਲ ਜੀ ਨੇ ਬੜੀ ਸਿਫਤ ਕੀਤੀ ਕਿ ਠੀਕ ਇਸੇ ਤਰਾਂ ਹੀ ਕਰਨਾ ਚਾਹੀਦਾ ਹੈ। ਇਸ ਕੰਮ ਨਾਲੋਂ ਹੋਰ ਕਿਹੜਾ ਵਡਾ ਕੰਮ ਹੈ! ਉਸੇ ਵਕਤ ਧੀਰ ਮਲ ਜੀ ਨੇ :—

ਨਿਰ ਹੰਕਾਰ ਹੋਇ ਮਨ, ਬਾਨੀ।
ਕੀਨ ਸਰਾਹਨ ਠੀਕ ਬਖਾਨੀ॥
ਸਰਲ ਰਿਦਾਕਰ ਹੋਇਸਿਖਰਯੋ।
ਨੌ ਸਤਿਗੁਰ ਕੋ ਸਿਮਰਨ ਕਰਯੋ॥

ਪੰਚ ਬਾਰ ਸਭ ਲੇ ਕਰ ਨਾਮ।
ਕਰ ਕੋ ਜੋਰਤ ਕਰਿਯੋ ਪ੍ਰਣਾਮ।
ਆਪਨੋ ਕਾਰਜ ਆਪ ਕਰੀਜੈ।
ਪਾਨ ਨਿਸਾਨੀ ਕੋ ਬਿਦਤੀਜੈ।
ਪੰਚ ਹਜਾਰ ਰਜਤਪਣ ਫੇਰ।
ਪੰਚਾਮ੍ਰਿਤ ਕਰਾਹੁ ਤਿਨ ਹੇਰ।
ਇਮਸਬ ਮਹਿ ਕੀਨਸ ਅਰਦਾਸ।
ਖਰੇ ਹੋਇ ਸਲਤਾ ਕੇ ਪਾਸ।

ਨਵ ਗੁਰੂਅਨ ਕੋ ਕਰ ਕਰ ਨਮੋ।
ਸਿਮਰਯੋ ਗ੍ਰੰਥ ਬਹੁਰ ਤਿਹ ਸਮੋ॥

ਨਮੋ ਕਰਤ ਇਮ ਬਾਕ ਉਚਾਰੇ।
ਬੰਦਨ ਕਰਤ ਭਏ ਤਬ ਸਾਰੇ।

ਅਰਥਾਤ–– ਬਾਬਾ ਧੀਰਮਲ ਨੇ ਨਿਰ ਹੰਕਾਰ ਹੋਕੇ ਪੰਜ ਇਸ਼ਨਾਨ ਕਰਕੇ ਨੌਵਾਂ ਗੁਰੂਆਂ ਦੇ ਪੰਜ ਵਾਰੀ ਨਾਮ ਲੈਕੇ ਅਰਦਾਸਾ ਕੀਤਾ ਅਤ ਸੁਖਣਾ ਸੁਖੀ, ਕਿ ਬੀੜ ਪ੍ਰਾਪਤ ਹੋਣ ਤੇ ਮੈ ਪੰਜ ਹਜਾਰ

ਰੁਪੈ ਦਾ ਕੜਾਹ ਪ੍ਰਸਾਦਿ ਕਰਾਵਾਂਗਾ। ਜਦੋਂ ਧੀਰ ਮਲ ਜੀ ਨੇ ਨਿੰਮ੍ਰਤਾ ਸਹਿਤ ਇਸ ਤਰਾਂ ਦੀ ਅਰਦਾਸ (ਨੌਵਾਂ ਸਤਿਗੁਰਾਂ ਦਾ ਨਾਮ ਲੈਕੇ) ਕਰਕੇ ਨਾਮ ਕਰਕੇ ਟੋਬਿਆਂ ਨੂੰ ਦਰਯਾ ਵਿਚ ਵਾੜਿਆ ਤਾਂ:—

ਤਦ ਇਕ ਟੋਭੇ ਨੇ ਜਦ ਜਲ ਵਿਚ ਇਕ ਥਾਂ ਟੁਭੀ ਮਾਰੀ ਤਾਂ ਉਸਦਾ ਹਥ ਇਕਦਮ ਸ੍ਰੀ ਗ੍ਰੰਥ ਸਾਹਿਬ ਦੀ ਮੰਜੀ ਸਾਹਿਬ ਦੇ ਪਾਵੇ ਨੂੰ ਜਾ ਲਗਾ ।:—

ਪੁਨ ਪ੍ਰਵਸਾਇ ਨਰ ਬਿਚ ਨੀਰ।
ਖਰੋ ਧੀਰਮਲ ਸਰਤਾ ਤੀਰ॥ ੩੨॥
ਟੁਭਕੀ ਮਾਰ ਹਾਥ ਜਬ ਫੇਰਾ।
ਇਤ ਉਤ ਸਿਕਤਾ ਗਨ ਕੋ ਪ੍ਰੇਰਾ।
ਲਗਯੋ ਹਾਥ ਜਾਨਯੋ ਤਿਨ ਪਾਵਾ।੩੩।
ਨਿਕਸਯੋ ਜਲ ਤੇ ਬਾਹਰ ਬਤਾਯੋ।
ਚਿੰਤਾ ਤਜਹੁ ਗ੍ਰੰਥ ਜੀ ਪਾਯੋ॥

ਉਪ੍ਰੋਕਤ ਪ੍ਰਸੰਗ ਵਕਤੀ ਅਤੇ ਵਿਅਕਤੀ ਗਤ ਸਤਿਗੁਰੂ ਦੀ ਹੋਂਦ ਅਤੇ ਕਾਰਜ ਸਿਧੀ ਵਾਸਤੇ ਭਾਵਨਾ ਸਹਿਤ ਅਰਾਧਨਾ ਕਰਨ ਲਈ ਬੜਾ ਪ੍ਰੇਰਕ ਹੈ। (ਲੇਖਕ)

ਅਰਥਾਤ ਸ੍ਰੀ ਗੁਰੂ ਤੇਗ ਬਹਾਦਰ ਜੀਤਕ ਅਰਦਾਸਾ ਕਰਨ ਤੋਂ ਬਾਦ ਜਦੋਂ ਟੋਭੇ ਜਲ ਵਿਚ ਉਤਰੇ ਤਾਂ ਉਨਾਂ ਨੂੰ ਉਸੇ ਵਕਤ ਹੀ ਸ੍ਰੀ ਗ੍ਰੰਥਸਾਹਿਬ ਜਲ ਵਿਚ ਸੁਰਖਯਤ ਪਿਆ ਹੋਇਆ ਪ੍ਰਾਪਤ ਹੋਗਿਆ।

ਗੁਰੂ ਜੀ ਦਾ ਕੀਰਤ ਪੁਰ ਨਿਵਾਸ ਅਤੇ ਸ੍ਰੀ ਅਨੰਦ ਪੁਰ ਸਾਹਿਬ ਨਗਰ ਵਸਾਉਣਾ।

ਸੂਰਜ ਪ੍ਰਕਾਸ਼ ਦੀ ਲਿਖਤ ਅਨੁਸਾਰ :—

ਨਦੀ ਗ੍ਰੰਥ ਸਾਹਿਬ ਕੋ ਧਰ ਕੈ।
ਪ ਭਲੇ ਅਰ ਬੰਦਨ ਕਰਕੈ॥
ਜਾਇ ਮਜਲ ਉਤਰੇ ਨਿਜ ਜਾਨ।
ਖਾਨ ਪਾਨ ਸਭ ਕੀਨ ਸ਼ਨਾਨ ੨।
ਰਾਸ ੧੧ ਅੰਸੂ ੨੭

ਅਰਥਾਤ:—ਜਦੋਂ ਗੁਰੂ ਜੀ ਸ੍ਰੀ ਗ੍ਰੰਥ ਸਾਹਿਬ ਨੂੰ ਦਰਿਆਉ ਵਿਚ ਰਖਕੇ ਤੁਰੇ ਜਿਥੇ ਭਾਈ ਸੰਤੋਖ ਸਿੰਘ ਜੀ ਸਤਿਦ੍ਰਵ ਦਰਿਆ ਪਾਰ ਕਰਕੇ ਗੁਰੂ ਜੀ ਵਲੋਂ ਸ੍ਰੀ ਅਨੰਦ ਪੁਰ ਸਾਹਿਬ ਨਗਰ ਵਸੌਣ ਬਾਬਤ ਹੀ ਦਸਦੇ ਹਨ— ਉਥੇ ਤਵਾਰੀਖ ਗੁਰੂ ਖਾਲਸਾ ਵਿਚ ਗਿਆਨੀ ਗਿਆਨ ਸਿੰਘ ਜੀ ਇਸ ਤੋਂ ਪਹਿਲਾਂ ਕੁਝ ਸਮਾਂ ਗੁਰੂ ਜੀ ਦਾ ਕੀਰਤ ਪੁਰ ਰਹਿਣ ਤੇ ਓਥੋਂ ਦੇ ਚੰਗੇ ਮਾੜੇ ਵਰਤਾਉ ਦਾ ਹਾਲ ਇੰਵ ਅੰਕਿਤ ਕਰਦੇ ਹਨ:—

"ਏਧਰ ਗੁਰੂ ਸਾਹਿਬ ਜੀ ਸਿਖਾਂ ਸਾਧਾਂ ਦੀ ਜਮਾਤ ਸਮੇਤ ਦੁਆਬੇ ਦੇਸ ਵਿਚ ਦੀ ਅਨੇਕ ਲੋਕਾਂ ਦਾ ਭਲਾ ਕਰਦੇ ਹੋਏ ਸਤਿਲੁਜ ਪਾਰ ਹੋ ੧੬ ਸ਼ਾਉਣ ਸੰ: ੧੭੨੧ ਬਿਕ੍ਰਮੀ ਨੂੰ ਕੀਰਤ ਪੁਰ ਆ ਪਹੁੰਚੇ। ਲੋਕਾਂ ਨੇ ਖੁਸੀ ਮਨਾਈ। ਯਦਪਿ ਸੂਰਜ ਮਲ ਜੀ ਅਪਨੇ ਮਸੰਦਾਂ ਸ਼ਮੇਤ ਅਗੋਂ ਜਾਕੇ ਗੁਰੂ ਸਾਹਿਬ ਜੀ ਨੂੰ ਲੈ ਆਏ, ਡੇਰਾ ਕਰਾਯਾ ਲੰਗਰ ਬਨਵਾਯਾ। ਪਰ ਸ੍ਰਿਕ ਦੀ ਵਡਿਆਈ ਦੇਖਕੇ ਅੰਦਰੋਂ ਰਾਜੀ ਨ ਹੋਏ। ਏਧਰੋਂ ਪਹਿਲੇ ਮਾਤਾ ਨਾਨਕੀ ਜੀ ਤੇ ਸ੍ਰੀ ਗੁਜਰੀ ਜੀ ਮਾਈ ਕ੍ਰਿਸ਼ਨ ਕੌਰ ਦੇ ਗਲ ਮਿਲੀਆਂ। ਫੇਰ ਸਭ ਸੋਢਾਣੀਆਂ ਨਾਲ ਮਿਲ ਗਿਲ ਕੇ ਇਕ ਦੂਜੇ ਦੇ ਸਮਾਚਾਰ ਸੁਣਾਏ, ਤੇ ਸੁਣੇ .... ਹੁਣ ਅਗਲੀਆਂ ਪਿਛਲੀਆਂ ਗਲਾਂ ਕਰਕੇ ਜਿਸ ਘਰ ਵਿਚ ਮਾਤਾ ਨਾਨਕੀ ਜੀ ਪਹਿਲੇ ਰਿਹਾ ਕਰਦੇ, ਓਸੇ ਵਿਚ ਰਹਿਣ ਲਗੇ। ....

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ (ਮਾਤਾ ਕ੍ਰਿਸਨ ਕੌਰ ਜੀ) ਉਸੇ ਨੂੰ ਆਪਣੀ ਸਹਾਇਕ ਸਮਝ ਕੇ ਉਸਦਾ ਸਚਾ ਮਾਨ ਤੇ ਦਿਲ ਵਧਾ

ਉਣ ਲਇਆ ਆਮਦਨੀ ਤੇ ਖਰਚ ਸਭ ਓਸ ਨੂੰ ਸੌਂਪ ਰਖਿਆ। ਤੇ ਓਸ ਦੀ ਸੰਮਤੀ ਨਾਲ ਕੰਮ ਕਰਨ ਲਗੇ।

ਗੁਰੂ ਜੀ ਦੀ ਇਸ ਸਦ ਭਾਵਨਾ ਤੋਂ ਪ੍ਰਭਾਵਿਤ ਹੋ ਕੇ ਮਾਤਾ ਜੀ ਨੇ ਵੀ ਛੇਵੇਂ ਸਤਵੇਂ ਅਠਵੇਂ ਗੁਰੂ ਜੀ ਦੇ ਬੈਠਣ ਦਾ ਤਖਤ, ਸਸਤ੍ਰ, ਬਸਤ੍ਰ, ਜਿਗਾ **ਕਲਗੀ**, ਲੰਗਰ ਦੇ ਬਰਤਨ,—

—ਤੰਬੂ, ਦਰੀਆਂ ਫਰਸ਼, ਗਲੀਚੇ, ਸਾਇਵਾਨ, (ਮੱਸਨਦ) ਗੱਦੀ, ਚੌਰ, ਮੁੱਠਾ, ਆਦਿਕ ਗੁਰਿਆਈ ਦਾ ਸਭ ਸਮਾਨ...... ਨੌਵੇਂ ਪਾਤਸ਼ਾਹ ਜੀ ਨੂੰ ਸੌਂਪ ਦਿਤਾ। ਤੇ ਬੜੇ ਅਨੰਦ ਨਾਲ ਮਿਲਕੇ ਰਹਿਣ ਲਗੇ।...

ਨੌਵੇਂ ਗੁਰੂ ਜੀ ਦਾ ਬਹੁਤ ਸਤੋਗੁਣੀ ਤੇ ਉਦਾਰ ਸੁਭਾਵ ਵੇਖ ਕੇ ਸੰਗਤਾਂ ਖੁਸ਼ੀ ਹੋ ਹੋ ਸੇਵਾ ਕਰਨ ਲਗੀਆਂ।

ਇਸ ਕਰਕੇ ਬਿਅੰਤ ਦੌਲਤ ਚਲੀ ਆਵੇ, ਹਰ ਵੇਲੇ ਮੇਲੇ ਦਾ ਰੰਗ ਢੰਗ ਬਣਿਆ ਰਹੇ।

ਭਾਂਵੇਂ ਗੁਰੂ ਸਾਹਿਬ ਜੀ ਨੇ ਵਿਹਾਰ ਮਾਤਾ ਕ੍ਰਿਸ਼ਨ ਕੌਰ ਜੀ ਦੇ ਹਥ ਦੇ ਰਖੇ ਸੇ, ਤੇ ਸੂਰਜ ਮਲ ਜੀ ਨੂੰ ਭੀ ਵਡਾ ਭਾਈ ਸਮਝ ਕੇ ਬਹੁਤ ਧਨ ਪਦਾਰਥ ਦਿੰਦੇ ਰਹਿੰਦੇ ਸੇ। ਤਾਂ ਭੀ...... ਸੂਰਜਮਲ, ਧੀਰਮਲ, ਰਾਮਰਾਇ, ਆਦਿ ਸੋਢੀ ਗੁਰੂ ਜੀ ਨੂੰ (ਅਪਨਾ) ਸਰੀਕ ਹੀ ਸਮਝਦੇ ਸਨ। ਅਤੇ ਇਨਾਂ ਦੀ ਮਾਨ ਵਡਿਆਈ ਮੰਨਤ ਹੁੰਦੀ ਨੂੰ ਦੇਖ ਦੇਖ ਸੜਨ ਲਗ ਪਏ। (ਸਗੋਂ) ਇਨਾਂ ਦੀ ਸੁਖਾਵਤ ਨੇ ਮਾਤਾ ਕ੍ਰਿਸ਼ਨ ਕੌਰ ਨੂੰ ਭੀ ਚਮਕਾ ਦਿਤਾ, ਫੇਰ ਤਾਂ ਦੂਤਾਂ ਨੇ ਓਸਦੇ ਅਰ ਗੁਰੂ ਜੀ ਦੇ ਵਿਚਕਾਰ ਫਿਕ ਪਾਵਨ ਲਈ ਅਜਿਹੇ ਚੂਹੇ ਛਡੇ ਤੇ ਚਾਲਾਂ ਕੀਤੀਆਂ, ਜੋ ਆਪ ਵਿਚ ਦੀ ਅੱਠੀ ਖੰਡ ਕਰ ਦਿਤਾ।... ...

ਪਹਿਲਾਂ ਤਾ ਸ਼ਰੀਕਾਂ ਨੇ ਮਾਤਾ ਕ੍ਰਿਸ਼ਨ ਕੌਰ ਨੂੰ ਸਿਖਾਂ ਤੇ ਮਾਤਾ ਨਾਨਕੀ ਜੀ ਨਾਲ ਲੜਾਇ ਦਿਤਾ ਫਿਰ ਜਦ ਆਪ ਭੀ ਹਰ ਵੇਲੇ ਆਨੇ ਬਹਾਨੇ ਤਰਕਾ ਤਰਕੀ ਕਰਨ ਲਗੇ......... ਤਦ ਗੁਰੂ ਜੀ ਨੇ ਸੰਗਤ ਦੀ ਸਲਾਹ ਨਾਲ ਇਸ ਹਮੇਸ਼ ਦੇ ਕਲੇਸ ਨੂੰ ਅਪਨੇ ਅਨੰਦ ਵਿਚ ਵਿਘਨ ਕਾਰੀ ਦੇਖ ਰਾਜੇ ਦੀਪ ਚੰਦ ਕਹਲੂਰ ਤੋਂ 'ਮਾਖੋ, ਪਿੰਡ...... ਜੋ ਉਜੜਿਆ ਪਿਆ ਸੀ, ਜ਼ਰ ਖਰੀਦ ਕਰਕੇ ੨੯ ਅਸੂ ਸੰ.੧੭੨੧ ਨੂੰ ਅਨੰਦ ਪੁਰ ਨਾਮ ਦਾ ਨਗਰ ਵਸਾ ਲੀਤਾ।

ਤਵਾਰੀਖ ਖਾਲਸ ਪੰਨਾ ੬੫੩

ਸੂਰਜ ਪ੍ਰਕਾਸ਼ ਤੇ ਤਵਾਰੀਖ ਗੁਰੂ ਖਾਲਸਾ ਦੀਆਂ ਲਿਖਤਾਂ ਅਨੁਸਾਰ ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਸ੍ਰੀ ਅਨੰਦ ਪੁਰ ਨਗਰ ਵਸਾਉਣ ਲਗੇ ਤਾਂ ਪਹਿਲਾਂ ਮਾਖਾ ਦੈਂਤ ਬੜਾ ਭਿਆਨਕ ਰੂਪ ਧਾਰ ਕੇ ਗੁਰੂ ਜੀ ਪਾਸ ਆਇਆ ਤੇ ਇਸ ਥਾਂ ਉਤੇ ਉਸ ਨੇ ੭੦੦ ਸਾਲ ਦਾ ਪੁਰਾਨਾ ਕਬਜ਼ਾ ਦਸਕੇ ਗੁਰੂ ਜੀ ਨੂੰ ਕਿਸੇ ਹੋਰ ਥਾਂ ਜਾ ਕੇ ਨਗਰ ਵਸੌਣ ਦੀ ਬੇਨਤੀ ਕੀਤੀ। ਪਰ ਗੁਰੂ ਜੀ ਨੇ ਉਸ ਨੂੰ ਏਥੋਂ ਦੂਰ ਕਿਸੇ ਹੋਰ ਥਾਂ ਜਾ ਕੇ ਆਪਣਾ ਡੇਰਾ ਜਮਾਉਣ ਲਈ ਮਜਬੂਰ ਕਰਕੇ ਏਥੋਂ ਕਢ ਦਿਤਾ।

ਸ੍ਰੀ ਅਨੰਦ ਪੁਰ ਨਿਵਾਸ ਤੇ ਬਾਬੇ ਧੀਰ ਮਲ ਵਲੋਂ ਈਰਖਾ ਦਾ ਪ੍ਰਗਟਾਵਾ

ਕਰਤਾ ਸੂਰਜ ਪ੍ਰਕਾਸ਼ ਦੇ ਲਿਖਨ ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਸ੍ਰੀ ਅਨੰਦ ਪੁਰ ਵਿਚ ਸੁੰਦਰ ਮੰਦਰ ਬਣਵਾ ਕੇ ਰਹਿਣ ਲਗੇ ਅਤੇ ਅਨੇਕ ਦਰਸ਼ਨਕ ਏਥ ਆਣ ਕੇ ਗੁਰੂ ਦ੍ਰਸ਼ਨ ਤਾਂ ਪ੍ਰਭਾਵਿਤ ਹੋਣ ਲਗੇ ਤੇ ਅਨਗਿਨਤ ਭੇਟਾ ਪੂਜਾ ਆਉਣ ਲਗੀ ਤਾਂ

'ਜੋ ਸਰੀਕ ਸੋਢੀ ਕੁਲ ਅਹੇ।
ਸੁਣ ਸੁਜਸ ਸਹਤ ਬਿਸਮ ਉਰ ਰਹੇ।
ਬਡ ਐਸ੍ਰਜ ਬਦਯੋ ਤਤਕਾਲਾ।
ਦੇਖਾ ਦੇਖੀ ਮਾਨਵ ਜਾਲਾ॥
ਹਮ ਕੋ ਤਜ ਕਰ ਤਿਸ ਢਿਗ ਗਏ।
ਲਿਕ ਲਖਣ ਨੇ ਅਸ ਬਿਧ ਕਿਏ॥
ਅਜਹੁ ਨ ਕੁਛ ਬਿਚਾਰ ਉਰ ਆਯੋ।

ਧੀਰ ਮਲ ਘਰ ਗ੍ਰੰਥ ਪਹੁੰਚਾਯੋ ॥ ੧੫ ।

ਅਰਥਾਤ – ਜਦੋਂ ਸ੍ਰੀ ਗੁਰੂ ਜੀ ਦੀ ਸੋਭਾ ਅਨੰਦ ਪੁਰ ਤੋਂ ਪ੍ਰਕਾਸ਼ਤ ਹੁੰਦੀ ਕੀਰਤ ਪੁਰ ਵਾਲੇ ਅਥਵਾ ਬਕਾਲੇ ਤੇ ਕਰਤਾਰ ਪੁਰ ਦੇ ਸੋਢੀਆਂ ਨੇ ਸੁਣੀ ਤਾਂ ਉਹ ਗੁਰੂ ਜੀ ਦੇ ਸਰਧਾਲੂ ਸਿਖਾਂ ਉਤੇ ਤਕ ਕਰਦੇ ਹਨ - ਕਿ ਇਨਾਂ ਅਨਜਾਣ ਲੋਕਾਂ ਨੂੰ ਪਤਾ ਨਹੀ ਲਗਦਾ ਕਿ ਇਸ ਨੂੰ (ਸ੍ਰੀ ਗੁਰੂ ਜੀ) ਤਾਂ ਨਲਾਇਕ ਜਾਣਕੇ ਛਵੇਂ ਗੁਰੂ ਜੀ ਨੇ ਤਿਆਗ ਦਿਤਾ ਹੋਇਆ ਸੀ, ਫਰ ਸਾਨੂੰ ਛਡਕੇ ਇਕ ਮਖਣ ਸ਼ਾਹ ਦੇ ਆਖੇ ਲਗਕੇ ਇਸਦ ਵਲ ਭਜੇ ਜਾਂਦੇ ਹਨ ? ਹਾਲਾਂ ਕਿ ਇਸਨੇ ਸ੍ਰੀ ਗ੍ਰੰਥ ਵੀ ਧੀਰ ਮਲ ਦੇ ਘਰ ਪਹੁੰਚਾ ਦਿਤਾ ਹੈ; ਭਾਵ ਇਸ ਕੋਲ ਗੁਰਤਾ ਵਾਲੀ ਵੀ ਕੋਈ ਚੀਜ ਨਹੀ ? ਪਰ ਫਿਰ ਵੀ ਇਹ ਲੋਕ ਅਪਨੇ ਦਿਲਾਂ ਵਿੱਚ ਕੁਝ ਨਹੀਂ ਸੋਚਦੇ ?

ਇਸ ਤਰਾਂ ਬਾਬੇ ਧੀਰ ਮਲ ਦੀ ਵਿਰੋਧਤਾ ਦਾ ਵਰਨਨ ਗ੍ਰੰਥ ਕਰਤਾ ਇਸਤਰਾਂ ਕਰਦਾ ਹੈ :–

"ਜਯੋਂ ਜਯੋਂ ਧੀਰ ਮਲ ਜਸ ਸਨੈ ।
ਸੰਗਤ ਜਾਤ ਦੇਖ ਸਿਰ ਧੁਨੈ ।
ਮਹਿਮਾ ਮਨ ਮਾਹਿ ਮਾਨਹਿ ਨੀਕੀ।
ਹੁਇ ਲੋਭ ਹਮ ਹੈ ਮਤ ਫੀਕੀ ॥ ੧੯।
ਏਕ ਬਾਰ ਐਸੇ ਬਨ ਗਯੋ ।
ਨਗਰ ਬਸਾਵਨ ਸਮਰਥ ਭਯੋ ॥.........
ਮੋਤੇ ਜਰ ਨ ਜਾਈ ਬਡਾਈ ।
ਕਹੁ ਸਹਾਂ ਕਯਾ ਕਰਹਿ ਉਪਾਈ ॥ ੨੨।
ਇਸ ਕੀ ਜਿਮ ਮਨਤ ਹਟ ਜਾਇ।
ਚਹੁ ਦਿਸ ਤੇ ਧਨ ਭਾ ਸਮਦਾਇ ॥
ਧੀਰਮਲ ਤੇ ਸੁਨ ਕਰ ਬੈਨ।
ਦੁਸਟ ਮਸੰਦ ਕਰੂਰ ਕਰ ਨੈਨ।
ਕਹਯੋ ਕਿ ਮੈ ਸਭ ਕਰਨੇ ਹਾਰਾ।
ਜਾਨੋ ਜਤਨ ਅਨੇਕ ਪ੍ਰਕਾਰਾ । ੨੬
ਅਬ ਇਮ ਜਤਨ ਬਨਾਵਨ ਕਰੋ ।
ਰਾਮਰਾਇ ਸੰਗ ਪ੍ਰੀਤੀ ਧਰੋ ।........
ਆਲਮ ਗੀਰ ਰਹਿ ਮਹਿ ਜਾਹੀ।
ਸਾਦਰ ਨਿਤ ਸਮੀਪ ਚਲ ਜਾਹੀ।
ਸਾਹੁ ਸੰਗ ਸੋ ਬਾਤ ਚਲਾਵੇ।
ਅਜਮਤ ਹਿਤ ਨਿਤ ਨਿਕਟ ਬੁਲਾਵੈ। ੨੯।।

ਅਰਥਾਤ:– ਧੀਰਮਲ ਦੀਆਂ ਗਲਾਂ ਸੁਣਕੇ ਸੀਹੇਂ ਮਸੰਦ ਨੇ ਸਲਾਹ ਦਿਤੀ ਕਿ ਇਸਦੇ (ਗੁਰੂ ਜੀ ਦੇ) ਖਤਮ ਕਰਨ ਵਾਸਤੇ ਮੇਰੀ ਗਲ ਮੰਨ ਕੇ ਬਾਬੇ ਰਾਮ-ਰਾਇ ਨਾਲ ਪ੍ਰੀਤੀ ਕਰ। ਉਹ ਰੋਜ ਔਰੰਗ ਜ਼ੇਬ ਪਾਸ ਅੰਦਰ ਸਾਹਿਤ ਜਾਇਆ ਕਰਦੇ ਹਨ, ਉਹ ਬਾਦਸ਼ਾਹ ਨੂੰ ਆਖਕੇ ਇਸਨੂੰ ਵੀ ਦਿਲੀ ਮੰਗਵਾ ਲੈਣਗੇ ਤੇ ਕਰਾਮਾਤ ਵੇਖਣੀ ਮੰਗਨਗੇ। ਇਸ ਵਿਚ ਕਰਾਮਾਤ ਅਵਲ ਤਾਂ ਹੈ ਨਹੀ? ਜੇਕੋਈ ਹੈ ਤਾਂ ਇਸਨੇ (ਸ੍ਰੀ ਗੁਰੂ ਹਰ ਕ੍ਰਿਸ਼ਨ ਜੀ ਦੇ ਵਾਂਗ) ਵਿਖਾਲਣੀ ਨਹੀ। ਇਸ ਗਲ ਤੋ ਨਰਾਜ਼ ਹੋਕੇ ਬਾਦਸ਼ਾਹ ਆਪੇ ਹੀ ਇਸਨੂੰ ਮਰਵਾ ਦੇਵੇਗਾ। ਜਿਹਾ ਕਿ:–

ਜੇਕਰ ਕਰਾਮਾਤ ਨਾ ਹੋਇ।
ਕੈ ਹਠ ਕਰਿ ਦਿਖਾਇ ਨ ਸੋਇ।
ਮਹਾਂ ਕਰੂਰ ਮਤਿ ਅਵਿਰੰਗ ਸਾਹੂ।
ਪਕਰ ਦੇਹਿ ਕੈਦ ਮਹਿ ਪਾਹੂ। ੩੨।
ਕੈ ਕਰ ਕ੍ਰੋਧ ਕੁਮਤਿ ਤਤਕਾਲਾ।
ਧਰਤੇ ਸੀਸ ਕਰਾਇ ਨਿਰਾਲਾ।
ਜਬ ਦੋਨਹੁ ਮੈ ਇਕ ਬਨ ਜਾਇ।
ਹੋਇ ਕੈਦ ਕੇ ਪ੍ਰਾਨ ਬਿਲਾਇ। ੩੩।
ਤਬ ਤੁਮਹੀ ਹੋਹੁ ਗੁਰੂ ਜਗ ਮਾਹੀ।
ਸਭ ਸਿਖ ਆਇ ਆਪ ਕੋ ਪਾਹੀ।......
ਸੁਨਤ ਧੀਰਮਲ ਅਨੰਦ ਉਮਾਹਾ।
ਸਾਧ ਸਾਧ ਸੈ ਦੁਸਟ ਸਰਾਹਾ। ੩੫।
ਹੋਨ ਹਾਰ ਹੈ ਬਾਤ ਬਖਾਨੀ।
ਤਾਹੋ ਪਹਚੈ ਹੁਇ ਨਿਸਚੈ ਹਾਨੀ।
ਮੈਂ ਤ ਸੈਕਰੇ ਤਿਹ ਮਰਵਾਏ।
ਕਿਮਹੂੰ ਕਿਸ ਤੇ ਤ੍ਰਾਸ ਨ ਪਾਏ। ੩੯।
ਰਾਸ ੧੧ –ਅੰਸੂ– ੩੧

ਇਸ ਪ੍ਰਕਾਰ ਸਾਰਾ ਮਸ਼ਵਰਾ ਕਰਕੇ ਬਾਬਾ ਧੀਰਮਲ ਜੀ ਨੇ ਬਾਬਾ ਰਾਮਰਾਇ ਜੀ ਨੂੰ ਪਤ੍ਰਕਾ ਲਿਖੀ, ਜਿਹਾ ਕਿ:–

ਦੋਹਰਾ—ਧੀਰਮਲ ਪਾਤੀ ਲਿਖੀ ਕਰੀ ਤਾਰੀਫ ਦਾਰ। ਸਭ ਉਪਮਾ ਕੇ ਉਚਤ ਹੋ ਸੁਨ ਸੁਤ ਰਾਖੁਰਦਾਰ ੧।

ਤੋ ਸਮ ਅਪਰ ਨਹੀ ਜਗ ਕੋਈ।
ਇਤੀ ਸਕਤਿ ਕਿਤ ਪਈਯਤ ਸੋਈ।
ਤੁਵ ਪਿਤ ਜੈਸੇ ਅਨਜ ਹਮਾਰਾ।
ਤਿਮਹੀ ਸਮ ਤੋਕਹੁ ਨਿਰਧਾਰਾ। ੩।
ਗੁਰਤਾ ਵਸਤ ਹਮਾਰੀ ਤੁਮਾਰੀ।
ਸਭ ਕਾਰਨ ਤੇ ਲਖ ਅਧਿਕਾਰੀ।
ਤੇਗ ਬਹਾਦਰ ਦੂਰ ਬਡੇਰੀ!।
ਕਿਮ ਗੁਰ ਥਾਨ ਬੈਠਯੋ ਇਸ ਬੇਰੀ।੪...
ਸ਼ਾਹਨਿਕਟ ਬੁਲਾਵਨ ਠਾਨੋ।
ਜਯੋਂ ਤਯੋਂ ਕਰ ਸਤਰੂ ਤਹ ਹਾਨੋ।
ਕਰੇ ਜਤਨ ਮੈ ਸਰਯੋ ਨ ਕੋਈ।
ਬਚਯੋ ਸੰਘਾਰਨ ਸਭ ਤੇ ਸੋਈ। ੬

ਅਰਥਾਤ-- ਇਸ ਤਰਾਂ ਦੀ ਚਿਠੀ ਲਿਖ ਕੇ ਤੇ ਨਾਲ ਇਕ ਬਹੁਮੁਲੀ ਪੁਸ਼ਾਕ ਇਕ ਮਸੰਦ ਨੂੰ ਦੇ ਕੇ ਬਾਬੇ ਧੀਰਮਲ ਨੇ ਬਾਬੇ ਰਾਮਰਾਇ ਵਲ ਤੋਰਿਆ ਬਾਬੇ ਰਾਮਰਾਇ ਨੇ ਚਿਠੀ ਪੜ੍ਹਕੇ:--

ਪਾਤੀ ਕੋ ਉਤਰ ਲਿਖ ਦੀਨੋ।
ਤਮ ਹੋ ਬਡੇ ਸਕਲ ਬਿਧ ਚੀਨੋ।
ਜਿਤਕ ਉਪਾਇ ਮੋਹਿ ਤੇ ਬਨੇ।
ਕਰੋਂ ਸੁ ਮੈ ਜਿਮ ਚਿੰਤਾ ਹਨੈ।੧੪

ਆਖਿਰ ਕਾਰ ਇਕ ਦਿਨ ਸਮਾ ਵਿਚਾਰ ਕੇ ਬਾਬਾ ਰਾਮਰਾਇ ਜੀ ਨੇ :—

ਇਕ ਦਿਨ ਤੁਰਕੇਸ਼ਰ ਕੇ ਤੀਰ।
ਬੈਠਯੋ ਰਾਮਰਾਇ ਨਰ ਭੀਰ
ਕਹਯੋ ਪ੍ਰਸੰਗ ਗੁਰਨ ਕੋ ਤੌਨ।
ਅਬ ਬੈਠਯੋ ਗਾਦੀ ਪਰ ਕੌਨ। ੧੯।
ਰਾਮਰਾਇ ਸਭ ਬਾਤ ਸੁਨਾਈ।
ਸ੍ਰੀ ਹਰਿ ਕ੍ਰਿਸ਼ਨ ਕਹੀ ਗੁਰਆਈ।
ਹੁਤੋ ਹਮਾਰੀ ਕੁਲਮਹਿ ਏਕ।
ਜਿਸ ਕੈ ਨਹਿ ਬਿਵਹਾਰ ਬਿਬੇਕ। ੨੦।
ਸੋ ਗਾਦੀ ਪਰ ਹੋ ਬਿਦਤਾਯੋ।
ਪੁਨਯੋ ਸੁ ਮੈਂ ਨਿਜ ਨਗਰ ਬਸਾਯੋ।
ਅਜਮਤ ਸਹਿਤ ਲੋਕ ਤਿਸ ਕਹੈ।
ਅਰ ਪਹਿ ਦਰਬ ਕਾਮਨਾ ਲਹੈ। ੨੧।
ਪ੍ਰਗਯੋ ਗੁਰੂ ਤਬਹਿ ਲਖ ਲੇਹਿ।
ਢਿਗ ਰਾਵਰ ਕੇ ਅਜਮਤਿ ਦੇਹਿ।...........

ਅਰਥਾਤ ਬਾਬਾ ਰਾਮਰਾਇ ਜੀ ਨੇ ਮਤਸਰ ਦੇ ਵਸ ਹੋ ਕੇ ਜਦ ਬਾਦਸ਼ਾਹ ਨੂੰ ਸ੍ਰੀ ਗੁਰੂ ਜੀ ਨੂੰ ਦਿਲੀ ਮੰਗਵਾਉਣ ਬਾਬਤ ਸ਼ਿਕਾਇਤ ਦੇ ਰੂਪ ਵਿਚ ਆਖਿਆ ਤਾਂ ਗ੍ਰੰਥ ਕਰਤਾ ਦੇ ਲਿਖਨ ਅਨੁਸਾਰ ਬਾਦਸ਼ਾਹ ਨੇ ਇਸਤਰਾਂ ਕਹਿਕੇ ਗੁਰੂ ਜੀ ਨੂੰ ਦਿਲੀ ਮੰਗਵਾਉਣ ਤੋਂ ਇਨਕਾਰ ਕਰ ਦਿਤਾ। ਜਿਹਾ ਕਿ :—

ਸੁਨ ਇਮ ਸਾਹੁ ਗਿਰਾ ਤਬ ਕਹੀ।
ਤੋ ਮਹਿ ਅਜਮਤ ਹੈ ਬਹੁ ਲਹੀ।
ਨਹਿ ਏਤਕ ਕਿਸ ਅਪਰ ਮਝਾਰੀ।
ਕਹਾਂ ਕਰਹਿ ਤਿਸ ਨਿਕਟ ਹਕਾਰੀ। ੨੩
ਤੁਮ ਭੀ ਗੁਰ ਘਰ ਕੇ ਸੁਤਪੋਤੇ।
ਅਪਰ ਅਲਪ ਜਾਨੋ ਸਭ ਤੋ—ਤੇ।

ਜਦ ਬਾਦਸ਼ਾਹ ਨੇ ਇਸ ਗਲ ਤੋ ਇਨਕਾਰ ਕਰ ਦਿਤਾ ਤਾਂ ਬਾਬਾ ਰਾਮਰਾਇ ਜੀ ਚੁਪ ਕਰ ਰਹੇ। ਤੇ ਇਹ ਸਾਰੀ ਗਲ ਬਾਤ ਤੇ ਸਗੋਂ ਸ੍ਰੀ ਗੁਰੂ ਹਰ ਕ੍ਰਿਸ਼ਨ ਵਾਲਾ ਸਾਰਾ ਪ੍ਰਸੰਗ ਦਿਲੀ ਦੀ ਸੰਗਤ ਸਮੇਤ ਸ੍ਰੀ ਗੁਰਬਖਸ਼ ਮਸੰਦ ਨੇ ਸ੍ਰੀ ਅਨੰਦ ਪੁਰ ਸਾਹਿਬ, ਆ ਕੇ ਗੁਰੂ ਸਾਹਿਬ ਨੂੰ ਸੁਨਾਇਆ

ਸ੍ਰੀ ਅਨੰਦ ਪੁਰ ਤੋਂ ਤੀਰਥ ਯਾਤ੍ਰਾ—

ਤਵਾਰੀਖ ਖਾਲਸਾ ਦੇ ਲਿਖਣ ਅਨੁਸਾਰ:—

ਹੁਣ ਗੁਰੂ ਤੇਗ ਬਹਾਦਰ ਜੀ ਦੇ ਨਗਰ ਦੀ ਵਸੋਂ ਤੇ ਲੰਗਰ ਦੀ ਰੌਣਕ ਸੰਗਤ ਦੀ ਬ੍ਰਿਧੀ ਦਿਨੋ ਦਿਨ ਸਰਸ ਹੁੰਦੀ ਵੇਖਕੇ ਸ਼ਰੀਕ ਭਾਈ ਸੋਢੀਆਂ ਨੂੰ ਮਤਸਰ ਦਾ ਸੂਲ ਵਧੇਰੇ ਦੁਖ ਦੇਣ ਲਗਾ।......

ਇਸਦੀ ਨਵਿਰਤੀ ਵਾਸਤੇ ਪਹਿਲਾਂ ਤਾਂ ਰਾਮ ਰਾਇਨੂੰ ਦਿਲ ਉਂ ਬੁਲਵਾਯਾ, ਧੀਰਮਲ ਵੇਘਰ ਸਾਰੇ ਇਕਠੇ ਹੋਏ ਤੇ ਉਸਨੂੰ ਆਖਿਅ ਅਜ ਤੂੰ ਵੀ ਸਾਡੀ ਕੁਲ ਵਿਚ ਅਜਮਤ ਦਾ ਸੂਰਜ ਹੈ ਜਿਸਨੇ ਬਹੁੱਤ ਕਰਾਮਾਤਾ ਦਿਖਾ ਕੇ ਔਰੰਗਜੇਬ ਨੂੰ ਕਚਹਿਰੀ ਸਮੇਤ ਅਪਨੇ ਵਸ ਕਰ ਰਖਿਆ ਹੈ। ਐਡਾ ਸਮ-ਰਥ ਹੋਕੇ ਫੇਰ ਤੂੰ ਆਪਣਾਹਕ ਗੁਰਗਦੀਦਾ ਕਿਉਂ ਨਹੀਂ ਸਾਂਭਦਾ? ਤੇਗ ਬਹਾਦਰ ਨੂੰ ਕਿਸੇ ਗੁਰੂ ਨੇ ਗੁਰ ਗਦੀ ਨਹੀਂ ਦਿਤੀ ਤੇ ਨਾਂ ਹੀ ਭਾਈਚਾਰੇ ਅਤੇ ਮਸੰਦਾਂ ਨੇ ਹੀ ਗੁਰੂ ਥਾਪਿਆ ਹੈ?

ਤਵਾਰੀਖ ਖਾਲਸਾ ਪੰਨਾ ੬੫੭

ਏਧਰ ਸੂਰਜ ਪ੍ਰਕਾਸ਼ ਦੇ ਲਿਖਣ ਅਨੁਸਾਰ:-

ਤੇਗ ਬਹਾਦਰ ਸਤਿਗੁਰੂ ਸਭ ਗਿਆਤਾਸੁਪ੍ਰਵੀਨ।
ਲਖੀ ਭਵਿਖਤ ਬਾਰਤਾ ਜਿਮ ਹੈ ਹੈ ਸੁ ਚੀਨ। ੧

ਲਖਯੋ ਸ਼ਰੀਕਾ ਸੋਢਿਨ ਕੇਰਾ।
ਪਿਖ ਸੰਕਟ ਕੋ ਪਾਇ ਘਨੇਰ।
ਅਨਕ ਉਪਾਵਨ ਕੋ ਨਿਤ ਠਾਨੈ।
ਦਰਬ ਲੋਭ ਜਿਨ ਰਿਦੈ ਹਾਨੇ।
ਤਾਂਤੇ ਗਮਨ ਕਰਨ ਅਬ ਆਛੇ।
ਪੂਰਹਿ ਕਾਮਨਾ ਜੋ ਸਿਖ ਬਾਂਛੇ।
ਇਤੁਕਾਰਨ ਕੋ ਜਾਨ ਗੁਸਾਈ।
ਕਹਿਨਿਜ ਲੋਕਨ ਸਕਲ ਜਨਾਈ।
ਸਭਬ ਭਾਂਤ ਤਯਾਰੀ ਕਰ ਲੀਜੈ।
ਦੇਸ ਬਿਦੇਸਨ ਬਿਚਰਨ ਕੀਜੈ।

ਅਰਥਾਤ—ਸ਼ਾਂਤੀ ਸਰੂਪਸਤਿਗੁਰੂ ਜੀ ਨੇ ਸੋਢੀਆਂ ਵਲੋਂ ਕੀਤੀ ਜਾਂਦੀ ਰੋਜ ਦੀ ਈਰਖਾ ਨੂੰ ਧਿਆਨ ਵਿਚ ਰਖਦਿਆਂ ਦੇਸ ਬਿਦੇਸ ਦਾ ਦੌਰਾ ਕਰਨ ਦਾ ਪ੍ਰੋਗ੍ਰਾਮ ਬਣਾ ਲਿਆ ਅਤੇ ਨਗਰ (ਸ੍ਰੀ ਅਨੰਦ-ਪੁਰ) ਨਿਵਾਸੀ ਲੋਕਾਂ ਨੂੰ ਸਦਕੇ ਆਖਿਆ।

ਕਿ—ਸਭਨੇ ਮਿਲਕੇ ਰਹਿਣਾ, ਨਾਮ ਜਪਣਾ, ਧਰਮਦੀ ਕਿਰਤਕਰਨੀ, ਵੰਡਕੇਛਕਣਾ। ਇਤ ਆਦਕ ਉਪਦੇਸ਼ ਦੇਕੇ ਮਾਲਵੇ ਦੇ ਅਨੇਕ ਨਗਰਾਂ ਵਿਚ ਗੁਰੂਮਤ ਦਾ ਉਪਦੇਸ਼ ਕਰਦੇ ਤੇ ਸੰਗਤਾਂ ਨੂੰ ਤਾਰਦੇ ਗੁਰੂ ਜੀ ਤੇਂਤਲ ਮਾਪੁਰੇ, ਕੈਥਲੋਂ ਚਲਕੇ ਗੁਰੂ ਜੀ ਬਾਰਨੇ ਆਏ ਏਥੇ ਇਕ ਜਾਟ ਸਿਖ ਦੇ ਖੇਤ ਦੀ ਕੱਛ (ਮਿਣਤੀ) ਹੋਣੀ ਸੀ, ਗੁਰੂ ਜੀ ਅਗੇ ਉਸਨੇ ਬੇਨਤੀ ਕੀਤੀ, ਕਿ ਮੇਰਾ ਖੇਤ ਵਧ ਨਾ ਨਿਕਲੇ ਗੁਰੂ ਜੀ ਨੇ ਉਸਨੂੰ ਹਜ਼ੂਰੀ ਵਿਚ ਹੀ ਰਖਿਆ, ਤੇ ਖੇਤ ਵਲ ਨਾ ਜਾਣ ਦਿਤਾ ਭਾਂਵੇ ਸ਼ਰੀਕਾਂ ਨੇ ਉਸ ਸਿਖ ਦੇ ਖੇਤ ਦੁਆਲੇ ਕਈ ਵਾਰੀ ਜਿਉੜੀ ਫੇਰੀ, ਪਰ ਉਸ ਖੇਤ ਵਿਚੋਂ ਕਿਸੇ ਦਾ ਕੋਈ ਰਕਬਾ ਵੀ ਨਾ ਨਿਕਲਿਆ। ਇਸਤਰਾਂ ਜਾਟ ਸਿਖ ਦੀ ਸਹੈਤਾ ਕਰਕੇ ਗੁਰੂ ਜੀ ਨੇ ਉਸ ਸਿਖ ਨੂੰ ਧੂਮ੍ਰਪਾਨ ਤੇ ਆਦਿਕ ਵਿਕਾਰਾਂ ਤੋਂ ਹਟਾਇਆ ਤੇ ਹੁਕਮ ਕੀਤਾ ਕਿ ਧੂਮ੍ਰਪਾਨ ਕਰਨ ਵਾਲੇ ਬ੍ਰਾਹਮਨਾ ਨੂੰ ਵੀ ਦਾਨ ਨਹੀਂ ਦੇਣਾ ਅਤੇ ਨਾ ਹੀ ਧੂਮ੍ਰਪਾਨ ਕਰਨ ਵਾਲੇ ਦੇ ਹਥੋਂ ਜਲ ਪਾਣੀ ਹੀ ਵਰਤਨਾ। ਆਦਿਕ

ਬਾਰਨੇ ਤੋਂ ਗੁਰੂ ਜੀ ਥਾਨੇਸਰ ਸੂਰਜ ਗਹਿਣ ਸਮੇ ਆਏ ਤੇ ਕੀਰਤਨ ਕਥਾ ਸੁਣਾਕੇ ਯਾਤ੍ਰੀਆਂ ਨੂੰ ਉਪਦੇਸ਼ ਦੇਕੇ ਬਨੀ ਬਦਰ ਅਸਥਾਨ ਤੇ ਜਾ ਡੇਰਾ ਲਾਇਆ, ਉਸ ਥਾਂ ਦੀ ਪੂਜਾ ਨਾਲ ਗੁਰੂ ਜੀ ਨੇ ਓਥੇ ਖੂਹ ਤੇ ਧਰਮਸਾਲਾ ਬਣੋਣ ਦਾ ਹੁਕਮ ਦਿਤਾ। ਤੇ ਇਕ ਬ੍ਰਿਛ ਅਪਨੇ ਹਥਾਂ ਨਾਲ ਓਥੇ ਲਾ ਦਿਤਾ। ਏਥੋਂ ਮਾਣਕ ਪੁਰੇ ਸਾਧੂ ਮਲੂਕ ਦਾਸ ਦੇ ਸ਼ੰਕੇ ਦੀ ਨਵਿਰਤੀ ਕਰਕੇ ਗੁਰੂ ਜੀ ਤੀਰਥਾਂ ਦੇ ਰਸਤੇ ਪ੍ਰਯਾਗ ਆਦਿਕ ਅਸਥਾਨਾਂ ਤੋਂ ਹੁੰਦੇ ਹੋਏ ਅਤੇ ਅਨੇਕਾਂ ਕੌਤਕ ਕਰਦੇ ਹੋਏ ਪਟਨੇ ਆ ਨਿਵਾਸ ਕੀਤਾ।

ਜਿਸਦੀ ਬਾਬਤ ਸ੍ਰੀ ਦਸ਼ਮੇਸ਼ ਜੀ ਨੇ ਵੀ ਵਰਨਨ ਕੀਤਾ ਹੋਇਆ ਹੈ, ਕਿ:-

ਮੁਰ ਪਿਤ ਪੂਰਬ ਕੀਆਸ ਪਿਆਨਾ।
ਭਾਂਤ ਭਾਂਤ ਕੇ ਤੀਰਥ ਨ੍ਹਾਨਾ।
ਜਬਹੀ ਜਾਤ ਤ੍ਰਿਬੇਣੀ ਭਏ।
ਪੰਨ ਦਾਨ ਦਿਨ ਕਰਤ ਬਿਤਏ।
ਤਹੀ ਪ੍ਰਕਾਸ਼ ਹਮਾਰਾ ਭਯੋ।
ਪਟਨੇ ਸ਼ਹਿਰ ਵਿਖੈ ਭਵ ਲਯੋ।

ਸ੍ਰੀ ਦਸ਼ਮੇਸ਼ ਜੀ ਦੇ ਕਥਨ ਅਨੁਸਾਰ ਜਦ ਗੁਰੂ ਜੀ ਪਟਨੇ ਆਏ ਤਾਂ ਏਥੇ ਸਾਰੇ ਪ੍ਰਵਾਰ ਨੂੰ ਮਾਮੇ

ਕ੍ਰਿਪਾਲ ਚੰਦ ਸਮੇਤ ਛਡਕੇ ਜੋਧ ਪੁਰੀਏ ਰਾਜੇ ਬਿਸ਼ਨ ਸਿੰਘ ਦੀ ਅਰਜ ਪ੍ਰਵਾਨ ਕਰਕੇ ਉਸਦੀ ਸਹੈਤਾ ਕਰਨ ਤੇ ਸੰਗਤਾਂ ਦੇ ਉਧਾਰ ਵਾਸਤੇ, ਕਾਮਰੂ ਦੇਸ਼ ਵਲ ਨੂੰ ਚਲ ਪਏ।

ਜਿਥੇ ਰਸਤੇ ਵਿਚ ਉਸ ਦੇਸ਼ ਦੇ ਅਨ-ਗਿਣਤ ਸਿਖਾਂ ਸੇਵਕਾਂ ਨੂੰ ਗੁਰਮਤ ਦਾ ਉਪਦੇਸ਼ ਦਿਤਾ, ਓਥੇ ਗੁਰੂ ਜੀ ਨੇ ਰਾਜੇ ਬਿਸ਼ਨ ਸਿੰਘ ਤੇ ਆਸਾਮ ਪਤ ਦੇ "ਰਾਜਾ ਰਾਮ" ਦਾ ਆਪਸ ਵਿਚ ਮੇਲ ਮਿਲਾਪ ਕਰਵਾਕੇ ਦੋਹਾਂ ਪਾਸਿਆਂ ਦੀਆਂ ਫੌਜਾਂ ਨੂੰ ਮਰਨ ਮਾਰਨ ਤੋਂ ਬਚਾਲਿਆ ਤੇ ਸਗੋਂ ਉਸ ਰਾਜੇ ਨੂੰ ਸੇਵਕ ਬਣਾਕੇ ਰਾਣੀ ਦੇ ਅਰਜ਼ ਕਰਨ ਤੇ ਉਸਨੂੰ ਪੁਤ੍ਰ ਦਾ ਵਰਦਾਨ ਦਿਤਾ, ਤੇ ਸਗੋਂ ਇਸ ਵਰਦਾਨ ਦੀ ਨਿਸ਼ਾਨੀ ਵਜੋਂ ਰਾਜਾ ਰਾਮ ਦੇ ਮਥੇ ਉਤੇ ਅਪਨੇ ਕਰ ਕਵਲਾਂ ਦੁਆਰਾ ਅਪਨੀ ਮੁੰਦਰੀ ਨਾਲ ਮੋਹਰ ਲਾਕੇ ਬਚਨ ਕੀਤਾ, ਰਾਜਨ। ਉਸ ਬਚੇ ਦੇ ਮਥੇ ਉਤੇ ਵੀ ਇਸ ਮੋਹਰ ਦਾ ਨਿਸ਼ਾਨ ਹੋਵੇਗਾ। (ਜੋ ਸਮਾ ਪਾਕੇ ਇਹ ਵਰਦਾਨ ਪੂਰਾ ਹੋਇਆ। ਏਥੇ ਨਿਵਾਸ ਸਮੇਂ ਹੀ ਪਟਨੇ ਸਾਹਿਬ ਤੋਂ ਸਾਹਿਬ ਜਾਦੇ (ਸ੍ਰੀ ਗੁਰੂ ਗੋਬਿੰਦ ਰਾਏ) ਦੇ ਪ੍ਰਗਟ ਹੋਣ ਦੀ ਖਬਰ ਪਾਹੁੰਚੀ। ਅਤੇ ਪਟਨੇ ਵਾਪਸ ਪਰਤਨ ਵਾਸਤੇ ਮਾਤਾ ਨਾਨਕੀ ਦਾ ਸੁਨੇਹਾ ਵੀ ਆ ਪਹੁੰਚਾ। ਪਰ ਬਣੇ ਹੋਏ ਪ੍ਰੋਗ੍ਰਾਮ ਅਨੁਸਾਰ ਗੁਰੂ ਜੀ ਉਸ ਦੇਸ਼ ਵਿਚ ਵਿਚ-ਰਦੇ ਵਿਚਰਦੇ ਤੇ ਸੰਗਤਾਂ ਦਾ ਉਧਾਰ ਕਰਦੇ ਕਰਦੇ ਮਘਰ ੧੭੨੪ ਨੂੰ ਵਾਪਸ ਪਟਨੇ ਪਹੁੰਚੇ (ਜਦੋਂ ਕਿ ਸਾਹਿਬ ਜਾਦੇ ਦਾ ਅਵਤਾਰ ਪੋਹ ਸੁਦੀ ਸਤਮੀ ੧੭੨੩ ਨੂੰ ਹੋਇਆ ਸੀ)

ਪਟਨੇ ਤੋਂ ਸ੍ਰੀ ਅਨੰਦ ਪੁਰ:—

ਪਟਨੇ ਤੋਂ ਸ੍ਰੀ ਅਨੰਦ ਪੁਰ ਪਹੁੰਚਨ ਦੇ ਸਬੰਧ ਵਿਚ ਜਿਥੇ ਸ੍ਰੀ ਦਸਮੇਸ਼ ਜੀ ਦੀ ਰਚਨਾ (ਬਚਿਤ੍ਰ ਨਾਟਕ) ਦੇ ਸੰਕੇਤ ਅਨੁਸਾਰ ਇਹ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਤਗ ਬਹਾਦਰ ਜੀ ਸਾਹਿਬ ਜਾਦੇ ਨੂੰ ਸਾਰੇ ਪ੍ਰਵਾਰ ਸਮੇਤ ਅਨੰਦ ਪੁਰ ਸਾਹਿਬ ਅਪਣੇ ਨਾਲ ਹੀ ਲੈ ਆਏ ਸਨ, ਅਤੇ ਏਥੇ ਲਿਆਕੇ ਹੀ ਗੁਰੂ ਜੀ ਨੇ ਸਾਹਿਬਜ਼ਾਦੇ ਨੂੰ ਯਥਾ ਯੋਗ ਸਿਖਿਆ ਪ੍ਰਦਾਨ ਕੀਤੀ। ਜਿਹਾ ਕਿ:—

"ਤਹ ਪ੍ਰਕਾਸ਼ ਹਮਾਰ ਭਯੋ।
ਪਟਨਾ ਸ਼ਹਿਰ ਬਿਖੈ ਭਵ ਲਯੋ।
ਮੱਦ੍ਰ ਦੇਸ ਹਮ ਕੋ ਲੈ ਆਏ।
ਭਾਂਤਿ ਭਾਂਤਿ ਦਈ ਅਨ ਦੁਲਰਾਏ।
ਕੀਨੀ ਅਨਿਕ ਭਾਂਤ ਤਨ ਰੱਛਾ।
ਦੀਨੀ ਭਾਂਤਿ ਭਾਤਿ ਕੀ ਸਿੱਛਾ।,,
ਬਚਿਤ੍ਰ ਨਾਟਕ ਧਿਆਇ ੭

ਓਥੇ ਕਰਤਾ ਸੂਰਜ ਪ੍ਰਕਾਸ਼ ਲਿਖਦਾ ਹੈ ਕਿ ਦੌਰੇ ਤੇ ਵਾਪਸ ਆਕੇ ਗੁਰੂ ਜੀ ਕੁਝ ਸਮਾ ਪਟਨੇ ਰਹੇ, ਤੇ ਏਥੇ ਹੀ ਗੁਰੂ ਜੀ ਨੇ ਸਾਹਿਬਜ਼ਾਦੇ ਨੂੰ ਜਗਤ ਮਰਯਾਦਾ ਅਨੁਸਾਰ ਧਰਮ ਤੇ ਨੀਤੀ ਦੀ ਸਿਖਿਆ ਦਿਤੀ।

ਅਰ ਕੁਝ ਸਮੇਂ ਤੋਂ ਬਾਦ ਸਾਰੇ ਪਰਵਾਰ ਨੂੰ ਪਟਨੇ ਛਡਕੇ ਕੇਵਲ ਆਪ ਹੀ ਅਨੰਦਪੁਰ ਔਣ ਦਾ ਪ੍ਰੋਗ੍ਰਾਮ ਬਣਾਇਆ। ਜਦ ਕਿ ਸ੍ਰੀ ਮਾਤਾ ਨਾਨਕੀ ਜੀ ਗੁਰੂ ਜੀ ਦੇ ਇਸ ਪ੍ਰੋਗ੍ਰਾਮ ਨਾਲ ਸਹਿਮਤ ਨਹੀ ਸਨ। ਜਿਹਾ ਕਿ:—

"ਪੁਰ ਕੀ ਸਾਰ ਸਮਾਲ ਹ ਜਾਇ,
ਇਮ ਸੁਨ ਮਾਤ ਦ੍ਰਿਗਨ ਜਲ ਜਾਇ।

ਅਰਥਾਤ— ਜਦ ਗੁਰੂ ਜੀ ਨੇ ਅਨੰਦਪੁਰ ਜਾਣ ਦਾ ਵਿਚਾਰ ਪ੍ਰਗਟ ਕਰਦਿਆਂ ਪਰਵਾਰ ਨੂੰ ਹਾਲਾ ਪਟਨੇ ਰਹਿਣ ਵਾਸਤੇ ਹੁਕਮ ਕੀਤਾ ਤਾਂ ਮਾਤਾ ਨਾਨਕੀ ਜੀ ਦੇ ਨੇਤ੍ਰਾਂ ਵਿਚੋਂ ਜਲ ਵਗ ਤੁਰਿਆ।

ਸਤਿ ਗੁਰੂ ਜੀ ਨੇ ਮਾਤਾ ਜੀ ਦੇ ਇੰਵ ਕਰਨ ਤੋਂ ਮਨਾਂਹ ਕਰਨ ਤੇ, ਫਿਰ ਗੁਰੂ ਜੀ ਨੇ ਬਚਨ ਕੀਤਾ। ਕਿ:—

"ਸੁਨ ਸਤਿਗੁਰ ਮ੍ਰਿਦ ਬਾਕ ਬਖਾਨੇ,
ਹਮ ਪੰਜਾਬ ਜਬ ਕਰਹਿ ਪਯਾਨੇ।
ਤਿਹ ਬਾਸਹਿ ਜਬ ਕੇਤਕ ਕਾਲ।
ਕਰਹਿ ਬੁਲਾਵਨ ਸੁਧ ਦਰ ਹਾਲ।
ਇਤਨੇ ਮਹਿ ਇਹ ਸਾਹਿਬ ਜਾਦਾ,
ਵਧਹਿ ਸਰੀਰ ਓਜ ਹੁਇ ਜਯਾਦਾ।

ਤਬ ਲੇ ਕਰ ਨਿਜ ਸੰਗ ਸੁਖਾਰੇ,
ਉਤ ਕੋ ਆਵਹੁ ਬਿਲਮ ਬਿਸਾਰੇ ।

ਅਰਥਾਤ – ਗੁਰੂ ਜੀ ਨੇ ਆਖਿਆ ਕਿ ਸਾਨੂੰ ਅਨੰਦ ਪੁਰ ਤੋਂ ਆਇਆਂ ਦੇਰ ਹੋ ਗਈ ਹੈ, ਅਤੇ ਓਥੋਂ ਦੇ ਵਾਤਾਵਰਨ ਦਾ ਕੁਝ ਪਤਾ ਨਹੀਂ, ਇਸ ਵਾਸਤੇ ਮੈਂ ਜਾਕੇ ਓਥੋਂ ਦੇ ਵਾਤਾਵਰਨ ਨੂੰ ਠੀਕ ਸਮਝਕੇ ਤੁਹਾਨੂੰ ਸੁਨੇਹਾ ਭੇਜਾਂਗਾ ਉਤਨੇ ਚਿਰ ਤਕ ਸਾਹਿਬ ਜਾਦਾ ਵੀ ਵਡਾ ਹੋ ਜਾਵੇਗਾ, ਫਿਰ ਤੁਸੀਂ ਆਰਾਮ ਨਾਲ ਆ ਸਕੋਗੇ। ਮੇਰਾ ਮਤਲਬ ਤੁਹਾਨੂੰ ਏਥੇ ਰਖਣ ਦਾ ਕੇਵਲ ਤੁਹਾਡੇ ਸੁਖ ਵਾਸਤੇ ਹੀ ਹੈ?

ਪਰ ਮਾਤਾ ਜੀ ਨੇ ਫਿਰ ਆਖਿਆ
ਕਹੈ ਮਾਤ ਉਤ ਅਧਿਕ ਬਖੇਰੇ।
ਅਲਪ ਬੈਸ ਮੈ ਤੁਮ ਜਬ ਹੇਰੇ ॥
ਅਨਿਕ ਭਾਂਤ ਉਤਪਾਤ ਬਿਸਾਲੇ।
ਸੋਢੀ ਕਰਹਿ ਸਰੀਕਾ ਨਾਲੇ ॥
ਗਮਨ ਕਰਹੁ ਨ,ਮਸਲਤ ਮੋਰੀ।
ਬਸਨ ਭਲੋ ਪੂਰਬ ਦਿਸ ਓਰੀ ॥

ਅਰਥਾਤ ਮਾਤਾ ਜੀ ਨੇ ਦਸਿਆ ਕਿ ਪੰਜਾਬ ਵਿਚ ਸਾਰੇ ਸੋਢੀ ਸਾਡੇ ਨਾਲ ਮੁਢ ਤੋਂ ਹੀ ਈਰਖਾ ਕਰਦੇ ਆਏ ਹਨ, ਜਿਸਦਾ ਤੁਹਾਨੂੰ ਵੀ ਸਾਰਾ ਪਤਾ ਹੈ। ਇਸ ਲਈ ਮੇਰੀ ਸਲਾਹ ਮੰਨੋ ਤੇ ਪੂਰਬ (ਏਧਰ) ਵਿਚ ਹੀ ਰਹੋ, ਤੇ ਸਿਖੀ ਪ੍ਰਚਾਰ ਕਰੋ, ਤ ਪੰਜਾਬ ਜਾਵੋ ਹੀ ਨਾ? ਪਰ ਗੁਰੂ ਜੀ ਮਾਤਾ ਨੂੰ ਤੇ ਸ੍ਰੀ ਗੁਜਰੀ ਜੀ ਨੂੰ ਸਮਝਾਕੇ ਤੇ ਧੀਰਜ ਦੇ ਕੇ ਇਕਲੇ ਅਨੰਦ ਪੁਰ ਨੂੰ ਆ ਗਏ। *

ਕਸਮੀਰੀ ਪੰਡਤਾਂ ਦੀ ਫਰਿਆਦ :–

ਅਨੰਦ ਪੁਰ ਨਿਵਾਸ ਸਮੇ ਹੀ ਕਸ਼ਮੀਰ ਦੇ ਕੁਝ ਪੰਡਤ ਇਕਠੇ ਹੋ ਕੇ ਆਏ ਤੇ ਉਹਨਾਂ ਸਿਖਾਂ ਨੂੰ ਮਿਲਕੇ ਦਸਿਆ ਕਿ ਅਸਾਂ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਨੇ ਹਨ, ਮੇਵੜੇ ਨੇ ਸ੍ਰੀ ਗੁਰੂ ਜੀ ਪਾਸ ਜਾਕੇ ਅਰਜ ਕੀਤੀ - ਜਿਹਾ ਕਿ :—

ਹੇਰ ਮੇਵਰੋ ਅੰਤਰ ਗਯੋ ।
ਹਾਥ ਜੋਰ ਕਰ ਬੋਲਤ ਭਯੋ ॥
ਪ੍ਰਭ ਜੀ ਅਹੈ ਦੇਸ ਕਸ਼ਮੀਰ।
ਤਹਿ ਕੇ ਬਿਪ੍ਰ ਖਰੇ ਦਰ ਭੀਰ ॥
ਦਰਸ਼ਨ ਕੋ ਚਾਹਿਤ ਉਮਰਾਏ।
ਸੁ ਪਤਿਵੰਤ ਪੰਡਤ ਸਮੁਦਾਏ ॥
ਸੁਨ ਸ੍ਰੀ ਤੇਗ ਬਹਾਦਰ ਹਸੇ।
ਆਵਨ ਇਹ ਮਹਾਂ ਦੁਖ ਗ੍ਰਸੇ ।
ਸ਼ਿਵ ਕੋ ਲਯਾਏ ਹਮਹਿ ਸੰਦੇਸ।
ਜਥਾ ਜਗਤ ਸੁਖ ਲਹੈ ਵਿਸੇਸ ॥
ਸ੍ਰੀ ਨਾਨਕ ਕੋ ਕਮਲਾ ਰਾਖ।
ਗਯੋ ਹੁਤੋ ਲੈਬੇ ਹਿਤ ਖਾਸ ।
ਤਿਸ ਕਰ ਸਿਵ ਨਿਜ ਭਸਮ ਪਾਠਾਈ।
ਤਿਮ ਹਮ ਨਿਕਟ ਪਤ੍ਰਿਕਾ ਆਈ ॥

ਅਰਥਾਤ - ਜਦੋ ਗੁਰੂ ਜੀ ਨੂੰ ਮੇਵੜੇ ਦਸਿਆ ਕਿ

---

*ਤ੍ਵਾਰੀਖ ਗੁਰੂ ਖਾਲਸਾ ਅਨੁਸਾਰ ਸ੍ਰੀ ਗੁਰੂ ਜੀ ਪਟਨ ਤੋਂ ਇਕਲੇ ੨੨ ਵਿਸਾਖ ਸੰਮਤ ੧੭-੨੪ ਨੂੰ ਸ੍ਰੀ ਅਨੰਦ ਪੁਰ ਵਾਪਸ ਪਰਤੇ ਅਤੇ ੪-੫ ਬਰਸ ਇਕਲੇ ਹੀ ਅਨੰਦ ਪੁਰ ਰਹੇ ਤੇ ਫਿਰ ਪ੍ਰਵਾਰ ਸਮੇਤ ਸਾਹਿਬ ਜਾਦੇ ਨੂੰ ਪਟਨੇ ਤੋਂ ਅਨੰਦ ਪੁਰ ਮੰਗਵਾਇਆ। ਜਦ ਕਿ ਸਾਹਿਬ ਜਾਦੇ ਦੀ ਉਮਰ ੭-੮ ਸਾਲ ਦੇ ਦਰਮਿਆਨ ਸੀ ਸਗੋਂ ਸਾਹਿਬ ਜਾਦੇ ਦਾ ਵਿਆਹ ਵੀ ਗੁਰੂ ਜੀ ਨੇ ਅਪਨੀ ਹਜੂਰੀ ਵਿਚ ਕਰਵਾਇਆ ਅਤੇ ਫਿਰ ਪੰਡਤਾਂ ਦੀ ਅਰਜ਼ ਕਰਨ ਤੇ ਦਿਲੀ ਨੂੰ ਗੁਰੂ ਜੀ ਗਏ ਸਨ। ਪਰ ਸੂਰਜ ਪ੍ਰਕਾਸ਼ ਦਾ ਕਰਤਾ ਪਟਣੇ ਤੋਂ ਔਣ ਬਾਦ ਨੌਵੇ ਪਾਤਸ਼ਾਹ ਤੇ ਸਾਹਿਬ ਜਾਦੇ ਦਾ ਕਿਤੇ ਮਿਲਾਪ ਹੋਣਾ ਨਹੀ ਦਸਦਾ। ਅਤੇ ਸ੍ਰੀ ਦਸਮੇਸ਼ ਦਾ ਵਿਆਹ ਵੀ ਨੌਂਵੇ ਗੁਰੂ ਦੇ ਗੁਰ ਪੁਰੀ ਸਿਧਾਰ ਜਾਣ ਤੋਂ ਬਾਦ ਹੀ ਹੋਇਆ ਲਿਖਦਾ ਹੈ? (ਵਿਸਥਾਰ ਵਾਸਤੇ ਪੜ੍ਹਕੇ ਵੇਖੋ ਤ੍ਵਾਰੀਖ ਗੁਰੂ ਖਾਲਸਾ ਪੰਨਾਂ ੬੮੭ ਤੋਂ ੬੮੯ ਤਕ ਅਤੇ ਸੂਰਜ ਪ੍ਰਕਾਸ਼ ਰਾਸ ੧੨ ਅਤੇ ਰੁਤ ਪਹਿਲੀ)

ਕਸਮੀਰ ਦੇ ਪੰਡਤ ਆਏ ਹਨ ਤਾਂ ਗੁਰੂ ਜੀ ਬਚਨ ਕੀਤਾ ਔਣ ਦਿਉ ਇਨਾਂ ਨੂੰ,ਇਹ ਬੜੇ ਦੁਖੀ ਹੋ ਕੇ ਆਏ ਹਨ ; ਤੇ ਸਗੋਂ ਇਹ ਮੇਰੇ ਵਾਸਤੇ ਸ਼ਿਵਾਂ ਦਾ ਸੰਦੇਸਾ ਉਸੇ ਤਰਾਂ ਲੈਕੇ ਆਏ ਹਨ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਦਾ ਸੰਦੇਸਾ ਇਕ ਕਮਲਾ ਘਾਹੀ, ਗੁਰੂ ਜੀ ਪਾਸ ਸ਼ਿਵਾਂ ਦੀ ਦਿਤੀ ਹੋਈ ਬਿਭੂਤੀ ਦੀ ਚੁਟਕੀ ਲਿਆਇਆ ਸੀ ?

ਪੰਡਤਾਂ ਨੇ ਦਰਸ਼ਨ ਕਰਕੇ ਅਪਨਾ ਸਾਰਾ ਉਹ ਹਾਲ ਬਿਆਨ ਕੀਤਾ, ਜਿਹੜਾ ਉਹਨਾਂ ਨਾਲ ਮੁਸਲ ਮਾਨ ਹੁਕਮਰਾਨਾਂ ਵਲੋਂ ਇਨਾਂ ਨੂੰ ਤੁਰਕ ਬਨੌਣ ਲਈ ਕੀਤਾ ਜਾਂਦਾ ਸੀ।

ਜਿਹਾ ਕਿ :—

"ਉਤਰੇ ਜਗਯੋ ਪਵੀਤ ਏਕ ਦਿਨ।
ਤੋਲਨ ਕਰੇ ਭਏ ਸੁ ਸਵਾ ਮਣ ॥"

ਅਰਥਾਤ – ਪੰਡਤਾਂ ਨੇ ਦਸਿਆ ਕਿ ਸਾਡੇ ਤੇ ਇਤਨਾਂ ਜੁਲਮ ਹੋ ਰਿਹਾ ਹੈ, ਕਿ ਇਕ ਦਿਨ ਵਿਚ ਸਵਾ ੨ ਮਨ ਜੰਞੂ ਉਤਾਰੇ ਜਾ ਰਹੇ ਹਨ। ਫਿਰ ਇਹ ਵੀ ਦਸਿਆ, ਕਿ ਅਸੀਂ ਛੇ ਮਹੀਨੇ ਅਮਰ ਨਾਥ ਦੀ ਗੁਫਾ ਤੇ ਸ਼ਿਵਾਂ ਦੀ ਅਰਾਧਨਾ ਕਰਦੇ ਰਹੇ ਹਾਂ, ਕਿ ਉਹ ਇਹਨਾਂ ਦੁਸਟਾਂ ਦਾ ਸੰਘਾਰ ਕਰਕੇ ਸਾਡੀ ਸਹੈਤਾ ਕਰਨ? ਪਰ ਉਨਾਂ ਨੇ ਵੀ ਇਕ ਅਕਾਸ਼ ਬਾਣੀ ਦੁਆਰਾ ਆਪ ਦੀ ਹੀ ਦਸ ਪਾਈ ਹੈ, ਅਤੇ ਤੁਹਾਡੇ ਚਰਨਾ ਵਿਚ ਤਿਲਕ ਜੰਞੂ ਦੀ ਰਖਿਆ ਵਾਸਤੇ ਅਰਜ ਕਰਨ ਲਈ ਆਖ ਭੇਜਿਆ ਹੈ।ਇਸ ਵਸਤੇ :—

ਪਰੇ ਸਰਨ ਅਬ ਆਨ ਤੁਹਾਰੀ।
ਸ਼ਿਵ ਕੇ ਕਹੇ ਕਰਹੁ ਰਖਵਾਰੀ।
ਰਾਵਰ ਬਿਨ ਆਨ ਨਹਿ ਕੋਈ।
ਸਮਰਥ ਬਲੀ ਜੁ ਰਖਯਕ ਹੋਈ। ....
ਰਖਹੁ ਅਬਿ ਹਿੰਦਨ ਕੀ ਟੇਕ।
ਨਹਿ ਤ ਜਗ ਮਹਿ ਰਹੇ ਨ ਏਕ।...........
ਹੋਮ ਜਗਯ ਸਗਰੇ ਬਿਨਸੈ ਹੈਂ।
ਬਹੁਰਦੇਵ ਨ ਬਿਰਤਾ ਪੈਹੈਂ।—
ਯਾਂ ਤੇ ਅਬ ਹੀ ਬਨਹੁ ਸਹਾਇ।
ਹਿੰਦੂ ਧਰਮ ਕੋ ਲੇਹੁ ਬਚਾਇ।

(ਰਾਸ ੧੨ ਅੰਸੂ ੨੮)

ਜਦੋਂ ਇਤਆਦਕ ਨਿੰਮ੍ਰਤਾ ਸਹਿਤ ਪੰਡਤਾਂ ਨੇ ਗੁਰੂਜੀ ਅਗੇ ਅਪਨੀ ਵਿਥਿਆ ਸੁਣਾਈ ਤਾਂ ਗੁਰੂ ਜੀ ਨੇ ਪੰਡਿਤਾਂ ਨੂੰ ਹੁਕਮ ਕੀਤਾ।

ਬਿਪਰ ਬ੍ਰਿੰਦ ਤੁਮ ਇਕਠੇ ਹੋਵਹੁ।
ਕਰਹੁ ਸਕੇਲਨ ਜਿਹ ਸੁਭ ਹੋਵਹੁ।
ਦਿਲੀ ਪੁਰ ਕੋ ਸਕਲ ਪਯਾਨੋ।
ਤਹਾਂ ਜਾਇ ਨਿਜ ਬ੍ਰਿਥਾ ਬਖਾਨੋ।

ਰਾਸ ੧੨ ਅੰਸੂ ੨੯

ਤਿਨ ਮਹਿ ਲੀਜੋ ਨਾਮ ਹਮਾਰੋ।
ਕਰਹੁ ਬੁਲਾਵਨ ਸਕਲ ਉਚਾਰੋ।

ਅਰਥਾਤ— ਗੁਰੂ ਜੀ ਨੇ ਪੰਡਤਾਂ ਨੂੰ ਦਿਲੀ ਬਾਦਸ਼ਾਹ ਦੇ ਦ੍ਰਬਾਰ ਵਿਚ ਜਾ ਕੇ ਇਹ ਆਖਣ ਦਾ ਆਦੇਸ਼ ਦਿਤਾ ਕਿ ਉਹ ਮੈਨੂੰ ਦਿਲੀ ਬੁਲਾ ਭੇਜੇ,ਫਿਰ ਜਿਵੇਂ ਕਰਤਾਰ ਨੂੰ ਮਨਜੂਰ ਹੈ,ਹੋਵੇਗਾ ?

ਸ੍ਰੀ ਗੁਰੂ ਜੀ ਦੇ ਕੀਤੇ ਹੁਕਮ ਅਨੁਸਾਰ ਪੰਡਤਾਂ ਨੇ ਦਿਲੀ ਦਰਬਾਰ ਵਿਚ ਜਾਕੇ ਬਾਦਸ਼ਾਹ ਨੂੰ ਆਖਿਆ ਕਿ ਸਾਨੂੰ ਤੰਗ ਕਰਨ ਤੋਂ ਪਹਿਲਾਂ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਨੂੰ ਦਿਲੀ ਮੰਗਵਾ ਕੇ ਦੀਨ ਮੰਨਾ ਲਵੇ ਜਿਹਾ ਕਿ:—

ਤਿਨਕੋ ਪ੍ਰਿਥਮ ਸ਼ਰਾਅ ਮਹਿ ਲਿਆਵੋ।
ਨਿਜਮਤ ਕੋ ਈਮਾਨ ਰਖਾਵੋ।
ਬਹੁਰ ਨ ਤੁਮ ਕਿਸਕੋ ਕੁਛ ਕਹੀਅਹਿ।
ਬਨੇ ਤੁਰਕ ਹਿੰਦੂ ਸਭ ਲਹੀਅਹਿ।........

ਜਦੋਂ ਸਾਡੇ ਗੁਰੂ ਸਾਹਿਬ ਨੇ ਤੁਹਾਂਡੀ ਸ਼ਰਾਅ ਕਬੂਲ ਕਰ ਲਈ,ਤਾਂ ਸਭ ਹਿਦੂ ਆਪਣੇ ਆਪ ਹੀ ਤੁਰਕ ਬਣ ਜਾਣ ਗੇ, ਆਦਿਕ। ਬਾਦਸ਼ਾਹ ਪੰਡਤਾਂ ਦੀ ਗਲ ਸੁਣਕੇ ਆਖਣ ਲਗਾ ਕਿ:—

"ਹੋਇ ਹੈ ਐਸ ਜਿਮ ਚਿਤ ਬਾਛੇ।
ਗੁਰੂ ਸ਼ਰਾਅ ਮੈ ਜਾਨਹਿ ਆਛੇ।

ਰਾਸ ੧੨ ਅੰਸੂ ੨੯

ਜਿਥੇ ਪੰਡਿਤ ਵਾਪਿਸ ਕਸ਼ਮੀਰ ਨੂੰ ਪਰਤ ਗਏ, ਓਥੇ ਬਾਦਸ਼ਾਹ ਨੇ ਗੁਰੂ ਜੀ ਨੂੰ ਦਲੀ ਮੰਗਵਾਣ ਲਈ ਦੋ ਆਡਮੀਆਂ ਨੂੰ ਸ੍ਰੀ ਅਨੰਦ ਪੁਰ ਭੇਜ

ਦਿਤਾ ਜਦੋਂ ਇਹ ਅਹਿਦੀਏ ਅਨੰਦ ਪੁਰ ਪੁਜੇ ਤਾਂ ਪਤਾ ਲਗਨ ਤੇ ਗੁਰੂ ਜੀ ਨੇ ਬਚਨ ਕੀਤਾ।

ਸਹਿਜ ਸੁਭਾਵਿਕ ਬਾਕ ਉਚਾਰੇ।

ਆਇ ਜਮਕੇ ਅਬਹਿ ਦਬਾਰੇ। ਅੰਸੂ ੩੦

ਆਖਰ ਕਾਰ ਗੁਰੂ ਜੀ ਨੇ ਅਹਦੀਆ ਨੂੰ ਦਿਲੀ ਪਹੁੰਚਣ ਦਾ ਬਚਨ ਦੇ ਕੇ ਤੋਰ ਦਿਤਾ। ਅਤੇ ਆਪ ਆਪਣੀ ਰਜ਼ਾ ਅਨੁਸਾਰ

ਇਤ ਸਤਿਗੁਰ ਨੇ ਤਯਾਰੀ ਕੀਨ।

ਬਸਨ ਅਨੰਦ ਪੁਰ ਕੋ ਤਜ ਦੀਨ।

ਇਸਤਰਾ ਗੁਰੂ ਜੀ ਅਨੰਦਪੁਰ ਤੋ ਤੁਰਕੇ ਸਹਿਜੇ ੨ ਨਗਰਾਂ ਨੂੰ ਤਾਰਦੇ ਸੈਫਾ ਬਾਦ ਪੁਜ ਗਏ ਏਥੇ ਸੈਫ ਦੀਨ ਸਯਦ ਗੁਰੂ ਜੀ ਦਾ ਬੜਾ ਸਰਧਾਲੂ ਸੀ, ਗੁਰੂ ਜੀ ਸਾਰੀ ਬਰਸਾਤ ਏਥੇ ਹੀ ਰਹੇ।

ਉਧਰ ਜਦ ਗੁਰੂ ਜੀ ੪-੫ ਮਹੀਨਿਆਂ ਤਕ ਦਿਲੀ ਨ ਪਹੁੰਚੇ ਤਾਂ ਬਾਦਸ਼ਾਹ ਦੇ ਦਰਬਾਰ ਵਿਚ ਇਕ ਦਿਨ ਫਿਰ ਇਹ ਗਲ ਚਲੀ ਕਿ ਗੁਰੂ ਤੇਗਬਹਾਦਰ ਹੁਣ ਤਕ ਦਿਲੀ ਨਹੀ ਆਏ ਉਨਾਂ ਦਾ ਫਿਰ ਪਤਾ ਕਰਨਾ ਚਾਹੀਦਾ ਹੈ ਬਾਦਸ਼ਾਹ ਨੇ ਫਿਰ ਕੁਝ ਅਹਿਦੀ ਗੁਰੂ ਜੀ ਵਲ ਤੋਰ ਦਿਤੇ, ਜਦੋਂ ਓਹ ਸ੍ਰੀ ਅਨੰਦ ਪੁਰ ਆਏ ਤਾਂ ਪਤਾ ਲਗਾ ਕਿ ਗੁਰੂ ਜੀ ਕਈ ਮਹੀਨਿਆਂ ਤੋਂ ਦਿਲੀ ਨੂੰ ਗਏ ਹੋਏ ਹਨ ਅਹਿਦੀਆਂ ਨੂੰ ਸ਼ਕ ਪੈ ਗਿਆ ਕਿ ਗੁਰੂ ਜੀ ਕਿਤੇ ਏਧਰ ਓਧਰ ਹੋ ਗਏ ਹੋਨ। ਇਹ ਜਾਣਕੇ ਅੰਮ੍ਰਿਤਸਰ ਆਦਿਕ ਥਾਵਾਂ ਤੇ ਗੁਰੂ ਜੀ ਦੀ ਭਾਲ ਕਰਨੀ ਸ਼ੁਰੂ ਕਰ ਦਿਤੀ। ਤੇ ਮਸੰਦਾ ਨੂੰ ਸਦਕੇ ਤਾੜਨਾਂ ਕੀਤੀ। ਓਧਰ ਜਦ ਬਾਦਸ਼ਾਹ ਨੂੰ ਵੀ ਗੁਰੂ ਜੀ ਦੇ ਨ ਲਭਨ ਦਾ ਪਤਾ ਲਗਾ, ਤਾਂ ਉਸਨੇ ਊਠ ਦੇ ਕੇ ਇਕ ਗਸ਼ਤੀ ਦਸਤਾ ਹੋਰ ਗੁਰੂ ਜੀ ਦੀ ਭਾਲ ਵਾਸਤੇ ਭਜ ਦਿਤਾ। ਤੇ ਅਗੋਂ ਗੁਰੂ ਜੀ ਦੀ ਗ੍ਰਿਫਤਾਰੀ ਦੇ ਇਨਾਮ ਦਾ ਐਲਾਨ ਕਰ ਦਿਤਾ। ਏਧਰ ਊਠਾਂ ਵਾਲਾ ਗਸ਼ਤੀ ਦਸਤਾ ਪਿੰਡਾ ਵਿਚ ਹਰਲ ਹਰਲ ਕਰਦਾ ਗੁਰੂ ਜੀ ਦੀ ਭਾਲ ਕਰ ਰਿਹਾ ਸੀ, ਓਧਰ ਗੁਰੂ ਜੀ ਸੈਫਾ ਬਾਦ ਸ੍ਰੀ ਸੈਫਦੀਨ ਪਾਸ ਚੁਮਾਸਾ ਕਟਕੇ ਉਸਨੂੰ ਖੁਸ਼ੀਆਂ ਬਖਸ਼ ਸਮਾਣੇ ਆ ਗਏ। ਏਥੇ ਵੀ ਇਕ ਪਠਾਨ ਨੇ ਆ ਕੇ ਗੁਰੂ ਜੀ ਦੇ ਚਰਨ ਪਰਸੇ ਤੇ ਸਗੋਂ ਅਰਜ਼ ਕੀਤੀ ਇਸ ਇਲਾਕੇ ਵਿਚ ਆਪ ਜੀ ਨੂੰ ਊਠਾਂ ਵਾਲਾ ਸ਼ਾਹੀ ਦਸਤਾ ਲਭ ਰਿਹਾ ਹੈ ਇਸ ਲਈ ਕ੍ਰਿਪਾ ਕਰਕ ਆਪ ਮੇਰੀ ਗੜ੍ਹੀ ਵਿਚ ਚਲਕੇ ਡੇਰਾ ਲਾਵੋ ਤੇ ਏਥੇ ਹੀ ਦਰਸਨ ਦਿਓ। ਸ੍ਰੀ ਗੁਰੂ ਜੀ ਉਸਦੀ ਅਰਜ ਮੰਨਕੇ ਪਠਾਣ ਦੀ ਗੜ੍ਹੀ ਵਿਚ ਜਾ ਡੇਰਾ ਕੀਤਾ। ਇਸ ਗਲ ਦਾ ਪਤਾ ਕਿਸੇ ਨੇ ਊਠਾਂ ਵਾਲਿਆਂ ਨੂੰ ਦਸ ਦਿਤਾ। ਉਹਨਾਂ ਨੇ ਉਸ ਪਠਾਣ ਨੂੰ ਸਦਕੇ ਪੁਛਿਆ, ਕਿ ਤੇਰੀ ਗੜ੍ਹੀ ਵਿਚ ਗੁਰੂ ਜੀ ਦਾ ਡੇਰਾ ਹੈ ਤਾਂ ਖਾਨ ਨੇ ਉਤਰ ਦਿਤਾ ਕਿ :—

"ਸੁਨਤ ਖਾਨ ਰਿਸ ਧਾਰ ਬਖਾਨਿਯੋ,
ਹਿੰਦੂ ਘਰ ਹਮਰੋ ਕਿਮ ਜਾਨਯੋ।
ਖੋਜ ਤੁਰੰਗਮ ਜੋ ਤੁਮ ਹੇਰਾ।
ਮੈ ਚਢਕੈ ਸੰਧਯਾ ਕਹੁ ਫੇਰਾ।
ਮਮ ਪਤਿ ਕੋ ਹੌਰੀ ਤੁਮ ਕੀਨ,
ਕਹਾਂ ਖੋਜ ਅਸੋ ਦ੍ਰਿਗ ਚੀਨ। ....
ਇਤ ਆਦਿਕ ਕਰ ਕੋਪ ਸੁਨਾਯੋ,
ਸਾਹੁ ਨਰਨ ਕੋ ਬਹੁ ਦੁਖ ਪਾਯੋ।
ਭਏ ਨਿਰਾਸ ਨ ਬੋਲੇ ਫੇਰ,
ਸਾਚੋ ਲਖਯੋ ਕੁਪੱਤ ਕੋ ਹੇਰ।........

ਇਸ ਤਰਾਂ ਉਸ ਪਠਾਣ ਨੇ ਊਠਾ ਵਾਲਿਆਂ ਨੂੰ ਝੂਠਿਆਂ ਕਰਕੇ ਹੋਰ ਪਾਸੇ ਤੋਰ ਦਿਤਾ।

ਸਮਾਣੇ ਵਾਲੇ ਪਠਾਣ ਨੇ ਗੜ੍ਹੀ ਵਿਚ ਆਕੇ ਊਠਾਂ ਵਾਲਿਆਂ ਦੀ ਜਦ ਸਾਰੀ ਗਲ ਦਸੀ ਤਾਂ ਸਚੇ ਪਾਤਸ਼ਾਹ ਬੜੇ ਪ੍ਰਸੰਨ ਹੋਏ ਅਤੇ ਉਸਨੂੰ ਸਦੀਵ ਕਾਲ ਖੁਸ਼ੀ ਰਹਿਣ ਦਾ ਵਰਦਾਨ ਦਿਤਾ। ਸਮਾਣੇ ਤੋਂ ਗੁਰੂ ਜੀ ਕਰਹਾਲੀ, ਚਿਹਕੇ, ਕਰਰਾ, ਖਟਕੜ, ਜੀਂਦ ਤੇ ਜੈਨਪੁਰ ਆਦਿਕ ਨਗਰਾਂ ਦੇ ਰਸਤੇ ਆਗਰੇ ਪਹੁੰਚੇ। ਪਰ ਊਠਾਂ ਵਾਲਿਆ ਨੂੰ ਗੁਰੂ ਜੀ ਦਾ ਕਿਤਿਓ ਵੀ ਪਤਾ ਨਾ ਲਗ ਸਕਿਆ। ਆਗਰੇ ਆ ਕ ਔਰੰਗਜੇਬ ਵਲੋਂ ਗੁਰੂ ਜੀ ਦੇ ਲਭਣ ਵਾਲੇ ਲਈ ਰਖਿਆ ਹੋਇਆ ਇਨਾਮ ਇਕ ਗਰੀਬ ਅਯਾਲੀ ਨੂੰ ਦਿਵਾਉਣ ਵਾਸਤੇ ਆਪਣਾ ਦੁਸ਼ਾਲਾ ਤੇ ਮੁੰਦਰੀ ਦੇ ਕੇ ਮਿਠਿਆਈ ਲਿਆਉਣ ਦੇ ਬਹਾਨੇ ਆਪਣਾ ਆਪ ਪ੍ਰਗਟ ਕੀਤਾ, ਜਿਸ ਤੋਂ ਪਹਿਲਾਂ ਆਗਰ

ਦੇ ਕੋਤਵਾਲ ਨੇ ਗੁਰੂ ਜੀ ਨੂੰ ਪੰਜਾਂ ਸਿਖਾਂ ਸਮੇਤ ਆਗਰੇ ਦੇ ਕਿਲੇ ਵਿਚ ਨਜ਼ਰਬੰਦ ਕੀਤਾ,ਤੇ ਫਿਰ ਕੋਤਵਾਲ ਨੇ ਦਿਲੀ ਤੋਂ ਸ਼ਾਹੀ ਹੁਕਮ ਦੁਆਰਾ ਫੌਜ ਮੰਗਵਾ ਕੇ ਗੁਰੂ ਜੀਨੂੰ ਦਿਲੀ ਭੂਤਾਂ ਵਾਲੀ ਹਵੇਲੀ ਵਿਚ ਜਾ ਕੈਦ ਕੀਤਾ।

ਮਹਿਮਾ ਪ੍ਰਕਾਸ਼ ਦੁਆਰਾ ਗੁਰੂ ਜੀ ਦਾ ਦਿਲੀ ਪਹੁੰਚਣਾ :—

ਕਰਤਾ ਸੂਰਜ ਪ੍ਰਕਾਸ਼ ਅਨੁਸਾਰ ਜਿਥੇ ਪਾਠਕਜਨ ਗੁਰੂ ਜੀ ਦੇ ਦਿਲੀ ਜਾਣ ਦਾਕਾਰਨ ਕਸ਼ਮੀਰੀ ਪੰਡਤਾਂ ਦੀ ਫਰਿਆਦ ਅਤੇ ਦਿਲੀ ਜਾਣ ਦਾ ਮਾਰਗ ਕੁਛ ਸੰਖੇਪ ਸ਼ਬਦਾਂ ਵਿਚ ਪੜ੍ਹ ਆਏ ਹਨ ਉਥੇ ਮਹਿਮਾਂ ਪ੍ਰਕਾਸ਼ ਗ੍ਰੰਥ ਦੇ ਕਰਤਾ ਸ੍ਰੀ ਸਰੂਪ ਚੰਦ ਜੀ ਭੱਲਾ ਵਲੋਂ ਇਸ ਇਤਿਹਾਸਕ ਘਟਨਾ ਨੂੰ ਇਸ ਪ੍ਰਕਾਰ ਅੰਕਿਤ ਕੀਤਾ ਹੋਇਆ ਹੈ :-

,,ਅਗੋ ਸਾਖੀ ਸ੍ਰੀ ਸਤਿਗੁਰ ਜੀ ਬਕਾਲੇ ਸੇ ਲਖੀ ਜੰਗਲ ਕੋ ਸੁਰਤ ਰਾਖੀ ਅਰੁ ਧੀਰਮਲ ਜੀ ਦੁਬਿਧਾ ਉਠਾਈ ਲਖੀ ਜੰਗਲ ਦੇ ਸਿਖਾਂ ਕੀ ਸਰਧਾ ਰਖਣ ਕ੍ਰਿਪਾਵੰਤ ਭਏ ,ਸੇ ਕਥਾ ਨਿਰੂਪਣ ਹੋਇਗੀ:-

ਦੋਹਰਾ—

ਜੋ ਸਿਖਨ ਮਨ ਸਰਧਾ ਧਰੀ ਪ੍ਰਭ ਜਾਣੀ
ਦੀਨ ਦਿਆਲ।
ਤਿਹ ਕਾਰਨ ਸੰਜੋਗ ਧਰ ਕਰੀ
ਬਿਰਦ ਪ੍ਰਣ ਪਾਲ।

ਚੌਪਈ:–

ਜੋ ਚਹਿ ਪ੍ਰਭ ਕਾਰਜ ਕਰਨ।
ਤਾ ਕੋ ਪ੍ਰਗਟ ਕਰੇ ਅਚਰਨ।
ਸਭ ਸੰਗਤ ਜਬ ਸਤਿਗੁਰ ਸੋ ਮਿਲਾ।
ਤਬ ਧੀਰਮਲ ਜੀ ਮਨ ਮੋ ਗਿਲਾ।
ਮਨ ਕਰ ਬਿਖਾਦ ਦਿਲੀ ਕੋ ਗਏ।
ਅਉਰੰਗ ਜੇਬ ਪਾਹ ਦਾਦੀ ਭਏ।
ਲਿਖ ਬਾਦਸ਼ਾਹ ਨੇ ਤਲਬ ਪਠਾਇਆ।
ਦਿਲੀਕੋ ਸਤਿਗੁਰੁ ਬੁਲਾਇਆ।
ਗੁਰ ਅੰਤਰਜਾਮੀ ਸਭ ਬਿਧ ਜਾਨੀ,
ਆਲਮਗੀਰ ਦੁਰਮਤ ਮਨ ਠਾਨੀ।
ਸੰਤ ਫਕੀਰਨ ਦੁਖ ਦੇਇ ਗਾਢੇ।
ਦੇਖੇ ਕਰਾਮਾਤ ਤਬ ਛਾਡੇ।.......

ਦੋਹਰਾ– ਕਰਿ ਬਿਚਾਰ ਸਤਿਗੁਰ ਚਲੇ।
ਲਖੀ ਜੰਗਲ ਦੇਸ।
ਰਾਖਨ ਸਰਧਾ ਸਿਖ ਕੀ।
ਤਜ ਕੁਲ ਕਲਹ ਕਲੇਸ਼।

ਚੌਪਈ:—

ਲਖੀ ਜੰਗਲ ਗੁਰ ਕੀਨ ਪਯਾਨਾ।
ਸਿਖਨ ਕੀ ਸਰਧਾ ਮਨ ਜਾਨਾ।
ਪੁਨ ਸਾਬੋ ਕੀ ਤਲਵੰਡੀ ਗਏ।
ਤਿਸ ਦਸ ਮਹਿ ਕਾਲ ਕਛੁਕ ਰਹੇ।
ਧਮਤਾਨ ਗਉਂ ਰਹੈ ਸਤਿਗੁਰ ਦਇਆਲ
ਨਿਤ ਨਵਤਨ ਕੌਤਕ ਕਰ ਬਿਸਾਲ।
ਦਮਦਮੇ ਪਰ ਬੈਠੇ ਗੁਰਦਿਆਲ।
ਕਰ ਸੰਗਤ ਦਰਸ਼ਨ ਹੋਇ ਨਿਹਾਲ।

ਏਥੇ ਰਹਿੰਦਿਆਂ ਹੀ ਇਕ ਦਿਨ:—

ਏਕ ਦਿਵਸ ਸਤਿਗੁਰ ਜਗ ਸੁਆਮੀ।
ਕਾਰਨ ਕਰਨ ਪ੍ਰਗਟ ਕਰਨ ਬਿਧ ਠਾਨੀ।
ਹੋਇ ਅਸ੍ਵ ਅਰੂੜ ਅਖੇੜ ਸਿਧਾਏ।
ਕੇਤਕ ਸਿਖ ਸੰਗ ਲੇ ਗਏ।
ਸਿਕਾਰ ਬਹਾਰ ਬਨਹਿ ਗੁਰ ਕੀਨਾ।
ਅਤ ਘਾਮ ਉਸਨਤਾ ਦੇਖ ਪ੍ਰਬੀਨਾ।
ਤਹਾਂ ਦੇਖ ਕੂਪ ਬਨ ਸ਼ੀਤਲ ਛਾਇਆ।
ਬੈਠੇ ਦਿਆਲ ਸਭਨ ਸੁਖ ਪਾਇਆ।

ਅਰਥਾਤ:— ਏਧਰ ਗੁਰੂ ਜੀ ਇਸ ਤਰਾਂ ਦੇ ਕੌਤਕ ਕਰ ਰਹੇ ਸਨ ਓਧਰ ਔਰੰਗਜ਼ਬ ਆਪਣੇ ਦਿਤੇ ਹੋਏ ਹੁਕਮ ਅਨੁਸਾਰ ਗੁਰੂ ਜੀ ਦੇ ਦਿਲੀ ਪਹੁੰਚਣ ਤੋਂ, ਗੁਰੂ ਜੀ ਦਾ ਭਾਲ ਵਾਸਤੇ ਯਤਨ ਕਰ ਰਿਹਾ ਸੀ, ਜਿਹਾ ਕਿ :—

ਔਰਗਜੇਬ ਗੁਰ ਸੋ ਰਿਪ ਆਹਿ।
ਬਹੁ ਖੋਜੇ ਅਤਿ ਜਤਨ ਕਰਾਹਿ।
ਜਬ ਗੁਰ ਲਗੇ ਹਮਾਰੇ ਹਾਥ।
ਤਬ ਤਾ ਸੋ ਦੇਖੋ ਕਰਾਮਾਤ।

ਦੋਹਿਰਾ—

ਠੌਰ ਠੌਰ ਤਿਨ ਗੁਰੂ ਨਮਿਤ ਦੀਨੇ ਲੋਕ ਪਠਾਇ।
ਇਸ ਬਨ ਗੁਹਜ ਲੋਕਨ ਰਖਾ ਨਿਜ ਚੌਕੀ ਠਹਿਰਾਇ

ਪਰ ਇਸ ਦਿਨ ਜਦੋਂ ਗੁਰੂ ਜੀ ਸ਼ਿਕਾਰ ਆਏ ਹੋਏ ਇਕ ਖੂਹ ਤੇ ਘਣੀ ਛਾਂ ਵਾਲ ਰੁਖ ਹੇਠਾਂ ਬੈਠੇ ਹੋਏ ਸਨ। ਤਾਂ :—

"ਤਿਸ ਛਾਯਾ ਪਰ ਭਯੇ ਅਸੀਨਾ।
ਤਹਾਂ ਕਾਹੂ ਗੁਰ ਸਿਖਨ ਸੋਧ ਕੀਨਾ।
ਈਹਾ ਬਾਦਸ਼ਾਹ ਕੀ ਚੌਂਕੀ ਅਹੇ।
ਸਤਿਗੁਰ ਕੋ ਨਿਸ ਦਿਨ ਖੋਜਤ ਅਹੇ।
ਯਹ ਸੁਨ ਦਿਆਲ ਗੁਰੂ ਮੁਖ ਭਾਖਾ।
ਹਮ ਕਾਹੂ ਸੋ ਦੁਬਿਧਾ ਨਹੀ ਰਾਖਾ।
ਜੋ ਹਮ ਸੋ ਦੁਬਿਧਾ ਮਨ ਕਰੇ।
ਜੈਸਾ ਕਰੇ ਸੁ ਤੈਸਾ ਭਰੇ।
ਯਹ ਚਰਚਾ ਕਰ ਗੁਰ ਸੈਨ ਕਰਾਏ।
ਤਹ ਚੌਕੀਂ ਲੋਕ ਇਕਤ੍ਰ ਹੋਇ ਆਏ।
ਬਾਦ ਬਿਵਾਦ ਕਰਨ ਤਹ ਲਾਗੇ।
ਭਯਾ ਸ਼ੋਰ ਸਤਿਗੁਰ ਤਬ ਜਾਗੇ।
ਜਗੇ ਦਿਆਲ ਤਿਨ ਦੇਖਾ ਜਾਨਾ।
ਗੁਰੂ ਤੇਗ ਬਹਾਦਰ ਜੀ ਪਹਿਚਾਨਾ।
ਤਬ ਆਪਸ ਮੇ ਤਿਨ ਮਤਾ ਪਕਾਇਆ।
ਜਾ ਕੋ ਖੋਜਤ ਥੇ ਸੋ ਪਾਇਆ।
ਅਬਿ ਗੁਰ ਕੋ ਲੈ ਬਾਦਸ਼ਾਹ ਪਹਿ ਚਲੈ।
ਸੁਰਖਰੂ ਹੋਇ ਇਨਾਮ ਬਹੁ ਮਿਲੈ।
ਗੁਰ ਸਨਮੁਖ ਤਿਨ ਬਾਤ ਬਤਾਇਆ।
ਹੇ ਸਾਹਿਬ ਤੁਮ ਬਾਦਸ਼ਾਹ ਬੁਲਾਇਆ।
ਸੁਨਤ ਦਿਆਲ ਕਾਰਨ ਪਹਿਚਾਨਾ।
ਅਬ ਪ੍ਰਗਟੀ ਸੋਈ ਜੋ ਹਰਿ ਠਾਨਾ।
ਹੋਏ ਸਵਾਰ ਤਿਨ ਸੰਗ ਗੁਰ ਰਾਏ।
ਜਾਇ ਦਿਲੀ ਸੋ ਦਾਖਿਲ ਭਏ।

ਦੋਹਿਰਾ—

ਅਉਰੰਗ ਇਹ ਖਬਰ ਸੁਨ ਦਿਲ ਸੋ ਖੁਸ਼ੀ ਬਹੁ ਕੀਨ
ਹਿੰਦੂ ਪਤ ਕਾਬੂ ਪੜਾ ਅਬ ਬਢੈ ਹਮਾਰਾ ਦੀਨ।

ਚੌ. ਸੁਨ ਆਲਮਗੀਰ ਚੌਕੀ ਕਰ ਦੀਨਾ।
ਨੀਤ ਨਿਆਉਂ ਕਛ ਮਨ ਨਹੀ ਚੀਨਾ।
ਕੇਤਕ ਕਾਲ ਜਬ ਬੀਤਤ ਭਏ।
ਸਤਿਗੁਰ ਸੋ ਕਛ ਸੁਨੇ ਨ ਕਹੇ।
ਜਿਨ ਸਿਖ ਗੁਰ ਦਰਸਨ ਨਹੀ ਪਾਇਆ
ਕਰ ਸੰਜੋਗ ਤਿਸ ਦਰਸ ਦਿਖਾਇਆ।
ਸੁਨ ਮਹਿਮਾ ਆਲਮਗੀਰ ਰਿਸਾਏ।
ਸ੍ਰੀ ਸਤਿਗੁਰ ਜੀ ਕਹ ਪਠਵਾਏ।
ਤੁਮ ਹਿੰਦ ਕੇ ਗੁਰੂ ਕਹਾਵੋ।
ਕਛੁ ਹਮ ਕੋ ਕਰਾਮਾਤ ਦਿਖਾਵੋ।

ਦੋਹਿਰਾ—

ਤਬ ਕਹਾ ਸਤਿਗੁਰ ਪੁਰਖ ਹਮ
ਕਰਾਮਾਤ ਨਹੀ ਜਾਨ।
ਜਿਨ ਖਲਕ ਕਰੀ ਖਾਲਕ ਵਹੀ
ਕਰੇ ਸੁ ਵਹ ਪਰਵਾਨ।

ਮਹਿਮਾ ਪ੍ਰਕਾਸ਼ ਪੰਨਾ ੬੭੩-੭੪

ਬੰਸਾਵਲੀ ਨਾਮਾ:—

ਐਸੇ ਤਰਾਂ ਬੰਸਾਵਲੀ ਨਾਮੇ ਵਿਚ ਭਾਈ ਕੇਸਰ ਸਿੰਘ ਜੀ ਛਿਬਰ ਨੇ ਸ੍ਰੀ ਗੁਰੂ ਜੀ ਦੇ ਦਿਲੀ ਪਧਾਰਨ ਦਾ ਕਾਰਨ ਇਸ ਪ੍ਰਕਾਰ ਅੰਕਿਤ ਕੀਤਾ ਹੋਇਆ ਹੈ।

ਬਕਾਲਾ ਤਜਿਆ ਮਾਖੋ ਵਾਲ ਆਵਤ ਭਏ
ਬਰਸ ਤੀਨ ਮਾਖੋ ਵਾਲ ਸੋ ਰਹੇ।
ਧੀਰ ਮਲ ਵੈਰੀ ਕਰਤਾਰਪੁਰ ਨੂੰ ਗਏ।
ਗੁਰੂਤੇਗ ਬਹਾਦਰਦਾ ਦ੍ਰਬਾਰ ਬੜਾਵਤ ਪਏ।
ਸਮਾ ਕਾਲ ਜੀ ਦਾ ਭੀ ਆਇ ਪਹੁੰਚਿਆ।
ਭੋਗ ਭੋਗਿਆ ਅਥਵਾ ਥੋੜਾ ਬਹੁਤਿਆ।
ਅਉਰੰਗੇ ਪੀਰ ਫਕੀਰ ਸਭ ਪਕੜਾ ਕੀਤੇ ਕੈਦ।
ਕਹੇ ਮੈ ਨ ਭਾਈ ਬਾਪੂ ਭਤੀਜ ਮਾਰੇ –
ਕੀਤੇ ਸਾਂਈ ਦੇ ਪੈਦ। ੫੬।
ਸੋ ਸਾਂਈ ਪਾਸੋਂ ਮੇਰਾ ਗੁਨਾਹ ਬਖਸ਼ਾਵੇ।
ਸਭਤੁਮ ਸਾਂਈ ਦੇ ਨਜ਼ੀਕੀ ਸਾਈਦੀ ਜਾਤਿ
ਸਦਵਾਓ —
ਸੋ ਸਾਂਈ ਪਾਸੋਂ ਕਉਣ ਬਖਸ਼ਾਇ।

ਅਜਿਹਾ ਕਉਣ ਹੈ ਸਾਂਈ ਨੂੰ ਆਖਣ ਜਾਇ ੫੭।
ਇਕ ਪੀਰ ਨਠਾ ਪਹਾੜੀ ਚੜ ਗਇਆ।
ਤਿਸਨੂੰ ਅਉਰੰਗੇ ਭੇਜ ਆਦਮੀ ਪਕੜਾਵਤ ਭਇਆ
ਤਿਸ ਨਾਲ ਖਤ੍ਰੀ ਪੁਰੀ (ਪੁੜੀ) ਸਾਕ ਸਾਹੀਆਂ ਦਾ।
ਸੋ ਦੁਸਮਨ ਚਉਥੀਪੰਜਵੀ ਦੁਹਾਂ ਪਾਤਸ਼ਾਹੀਆਂ ਦਾ
ਤਿਸ ਖਤ੍ਰੀ ਮਨਸੂਬਾ ਏਕ ਗਿਣ ਉਸ ਸ਼ਬਦ ਪੀਰ ਨੂੰ ਸਮਝਾਇਆ। —
ਕਹੋ ਜੀ ਇਕ ਮਨਸੂਬਾ ਮੇਰੇ ਹੈ ਆਇਆ।
ਜੋ ਗਇਆ ਫਬ ਤਾਂ ਤੁਸੀ ਆਪ ਭੀਅਤੇ ਨਾਲੇ ਮੇਰੇ ਛੁਡਉ।—
ਏਹ ਤਗਾਦਾ ਤੁਸੀ ਹੋਰ ਥੇ ਪਾਉ। ੫੯।
ਨਾਲ ਬਾਦਸ਼ਾਹ ਦੇ ਤੁਸੀ ਏਹੋ ਸੁਖਨ ਕਰੋ।
ਕਹੋ ਸਾਂਈ ਆਲਮੀਨ ਕੋ ਮੁਸਲਮਾਨ ਹੋ ਨਹੀ ਡਰੋ
ਸੋ ਉਹ ਆਲਮੀਨ ਸਾਂਈ ਨੂੰ ਕਹਸੀ।
ਸੋ ਆਲਮੀਨ ਵਿਚ ਵਖਰਾ ਕੋਈ ਨ ਕਰਸੀ। ੬੦।
ਤੁਸੀ ਕਹੋ ਜੋ ਬੰਦਗੀ ਕਰੈ ਸੋਈ ਪਰਵਾਨ।
ਜਿਹਾ ਹਿੰਦੂ ਤੇਰਾ ਮੁਸਲਮਾਨ।............
ਓਥੇ ਬੰਦਗੀ ਵਾਲਾ ਹੈ ਸੁਲਤਾਨ।
ਸੋ ਅਜ ਓਥੇ ਬੰਦਗੀ ਨਾਨਕਸ਼ਾਹੀ ਹੈ ਪਰਵਾਨ੬੧
ਅਸੀ ਪੀਰ ਫਕੀਰ ਸਭੇ ਜੁਮੇਦੇ ਰੋਜ ਸਾਂਈਪ ਸ ਹਾਂ ਜਾਂਦੇ।—
ਸੋ ਬੰਦਗੀ ਕਬੂਲ ਨ ਕਬੂਲਦੇ ਸੁਖਨ ਨਾਨਕ ਸ਼ਾਹ ਹੈਨ ਗਾਂਦੇ।

ਅਜ ਜੋ ਕੁਝ ਆਖਨ ਨਾਨਕ ਸ਼ਾਹੀ ਸੋਈ ਹੋਵੇ।
ਓਹ ਬਖਸ਼ ਇਨ ਤਾਂ ਬਖਸ਼ ਖੜੋਵੇ।
ਤੈਸੇ ਹੀ ਤਿਨ ਬਾਦਸ਼ਾਹਿ ਨੂੰ ਜਾਇ ਕਹਿਆ।
ਸੁਣਦੇ ਹੀ ਬਾਦਸ਼ਾਹ ਸਭ ਕੀਏ ਖਲਾਸ।
ਧਿਆਨ ਨਾਨਕ ਸ਼ਾਹ ਵਲ ਹੋਇ ਰਹਿਆ।
ਸਦਿ ਹਿੰਦੂ ਮੁਸੱਦੀ ਪੁਛਣਾ ਕੀਆ।
ਨਾਨਕ ਸ਼ਾਹ ਮੂਆ ਹੈ ਕਿ ਹੈ ਜੀਆ। ੬੩।
ਸਭਨਾ ਕਹਿਆ ਜੀ ਵਹੁ ਤਾਂ ਚਰੋਕੇ ਹੱਕ ਭਏ।
ਪਾਛੇ ਉਨ ਕੀ ਗਾਦੀ ਦੇ ਭੀ ਹਕ ਹੋਇ ਗਏ।
ਅਰੇ ਉਨਕਾ ਕੋਈ ਅਬ ਹੈ ਜੀਤਾ?
ਸਭਨ ਕਹਿਆ ਜੀ ਤੇਗ ਬਹਾਦਰ ਨਾਨਕ ਸ਼ਾਹੀ। ਗਦੀ ਕਾ ਵਾਰਸ ਹੈ ਕੀਤਾ। ੬੪।
ਕਹਿਆ ਓਸਨੂੰ ਜਾਇ ਪਕੜ ਲਿਆਵੋ।
ਇਕ ਸਿਖਨੇ ਛਰਾ ਸਟਿਆ, ਜੋ ਸਾਹਿਬ ਨੂੰ ਖਬਰ ਕਰ ਆਵੇ। —
ਅਹਿਦੀ ਪਕੜਨੇ ਨੂੰ ਆਏ, ਸਾਹਿਬ ਸੁਣਦੇ ਹੀ ਅਗੋ ਉਠ ਸਿਧਾਏ। ੬੪।
ਅਹਿਦੀ ਵੇਖਕੇ ਮੁੜ ਗਏ। ਅਉਰੰਗੇ ਜਾਗਾਜਾਗਾ ਖਤ ਲਿਖ ਪਠਏ।
ਜਿਥੈ ਹਥ ਆਵੈ ਪਕੜ ਭੇਜਨਾ, ਸਭਨਾ ਜਾਗਾ ਉਸਦੀ ਕਰਨੀ ਖੋਜਨਾ। ੬੫।

ਇਕ ਅਮਨੀ ਇਕ ਨਫਰ ਸਤੀਦਾਸਤੇ ਮਤੀ ਦਾਸ
ਪੰਜ ਪ੍ਰਾਨ ਏ ਭਏ ਮਵਾਸ।
ਗਾਉਂ ਮੇ ਦੁਰਤੇ ਫਿਰਹਿ, ਦਿਨ ਗੁਜ ਰਦੇ ਰਹਿ,
ਅੰਦਰ ਨਿਸ ਬਾਹਰ ਫਿਰਹਿ।
ਨਿਕਸ ਰੈਨ ਕੋ ਜਾਵੇ ਅਵਰ ਧਾਮ।
ਨਿਤਾ ਪ੍ਰਤਿ ਕਰਹਿ ਐਸਾ ਹੀ ਕਰਹਿ ਕਾਮ।
ਧਾਮ ਸਿਖਨ ਕੇ ਦੁਰਤੇ ਫਿਰਹਿ।
ਦ੍ਰਿਸ਼ਟਿ ਤੁਰਕ ਤੇ ਅਤਿ ਹੀ ਡਰਹਿ। ੬੬।
ਕਾਲ ਬਲੀ ਸਾਹਿਬ ਨਗਾਰਾ ਵਾਇਆ।
ਸ੍ਰਮ ਪਵਨ ਦਾ ਸਮਾ ਹੀ ਨਿਕਟ ਆਇਆ।
ਇਕਸ ਗਾਉਂ ਤੇ ਨਿਕਸ ਦੂਜੇ ਕਉ ਚਲੈ।
ਪੰਜੇ ਪ੍ਰਾਨ ਇਕਠੇ ਰਲ ਮਿਲੇ।
ਮਧ ਖੇਤਰ ਦੇ ਮਾਰਗ ਆਹ,
ਅਉਰ ਨਾ ਕੋਈ ਦੂਜਾ ਰਾਹ,
ਤਬ ਸਾਹਿਬ ਯਹ ਬਚਨ ਸੁਣਾਏ।
ਲਗੀ ਹੈ ਪਿਆਸ ਅਸਾਨੂੰ ਪਿਲਾਉ ਪਾਣੀ।
ਤਬ ਸਤੀ ਦਾਸ ਏਹ ਬਾਤ ਬਖਾਨੀ।
ਗਰਬ ਨਿਵਾਜ ਲੋਗ ਹੈਂ ਜਾਗਦੇ, ਚਲੋ ਅਗੇ।
ਬਚਨ ਕੀਤਾ ਸਾਨੂੰ ਪਿਆਸਿ ਨਾਮਾਰੋ ਅਬੈ।੬੯
ਸਤੀ ਦਾਸ ਮਤੀ ਦਾਸ ਬਹੁਤ ਆਖ ਰਹੇ।
ਸਾਹਿਬ ਨਾ ਮੰਨਿਆ ਉਨਾਂ ਦੇ ਕਹੇ।
ਮਤੀ ਦਾਸ ਤਬ ਪਾਨੀ ਕੋ ਗਿਆ।
ਚਾਰ ਪ੍ਰਾਨ ਮਧ ਮਾਰਗ ਖੜੇ ਰਹਿਆ। ੭੦
ਮਤੀਦਾਸ ਵਾੜੇ ਖੂਹ ਦੇ ਵੜਿਆ।

ਟਿੰਡ ਲਗਾ ਖੇਲਨ ਡੰਡ: ਹੇਠੋਂ ਟੁਟ ਗਇਆ
ਮਤੀਦਾਸ ਡਿਗ ਖੂਹੇ ਵਿਚ ਪਇਆ। ੨੧।
ਹੋਇਆ ਖੜਾਕ ਲੋਕ ਸਭ ਜਾਗੇ।
ਲੈਕੇ ਸੋਟੇ ਖੂਹੇ ਸਜੇ ਖਬੇ ਦੇਖਨ ਲਗੇ।
ਕਿਆ ਦੇਖਨ ਮਧ ਮਾਰਗ ਖਲੋਤਾ ਅਵਸਰ।
ਤਿਨ ਧੂਮਪਾਈ ਧਾੜਵੇ ਧਾੜਾ ੭੨
ਲੋਕ ਸੈਂਕੜ ਦੌੜੇ ਆਏ।
ਸਨਮੁਖ ਸਾਹਿਬ ਦੇ ਉਠਧਾਏ।
ਨਫਰ ਨਾਲੋ ਨਸ ਭਜ ਗਿਆ।
ਸਤੀਦਾਸ ਅਤੇ ਸਾਹਿਬ ਦੋਇ ਪ੍ਰਾਨ ਖੜੇ-
ਰਹਿਆ। ੭੩
ਪਿੰਡ ਦੇ ਰੰਘੜ ਆਇ ਧਾਏ। ਗਹਿਲੀਤੇ-
ਸਾਹਿਬ ਅਤੇ ਸਤੀਦਾਸ ਜਾਇ।
ਮਤੀਦਾਸ ਭੀ ਖੂਹ ਤੇ ਕਢਿਆ ਮੰਗਾਇ।
ਸੋ ਭੀ ਨਾਲ ਇਹਨਾਂ ਦੇ ਦਿਤਾ ਰਲਾਇ।੭੪
ਉਹਭੀ ਆਹੇ ਸਿਖ ਜਨਾ ਧਾੜ ੨ ਸੀਪੁਕਾਰੀ।
ਪਿਛੋਂ ਲਏ ਤਲੀਆਂ ਫਾਟਨ ਗਲਬੀਤ ਗਈ ਸਾਰੀ।
ਛਡਾਇ ਰਹੇ ਰੰਘੜ ਨਾ ਛਡਣ।
ਜਟਾਂ ਸਿਖਾਂ ਨੂੰ ਲਗੇ ਗਾਲੀ ਕਢਣ। ੭੫।
ਭੇਜ ਆਦਮੀ ਫੌਜ ਰੋਪੜੋ ਮੰਗਵਾਈ।
ਜੋ ਕਿਛ ਆਹਾ ਸੋ ਖੋਇ ਲੀਤਾ ਸਾਹਿਬ–
ਦਿਤਾ ਪਕੜਾਈ।

ਰੋਪੜ ਵ ਲੇ ਆਦਮੀ ਭੇਜਿਆ ਸਿਨੰਦ।
ਆਉ ਫੋਜ ਲੈ ਆਓ ਅਸਾ ਸਾਹਿਬ ਕੀਤੇ ਬੰਦ ੬੭
ਸੋ ਪਿੰਗਰਾ ਲੋਹੇ ਦਾ ਕਰ ਲਿਆਏ।
ਸਾਹਿਬ ਤਿਸਦੇ ਵਿਚ ਲੀਤੇ ਪਾਏ।
ਆਹੇ ਕਰਨ ਕਾਰਨ ਸਮਰਥ।
ਪਰ ਰਜਾਇ ਮੰਨੀ ਧਰਿ ਮੱਥੇ ਹਥ। ੭੭
ਦੇਵਨ ਦੁਖ ਤੇ ਮੰਗਨ ਰੋਜੁ।
ਸਾਹਿਬ ਆਖਣ ਲਉ ਸਿਖਾਂ ਤੇ ਖੋਜੁ।
ਸਿਖ ਸਭ ਸਿਖੀਓ ਮੁਕਰ ਪਏ।
ਪਿਆਰੇ ਸਤੀਦਾਸ ਨੂੰ ਨਾਲ ਲੈ ਗਏ। ੭੮।
ਪਾਸ ਆਹਾ ਜੋ ਲੁਟ ਪੁਟ ਲਿਆ।
ਪਾਸਨ ਆਨੇ ਪੈਸਾ ਰਹਿਆ।
ਸਿਖਾਂ ਦਿਤਾ ਕੋਰਾ ਜੁਆਬ।
ਤੁਰਕਾਂ ਦਿਤਾ ਦੁਖ ਅਜਾਬ। ੭੯।
ਚਉਥੇ ਮਹੀਨੇ ਸਾਹਿਬ ਦਿਲੀ ਜਾਇ ਪਹੁੰਤੇ-
ਵਿਚਿ ਮਾਰਗ ਦੁਖ ਪਾਏ ਬਹੁਤੇ।

ਵਿਸਥਾਰ ਲਈ ਵੇਖੋ ਬੰਸਾਵਲੀ ਨਾਮਾ-ਪੰਨਾ-੮੮ ਤੋਂ ੯੯।

ਸ੍ਰੀ ਗੁਰੂ ਜੀ ਦੇ ਦਿਲੀ ਪਹੁੰਚਨ ਤਕ ਜਿਥੇ ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, ਤੇ ਤ੍ਵਾਰੀਖ ਗੁਰੂ ਖਾਲਸਾ, ਆਦਿਕ ਗ੍ਰੰਥਾਂ ਵਿਚ ਸ੍ਰੀ ਅਨੰਦਪੁਰ ਨਿਵਾਸ ਸਮੇ ਕਸ਼ਮੀਰੀ ਪੰਡਤਾਂ ਦਾ ਸਹਾਇਤਾ ਮੰਗਨ ਆਉਣ ਤੇ ਫਿਰ ਗੁਰੂ ਜੀ ਦੇ ਅਨੰਦਪੁਰ ਤੋ ਚਲਕੇ ਦਿਲੀ ਪਹੁੰਚਨ ਤਕ ਹੋਰ ਕਈ ਵਖ ਵਖ ਪ੍ਰਸੰਗ ਆਉਂਦੇ ਹਨ, ਓਥ ਮਹਿਮਾ ਪ੍ਰਕਾਸ਼ ਵਿਚ ਕਸ਼ਮੀਰ ਦੇ ਪੰਡਤਾਂ ਦੇ ਆਉਣ ਦਾ ਰਤਾ ਭਰ ਵੀ ਕਿਤੇ ਸੰਕੇਤ ਨਹੀ, ਤੇ ਸਗੋਂ ਉਹ ਦਿਲੀ ਜਾਣ ਦਾ ਕਾਰਨ ਧੀਰਮਲ ਦੀ ਨਾਲਿਸ਼ ਦਸਕੇ ਰਸਤਾ ਵੀ ਹੋਰ ਹੀ ਦਸਦਾ ਹੈ।

ਏਸੇ ਤਰਾਂ ਬੰਸਾਵਲੀ ਨਾਮੇ ਦੇ ਕਰਤਾ ਨੇ ਵੀ ਗੁਰੂ ਜੀ ਦੇ ਦਿਲੀ ਤਕ ਪਹੁੰਚਨ ਦਾ ਹਾਲ ਜਿਵੇ ਲਿਖਿਆ ਹੈ, ਮੈ ਉਹਨਾਂ ਸ਼ਬਦਾ ਦੀ ਬਿਨਾ ਵਿਆਖਿਆ ਕਤੇ ਇੰਨ ਬਿੰਨ ਲਿਖ ਦਿਤਾ ਹੈ। ਇਨਾਂ ਗ੍ਰੰਥਾਂ ਵਿਚੋ ਕਿਸ ਦੀ ਲਿਖਤ ਠੀਕ ਹੈ ਕਿਸ ਦੀ ਗਲਤ ਹੈ, ਇਹ ਨਤੀਜਾ ਕਢਣਾ ਪਾਠਿਕਾਂ ਦਾ ਕੰਮ ਹੋਵੇਗਾ?

ਇਸਤੋਂ ਅਗੇ ਗੁਰੂ ਜੀ ਦੇ ਦਿਲੀ ਨਿਵਾਸ ਸਮੇ ਦੇ ਵੀ ਕੁਝ ਸੰਕੇਤ (ਜੋ ਉਪ੍ਰੋਕਤ ਇਤਹਾਸ ਕਾਰਾਂ ਨੇ- ਵਖ ਵਖ ਢੰਗ ਨਾਲ ਬਿਆਨ ਕੀਤੇ ਹੋਏ ਹਨ) ਪਾਠਿਕਾਂ ਦੀ ਦ੍ਰਿਸ਼ਟੀ ਗੋਚਰ ਕੀਤੇ ਜਾਂਦੇ ਹਨ।

* ਦੋ ਦੋ ਥਾਂ ਤਿੰਨ ਮਜਬ ਹੋਣ ਦਾ ਸੰਕੇਤ *

ਕਰਤਾ ਸੁਰਜ ਪ੍ਰਕਾਸ਼ ਅਨੁਸਾਰ ਸ੍ਰੀ ਗੁਰੂ ਜੀ ਦੇ ਦਿਲੀ ਪੁਜਨ ਤੇ ਇਕ ਦਿਨ ਸਚੇ ਪਾਤਸ਼ਾਹ ਨੂੰ ਔਰੰਗਜੇਬ ਨੇ ਲਾਲ ਕਿਲੇ (ਆਪਨੀ ਕਚਹਿਰੀ ਵਿਚ ਸਦ ਭਜਿਆ ਉਸ ਦਿਨ ਸ੍ਰੀ ਗੁਰੂ ਜੀ ਤੇ ਬਾਦਸ਼ਾਹ ਦਾ ਜੋ ਵਾਰਤਾ ਲਾਪ [illegible] ਹੋਇਆ

ਸੂਰਜ ਪ੍ਰਕਾਸ ਰਾਸ ੧੨ ਵਿਚੋਂ ਨਮੂਨੇ ਮਾਤਰ ਕੁਝ ਸਬਦ ਇਸ ਪ੍ਰਕਾਰ ਅੰਕਿਤ ਹਨ (ਨਜ਼ਰ ਬੰਦੀ ਸਮੇ ਇਕ ਦਿਨ ਬਾਦਸਾਹ ਔਰੰਗ ਜ਼ੇਬ ਨੇ ਗੁਰੂ ਜੀ ਨੂੰ ਕਚਹਿਰੀ ਸਦਿਆ ਤਾਂ)

"ਸ੍ਰੀ ਗੁਰੂ ਜਬਹਿ ਕਚਹਿਰੀ ਬਰੇ,
ਚੌਕੀ ਤਹਾਂ ਬਿਛਾਵਨ ਕਰੇ ।੩੬
ਅਖਲ ਕਚਹਿਰੀ ਪੂਰਨ ਭਈ ।
ਮੁਕਤਾ ਹੀਰਨ ਤੇ ਦੁਤਨਈ" ।੩੭
ਅੰਸੂ ੪੭

ਕੁਝ ਸਮਾ ਬੈਠਨ ਤੋਂ ਬਾਦ :–

"ਸ੍ਰੀ ਸਤਿਗੁਰੂ ਬੋਲੇ ਤਿਹ ਸਾਥ,
ਕਯਾ ਹਮ ਸੋ ਕਹਿ ਦਿਲੀ ਨਾਥ ।
ਕੌਨ ਕਾਜ ਹਮਰੇ ਬਸ ਜੋਵਾ ।
ਜੋ ਤੁਮ ਤੇ ਨਹਿ ਪੂਰਨ ਹੋਵਾ ।੬।

ਸ੍ਰੀ ਗੁਰੂ ਜੀ ਦਾ ਬਚਨ ਸੁਣਕੇ :–

"ਅਸ ਨੁਰੰਗ ਬੋਲਯੋ,ਮਮ ਕਾਜ
ਹੈ ਜੋ ਕਰਹੁ ਸੁਨਹੁ ਤੁਮਆਜ।੭

ਸਬ ਜਗ ਮੁਸਲ ਮਾਨ ਕਰ ਦੇਨਾਂ,
ਏਕ ਮਈ ਸਭ ਕੋ ਪਿਖ ਲੇਨਾ ।
ਹਿੰਦੂ ਰਹਿ ਨ ਭੂਅ ਮਹਿ ਕੋਊ ।
ਇਹ ਨਿਸਚਾ ਹਮਰੇ ਦਿਢ ਹੋਊ ।੮।......
ਨਿਜ ਦੁਹਿਤਾ ਤਕ ਅਰਪੇ ਤਾਂਹੀ।
ਆਇ ਜੋ ਹਿੰਦੂ ਸ਼ਰਾਅ ਕੇ ਮਾਂਹੀ।
ਅਸਲੀ ਕਾਜ ਅਹੈ ਇਹੁ ਮੇਰਾ ।
ਕਰਹਿ ਜੋ ਫੇਰ ਨ ਮਾਨਹਿ ਮੇਰੋ ।......
ਤਿਸਕੇ ਸਾਥ ਸਤ੍ਰੂਤਾ ਨੀਤ ।
ਕਰਹੌ ਮੈ ਸਭ ਰੀਤ ਅਨੀਤ" ।੧੫

ਔਰੰਗਜੇਬ ਦੀਆਂ ਬਦਨੀਤੀ ਵਾਲੀਆਂ ਗਲਾਂ ਸੁਣਕੇ :–

ਸੁਨ ਸ੍ਰੀ ਤੇਗ ਬਹਾਦਰ ਭਾਖਾ,
ਜਿਮ ਖੁਦਾਇ ਕੀ ਹੁਇ ਅਭਿਲਾਖਾ ।
ਤਿਮ ਮਾਨੋ ਚਾਹੀਅਹਿ ਹਮ ਤੁਮਕੋ,
ਜਿਸ ਪ੍ਰਮੇਸਰ ਕੇ ਨਹਿ ਸਮ ਕੋ ।
ਜੇ ਪ੍ਰਭ ਚਹੈ ਤ ਹਿੰਦੂ ਨ ਜਨਮੇ,
ਤੁਰਕ ਜਨਮ ਹੀ ਹ੍ਵੈ ਨਿਸ ਦਿਨ ਮਹਿ ।
(ਪਰ) ਦੋਨਹੁ ਉਤਪਤ ਹੋਵਹਿ ਜਹ ਕਹ,
ਲਖਹੁ ਕਿ ਰਖਹਿ ਦੁਹਨ ਕੋ ਜਗ ਮਹਿ ।
ਜੇ ਤੁਮ ਕਹੌ ਜਾਨੀਐ ਕੈਸੇ,
ਤਿਸ ਪਰ ਸੁਨਹੁ ਕਰ ਹੋ ਬਿਧ ਐਸੇ ।
ਲੇਹੁ ਪੰਚ ਮਨ ਮਿਰਚੈ ਕਾਰੀ
ਫੇਰ ਕਰਹੁ ਇਕ ਥਾਨ ਸੁਧਾਰੀ।

ਅਰਥਾਤ– ਗੁਰੂ ਜੀ ਨੇ ਬਾਦਸ਼ਾਹ ਨੂੰ ਯੋਗ ਉਤਰ ਦੇਣ ਵਾਸਤੇ ੫ ਮਨ ਕਾਲੀਆਂ ਮਿਰਚਾ ਮਗਵਾਂ ਕੇ ਸਾੜਨ ਲਈ ਹੁਕਮ ਦਿਤਾ ਜ। ਮਿਰਚਾਂ ਦੀ ਰਾਖ ਠੰਡੀ ਹੋ ਗਈ ਤਾਂ ਗੁਰੂ ਜੀ ਨੇ ਦੂਜੇ ਦਿਨ ਸਭਾ ਵਿਚ ਆ ਕੇ ਬਚਨ ਕੀਤਾ ।

"ਸਤਿਗੁਰ ਕਹਿਆ ਜੁ ਮਿਰਚਨ ਸੁਆਹ,
ਲਾਇ ਨਰਨ ਸਗਲੀ ਮਸਲਾਹ।
ਲੇਹੁ ਛਾਣਨੀ ਜੋ ਤਿਸ ਛਾਣੋ ।
ਜੋ ਉਬਰਹਿ ਸੋ ਉਤ੍ਰ ਜਾਣੋ ।

ਬਾਦਸ਼ਾਹ ਨੇ ਇਸੇ ਤਰਾਂ ਸਾਰਾ ਕੁਝ ਕਰਵਾ ਦਿਤਾ ।

ਅਰਥਾਤ– ਸਗਰੀ ਭਸਮ ਛਾਨਬੋ ਕੀਨ,
ਸਾਬਤ ਮਿਰਚੈ ਨਿਕਲੀ ਤੀਨ ।
ਹਥਨ ਸਾਥ ਸੋ ਮਸਲ ਘਨੇਰੀ,
ਭਈ ਨ ਭਗਨ ਸਭਨ ਸੋ ਹੇਰੀ ।...... ....
ਧਰੀ ਨੁਰੰਗੇ ਸਭਨ ਸੋ ਹਾਥ,
ਬੋਲਯੋ ਬਾਂਕ ਗੁਰਨ ਕ ਸਾਥ ।
ਕਿਆ ਉਤ੍ਰ ਇਸ ਬਿਖੈ ਤੁਮਾਰੋ,
ਜਯੋਂ ਹਮ ਪੂਛਯੋ ਬਿਦਤ ਤੁਮਾਰੋ,
ਇਸ ਮੈ ਕਿਆ ਅਜਮਤ ਦਿਖਰਾਈ,
ਮਿਰਚ ਰਾਖ ਤੇ ਤੀਨ ਬਚਾਈ।
ਕਿਆ ਹਮ ਜਾਨਹਿ ਦੇਹੁ ਬਤਾਏ,
ਮਾਨਯੋ ਦਾਨੇ ਕਿ ਨਹਿ ਮਨ ਲਿਆਈ।

ਔਰੰਗਜੇਬ ਦੀਆਂ ਬਾਤਾਂ ਸੁਣਕੇ :–

ਸੁਨ ਸ੍ਰੀ ਤੇਗ ਬਹਾਦਰ ਕਹਯੋ
ਅਜਹੁ ਨਹਿ ਉਤਰ ਹੈ ਤੁਮ ਲਹਯੋ ।
ਜਿਮ ਖੁਦਾਇ ਕਿ ਮਰਜੀ ਅਹੈ, —

ਉਤਰ ਤਥਾ ਮਿਰਚੁ ਇਹੁ ਕਹੈ ।੩੪।
"ਇਕ ਕਰ ਦੇਉ ਚਾਹ ਇਹ ਤੇਰੀ,
ਨਹਿ ਖੁਦਾਇ ਕੀ ਹਮ ਨੇ ਹੇਰੀ।
ਪੂਰਬ ਹਿੰਦੂ ਤੁਰਕ ਜਗ ਦੋਇ,
ਅਬਤੇ ਤੀਨ ਜਾਨੀਏ ਹੋਇ।੩੫'............
(ਅੰਸੂ ੪੯

ਅਰਥਾਤ— ਸ੍ਰੀ ਗੁਰੂ ਜੀ ਨੇ ਸ਼ਕਤੀ ਦੁਆਰਾ ਪ ਮਣ ਮਿਰਚਾਂ ਵਿਚੋਂ ਕੇਵਲ ਤਿਨ ਮਿਰਚਾਂ ਸੁਖਯਤਰ ਰਖ ਕੇ ਬਾਦਸ਼ਾਹ ਨੂੰ ਦਸਿਆ ਕਿ ਜਿਥੇ ਤੂੰ ਦੋ ਮਜ਼ਬਾਂ ਨੂੰ ਇਕ ਕਰਨਾ ਚਾਹੁੰਦਾ ਹੈ,ਉਥੇ ਹੁਣ ਦੋ ਦੇ ਥਾਂ ਤਿੰਨ ਵਡੇ ਮਜ਼ਬ ਚਲਣਗੇ।

ਇਸ ਯੋਗ ਉਤਰ ਤੋਂ ਬਾਦ ਗੁਰੂ ਜੀ ਨੂੰ ਬਾਦਸ਼ਾਹ ਨੇ ਬੜੇ ਕ੍ਰੋਧ ਨਾਲ ਵਾਪਸ ਨਜ਼ਰਬੰਦੀ ਵਾਲੇ ਥਾਂ ਭੇਜ ਦਿਤਾ ਤੇ ਗੁਰੂ ਜੀ ਦੀ ਨਿਗਰਾਨੀ ਤੇ ਕਸ਼ਟ ਵਾਸਤੇ ਹੋਰ ਕਈ ਨਵੇਂ ਹੁਕਮ ਲਾਏ ਗਏ।

ਗੁਰੂ ਸ਼ਕਤੀ ਦਾ ਹੋਰ ਪ੍ਰਗਟਾਵਾ :—

ਸੂਰਜ ਪ੍ਰਕਾਸ਼ ਅਥਵਾ ਤਵਾਰੀਖ ਖਾਲਸਾ ਵਿਚਅੰਕਿਤਹੈ,ਕਿਇਕਪ੍ਰੇਮੀਸਿਖਨੇ ਕਿਲੇਦੇਸਿਪਾਹੀ ਪਾਸੋਂ ਕਿਸੇ ਤਰਾਂ ਆਗਿਆ ਲੈ ਗੁਰੂ ਜੀ ਪਾਸ ਘਰ ਦਰਸ਼ਨ ਦੇਣ ਤੇ ਲੰਗਰ ਛਕਨ ਦੀ ਅਰਜ ਕੀਤੀ। ਗੁਰੂ ਜੀ ਨੇ ਹੁਕਮ ਕੀਤਾ ਤੂੰ ਪ੍ਰਸਾਦਾ ਤਿਆਰ ਕਰ ਅਸੀਂ ਜ਼ਰੂਰ ਆਵਾਂਗੇ ਸਿਖਲੰਗਰ ਤਿਆਰ ਕਰਕੇ ਲਗਾ ਉਡੀਕਣ ਜਿਹਾ ਕੇ :—

ਇਮ ਕਰ ਤਯੋਂ ਭੋਜਨ ਅਭਿਰਾਮ।
ਬਾਸਰ ਹੋਤ ਭਯੋ ਜਾਬ ਜਾਮ।
ਸਦਨ ਸਿਖ ਕੇ ਪ੍ਰਗਟੇ ਆਇ।
ਕਹਿਯੋ ਛੁਧਾ ਹਮ ਕੋ ਅਧਿਕਾਇ।
ਜੋ ਅਹਾਰ ਤੈ ਤਿਆਰ ਕਰਾਇ।
ਸੋ ਅਬ ਲਿਯਾਵੋ ਦੇਹੁ ਅਚਾਇ।
ਦੇਰ ਨ ਕਰਹੁ ਨੀਰਕੋ ਆਨਹੁ।
ਬੈਠਹਿਂ ਹਮ ਕਿਸ ਥਾਨ ਬਖਾਨਹੁ। ......

ਅਰਥਾਤ-ਸ੍ਰੀ ਗੁਰੂਜੀ ਬੜੇ ਪ੍ਰੇਮ ਨਾਲ ਸਿਖ ਦੇ ਘਰੋਂ ਲੰਗਰ ਛਕ ਕੇ ਫਿਰ ਆਪਨੇ ਬੰਦੀ ਖਾਨੇ ਵਿਚ ਆ ਬੈਠੇ। ਸੋ ਇਸ ਪ੍ਰਕਾਰ ਸ੍ਰੀ ਗੁਰੂ ਜੀ ਹੋਰ ਵੀ ਸਰਧਾਲੂ ਸਿਖਾਂਦੇ ਘਰਆਪਨੀਰਜਾ ਨਾਲਦਰਸ਼ਨ ਦੇਣ ਤੇ ਲੰਗਰ ਛਕਣ ਜਾਂਦੇ ਰਹੇ।

ਅਰ ਇਹ ਗਲ ਆਮ ਮਸ਼ਹੂਰ ਹੋ ਗਈ ਕਿ ਗੁਰੂ ਜੀ ਸਿਖਾਂ ਦੇ ਘਰਾਂ ਵਿਚ ਦਰਸ਼ਨ ਦੇਣ ਜਾਂਦੇ ਹਨ। ਮੁਲਾਣਿਆਂ ਦੀ ਸ਼ਕਾਇਤ ਕਰਨ ਤੇ ਔਰੰਗਜ਼ੇਬ ਨੇ ਹਵਾਲਾਤ ਦੇ ਜਮਾਦਾਰ ਨੂੰ ਸਦਕੇ ਬੜੇ ਕ੍ਰੋਧ ਨਾਲ ਆਖਿਆ ਕਿ:—

"ਸੁਨ ਨੁਰੰਗ ਮਨਰਿਸਯੋ ਘਨੇਰਾ।
ਕਿਸਕੇ ਹੁਕਮ ਕਰਹਿ ਪੁਰ ਫੇਰਾ।

ਅਰਥਾਤ— ਕਿਸਦੇ ਹੁਕਮ ਨਾਲ ਤੂੰ ਗੁਰੂ ਨੂੰ ਬਾਹਰ ਕਢਦਾ ਹੈ, ਤੇ ਉਹ ਸ਼ੈਹਰ ਵਿਚ ਸਿਖਾਂ ਦੇ ਘਰ ਫਿਰਦਾ ਹੈ? ਜਮਾਦਾਰ ਨੇ ਹਥ ਜੋੜ ਕੇ ਬਾਦਸ਼ਾਹ ਨੂੰ ਆਖਿਆ ਕਿ:—

ਜਮਾਂਦਾਰ ਨੇ ਸੁਨਤ ਬਖਾਨਾ।
ਬੈਠੇ ਰਹਹਿ ਏਕ ਹੀ ਥਾਨਾ।
ਨਹਿ ਅੰਤਰ ਤੇ ਵਹਿਰ ਨਿਕਾਸੋਂ।
ਜਾਨ ਕਹਾਂ ਪੁਰ ਕੋਰ ਅਵਾਸੋਂ।
ਕਟ ਕੇ ਕੱਸ ਕੈ ਏਕ ਸਿਪਾਹੀ।
ਗਾਢੇ ਠਾਢੇ ਰਹਿ ਤਿਨ ਪਾਹੀ।
ਆਠੋ ਜਾਮ ਖਰੋ ਇਕ ਰਹੈ।
ਟਰਹਿ ਨ ਥਲ ਤੇ ਦ੍ਰਿਸਟ ਸੁ ਲਹੈ।

ਪਰ ਪਾਸ ਬੈਠੇ ਮੁਲਾਣੇ ਨੇ ਆਖਿਆ :—

"ਸੁਨਤ ਮੁਲਾਨੇ ਕੀਨ ਉਚਾਰਾ,
ਮੈ ਸਿਖ ਕੇ ਘਰ ਆਪ ਨਿਹਾਰਾ।
ਇਹੁ ਮੁਕਰੇ ਸਭਹਿਨ ਕੇ ਮਾਂਹੀ,
ਪੁਨ ਪਿਖ ਕਹੌਂ ਸ਼ਾਹੁ ਕੇ ਪਾਹੀ।

ਅਰਥਾਤ- ਭਾਂਵੇ ਜਮਾਂਦਾਰ ਨੇ ਸਭ ਸਿਪਾਹੀਆਂ ਤੇ ਸੰਤਰੀਆਂ ਨੂੰ ਆਖਕੇ ਪਹਿਰਾ ਹੋਰ ਤਕੜਾ ਕਰ ਦਿਤਾ,ਪਰ ਗੁਰੂਸ਼ਕਤੀ ਤੇ ਇਸਦਾ ਕੀ ਅਸਰ ਸੀ? ਗੁਰੂ ਜੀ ਸਿਖਾਂ ਦੀ ਬੇਨਤੀ ਅਨਸਾਰ ਹਮੇਸ਼ਾਂ ਘਰਾਂ ਵਿਚ ਜਾਕੇ ਦਰਸ਼ਨ ਦਿੰਦੇ ਤੇ ਲੰਗਰ ਛਕਦੇ।

ਇਕ ਦਿਨ ਜਦ ਗੁਰੂ ਜੀ ਇਕ ਸਿਖ ਦੇ ਘਰ ਪ੍ਰਸਾਦਾ ਛਕਨ ਗਏ ਤਾਂ ਮੁਲਾਨੇ ਨੇ ਵੇਖ ਕੇ

ਇਕ ਦਮ ਬਾਦਸ਼ਾਹ ਨੂੰ ਦਮਕੇ ਜਮਾਦਾਰ ਨੂੰ ਬੁਲਵਾਇਆ । ਤਾਂ ਜਮਾਂਦਾਰ ਨੇ ਆਖਿਆ ਹਜ਼ੂਰ ਹੁਣੇ ਚਲਕੇ ਵੇਖ ਲਵੋ, ਉਹ ਅਪਨੇ ਕਮਰੇ ਵਿਚ ਬੈਠੇ ਹਨ, ਪਰ ਜੇ ਉਹ ਅਪਨੀ ਸ਼ਕਤੀ ਨ ਲ ਹੋਰ ਸਰੂਪ ਧਾਰਨ ਕਰਕੇ ਕਿਸੇ ਸਿਖ ਦ ਮਨੋ ਕਾਮਨਾ ਪੂਰੀ ਕਰਦੇ ਹੋਣਗੇ, ਤਾਂ ਮੈ ਫਿਰ ਕੀਹ ਕਰ ਸਕਦਾ ਹਾਂ?

ਜਮਾਂਦਾਰ ਦੀ ਅਰਜ ਸੁਣ ਕੇ ਬਾਦਸ਼ਾਹ ਨੇ ਇਕ ਆਦਮੀ ਉਸੇ ਵਕਤ ਜੇਲ ਵਲ ਭੇਜਿਆ ਉਸਨੇ ਆ ਕੇ ਦਸਿਆ ਕਿ ਉਹ (ਗੁਰੂ ਜੀ) ਤਾਂ ਆਪਨੀ ਬੈਰਕ ਵਿਚ ਬੈਠੇ ਹਨ ਤੇ ਸੰਤਰੀ ਪਹਿਰੇ ਤੇ ਬੈਠਾ ਹੈ। ਮੁਲਾਂ ਨੇ ਆਖਿਆ ਬਾਦਸ਼ਾਹ ਸਲਾਮਤ ਹੁਣ ਇਕ ਆਦਮੀ ਅਮਕੇ ਸਿਖ ਦੇ ਘਰ ਭੇਜੋ, ਮੈ ਹੁਣੇ ਉਥੇ ਗੁਰੂ ਨੂੰ ਵੇਖਕੇ ਆਇਆ ਹਾਂ ਔਰੰਗਜੇਬ ਨੇ ਇਕ ਆਦਮੀ ਨੂੰ ਸਿਖ ਦੇ ਘਰ ਭੇਜਿਆ, ਤਾਂ ਉਸਨੇ ਆਕੇ ਦਸਿਆ ਕਿ ਅਜੇ ਗੁਰੂ ਜੀ ਉਸ ਸਿਖ ਦੇ ਘਰ ਹੀ ਸਨ ਤੇ ਪ੍ਰਸ਼ਾਦ ਛਕ ਰਹੇ ਸਨ। ਬਾਦਸ਼ਾਹ ਅਪਨੇ ਸਪਾਹੀਆਂ ਦਵਾਰਾ ਜੇਲ ਤੇ ਸਿਖ ਦੇ ਘਰ ਤੋਂ ਗੁਰੂ ਜੀ ਦੇ ਦਰਸਨ ਕਰਨ ਦੀ ਤਸਲੀ ਕਰਕੇ ਬੜਾ ਹੈਰਾਨ ਹੋਇਆ। ਜਿਹਾ ਕਿ:—

ਮੂਰਤ ਏਕ ਪਿਖੀ ਦੋਏ ਥਾਨ।
ਸੁਣਤ ਸਾਹੁ ਜੁੜ ਭਏ ਹੈਰਾਨ।
ਦਿਵੇ ਬਿਚਾਰਹਿ ਲਖਯੋ ਨ ਜਾਏ।
ਦ੍ਵੈ ਸਥਾਨ ਪੁਨ ਪਿਖਨ ਪਠਾਏ।
ਦ੍ਵੈ ਮੂਰਤ ਦ੍ਵੈ ਥਾਨ ਨਿਹਾਰੀ।
ਇਕ ਸਿਖ ਗ੍ਰਿਹਿ ਇਕ ਕੈਦਮਝਾਰੀ ੩੧
ਨੌਰੰਗ ਅਤਿ ਖੁਨਸਯੋ ਮਨ ਮਾਹੀ।
ਇਹ ਕਿਆ ਰੀਤ ਕਰਤ ਦਿਖਰਾਹੀ।

ਆਖਰ ਕਾਰਜਮਾਦਾਰ ਤੇ ਸੰਤਰੀਆਂ ਨੂੰ ਹੋਰ ਤਕੜਾਈ ਕਰਨ ਲਈ ਬਾਦਸ਼ਾਹ ਨੇ ਤਕੀਦ ਕੀਤੀ ਪਰ ਨਾਲ ਹੀ ਆਖ ਦਿਤਾ ਕਿ:—

ਕਰਾਮਾਤ ਕਰ ਜੋ ਚਲ ਗਇਊ।
ਤੌ ਨਹਿ ਦੋਸ ਤਨਕ ਹਮ ਭਇਊ। ......
ਰਾਸ ੧੨ ਅਸੁ ੫੦

ਏਸੇ ਸਿਲਸਿਲੇ ਵਿਚ ਕੁਝ ਸ਼ਰਾਰਤੀ ਮੁਲਾਣਿਆਂ ਨੇ ਸਲਾਹ ਕੀਤੀ ਕਿ:—

ਅਬ ਚਲ ਪਾਤਸ਼ਾਹ ਸਮਝਾਉ।
ਅਪਨੋ ਖਾਨਾ ਤਿਸਹਿ ਖੁਵਾਵਉ।
ਅਸ ਮਸਲਤ ਕਰ ਗਮਨੇ ਸੋਇ।
ਕੁਚਲ ਸ਼ਰਾ ਕੇ ਬੰਦੇ ਜੋਇ। ੬ ।......
ਕੁਠਿਯੋ ਮਾਸ ਅਪ ਮੰਗਵਾਵਉ।
ਡਾਰ ਮਸਾਲੇ ਲਵਨ ਰਿਝਾਵਉ। ੮ ।
ਕਰਕੇ ਤਿਆਰ ਦੇਗਚੇ ਮਾਹੀਂ।
ਪਾਸ ਲਿਜਾਇ ਖੁਲਾਵੋ ਤਾਹੀ।
ਜਬ ਖਾਨਾ ਤੁਮਰੋ ਲੈ ਖਾਇ।
ਤਬਹੂ ਤੁਰਕ ਆਪ ਬਨ ਜਾਇ। ੯ ।........

ਉਪ੍ਰੋਕਤ ਮਸ਼ਵਰੇ ਅਨੁਸਾਰ ਖਾਣਾ ਤਿਆਰ ਕਰਕੇ ਦੋ ਉਮਰਾਵ ਦਸਾਂ ਬੰਦਿਆਂ ਨੂੰ ਨਾਲ ਲੈਕੇ

"ਕਾਰਾ ਗਰ ਮਹਿ ਚਲ ਕਰ ਗਏ।"

ਅਰ ਗੁਰੂ ਜੀ ਨਾਲ ਕਈ ਗਲਾਂ ਬਾਤਾਂ ਕਰ ਆਖਣ ਲਗੇ ਕਿ ਬਾਦਸ਼ਾਹ ਨੇ

"ਪਠਿਓ ਦੇਗਚਾ ਪਾਸ ਤੁਮਾਰੇ।
ਖਾਵਹੁ ਕਲਮਾ ਮਖਹੁ ਉਚਾਰੇ।
ਨਾਹਿ ਤ ਬਦ ਸਾਹੁ ਸੁਭਾਇ।
ਚਹੈ ਸੁ ਕਰੈ ਨਾ ਫੇਰਯੋ ਜਾਇ। ੨੦ ।......

ਸ੍ਰੀ ਗੁਰੂ ਜੀ ਨੇ ਉਮਰਾਵਾਂ ਦੀਆਂ ਗਲਾਂ ਸੁਣਕੇ ਫੁਰਮਾਇਆ। ਕਿ:—

ਕਿਆ ਨਿਸਚੇ ਕਰ ਹਮਹਿ ਖਵਾਵਤ।
ਕੌਨ ਕਾਜ ਤੁਮਰੇ ਬਨਿਆਵਤ।

ਸਤੋਂ ਧਰਮ ਰਖੋ:— ਧਰਮ ਭ੍ਰਿਸਟ ਅਪਰਨ ਕਰ ਦਨਾ —

ਇਸ ਹਠ ਕਰ ਤੁਮ ਬਹੁ ਦਖ ਲੈਨਾ। ੨੫ ।......

ਅਖੀਰ ਉਸ ਦਗ ਵਲ ਵਖ ਕੇ ਗੁਰੂ ਜੀ ਬਚਨ ਕੀਤਾ, ਲਿਆਓ ਵਿਖਾਲੋ ਤੁਸਾਂ ਕੀ ਮੇਰੇ ਖਾਣ ਲਈ ਲਿਆਂਦਾ ਹੈ, ਜਦ ਉਮਰਾਵਾਂ ਨੇ ਦੇਗਚੇ ਦਾ ਢਕਣ ਲਾਹਿਆ ਤਾਂ :—

"ਜਬਹਿ ਦੇਗਚਾ ਤੁਰਕ ਉਘਾਰਾ।

ਤਿਸ ਮਹਿ ਅਚਰਜ ਭਯੋ ਨਿਹਾਰਾ।
ਲਘੁ ਲਘੁ ਸੂਕਰ ਨਿਕਸੇ ਘਨੇ,
ਘੁਰ ਘੁਰ ਸ਼ਬਦ ਅਧਿਕਰੀ ਭਨੇ।
ਕੋ ਮੇਡਿਕ ਸਮ ਨਿਕਸੇ ਬਾਹਰ।
ਫਾਂਧ ਦਗਚੇ ਦੌਰਤ ਜਾਹਿਰ।੨੮
ਕਾਰੇ, ਕਬਰੇ, ਬਿਸਦ ਬਿਸਾਲੇ।
ਇੰਗਟ ਮੁਖ ਜਿਨ ਇਤ ਉਤ ਚਾਲੇ।......
ਤੁਰਕਨ ਕੇ ਪੈਰਨ ਵਿਚ ਦੌਰੈਂ।
ਪ੍ਰਵਿਸੇ ਜਾਇ ਬਸਨ ਨਿਸ ਠੌਰੈਂ।
ਜਹਾਂ ਬਨਹਿ ਖਾਨਾ ਤਿਸ ਕੇਰਾ।
ਧਾਇ ਧਾਇ ਤਹਿ ਕਰਤੇ ਫੇਰਾ।੩੨
ਕਾਰਾਗਰ ਮਹਿ ਸਭ ਇਸ ਥਾਨ।
ਦੌਰਹਿ ਫਿਰਹਿ ਸੁ ਤ੍ਰਾਸ ਮਹਾਨ।੩੪
ਤੋਬਾ ਤੋਬਾ ਤੁਰਕ ਕਰੰਤ।
ਕਿਆ ਹੋਯਹੁ ਕਿਛੁ ਨਾਹਿ ਜਨੰਤੇ।
ਭਏ ਨਪਾਕ ਸਗਲ ਹੀ ਰੀਤੀ।
ਕਹਾਂ ਈਮਾਨ ਰਹਿਯੋਗ ਬੀਤੀ"। ਅਧਿਕ ਵਿਸਥਾਰ ਵਾਸਤੇ ਵੇਖੋ ਸੂ. ਪ੍ਰ. ਰਾਸ ੧੨ ਅੰਸੂ ੫੧ ਇਸ ਪ੍ਰਕਾਰ ਜਦ ਉਮਰਾਵਾਂ ਸਮੇਤ ਸਾਰੇ ਤੁਰਕ–ਸਿਪਾਹੀਆਂ ਤੇ ਹੋਰ ਲੋਕਾਂ ਨੇ ਦੇਗਚੇ ਵਿਚੋਂ ਨਿਕਲੇ ਸੂਅਰਾਂ ਦੇ ਵਡੇ ਛੋਟੇ ਬਚਿਆਂ ਵਾਲਾ ਕੌਤਕ ਵੇਖਿਆ ਤਾਂ ਆਪੋ ਵਿਚ ਗਲਾਂ ਕਰਦੇ ਹਨ, ਕਿਵੇਂ-

ਦੋਹਰਾ:—

ਪੌਰ ਪੌਰ ਪਰ ਠੌਰ ਸਭ ਕਰਹਿ ਪਰਸ ਪਰ ਬਾਤ
ਗਹਯੋ ਗੁਰੂ ਹਿੰਦਵਾਨ ਕੋ
ਅਜਮਤ ਜੁਤ ਬਖਯਾਤ।........... ...

ਚੌ. ਇਹ ਤੁਰਕਨ ਕੋ ਤੇਜ ਬਿਨਾਸੈ।
ਕਰਨ ਕਠਨ ਹਠ ਅਸ ਉਰ ਆਸੈ।
ਇਸ ਪ੍ਰਕਾਰ ਪੁਰ ਰੌਹਾ ਪਰਯੋ।
ਘਰ ਘਰ ਦਰ ਦਰ ਸੁਨਯੋ ਕਰਿਯੋ।........

ਆਖਰ ਕਾਰ ਮੁਲਾਣਿਆ ਨੇ ਬਾਦਸ਼ਾਹ ਪਾਸ ਜਾ ਕੇ ਸਾਰਾ ਹਾਲ ਦਸਕੇ ਆਖਿਆ ਕਿ :–

(ਗੁਰੂ ਜੀ) ਨੇ
(ਕਿੰਚਤ ਨਹੀ ਤ੍ਰਾਸ ਕਰ ਮਾਨੀ।
ਅਧਕ ਢੀਠਤਾ ਮਨ ਮਹਿ ਠਾਨੀ॥
ਕਹੈ, ਕਿ ਤੁਮ ਕਿਸ ਧਰਮ ਛੁਟਾਵਉ।
ਇਸ ਕੋ ਫਲ ਬਡਿ ਸੰਕਟ ਪਾਵਹੁ।੧੦।

ਉਮਰਾਵਾਂ ਨੇ ਇਹ ਅਚਰਜ ਵਾਰਤਾ ਦਸੀ ਤਾਂ

ਸੁਨ ਨੌਰੰਗ ਬਾਦੀ ਮਤਿ ਮੂਢਾ।
ਦੀਨ ਸ਼ਰਾ ਹਠ ਕਠਨ ਅਰੂਢਾ।
ਫਰਕੇ ਹੋਠ ਲਾਲ ਕਰ ਨੈਣ।
ਰਿਸ ਕਰ ਗਰਬਤ ਬੋਲਤ ਬੈਨ।
ਤਿਸ ਕੋ ਹਮਨੇ ਪੂਰਬ ਕਹਯੋ।
ਕਰਾਮਾਤ ਦਿਹੁ ਜਿਮ ਚਿਤ ਚਹਯੋ।
ਨਟਤ ਰਹਯੋ ਨਹਿ ਕਛੂ ਦਿਖਾਈ।
ਮੁਝ ਮੈ ਅਜਮਤ ਅਹੈ ਨਾਂ ਕਾਈ।
ਅਬ ਜੇ ਖਾਨਾ ਲਗੇ ਖਵਾਵਨ।
ਕਿਉਂ ਇਹ ਕਰੀ ਆਪ ਦਿਖਰਾਵਨ।
ਕਹੈ ਝੂਠ ਹੈ ਅਜਮਤ ਧਾਰੀ।
ਬਹੁ ਮਾਂਨ ਬਨ ਕਿਆ ਕਰਹਿ ਬਿਚਾਰੀ।

ਅਰਥਾਤ - ਔਰੰਗ ਜੇਬ ਬੜੇ ਰੋਹ ਵਿਚ ਗਲਾਂ ਕਰਦਾ ਹੈ ਕਿ ਮੈਂ ਉਸਨੂੰ ਕਰਾਮਾਤ ਵਿਖਾਲਣ ਲਈ ਪਹਿਲਾਂ ਹੀ ਆਖਿਆ ਸੀ, ਪਰ ਉਹ ਮੇਰੇ ਪਾਸੋਂ ਮੁਨਕਰ ਹੋ ਗਿਆ ਸੀ। ਪਰ ਹੁਣ ਖਾਣਾ ਖਵਾਵਨ ਵੇਲੇ ਉਸਨੇ ਇਹ ਕਰਾਮਾਤ ਕਿਉਂ ਵਿਖਾਲੀ ਹੈ? ਤੁਸੀਂ ਜਾਕੇ ਆਖੋ ਕਿ "ਅਜਮਤਵਾਨ ਹੁੰਦਿਆਂ ਹੋਇਆਂ ਉਸਨੇ ਝੂਠ ਕਿਉਂ ਬੋਲਿਆ? ਬਾਦਸਾਹ ਦੇ ਹੁਕਮ ਅਨੁਸਾਰ ਉਮਰਾਵਾਂ ਨੇ ਜੇਲ ਵਿਚ ਆਕੇ ਗੁਰੂ ਜੀ ਨਾਲ ਜਾਂ ਸਾਰੀ ਗਲ ਬਾਤ ਔਰੰਗ ਜੇਬ ਦੀ ਦਸੀ ਹੋਈ ਮੁੜ ਕੇ ਕੀਤੀ। ਤਾਂ

ਸੁਨ ਸ੍ਰੀ ਤੇਗ ਬਹਾਦਰ ਰਾਇ,
ਉਮਰਾਵਨ ਸੋ ਕਹਯੋ ਬੁਝਾਇ।
ਇਸ ਕੋ ਅਜਮਤ ਨਾਹੀ ਜਾਨੋ,
ਮਨ ਕੇ ਖੋਟ ਬਿਕਾਰ ਪਛਾਨੋ।੩੦।
ਕਰਹਿ ਭਾਵਨਾ ਜੈਸੇ ਕੋਇ,
ਤਿਸ ਕੋ ਤਾਸ ਫਲ ਪ੍ਰਾਪਤ ਹੋਇ।
ਸ੍ਰੀ ਖੁਦਾਇ ਦਰਗਾਹ ਮੰਝਾਰ,
ਏਵ ਨਿਆਵ ਹੈ ਸਦਾ ਉਦਾਰ।੩੧।

ਧਰਮ ਭ੍ਰਸਟ ਹਮਰੋ ਕਹੁ ਕਹਯੋ,
ਤਿਸ ਕੋ ਫਲ ਤੁਮ ਤੈਸੇ ਲਹਯੋ।...... ......

ਅਰਥਾਤ - ਸ੍ਰੀ ਗੁਰੂ ਜੀ ਬਚਨ ਕੀਤਾ, ਕਿ ਸਾਡੇ ਵਲੋਂ ਇਹ ਉਤ ਜਾਕੇ ਬਾਦਸ਼ਾਹ ਨੂੰ ਦਿਓ? ਜਦ ਦੋਹਾਂ ਉਮਰਾਵਾਂ ਨੇ ਵਾਪਸ ਜਾਕੇ ਕਚਹਿਰੀ ਵਿਚ ਗੁਰੂ ਜੀ ਦਾ ਉਤਰ ਸੁਨਾਇਆ ਤਾਂ

"ਸੁਨ ਕਰ ਸਾਹੁ ਰੋਸ ਕਹੁ ਧਾਰਾ,
ਸਭ ਹਿਨ ਮਹਿ ਅਸ ਬਾਕ ਉਚਾਰਾ।
ਕੈ ਇਸ ਕਹੁ ਮੈ ਤੁਰਕ ਬਨਾਊਂ,
ਕੈ ਇਸਤੇ ਅਜਮਤ ਪਤੀਆਊਂ।
ਦ੍ਵੈ ਮਹਿ ਏਕ ਕਹੈ ਤਬ ਆਛੇ,
ਬੰਦ ਖਲਾਸ ਕਰੌ ਤਬ ਪਾਛੇ।

ਪਰ ਜੇਕਰ ਉਹ :—

ਸਿਰਰ ਅਪਨੇ ਕਹੁ ਨਿਰ ਬਾਹੈ,
ਤੌ ਅਪਨੇ ਨਹਿ ਜੀਵਨ ਚਾਹੈ।
ਮੈਂ ਦੇਵੋਂ ਇਸ ਕੋ ਮਰਵਾਇ,
ਨਿਜ ਲਾਇਕ ਕੀ ਪਾਇ ਸਜਾਇ।੪੦।
(ਰਾਸ ੧੨ ਅੰਸ ੫੨)

ਏਧਰ ਕਰਨ ਕਾਰਨ ਸਤਿਗੁਰੂ ਜੀ ਬਾਵਜੂਦ ਜੇਲਖਾਨੇ ਦੇ ਲਗੇ ਹੋਏ ਕਰੜੇ ਪਹਿਰੇ ਦੇ ਵੀ

"ਜਾਮ ਜਾਮਨੀ ਜਬਹੂੰ ਰਹੈ।
ਤਬ ਸਤਿਗੁਰ ਮਜਨ ਕੋ ਚਹੈ।੪
ਤਾਹੋਂ ਖੁਲ ਕਪਾਟ ਛੁਟ ਜਾਹਿ।
ਤਬ ਕਾਰਾਗੁਹਿ ਤੇ ਨਿਕਸਾਹਿ।
ਥਿਰਯੋ ਰਹੈ ਤਿਹ ਪਿਖਹਿ ਸਿਪਾਹੀ।
ਜਿਸਕੀ ਦ੍ਰਿਸ਼ਟ ਪਰੈ ਕੁਛ ਨਾਹੀ।
ਮੰਦ ਮੰਦ ਨਿਸ ਮਹਿ ਚਲ ਆਵੈ।
ਤਿਸੀ ਰੀਤ ਬੰਧਨ ਪਰ ਜਾਵੈ।
ਜਬ ਕੇ ਕੈਦ ਬਿਖੇ ਗੁਰ ਆਏ।
ਇਸ ਬਿਧ ਮਜਨ ਕਰ ਮਨ ਭਾਏ।

ਇਕ ਰੋਜ

"ਦੀਰਘ ਮਹਜਿਦ ਬਿਖੈ ਮੁਲਾਨਾ।
ਸੋ ਉਠ ਕਰ ਤਿਤ ਕੀਨ ਪਯਾਨਾ।
ਜਹਾਂ ਸ਼ਨਾਨ ਕਰਤ ਗੁਨ ਖਾਨੀ।
ਪਠਤੇ ਬਦਨ ਜਪੁ ਆਦਿਕ ਬਾਨੀ।
ਨਿਕਟ ਹੋਇ ਤਿਨ ਗੁਰੂ ਪਛਾਨੇ।
ਬਿਸਮਯੋ ਕਿਮ ਪਗ ਬੰਧਨ ਹਾਨੇ।
ਅਸ ਨਹ ਹੁਇ ਚਲੇ ਇਹ ਜਾਵੈ।
ਬਹੁਰ ਸਾਹ ਕੇ ਹਾਥ ਨਾ ਆਵੈ ੮
ਇਮ ਵਿਚਾਰ ਰਖ ਦ੍ਰਿਸਟ ਮਝਾਰੀ।
ਮੰਦ ਮੰਦ ਹ੍ਵੈ ਚਲਯੋ ਪਿਛਾਰੀ।
ਕਰ ਸਨਾਨ ਪੁਨ ਸਤਿਗੁਰ ਆਏ।
ਕਾਰਾਗਰ ਮਹਿ ਜਬ ਪ੍ਰਵਸਾਏ।੧੨
ਦੇਖਤ ਹਟਯੋ ਮੁਲਾਨਾ ਤਹਾਂ।
ਰਿਦੇ ਬਿਚਾਰ ਭਈ ਗਤਿ ਕਹਾਂ।
ਚੌਕੀਦਾਰ ਮਿਲੇ ਇਨ ਸੰਗ।
ਮੋਚ ਦੇਤ ਬੰਧਨ ਸਰਬੰਗ।

ਇਹ ਵਾਰਤਾ ਮੁਲਾਂ ਨੇ ਸਵੇਰੇ ਬਾਦਸ਼ਾਹ ਨੂੰ ਜਾ ਦਸੀ—ਜਿਹਾ ਕਿ:—

ਨਿਸ ਕੀ ਗਾਥਾ ਬੈਠ ਸੁਨਾਈ,
ਗੁਰ ਹਿੰਦੁਨ ਜੋ ਕੈਦ ਕਰਾਈ।
ਸੋ ਮੈ ਫਿਰਤ ਰਾਤ ਕੋ ਹੇਰਾ,
ਏਕ ਜਾਮ ਹੋਤੀ ਤਿਸ ਬੇਰਾ ੧੭।
ਬੰਧਨ ਅੰਕ ਬਿਖੈ ਤਿਸ ਨਾਹੀ,
ਕਰਤ ਗੁਸਲ ਜਮਨਾ ਜਲ ਮਾਂਹੀ।
ਮੈ ਦੇਖਤ ਗਮਨਯੋ ਤਿਸ ਪਾਛੇ,
ਕਰ ਮਜਨ ਮਨ ਭਾਵਤ ਆਛੇ।੧੮
ਕਾਰਾਗ੍ਰਿਹ ਪੁਨ ਜਾਇ ਪ੍ਰਵੇਸਾ,
ਮੈ ਹਟ ਆ ਇਓ ਬਿਲੋਕ ਅਸਸਾ।
ਚੌਕੀਦਾਰਨ ਕੋ ਧਨ ਦੀਨ,
ਜਿਨਹੁ ਸੁਰਤੀ ਨਾਹਿਨ ਕੀਨ।੧੯।........

ਮੌਲਵੀ ਕੋਲੋਂ ਇਹ ਗਲ ਸੁਣਕੇ

ਸੁਨ ਨੌਰੰਗ ਬਿਸਮਯੋ ਮਤ ਮੰਦ।
ਚੌਕੀਦਾਰ ਬੁਲਾਇ ਬ੍ਰਿੰਦ।
ਕਹਤ ਭਯੋ ਕਥਾ ਕਹਤ ਮੁਲਾਨਾ।
ਕਯੋਂ ਨ ਰਹਿਤ ਹ੍ਵੈ ਕੈ ਸਵਧਾਨਾ?
ਬੰਧਨ ਤਜ ਸ਼ਨਾਨ ਹਿਤ ਜਾਵਤ।

ਮਿਲੇ ਤਾਂਹਿ ਸੋ ਕਯੋਂ ਨ ਹਟਾਵਤ।

ਬਾਦਸ਼ਾਹ ਨੇ ਜਦ ਜਮਾਦਾਰ ਨੂੰ ਇਸਤਰਾਂ ਤੜਨਾ ਕੀਤੀ ਤਾਂ :–

ਤਬ ਕਰ ਜੋਰ ਸਿਪਾਹੀ ਕਹੈ।
ਭਿਰੇਕਿ ਦਾਰ ਸੁ ਤਾਰੋ ਰਹੈ।
ਸਾਯੁਧ ਠਾਂਡੇ ਦ੍ਵਾਰ ਅਗਾਰੀ।
ਤਕਰਾਈ ਨਿਸ ਦਿਨ ਕਰ ਭਾਰੀ।੨੩।
ਬਿਨ ਦਿੰਦਰਾ ਤੇ ਦੇਖਤ ਭਲੇ।
ਏਕ ਹਟ ਦੂਸਰ ਕਰ ਖਲੇ।
ਜੇ ਅਜਮਤ ਕਰ ਗੁਰ ਚਲ ਜਾਵੈਂ।
ਕਰ ਸਨਾਨ ਕਾਰਾ ਗਰ ਆਵੈਂ।੨੪।
ਕਹ ਦੋਸ ਤੌ ਹਮਰਾ ਨਾਹੀ।
ਨੇਤ੍ਰਨ ਤੇ ਨ ਬਿਲੋਕਯੋ ਜਾਹੀ।
ਪ੍ਰਿਥਮ ਆਪ ਨੇ ਨਿਰਣੋ ਕੀਨ।
ਘਰ ਸਿਖਯਨ ਕੇ ਭੋਜਨ ਲੀਨ।੨੫।

ਇਤਆਦਿਕ ਜਮਾਦਾਰ ਦੀਆਂ ਗਲਾਂ ਸੁਣਕੇ ਮੁਲਾਂਣੇ ਸਮੇਤ ਬਾਦਸ਼ਾਹ ਮਨ ਹੀ ਮਨ ਵਿਚ ਬੜੇ ਹੈਰਾਨ ਹੋਏ ਤੇ ਜਮਾਦਾਰ ਨੇ ਵਾਪਸ ਆ ਕੇ ਗੁਰੂ ਜੀ ਨੂੰ ਸਾਰਾ ਹਾਲ ਦਸਿਆ ਤੇ ਬੇਨਤੀ ਕੀਤੀ ਕਿ ਆਪ ਜੀ ਦੇ ਇਸਤਰਾਂ ਕਰਨ ਨਾਲ ਮੇਰੀ ਨੌਕਰੀ ਨ ਤੁਟ ਜਾਏ ? ਸ੍ਰੀ ਗੁਰੂ ਨੇ ਜਮਾਦਾਰ ਨੂੰ ਹੌਸਲਾ ਦਿਤਾ, ਕਿ ਤੂੰ ਚਿੰਤਾ ਨ ਕਰ, ਇਹ ਸਾਰਾ ਅਡੰਬਰ ਮਰਾ ਆਪਣਾ ਹੀ ਰਚਿਆ ਹੋਇਆ ਹੈ, ਹੋਰ ਕੋਈ ਗਲ ਨਹੀ। ਜਿਹਾ ਕਿ :—

"ਪ੍ਰੇਮੀ ਜਾਨ ਤੋਹਿ ਕੋ ਕਹਿਓ।
ਕਾਰਾਗਰ ਆਪੇ ਹਮ ਲਹਿਯੋ।
ਨਹਿ ਤ ਚਲੇ ਜਾਤ ਜਿਸ ਦੇਸ।
ਖੋਜੇ ਪਾਵਤ ਨਹੀ ਅਸੇਸ।੩੭
ਭੇਤ ਹਮਾਰਾ ਕਹੁ ਨ ਕਾਹੂੰ।
ਰਹੋ ਸਚੇਤ ਬੈਠ ਕਰ ਪਾਹੂੰ।
ਅੰਸੂ ੫੩

ਇਹਨਾਂ ਹੀ ਦਿਨਾਂ ਵਿਚ ਇਕ ਦਿਨ ਭਾਈ ਮਤੀ ਦਾਸ ਨੇ ਅਰਜ ਕੀਤੀ।

ਜੇ ਅਬ ਰਾਵਰ ਆਗਯਾ ਪਾਂਵੇਂ।
ਐਸੀ ਕਰਾਮਾਤ ਦਿਖਰਾਵੇਂ।
ਜਿਤਕ ਮਹੰਮਦ ਉਮਤ ਸਾਰੀ।
ਸਭ ਕੇ ਸਿਰ ਫੁਟਹਿ ਇਕ ਬਾਰੀ।
ਮਾਂਗਹਿ ਕਹਰ ਕਹਰ ਦਿਖਰਾਊਂ।
ਨਾਸ ਕਰੋਂ ਇਹ ਸਫਾ ਉਠਾਊਂ।੨੭

ਭਾਈ ਮਤੀ ਦਾਸ ਦੀਆ ਸ਼ਕਤੀ ਸ਼ਾਲੀ ਗਲਾਂ ਸੁਣਕੇ ਜਿਥੇ ਗੁਰੂ ਜੀ ਨੇ ਉਸਦੇ ਅੰਦਰੋਂ ਸਾਰੀ ਸ਼ਕਤੀ ਖਿਚ ਲਈ ਉਥੇ ਕਿਸੇ ਮੌਲਾਣੇ ਨੇ ਭਾਈ ਜੀ ਦੀਆਂ ਇਹ ਗਲਾਂ ਔਰੰਗਜ਼ੇਬ ਨੂੰ ਜਾ ਦਸੀਆਂ। (ਜਿਸ ਦੇ ਫਲਸਰੂਪ ਭਾਈ ਮਤੀ ਦਾਸ ਜੀ ਨੂੰ ਕਾਜ਼ੀਆਂ ਦੇ ਦਿਤੇ ਫਤਵੇ ਅਨੁਸਾਰ ਆਰੇ ਨਾਲ ਦੁਫਾੜ ਕਰਕੇ ਸ਼ਹੀਦ ਕੀਤਾ ਗਿਆ ਤੇ ਏਸੇ ਹੀ ਸਿਲਸਲੇ ਵਿਚ ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲ ਕੇ ਅਤੇ ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਅਗ ਲਾਕੇ ਸ਼ਹੀਦ ਕਰ ਦਿਤਾ।ਇਨਾਂ ਪ੍ਰਸ਼ੰਗਾ ਦਾ ਵਿਸਥਾਰ ਲੇਖ ਬ੍ਰਿਧੀ ਕਾਰਨ ਨਹੀ ਲਿਖਿਆ ਜਾ ਰਿਹਾ।)

ਕਰਤਾ ਸੂਰਜ ਪ੍ਰਕਾਸ਼ ਦੇ ਲਿਖਣ ਅਨੁਸਾਰ ਏਸੇ ਹੀ ਸਮੇ ਦੇ ਦੋਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਾਹਿਬਜ਼ਾਦੇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ)ਨੂੰ ਜੋ ਪਟਨੇ ਤੋਂ ਸ੍ਰੀ ਅਨੰਦਪੁਰ ਨੂੰ ਆਉਂਦੇ ਹੋਏ (ਸ੍ਰੀ ਗੁਰੂ ਜੀਦੇ ਹੁਕਮ ਅਨੁਸਾਰ)ਲਖਨੌਰ ਠਹਿਰੇ ਸਨ। ਇਹਨਾਂ ਨੂੰ ਅਨੰਦਪੁਰ ਪਹੁੰਚਣ ਦਾ ਹੁਕਮ ਦਿਲੀਓ ਭੇਜਿਆਂ ਤੇ ਸਗੋਂ ਏਸੇ ਸਮੇ ਹੀ ਗੁਰੂ ਜੀ ਨੇ ਆਪਣੀ ਰਚਿਤ ਬਾਣੀ ਤੇ ਸਲੋਕ (ਜੋ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਦਰਜ ਹਨ) ਲਿਖ ਕੇ ਸ੍ਰੀਦਸਮੇਸ਼ ਜੀ ਪਾਸ ਅਨੰਦਪੁਰ ਭੇਜੇ ਤੇ ਸਗੋਂ "ਬਲੁ ਛੁਟਕਿਓ ਬੰਧਨ ਪਰੇ" ਦੇ ਇਕ ਸ਼ਲੋਕ ਦੁਆਰਾ ਸਾਹਿਬਜ਼ਾਦੇ (ਸ੍ਰੀ ਦਸਮੇਸ਼) ਦੀ ਸ਼ਕਤੀ ਦੀਪ੍ਰੀਖਤਾ ਵੀ ਲਈ,ਜਿਸ ਦਾ ਉਤਰ ਸ੍ਰੀ ਦਸਮੇਸ਼ ਪਿਤਾ ਨੇ "ਬਲੁ ਹੋਆ ਬੰਧਨ ਛੁਟੇ" ਵਾਲਾ ਦੋਹਰਾ ਦਿਲੀ ਭੇਜ ਕੇ ਗੁਰੂ ਸ਼ਕਤੀਦ ਪ੍ਰਗਟਾਵਾ ਕੀਤਾ।

(ਵਿਸਥਾਰ ਵਾਸਤੇ ਇਹ ਸਾਰਾ ਪ੍ਰਸੰਗ ਵੇਖੋ ਸੂ: ਰਾਸ ੧੨ ਅੰਸੂ ੫੪ ਤੋਂ ੬੫ ਤਕ)

ਸਮੇ ਅਨੁਸਾਰ ਇਕ ਦਿਨ ਔਰੰਗਜ਼ੇਬ ਬਾਦਸ਼ਾਹ ਨੇ ਗੁਰੂ ਜੀ ਨੂੰ ਕਹਿ ਭੇਜਿਆ ਕਿ ਉਨਾਂ ਨੇ ਆਪਣਾ ਨਾਮ "ਤੇਗਬਹਾਦਰ" ਕਿ ਉਰਖਵਾਯਾ ਹੋਇਆ ਹੈ।

ਇਸਦੇ ਉਤਰ ਵਿਚ ਸ੍ਰੀ ਗੁਰੂ ਜੀ ਨੇ ਫੁਰਮਾਇਆ

ਸੁਨ ਸਤਿਗੁਰ ਬੋਲੇ ਮਤਧੀਰ।
ਨਾਮ ਰੂਪ ਇਹ ਧਰਮ ਸਰੀਰ।
ਇਸ ਮਹਿ ਕਾਰਨ ਰਾਖਯੋ ਜੋਇ।
ਨਿਰਨੈ ਕਰ ਭਾਖਹਿ ਸੁਨ ਸੋਇ।੧੦।
ਤੇਗ ਫੁਲਾਦੀ ਆਦਿ ਹਲੱਬੀ।
ਜਾਤ ਅਨੇਕਨ ਕੇਰ ਜੁਨੱਬੀ।
ਕੇਬੀ ਤੀਖਨ ਹੋਇ ਬਨਾਈ।
ਅਤਿ ਸੂਖਮ ਧਾਰਾ ਸੁਧਰਾਈ।
ਅਗ੍ਰ ਤਾਹਿ ਕੈ ਕਾਗਦ ਧਰਕੈ,
ਕਚੇ ਤਾਗੇ ਸੋ ਬੰਧ ਕਰੈ।
ਹੋਹਿ ਸਬਿਦਯਕ ਬਡ ਬਲਵਾਰਾ,
ਹਮਰੇ ਤਨ ਪਰ ਕਰੈ ਪ੍ਰਹਾਰਾ।੧੨।
ਅਪਰ ਬਾਰਤਾ ਕਹੀਐ ਕਾਤੇ,
ਕਾਗਦ ਭੀ ਨ ਸਕਹਿ ਛਿਦ ਤਾਂਤੇ।
ਏ ਅਜਮਤ ਹੈ ਨਾਮ ਹਮਾਰੇ,
ਕਰੋ ਜਿ ਹੁਇ ਨ ਪ੍ਰਤੀਤ ਤੁਮਾਰੇ।੧੩।
ਤੌ ਅਜਮਾਇਸ਼ ਕਰ ਲਿਹੁ ਦੇਖ,
ਕਹੋ ਸਾਚ ਸੋ ਲੇਹੁ ਪਰੇਖ।
ਇਹ ਜਬ ਉਤਰ ਗੁਰੂ ਪ੍ਰਕਾਸ਼ਾ,
ਚਪਲਤ ਗਏ ਸ਼ਾਹ ਕੇ ਪਾਸਾ।੧੪।

ਬਾਦਸ਼ਾਹ ਨੇ ਗੁਰੂ ਜੀ ਦਾ ਇਹ ਅੰਤਮ ਸੰਦੇਸਾ ਸੁਨਕੇ ਸਸਤ੍ਰ ਖਾਨੇ ਵਿਚੋਂ ਇਕ ਵਡੀ ਤੇ ਫੌਲਾਦੀ ਤਲਵਾਰ ਮੰਗਵਾਕੇ ਹੋਰ ਤੇਜ ਕਰਵਾਈ ਤੇ ਉਸਦੇ ਨਾਲ

"ਨਿਜ ਹਜ਼ੂਰ ਕਾਗਜ ਕੋ ਲੈ ਕੇ,
ਤਾਗੇ ਸੰਗ ਬੰਧ ਬੋ ਕੈ ਕੇ।
ਇਕ ਸੱਯਦ ਢਿਗ ਦੇਖ ਜਵਾਨ,
ਬਾਹੂ ਬਡੀ ਅਧਿਕ ਬਲਵਾਨ।੧੭
ਕਿਤਕ ਮੁਲਾਨੇ ਅਰ ਉਮਰਾਵ,
ਕਰੇ ਸੰਗ ਦੇਖਨ ਚਿਤ ਚਾਵ।.........

ਅਰਥਾਤ- ਔਰੰਗਜ਼ੇਬ ਨੇ ਅਪਨੇ ਹਥੀਂ ਤਲਵਾਰ ਦੀ ਧਾਰ ਤੇ ਪਤਲਾ ਕਗਜ ਕਚੇ ਤਾਗੇ ਨਾਲ ਬੰਨਿਆ ਤੇ ਇਕ ਵਡੇ ਮੋਟੇ ਬਲਵਾਨ ਸਯਦ ਦੇ ਹਥ ਉਹ ਤੇਗ ਦੇ ਕੇ ਸ੍ਰੀ ਗੁਰੂ ਜੀ ਉਤੇ ਵਾਰ ਕਰਨ ਨੂੰ ਤਿਆਰ ਕੀਤਾ, ਜਿਸਦੇ ਵੇਖਨ ਵਾਸਤੇ ਕਈ ਮੁਲਾਣੇ ਉਮਰਾਵ ਤੇ ਹੋਰ ਲੋਕ ਉਠ ਤੁਰੇ।

ਅਰ ਕਾਰਾ ਗ੍ਰਿਹ ਵਿਚ ਆਕੇ ਲੋਹੇ ਦੇ ਪਿੰਜਰੇ ਵਿਚੋਂ ਗੁਰੂ ਜੀ ਨੂੰ ਬਾਹਰ ਆਉਣ ਵਾਸਤੇ ਆਖਿਆ। ਮਰਯਾਦਾ ਪੁਰਸ਼ੋਤਮ ਸਤਿਗੁਰੂ ਜੀ ਨੇ ਪਿੰਜਰੇ ਵਿਚੋਂ ਬਾਹਰ ਆ ਪਹਿਲੇ ਪਾਸ ਵਾਲੇ ਖੂਹ ਤੋਂ ਇਸਨਾਨ ਕਰਕੇ ਜਪਜੀ ਸਾਹਿਬ ਦਾ ਪਾਠ ਕਰਦੇ ਹੋਏ ਇਕ ਪਿਪਲ ਦੇ ਬ੍ਰਿਛ ਹੇਠ ਪਦਮਾਸਨ ਲਾਕੇ (ਚੌਕੜਾ ਮਾਰ ਬੈਠ ਗਏ। ਇਸਤਰਾਂ :-

ਢਰਯੋ ਦੁਪਿਹਿਰਾ ਜਬ ਇਕ ਘਰੀ।
ਜਪਜੀ ਪਾਠ ਸੁ ਪੂਰੀ ਕਰੀ।
ਭੋਗ ਪਾਇ ਜਬ ਸੀਸ ਨਿਵਾਯੋ।
ਪੁਨ ਉਪਰ ਕੋ ਜਬਹਿ ਉਠ ਯੋ। ੩੭
ਸਈਯਦ ਤਬ ਕਰਕੈ ਬਲਬਾਹੂ,
ਤੇਗ ਪ੍ਰਹਾਰ ਤਾਕ ਗਰ ਮਾਹੂ।
ਕਰੀ ਚਲਾਵਨ ਗਈ ਨ ਤਹ ਲੌ,
ਧਰ ਤੇ ਸਿਰ ਉਤਰਯੋ ਗੁਰ ਪਹਿਲੌਂ।
ਫੇਰ ਵਾਰ ਝਟਕ ਭੁਜ ਪਰੀ,
ਲਗੀ ਨ ਗ੍ਰੀਵ ਮਹਿ ਉਰਧਰੀ।
ਉਡਯ ਸੀਸ ਹੁਇ ਅੰਤਰ ਧਯਾਨਾ,
ਬਹੀ ਅੰਧੇਰੀ ਧੂਲ ਮਹਾਨਾ।
ਤਿਹ ਸਿਖ ਕੀ ਝੋਰੀ ਸਿਰ ਆਯਹੁ,
ਤ੍ਰਸਤ ਹੋਇ ਤਿਨ ਭਲੇ ਛਪਾਯਹੁ।
ਹਟਿ ਕਿਸਹੂ ਕੀ ਦਿਸ ਨਹਿ ਦੇਖਾ,
ਨਿਕਸਯੋ ਪੁਰ ਤੇ ਸੀਘ੍ਰ ਵਿਸ਼ੇਖਾ।...........
ਸਿਮਰਤ ਗੁਰੂ ਗਰੀਬ ਨਿਵਾਜ,
ਰਾਖਹੁ ਨਿਜ ਦਾਸਨ ਕੀ ਲਾਜ।੪੩।
ਅੰਸੂ ੬੫।

ਇਸ ਪ੍ਰਕਾਰ ਜਦ ਸ੍ਰੀ ਸਤਿਗੁਰੂ ਜੀ ਦਾ ਅਪਨੀ ਇਛਾ ਅਨੁਸਾਰ ਭਾਣਾ ਵਰਤ ਕੇ । ਗੁਰੂ-ਸ਼ਕਤੀ ਦੁਆਰਾ, ਸੀਸ ਇਕ ਸਿਖ ਦੀ ਝੋਲੀ ਵਿਚ ਆ ਡਿਗਾ ਅਤੇ ਉਹ ਇਸ ਭੀੜ ਤੇ ਵਗ ਰਹੀ ਅੰਧੇਰੀ ਵਿਚੋਂ ਸੁਰਖਯਤ ਲੰਘ ਕੇ ਅਨੰਦਪੁਰ ਨੂੰ ਰਵਾਨਾ ਹੋ ਗਿਆ ਤਾਂ ਬਾਦ ਵਿਚ ਭਾਈ ਲਖੀ ਸ਼ਾਹ ਵਣਜਾਰੇ ਨੇ ਬੜੀ ਫੁਰਤੀ ਨਾਲ ਗੁਰੂ ਜੀ ਦੀ ਦੇਹ ਨੂੰ ਅਪਨੇ ਢੰਗ ਨਾਲ ਸੰਭਾਲ ਲਿਆ ਅਤੇ ਅਪਣੇ ਘਰ ਦੇ ਕੋਠੇ ਵਿਚ ਰਾਖਕੇ ਇਕ ਦਮ ਉਸਨੂੰ ਅਗ ਲਾ ਕੇ ਰੌਲਾ ਪਾ ਦਿਤਾ ਕਿ ਸਾਡੀਆਂ ਝੁਗੀਆਂ ਨੂੰ ਹਨੇਰੀ ਨਾਲ ਅਗ ਲਗ ਗਈ ਹੈ? ਇਸ ਤੋਂ ਬਿਨਾਂ ਹੋਰ ਕਿਸੇ ਵੀ ਆਦਮੀ ਨੂੰ ਅਸਲੀ ਗਲ ਦਾ ਪਤਾ ਨਾ ਲਗ ਸਕਿਆ।

ਸੂਰਜ ਪ੍ਰਕਾਸ਼ ਵਿਚ ਇਹ ਪ੍ਰਸੰਗ ਬੜੇ ਵਿਸਥਾਰ ਵਿਚ ਲਿਖੇ ਹਨ-ਪਰ ਏਥੇ ਕੇਵਲ ਇਤਨਾ ਹੀ ਸੰਕੇਤ ਦੇਕੇ-ਮਹਿਮਾ ਪ੍ਰਕਾਸ਼ ਵਿਚ ਅੰਕਿਤ ਉਪ੍ਰੋਕਤ ਘਟਨਾ ਦੇ ਕੁਝ ਸੰਕੇਤ ਪਾਠਿਕਾਂ ਦੀ ਜਾਣਕਾਰ ਵਾਸਤੇ ਦਤੇ ਜਾਂਦੇ ਹਨ।

ਮਹਿਮਾ ਪ੍ਰਕਾਸ਼—

ਇਸ ਗ੍ਰੰਥ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇਤਹਾਸ ਦ ਅਠ ਲਵੀਂ ਸਾਖੀ ਤੋਂ ਅਗੇ ਬਾਬਾ ਸਰੂਪ ਦਾਸ ਲਿਖਦੇ ਹਨ ਜਦੋਂ ਗੁਰੂ ਜੀ ਆਸਾਮ ਦੇ ਦੌਰੇ ਤੋਂ ਪਟਨ ਆਏ ਤਾਂ ਇਨ ਦੇ ਆਉਣ ਤਕ ਸਾਹਿਬ ਜ਼ਾਦੇ (ਸ੍ਰੀ ਦਸਮੇਸ਼ ਜੀ) ਗ੍ਰੰਥ ਕਰਤਾ ਅਨੁਸਾਰ ਕਾਫ਼ੀ ਸਿਆਣੇ ਹੋ ਚੁਕੇ ਹੋਏ ਸਨ, ਜਿਨ੍ਹਾਂ ਨੂੰ ਗੁਰਤਾ ਦੇਣ ਦੇ ਯੋਗ ਸਮਝਾਦਿਆਂ ਇਕ ਦਿਨ ਚੌਪਈ:—

"ਤਬ ਕ੍ਰਿਪਾ ਸਿੰਧ ਗੁਰ ਕੀਆ ਬਿਚਾਰਾ।
ਯਹ ਪੂਰਨ ਰਾਜ ਜੋਗ ਅਧਿਕਾਰਾ।
ਕਲਜੁਗ ਪਰਗਟ ਪੰਥ ਜੋ ਕਰਨਾ।
ਸਭ ਬਿਧ ਕੋ ਯਹ ਧਾਰਨ ਧਰਨਾ।
ਲਾਇਕ ਤਿਲਕ ਸਿੰਘਾਸਨ ਭਏ।
ਧਰਮ ਤੇਜ ਪੁੰਨ ਨਿਰਮਏ।
ਦੇ ਤਿਲਕ ਸਿੰਘਾਸਨ ਕਰੋ ਪਿਆਨਾ।
ਰਾਜਾ ਸੰਗ ਦਿਲੀ ਮੋਹਿ ਜਾਨਾ।
ਪ੍ਰਾਤਕਾਲ ਪ੍ਰਭ ਕੀਨ ਸਮਾਹਾ।
ਮੰਗਲਚਾਰ ਗ੍ਰਹਿ ਭਇਆ ਉਮਾਹ।
ਸ੍ਰੀ ਬਾਲ ਮੁਕੰਦ ਸਨਾਨ ਕਰਾਏ।
ਅਦਭੁਤ ਬਸਤ੍ਰ ਭੂਖਨ ਪਹਿਰਾਏ।
ਤਿਲਕ ਗੁਰਾਈ ਮਸਤਕ ਕੀਨਾ।
ਨਾਲਯਰ ਭੇਟ ਪ੍ਰਭ ਦੀਨਾ।
ਜੈ ਜੈ ਕਾਰ ਪੂਰ ਧੁਨਿ ਰਹੀ।
ਅਤਿ ਪ੍ਰਸੰਨ ਸੰਗਤ ਸਭ ਭਈ।੩੦

ਸੋਰਠ

ਜਿਮ ਦੀਪਕ ਤੇ ਦੀਪ ਪੂਰਨ ਪ੍ਰਕਾਸ਼, ਉਜਿਆਰ ਸਮ।
ਇਮ ਜੁਗਲ ਸਰੂਪ ਸਮੀਪ ਏਕ ਜੋਤ ਮੂਰਤ ਜੁਗਲ :— ਪੰਨਾ ੧੩੮

ਸਾਖੀ ੧੯—ਪੰਨਾ ੧੪੦
ਆਗੇ ਸਾਖੀ ਸ੍ਰੀ ਸਿਤਗੁਰੂ ਰਾਜ ਕੇ ਸਾਥ ਦਿਲੀ ਆਵੇਂਗੇ।
ਅਰ ਜੋਤੀ ਜੋਤ ਸਮਾਵਨੇ ਕਾ ਪਰਮ ਚਰਿਤ੍ਰ ਨਿਰੂਪਨ ਹੋਇਗਾ।

ਜਿਥੇ ਆਮ ਇਤਹਾਸ ਕਾਰਾਂ ਨਾਵੇਂ ਪਾਤਸ਼ਾਹ ਜੀ ਦੇ ਦਿਲੀ ਪਧਾਰਨ ਦਾ ਆਰੰਭ ਕਸ਼ਮੀਰੀ ਪੰਡਤਾਂ ਦੀ ਅਰਜ ਕਰਨ ਤੇ ਸ੍ਰੀ ਅਨੰਦਪੁਰ ਤੋਂ ਕਰਦੇ ਹਨ, ਉਥੇ ਕਰਤਾ ਮਹਿਮਾ ਪ੍ਰਕਾਸ਼ ਗੁਰੂ ਜੀ ਨੂੰ ਰਾਜਾ ਬਿਸ਼ਨ ਸਿੰਘ ਦੇ ਨਾਲ ਪਟਨੇ ਤੋਂ ਹੀ ਦਿਲੀ ਵਾਸਤੇ ਰਵਾਨਾ ਕਰਦਾ ਹੈ, ਜਿਹਾ ਕਿ:—

(ਪਟਨੇ ਸਾਹਿਬ ਤੋਂ)

ਦੋਹਰਾ- ਦਸਮ ਗੁਰੂ ਥਾਪਨ ਕੀਆ ਪੁਨ ਦਿਲੀ ਕੀਆ ਧਿਆਨ।
ਰਾਜੇ ਕੇ ਸੰਗਿ ਹੋਇ ਚਲੇ
ਅਬ ਸੁਨੋ ਚਲਿਤ੍ਰ ਸੁਜਾਨ ।੧੧।

ਅੜਿਲ

ਰਾਜੇ ਸੰਗ ਚਲੇ ਦਿਆਲ ਗੁਰ ਦਿਲੀ ਆਏ

ਬਚਨ ਪ੍ਰਬੰਧ ਸੁਨਾਇ ਭੂਪ ਕੋ ਕਹੇ ਸਮਝਾਇ।
ਅਬ ਤੁਮਰੇ ਕਾਰਜ ਭਯੋ ਕਾਜ ਹਮ ਧਰਮੋ ਕਰਨਾ।
ਹੋ ਮਾਨੁਖ ਅਧੀਨ ਕੀ ਜੁਗਤ ਕਰੋ–
ਸਭ ਪ੍ਰਗਟ ਆਚਰਨਾ।

ਦੋਹਰਾ

ਜਹਾਂ ਤੇ ਲਿਆਏ ਤੁਮ ਹਮੈ ਦੀਜੈ ਤਹਾ ਪਹੁਚਾਏ।
ਤੁਰਕ ਸੋ ਦਾਮਨ ਪਾਕ ਕਰ ਅਪਨੇ ਦੇਸ਼–
ਕੋ ਜਾਇ ।੧੩।

ਅਰਥਾਤ- ਗੁਰੂ ਜੀ ਨੇ ਰਾਜੇ ਬਿਸ਼ਨ ਸਿੰਘ ਨੂੰ ਹੁਕਮ ਕੀਤਾ, ਕਿ ਮੈਨੂੰ ਜਿਥੋਂ ਤੂੰ ਅਪਣੀ ਸਹਾਇਤਾ ਵਾਸਤੇ ਲੈ ਕੇ ਆਇਆ ਸੀ, ਹੁਣ ਸਾਨੂੰ ਵਾਪਸ ਉਥੇ ਹੀ ਛਡ ਆ।

ਫਿਰ ਗੁਰੂ ਜੀ ਦੇ ਹੁਕਮ ਅਨੁਸਾਰ – (ਅੜਿਲ)

"ਰਾਜ਼ਾ ਬਚਨ ਕੋ ਮਾਨ–
ਸਤਿਗੁਰ ਤਹਾਂ ਲੈ ਆਇਆ।
ਲੇ ਪਠੀ ਰਸੀਦ ਬਾਦਸ਼ਾਹ ਬਹੁਰਿ–
ਨਿਜਦੇਸ ਸਿਧਾਇਆ।
ਆਲਮਗੀਰ ਸੁਨ ਖਬਰ-
ਬਹੁਤ ਮਨ ਮਾਹਿ ਰਿਸਾਨੇ।
ਜਿਨ ਬਿਸ਼ਨ ਸਿੰਘ ਸੰਗ–
ਹੋਇਆ ਕਾਮਰੂ ਦੇਸ ਜਿਤਾਨੇ।
ਕੁਛ ਕਰਾਮਾਤ ਹਮ ਪਰ ਕਰੇ–
ਤਾਕੋ ਜਤਨ ਅਬ ਕੀਜੀਏ।
ਹੋ ਕਪਟ ਧਪਟ ਬਿਧ ਧਾਰ ਧਰਮ–
ਤਾਹਿ ਹਿਰ ਲੀਜੀਏ।੧੪।

ਦੋਹਰਾ

"ਸਤਿਗੁਰ ਧਾਰ ਸੰਕਲਪ ਪੁਨਿ-
ਸ੍ਰੀ ਗੁਬਿੰਦ ਗੁਰ ਚੇਤ।
ਲਿਖ ਕਿਰਪਾ ਪਤ੍ਰ ਕਰਨ ਬਚਨ-
ਗਿਆਨ ਪ੍ਰਤਗਿਆ ਹੇਤ।੧੭

ਸ੍ਰੀ ਮੁਖ ਵਾਕ ਗਿਆਨ ਪ੍ਰਤਗਿਆ ਹੇਤ ਸ੍ਰੀ ਗੁਰ ਗੋਬਿੰਦ ਜੋਗ :–

"ਬਲ ਟੂਟੇ ਬੰਧਨ ਪਰੇ ਕਛੂ ਨ ਹੋਤ ਉਪਾਇ।
ਕਹੁ ਨਾਨਕ ਅਬ ਓਟ ਹਰਿ ਗਜ ਜਿਉ-
ਹੋਇ ਸਹਾਇ।
ਸੰਗ ਸਖਾ ਸਭ ਤਜ ਗਏ ਕਾਹੂ ਨ-
ਕੀਨਾ ਸਾਥ।
ਕਹੁ ਨਾਨਕ ਯਾ ਬਿਪਤ ਮੈ ਟੇਕ ਏਕ ਰਘੁਨਾਥ

ਚੌਪਈ

ਲੇ ਹੁਕਮ ਮੇਵੜਾ ਪਟਨੇ ਆਇਆ,
ਸ੍ਰੀ ਗੁਰੂ ਗੁਬਿੰਦ ਲੈ ਮਸਤਕ ਲਾਇਆ।
ਜਬ ਯਹ ਚਲਿਤ ਗੁਬਿੰਦ ਗੁਰ ਜਾਨਾ,
ਦੋਇ ਦੋਹਰਾ ਸ੍ਰੀ ਮੁਖ ਕੀਆ ਬਖਾਨਾ।
ਲਿਖ ਅਰਦਾਸ ਪ੍ਰਭ ਦਈ ਪਠਾਇ,
ਸ੍ਰੀ ਸਤਿਗੁਰ ਪਰ ਪਹੁਚੀ ਜਾਇ।
ਪੜੇ ਦੋਹਰੇ ਸਤਿਗੁਰ ਮਗਨਾਨੇ,
ਪੂਰਨ ਸਰਬ ਸਕਤਿ ਪਹਿਚਾਨੇ।੨੦।

ਸ੍ਰੀ ਮੁਖ ਵਾਕ ਪਾਤਸ਼ਾਹੀ ੧੦ :–

ਬਲ ਹੂਓ ਬੰਧਨ ਛੁਟੇ ਸਭ ਕੁਛ ਹੋਤਉਪਾਇ।
ਸਭ ਕਛੁ ਤੁਮਰੇ ਹਾਥ ਹੈ ਤੁਮ ਹੀ ਹੋਇ ਸਹਾਇ।
ਨਾਮ ਰਹਿਓ ਸਾਧੂ ਰਹਿਓ ਰਹਿਓ ਗੁਰ ਗੋਬਿੰਦ।
ਕਹੁ ਨਾਨਕ ਯਾਂ ਜਗਤ ਮੇ ਕਿਨ ਜਪਿਆ ਗੁਰਮੰਤ।

ਇਸ ਤੋਂ ਅਗੇ ਸ੍ਰੀ ਗੁਰੂ ਨਾਂਵੇ ਪਾਤਸ਼ਾਹ ਜੀ ਦੀ ਸ਼ਹੀਦੀ ਬਾਬਤ ਜ ਦ੍ਰਿਸ਼ਟ ਕੂਟੀ ਸੰਕੇਤ ਗ੍ਰੰਥ ਕਰਤਾ ਨੇ ਮਹਿਮਾ ਪ੍ਰਕਾਸ਼ ਵਿਚ ਦਤੇ ਹਨ-ਉਨਾਂ ਦੇ ਭਾਵ ਅਰਥ ਪਾਠਕ ਜਨ ਆਪ ਹੀ ਵਿਚਾਰਨ ਦੀਖੇਚਲ ਕਰ ਲੈਣ?

ਦੋਹਰਾ

ਦੇਖਨ ਮੋ ਓਰੰਗਜੇਬ ਚਿਤਵਿਓ-
ਅਧਰਮ ਅਨੀਤ।
ਬਿਪਰੀਤ ਜੁਗਤ ਅਹਦੀ ਪਠਿਓ-
ਗੁਰ ਜਾਨੀ ਨਿਰਮਲ ਰੀਤ।੨੨।

ਚੌਪਈ

ਜਬ ਅਹਿਦੀ ਦਿਲੀ ਕੋ ਚਲਾ।
ਸ੍ਰੀ ਸਤਿਗੁਰੂ ਲਖੀ ਪਾਪ ਕੀ ਕਲਾ॥
ਯਹ ਸੰਕਲਪ ਮਨਮੇ ਪ੍ਰਗਟਾਨ।
ਧਰਮ ਹੇਤ ਤਨ ਤਿਆਗਨ ਠਾਨ।੨੩
ਮੁਸਟ ਭਾਂਗ ਪਰ ਦੀਨਾ ਰਾਜ।

ਦੇ ਸੀਸ ਲੈ ਨਿਜ ਬਚਨ ਸਮਾਜ।
ਧਰਮ ਹੇਤ ਸੀਸ ਅਬ ਦੀਜੈ।
ਜੰਞੂ ਤਿਲਕ ਕਲਜੁਗ ਰਖ ਲੀਜੈ।੨੪
"ਇਕ ਰਾਜਪੂਤ ਪ੍ਰਭ ਲੀਆ ਬੁਲਾਇ।
ਚੌਂਕੀ ਮਹਿ ਰਹੇ ਸੇਵਕ ਕੇ ਭਾਇ।
ਕਰ ਬਚਨ ਪ੍ਰਬੋਧ ਦਿਆਲ ਤਿਸ ਭਾਖਾ।
ਯਹ ਤਲਵਾਰ ਜੋ ਤੁਮ ਹਥ ਰਾਖਾ।੨੫
ਯਹ ਭਗੌਤੀ ਤੀਛਨ ਧਾਰਾ।
ਇਕ ਧਰਮ ਕਾਜ ਤੁਮ ਕਰੋ ਹਮਾਰਾ।
ਹਮ ਧਰਮ ਹੇਤ ਤਨ ਤਿਆਗਨ ਚਹਾ।
ਨਿਜ ਸੇਵਕ ਜਾਨ ਤੇ ਸੋ ਮੈ ਕਹਾ।

ਦੋਹਰਾ

ਸੁਨ ਤਾਕੇ ਸੰਕਾ ਬਢੀ।
ਕਰ ਨ ਸਕੈ ਗੁਰ ਕਾਜ।
ਕ੍ਰਿਪਾ ਦ੍ਰਿਸਟ ਤਾਂ ਪਰ ਕਰਿਓ।
ਹਿਰਦੈ ਗਿਆਨ ਸਮਾਜ।੨੭

ਚੌਪਈ

ਤਬ ਤਿਨ ਮਨ ਮੋ ਕੀਆ ਬਿਚਾਰਾ।
ਗੁਰ ਸਭ ਬਿਧ ਕਰਨ ਕਰਾਵਨ ਹਾਰਾ।
ਦੇਹ ਅਤੀਤ ਬ੍ਰਹਮ ਸੁਖ ਰਾਸੀ।
ਗੁਰ ਮਹਿਮਾ ਤਾ ਕੇ ਮਨ ਪ੍ਰਗਾਸੀ।੨੮
ਗੁਰ ਬਚਨ ਚਲੀ ਖੰਡੇ ਕੀ ਧਾਰਾ।
ਕਰ ਮਜਨ ਸੀਸ ਭਇਆ ਤਨਸੇ ਨਿਆਰਾ
ਯਹ ਧਰਮ ਹਿਤ ਪ੍ਰਭ ਸਾਕਾ ਕੀਨਾ।
ਸੀਸ ਦੀਆ ਪਰ ਸਿਰਰ ਨ ਦੀਨ।੨੯
ਅੰਜਨ ਤਿਆਗ ਨਿਰੰਜਨ ਭਏ,
ਸੁਨ ਚੌਕੀ ਦਾਰ ਬਿਸਮ ਹੋਇ ਗਏ।
ਤਿਨ ਬਾਦਸ਼ਾਹ ਕੋ ਭੈ ਮਨ ਕੀਨਾਂ,
ਭਲੀ ਭਾਂਤ ਰਾਖੀ ਤਿਨ ਕੀਨਾ।
ਪੁਨ ਗੁਰ ਆਗਿਆ ਸੋ ਯਹ ਥਿਆ,
ਗੁਰ ਦੇਹ ਅਨੰਦ ਪੁਰ ਪ੍ਰਾਪਤ ਭਇਆ।
ਤਤਕਾਲ ਅਹਿਦੀ ਤਹਾਂ ਆਇਆ।
ਯਹ ਚਲਤ ਦੇਖ ਬਿਸਮਾਦ ਜਨਾਇਆ।

ਦੋਹਰਾ

ਵਹ ਚੌਕੀਦਾਰ ਬੁਲਾਇ ਸਭ-
ਖੋਜ ਰਹਾ ਗੁਰ ਦੇਹ।
ਜਿਮ ਰਵਿ ਕਿਰਨ ਰਵਿ ਸੋ ਮਿਲੀ-
ਲਖੈ ਨ ਕੋਈ ਕੇਹ।੩੩।
ਹੋਇ ਪਿਸ਼ੇਮਾਨ ਵੈ ਅਹਿਦੀਆ,
ਫਿਰ ਜਾਇ ਕਹਾ ਬਾਦਸ਼ਾਹ-
ਅਦਭੁਤ ਚਰਿਤ੍ਰ ਸਤਿਗੁਰ ਕਰਾਂ-
ਕਛ ਹਾਥ ਨ ਲਾਗਿਓ ਤਾਹ।੩੪।......
(ਪੰਨਾ ੭੪੨ ਤੋਂ ੬੫ ਤਕ)

ਕਰਤਾ ਮਹਿਮਾ ਪ੍ਰਕਾਸ਼ ਅਨੁਸਾਰ ਸ੍ਰੀ ਦਸਮੇ ਪਾਤਸ਼ਹ ਇਸ ਵਕਤ ਤਕ ਭੀ ਪਟਨੇ ਵਿਚ ਨਿਵਾਸ ਰਖ ਰਹੇ ਸਨ, ਅਰ ਓਥੇ ਹੀ ਇਹਨਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੋਤੀ ਜੋਤ ਸਮਾਉਣ ਬਾਬਤ ਸੁਣਿਆ ਸੀ
ਜਿਹਾ ਕਿ :-

ਯਹ ਬ੍ਰਿਤਾਂਤ ਗੁਰ ਪਟਨੇ ਸੁਨਾ,
ਸੁਨ ਗੁਰ ਗੋਬਿੰਦ ਸਿੰਘ ਸਾਹਿਬ ਸਿਰਧੁਨਾ
ਬਹਰ ਮੁਖ ਬਿਸਮਾਦ ਦਿਖਾਇਆ,
ਅੰਤਰ ਜੋਤੀ ਜੋਤ ਸਮਾਇਆ।

ਦੋਹਰਾ

ਇਮ ਜੋਤੀ ਜੋਤ ਸਮਾਇ ਪ੍ਰਭ ਅਦਭੁਤ-
ਚਲਿਤ ਦਿਖਾਇ।
ਨਵ ਤਨ ਰੂਪ ਪ੍ਰਕਾਸ਼ ਜਗ ਗਤਿ ਮਿਤਿ-
ਲਖੀ ਨ ਜਾਇ। ....
ਪੰਨਾ ੭੪੭

ਬੰਸਾਵਲੀ ਨਾਮੇ ਅਨੁਸਾਰ ਦਿਲੀ ਨਿਵਾਸ ਸਮੇ ਦਾ ਹਾਲ

ਪਾਠਿਕ ਜਨ ਕਰਤਾ ਮਹਿਮਾ ਪ੍ਰਕਾਸ਼ ਦੇ ਲਿਖਣ ਅਨੁਸਾਰ ਜਿਵੇਂ ਸ੍ਰੀ ਗੁਰੂ ਨਾਵੇਂ ਪਾਤਸ਼ਾਹ ਦੇ ਦਿਲੀ ਵਿਚ ਰਹਿਕੇ ਅਸਾਮ ਵਲ ਜਾਣ ਤੇ ਓਧਰੋ ਆਕੇ ਇਕ ਨਿਜੀ ਸੇਵਕ ਦੇ ਰਾਹੀਂ ਗੁਰੂ ਜੀ ਦੇ ਸ਼ਹੀਦ ਹੋਣ ਦੇ ਸੰਕੇਤ ਪੜ ਚੁਕੇ ਹਨ ਅਤੇ ਇਹ

ਵੀ ਪੜ੍ਹ ਚੁਕੇ ਹਨ ਕਿ ਦਸਵੇਂ ਪਾਤਸ਼ਾਹ ਉਸ ਵਕਤ ਪਟਨੇ ਵਿਚ ਹੀ ਨਿਵਾਸ ਰਖ ਰਹੇ ਸਨ, ਤਿਵੇਂ ਕਰਤਾ ਬੰਸਾਵਲੀ ਨਾਮੇ (ਕੇਸਰ ਸਿੰਘ ਛਿਬਰ) ਅਨੁਸਾਰ ਸ੍ਰੀ ਨੌਮੇ ਗੁਰੂ ਜੀ ਦੇ ਦਿਲੀ ਨਿਵਾਸ ਸਮੇ ਦੇ ਪ੍ਰਸੰਗ ਵੀ ਸੰਖਿਪਤ ਰੂਪ ਵਿਚ ਪੜ੍ਹਨ ਦੀ ਖੇਚਲ ਕਰਨ।

"ਪਰਖ ਪੰਨਾ ੮੯ ਤੋਂ ਅਗੇ:

ਜਵਾਬ ਸੁਆਲ ਤੁਰਕਾ ਨਾਲ ਕੀਤਾ।
ਤੁਰਕ ਕਹਿਆ ਮੈ ਬੜਾ ਕੀਤਾਹੈ ਅਨੀਤਾਂ
ਭਾਈ ਬਾਪ ਭਤੀਜੇ ਮਾਰੇ।
ਕਾਰਨ ਪਾਤਸ਼ਾਹੀ ਰਾਜ ਹੰਕਾਰੇ।
ਮੈ ਕੀਤੇ ਹੈਨ ਖੂਨ ਸੋ ਯਹਿ ਦੇਹੁ ਬਖਸਾਇ
ਜੇ ਤੂੰ ਪੀਰ ਫਕੀਰ ਸਾਂਈ ਲੋਕ ਅਖਾਏ।
ਨ ਬਖਸਾਸਿ ਤੇਰੀ ਪਹੁੰਚ ਹੈ ਨਾਹੀ।
ਤਾਂ ਘਰ ਆਉ ਦੀਨ ਕੇ ਮਾਹੀ।
ਯਹਿ ਦੋਨੋ ਬਾਤ ਨਾ ਕਰੋ।
ਤਓ ਕਛੁ ਅਜਮਤ ਦਿਖਾਉ।
ਇਹ ਭੀ ਨ ਕਰੋ ਤਉ ਸੀਸ ਕਟਾਉ।
ਬਚਨ ਕੀਤਾ, ਜੋ ਅਪਨੇ ਘਰ ਰਹੈ
ਸੋ ਦੀਨ ਕਹਾਵੈ।
ਦੂਜੇ ਘਰ ਜਾਵੈ ਬਦੀ ਅਖਾਵੈ।
ਅਜਮਤ ਹੈ ਕਹਰ ਫਕੀਰ ਨਹੀਂ ਦਸੈ।
ਸਾਂਈ ਖੜਾ ਸਿਰ ਊਪਰਿ ਹਸੈ।
ਸੀਸ ਹੈ ਸੁਫਨਾ ਇਸ ਅੰਤ ਹੈ ਜਾਣਾ।
ਰਜਾਇ ਸਾਂਈ ਦੀ ਸੀਸ ਪਰ ਜੋ ਹੋਵੇ
ਉਸਦਾ ਭਾਣਾ।
ਬਖਸ਼ਨ ਵਾਲਾ ਹੈ ਸਾਂਈ ਜੋ ਸਭਨਾਂ ਨੂੰ ਬਖਸ਼ੇ
ਅਸਾਡਾ ਤੁਸਾਡਾ ਭੀ ਹੈ ਕਰਮਾਂਦਾ ਉਧਾਰ
ਓੜਕ ਲੇਖਾ ਹੋਸੀ ਸਾਂਈ ਦੇ ਦਰਬਾਰ।
ਤੁਰਕ ਕਹਿਆ ਤੇਰੇ ਪੋਤ੍ਰੇ ਵੀ ਅਜਮਤ
ਹੈਸੀ ਦਿਖਾਈ।
ਤੁਸੀਂ ਭੀ ਕਛੁ ਥੋਰੀ ਬਹੁਤੀ ਦਸੋ
ਅਜਮਾਈ।
ਸਾਹਿਬ ਡਿਠਾ ਜੋ ਅੰਤ ਸਰੀਰ
ਹੈ ਤਿਆਗਣਾ।
ਕਲੀ ਬਲੀ ਪਾਸੋਂ ਕਿਥੇ ਹੈ ਭਾਗਣਾ। ੮੬
ਏਹ ਪੰਡ ਗੁਰਾਈ ਦੀ ਕਿਸੇ ਨੂੰ
ਦਿਚੇ ਉਠਾਈ।
ਆਪ ਸੁਰ ਪੁਰ ਚਲੀਏ ਸਿਧਾਈ।
ਦੋਹਰਾ ਲਿਖ ਪਿਛੇ ਭਿਜਵਾਇਆ।
ਸੋਈ ਪੰਡ ਚੁਕੇ ਜੋ ਏਸਦਾ ਜਵਾਬੁ
ਦੇਹਿ ਪਠਾਇਆ। ੮੭।
ਦੋਹਰਾ- ਬਲੁ ਛੁਟਕਿਓ ਬੰਧਨ ਪਰੇ........
ਲਿਖਕੇ ਸਿਖ ਦੇ ਕੀਆ ਹਵਾਲੇ।
ਬਚਨ ਕੀਤਾ ਤੂ ਛੇਤੀ ਪਹੁੰਚ
ਸ਼ਿਤਾਬੀ ਮਾਖੋ ਵਾਲੇ। ....
ਸਿਖ ਆਏ ਪਹੁੰਚਾ ਮਾਖੋ ਵਾਲ,
ਸਭ ਸਾਹਿਬ ਜਾਦੇ ਡਿਠੇ ਮਾੜੇ ਹਵਾਲ।
ਸਭੋ ਪੜ੍ਹਿਕੇ ਚੁਪ ਕਰ ਰਹੇ,
ਜਬਾਬ ਨ ਕੋਈ ਇਸਦਾ ਕੋਈ ਕਹੇ। ੯੦
ਗੁਬਿੰਦ ਸਿੰਘ ਜੀ ਬਾਲ ਇਆਣੇ,
ਸਾਲ ਅਵਸਥਾ ਚਉਂਦਾ ਜਾਣੇ।
ਤਿਨ ਪੜ੍ਹਿ ਕਾਗਦ ਦੀਨਾਂ ਰੋਇ,
ਸਿਖ ਹਥਿ ਜੋੜ ਕਰਿ ਰਹਿਆ ਖੜੋਇ।
ਹੋਰ ਕਿਸੇ ਸਾਹਿਬ ਜਾਦੇ ਪਾਸਿ-
ਉਤਰ ਹੋਇ ਨ ਆਇਆ।
ਸਾਹਿਬ ਗੋਬਿੰਦ ਸਿੰਘ ਜੀ ਉਸਦਾ
ਉਤਰ ਲਿਖਾਇਆ।
ਇਥੋਂ ਸਿਖ ਲਿਖਾਇ ਕਾਗਦ ਪਹੁਤਾ ਜਾਇ।
ਓਥੇ ਤੁਰਕ ਜੋ ਕੀਤਾ ਕੰਮ ਸੋ ਦੇਉ ਸੁਣਾਇ।
ਕਿਸੇ ਤੁਰਕ ਨੂੰ ਜਾਇ ਐਸੇ ਕਹਿਆ।
ਕਰਦਾ ਹੈ ਗੁਰੂ ਸਿਹਰ ਜਾਦੂ ਨਿਤ
ਪੜ੍ਹਦਾ ਰਹਿਆ।
ਕਿਸੇ ਹਿੰਦੂ ਜਾਂ ਤੁਰਕ ਜਾਇ ਚੁਗਲੀ ਕੀਨੀ।
ਬਾਣੀ ਸਾਹਿਬ ਦੀ ਸਭੋ ਖਹਾਈ ਲੀਨੀ।
ਨਿਤ ਸਾਹਿਬ ਬਾਣੀ ਉਚਰਦੇ ਜਾਨ।
ਅਤੇ ਸਤੀ ਦਾਸ ਲਿਖ ਲਿਖ ਰਖਨ ਅਮਾਨ।
ਬਾਣੀਬਹੁਤ ਆਹੀ ਸਤੀ ਦਾਸ ਪਾਸ
ਲਿਖੀ ਹੋਈ।

ਤੁਰਕਾਂ ਨੇ ਖੋਜ ਲੀਤੀ ਸੋਈ।......... ....
ਤਿਚਰਾਂ ਨੂੰ ਆਦਮੀ ਮਾਝੇ ਵਾਲੋਂ
ਆਇ ਪਹੁੰਚਾ।......... ....
ਗੋਬਿੰਦ ਸਿੰਘ ਲਿਖ ਦਿਤਾ ਜਬਾਬ
ਲਖਾਂ ਜਿਹਾ ਇਕੋ ਬਹੁਤਾ।
"ਬਲ ਹੋਆ ਬੰਧਨ ਛੁਟੇ..............
ਏਹ ਸੁਣਕੇ ਸਾਹਿਬ ਭਏ ਕੁਸ਼ਾਲ,
ਡਿਠਾ ਜੋ ਪੰਡ ਦੇ ਚੁਕਣ ਵਾਲਾ ਹੈ ਸਾਡਾ ਬਾਲ
ਪੰਜ ਪੈਸੇ ਨਲਿਯੇਰ ਦਿਤਾ ਭਿਜਵਾਇ,
ਕਹਿਆ ਤੂ ਹੈ ਗੁਰੂ ਅਸੀ ਸਿਖ ਹੋਏ ਚੇਲੇ ਸਿਧਾਇ।੧੦੦।
ਤਾਂ ਸਿਖ ਮਸੱਦੀਆਂ ਆਇ ਕੀਤੀ ਅਰਦਾਸ।
ਜੀ ਸਚੇ ਪਾਤਸ਼ਾਹ ਅਸੀ ਟਕੇ ਹਾਂ ਚੁਕਾਂਦੇ ਅਰਜ ਕਰਕੇ ਸਾਹ ਪਾਸ।
ਬਚਨ ਕੀਤਾ ਭਾਈ ਸਿਖੋ ਇਸਟਕੇ ਲੈਣੇਨਹੀ।
ਸਿਖਾਂ ਕਹਿਆ ਗਰੀਬ ਨਿਵਾਜ ਅਸੀ ਕਰਦੇ ਹਾਂ ਉਪਾਉ।
ਬਚਨ ਕੀਤਾ ਤੁਸੀ ਜਾਣੋ ਸਾਡੀ ਸਲਾਹ ਨਾ ਹੋਈਆ।
ਸਤੀ ਦਾਸ ਹੈ ਸੀ ਮਾਰਿਆ ਮਤੀਦਾਸ ਹੈਸੀ ਰਸੋਈਆ।
ਮਤੀਦਾਸ ਸੁਣਕੇ ਆਇਆ ਸਾਹਿਬਪਾਸ,।...
ਜੀ ਗਰੀਬ ਨਿਵਾਜ ਜੇ ਟਕੇ ਲਵੇ ਤਾਂ ਤੁਸ ਮਨੇ ਨਕਰੋ।
ਬਚਨ ਕੀਤਾ ਮਤੀ ਦਾਸ ਏਸ ਨਾਲ ਅਸੀਂ ਕੀਤੀ ਸੀ ਬੁਰਿਆਈ।
ਸੋ ਆਸਨੂੰ ਹੁਣ ਦੇਣੀ ਹੈ ਆਈ।
ਮਤੀ ਦਾਸ ਕਹਿਆ ਜੀ ਤੁਸੀ ਕੀ ਕੀਤੀ ਸੀ ਬੁਰਿਆਈ।
ਬਚਨ ਕੀਤਾ ਤੁਸੀ ਭੀ ਅਸਾਡੇ ਨਾਲ ਸਾ ਹੇ ਭਾਈ।

ਕਰਮ ਫਲ ਦੀ ਇਕ ਨਵੀਂ ਸਾਖੀ

ਬੰਸਾਵਲੀ ਨਾਮੇ ਦਾ ਕਰਤਾ ਸ੍ਰੀ ਗੁਰੂ ਜੀ ਦੀ ਅਦੁਤੀ ਕੁਰਬਾਨੀ ਦਾ ਕਾਰਨ ਇਕ ਕਰਮ ਫਲ ਦੀ ਸਾਖਾ ਨਾਲ ਇਸ ਪ੍ਰਕਾਰ ਜੋੜਦਾ ਹੈ :–

"ਬਚਨ ਕੀਤਾ ਅਸਾਡਾ ਤੁਸਾਡਾ ਤ੍ਰਿਹਾਂ ਦਾ ਇਕੋ ਹੈ ਹਿਸਾਬ।
ਦੁਆਪੁਰ ਜੁਗ ਦਾ ਅੰਤ ਸੀ ਆਇਆ।
ਤ੍ਰਇਮੈ ਇਕਵੰਜਾ ਸਾਲ ਸੇਖ(ਬਾਕੀ)ਬਾਕੀ ਆਹੇ ਅਸਾਂ ਜਨਮ ਸੀ ਪਾਇਆ।
ਜਨਕ ਪੁਰ ਵਿਚ ਮਿਥਲਾ ਦੇਸ
ਰਾਮ ਸਰਨੇ ਸ਼ਾਹੂਕਾਰ ਧਾਮ ਅਸਾਂ ਕੀਆ ਸੀ ਪ੍ਰਵੇਸ।
ਦੁਇ ਭਾਈ ਦੀਰਘ ਅਸੀ ਤੀਜੇ ਲਘੂ।
ਪਿਤਾ ਅਸਾਡਾ ਰਾਮ ਸਰਨਾ ਸਾਹੂਕਾਰ ਹੈ ਸੀ ਤਬ।

ਹਰੀ ਲਾਲ ਅਰੁ ਨੰਦਨ ਦੁਇ ਹਮਰੇ ਭਾਈ।
ਰਾਮਰਤਨ ਹਮਰਾ ਨਾਮ ਸਦਾਈ।.........
ਲਾਲਪੁਰ ਅਰ ਦੜੰਭਾ ਆਹੇ ਦੁਇ ਗਾਉ।
ਪਿਤਾ ਹਮਾਰਾ ਗਿਆ ਤਿਹ ਠਾਇ
ਮੁਝ ਕੋ ਸੰਗ ਹੈ ਸੀ ਲੈ ਗਇਆ
ਮੈ ਬਾਲਕਿਆਂ ਸੰਗਤਹਾਂ ਖੇਡਣ ਪਇਆ੧੦੯
ਤੁਮ ਦੋਨੋ ਭਾਈ ਸੋ ਗੁਜਰ ਸੁਤ.
ਜੁਦਾ ਜੁਦਾ ਆਇਅਬ ਜਿਨਕੇ ਤੁਮ ਪੁਤ।੧੧੦
ਏਕ ਤੜਾਗਾ (ਛਪੜ) ਥਾ ਜਲ ਕਾ ਭਰਿਆ
ਨਿਕਲ ਕਛੋਪਰਾ ਤਹਾਂ ਤੇ ਬਾਹਰ ਪਰਿਆ।
ਸੋ ਕੱਛੂ ਤੁਮ ਦੋਨਹੁ ਗਹਿ ਲਿਆਏ।
ਰਸੀ ਡਾਰ ਘਸੀਟਤ ਮਾਰਤ ਆਏ ੧੧੧।
ਮਧ ਬਾਲਕਿਆ ਤੁਮ ਆਨ ਸੋ ਡਾਰਾ।
ਕੋਈ ਸੋਟਾ ਲਕੜੀ ਈਟ ਢੇਮਾਂ ਸਭਨੇ ਮਾਰਾ
ਮੈ ਭੀ ਤਹਾ ਖੇਲੇ ਤਿਨ ਸੋ ਬੈਠਾ ਥਾ ਜਾਈ
ਮੈ ਉਸਤੋ ਸਭ ਤੇ ਲਿਆ ਬਚਾਈ।
ਏਕ ਘਟਾਕਾ (ਘੜੀ) ਬੀਤੀ,
ਤਬ ਤਿਨ ਸੀਸ ਬਾਹਰ ਨਿਕਾਸਾ।
ਮੈ ਮਾਰ ਸੋਟਾ ਤਿਨ ਕੀਆ ਬਿਨਾਸਾ।
ਸੋ ਅਬ ਹਮਰੇ ਸਿਮਰਨ ਮੇ ਆਇਆ।

ਉਸ ਕਛੋਪਰੇ ਜਨਮ ਦੇਹੀ ਹੈ ਪਾਇਆ।
ਵਹੀ ਕਛੋਪਰਾ ਜਨਮ ਬਹੁਤੇ ਆਤਾ ਹੈਆ ਇਆ
ਅਬ ਉਨ ਜਨਮ ਧਾਮ ਤੁਰਕ ਦੇ ਪਾਇਆ।
ਅਸਾਂ ਤੁਸਾਂ ਤ੍ਰਿਹਾਂ ਇਸ ਨਾਲ
ਕੀਤੀ ਹੈ ਬੁਰਿਆਈ।
ਸੋ ਹੁਣ ਦੇਣੀ ਹੈ ਆਈ।੧੧੪।
ਇਨ ਟਕੇ ਨਹੀ ਲੈਣੇ ਇਨ ਲੈਣਾਂ ਹੈ ਵੈਰੇ।
ਜੇ ਏਹ ਕਛੂ ਨ ਹੋਤਾ ਤਾਂ ਅਸੀ
ਅਜਮਤ ਵਿਖਾਂਦੇ ਖੜੇ ਪੈਰ।
ਪਰ ਅਸਾਡਾ ਇਸਦਾ ਵੈਰ ਨਿਬੜ ਜਾਸੀ।
ਅਗੋਂ ਜੇ ਕੋਈ ਕਰਸੀ ਨਵਾ ਸੋ ਪਾਸੀ।.........
ਲੇਖਾਂ ਕਰਮਾਂ ਦਾ ਛੁਟਦਾ ਨਾਂਹੀ।
ਸੋ ਦੇਣਾ ਉਧਾਰ ਦੇਈਏ ਕਿਉਂ ਨਾਂਹੀ।੧੧੮
ਮਤੀ ਦਾਸ ਮੋਨ ਕਰ ਉਠ ਗਇਆ।
ਸਿਖਾਂ ਜਾਇ ਮਸਦਾਂਆਂ ਰੁਪਯਾ
ਇਕ ਕਰੋੜ ਦੇਣਾਂ ਕਾਰਆ
ਜਬ ਟਕੇ ਆਦਿਕ ਹੋਏ ਤਯਾਰ,
ਅਉਰੰਗੇ ਨ ਲਾਏ ਕਰ ਰਹੇ ਜਵਾਬ
ਸੁਆਰ।੧੧੯
ਅਉਰੰਗੇ ਕਹਿਆ ਕਛ ਅਜਮਤ ਵਿਖਾਈਏ।
ਬਚਨ ਕੀਤਾ ਅਜਮਤ ਹੈ ਕਹਿਰਨ ਅਜਮਾਈਏ
ਪਰ ਇਕ ਧਾਗਾ ਹਮ ਉਰ ਮੇ ਡਾਰੇਂ।
ਰੋਮ ਨ ਕਟੀਐ ਲਖ ਲਗੈਂ ਤਲਵਾਰੇਂ।
ਜਾਇ ਔਰੰਗੇ ਨੂੰ ਤਿਨ ਭਨਾ।
ਹੁਕਮ ਕੀਤਾ ਕਈ ਚੋਟ ਲਗਾਵੈ ਸੂਰਾ ਜਨਾ।
ਇਕ ਪੂਰਬੀਆ ਆਹਾ ਬੜਾ ਜਆਨ
ਸਭਨਾ ਤਿਸ ਨੂੰ ਕਹਿਆ ਤੂੰ ਕਰਿ ਸਟ
ਲਾਇ ਸਾਰਾਤਾਨ।
ਤਬ ਤਿਨ ਸਾਹਿਬ ਕੇ ਚੋਟ ਚਲਾਈ।
ਅਗੇ ਹੀ ਸਾਹਿਬ ਤਿਸ ਕੋ ਕਹਿਆ
ਥਾ ਸਮਝਾਈ।
ਲਾਗਤ ਚੋਟ ਸੀਸ ਗਿਰ ਪਰਿਆ।
ਆਪ ਸਾਹਿਬ ਏਹ ਕੌਤਕ ਕਰਿਆ
ਜੋ ਐਸਾ ਛਲ ਕਰ ਸਾਹਿਬ ਸੀਸ ਨ ਦੇਤੇ
ਤਉ ਹੁਜਤਾਂ ਤੁਰਕ ਕਰਤ ਅਨੇਕੇ।......ਆਦਿ
ਵਿਸਥਾਰ ਵਾਸਤੇ ਵੇਖੋ
ਮਾਸਕ ਪਤ੍ਰ 'ਪਰਖ'੧੯੭੨ ਦਾ]
ਬੰਸ਼ਾਵਲੀ ਨਾਮਾ ਅੰਕ] ਪੰਨਾ ੯੪
ਪ੍ਰਕਾਸ਼ਕ- ਪੰਜਾਬ ਯੂਨੀਵਰਟੀ]
ਚੰਡੀਗੜ੍ਹ]

ਸਾਰ ਅੰਸ਼

ਭਾਂਵੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਦੇ ਜੀਵਨ ਇਤਹਾਸ ਤੇ ਸ਼ਹਾਦਤ ਬਾਰੇ ਹੋਰ ਭੀ ਬਹੁਤ ਸਾਰੇ ਸਿਖ ਇਤਿਹਾਸਕਾਰਾਂ ਤੇ ਗੈਰ ਸਿਖ ਤਰੀਖ ਦਾਨਾਂ ਦੇ ਆਪਸ ਵਿਚ ਕਾਫੀ ਮਤ-ਭੇਦ ਪਾਏ ਜਾਂਦੇ ਹਨ,ਪਰ ਇਸ ਮਜਮੂਨ ਵਿਚ ਮੈ ਸੂਰਜ ਪ੍ਰਕਾਸ ਦੇ ਮੁਕਾਬਿਲੇ ਵਿਚ ਕੇਵਲ ਉਪ੍ਰੋਕਤ ਤਿਨ ਚਾਰ ਗ੍ਰੰਥਾਂ ਦੇ ਨਮੂਨੇ ਹੀ ਪਾਠਿਕਾਂ ਦੇ ਸਾਹਮਣੇ ਪੇਸ਼ ਕਰ ਸਕਿਆ ਹਾਂ,ਜਿਨਾਂ ਵਿਚ ਕਈ ਇਤਹਾ ਸਕ ਅੰਤਰੇ ਮਾਂਲਾਂ ਤੇ ਕੋਹਾਂ ਦੇ ਨਹੀਂ, ਸਗੋਂ ਜ਼ਿਮੀ ਅਸਮਾਨ ਦੇ ਨ ਮਿਲਣ ਯੋਗ ਵੇਖੇ ਜਾਂਦੇ ਹਨ। ਜੇਕਰ ਸਾਹਿਬ ਦਸਮੇਸ਼ ਪਿਤਾ ਨਾਂਦੇ ਪਾਤਸ਼ਾਹ ਦੀ ਤੀਰਥ ਯਾਤ੍ਰਾ ਅਤੇ ਧਰਮ ਹੇਤ ਦਿਤੀ ਅਦੁਤੀ ਕੁਰਬਾਨੀ ਬਾਬਤ ਆਪਣੇ ਹੱਥੀਂ ਸ਼ਬਦ ਵੀ ਨ ਲਿਖਦੇ,ਤਾਂ ਪਤਾ ਨਹੀ ਇਨ੍ਹਾਂ ਇਤ-ਹਾਸਕ ਮਤ ਭੇਦਾਂ ਦਾ ਕੀਹ ਨਤੀਜਾ ਨਿਕਲਦਾ?

ਤਿਲਕ ਜੰਞੂ ਦੀ ਰਖਿਆ ਕਿਉਂ ?

—ਮਾਸਟਰ ਨਿਹਾਲ ਸਿੰਘ ਜੀ ਸ੍ਰੀ ਜੀਵਨ ਨਗਰ

ਅਠਾਰਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ "ਜੰਞੂ ਤਿਲਕ" ਦੀ ਰਖਿਆ ਕਰਦਿਆਂ ਅਪਨਾ ਬਲੀਦਾਨ ਦੇ ਕੇ ਉਹ ਮਹਾਨ ਕਾਰਨਾਮਾਂ ਕੀਤਾ, ਜਿਸ ਨਾਲ ਹਿੰਦੂ ਜਗਤ ਦੇ ਮਨ ਅੰਦਰ ਗੁਰੂ ਜੀ ਦੀ ਸ਼ਰਧਾ ਤੇ ਸਤਿਕਾਰ ਦਾ ਜਜ਼ਬਾ ਠਾਠਾਂ ਮਾਰਨ ਲਗ ਪਿਆ। ਏਹੋ ਵਜਾ ਸੀ ਕਿ ਗੁਰੂ ਜੀ ਨੂੰ ਹਿੰਦ ਦੀ ਚਾਦਰ ਦੇ ਨਾਮ ਨਾਲ ਉਚਾਰਿਆ ਜਾਣ ਲਗਾ। ਤੇਸਗੋਂ ਇਸੇ ਕਾਰਨਾਮੇ ਤੋਂ ਪ੍ਰਭਾਵਤ ਹੋ ਕੇ ਉਨਾਂ ਦੇ ਸਪੁਤ੍ਰ ਸ੍ਰੀ ਗੋਬਿੰਦ ਰਾਇ ਜੀ ਨੇ ਅਪਨੀ ਮਹਾਨ ਰਚਨਾ ਵਿਚ ਗੁਰੂ ਜੀ ਦੇ ਮਹਾਨ ਬਲੀਦਾਨ ਦਾ ਬੜੇ ਢੁਕਵੇਂ ਸ਼ਬਦਾਂ ਦੁਆਰਾ ਵਰਨਣ ਕੀਤਾ। ਜਿਹਾ ਕਿ :—

ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋਂ ਬਡੋ ਕਲੂ ਮਹਿ ਸਾਕਾ।
ਸਾਧਨ ਹੇਤ ਇਤੀ ਜਿਨ ਕਰੀ।
ਸੀਸ ਦੀਆ ਪਰ ਸੀ ਨ ਉਚਰੀ।
ਧਰਮ ਹੇਤ ਸਾਕਾ ਜਿਨ ਕੀਆ।
ਸੀਸ ਦੀਆ ਪਰ ਸਿਰਰੁ ਨ ਦੀਆ।
(ਬਚਿਤਰ ਨਾਟਕ)

ਕਿਉਂ ਕਿ ਜੰਞੂ ਤਿਲਕ ਭਾਰਤ ਦੀ ਉਸ ਮਹਾਨ ਸਭਿਅਤਾ ਦਾ ਪ੍ਰਤੀਕ ਹੈ, ਜਿਥੋਂ ਭਾਰਤੀ ਫਲਸਫੇ ਨੇ ਅਰੂਜ ਪਕੜਿਆ, ਜਿਥੋਂ ਰੂਹਾਨੀਅਤ ਦਾ ਸਾਗਰ ਉਮਡਿਆ। ਜਿਸ ਸਭਿਅਤਾ ਦੇ ਭਗਵਾਨ ਰਾਮ ਕ੍ਰਿਸ਼ਨ ਵਰਗੇ ਮਰਿਆਦਾ ਪੁਰਸ਼ੋਤਮ ਅਵਤਾਰ ਧਨੰਤਰ ਵਰਗੇ ਵੈਦ ਕਾਲੀ-ਦਾਸ ਵਰਗੇ ਵਿਦਵਾਨ, ਵਿਕ੍ਰਮਾਦਿਤਯ ਵਰਗੇ ਧਰਮੀ, ਤੇ ਸ੍ਰੀ ਹਰਸ਼ ਜੈਸੇ ਦਾਨੀ, ਰਾਜੇ ਅਥਵਾ ਮਾਤਾ ਸੀਤਾ, ਸਵਿਤ੍ਰੀ, ਪਦਮਣੀ ਜੈਸੀਆਂ ਵੀਰਗਣਾਂ ਦਾ ਜਨਮ ਹੋਇਆ। ਜੇਕਰ ਉਹ ਸਭਯਤਾ ਮਿਟ ਜਾਏ ਤਾਂ ਉਹ ਇਤਹਾਸ ਵੀ ਲੀਰ ਲੀਰ ਹੋ ਜਾਏ ਇਸਤੋਂ ਵਡਾ ਹਨੇਰ ਹੋਰ ਕੀ ਹੋ ਸਕਦਾ ਸੀ, ਸ੍ਰੀ ਗੁਰੂ ਤੇਗ ਬਹਾਦਰ ਜੀ ਹਿੰਦ ਦੀ ਮਹਾਨ ਸਭਯਤਾ ਨੂੰ ਆਪਣੀ ਸਮਝਦੇ ਸਨ, ਇਸੇ ਵਾਸਤੇ ਇਸਦੀ ਰਾਖੀ ਵਾਸਤੇ ਆਪਣੇ ਫਲਸਫੇ ਨੂੰ ਅਮਰ ਰਖਣ ਲਈ ਦਿਲੀ ਜਾ ਕੇ ਸੀਸ ਦੀ ਬਲੀ ਦਿਤੀ।

ਜਿਥੇ ਸ੍ਰੀ ਦਸਮੇਸ਼ ਗੁਰੂ ਜੀ ਨੇ ਅਪਣੇ ਪੂਜਯ ਪਿਤਾ ਜੀ ਦੇ ਮਹਾਨ ਕਾਰਨਾਮੇ ਦਾ ਜ਼ਿਕਰ ਬੜੇ ਪ੍ਰਭਾਵਤ ਸ਼ਬਦਾਂ ਦੁਆਰਾ ਕੀਤਾ, ਓਥੇ ਹਜ਼ੂਰ ਉਨਾਂ ਦੇ ਨਕਸ਼ੇ ਕਦਮ ਤੇ ਚਲਕੇ ਉਸ ਧਰਮ ਨੂੰ ਜਿੰਦਾ ਰਖਣ ਅਤੇ ਰਿਸ਼ੀਆਂ ਮੁਨੀਆਂ ਤੇ ਪੁਰਾਣਿਕ ਆਸ਼ਿਆ ਨੂੰ ਲਿਸਕਾਉਣ ਖਾਤਰ ਦੇਸ਼ ਤੇ ਕੋਮ ਅਦਰ ਸਾਹਸ ਪੈਦਾ ਕੀਤਾ। ਤੇ ਸਗੋਂ ਜਾਗਰਤੀ ਲਿਆਉਣ ਲਈ 'ਖਾਲਸੇ' ਦੀ ਸਥਾਪਨਾ ਕੀਤੀ। ਏਹ ਇਕ ਉਸ ਨਿਸਾਨੇ ਦੀ ਪੂਰਤੀ ਸੀ, ਜਿਸ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਆਪ ਕਤਲ ਗਾਹ ਵਿਚ ਗਏ ਸਨ, ਤੇ ਸਗੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਵਾਸਤੇ ਸਾਰਾ ਸਰਬੰਸ ਹੀ ਕੁਰਬਾਨ ਕਰ ਦਿਤਾ। ਅਤੇ ਬਾਦ ਵਿਚ ਖਾਲਸਾ ਪੰਥ ਦੇ ਸਿਪਾਹੀਆਂ ਹਸੂੰ ਹਸੂੰ ਕਰਦਿਆਂ ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਬੰਦ ਬੰਦ ਕਟਵਾਏ, ਪਰ ਧਰਮ ਨਾ ਛਡਿਆ। ਜਿਸਦੇ ਫਲ

ਸਰੂਪ ਭਾਰਤ ਵਰਸ਼ ਵਿਚ ਧਰਮ ਦੀ ਪੂਜਾ ਮਿਟੀ ਵਿਚ ਰੁਲਣੇ ਬਚ ਗਈ। ਇਕ ਕਵੀ ਨੇ ਸ੍ਰੀ ਦਸਮੇਸ਼ ਜੀ ਦੇ ਸਾਹਿਸ ਤੇ ਬੀਰਤਾ ਦਾ ਜ਼ਿਕਰ ਇਉਂ ਕੀਤਾ ਹੋਇਆ ਹੈ :–

ਯਗ ਹੋਮ ਹੋਵਣੇ ਹਿੰਦ ਮੇ ਨਾ ਮੂਲ ਪਾਤੇ
ਨਿਸ਼ਾਨ ਮਿਟ ਜਾਤੇ ਸਭ ਬੇਦਨ ਪੁਰਾਨ ਕੇ।
ਕਹਿਤ ਹਰਨਾਮ ਸਿੰਘ ਇਸ ਮੇ ਨਾ ਝੂਠ ਜਾਨੋ।
ਜੇ ਨ ਤੀਰ ਛੂਟਤੇ ਗੋਬਿੰਦ ਸਿੰਘ ਜੀ ਜਵਾਨ ਕੇ।

(ਸਚੀ ਮੁਹਬਤ)

ਗੁਰੂ ਜੀ ਦੇ ਪਾਏ ਪੂਰਨਿਆਂ ਤੇ ਖਾਲਸਾ ਵਧਦਾ ਗਿਆ ਤੇ ਸਮਾ ਪਾਕੇ ਪੰਜਾਬ ਦੇ ਰਾਜ ਪਾਟ ਦਾ ਮਾਲਿਕ ਬਣ ਗਿਆ। ਜਿਤਨਾ ਚਿਰ ਉਹ ਖਾਲਸਾ ਵੈਦਿਕ ਰੀਤੀ ਅਨੁਸਾਰ ਚਲਦਾ, ਪਰ–ਉਪਕਾਰ ਤੇ ਗਊ ਗ੍ਰੀਬ ਦੀ ਰਖਿਆ ਕਰਦਾ ਭਜਨ ਬਾਣੀ ਹੋਮ ਯਗ ਆਦਿ ਤੇ ਦ੍ਰਿੜ ਰਿਹਾ ਸਫਲਤਾ ਇਸਦੇ ਚਰਨ ਚੁੰਮਦੀ ਰਹੀ। ਪਰ ਜਦ ਨਿਸ਼ਾਨੇ ਤੋਂ ਡਿਗ ਪਿਆ ਤਾਂ ਦੇਸ਼ ਗੁਲਾਮੀ ਦੇ ਡੂੰਘੇ ਟੋਏ ਵਿਚ ਧੜੰਮ ਕਰਦਾ ਡਿਗ ਪਿਆ।

ਅੰਗ੍ਰੇਜ਼ ਇਕ ਉਹ ਸ਼ਾਤਰ ਸੀ, ਜਿਸਦੀ ਨੀਤੀ ਸੀ, ਦੇਸ਼ ਨੂੰ ਲੀਰੋ ਲੀਰ ਕਰੋ ਤੇ ਦੋਹੀ ਹਥੀਂ ਲੁੱਟ ਖਾਓ। ਉਹਨਾਂ ਨੇ ਬਹੁਤ ਸਾਰੇ ਹਿੰਦੀਆਂ ਨੂੰ ਹਰਾ ਚੋਗਾ ਪਾ ਅਪਣਾ ਹਥ ਠੋਕਾ ਬਣਾ ਇਨਾਂ ਨੂੰ ਮਨ ਮਰਜ਼ੀ ਨਾਲ ਨਚਾਉਣਾ ਅਰੰਭਿਆ, ਜਿਸ ਤੋਂ ਆਮ ਖਾਲਸਾ ਵੀ ਬਚ ਨ ਸਕਿਆ। ਤੇ ਇਸਨੇ ਵੀ ਉਹੋ ਰਾਗਣੀ ਅਲਾਪਣੀ ਸ਼ੁਰੂ ਕਰ ਦਿਤੀ, ਜਿਸ ਨਾਲ ਉਹ (ਅੰਗ੍ਰੇਜ਼) ਖੁਸ਼ ਹੋਵੇ। ਜਿਸਦੇ ਫਲ ਸਰੂਪ ਹਿੰਦੂਆਂ ਮੁਸਲਮਾਨਾਂ ਦੇ ਨਾਲ ਹਿੰਦੂਆਂ ਅਤੇ ਸਿਖਾਂ ਵਿਚ ਵੀ ਸੋਹ ਦਾ ਤਕਲਾ ਗਡ ਦਿਤਾ। ਅਤੇ ਇਹਨਾਂ (ਹਿੰਦੂ ਤੇ ਸਿਖਾਂ) ਦੇ ਵੀ ਵਖ ਵਖ ਅਖਾੜੇ ਕਾਇਮ ਹੋ ਗਏ। ਭਾਰਤ ਅੰਦਰ ਸਦੀਵੀ ਇਟ ਖੜਕਾ ਰਖਣ ਵਾਸਤੇ ਇਤਹਾਸ ਵਿਚ ਵਾਧਾ ਘਾਟਾ ਕਰਵਾਇਆ। ਪ੍ਰਸੰਗ ਸਿਧੇ ਪੁਠੇ ਤੇ ਅਰਥਾਂ ਦੇ ਅਨਰਥ ਕਰਵਾਏ ਗਏ।

(ਇਸ ਸਬੰਧ ਵਿਚ ਸਾਂ ਆਦਲ ਰਸ਼ੀਦ "ਰੂਹਾਨੀ ਦੁਨੀਆਂ" ਜੁਲਾਈ ੧੯੬੩ ਦੇ ਪਰਚੇ ਵਿਚ ਆਚਲ ਔਰ ਪ੍ਰੇਮ ਵਿਚ ਦੇਸ਼ ਦਾ ਇਤਹਾਸ ਵਿਗਾੜਨ ਵਾਲਿਆਂ ਬਾਰੇ ਲਿਖਦੇ ਹਨ –

"ਮੈ ਐਸੀ ਤ੍ਵਾਰੀਖ ਲਿਖਣ ਵਾਲੇ ਮੁਨਸੀ ਘੱਨਯਾ ਲਾਲ ਮੱਸਨਫ ਤਾਰੀਖਿ ਬਗਾਵਤਿ ਹਿੰਦ, ਔਰ ਰਸ਼ੀਦ ਦੀਨ ਔਰ ਉਨ ਜੈਸੇ ਦੂਸਰੋਂ ਕੋ ਵਤਨ ਕਾ ਸਭ ਸੇ ਬੜਾ ਗਦਾਰ, ਦੁਸਮਨ ਔਰ ਪੇਟ ਕੇ ਕੁਤੇ ਸ਼ਮਝਤਾ ਹੂੰ। ਐਸੀ ਰੋਟੀ ਖਾਣੇ ਸੇ ਤੋ ਬਿਹਤਰ ਯੇ ਥਾ ਕਿ ਅਗਰ ਰੋਟੀ ਨਹੀ ਹੋ ਸਕਤੀ ਥੀ, ਤੋ ਵੋਹ ਜ਼ਹਿਰ ਖਾ ਲੇਤੇ। ਯੇ ਲੋਗ ਹਮਾਰੀ ਪੇਸ਼ਾਨੀ ਪਰ ਕਲੰਕ ਕੇ ਏਕ ਟੀਕੇ ਕੇ ਸਿਵਾ ਔਰ ਕੁਛ ਨਹੀ ਹੈਂ"।

ਇਹ ਗਲ ਬੜੇ ਦੁਖ ਨਾਲ ਕਹਿਣੀ ਪੈਂਦੀ ਹੈ, ਕਿ ਹਿੰਦੂਆਂ ਸਿਖਾਂ ਨੂੰ ਆਪਸ ਵਿਚ ਨਿਖੇੜਨ ਵਾਸਤੇ ਉਹ ਮੁਖ ਪਾਤਰ ਚੁਣਿਆ ਗਿਆ, ਜਿਹੜਾ ਨੀਤੀ ਨਿਪੁੰਨ, ਉਚ ਕੋਟੀ ਦਾ ਫਿਲਾਸਫਰ, ਤੇ ਪਰਲੇ ਦਰਜੇ ਦਾ ਦੂਰ ਦਰਸ਼ਕ, ਤੇ ਆਤਿਮਕ ਗਗਨਾਂ ਨੂੰ ਛੂਹਣ ਵਾਲਾ ਹੋਵੇ 'ਉਹ ਸ੍ਰੀ ਗੁਰੂ ਗੋਬਿੰਦ ਸਿੰਘ' ਜਿਸਨੇ ਅਪਨੇ ਗੁਰੂਦੇਵ ਪਿਤਾ ਦੀ ਸ਼ਹਾਦਤ ਵਰਨਨ ਕਰਦਿਆਂ ਲਿਖਿਆ।

"ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨਾ ਬਡੋ ਕਲੂ ਮਹਿ ਸਾਕਾ।

ਕੁਰਬਾਨ ਜਾਈਏ, ਉਨਾਂ ਵਿਦਵਾਨਾ ਤੋਂ ਜਿਨਾਂ ਅਸਲੀਅਤ ਨੂੰ ਛੁਪਾਉਣ ਵਾਸਤੇ ਅਥਵਾ ਸਹੀਰ ਨਾਲੋ ਬਾਹਵਾਂ ਨੂੰ ਵਖ ਕਰਨ ਦਾ ਵਖਰਾ ਹੀ ਰਾਹ ਕਢ ਲਿਆ। ਹਾਲਾਂ ਖਾਲਸਾ ਨਿਰਸੰਦੇਹ ਇਕ ਉਹ ਸੁਧਾਰਿਕ ਦਲ ਸੀ, ਜਿਹੜਾ ਗੁਰੂ ਜੀ ਨੇ ਸਮੇ ਦੀ ਲੋੜ ਨੂੰ ਮੁਖ ਰਖਦਿਆਂ ਕਾਇਮ ਕੀਤਾ ਸੀ।

ਮਗਰ ਬਿਦੇਸੀ ਸ਼ਾਤਰਾਂ ਦੇ ਅਸਰ ਹੇਠਾਂ ਪੜੇ ਪੜਾਕੂਆਂ ਨੇ "ਤਾਕਾ" ਸਬਦ ਨੂੰ ਹੀ ਹਿੰਦੂਆ ਤੇ ਸਿਖਾਂ ਨੂੰ ਪਾੜਨ ਦਾ ਬਹਾਨਾ ਬਣਾ–ਲਿਆ।

ਜਦ ਕਿ ਇਸ ਕਾਵਿ-ਪੰਗਤੀ ਵਿਚ ਤਿੰਨ ਗਲਾਂ ਸਪਸ਼ਟ ਹਨ, ਕਿ 'ਤਿਲਕ ਜੰਞੂ' 'ਸਾਧਨ ਹੇਤ,ਤੇ 'ਧਰਮ' ਭਾਵ ਸ੍ਰੀ ਗੁਰੂ ਤਗ ਬਹਾਦਰ ਜੀ ਨੇ ਬੇ ਮਿਸਾਲ ਕੁਰਬਾਨੀ 'ਧਰਮ ਤੇ ਉਸਦੇ ਧਾਰਣੀ 'ਸਾਧ' ਤੇ ਹਿੰਦੂ ਧਰਮ ਦੇ ਬਾਹਰ ਮੁਖੀ ਚਿੰਨ ਤਿਲਕ ਤੇ ਜੰਞੂ ਖਾਤਰ ਦਿਤੀ।

ਹੁਣ ਸਵਾਲ ਉਠਦਾ ਹੈ, ਕਿ ਕੀ ਹਿੰਦੂ ਸਿਖਾਂ ਨਾਲੋਂ ਵਖਰੇ ਹਨ? ਪਰ ਇਹ ਸਵਾਲ ਬਿਲਕੁਲ ਹੀ ਬੇ ਬੁਨਿਆਦ ਹੈ, ਸਗੋਂ ਹਿੰਦੂ ਤੇ ਸਿਖ ਇਕੋ ਤਾਣੇ ਪੇਟੇ ਵਿਚ ਓਤ ਪੋਤ ਹਨ। ਇਨਾਂ ਦੇ ਆਪਸ ਵਿਚ ਜਨਮ ਤੋਂ ਲੈਕੇ ਮਰਨ ਤਕ ਦੇ ਸਿਧਾਂਤਕ ਅਸੂਲ ਇਕ ਹਨ, ਇਨਾਂ ਦੀਆਂ ਪੀੜੀਆਂ ਸਾਂਝੀਆਂ ਹਨ ਇਹਨਾਂ ਦੇ ਨਾਮ ਸਾਂਝੇ ਹਨ।

ਸ੍ਰੀਗੁਰੂ ਗੋਬਿੰਦ ਸਿੰਘ ਜੀਨੇ ਅਸਲੀ ਹਿੰਦੂਤਵ ਵਿਚ ਆ ਚੁਕੇ ਮਾੜੇ ਅਸੂਲਾਂ ਨੂੰ ਹੀ ਸੁਧਾਰਕ ਰੂਪ ਦਿਤਾ ਸੀ, ਇਸ ਸੁਧਾਰ ਦਾ ਅਰਥ ਵਖਰਾ ਪਨ ਨਹੀ ਹੋ ਸਕਦਾ।

ਠੀਕ ਹੈ ਗੁਰੂ ਜੀ ਅੰਮ੍ਰਿਤ ਛਕਾਇਆ ਕੰਘਾ ਕੇਸ ਕਛ ਕੜਾ ਤੇ ਕ੍ਰਿਪਾਨ ਰਖਨ ਦੀ ਤਾਕੀਦ ਕੀਤੀ, ਪਰ ਇਨਾਂ ਵਿਚੋਂ ਕਿਹੜੀ ਨਵੀ ਕਾਢ ਹੈ? ਕੇਸ ਪ੍ਰੰਪਰਾ ਤੋਂ ਹੀ ਰਖਣ ਦਾ ਅਸੂਲ ਹੈ ਜਿਨਾਂ ਨਾਲ ਕੰਘਾ ਵੀ ਨਾਲ ਹੋਣਾ ਜਰੂਰੀ ਹੈ ਕਛਾ ਵੀ ਪੁਰਾਤਨ ਕਾਲ ਤੋਂ ਚਲਿਆ ਆਉਦਾ ਹੈ ਕੜਾ ਹਰ ਧਨੁਸ਼ ਧਾਰੀ ਦੇ ਹਥ ਹੁੰਦਾ ਤੇ ਕ੍ਰਿਪਾਨ ਸਭ ਸੂਰਬੀਰਾਂ ਪਾਸ ਮੁਢ ਤੋਂ ਹੀ ਰਹੀ ਹੈ। ਪਤਾ ਨਹੀ ਇਹਨਾਂ ਪੰਜਾਂ ਕਕਆ ਦੇ ਧਾਰਨ ਨਾਲ ਸਿਖ ਹਿੰਦੂਆਂ ਨਾਲੋਂ ਕਿਵੇ ਵਖ ਹੋ ਗਏ। ਹਾਲਾਂ ਕਿ ਸਿੰਘ ਨਾਮ ਰਾਜਪੂਤਾਂ ਦਾ ਪ੍ਰਤੀਕ ਪਹਿਲਾਂ ਹੀ ਸੀ ਤੇ ਹੁਣ ਵੀ ਹੈ। ਕਈ ਵਿਦਵਾਨ ਆਖਦੇ ਹਨ ਕਿ ਜੰਞੂ ਦਾ ਖੰਡਨ ਗੁਰੂ ਨਾਨਕ ਨੇ ਕੀਤਾ ਸੀ। ਭੋਲੇ ਬਾਦਸ਼ਾਹ ਹੈਨ, ਐਸੇ ਵਿਦਵਾਨ? ਗੁਰੂ ਜੀ ਨੇ ਤਾਂ ਬਾਹਰਲੇ ਜੰਞੂ ਨਾਲ ਪਰਮਾਰਥਿਕ (ਰੂਹਾਨੀਯਤ) ਜੰਞੂ ਨੂੰ ਵੀ ਰਖਨ ਦੀ ਤਰਕੀਦ ਕੀਤੀ ਸੀ। ਹਾਂ ਜੇਕਰ ਜੰਞੂ ਵਾਸਤੇ ਦਇਆ ਦੀ ਕਪਾਹ, ਸੰਤੋਖ ਦੇ ਸੂਤ ਤੇ ਜਤ ਸਤਿ ਦੀਆਂ ਗੰਢਾਂ ਤੇ ਵਟ ਦੀ ਲੋੜ ਹੈ ਤਾਂ ਕਛਹਿਰੇ ਤੇ ਕੇਸਾਂ ਵਾਸਤੇ ਵੀ ਅਜਿਹਾ ਹੀ ਸਮਾਨ ਚਾਹੀਦਾ ਹੈ। ਕਿਉਕੇ ਜੰਞੂ ਤੇ ਕਛਹਿਰੇ ਦੀ ਇਕੋ ਹੀ ਗਲ ਹੈ। ਇਤਹਾਸ ਨੂੰ ਫੋਲਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਸਿਖਾਂ ਦੇ ਗਲ ਜੰਞੂ ਤਾਂ ਅੰਮ੍ਰਤ ਛਕਣ ਦੇ ਬਾਦ ਵੀ ਰਹੇ ਹਨ ਭਾਈ ਦਇਆ ਸਿੰਘ ਦੀ ਇਕ ਸਾਖੀ ਸਿਖ ਇਤਹਾਸਾਂ ਵਿਚ ਆਉਂਦੀ ਹੈ ਕਿ ਇਕ ਵਾਰੀ ਬਾਹਰ ਜੰਗਲ ਵਿਚ ਫਿਰਦਿਆਂ ਗੁਰੂ ਜੀ ਦੇ ਘੋੜੇ ਦੇ ਸੀਖ ਪਾ ਹੋਣ ਨਾਲ ਗੁਰੂ ਜੀ ਦੀ ਕ੍ਰਿਪਾਨ ਦਾ ਡੋਰਾ ਟੁਟ ਗਿਆ ਤੇ ਕ੍ਰਿਪਾਨ ਡਿਗ ਪਈ ਜਿਹਾ ਕਿ:—

ਨਿਕਸੇ ਵਹਿਰ ਮਯਾਨ ਸੇ ਹੇਰ।
ਖੜਗ ਸੰਭਾਰਯੋ ਗੁਰ ਤਿਸ ਬੇਰ।
ਦਯਾ ਸਿੰਘ ਤਬ ਰਿਦੈ ਬਿਚਾਰਾ।
ਆਪਨੋ ਜਗਯੋ ਪਵੀਤ ਉਤਾਰਾ।
ਡੋਰਾ ਕਰ ਕ੍ਰਿਪਾਨ ਹਿਤ ਦੀਨਾ।
ਸ੍ਰੀ ਕਲਗੀਧਰ ਪਾਵਨ ਕੀਨਾ।

ਜਦ ਭਾਈ ਦਇਆ ਸਿੰਘ ਜੀ ਨੇ ਮੁੜ ਜੰਞੂ ਨ ਧਾਰਨ ਕੀਤਾ ਤਾਂ ਸਿਖਾਂ ਨੇ ਗੁਰੂ ਜੀ ਅਗੇ ਬੇਨਤੀ ਕੀਤੀ। ਗੁਰੂ ਜੀ ਨੇ ਫਰਮਾਇਆ:—

ਸਿਖਯਨ ਸੰਗ ਕਹਹਿ ਗੁਰ ਪੂਰੇ।
ਪਹਿਰਾਵਹੁ ਤਿਸ ਜਾਇ ਜਰੂਰੇ।
ਜਯੋਂ ਕਯੋਂ ਕਰ ਨੀਕੇ ਸਮਝਾਵਹੁ।
ਆਪਨੇ ਦਿਸ ਤੇ ਭੈ ਦਿਖਰਾਵਹੁ।

ਅੰਤ ਇਹ ਝਗੜਾ ਗੁਰੂ ਜੀ ਪਾਸ ਗਿਆ ਤਾਂ ਦਇਆ ਸਿੰਘ ਨੇ ਅਰਜ ਕੀਤੀ ਕਿ ਸਚੇਪਾਤਸ਼ਾਹ ਮੈ ਜੰਞੂ ਆਪਨੂੰ ਅਰਪ ਚੁਕਾ ਹਾਂ ਹੁਣ ਮੈ ਇਸਦੀ ਲੋੜ ਨਹੀ ਸਮਝਦਾ।

(ਵਿਸਥਾਰ ਵਾਸਤੇ ਵੇਖੋ ਸੂਰਜ ਪ੍ਰਕਾਸ਼ ਰੁਤ ੩ ਅੰਸੂ ੨੮)

ਇਸ ਪ੍ਰਸੰਗ ਤੋਂ ਸਿਧ ਹੁੰਦਾ ਹੈ,ਕਿ ਇਸ ਵਕਤ ਤਕ ਸਾਰੇ ਸਿਖਾਂ ਦੇ ਗਲ ਵਿਚ ਵੀ ਜੰਞੂ ਹੋਇਆ ਕਰਦੇ

ਸਨ । ਤੇ ਹੋ ਸਕਦਾ ਹੈ ਕਿ ਮਰਯਾਦਾ ਪੁਰਸ਼ੋਤਮ ਗੁਰੂ ਜੋ ਆਪ ਵੀ ਜੰਞੂ ਦੇ ਤਿਆਗੀ ਨ ਹੀ ਹੁਦੇ ਹੋਣ। ਇਸ ਹਾਲਤ ਵਿਚ ਇਹ ਕਿਵੇਂ ਆਖਿਆ ਜਾ ਸਕਦਾ ਹੈ ਕਿ ਗੁਰੂ ਜੀ ਨੇ ਕੇਵਲ ਹਿੰਦੂਆਂ ਦੇ ਜੰਞੂਆ ਵਾਸਤੇ ਹੀ ਕੁਰਬਾਨੀ ਦਿਤੀ ਸੀ। ਇਹ ਗਲ ਵਖਰੀ ਹੈ ਕਿ ਨਿਜੀ ਤੌਰ ਤੇ ਬਾਕੀ ਹਿੰਦੂਆਂ ਜਾਂ ਪੰਡਤਾਂ ਵਾਂਗ ਗੁਰੂ ਸਾਹਿਬਾਂ ਨੂੰ ਜਾਂ ਸਿਖਾਂ ਨੂੰ ਜੰਞੂ ਲਾਹੁਣ ਲਈ ਕਿਸੇ ਸੂਬੇਦਾਰ ਜਾਂ ਕਾਜੀ ਨੇ ਓਵੇਂ ਮਜਬੂਰ ਨ ਕੀਤਾ ਜਿਵੇਂ ਸ਼ਹਾਦਤ ਦੇ ਵਕਤ ਕੀਤਾ ਗਿਆ ਸੀ।

ਹੋਰ ਤੇ ਹੋਰ ਸ੍ਰੀ ਆਦ ਗ੍ਰੰਥ ਸਾਹਿਬ ਸਾਰਾ ਹਿੰਦੂ ਧਰਮ, ਹਿੰਦੂ ਸਾਹਿਤ, ਹਿੰਦੂ ਸਭਿਅਤਾ, ਦੇ ਪ੍ਰਭਾਵ ਦਾ ਪ੍ਰਗਟਾਵਾ ਕਰਦਾ ਹੈ। ਥਾਂ ਥਾਂ ਰਾਮ ਕ੍ਰਿਸ਼ਨ, ਹਰਿ, ਨਾਰਾਇਣ, ਗੋਬਿੰਦ, ਗੋਪਾਲ, ਮੁਰਾਰੀ ਮੁਰਲੀ ਮਨੋਹਰ, ਨਾਰਦ ਤੇ ਬ੍ਰਹਮਾ ਵਿਸ਼ਨੂੰ, ਸ਼ਿਵ ਆਦਿਕ ਦਾ ਵਰਣਨ ਹੈ। ਸਗੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਬੜੇ ਸਪਸ਼ਟ ਸ਼ਬਦਾਂ ਵਿਚ ਲਿਖਦੇ ਹਨ ਕਿ:–

"ਕਹੁ ਨਾਨਕ ਇਹ ਬਿਪਤ ਮੈ ਟੇਕ ਏਕ ਰਘੁਨਾਥ"
ਪੰਨਾ ੧੪੨੯

"ਰਾਮ ਸਿਮਰ ਰਾਮ ਸਿਮਰ, ਏਹੋ ਤੇਰੋ ਕਾਜ ਹੈ ।...

ਇਹ ਵੀ ਠੀਕ ਹੈ ਕਿ ਗੁਰਬਾਣੀ ਵਿਚ ਬਹੁਤ ਸਾਰੇ ਪਖੰਡਾਂ ਤੇ ਵਿਖਾਵਿਆਂ ਦਾ ਖੰਡਣ ਵੀ ਕੀਤਾ ਹੋਇਆ ਹੈ। ਕਿਸੇ ਅਸੂਲ ਨੂੰ ਮੰਨਣਾ ਹੋਰ ਚੀਜ਼ ਹੈ ਅਤੇ ਉਸਦਾ ਖੰਡਨ ਹੋਰ ਗਲ ਹੈ । ਮਗਰ ਉਸਦੀ ਬੁਨਿਆਦ ਤੋਂ ਵਖ ਹੋਣਾ ਹੋਰ ਗਲ ਹੈ ਪਰ ਹਿੰਦੂ ਮਤ ਅਤੇ ਸਿਖ ਧਰਮ ਦੇ ਮੋਟੇ ਮੋਟੇ ਅਸੂਲ ਘੋਖਣ ਤੋਂ ਦ੍ਰਿੜ ਹੋ ਜਾਂਦਾ ਹੈ ਕਿ ਹਿੰਦੂ ਸਿਖ ਧਰਮ ਦੋ ਵਖ ਵਖ ਬ੍ਰਿਛ ਨਹੀ ਸਗੋਂ ਇਕੋ ਸਨਾਤਨੀ ਧਰਮ ਰੂਪੀ ਬ੍ਰਿਛ ਦੇ ਦੋ ਵਖ ਵਖ ਟਾਹਣੇ ਹਨ ।

ਮਿਸਾਲ ਦੇ ਤੌਰ ਤੇ 'ਅਵਤਾਰਵਾਦ' ਪੁਨਰ ਜਨਮ ਗਊ ਰਖਿਆ, ਯਗਹਵਨ ਸੁਚ ਪਵਿਤ੍ਰਤਾ ਵਰਨਾਸ਼੍ਰਮ ਮਾਸ-ਸ਼ਰਾਬ ਨਿਖੇਧ ਆਦਿ—

ਅਵਤਾਰਵਾਦ

ਹਿੰਦੂ ਮਤ ਵਿਚ ਮੰਨਿਆ ਜਾਂਦਾ ਹੈ ਕਿ ਯਦਾ ਯਦਾ ਹਿ ਧਰਮਸਯ ਗਿਲਾਨਿਰ ਭਵਿਤਿ ਭਾਰਤ ।... ਤਿਵੇਂ ਇਸ ਸਿਧਾਂਤ ਦੀ ਪੁਸ਼ਟੀ ਗੁਰਬਾਣੀ ਵਿਚ

"ਜੁਗ ਜੁਗ ਭਗਤ ਉਪਾਇਆ,
ਪੈਜ ਰਖਦਾ ਆਇਆ ਰਾਮ ਰਾਜੇ।੪੫੧
ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ,
ਸਦ ਪੀੜ੍ਹੀ ਗੁਰੂ ਚਲੰਦੀ। ......
ਸਤਿਜੁਗ ਤੈ ਮਾਣਿਓ,
ਛਲਿਓ ਬਲਿ ਬਾਵਨ ਭਾਇਓ ।ਪੰਨਾ੧੩੯੦
ਆਦਿ ਸ੍ਰੀ ਗ੍ਰੰਥ ਸਾਹਿਬ

ਅਥਵਾ-ਜਬ ਜਬ ਹੋਤ ਅਰਿਸਟ ਅਪਾਰਾ।
ਤਬ ਤਬ ਦੇਹ ਧਰਤ ਅਵਤਾਰਾ।ਪਾ:੧੦

ਆਦਿਕ ਗੁਰੂ ਵਾਕਾਂ ਤੋਂ ਹੁੰਦੀ ਹੈ ।

ਪੁਨਰ ਜਨਮ

ਪੁਨਰ ਜਨਮ ਦੇ ਸਬੰਧ ਵਿਚ ਜਿਥੇ ਆਦਿ ਸ੍ਰੀ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਹਜ਼ਾਰਾਂ ਵਾਕ ਪ੍ਰਮਾਣ ਰੂਪ ਵਿਚ ਪੇਸ਼ ਕੀਤੇ ਜਾ ਸਕਦੇ ਹਨ ਓਥੇ ਸ੍ਰੀ ਕਲਗੀਧਰ ਜੀ ਦੀ ਆਪਣੀ ਕਥਾ ਦਾ ਇਕੋ ਪ੍ਰਮਾਣ ਹੀ ਸਭ ਤੋਂ ਸਿਰੋਮਣੀ ਆਖਿਆ ਜਾ ਸਕਦਾ ਹੈ, ਕਿ :–

ਅਬ ਮੈਂ ਆਪਨੀ ਕਥਾ ਬਖਾਨੋ ।
ਤਪ ਸਾਧਤ ਜਿਹ ਬਿਧ ਮੁਹਿ ਆਨੋ ।
ਹੇਮ ਕੁੰਟ ਪਰਬਤ ਹੈ ਜਹਾਂ ।
ਸਪਤ ਸ੍ਰਿੰਗ ਸੋਭਤ ਹੈ ਤਹਾਂ । ....
ਤਹ ਹਮ ਅਧਿਕ ਤਪਸਯਾ ਸਾਧੀ।
ਮਹਾ ਕਾਲ ਕਾਲਿਕਾ ਆਰਾਧੀ । ਆਦਿਕ
ਬਚਿਤਰ ਨਾਟਕ

ਗਊ ਰਖਿਆ–

ਸ੍ਰੀ ਗੁਰੂ ਅਮਰਦਾਸ ਜੀ ਗੁਰਬਾਣੀ ਦੁਆਰਾ ਜਿਨਾਂ ਅਨਾਚਾਰੀਆਂ ਦਾ ਧਾਨ (ਪਦਾਰਥ) ਖਾਣ ਤੋਂ ਸਿਖਾਂ ਨੂੰ ਮਨਾਂ ਕਰਦੇ ਹਨ ਉਨਾਂ ਵਿਚ ਦੂਜੇ ਨੰਬਰ ਦਾ ਦਰਜਾ ਗਊ ਘਾਤਿਕ ਹੀ ਦਸਿਆ ਗਿਆ ਹੈ ਜਿਹਾ ਕਿ:– ਬ੍ਰਾਹਮਣ ਕੈਲੀ ਘਾਤ ਕੰਞਕਾ
ਅਨਚਾਰੀ ਕਾ ਧਾਨ ॥

ਫਿਟਕੁ ਫਿਟਕਾ ਕੋੜ ਬਦੀਆ
ਸਦਾ ਸਦਾ ਅਭਿਮਾਨੁ ॥
ਪਾਹਿਏਤੇ ਜਾਹਿ ਵੀਸਰਿ
ਨਾਨਕਾ ਇਕ ਨਾਮ ॥
(ਪੰਨਾ ੧੪੫੩)

ਇਸ ਤੋਂ ਇਲਾਵਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਹੀਦੀ, ਬਾਬੇ ਗੁਰਦਿਤੇ ਜੀ ਦੇ ਚੜਾਏ ਕਰਨ ਤੇ ਹੋਰ ਅਨੇਕਾਂ ਪ੍ਰਸੰਗ ਸਿਖ ਇਤਿਹਾਸ ਵਿਚ ਅੰਕਤ ਹਨ ਜਿਨਾਂ ਅਨੁਸਾਰ ਗੁਰੂ ਸਾਹਿਬਾ ਤੇ ਪੁਰਾਤਨ ਸਿਖਾਂ ਦੇ ਅਸੂਲਾਂ ਵਿਚ ਗਊ ਰਖਿਆ ਨੂੰ ਖਾਸ ਮਹਾਨਤਾ ਦਿਤੀ ਹੋਈ ਹੈ ਸਗੋਂ ਸ੍ਰੀ ਦਸ਼ਮੇਸ਼ ਪਿਤਾ ਜੀ ਨੇ ਸ੍ਰੀ ਅਕਾਲ ਪੁਰਖ ਦੀ ਸ਼ਕਤੀ ਅਗੇ ਆਪਣੀ ਖਾਸ ਇਛਾ ਹੀ ਇਹੋ ਪਰਗਟ ਕੀਤੀ ਹੋਈ ਹੈ।

ਕਿ:–ਯਹੀ ਆਸ ਪੂਰਨ ਕਰੋ ਤੁਮ ਹਮਾਰੀ।
ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ।
ਅਥਵਾ ਯਹੀ ਬੇਨਤੀ ਖਾਸ ਹਮਾਰੀ ਸੁਣੀਜੈ।
ਅਸੁਰਮਾਰ ਕਰ ਰਛਿ ਗਊਅਨ ਕਰੀਜੈ।
ਉਗ੍ਰਦੰਤੀ

ਯਗ ਹਵਨ

ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਯਗ ਹਵਨ ਦੀ ਮਹਾਨਤਾ ਦੇ ਸਬੰਧ ਵਿਚ ਗੁਰਬਾਣੀ ਵਿਚ ਗਊ ਅਤੇ ਗਊਆਂ ਦੇ ਦੁਧ ਤੋਂ ਬਨਣ ਵਾਲੇ ਘਿਉ ਦੀ ਮਹਤਤਾ ਦਸੀ ਹੈ ਓਥੇ ਨਾਲਹੀ ਘਿਉ ਦੀ ਵਿਸ਼ੇਸਤਾ ਦਾ ਸੰਕੇਤ ਇਸਵੀ ਪ੍ਰਕਾਰ ਦਿਤਾ ਹੋਇਆ ਹੈ ਕਿ —

"ਤਿਤ ਘਿਅ ਹੋਮ ਜਗ ਸਦ ਪੂਜਾ ਪਇਐ ਕਾਰਜ ਸੋਹੈ। (ਪੰਨਾ ੧੪੯)

ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਕ੍ਰੀਬਨ ਇਕ ਸਾਲ ਪੂਰਾ ਨੈਣਾ ਦੇਵੀ ਦੇ ਟਿਲੇ ਉਤੇ ਨਿਰੰਤ੍ਰ ਹਵਨ ਯਗ ਕਰਵਾਕੇ ਇਸ ਪ੍ਰੰਪਰਾ ਨੂੰ ਜਿਵੇਂ ਸਪਸ਼ਟ ਕੀਤਾ ਉਹ ਆਪਣੀ ਮਿਸਾਲ ਆਪ ਹੀ। ਪੜਕੇ ਵੇਖੋ ਪੰਥ ਪ੍ਰਕਾਸ਼ ਗਿ: ਗਿਆਨ ਸਿੰਘ ਜਿਸ ਵਿਚ ਗ੍ਰੰਥ ਕਰਤਾ ਨੇ ਗੁਰੂ ਸਾਹਿਬ ਵਲੋਂ ਪੰਡਿਤ ਕੇਸੋ ਦਾਸ ਨੂੰ ਸੰਬੋਧਨ ਕਰਦਿਆਂ ਲਿਖਿਆ ਹੈ ਕਿ:—

ਯਹ ਤੋ ਧਰਮ ਹਮਾਰਾ ਸਾਧਾਰ।
ਕਰਤ ਰਹੇ ਨ੍ਰਿਪ ਮੁਨਿ ਅਵਤਾਰ।
ਸੋ ਤੋ ਹਮ ਭੀ ਕਰਨਾ ਚਾਹੈ।
ਜਾਂ ਤੇ ਸਭ ਸ੍ਰਿਸਟੀ ਸੁਖ ਪਾਹੈ।
ਪੰਥ ਪ੍ਰਕਾਸ਼ ਐਡੀਸ਼ਨ ੩

—ਸੁਚ ਸੰਜਮ—

ਸੁਚ ਸੰਜਮ ਸਨਾਤਨ ਧਰਮ ਦੀ ਇਕ ਮਹਾਨ ਕ੍ਰਿਆ ਹੈ, ਜਿਸ ਦਾ ਅਰੰਭ ਸ੍ਰੀ ਗੁਰੂ ਨਾਨਕ ਜੀ ਦੇ ਕਥਨ ਅਨੁਸਾਰ ਇਸਨਾਨ ਤੋਂ ਹੁੰਦਾ ਹੈ। ਗੁਰੂ ਜੀ ਉਨਾਂ ਸਰੇਵੜਿਆਂ ਜੋ ਨੂੰ ਇਸ਼ਨਾਨ ਆਦਿਕ ਕਰਮਾ ਤੋਂ ਸੰਕੋਚ ਰਖਦੇ ਸਨ, ਸੰਬੋਧਨ ਕਰਦਿਆਂ ਫੁਰਮਾਉਦੇ ਹਨ :—

"ਦਾਨਹੁ ਤੇ ਇਸਨਾਨਹੁ ਵੰਜੇ।
ਭਸੁ ਪਈ ਸਿਰਿ ਖੁਥੈ। ....
ਕਿਉਂਕਿ - ਪਾਣੀ ਵਿਚਹੁ ਰਤਨ ਉਪੰਨੇ।
ਮੇਰੁ ਕੀਆ ਮਾਧਾਣੀ।
ਅਠਸਠਿ ਤੀਰਥ ਦੇਵੀ ਥਾਪੇ।
ਪੁਰਬੀ ਲਗੈ ਬਾਣੀ।

ਏਸੇ ਵਾਸਤੇ :—

ਨਾਇ ਨਿਵਾਜੇ ਨਾਤੈ ਪੂਜਾ।
ਨਾਵਣ ਸਦਾ ਸੁਜਾਣੀ॥
ਮੁਇਆ ਜੀਵਦਿਆ ਗਤਿ ਹੋਵੈ
ਜਾਂ ਸਿਰਿ ਪਾਈਐ ਪਾਣੀ। ੧੫੦।

ਰਾਗ ਸਾਰੰਗ ਵਾਰ ਵਿਚ ਗੁਰੂ ਜੀ ਵਰਤਮਾਨ ਕਾਲ ਦੇ ਕੁਲਤਾ ਨੂੰ ਵੇਖਕੇ ਲਿਖਦੇ ਹਨ ਕਿ :–

"ਰੰਨਾਂ ਹੋਈਆਂ ਬੋਧੀਆਂ ਮਰਦ ਹੋਏ ਸਈਆ
ਸੀਲੁ ਸੰਜਮੁ ਸੁਚਿ ਭੰਨੀ ਖਾਣਾ ਖਾਜੁ ਅਹਾਜੁ।
(੧੨੪੩)

ਸ੍ਰੀ ਗੁਰੂ ਪੰਚਮ ਪਾਤਸ਼ਾਹ ਰਾਗ ਮਲਾਰ ਵਿਚ ਇਕ ਥਾਂ ਪ੍ਰੀਤਮ ਪਿਆਰੇ ਸਤਿਗੁਰੂ ਦੀ ਆਮਦ ਦੇ ਅਲੰਕਾਰ ਵਿਚ ਭੋਜਨ ਪਕਾਣ ਤੇ ਛਕਾਣ ਦੇ ਸਬੰਧ ਵਿਚ ਸੁਚ ਪਵਿਤ੍ਰਤਾ ਦਾ ਇੰਦ ਸੰਕੇਤ ਦਿੰਦੇ ਹਨ ਜਿਹਾ ਕਿ:–

"ਅਨਿਕ ਪ੍ਰਕਾਰ ਭੋਜਨ ਬਹੁ ਕੀਏ
ਬਹੁ ਬਿੰਜਨ ਮਿਸਟਾਏ
ਕਰੀ ਪਾਕਸਾਲ ਸੋਚ ਪਵਿਤ੍ਰਾ
ਹੁਣਿ ਲਾਵਹੁ ਭੋਗ ਹਰਿ ਰਾਏ।

ਇਸਤਰਾਂ ਸਿਖ ਇਤਿਹਾਸ ਵਿਚ ਲੰਗਰ ਦੀ ਪਵਿਤ੍ਰਤਾ ਦੇ ਸਬੰਧ ਵਿਚ ਸ੍ਰੀ ਗੁਰੂ ਹਰਿ ਰਾਏ ਤੇ ਸ੍ਰੀ ਦਸਮੇਸ ਪਿਤਾ ਦੇ ਬਹੁਤ ਸਾਰੇ ਪ੍ਰਸੰਗ ਆਉਂਦੇ ਹਨ ਜੋ ਸਥਾਨਾ ਭਾਵ ਕਰਕੇ ਏਥੇ ਨਹੀ ਦਿਤੇ ਜਾ, ਸਕੇ।

ਵਰਨ ਆਸ੍ਰਮ

ਗੁਰਬਾਣੀ ਵਿਚ ਵਰਨਾਸ੍ਰਮ ਦਾ ਜ਼ਿਕਰ ਇਸ ਪ੍ਰਕਾਰ ਅੰਕਿਤ ਹੈ ਖਤ੍ਰੀ, ਬ੍ਰਾਹਮਣ, ਸੂਦ, ਵੈਸ ਉਧਰੈ ਸਿਮਰਿ ਚੰਡਾਲ

ਉਪ੍ਰਲੀ ਬਾਣੀ ਦਸਦੀ ਹੈ, ਕਿ ਸਮਾਜ ਨੇ ਮਨੁਖ ਜਾਤੀ ਦੀ ਵੰਡ ਕੀਤੀ ਹੋਈ ਹੈ,ਪਰ ਗੁਰੂ ਜੀ ਫੁਰਮਾਂਦੇ ਹਨ, ਕਿ ਉਨਾਂ ਵਿਚੋਂ ਭਾਵੇਂ ਕੋਈ ਸਿਮਰਨ ਕਰੇ ਉਸਦਾ ਉਧਾਰ ਹੋ ਜਾਂਦਾ ਹੈ।

ਹਿੰਦ ਸਮਾਜ ਵਿਚ ਵਰਨ ਆਸ਼ਰਮ ਪ੍ਰਧਾਨ ਹੈ। ਗੁਰੂ ਗੋਬਿੰਦ ਸਿੰਘ ਜੀ ਆਪਣੇ ਆਪ ਨੂੰ ਛੱਤਰੀ ਦੱਸਣ ਵਿਚ ਮਾਣ ਸਮਝਦੇ ਹਨ। ਇਹ ਕੋਈ ਬਨਾਵਟ ਨਹੀਂ ਉਨਾਂ ਦੀਬਾਣੀ ਦਸਦੀ ਹੈ:-

ਛੱਤਰੀ ਕੋ ਪੂਤ ਹੌ ਬਾਹਮਨ ਕੋ ਨਾਹਿ
ਕੈ ਤਪ ਆਵਤ ਹੈ ਜੁ ਕਰੋਂ।
ਅਰੁ ਅਉਰ ਜੰਜਾਰ ਜਿਤੋ ਗ੍ਰਿਹ ਕੋ
ਤਹਿਤਿਆਗ ਕਰੈ, ਚਿੱਤ ਤਾ ਮੈਂ ਧਰੋਂ।
ਅਬ ਰੀਝ ਕੈ ਦਿਹੁ ਵਹੈ ਹਮਕੋ,
ਜੋਊ ਹੋ ਬਿਨਤੀ ਕਰ ਜੋਰ ਕਰੋਂ।
ਜਬਆਵ ਕੀ ਅਉਧ ਨਿਦਾਨ ਬਨੈ,
ਅਤਿ ਹੀ ਰਣ ਮੈਂ ਤਬ ਜੂਝ ਮਰੋਂ।

ਫਿਰ ਗੁਰੂ ਜੀ ਸੋਢੀ ਬੰਸ ਦੇ ਮੁਢ ਦਾ ਵਰਨਨ ਕਰਦੇ ਰਾਮ ਚੰਦਰ ਜੀ ਦੇ ਨਾਲ ਸਬੰਧ ਜੋੜਨ ਦਾ ਬੜਾ ਮਾਣ ਰਖਦੇ ਹਨ।

ਰਾਮ ਚੰਦਰ ਕੇ ਦੋਊ ਸੁਤ, ਲਊ ਕੁਸ਼ੂ ਅਵਤਾਰ
ਯਹੀ ਹਮਾਰੈ ਬਡੋ ਹੈ। ਜੁਗਾ ਜੁਗਾ ਅਵਤਾਰ।

---ਮਾਸ ਸਰਾਬ ਨਿਸ਼ੇਧ---

ਜਿਥੇ ਮਾਸ ਸ਼ਰਾਬ ਧੂਮਰ ਪਾਨ ਆਦਿ ਨਸ਼ਿਆਂ ਦਾ ਪੁਰਾਤਨ ਕਾਲ ਤੋਂ ਹੀ ਵਿਵੇਕ ਬੁਧੀ ਵਾਲੇ ਲੋਕਾਂ ਵਲੋਂ ਵਿਰੋਧ ਕੀਤਾ ਜਾਂਦਾ ਸੀ।

ਓਥੇ ਗੁਰੂ ਬਾਣੀ ਵਿਚ ਵੀ ਇਨਾਂ ਬਾਬਤ ਅੰਕਿਤ ਹੈ ਕਿ:-

ਕਬੀਰ-ਭਾਂਗ ਮਾਛੁਲੀ ਸੁਰਾਪਾਨਿ
ਜੋ ਜੋ ਪ੍ਰਾਨੀ ਖਾਂਹਿ।
ਤੀਰਥ ਬ੍ਰਤ ਨੇਮ ਕੀਏ
ਤੇ ਸਭੈ ਰਸਾਤਲ ਜਾਹਿ। (੧੩੭੭)

ਏਸੇਤਰਾਂ ਸ੍ਰੀ ਦਸਮੇਸ਼ ਜੀ ਇਨਾ ਵਸਤੂਆਂ ਦੀ ਭਰਪੂਰ ਨਿੰਦਾ ਕਰਦੇ ਹੋਏ ਲਿਖਦੇ ਹਨ:-

ਭਖ ਅਭੱਖ ਸਮਝਹਿ ਨਹੀ ਮਦ ਮਾਸ ਪਰਨਾਰ।
ਸੋ ਚੰਡਾਲ ਤਹ ਤਿਆਗ ਕਰ ਮੇਰਾ ਸਿਖ ਨ ਨਿਹਾਰ
(ਸੌ ਸਾਖੀ)

-ਦਾਨ ਪੁੰਨ ਤੇ ਤੀਰਥ-

ਪਛਮੀ ਸਭਿਅਤਾ ਦੇ ਅਸਰ ਹੇਠਾਂ ਆਇ ਸਿਖ ਵਿਦਵਾਨ ਹਰ ਗਲ ਵਿਚ ਨਵੀਆਂ ਕੀਮਤਾਂ ਦੇ ਲੇਬਲ ਹੇਠਾਂ ਖੋਟੇ ਸਿਕੇ ਚਲਾਉਣ ਦੇ ਆਹਰ ਪਾਹਰ ਵਿਚ ਹਨ। ਅਜ ਇਨਾਂ ਦੀਆ ਨਜਰਾਂ ਵਿਚ ਦਾਨ ਪੁੰਨ ਨਾਮ ਦੇ ਤੱਥ ਇਕ ਵਹਿਮ ਹਨ। ਜਦ ਕਿ ਸ੍ਰੀ ਗ੍ਰੰਥ ਸਾਹਿਬ ਵਿਚ ਥਾਂ ਥਾਂ ਤੇ ਅਜਿਹੇ ਉਪਦੇਸ਼ ਅੰਕਿਤ ਹਨ ਕਿ:-

ਦਾਨ ਪੁੰਨ ਨਹੀ ਸੰਤਨ ਸੇਵਾ ਕਿਤਹੀ ਕਾਮ ਨ ਆਇਆ। (੭੧੨)

ਅਥਵਾ-ਜਿਹ ਪ੍ਰਸਾਦਿ ਕਰਹਿ ਪੁੰਨ ਬਹੁਦਾਨ,
ਮਨ ਆਠ ਪਹਿਰ ਕਰ ਤਿਸਕਾ ਧਿਆਨ (੭੦
ਅਥਵਾ- ਘਟਿ ਘਾਲ ਕਿਛੁ ਹਥਹੁ ਦੇਇ
ਨਾਨਕ ਰਾਹੁਪਛਾਣੈ ਸੇਇ। ਆਦਿਕ(੧੨੪੫)

ਸ੍ਰੀਗੁਰੂ ਗੋਬਿੰਦ ਸਿੰਘ ਆਪਣੇ ਗੁਰੂਦੇਵ ਪਿਤਾ ਬਾਬਤ ਬੜੇ ਖੁਲੇ ਸ਼ਬਦਾਂ ਵਿਚ ਅੰਕਿਤ ਕਰਦੇ ਹਨ

"ਮੁਰ ਪਿਤ ਪੂਰਬ ਕੀਯੋ ਪਿਆਨਾ।
ਭਾਂਤਿ ਭਾਂਤਿ ਕੇ ਤੀਰਥ ਨ੍ਹਾਨਾ।
ਜਬ ਹੀ ਜਾਤ ਤ੍ਰਿਬੇਣੀ ਭਏ।

ਪੁੰਨ ਦਾਨ ਦਿਨ ਕਰਤ ਬਿਤਏ।

—ਮੂਰਤੀ ਪੂਜਾ ਦਾ ਖੰਡਨ—

ਮੂਰਤੀ ਪੂਜਾ ਹਿੰਦੂ ਧਰਮ ਦਾ ਕੋਈ ਵਿਸ਼ੇਸ਼ ਅੰਗ ਨਹੀ ਮੰਨਿਆ ਜਾਂਦਾ। ਹਿੰਦੂ ਧਰਮ ਵਿਚ ਅਨੇਕਾਂ ਅਜਿਹੇ ਮਤ ਮਤਾਂਤਰ ਹਨ ਜੋ ਨਿਰਗੁਨ ਬ੍ਰਹਮ ਦੀ ਉਪਾਸਨਾ ਆਪੋ ਆਪਣੇ ਢੰਗ ਨਾਲ ਕਰਦੇ ਹਨ ਪਰ ਮੂਰਤੀ ਪੂਜਾ ਉਤੇ ਕੋਈ ਵਿਸ਼ਵਾਸ਼ ਨਹੀ ਰਖਦੇ। ਸਗੋਂ ਮੂਰਤੀ ਨਾਲੋਂ ਕਿਸੇ ਸਰਗੁਣ ਸਰੂਪੀ ਸਤਿਗੁਰੂ ਦੀ ਪੂਜਾ ਪ੍ਰਤਿਸ਼ਟਾ ਜਾਂ ਚੈਤੰਨ ਤਥ ਨੂੰ ਇਵੇ ਤਰਜੀਹ ਦਿੰਦੇ ਹਨ। ਜਿਵੇਂ ਕਬੀਰ ਨੇ ਲਿਖਿਆ ਹੈ ਕਿ:

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ।
ਜਿਸ ਪਾਹਨ ਕਉ ਪਾਤੀ ਤੋਰੈ
ਸੋ ਪਾਹਿਨ ਨਿਰਜੀਉ। (ਸਾਰਾ ਸਬਦ)(੪੭੯)
ਸਗੋਂ-ਪਾਖਾਨ ਗਢਿ ਕੈ ਮੂਰਤ ਕੀਨੀ
ਦੇ ਕੈ ਛਾਤੀ ਪਾਉ।
ਜੇ ਇਹੁ ਮੂਰਤਿ ਸਾਚੀ ਹੈ ਤਉ
ਗੜ੍ਹਣ ਹਾਰੇ ਖਾਉ। (੪੭੯)

ਸ੍ਰੀ ਦਸ਼ਮੇਸ਼ ਜੀ ਲਿਖਦੇ ਹਨ—

ਅੱਛਤ ਧੂਪ ਦੀਪ ਅਰਪਤ ਹੈ ਪਾਹਨ ਕਛੂ ਨ ਖੈਹੈ।
ਤਾਂ ਮੈ ਕਹਾ ਸਿਧ ਹੈ ਰੇ ਜੜ੍ਹ ਤੋਹਿ ਕਹਾ ਬਰ ਦੈ ਹੈ,

ਅਰਥਾਤ ਇਤਆਦਿਕ ਸ਼ਬਦਾਂ ਦੁਆਰਾ ਗੁਰੂ ਬਾਣੀ ਵਿਚ ਜੜ (ਨਿਰਜਿੰਦ) ਚੀਜ ਦੀ ਮੰਨਤ ਜਾਂ ਪੂਜਾ ਦਾ ਬਹੁਤ ਜਿਆਦਾ ਖੰਡਨ ਕੀਤਾ ਹੋਇਆ ਹੈ ਅਰ ਹਿੰਦੂ ਮਤ ਦਾ ਵਿਰੋਧ ਕਰਨ ਸਮੇ ਬਹੁਤ ਸਾਰੇ ਸਿਖ ਵਿਦਵਾਨ ਵੀ ਉਪ੍ਰੋਕਤ ਪੰਗਤੀਆਂ ਦਵਾਰਾ ਮੂਰਤੀ ਪੂਜਾ ਦਾ ਜ਼ੋਰ ਦਾਰ ਸ਼ਬਦਾਂ ਨਾਲ ਖੰਡਨ ਕਰਦੇ ਹਨ। ਮਗਰ ਆਪ ਮੂਰਤੀਆਂ ਵਾਂਗੂ ਹੀ ਸ੍ਰੀ ਗ੍ਰੰਥ ਸਾਹਿਬ ਨੂੰ "ਪ੍ਰਗਟ ਗੁਰਾਂ ਦੀ ਦੇਹ" ਆਖਦੇ ਤੇ ਪੂਜਾ ਕਰਨ ਲਗ ਪਏ ਹਨ ਜੋ ਵਿਗਆ ਨਕ, ਧਾਰਮਿਕ ਤੇ ਆਤਮਿਕ ਪਖ ਅਥਵਾ ਇਤ ਹਾਸਕ ਪੱਖ ਤੋਂ ਬਹੁਤ ਦੂਰ ਹੈ।

ਇਸ ਸਬੰਧ ਵਿਚ ਭਾਈ ਸਾਹਿਬ ਬਾਗੜੀਆਂ ਜੀ ਦੀ ਇਕ ਲਿਖਤ (ਜੋ ਉਨਾਂ ਨੇ ਸਰਬ ਹਿੰਦ ਪੰਥਕ ਕਨਵੈਸ਼ਨ ਸਮੇ ਪੜ੍ਹੀ ਸੀ) ਹੀ ਕਾਫੀ ਹੈ। ਜਿਹਾ ਕਿ:—

"ਇਸਤੋਂ ਇਲਾਵਾ ਅਸੀ ਆਪਣਾ ਸਿਖੀ ਦਾ ਸਿਧਾਂਤ ਛਡਕੇ ਸਾਰੇ ਕੰਮ ਵਿਚ ਬ੍ਰਾਹਮਣੀ ਮਤ ਵਾਲਿਆ ਦੀ ਹੀ ਨਕਲ ਮਾਰਨ ਲਗ ਪਏ ਹਾਂ। ਕਿਉਂਕਿ ਉਹ ਬੁਤ ਪੂਜ ਹਨ। ਸਿਖੀ ਦੇ ਬੁਤ ਪੂਜਾਂ ਦੇ ਬਰਖਿਲਾਫ ਬੁਨਿਆਦੀ ਅਸੂਲ ਹਨ, ਪਰ ਅਸੀ ਜਰੂਰ ਨਕਲ ਮਾਰਨੀ ਹੈ। ਹੋਰ ਕੋਈ ਬੁਤ ਨਹੀ ਮਿਲਿਆ, ਤਾਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਹੀ ਬੁਤ ਬਣਾ ਲਿਆ ਹੈ। ਅਰ ਇਸੇ ਨੂੰ ਹੀ ਗਰਮ ਠੰਢੇ ਕਪੜੇ ਪੁਆ ਲੈਂਦੇ ਹਾਂ। ਪਖੇ ਝੁਲਾ ਦੇਂਦੇ ਹਾਂ ਤੇ ਝੂਲਿਆ ਵਿਚ ਲੋਰੀਆਂ ਦੇ ਦੇ ਸੁਆ ਦੇਂਦੇ ਹਾਂ ਤੇ ਬਸ ਮੰਜੀਆ ਦੇ ਪਾਵੇ ਘੁਟ ਘੁਟਕੇ ਹੀ ਕੰਮ ਸਾਰ ਲੈਂਦੇ ਹਾਂ। ਕਈ ਭਗਤ ਤਾਂ ਮੰਜੀ ਦੇ ਸਜੇ ਪਾਸੇ ਵਾਲੇ ਪਾਵੇ ਤੇ ਮਥੇ ਟੇਕਦੇ ਹਨ ਕਿ ਇਸ ਤਰਫ ਪੈਰ ਹਨ। ਪ੍ਰਸ਼ਾਦਿ ਵੀ ਖੁਆ ਦਿੰਦੇ ਹਨ। ਕਈ ਥਾਂਈ ਰਾਤ ਨੂੰ ਦਾਤਨ ਤੇ ਪਾਣੀ ਦੀ ਗੜਵੀ ਵੀ ਮੰਜੀ ਹੇਠਾਂ ਰਖ ਦੇਂਦੇ ਹਨ, ਸ਼ੁਕਰ ਹੈ ਕਿ ਅਜੇ ਬੀੜ ਦਾ ਇਸ਼ਨਾਨ ਨਹੀ ਕਰਾਉਣ ਲਗੇ, ਅਰ ਨ ਹੀ ਕਮੋਡ ਨੇੜੇ ਧਰਨ ਲਗੇ ਹਨ।

ਕੌਮੀ ਏਕਤਾ ਵਿਸਾਖੀ ਨੰਬਰ ੧੯੭੫ ਪੰਨਾ ੨੧

ਉਪ੍ਰੋਕਤ ਹਾਲਾਤ ਵਿਚ ਜਿਹੜੇ ਸਿਖ ਆਪ ਸ੍ਰੀ ਗ੍ਰੰਥ ਸਾਹਿਬ ਨੂੰ ਮੂਰਤੀਆ ਦੀ ਤਰਾਂ ਸਜਾਉਂਦੇ ਤੇ ਹੋਰ ਕਈ ਕੁਝ ਕਰਦੇ ਹਨ ਉਹ ਕਿਸੇ ਹੋਰ ਨੂੰ ਮੂਰਤੀ ਪੂਜਕ ਕਿਵੇ ਆਖ ਸਕਦੇ ਹਨ ?"

ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਦਲ ਨੂੰ ਕਾਇਮ ਕਰਨਾ, ਹਿੰਦੂਆਂ ਨਾਲੋਂ ਵਖਰਾ ਕਰਨ ਦਾ ਕਦੇ ਮਨੋਰਥ ਨਹੀਂ ਹੋ ਸਕਦਾ। ਉਹ ਤਾਂ ਪਹਿਲੇ ਚਲੇ ਆ ਰਹੇ ਪੰਥਾਂ ਦੀਆਂ ਕੁਚਾਲਾ ਤੋਂ ਦੁਖੀ ਸਨ, ਕਿ ਜਿਹੜਾ ਜਿਹੜਾ ਕੋਈ ਸਿਆਣਾ ਹੋਇਆ ਹੈ, ਉਸਨੇ ਲੋਕਾਂਨੂੰ ਅਪਣੇ ਮਗਰ ਲਾ ਲਿਆ ਹੈ ਤੇ ਨਵਾਂ ਡੂੰਡਾ ਖੜਾ ਕਰ ਦਿਤਾ ਜਿਵੇ ਕਿ :—

ਜੋ ਕੋਈ ਹੋਤ ਭਯੋ ਜਗਿ ਸਯਾਨਾ।
ਤਿਨ ਤਿਨ ਅਪਨੋ ਪੰਥ ਚਲਾਨਾ।। ੧੪।

ਜਿਨ-ਜਿਨ ਤਨਿਕ ਸਿਧ ਕੋ ਪਾਯੋ।
ਤਿੰਨ ਤਿੰਨ ਅਪਨਾ ਰਾਹੁ ਚਲਾਯੋ॥
ਪਰਮੇਸਰ ਨ ਕਿਨਹੂੰ ਪਹਿਚਾਨਾ।
ਮਮ ਉਚਾਰ ਤੇ ਭਯੋ ਦਿਵਾਨਾ॥

ਇਸਤੋਂ ਸਿਧ ਹੁੰਦਾ ਹੈ ਕਿ :- ਦਸਮ ਗ੍ਰੰਥ ਉਪਲੀ ਕੋਈ ਗੂੜ੍ਹ ਭਾਸਾ ਨਹੀ। ਇਹ ਬਿਲਕੁਲ ਸਪਸ਼ਟ ਹੈ ਜੋ ਕੋਈ ਥੋੜਾ ਜਿਹਾ ਵੀ ਸਿਆਣਾ ਨਿਕਲਿਆ, ਉਸਨੇ ਆਪਣਾ ਜਾਲ ਵਿਛਾ ਲਿਆ ਹਕੀਕਤ ਦੀ ਪਛਾਣ ਨ ਕਰਾਈ। ਹੈ ਵੀ ਠੀਕ ਚਤਰ ਆਦਮੀਆਂ ਦਾ ਕਿਸੇ ਨੂੰ ਮਗਰ ਲਾ ਲੈਣਾ ਕੋਈ ਔਖਾ ਨਹੀਂ। ਥੋੜੀ ਜੇਹੀ ਸਾਧਨਾ ਨਾਲ

ਡਗਡੁਗੀ ਵਜਾ ਕੇ ਤਮਾਸ਼ਾ ਰਚਾ ਕੇ ਲੋਕਾਂ ਨੂੰ ਫਸਾਉਣਾ ਉਨਾ ਉਨਾਂ ਨੂੰ ਬਿਲਕੁਲ ਸਹਿਲ ਹੈ। ਦਨੀਆਂ ਪਾ ... ਚਾਲ ਹੈ ਸਵਾਰਥੀ ਲੋਕ ਮਗਰ ਲਗ ਪੈਂਦੇ ਹਨ, ਗਡੀ ਰਿੜੀ ਪੈਂਦੀ ਹੈ। ਮਗਰ ਸਚੁ ਸੂਲੀ ਸਮਾਨ ਹੈ ਗੁਰੂ ਜੀ ਕਿ ਵਲ ਆਦਰਸ਼ਕ ਮਨੁਖਾ ਜਸਦੀ ਲੀਹ ਗੁਰੂ ਨਾਨਕ ਦੇਵ ਜੀ ਨੇ ਪਈ, ਘੜਨਾ ਚਹੁੰਦੇ ਸਨ ਮੁਰਦਾਂ ਧਰਮ ਦੀਆਂ ਰਗਾਂ ਵਿਚ ਜਮ ਚੁਕੇ ਲਹੂ ਨੂੰ ਗਰਮਾਉਣ ਲਈ ਇਹ ਖਾਲਸਾ ਦਲ ਖੜਾ ਕੀਤਾ ਅਤੇ ਦੇਸ਼ ਕਾਲ ਦੇ ਕਦੀਮੀ ਸਭਿਅਤਾ ਦੇ ਘੁਣ ਖਾਧੇ ਜਕੜਬੰਦਾਂ ਅਤੇ ਮੈਲ ਨਾਲ ਲਿਬੜੇ ਰਸਮਾਂ ਰਿਵਾਜਾਂ ਨੂੰ ਝਾੜ ਪੂੰਜ ਨਰੋਏ ਤੇ ਸਿਹਤਮੰਦੇ ਤਥਾਂ ਨੂੰ ਲਿਸ਼ਕਾਉਣ ਦਾ ਬਾਨਣੂ ਬੰਨਿਆ, ਜਿਨਾਂ ਵਾਸਤੇ ਉਨਾਂ ਦਾ ਧੁਰ ਤੋਂ ਆਦੇਸ ਸੀ। ਗੁਰੂ ਜੀ ਫੁਰਮਾਂਦੇ ਹਨ :-

ਮੈਂ ਅਪਨਾ ਸੁਤ ਤੁਹਿ ਨਿਵਾਜਾ।
ਪੰਥ ਪ੍ਰਚੁਰ ਕਰਬੇ ਕਹੁ ਸਾਜ॥
ਜਾਹਿ ਤਹਾਂ ਤੈ ਧਰਮ ਚਲਾਇ।
ਕਬੁਧ ਕਰਨ ਤੇ ਲੋਕ ਹਟਾਇ। (੨੯)
(ਬਚਿਤ੍ਰ ਨਾਟਕ)

ਭਾਵ ਅਕਾਲ ਪੁਰਖ ਵਲੋਂ ਖਲੋਤੇ ਧਰਮ ਟੋਰਨ ਤੇ ਖੋਟੇ ਕਰਮਾਂ ਤੋਂ ਲੋਕਾਂ ਨੂੰ ਵਿਵਰਜਤ ਕਰ ਰਹੇ ਰਾਹ ਤੋਰਨ ਦਾ ਅਦੇਸ ਹੋਇਆ, ਜਿਹੜਾ ਉਨਾਂ ਪਹਾੜ ਜੇਡੀਆਂ ਮੁਸੀਬਤਾਂ ਦੇ ਝਖੜ ਸਹਿਣ ਕਰਦਿਆਂ ਵੀ ਚੁਣਿਆ। ਜੇ ਕੋਈ ਵਖਰਾ ਧਰਮ ਕਾਇਮ ਕਰਨਾ ਸੀ ਤਾਂ ਉਪ੍ਰਲੇ ਧਰਮਾਂ ਦੀ ਟੀਕਾ ਟਿਪਣੀ ਨ ਕਰਦੇ। ਪਰ ਇਹ ਗਲ ਪਥਰ ਤੇ ਲੀਕ ਹੈ, ਕਿ ਉਹ ਵਿਸਾਲ ਹਿੰਦੂ ਧਰਮ ਵਿਚ ਆਈਆਂ ਕਮਜੋਰੀਆ ਨੂੰ ਜਰੂਰ ਦੂਰ ਕਰਨਾਂ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਕਿਸੇ ਤਰਾਂ ਲੋਕਾਂ ਵਿਚ ਸਾਹਸ ਵਧੇ, ਸਵਛ ਰਹਿਣੀ ਬਹਿਣੀ ਤੇ ਕਹਿਣੀ ਤੇ ਕਰਨੀ ਵਲ ਰੁਚੀ ਵਧੇ। ਸਵੈ ਮਾਨ ਤੇ ਹ੍ਰੈ ਵਿਸ਼ਵਾਸ ਵਿਚ ਵਾਧਾ ਹੋਵੇ; ਚੜਦੀਆਂ ਕਲਾ ਸਿਖਰਾਂ ਨੂੰ ਛੂਹਣ; ਦਇਆ ਧਰਮ ਪਰਉਪਕਾਰ ਭਜਨ ਬਦਗੀ ਨਰ ਨਾਰੀ ਵਾਧੇ ਘਬਣੇ ਉਹ ਬੜੀਆਂ ਰੀਝਾਂ ਨਾਲ "ਅਨੂਪ ਅਜੈ ਤੇ ਅਭੈ" ਅਗੇ ਅਰਦਾਸ ਕਰਦੇ ਹਨ :-

ਸਕਲ ਜਗਤ ਮੇਂ ਖਾਲਿਸਾ ਪੰਥ ਗਾਜੈ।
ਜਗੈ ਧਰਮ ਹਿੰਦੁਕ ਤੁਰਕ ਦੁੰਦ ਭਾਜੈ।

ਜਿਹੜੇ ਸਿਖ ਗਲਤ ਖਿਆਲਾਂ ਦੇ ਅਸਰ ਹੇਠਾਂ ਇਹ ਕਹਿੰਦੇ ਹਨ— "ਹਮ ਹਿੰਦੂ ਨਹੀਂ" ਬ੍ਰਾਹਮਣਵਾਦ ਵਹਿਮ ਹੈ, ਹਉਮੈ ਨ ਨ, ਊਚ ਨੀਚ ਭਰਮ ਹਨ, ਉਹ ਆਪਣੀ ਪੀੜ੍ਹੀ ਹੇਠਾਂ ਸੋਟਾ ਫੇਰ ਕੇ ਵੇਖਣ ਕਿ ਅਜੇਹੀਆਂ ਫਿਕੀਆਂ ਫਿਕੀਆਂ ਗਲਾਂ ਕਹਿਣ ਦਾ ਲਾਭ ਕੀ? (ਸਿਘ ਸਭਾ ਲਹਿਰ ੧੮੭੩ ਵਿਚ ਕਾਇਮ ਹੋਈ ਉਸ ਵਿਚ ਵਖ ਵਖ ਖਿਆਲਾਂ ਦੇ ਸਜਣ ਸਨ, ਮਗਰ ਭਾਈ ਗੁਰਮਖ ਸਿੰਘ ਅੰਗ੍ਰੇਜਾਂ ਭਗਤੀ ਲਈ ਉਦਾ—ਰਲਾ ਸੀ, ਉਸ ਨੇ ਇਕ ਨਵਾਂ ਪ੍ਰੋਗ੍ਰਾਮ ਦਿਤਾ—" ਜਿਹੜਾ ਇਕਪ ਸਿਉ ਕੌਮਾਂ ਦੇ ਪ੍ਰਸਪਰ ਸੰਜੋਗ ਸਹਿਯੋਗ, ਉਪਰ ਅਧਾਰਤ ਪ੍ਰਾਚੀਨ ਭਾਰਤੀ ਸੰਸਕ੍ਰਿਤੀ ਤੋਂ ਦੂਰ ਹਟਵਾਂ, ਸਿੱਖ ਮੁਸਲਿਮ ਦਵੈਖ ਉਪਜ ਅਤੇ ਦੂਜੇ ਪਾਸਿਉਂ ਅੰਗ੍ਰਜ਼ੀ ਰਾਜ ਹਮਾਇਤ ਉਪਰ ਖੜਾ ਸੀ"।)

ਸਿਖ ਇਤਹਾਸ ਤੇ ਕੂਕੇ ਪੰਨਾ ੯੦

ਸੌ ਸਾਲ ਤੋਂ ਅਡ ਹੋਣ ਦੇ ਜਤਨਾਂ ਦੇ ਬਾਵਜੂਦ ਵੀ ਉਨਾਂ ਦੇ ਪ੍ਰੈਕਟੀਕਲ ਕੰਮਾਂ ਤੋਂ ਹਿੰਦੂ ਪੁਣ ਦੀ ਬੋ ਆਉਂਦੀ ਹੈ। ਹਿੰਦੂ ਤੀਰਥਾਂ ਤੇ ਜਾਂਦੇ ਹਨ, ਸਿਖੀ ਦਾ ਦਮ ਭਰਨ ਵਾਲੇ ਵੀ ਅੰਮ੍ਰਿਤਸਰ, ਤਰਨ ਤਾਰਨ ਤੇ ਪੰਜਾ ਸਾਹਿਬ ਜਾਕੇ ਇਸ਼ਨਾਨ ਕਰਨ ਨੂੰ ਗੰਗਾ

ਸਮਝਦੇ ਹਨ, ਹਿੰਦੂ ਭਰਾ ਸੰਗਰਾਂਦ ਪੂਰਨਮਾਸ਼ ਨੂੰ ਸ਼ੁਭਅਵਸਰਮੰਨਦਹਨ, ਸਿਖਵੀਰਵੀ ਇਨਾਂਮੌਕਿਆਂ ਤੇਗੁਰਦੁਆਰੀਂ ਜਾਣ ਵਾਸਤੇ ਉਚੇਚਾ ਸਮਾਂਕਢਦੇ ਹਨ ਤੇ ਸੰਗਤਾਂ ਵਿਚ ਕੜਾਹ ਪ੍ਰਸ਼ਾਦ ਦੇ ਗਫੇ ਵਰਤਾਂਦੇ ਹਨ। ਪੈਰ ਧੋਕੇ ਗੁਰਦੁਆਰੀਂ ਜਾਣਾ ਕਟੜ ਬ੍ਰਹਮਣੀਵਾਦ ਹੈ, ਹਾਲਾਂਕਿ ਜੁਰਾਬਾਂ ਵਾਲੇ ਪੈਰ ਸਾਫ ਹੁੰਦੇ ਹਨ। ਦੋਹਾਂ ਧਿਰਾਂ ਵਿਚ ਵਿਆਹ ਸਮੇਂ ਲਾਵਾ ਪ੍ਰਧਾਨ ਹਨ। ਮੋਇਆਂ ਦਾ ਸੰਸਕਾਰ ਕੀਤਾ ਜਾਂਦਾ ਹੈ। ਹਿੰਦੂ ਹਰਿਦਵਾਰ ਜਾ ਕੇ ਅਸਥੀਆਂ ਪ੍ਰਵਾਹ ਕਰਦੇ ਹਨ, ਸਿਖ ਵੀਰ ਕੀਰਤਪੁਰ ਜਾਂਦੇ ਹਨ, ਜਾਂ ਵਗਦੇ ਪਾਣ ਵਿਚ ਰੋੜ ਦੇਂਦੇ ਹਨ। ਆਦਿ ਗ੍ਰੰਥ ਸਾਹਿਬ ਦੀ ਪਵਿਤਰ ਬਾਣੀ ਦਸਦੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਅਤੇ ਉਹਨਾਂ ਦੇ ਉਤਰ-ਧਿਕਾਰੀ ਜਿਨ੍ਹਾਂ ਦੇ ਸਿਖ ਜਗਤ ਪੈਰ ਧੋ ਧੋ ਪੀਂਦਾ ਹੈਓਹੀ ਹਨ, ਜਨਾਂ ਨੂੰ ਪਹਿਲੇ ਯੁਗਾਂ ਵਿਚ ਸ੍ਰੀ ਰਾਮ ਜਾਂ ਸ੍ਰੀ ਕ੍ਰਿਸ਼ਨ ਜੀ ਦੇ ਨਾਉ ਨਾਲ ਸਤਿਕਾਰਿਆ ਤੇ ਪੂਜਿਆ ਜਾਂਦਾ ਸੀ। ਜਿਵੇਂ :—

'ਸਤਿਜੁਗ ਤੈ ਮਾਣਿਓ ਛਲਿਓ ਬਲਿ ਬਾਵਨਭਾਇਓ।
ਤ੍ਰੇਤੈ ਤੈਂ ਮਾਣਿਓ ਰਾਮ ਰਘੁਵੰਸ ਕਹਾਇਓ।
ਦੁਆਪੁਰਿ ਕ੍ਰਿਸ਼ਨ ਮੁਰਾਰਿ ਕੰਸ ਕਿਰਤਾਰਥ ਕੀਓ।
ਉਗ੍ਰਸੈਨ ਕਉ ਰਾਜ ਅਭੈ ਭਗਤਹ ਜਨ ਦੀਓ।
ਕਲਿਜੁਗਪ੍ਰਮਾਨ ਨਾਨਕਗੁਰੁਅੰਗਦਅਮਰਕਹਾਇਓ
ਸ੍ਰੀਗੁਰੁ ਰਾਜ ਅਬਿਚਲ ਅਟਲਆਦਿਪੁਰਖਫੁਰਮਾਯੋ

ਜ਼ਰੂਰਤ ਰਹਣੀ, ਬ ਹਣੀ ਤੇ ਗੁਰ ਅਵਤਾਰ ਇਕ ਜਾਪਣ ਤਾਂ ਵਖਰੀ ਡਫਲੀ ਕਾਹਦੀ? ਰਣਧੀਰ ਜੀ ਅਤੇ ਟਰੰਪ ਰੇਜ਼ਾਨਾ ਵਿਲਾਪ, ਅਜੇਹੀ ਜ਼ਹਨੀਅਤ ਦੇ ਮਾਲਿਕਾਂ ਨੂੰ ਮੈਕਾਲਿਫ ਦੇ ਚੇਲਿਆਂ ਦੀ ਸਨਦ ਦਿੰਦੇ ਹਨ, ਉਹ ਯੁਗ ਪੁਰਸ਼ ਵਿਚ ਇਉ ਕਲਮਬੰਦ ਕਰਦੇ ਹਨ :–

"ਪਿਛਲੇ ਦਿਨੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ ਜ਼ਿੰਦਗੀ ਕੇ ਮੁਤਅਲਕ ਕਈ ਕਿਤਾਬੋਂ ਕਾ ਮੈਂ ਨੇ ਮੁਤਾਲਿਆ ਕੀਆ। ਇਨ ਮੇਂ ਜਿਆਦਾਤਰ ਕਤਾਬੋਂ ਮੇਂ "ਚੰਡੀ ਯਗ" ਕਾ ਜਿਕਰ ਤੱਕ ਨਹੀਂ ਕੀਆ। ਏਕ ਸਾਹਿਬ ਨੇ ਇਸਕਾ ਜਿਕਰ ਕੀਆ। ਤੋ ਯਿਹ ਸ ਬਤ ਕਰਨੇ ਕੇ ਲੀਏ ਕਿ ਯਿਹ ਜੱਗ ਕਭੀ ਹੂਆ ਹੀ ਨਹੀ। ਇਸ ਕੇ ਮੁਤੱਅਲਕ ਸਭ ਕਹਾਂਣੀਆਂ ਝੂਟ ਹੈਂ। ਅਪਣੀ ਸਾਰੀ ਇਲਮੀਅਤ ਔਰ ਕਾਬਲੀਅਤ ਉਨੋਂ ਨੇ ਇਸ ਬਾਤ ਪਰ ਸਰਫਕਰਦੀ ਕਿ "ਚੰਡੀ ਯਗ" ਔਰ ਗੁਰੂ ਗੋਬਿੰਦ ਸਿੰਘ ਦੋਨੋਂ ਕਾ ਏਕ ਸਾਥ ਜਿਕਰ, ਬਾਦ ਤੌਹੀਨ ਕਿਸਮ ਕਾ ਕੁਫਰ ਹੈ। ਮੈਂ ਨੇ ਕਤਾਬੋਂ ਕੋ ਪੜ੍ਹਾ ਔਰ ਦਿਲਹੀ ਦਿਲ ਮੇ ਕਹਾਂ ਕਿ ਯਿਹ ਸਭ ਮਿਸਟਰ ਮੈਕਾਲਿਫ ਕੇ ਚੇਲੇ ਹੈ"(ਹੇਮ ਕੁੰਟ ਕਾ ਮੁਸਾਫਰ ਪੰਨਾ੧੨੧)

ਕਾਸ਼! ਸਿਖ ਵੀਰ ਅਸਲੀਅਤ ਨੂੰ ਸਮਝਣ ! ਸੌ ਸਾਲ ਦੀਆਂ ਪਈਆਂ ਤਰੇੜਾਂ ਤੇ ਪਿਆਰ ਦਾ ਪਲਸਤਰ ਲਾ ਕੇ, ਟੁਟੇ ਭੱਜੇ ਅੰਗਾਂ ਨੂੰ ਨਰੋਆ ਬਣਾ, ਹਸੂੰ ਹਸੂੰ ਕਰਦੇ ਰਾਜਨੀਤੀ ਦੀ ਪਾਣ ਲਾਹ ਆਤਮੇ ਨਾਲ ਆਤਮੇ ਦਾ ਮੇਲ ਕਰ, ਅਨੰਦ ਦੇ ਝੂਲੇ ਝਲੌਣ ਤਾਂ ਉਨਾਂ ਨੂੰ ਪਤਾ ਲਗ ਜਾਵੇ ਕਿ ਗੁਰੂ ਤੇਗ ਬਹਾਦਰ ਜੀ ਮਹਾਰਾਜ "ਤਿਲਕ ਜੰਞੂ" ਦੀ ਰਖਿਆ ਵਾਸਤੇ ਇਸਲਈ ਬਲੀਦਾਨ ਦਿਤਾ ਸੀ ਕਿ ਇਹਕਾਇਮਰਹੇ, ਜਿਸ ਨਾਲ ਉਨਾਂਦੀ ਕੌਮ ਤੇ ਉਨਾਂ ਦੇ ਧਰਮ ਦਾ ਝੰਡਾ ਵੀ ਝੂਲਦਾ ਰਹੇ।

ਰੁਬਾਈ—

ਅਠਵੇਂ ਗੁਰੂ ਦੇ ਬਾਦ ਸਿਖੀ ਦਾ, ਢਲਿਆ ਜਾਂ ਪ੍ਰਛਾਵਾਂ।
ਬੇੜਾ ਬੰਨੇ ਲਾਇਆ ਮਖਨ ਦਾ, ਮੋਢਾ ਦੇ ਕੇ ਬਾਵਾਂ॥
ਦੇਸਾਂ ਪ੍ਰਦੇਸਾਂ ਵਿਚ ਜਾ ਜਿਸ, ਸ਼ਕਤੀ ਗੁਰੂ ਦਿਖਾਕੇ।
ਦਿਲੀ ਸੀਸ ਧਰਮ ਲਈ ਦਿਤਾ, ਉਹ ਮੇਰਾ ਸਤਿਗੁਰੂ ਨਾਵੇਂ।

ਕਾਕਾ ਰਜਿੰਦਰ ਸਿੰਘ

ਗੁਰੂ ਤੇਗ ਬਹਾਦਰ ਸਿਮਰੀਐ

ਸ੍ਰੀ ਪਿਆਰਾ ਸਿੰਘ ਜੀ ਵਿਰਦੀ (ਨਵੀ ਦਿਲੀ)

—ਸੰਖਿਪਤ ਜੀਵਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅਵਤਾਰ ਵਿਸਾਖ ਵਦੀ ੫ ਸੰਮਤ ੧੬੭੮ ਨੂੰ ਸ੍ਰੀ ਗੁਰੂ ਹਰ ਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਸ੍ਰੀ ਅੰਮ੍ਰਿਤਸਰ (ਗੁਰੂ ਮਹਿਲਾਂ) ਵਿਚ ਹੋਇਆ। ਆਪ ਜੀ ਛੇਵੇਂ ਗੁਰੂ ਜੀ ਦੇ ਸਭ ਤੋਂ ਛੋਟੇ ਪੰਜਵੇਂ ਸਪੁਤ੍ਰ ਸਨ। ਬਚਪਨ ਤੋਂ ਹੀ ਆਪ ਸਾਧੂ ਸੁਭਾਵ ਤੇ ਸੰਤ ਸਰੂਪ ਤਿਆਗੀ ਗੰਭੀਰ ਤੇ ਨਿਰਭੈ ਬਹਾਦਰ ਬ੍ਰਿਤੀ ਦੇ ਮਾਲਕ ਸਨ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜਦ ਸਮੇਂ ਨੂੰ ਮੁਖ ਰਖਦਿਆਂ ਸ੍ਰੀ ਅੰਮ੍ਰਤਸਰ ਤੋਂ ਕਰਤਾਰ ਪੁਰ (ਬਿਆਸ) ਜਾ ਨਿਵਾਸ ਕੀਤਾ ਏਥੇ ਗੁਰੂ ਜੀ ਨੇ ਜਲੰਧਰ ਦੇ ਫੌਜਦਾਰ ਕੁਤਬਦੀਨ ਨਾਲ ਜਦ ਲੜਾਈ ਲੜੀ, ਤਾਂ ਉਸ ਵਿਚ ਸ੍ਰੀ ਤੇਗ ਬਹਾਦਰ ਜੀ ਨੇ ਵੀ ਕਾਫੀ ਬੀਰਤਾ ਵਿਖਾਲੀ ਕੁਝ ਸਮਾ ਪਾ ਕੇ ਗੁਰੂ ਜੀ ਨੇ ਮਾਤਾ ਨਾਨਕੀ ਸਮੇਤ ਬਕਾਲੇ ਪਿੰਡ (ਜਿਥੇ ਕਿ ਇਨਾਂ ਦੇ ਨਾਨਕੇ ਸਨ) ਭੇਜ ਦਿਤਾ ਬਕਾਲੇ ਆ ਕੇ ਆਪ ਭਜਨ ਵਿਚ ਲੀਨ ਹੋ ਗਏ ਤੇ ਮਸਤ ਬ੍ਰਿਤੀ ਵਿਚ ਰਹਿੰਦੇ। ਜਿਸ ਕਰਕੇ ਅਨਜਾਣ ਲੋਕ ਇਨਾਂ ਨੂੰ "ਤੇਗੋ ਕਮਲੇ" ਦੇ ਨਾਮ ਨਾਲ ਸੰਬੋਧਨ ਕਰਦੇ।

—ਗੁਰ ਗਦੀ :—

ਸ੍ਰੀ ਗੁਰੂ ਹਰ ਕਿਸ੍ਨ ਸਾਹਿਬ ਦੇ ਜੋਤੀ ਜੋਤ ਸਮਾਉਣ ਸਮੇ ਦਿਲੀ ਨਿਵਾਸੀ ਸੰਗਤ ਨੇ ਅਰਜ ਕੀਤੀ, ਸਚੇ ਪਾਤਸ਼ਾਹ ਜੀ ਸੰਗਤ ਦਾ ਲੜ ਕਿਸ ਨੂੰ ਪਕੜਾ ਚਲੇ ਹੋ? ਅਰਥਾਤ ਅਸੀਂ ਅਗੋਂ ਕਿਸ ਸਤਿ ਗੁਰੂ ਦੇ ਚਰਨ ਪਰਸਾਂਗੇ? ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਸੰਗਤ ਦੀ ਭਾਵਨਾ ਨੂੰ ਪਰਖਣ ਵਾਸਤੇ ਬਚਨ ਕਿਹਾ, ਕਿ ਤੁਸੀ ਹੁਣ ਆਦਿ ਗ੍ਰੰਥ ਸਾਹਿਬ ਨੂੰ ਹੀ ਗੁਰੂ ਸਮਝ ਲੈਣਾ ਉਸ ਨਾਲ, ਹੀ ਤੁਹਾਡਾ ਪਾਰ ਉਤਾਰਾ ਹੋ ਜਾਵੇਗਾ ਸ੍ਰੀ ਗੁਰੂ ਜੀ ਦੇ ਇਸ ਤਰਾਂ ਦੇ ਬਚਨ ਸੁਣ ਸਾਰੀ ਸੰਗਤ ਹੈਰਾਨ ਹੋਈ ਕਿ ਗੁਰੂ ਜੀ ਇਹ ਕਿਸ ਤਰਾਂ ਦੇ ਬਚਨ ਕਰ ਰਹੇ ਹਨ ਜਦੋਂ ਕਿ ਗੁਰੂ ਨਾਨਕ ਦੇਵ ਜੀ ਤੋਂ ਬਕਾਇਦਾ ਗੁਰੂ ਪ੍ਰਣਾਲੀ ਚਲੀ ਆ ਰਹੀ ਹੈ ? ਕੀ! ਉਸ ਵਕਤ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਨਹੀ ਸੀ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਜਾਣ ਸਮੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਗੁਰ ਗਦੀ ਬਖਸੀ ਸੀ। ਸੰਗਤ ਨੇ ਫਿਰ ਗੁਰਬਖਸ ਮਸੰਦ ਤੇ ਰਾਜੇ ਜੈ ਸਿੰਘ ਰਾਹੀ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ ਸਾਨੂ ਕਿਸੇ ਵਿਅਕਤੀ ਗਤ (ਦੇਹ ਧਾਰੀ) ਗੁਰੂ ਦੇ ਲੜ ਲਾਓ। ਸ੍ਰੀ ਗ੍ਰੰਥ ਸਾਹਿਬ ਤਾਂ ਸਾਰਿਆਂ ਘਰਾਂ ਵਿਚ ਸੋਢੀ ਸਾਹਿਬ ਜਾਦੇ ਰਖ ਲੈਣਗੇ ਸੰਗਤ ਕਿਥੇ ਜਾਵੇਗੀ, ਕਿਸ ਕਿਸ ਨੂੰ ਮੰਨੇ ਗੀ। ਸਾਨੂੰ ਇਕ ਗੁਰੂ ਦੀ ਚਰਨੀ ਲਾਓ, ਸ੍ਰੀ ਗ੍ਰੰਥ ਸਾਹਿਬ ਦੀ ਪਵਿਤ੍ਰ ਬਾਣੀ ਦੇ ਪਾਠ ਦਰਸ਼ਨ ਕਰ ਇਕ ਹੋਰ ਗਲ ਹੈ ਅਤੇ ਗੁਰਤ੍ਵ ਦੀ ਪ੍ਰਣਾਲੀ ਇਕ ਵਖਰੀ ਮਰਯਾਦਾ ਹੈ, ਤੇ ਇਸ ਵਾਸਤੇ ਜਿਵੇਂ ਗੁਰ ਬਾਣੀ ਦੀ ਹੋਂਦ ਵਿਚ ਪਿਛੇ ਦੇਹ ਧਾਰੀ ਗੁਰੂ ਹੁੰਦੇ ਆਏ ਹਨ, ਤਿਵੇਂ ਹੁਣ ਵੀ ਬਾਣੀ ਦੀ ਹੋਂਦ ਨਾਲ ਕਿਸੇ ਦੇਹ ਧਾਰੀ ਸਤਿਗੁਰੂ ਦਾ ਨਿਰਣਾ ਕਰਕੇ ਜਾਓ।

ਚੋਜੀ ਪ੍ਰੀਤਮ ਸ੍ਰੀ ਸਤਿਗੁਰੂ ਹਰਿ ਕ੍ਰਿਸ਼ਨ ਜੀ ਸੰਗਤ ਦੇ ਇਸ ਦ੍ਰਿੜ ਵਿਸ਼ਵਾਸ ਤੇ ਬੜੇ ਪ੍ਰਸੰਨ ਹੋਏ ਅਤੇ ਬਚਨ ਕੀਤਾ ਕਿ "ਬਾਬਾ ਬਕਾਲੇ"

—ਗੁਰੂ ਲਾਧੋ ਰੇ—

ਜਦ ਅਠਵੇ ਪਾਤਸ਼ਾਹ ਉਪ੍ਰੋਕਤ ਸੰਕੇਤ ਦੇ ਕੇ ਦਿਲੀ ਵਿਖੇ ਜੋਤੀ ਜੋਤ ਸਮਾ ਗਏ ਤਾਂ ਬਕਾਲੇ ਵਿਚ ਗੁਰੂ ਹੀ ਗੁਰੂ ਵਿਖਾਈ ਦੇਣ ਲਗ ਪਏ। ਆਮ ਇਤਹਾਸਕਾਰਾਂ ਦੇ ਦਸਨ ਅਨੁਸਾਰ ਬਕਾਲੇ ਵਿਚ ੨੨ ਮੰਜੀਆਂ ਗੁਰੂਆਂ ਦੀਆ ਡਠ ਗਈਆਂ, ਪਰ ਬਾਬਾ ਧੀਰ ਮਲ ਸਭ ਤੋਂ ਹੁਸ਼ਿਅ ਰ ਸੀ ਸ੍ਰੀ ਗ੍ਰੰਥ ਸਾਹਿਬ ਜੀ ਦੀ ਬੀੜ ਇਸ ਪਾਸ ਸੀ ਜਸ ਕਰਕੇ ਬਹੁਤ ਸਾਰੇ ਦਰਸਕਾਂ ਨੂੰ ਉਹ ਹੀ ਮਸੰਦ ਦਵਾਰਾ ਆਪਣੇ ਵਲ ਖਿਚ ਲਿਜਾਂਦ ਇਸ ਤਰਾਂ ਕਾਫੀ ਸਮਾ ਬਿਤੀਤ ਹੁੰਦਾ ਰਿਹਾ

ਇਤਹਾਸ ਕਾਰ ਦਸਦੇ ਹਨ ਕਿ ਇਨਾ ਹੀ ਦਿਨਾਂ ਵਿਚ ਗੁਰੂ ਘਰ ਦੇ ਸਰਧਾਲੂ ਮਖਣ ਸ਼ਾਹ ਲੁਬਾਣੇ (ਜਿਸਦਾ ਬਪਾਰ ਵਿਹਾਰ ਬਾਹਰਲੇ ਦੇਸਾਂ ਨਾਲ ਚਲਦਾ ਸੀ) ਦੇ ਸਮਾਨ ਦਾ ਭਰਿਆ ਜਹਾਜ ਇਕ ਟਾਪੂ ਦੀ ਖਾੜੀ ਵਿਚ ਤੁਫਾਨ ਦੇ ਕਾਰਨ ਇਕ ਘਾਟ ਦੀ ਬਰੇਤੀ ਨਾਲ ਜਾ ਲਗਾ ਉਸਨੇ ਇਸ ਮੁਸੀਬਤ ਵਿਚ ਗੁਰੂ ਨਾਨਕ ਘਰ ਦੇ ਸਤਿਗੁਰ ਦਾ ਧਿਆਨ ਧਰਕੇ ਜਹਾਜ ਦੇ ਤੁਰਨ ਲਈ ਅਰਦਾਸ ਕੀਤੀ। ਤੇ ਵਾਪਸ ਪੰਜਾਬ ਆ ਕੇ ੫੦੦ ਮੋਹਰਾਂ ਗੁਰੂ ਘਰ ਦੇਣ ਦੀ ਮੰਨਤ ਮੰਨੀ। ਇਸਦੀ ਅਰਦਾਸ ਕਰਨ ਤੇ ਅਟਕਿਆ ਹੋਇਆ ਜਹਾਜ ਤੁਰ ਪਿਆ ਤੇ ਬੇੜਾ ਬੰਨੇ ਜਾ ਲਗਾ

ਸਮਾ ਪਾ ਕੇ ਮਖਣ ਸ਼ਾਹ ਬਕਾਲੇ ਪੁਜਾ ਉਥੇ ਅਜਬ ਹੀ ਖੇਡ ਵੇਖ ਕੇ ਉਸਨੇ ਮਨ ਵਿਚ ਸੋਚਿਆ ਕਿ ਜਿਹੜਾ ਸਚਾ ਗੁਰੂ ਹੋਵੇਗਾ, ਅਪਣੀ ਵਸਤ (ਪੰਜ ਸੌ ਮੁਹਰਾਂ) ਆਪ ਹੀ ਮੰਗ ਲਵੇਗਾ ਜਿਹੜੇ ੨੨ ਗੁਰੂ ਅਪਣੀਆਂ ਮੰਜੀਆਂ ਲਾਈ ਬੈਠੇ ਸਨ ਉਸ ਨੇ ਹਰ ਇਕ ਨੂੰ ਦੋ ਦੋ ਮੋਹਰਾਂ ਮਥਾ ਟਕੀਆਂ। ਕਿਸੇ ਹੋਰ ਆਦਮੀ ਦੇ ਪੁਛਣ ਤੋਂ ਪਤਾ ਲਗਾ ਕਿ ਏਥੇ ਹੋਰ ਵੀ ਇਕ ਤਪਸਵੀ, ਤਿਆਗੀ, ਗੁਰੂ ਵੰਸੀ ਕਈ ਸਾਲਾਂ ਤੋਂ ਰਹਿੰਦਾ ਹੈ, ਤੇ ਆਮ ਅਨਜਾਣ ਲੋਕ ਉਸਨੂੰ ਤੇਗਾ ਕਮਲਾ ਕਹਿੰਦੇ ਹਨ? ਸਗੋਂ ਜਿਹੜੇ ਇਹ ਗੁਰੂ ਏਥੇ ਮੰਜੀਆਂ ਲਾਕੇ ਬੈਠੇ ਹਨ ਇਹ ਤਾਂ ਕੁਝ ਮਹੀਨਿਆਂ ਤੋਂ ਹੀ ਏਥੇ ਆਏ ਹਨ, ਪਹਿਲਾਂ ਤਾਂ ਉਹੋ ਸੰਤ ਹੀ ਏਥੇ ਰਹਿਦਾ ਸੀ। ਪਰ ਉਹ ਕਿਸੇ ਨੂੰ ਮਿਲਦਾ ਗਿਲਦਾ ਨਹੀ। ਤੇ ਨਾ ਹੀ ਆਪਣੇ ਆਪਨੂੰ ਗੁਰੂ ਹੀ ਕਹਲਾਂਦਾ ਹੈ। ਤੇ ਇਕ ਛੋਟੇ ਜਿਹੇ ਕੋਠੇ ਵਿਚ ਹੀ ਦਿਨ ਰਾਤ ਭਜਨ ਕਰਦਾ ਰਹਿੰਦਾ ਹੈ।

ਮਖਣ ਸ਼ਾਹ (ਵਣਜਾਰਾ) ਮਾਤਾ ਨਾਨਕੀ ਦੇ ਘਰ ਜਾ ਪੁਜਾ ਤੇ ਅਰਜ ਕੀਤੀ "ਗੁਰੂ ਕੇ ਦਰਸ਼ਨਾ ਦੀ" ਤੇ ਦਰਸ਼ਨ ਕਰਨ ਤੇ ਬਾਕੀ ਦੇ ਗੁਰੂ ਵੰਸੀਆਂ ਵਾਂਗ ਇਹਨਾਂ ਅਗੇ ਵੀ ਦੋ ਮੋਹਰਾਂ ਰਖ ਕੇ ਮਥਾ ਟੇਕ ਦਿਤਾ। ਗੁਰੂ ਜੀ ਨੇ ਵਿਚਾਰਿਆ ਹੁਣ ਪ੍ਰਗਟ ਹੋਣਾ ਜਰੂਰੀ ਹੈ, ਜੇ ਹੁਣ ਵੀ ਪਰਦਾ ਰਖਿਆ ਤਾ ਸਿਖ ਬੇ ਸਿਦਕ ਹੋ ਜਾਵੇਗਾ। ਅੰਤ੍ਰਜਾਮੀ ਸਤਿਗੁਰੂ ਜੀ ਵਣਜਾਰੇ ਨੂੰ ਵੇਖਕੇ ਮੁਸਕਰਾਏ ਤੇ ਬਚਨ ਕੀਤਾ "ਕਿ ਭਾਈ ਸਿਖ ਹੋ ਕੇ ਠਗੀ ਨਹੀ ਕਰਨੀ ਚਾਹਦੀ ਤੇ ਸਿਖਨੂੰ ਅਪਣੇ ਕੀਤੇ ਬਚਨਤੋਂ ਫਿਰਨਾ ਨਹੀ ਚਾਹੀਦਾ। ਸਾਖੀ ਕਾਰ ਲਿਖਦੇ ਹਨ ਕਿ ਗੁਰੂ ਜੀ ਨੇ ਮਖਣ ਸ਼ਾਹ ਨੂੰ ਅਪਣੀ ਕੰਡ ਵਿਖਾਈ, ਜਿਥੇ ਜਹਾਜ ਨੂੰ ਧਕਾ ਦੇਣ ਸਮੇ (ਨਿਸਾਨੀ ਦੇ ਤੌਰ ਤੇ) ਗੁਰੂ ਜੀ ਨੂੰ ਘਾਸਰ ਲਗੀ ਹੋਈ ਸੀ ਉਹ ਥਾਂ ਵਿਖਾਲ ਕੇ ਆਖਣ ਲਗੇ, ਜੇ ਕਰ ਤੈਨੂੰ ਇਤਬਾਰ ਨਹੀ ਤਾਂ ਆਹ ਵੇਖ ਮੋਢੇ ਤੇ ਨਿਸਾਨ?

ਮਖਣ ਸ਼ਾਹ ਨੇ ਉਸੇ ਵਕਤ ਸਾਰੀਆਂ ਮੋਹਰਾਂ ਗੁਰੂ ਚਰਨਾਂ ਤੇ ਰਖ ਦਿਤੀਆਂ ਤੇ ਬੇ ਸੁਧ ਹੋਕੇ ਸਤਿਗੁਰਾਂ ਦੀ ਚਰਨੀ ਢਹਿ ਪਇਆ ਮਸਤ ਜਾ ਹੋ ਗਿਆ, ਜਦ ਹੋਸ਼ ਆਈ ਤਾਂ ਕੋਠੇ ਤੇ ਚੜ ਕੇ ਖੁਸੀ ਵਿਚ ਨਚਣਾ ਸੁਰੂ ਕਰ ਦਿਤਾ, ਤੇ ਉਚੀ ਉਚ ਹੋਕਾ ਦੇਣ ਲਗ ਪਿਆ — "ਭੁਲੀਏ ਸੰਗਤੇ ਗੁਰੂ ਲਾਧੋ ਰੇ"! "ਗੁਰੂ ਲਾਧੋ ਰੇ"!! "ਗੁਰੂ ਲਾਧੋ ਰੇ"!!!

ਧੀ ਰਮਲ ਦੀ ਈਰਖਾ :—

ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਕਤੀ ਪ੍ਰਗਟ ਹੋਣ ਤੇ ਬਾਕੀ ਦੇ ਸਾਰੇ ਗੁਰੂ ਆਪੋ ਅਪਣੀਆਂ ਸਫਾਂ ਵਲੇਟ ਗਏ ਪਰ ਬਾਬੇ ਧੀਰ ਮਲ ਨੂੰ ਅਪਣਾ ਰੁਜਗਾਰ ਬੰਦ ਹੋਣ ਦਾ ਬਹੁਤ ਗੁਸਾ ਸੀ

ਉਸਨੂੰ ਗੁਰੂ ਜੀ ਉਤ ਕ੍ਰੋਧ ਆਉਣਾ ਸੁਭਾਵਿਕ ਹੀ ਸੀ। ਇਕ ਦਿਨ ਉਸਨੇ ਅਪਨੇ ਇਕ ਮਨਚਲੇ ਮਾਦ (ਸੀਹੇਂ) ਨੂੰ ਗੁਰੂ ਸਾਹਿਬ ਨੂੰ ਮਾਰਨ ਤੇ ਘਰ ਲੁਟਨ ਲਈ ਕੁਝ ਆਦਮੀ ਦੇ ਕੇ ਭੇਜਿਆ। ਚਲਾਈ ਹੋਈ ਗੋਲੀ ਗੁਰੂ ਸਾਹਿਬ ਦੇ ਮਥੇ ਤੋਂ ਘਿਸਟਕੇ ਲੰਘ ਗਈ। ਤੇ ਲੁਟੇਰਿਆਂ ਨੇ ਘਰ ਦਾ ਸਭ ਸਮਾਨ ਧੀਰ ਮਲ ਦੇ ਘਰ ਜਾ ਸੁਟਿਆ। ਜਦ ਮਖਣ ਸ਼ਾਹ ਨੂੰ ਪਤਾ ਲਗਾ ਤਾਂ ਉਸਨੇ ਅਪਨੇ ਸੈਨਕ ਭੇਜਕੇ ਗੁਰੂ ਜੀ ਦੇ ਸਮਾਨ ਤੋਂ ਇਲਾਵਾ ਸੋਢੀਆਂ ਦੇ ਘਰਾਂ ਦਾ ਸਾਰਾ ਸਮਾਨ ਮੰਗਵਾ ਸਤਿਗੁਰਾਂ ਦੇ ਦਰਵਾਜ਼ੇ ਅਗੇ ਲਿਆ ਕੇ ਢੇਰ ਲਵਾ ਦਿਤਾ। ਸਗੋਂ ਇਸ ਸਮਾਨ ਵਿਚ ਧੀਰ ਮਲ ਪਾਸੋਂ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਵੀ ਲੈ ਆਏ। ਗੁਰੂ ਜੀ ਇਸ ਲੁਟ ਖਸੁਟ ਤੇ ਬਹੁਤ ਨਾਰਾਜ਼ ਹੋਏ ਤੇ ਸਾਰਾ ਮਾਲ ਉਸ ਵਕਤ ਵਾਪਸ ਕਰਵਾ ਦਿਆ। ਪਰ ਮਖਣ ਸ਼ਾਹ ਤੇ ਮਾਤਾ ਜੀ ਆਦਿਕਾਂ ਨੇ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਵਾਪਸ ਨ ਕੀਤੀ।

ਇਤਹਾਸ ਕਾਰ ਦਸਦੇ ਹਨ ਕਿ ਗ੍ਰੰਥ ਸਾਹਿਬ ਦੀ ਕਰਤਾਰ ਪੁਰ ਵਾਲੀ ਬੀੜ ਨੂੰ ਗੁਰੂ ਸਾਹਿਬ ਨੇ ਬਕਾਲੇ ਤੋਂ ਕੀਰਤ ਪੁਰ ਨੂੰ ਆਉਣ ਸਮੇ ਬਿਆਸਾ ਦਰਿਆ ਦੇ ਕੰਢੇ ਤੇ ਸਿਖਾਂ ਪਾਸ ਵੇਖਿਆ, ਤਾਂ ਇਸ ਬੀੜ ਨੂੰ ਧੀਰਮਲ ਪਾਸ ਪਹੁੰ-ਚਾਣ ਲਈ ਬਿਆਸਾ ਵਿਚ ਅਮਾਨਤ ਦੇ ਤੌਰ ਤੇ ਰਖ ਦਿਤਾ, ਤੇ ਇਕ ਰਾਹੀ ਹਥ ਕਰਤਾਰ ਪੁਰ ਸਨੇਹਾ ਭੇਜਿਆ ਕਿ ਉਹ ਬੀੜ ਏਥੋਂ ਕਢਵਾਕੇ ਲੈ ਜਾਵੇ। ਧੀਰ ਮਲ ਨੇ ਅਪਨੇ ਸੇਵਕ ਭੇਜੇ ਤਾਂ ਉਨਾਂ ਨੂੰ ਬੀੜ ਨ ਮਿਲੀ, ਅਖੀਰ ਇਕ ਸਿਖ ਦੇ ਆਖਣ ਤੇ ਜਦ ਧੀਰ ਮਲ ਨੇ ਗੁਰੂ ਤੇਗ ਬਹਾਦਰ ਜੀ ਦਾ ਨਾਮ ਲੈ ਕੇ ਅਰਦਾਸਾ ਕੀਤਾ ਤਾਂ ਬੀੜ ਲਭ ਗਈ।

ਸਹਾਦਤ :-

ਇਕ ਪਾਸੇ ਸ੍ਰੀ ਸਤਿਗੁਰੂ ਤੇਗ ਬਹਾਦਰ ਸਾਂਤ ਮੂਰਤ, ਤਿਆਗੀ, ਵੈਰਾਗੀ, ਤੇ ਤਪਸਵੀ ਸਿਖ ਪੰਥ ਦੀ ਅਗਵਾਈ ਕਰ ਰਹੇ ਸਨ ਤੇ ਸਗੋਂ ਦੂਜੇ ਧਰਮਾਂ ਦੇ ਸਤਕਾਰ ਅਥਵਾ ਹਰ ਪ੍ਰਾਣੀ ਮਾਤਰ ਦੇ ਭਲੇ ਤੇ ਈਸਵਰ ਭਗਤੀ ਦਾ ਪ੍ਰਚਾਰ ਕਰ ਰਹੇ ਸਨ, ਦੂਸਰੇ ਪਾਸੇ ਇਕ ਮੁਤਸਬੀ ਤੇ ਹੰਕਾਰੀ ਜਾਲਮ ਬਾਦਸ਼ਾਹ ਔਰੰਗਜ਼ੇਬ ਜੋ ਕੇਵਲ ਮੁਸਲਮਾਨੀ ਧਰਮ ਸਾਰੀ ਦੁਨੀਆਂ ਤੇ ਚਾਹੁੰਦਾ ਸੀ ਅਰ ਜਿਸਨੇ ਸਵਾਰਥ ਵਸ ਹੋ ਕੇ ਅਪਨੇ ਪਿਤਾ ਨੂੰ ਕੈਦ ਕੀਤਾ ਤੇ ਭਰਾ ਨੂੰ ਮਰਵਾਇਆ ਸੀ।

ਜਿਹਾ ਕਿ :—

"ਸ਼ਾਹ ਜਹਾਨ ਨੂੰ ਕੈਦ ਕਰ ਦਾਰਾ ਮਰਵਾਇਆ"

ਜੋ ਹਿੰਦੂਆਂ ਦੇ ਮੰਦਰ ਸਿਵਾਲੇ ਢਾਹ ਕੇ ਮਸੀਤਾਂ ਬਨੌਣ ਨੂੰ ਸੁਆਬ ਸਮਝਦਾ ਸੀ। ਜਿਸਨੇ ਪਹਿਲਾਂ ਫੌਜ ਵਿਚ ਹਿੰਦੂਆਂ ਦੀ ਭਰਤੀ ਬੰਦ ਕਰ ਦਿਤੀ ਅਤੇ ਜਿਹੜੇ ਕੰਮ ਵਿਚ ਲਗੇ ਹੋਏ ਸਨ ਉਨਾਂ ਨੂੰ ਮੁਸਲਮਾਨ ਬਨਾਉਣ ਲਈ ਮਜਬੂਰ ਕੀਤਾ ਜਾਦਾਂ ਤੇ ਇਸਤਰਾਂ ਦੀ ਗਲ ਨ ਮੰਨਣ ਵਾਲ ਨੂੰ ਕਿਸੇ ਨ ਕਿਸੇ ਬਹਾਨੇ ਨੌਕਰੀ ਤੋਂ ਹਟਾ ਦਿਤਾ ਜਾਦਾਂ। ਤੇ ਬਾਕੀ ਹਿੰਦੂਆਂ ਤੇ ਹੋਰ ਕਈ ਤਰਾਂ ਦੇ ਟੈਕਸ ਲਾਏ ਗਏ' ਕਸ਼ਮੀਰ ਵਿਚ ਇਸ ਸਕੀਮ ਨੂੰ ਪੂਰੀ ਤਰਾਂ ਲਾਗੂ ਕੀਤਾ ਗਿਆ ਤੇ ਸ਼ੇਰ ਅਫਗਾਨ ਖਾਂ ਸੂਬਾ ਕਸ਼ਮੀਰ ਦੇ ਹੁਕਮ ਅਨੁਸਾਰ ਕਸ਼ਮੀਰੀ ਪੰਡਿਤਾਂ ਤੇ ਹਿੰਦੂਆਂ ਨੂੰ ਸਤਾਇਆ ਜਾਨ ਲਗਾ।

ਇਸ ਜ਼ੁਲਮ ਤੋਂ ਤੰਗ ਆਕੇ ਪੰਡਤਾਂ ਨੇ ਇਤਹਾਸਿਕ ਮੰਦਰਾਂ ਵਿਚ ਟਲ ਖੜਕਾਏ, ਮੱਥੇ ਘਸਾਏ, ਅਰਜ਼ੋਈਆਂ ਕੀਤੀਆਂ। ਕੁਝ ਪੰਡਤਾਂ ਨੇ ਸ੍ਰੀ ਅਮਰ ਨਾਥ ਜਾਕੇ ਆਰਾਧਨਾ ਕੀਤੀ। ਇਤਹਾਸ ਕਾਰ ਕਹਿੰਦੇ ਹਨ ਕਿ ਅਮਰ ਨਾਥ ਦੇ ਅਸਥਾਨ ਤੇ ਪੂਜਾ ਕਰਨ ਵਾਲੇ ਪੰਡਤਾਂ ਨੂੰ ਦੇਵ ਬਾਨੀ ਹੋਈ ਕਿ ਤੁਸੀ ਅਨੰਦਪੁਰ ਸਾਹਿਬ ਪੁਜੋ ਉਥੇ ਗੁਰੂ ਨਾਨਕ ਦੀ ਗਦੀ ਤੇ ਨੌਵੇਂ ਤਖਤ ਨਸ਼ੀਨ ਗੁਰੂ ਤੇਗ ਬਹਾਦਰ ਹਨ ਉਹ ਤੁਹਾਡੀ ਸਹਾਇਤਾ ਕਰਨਗੇ, ਕਿਉਂਕਿ ਹੁਣ ਵਕਤ ਦੇ ਮਾਲਕ ਉਹੋ ਹਨ।

ਇਸ ਦੇਵ ਬਾਨੀ ਨੂੰ ਸੁਣਕੇ ਕੁਝ ਵਿਦਵਾਨ

ਤੇ ਪਤਿਵੰਤੇ ਪੰਡਿਤ ਅਨੰਦਪੁਰ ਪਹੁੰਚੇ ਅਤੇ ਗੁਰੂ ਚਰਨਾ ਵਿਚ ਹਾਜ਼ਰ ਹੋ ਕੇ ਆਪਣੀ ਹਾਲਤ ਤੋਂ ਦੇਵ ਬਾਨੀ ਬਾਬਤ ਦਸਕੇ ਅਪਣੀ ਸਹਾਇਤਾ ਵਾਸਤੇ ਅਰਜ ਕੀਤੀ ਧਰਮ ਰਖਯੰਕ ਗੁਰੂ ਜੀ ਨੇ ਪੰਡਤਾ ਦੀ ਪੁਕਾਰ ਸੁਣਕ ਉਹਨਾਂ ਨੂੰ ਹੌਸਲਾ ਦਿਤਾ ਤੇ ਫੁਰਮਾਇਆ ਕਿ ਤੁਸੀ ਔਰੰਗਜ਼ੇਬ ਨੂੰ ਜਾ ਕੇ ਕਹਿ ਦਿਓ ਕਿ ਜੇ (ਗੁਰੂ) ਤੇਗ ਬਹਾਦਰ ਤੁਹਾਡ ਦੀਨ ਨੂੰ ਕਬੂਲ ਕਰ ਲਏ ਤਾਂ ਸਮਝ ਲਵੋ ਸਾਰਾ ਕਸਮੀਰ ਹੀ ਮੁਸਲ ਮਾਨ ਬਣ ਜਾਵੇਗਾ। ਫਿਰ ਇਸ ਕੰਮ ਵਾਸਤੇ ਕਿਸੇ ਜਬਰ ਦਸਤੀ ਦੀ ਕੋਈ ਲੋੜ ਨਹੀ।

ਪੰਡਤਾਂ ਨੇ ਦਿਲੀ ਪਹੁੰਚ ਔਰੰਗਜ਼ੇਬ ਦੇ ਦਰਬਾਰ ਵਿਚ ਗੁਰੂ ਜੀ ਦਾ ਇਹ ਸੁਝਾਓ ਜਾ ਪੇਸ਼ ਕੀਤਾ। ਜਿਸਨੂੰ ਸੁਣਕੇ ਪਹਿਲਾ ਤਾਂ ਔਰੰਗਜ਼ੇਬ ਬੜਾ ਖੁਸ਼ ਹੋਇਆ ਕਿ ਕਿਸੇ ਇਕ ਆਦਮੀ ਨੂੰ ਮੁਸਲਮਾਨ ਬਨੌਣਾ ਕੋਈ ਮੁਸਕਿਲ ਕੰਮ ਨਹੀਂ, ਇਹ ਸੋਚ ਕੇ ਗੁਰੂ ਜੀ ਨੂੰ ਦਿਲੀ ਬੁਲਵਾ ਭੇਜਿਆ। ਅੰਤਰਜਾਮੀ ਸਤਿਗੁਰੂ ਜੀ ਅਪਣੀ ਰਜਾ ਅਨੁਸਾਰ ਕੁਝ ਸਰੀਰਾਂ ਸਮੇਤ ਦਿਲੀ ਵਲ ਚਲ ਪਏ ਤੇ ਕਾਫੀ ਸਮਾ ਰਸਤੇ ਵਿਚ ਸਿਖਾਂ ਸੇਵਕਾਂ ਨੂੰ ਉਪਦੇਸ ਦਿੰਦੇ ਹੋਏ ਸ੍ਰੀ ਅਨੰਦ ਪੁਰ ਤੋਂ ਕੀਰਤ ਪੁਰ, ਰੋਪੜ, ਨਨਹੇੜਾ, ਸੈਫਾ ਬਾਦ, ਸਮਾਣਾ, ਕੈਂਥਲ, ਲਖਣਮਾਜਰਾ, ਕਰਨਾਲ, ਰੋਹਤਕ, ਆਦਿਕ ਕਸਬਿਆਂ ਰਾਹੀ ਗੁਰੂਮਤ ਦਾ ਪ੍ਰਚਾਰ ਕਰਦੇ ਹੋਏ ਆਗਰੇ ਪੁਜੇ, ਉਸ ਵਕਤ ਗੁਰੂ ਜੀ ਦੇ ਹਜੂਰੀ ਸੇਵਕਾਂ ਵਿਚੋਂ ਭਾਈ ਮਤੀ ਦਾਸ, ਭਾਈ ਦਿਆਲਾ ਭਾਈ ਗੁਰਦਿਤਾ, ਭਾਈ ਊਦਾ ਤੇ ਭਾਈ ਜੈਤਾ ਜੀ ਸਨ) ਓਧਰ ਔਰੰਗਜ਼ੇਬ ਨੇ ਗੁਰੂ ਸਾਹਿਬ ਦੀ ਗ੍ਰਿਫਤਾਰੀ ਦਾ ਹੁਕਮ ਦੇ ਰਖਿਆ ਸੀ, ਅਤੇ ਸਗੋਂ ਸਤਿਗੁਰਾਂ ਨੂੰ ਫੜਨ ਵਾਸਤੇ ਇਕ ਫੌਜੀ ਦਸਤਾ ਪਿੰਡਾਂ ਵਿਚ ਗਸਤ ਕਰਦਾ ਫਿਰਦਾ ਸੀ, ਪਰ ਗੁਰੂ ਸਾਹਿਬ ਦਾ ਆਗਰੇ ਪੁਜਨ ਤਕ ਕਿਸੇ ਵੀ ਅਜੀਹੇ ਦਸਤੇ ਨੂੰ ਕੋਈ ਪਤਾ ਨ ਲਗਾ।

ਆਪ ਆਗਰੇ ਸ਼ਹਿਰ ਦੇ ਬਾਹਰ ਉਸ ਬਾਗ ਵਿਚ ਜਾ ਪੁਜਜਿਥੇ ਹੁਸਨਾ ਅਯਾਲੀ ਨਾਮਦਾ ਗਰੀਬ ਅਯਾਲੀ ਭੇਡਾਂ ਬਕਰੀਆਂ ਚਾਰਦਾ ਸੀ, ਗੁਰੂ ਜੀ ਨੇ ਉਸਨੂੰ ਸਰਕਾਰ ਵਲੋਂ ਅਪਣੀ ਗ੍ਰਿਫਤਾਰੀ ਦਾ ਰਖਿਆ ਹੋਇਆ ਇਨਾਮ ਦਿਵਾਕੇ ਉਸਦੀ ਗਰੀਬੀ ਦੂਰ ਕਰਨ ਲਈ ਆਪਣੇ ਪਾਸ ਸਦਿਆ ਅਤੇ ਇਕ ਅਪਨੀ ਮੁੰਦਰੀ ਤੇ ਦੁਸਾਲਾ ਦੇ ਕੇ ਸ਼ਹਿਰ ਮਠਆਈ ਲੈਣ ਲਈ ਭੇਜ ਦਿਤਾ।

ਜਦ ਕਿਸੇ ਦੁਕਾਨ ਦਾਰ ਨੇ ਮੁੰਦਰੀ ਦੀ ਮਠਿਆਈ ਦੁਸਾਲੇ ਵਿਚ ਪਾਕੇ ਲਿਜਾਣ ਵਾਲਾ ਇਕ ਗਰੀਬ ਬਕਰਪਾਲ ਵੇਖਿਆ, ਤਾਂ ਉਸਨੂੰ ਸਕ ਪੈ ਗਿਆ ਤੇ ਉਸਨੇ ਝਟ ਪਟ ਪੁਲਿਸ ਦੇ ਸਿਪਾਹੀਆਂ ਨੂੰ ਸਦ ਲਿਆਂਦਾ ਤੇ ਅਖੀਰ ਏਸੇ ਢੰਗ ਨਾਲ ਗੁਰੂ ਜੀ ਨੇ ਅਪਣੀ ਰਜਾ ਨਾਲ ਗ੍ਰਿਫਤਾਰੀ ਦਿਤੀ ਤੇ ਆਗਰੇ ਵਾਲਿਆਂ ਨੇ ਬਾਕਾਇਦਾ ਗ੍ਰਿਫਤਾਰ ਕਰਕੇ ਗਾਰਦ ਨਾਲ ਗੁਰੂ ਜੀ ਨੂੰ ਦਿਲੀ ਭੇਜ ਦਿਤਾ।

ਅਜੇ ਗੁਰੂ ਸਾਹਿਬ ਦਿਲੀ ਪੁਜੇ ਹੀ ਸਨ ਕਿ ਬਾਦਸ਼ਾਹ ਵਲੋਂ ਦੂਜਾ ਹੁਕਮ ਪੁਜ ਗਿਆ। ਉਸ ਹੁਕਮ ਬਾਰੇ ਗੁਲਾਮ ਹੁਸੈਨ ਨੇ ਅਪਣੇ ਅਖਰਾ ਵਿਚ ਇਸਤਰਾਂ ਲਿਖਿਆਂ ਹੈ। ਕਿ :—

"ਬਾਅਦ ਚੰਦ ਰੋਜ ਹੁਕਮ ਦੀਗਰ ਦਰ ਬਰਾਏ ਤੇਗ ਬਹਾਦਰ, ਰਸੀਦਕਿ ਊ ਰਾ ਕੁਸਸਤਚਾਰਹਾਰ ਹਿਸਾ ਨਮੂਦਹ ਅਵਜ਼ਨ ਬਿਆਨੇ ਸੁਦ"।

ਅਰਥਾਤ (ਗੁਰੂ) ਤੇਗਬਹਾਦਰ ਨੂੰ ਕਤਲ ਕਰਦਿਤਾ ਜਾਏ ਤੇ ਉਸਦੇ ਜਿਸਮ ਦੇ ਚਾਰ ਟੋਟੇ ਕਰਕੇ ਸਹਿਰ ਦੇ ਸਭਨੀ ਸਾਸੀਂ ਲਟਕਾ ਦਿਤੇ ਜਾਣ।

ਜਦ ਕਿ ਕਾਜੀਆਂ ਮੁਲਾਣਿਆਂ ਨੇ ਇਸ ਸ਼ਾਹੀ ਹੁਕਮ ਦੀ ਤਾਮੀਲ ਕਰ ਨਤੋਂ ਪਹਿਲਾਂ ਸਤਿਗੁਰੂ ਜੀ ਅਗੇ ਤਿੰਨ ਸਰਤਾਂ ਪੇਸ਼ ਕੀਤੀਆਂ :-

੧ ਦੀਨ ਕਬੂਲ ਕਰੋ, ਮੁਸਲਮਾਨ ਬਣ ਜਾਓ,

੨ ਜਾਂ ਕੋਈ ਅਜਮਤ ਵਿਖਾਓ।

੩ ਜਾਂ ਸੀਸ ਕਟਵਾਣ ਲਈ ਤਿਆਰ ਹੋ ਜਾਓ

ਸੂਰਜ ਪ੍ਰਕਾਸ ਦਾ ਲਿਖਾਰੀ ਉਪ੍ਰੋਕਤ ਤਿੰਨਾਂ ਸਵਾਲਾਂ ਦਾ ਜਿਕਰ ਆਪਣੀ ਕਵਿਤਾ ਵਿਚ ਇਸ ਪ੍ਰਕਾਰ

ਕਰਦਾ ਹੈ :-

ਤੀਨ ਬਾਤ ਨਿਰਨੈ ਕਰ ਲੀਜੈ।
ਲਖਹੁ ਭਲੀ ਜੋ ਧਾਰਨ ਕੀਜੈ।
ਸ਼ਰਾ ਚਲੋ ਕਲਮਾ ਕਹੁ ਪਢ ਮੁਖੋ।
ਦੇਹਿ ਸ਼ਾਹ ਭੋਗਹੁ ਸਭ ਬਿਧਿ ਸੁਖ।
ਜੇ ਨਹ ਕਰਹੁ ਨ ਮਾਨਹ ਏਹੋ।
ਕਰਾਮਾਤ ਕਾਮਲ ਹੁਇ ਦੇਹੋ।
ਜਿਮ ਹਜਰਤ ਤੁਮ ਤੇ ਕਰਵਾਵੈ।
ਤਿਮ ਕਰ ਦੇਹੁ ਦੇਖਿ ਹਰਖਾਵੈ।
ਜੋ ਇਹ ਦੋਨਹੁ ਨਾਹਿਨ ਮਾਨਹੁ।
ਅਪਨੇ ਪ੍ਰਾਨ ਪ੍ਰਾਨ ਕਹੁ ਹਾਨਹੁ।

ਸ੍ਰੀ ਗੁਰੂ ਜੀ ਨੇ ਉਹਨਾ ਕਾਜੀਆ ਨੂੰ ਜਵਾਬ ਦਿਤਾ ਕਿ ਕਾਜੀਓ ਕੰਨ ਖੋਹਲ ਕੇ ਸੁਣੋ, ਕਿ ਨਾ ਅਸਾ ਧਰਮ ਤਿਆਗਣਾ ਹੈ, ਅਤੇ ਨਾ ਹੀ ਇਸ ਦਬਾ ਹੇਠ ਆ ਕੇ ਕੋਈ ਕਰਾਮਾਤ ਹੀ ਕਰਕ ਵਿਖੌਣੀ ਹੈ। ਲਾਲਚ ਜਾਂ ਸਵਾਰਥ ਵਸ ਹੋ ਕੇ ਅਜ ਮਤਾਂ ਮਦਾਰੀ ਲੋਕ ਵਿਖਾਲਦੇ ਹਨ ਰਬ ਦੇ ਬੰਦੇ ਰਬ ਦੀ ਰਜਾ ਵਿਚ ਹੀ ਰਹਿੰਦੇ ਹਨ ਬਾਕੀ ਤੁਹਾਡੀ ਤੀਸਰੀ ਸਰਤਪੂਰੀ ਕਰਨ ਲਈ ਮੈਂ ਬਿਲਕੁਲ ਤਿਆਰ ਹਾਂ,ਅਰ ਏਹੋ ਸਰਤ ਪੂਰੀਕਰਨ ਵਾਸਤੇ ਮੈਂ ਸਾਰਾ ਪਰ ਵਾਰ ਤ ਸੁਖ ਛਡ ਏਥੇ ਆਇਆ ਹਾਂ,ਕੇਵਲ ਅਪਨਾ ਸਰੀਰ ਹੀ ਨਹੀ ਸਗੋ ਤਿਲਕ ਜੰਞੂ ਅਥਵਾ ਹਿੰਦੂ ਧਰਮ ਦੀ ਰਖਿਆ ਵਾਸਤੇ ਮੈ ਸਾਰਾ ਸ੍ਰਬੰਸ ਵਾਰਨ ਨੂੰ ਤਿਆਰ ਹਾਂ।

ਗੁਰੂ ਜੀ ਨੇ ਕਾਜੀਆ ਮਲਾਣਿਆ ਨੂੰ ਸੰਬੋਧਨ ਕਰਦਿਆ ਉਚਾਰਨ ਕੀਤਾ ਕਿ ਮੇਰੇ ਇਹ ਅਸੂਲ ਹਨ:—

ਬਾਂਹਿ ਜਿਨਾਂ ਦੀ ਪਕੜੀਏ।
ਸਿਰ ਦੀਜੈ ਬਾਂਹ ਨ ਛੋੜੀਐ।
ਤੇਗ ਬਹਾਦਰ ਬੋਲਿਆ।
ਧਰ ਪਈਐ ਧਰਮ ਨ ਛਡੀਐ।

ਜਦ ਸਤਗੁਰੂ ਜੀ ਅਪਨੇ ਨਿਸ਼ਾਨੇ ਤੇ ਡਟੇ ਰਹੇ ਤੇ ਮੌਲਵੀਆਂ ਦੇ ਸਾਰੇ ਯਤਨ ਨਿਸਫਲ ਗਏ ਤਾਂ ਸ਼ਾਹੀ ਹੁਕਮ ਅਨੁਸਾਰ ਸ੍ਰੀ ਸਤਿਗੁਰੂ ਜੀ ਨੂੰ ੧੧ ਨਵੰਬਰ ੧੬੭੫ ਨੂੰ ਦਿਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿਤਾ ਗਿਆ।

ਸੀਸ ਅਨੰਦ ਪੁਰ :—

ਭਾਈ ਜੈਤਾ ਸ੍ਰੀ ਗੁਰੂ ਜੀ ਦਾ ਸੀਸ ਲੈਕੇ ਸ੍ਰੀ ਅਨੰਦਪੁਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਪੁਜਾ ਤੇ ਸੀਸ ਧਰ ਕੇ ਧਾਂਹੀ ਮਾਰਕੇ ਰੋਣ ਲਗ ਪਿਆ ਪਰ ਸ੍ਰੀ ਦਸਮੇਸ਼ ਜੀ ਨੇ ਜੈਤੇ ਸਮੇਤ ਸਾਰੇ ਸਿਖਾਂ ਤੇ ਪਰਵਾਰ ਨੂੰ (ਜੋ ਵੈਰਾਗ ਕਰ ਰਹੇ ਸਨ) ਧੀਰਜ ਤੇ ਹੌਸਲਾ ਦਿਤਾ ਤੇ ਭਾਈ ਜੈਤੇ ਨੂੰ ਪੁਛਿਆ ਕਿ ਤੂ ਦਿਲੀ ਦੀ ਸਾਰੀ ਵਾਰਤਾ ਸੁਣਾ, ਉਸ ਵਕਤ ਉਥੇ ਕਿਵੇਂ ਹੋਇਆ ? ਸਿਖ ਡੋਲੇ ਤਾਂ ਨਹੀਂ ਸਨ? ਭਾਈ ਜੈਤੇ ਨੇ ਦਸਿਆ ਗਰੀਬ ਨਿਵਾਜ ਜੀ ਪਹਿਲਾਂ ਕਈ ਦਿਨ ਦਿਲੀ ਦੇ ਬਜਾਰਾਂ ਵਿਚ ਢੰਢੋਰਚੀ ਢੋਲਾਂ ਨਾਲ ਢੰਢੋਰਾ ਦਿੰਦੇ ਰਹੇ ਕਿ ੧੨ ਮਘਰ (ਮਘਰ ਸੁਦੀ ਪੰਚਮੀ) ਵਾਲੇ ਦਿਨ ਸਭ ਲੋਕ ਹੁਮ ਹੁਮਾਕੇ ਚਾਂਦਨੀ ਚੌਕ ਵਿਚ ਪੁਜਨ ਉਸ ਦਿਨ ਸ਼ਹਿਨਸ਼ਾਹ ਆਲਮਗੀਰ ਦੇ ਸ਼ਾਹੀ ਫੁਰਮਾਨ ਨੂੰ ਨਾ ਮੰਨਣ ਵਾਲੇ ਇਕ ਕਾਫਿਰ ਨੂੰ ਸ਼ਰਾਅ ਦੇ ਫਤਵੇ ਅਨੁਸਾਰ ਕਤਲ ਕੀਤਾ ਜਾਵੇਗਾ। ਢੰਢੋਰਚੀ ਇਹ ਵੀ ਦਸਦੇ ਕਿ ਜਿਹੜਾ ਆਦਮੀ ਉਸਦੀ ਹਿਮਾਇਤ ਕਰੇਗਾ ਉਸਨੂੰ ਵੀ ਉਸ ਤਰਾਂ ਮਰਵਾ ਦਿਤਾ ਜਾਵੇਗਾ। ਉਸ ਦਿਨ ਦਿਲੀ ਦੇ ਸਾਰੇ ਬਜ਼ਾਰ ਜਬਰਨ ਬੰਦ ਕਰਵਾਏ ਗਏ।

ਨਾ ਹੀ ਕੋਈ ਆਦਮੀ ਘਰਾਂ ਵਿਚ ਰਹਿਣ ਦਿਤਾ ਸਭ ਲੋਕ ਸਹਿਮੇ ਹੋਏ ਚਾਂਦਨੀ ਚੌਂਕ ਵਿਚ ਇਕੱਠੇ ਹੋ ਗਏ। ਭਾਂਵੇ ਦਿਲੀ ਹਜ਼ਾਰਾਂ ਹੀ ਸਿਖ ਗੁਰੂ ਨਾਨਕ ਦੇ ਸ਼ਰਧਾਲੂ ਸਨ, ਪਰ ਉਸ ਦਿਨ ਮੌਤ ਤੋ ਡਰਦੇ ਜ਼ਾਹਰ ਨਹੀ ਸਨ ਹੋ ਰਹੇ। ਵੈਸੇ ਅੰਦਰੋ ਬਹੁਤ ਦੁਖੀ ਸਨ। ਨਿਸਚਿਤ ਸਮੇਂ ਸਤਿਗੁਰ ਤੇਗ ਬਹਾਦਰ ਹਿੰਦ ਦੀ ਚਾਦਰ ਸ਼ਾਤ ਮੂਰਤ ਚੌਕੜਾ ਮਾਰਕੇ ਨੀਯਤ ਕੀਤੇ ਥਾਂ ਤੇ ਬੈਠ ਗਏ ਤਾਂ ਜਦ ਜਲਾਦਾ ਨੇ ਕਾਜੀ ਦੇ ਹੁਕਮ ਨਾਲ ਗੁਰੂ ਜੀ ਉਤੇ ਤਲਵਾਰ ਨਾਲ ਵਾਰ ਕੀਤਾ ਤਾਂ ਉਸ ਤਲਵਾਰ ਦੇ ਵਾਰ ਤੋਂ ਪਹਿਲਾਂ ਹੀ ਇਕ ਦਮ ਸਰੀਰ ਧੜ ਤੋਂ

ਜੁਦਾ ਹ ਕੇ ਮ ਤੀ ਝੋਲੀ ਵਿਚ ਆ ਡਿਗਾ। ਇੰਞ ਸੀਸ ਮੇਰੇ ਕੋਲ ਔਣ ਬਾਬਤ ਪਹਿਲਾਂ ਸਚੇ ਪਾਤਸ਼ਾਹ ਨੇ ਦਸਿਆ ਹੋਇਆ ਸੀ ਅਤੇ ਹੁਕਮ ਕੀਤਾ ਸੀ ਕਿ ਤੂੰ ਬਿਲਕੁਲ ਘਬਰਾਈ ਨਾ ਤੈਨੂੰ ਨਾ ਕੋਈ ਵੇਖ ਸਕੇਗਾ ਤੇ ਨਾ ਕੋਈ ਕੁਝ ਆਖ ਹੀ ਸਕੇਗਾ ਇਹ ਸੀਸ ਤੂੰ ਅਨੰਦਪੁਰ ਪਹੁੰਚਾ ਦੇਵੀ।

ਬਸ ਫਿਰ ਕੀ ਸੀ ਉਸੇ ਵਕਤ ਉਹੋ ਐਸੀ ਲਾਲ ਹਨੇਰੀ ਦਾ ਤੁਫਾਨ ਆਇਆ। ਜਿਸ ਨੇ ਸਭ ਲੋਕ ਨੂੰ ਭਾਜੜ ਪਾ ਦਿਤੀ ਸਭ ਲੋਕ ਖਿੰਡ ਪੁੰਡ ਗਏ ਪੁਲਸ ਦੇ ਸਿਪਾਹੀ ਵੀ ਆਪੋ ਆਪਨੇ ਟਿਕਾਨੇ ਛਡ ਗਏ। ਇਤਨੇ ਚਿਰ ਨੂੰ ਲਖੀ ਸ਼ਾਹ ਵਣਜਾਰੇ (ਜਿਸਨੂੰ ਇਸ ਸਾਰੀ ਘਟਨਾ ਦਾ ਪਤਾ ਸੀ ਤੇ ਉਹ ਗੁਰੂ ਜੀ ਦੇ ਧੜ ਨੂੰ ਸੰਭਾਲਣ ਦਾ ਇਰਾਦਾ ਬਨਾਈ ਬੈਠਾ ਸੀ ਉਸਨੇ ਆਪਨੇ ਮਾਲ ਅਸਬਾਬ ਦੇ ਗਡੇ ਤੇ ਬੈਲ ਚਾਂਦਨੀ ਚੌਕ ਦੇ ਰਸਤੇ ਬਾਹਰ ਨੂੰ ਕਢਨੇ ਸ਼ੁਰੂ ਕਰ ਦਿਤੇ ਤੇ ਬੜੇ ਫੁਰਤੀ ਨਾਲ ਝੁਲ ਦੇ ਝਖੜ ਵਿਚ ਹੀ ਗੁਰੂ ਜੀ ਦਾ ਧੜ ਇਕ ਗਡ ਤੇ ਰਖਕੇ ਉਪਰ ਹੋਰ ਸਮਾਨ ਸੁਟ ਦਿਤਾ ਤੇ ਉਸ ਗਡੇ ਨੂੰ ਆਪਨੇ ਘਰ ਵਿਚ ਰਖਕੇ ਉਸਨੂੰ ਇਕ ਦਮ ਅਗ ਲਾ ਦਿਤੀ ਤੇ ਰੌਲਾ ਪਾ ਦਿਤਾ ਕਿ ਸਾਡੀਆਂ ਝੁਗੀਆਂ ਨੂੰ ਹਨੇਰੀ ਨਾਲ ਚਿਣਗ ਪੈਕੇ ਅਗ ਲਗ ਗਈ ਹੈ। ਇਸਤਰਾਂ ਧੜ ਦਾ ਸਸਕਾਰ ਤਾਂ ਭਾਈ ਲਖੀ ਵਣਜਾਰੇ ਨੇ ਬੜੀ ਨੀਤੀ ਤੇ ਚੁਸਤੀ ਨਾਲ ਉਥੇ ਕਰ ਦਿਤਾ ਹੈ ਅਤੇ ਸਤਿਗੁਰਾਂ ਦੀ ਕ੍ਰਿਪਾ ਨਾਲ ਸੀਸ ਮੈਂ ਇਥੇ ਲੈ ਆਇਆ ਹਾਂ)

ਭਾਈ ਜੈਤੇ ਨੇ ਸਜਲ ਨੇਤਰਾਂ ਨਾਲ ਇਹ ਸਾਰੀ ਵਾਰਤਾ ਸ੍ਰੀ ਦਸ਼ਮੇਸ਼ ਜੀ ਤੇ ਸਾਰੀ ਸੰਗਤ ਨੂੰ ਸੁਨਾਈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਪ੍ਰੋਕਤ ਸਾਰੀ ਘਟਨਾ ਨੂੰ ਬੜੇ ਭਾਵ ਪੂਰਤ ਪਰ ਸੰਖੇਪ ਸ਼ਬਦਾਂ ਵਿਚ ਇੰਞ ਅੰਕਿਤ ਕੀਤਾ ਕਿ:—

ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤ ਇਤੀਜਿਨ ਕਰੀ।
ਸੀਸ ਦੀਆ ਪਰ ਸੀ ਨਾ ਉਚਰੀ।
ਧਰਮ,ਹੇਤ ਸਾਕਾ ਜਿਨ ਕੀਆ।
ਸੀਸ ਦੀਆ ਪਰ ਸਿਰਰੁ ਨਾ ਦੀਆ।
ਦੋਹਿਰਾ
ਠੀਕਰ ਫੋਰ ਦਿਲੀਸ ਸਿਰ ਪ੍ਰਭ
ਪੁਰ ਕੀਆ ਪਿਯਾਨ।
ਤੇਗ ਬਹਾਦਰ ਸੀ ਕ੍ਰਿਆ ਕਰੀ ਨ
ਕਿਨਹੂ ਆਨ।
ਤੇਗ ਬਹਾਦਰ ਕੇ ਚਲਤ ਭਯੋ
ਜਗਤ ਮਹਿ ਸੋਕ।
ਹੈ ਹੈ ਹੈ ਸਭ ਜਗ ਭਯੋ
ਜੈ ਜੈ ਜੈ ਸੁਰ ਲੋਕ।

ਬਚਿਤ੍ਰ ਨਾਟਕ ਪਾ: ੧੦

—:o:—

:—:o:—:

ਜੀਵਨ ਮੁਕਤ ਕਹਾਵੇ

ਬਾਬਾ ਹਾਕਮ ਸਿੰਘ "ਵਰਨੀ ਵਾਲਾ" ਸ੍ਰੀ ਜੀਵਨ ਨਗਰ

ਖ਼ੁਸੀ ਵਿਚ ਨ ਖੁਸ ਹੋਏ ਬਹੁਤਾ ਦੁਖ ਵਿਚ ਨ ਘਬਰਾਵੇ।
ਉਸਤਤ ਸੁਣ ਹੰਕਾਰ ਕਰੇ ਨ ਨਿੰਦਿਆ ਬੁਰੀ ਮਨਾਵੇ।।
ਆਪ ਡਰੇ ਨ ਕਿਸੇ ਡਰਾਵੇ ਜੁ ਇਕ ਰਸ ਸਿਮਰਨ ਕਰਦਾ।
ਨਾਵਾਂ ਗੁਰੂ ਕਹੇ ਉਹ "ਹਾਕਮ,, ਜੀਵਨ ਮੁਕਤ ਕਹਾਵੇ।।

ਭਾਈ ਦਿਆਲਾ ਜੀ ਦੀ ਅਦੁਤੀ ਸਹਾਦਤ

ਹਰਬੰਸ ਸਿੰਘ "ਅਰੋੜਾ" ਸ੍ਰੀ ਜੀਵਨ ਨਗਰ

ਔਰੰਗ ਜ਼ੇਬ ਤੇ ਕਾਜੀਆਂ ਜਦ ਜੁਲਮ ਕਮਾਇਆ।
ਆਰੇ ਨਾਲ ਮਤੀ ਦਸ ਦਾ ਸੀ ਤਨ ਚਰਵਾਇਆ।
ਭਾਂਵੇ ਸਿਖ ਨੇ ਮੂੰਹੋਂ ਤੋਂ ਨ ਸੀ ਅਲਾਈ।
ਜਪਜੀ ਸਾਹਿਬ ਪੜਦਿਆਂ ਹੀ ਸਹੀਦੀ ਪਾਈ।
ਐਪਰ ਜਿਨਾਂ ਵੇਖਿਆ ਇਹ ਜੁਲਮ ਸੀ ਭਾਰੀ।
ਦੁਖੀ ਹੋ ਕੇ ਸਾਰਿਆ ਹਾ ਹਾ ਕਾਰ ਉਚਾਰੀ।
ਭਾਈ ਦਿਆਲਾ ਕੈਦ ਸੀ ਪਿੰਜਰੇ ਚੋਂ ਤਕਦਾ।
ਹੁੰਦਾ ਕਹਿਰ ਇਹ ਵੇਖਕੇ ਨ ਰਿਹਾ ਝਕਦਾ।
ਕਹਿੰਦਾ ਸੁਣ ਤੂੰ ਕਾਜੀਆ ਨਹੀ ਸਿਖ ਚਿਰਵਾਇਆ।
ਬਾਬਰ ਸ਼ਾਹ ਰਾਜ ਤੇ ਆਰਾ ਚਲਵਾਇਆ।
ਮਤੀ ਦਾਸ ਤਾ ਸ਼ਹੀਦ ਹੋ ਕਿਆਮਤ ਤਕ ਜੀਵੇ।
ਪਰ ਸਣੇ ਔਰੰਗੇ ਕਾਜੀਆ ਤੇਰੇ ਬੁਝਨ ਦੀਵੇ।
ਦਿਆਲੇ ਦੀ ਇਹ ਗਲ ਸੁਣ ਕਾਜੀ ਘਬਰਾਉਂਦਾ।
ਉਧੇ ਵੇਲੇ ਸ਼ਾਹ ਕੋਲ ਜਾ ਫਤਵਾ ਲਾਉਂਦਾ।
ਮਤੀ ਦਾਸ ਦੇ ਵਾਂਗਰ ਹੀ ਦਆਲਾ ਬੋਲੇ।
ਪਿੰਜਰੇ ਦੇ ਵਿਚ ਸੇਰ ਦਾ ਜਿਵੇਂ ਖੂਨ ਹੈ ਖੋਲੇ।
ਇਸਦੇ ਮਾਰਨ ਵਾਸਤੇ ਕੋਈ ਬਿਓਂਤ ਬਣਾਓ।
ਵਧ ਵਧ ਗਲਾਂ ਕਰਨ ਦਾ ਇਹਨੂੰ ਮਜਾ ਚਖਾਓ।
ਪਾਣੀਂ ਪਾਕੇ ਦੇਗ ਮੇਂ ਦੇ ਖਬ ਉਬਾਲਾ।
ਕਾਫਿਰ ਵਿਚ ਬਹਾਲ ਦਿਓ ਜੋ ਇਹ ਦਿਆਲਾ।
ਕੀਤਾ ਤਿਵੇਂ ਜਲਾਦ ਨੇ ਜਿਵੇਂ ਕਾਜੀ ਕਹਿਆ।
ਪਾਣੀ ਜਦੋਂ ਦੇਗ ਦਾ ਸੀ ਉਬਲਣ ਡਹਿਆ।
ਕਾਜੀ ਹੋ ਕੇ ਕ੍ਰੋਧ ਵਿਚ ਝਟ ਹੁਕਮ ਸੁਣੌਂਦਾ।
ਸਿਖ ਪਿੰਜਰੇ ਚੋਂ ਕਢ ਕੇ ਵਿਚ ਦੇਗ ਬਿਠੌਂਦਾ।
ਚੌਲਾਂ ਵਾਂਗੂ ਉਬਲਿਆ ਜਦ ਭਾਈ ਦਿਆਲਾ।
ਨਾਲ ਸਹਿਮ ਦੇ ਰੋ ਪਿਆ ਬੁਢਾ ਤੇ ਬਾਲਾ।
ਸੁਰ ਲੋਕ ਤੋਂ ਦਵਤੇ ਬਿਬਾਨ ਲਿਆਏ।
ਭਾਈ ਤਾਂਈਂ ਬਿਠਾ ਕੇ – ਗੁਰੂ ਲੋਕ ਪਠਾਏ।
ਰੌਸ਼ਨ ਨਾਮ ਸ਼ਹੀਦ ਦਾ ਰਹਿਸੀ ਜੁਗ ਚਾਰੇ।
ਮਿਟੀ ਮਿਲ 'ਹਰਬੰਸ' ਗਏ ਜਾਲਮ ਹਤਿਆਰੇ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਹਾਦਤ

— ਸ੍ਰੀ ਹਰਬੰਸ ਸਿੰਘ ਜੀ ਚਾਨਾ ਸਾਊਥਹਾਲ ਇੰਗਲੈਂਡ (ਯੂ. ਕੇ.)

ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦਾ ਇਤਿਹਾਸ ਲਿਖਣ ਲਗਿਆਂ ਸਿਰ ਚਕਰਾ ਜਾਂਦਾ ਹੈ,ਕਿ ਉਨਾਂ ਨੇ ਕਿਤਨੇ ਭਿਆਨਕ ਸਮੇ ਵਿਚ ਹਿੰਦੂ ਧਰਮ ਨੂੰ ਬਚਾਇਆ ।ਖੋਜ ਕੀਤਿਆਂ ਪਤਾ ਲਗਦਾ ਹੈ,ਕਿ ਮੁਗਲ ਬਾਦਸ਼ਾਹ ਔਰੰਗਜੇਬ ਨੇ ਆਪਣੇ ਸਮੇ ਸਾਰੇ ਅਹਿਲਕਾਰਾਂ ਸੂਬਿਆ ਤੇ ਵਡੇ ਵਡੇ ਸਿਰ ਕਢ ਪਰਗਣੇਦਾਰਾਂ ਨੂੰ ਹੁਕਮ ਜਾਰੀ ਕੀਤਾ ਹੋਇਆ ਸੀ ਕਿ ਹਿੰਦੂਆਂ ਦੇ ਮੰਦਰ ਸ਼ਿਵਦਵਾਲੇ ਢਾਹ ਕੇ ਉਥੇ ਮਸੀਤਾਂ ਬਣਾ ਦੇਵੋ।ਹਿੰਦੂ ਧਰਮ ਨੂੰ ਖਤਮ ਕਰ ਦਿਓ

ਜਦ ਕੋਈ ਬਿਪਤਾ ਦਾ ਮਾਰਿਆ ਹਿੰਦੂ ਬਾਦਸ਼ਾਹ ਪਾਸ ਫਰਿਆਦ ਕਰਨ ਜਾਂਦਾ ਤਾਂ ਪਹਿਲ ਉਸਨੂੰ ਦੀਨ ਕਬੂਲਣ ਨੂੰ ਆਖਿਆ ਜਾਂਦਾ ਜੇ ਉਹ ਨ ਮੰਨਦਾ ਤਾਂ ਉਸਨੂੰ ਨਿਆਇ ਦੀ ਥਾਂ ਧਕੇ ਮਾਰ ਕੇ ਬਾਹਰ ਕਢ ਦਿਤਾ ਜਾਂਦਾ।ਇਹਨਾ ਜਰਵਾਣਿਆ ਦੇ ਜ਼ੁਲਮ ਨੇ ਸਭ ਹਿੰਦੂਆ ਦੇ ਦਿਲ ਤੋੜਕੇ ਰਖ ਦਿਤੇ ਸਨ

ਇਧਰ ਸ੍ਰੀ ਗੁਰੂ ਤੇਗ ਬਹਾਦਰ ਜੀ ਆਸਾਮ ਆਦਿ ਦੇਸ਼ਾਂ ਦਾ ਦੌਰਾ ਕਰਕੇ ਜਦ ਵਾਪਸ ਅਨੰਦ ਪੁਰ ਸਾਹਿਬ ਆਏ ਤਾਂ ਦੇਸ਼ ਵਿਚ ਇਸ ਹੋ ਰਹੇ ਜ਼ੁਲਮ ਦੀ ਭਾਰੀ ਚਰਚਾ ਸੀ,ਉਸ ਵਕਤ ਇਸ ਹੋ ਰਹੇ ਜੁਲਮ ਤੋਂ ਦੇਸ ਤੇ ਕੌਮ ਨੂੰ ਬਚਾਉਣ ਵਾਲਾ ਕੋਈ ਰਾਜਪੂਤ ਜਾਂ ਸੂਰਮਾ ਨਜ਼ਰ ਨਹੀਂ ਸੀ ਆਉਂਦਾ ਕਸਮੀਰ ਵਿਚ ਜਬਰਦਸਤੀ ਮੁਸਲਮਾਨ ਬਨੌਣ ਦਾ ਕਮ ਬੜੇ ਜੋਰ ਸੋਰ ਨਾਲ ਚਲ ਰਿਹਾ ਸੀ ਉਥੋਂ ਦੇ ਕੁਝ ਪੰਡਤਾ ਤੇ ਹੋਰ ਹਿੰਦੂਆ ਨੂੰ ਸ੍ਰੀ ਗੁਰੂ ਤੇਗ ਬਹਾਦਰ ਦਾ ਪਤਾ ਕਿਸੇਤਰਾਂ ਲਗਾ ਕਿ ਉਹ ਹੀ ਇਸ ਜੁਲਮ ਨੂੰ ਦੂਰ ਕਰ ਸਕਦੇ ਹਨ। ਹੋਰ ਕਿਸੇ ਵਿਚ ਇਹ ਤਾਕਤ ਨਹੀਂ। ਬਿਪਤਾ ਦੇ ਮਾਰੇ ਕਸ਼ਮੀਰੀ ਪੰਡਿਤ ਤੇ ਹਿੰਦੂ ਸ੍ਰੀ ਅਨੰਦਪੁਰ ਆਏ ਤੇ ਆ ਕੇ ਗੁਰੂ ਚਰਨਾ ਵਿਚ ਹੋ ਰਹੇ ਜ਼ੁਲਮ ਦੀ ਫਰਿਆਦ ਕੀਤੀ।

ਪਰ ਉਪਕਾਰੀ ਸਤਿਗੁਰੂ ਜੀ ਦੁਖੀ ਲੋਕਾਂ ਦੀ ਪੁਕਾਰ ਸੁਣ ਕੇ ਉਨਾਂ ਨੂੰ ਧੀਰਜ ਰਖਣ ਦਾ ਉਪਦੇਸ ਦੇ ਕੇ ਦਿਲੀ ਆਖ ਭੇਜਿਆ ਕਿ ਜੇ ਗੁਰੂ ਤੇਗ ਬਹਾਦਰ ਜੀ ਦੀਨ ਕਬੂਲ ਕਰ ਲੈਣ ਤਾਂ ਅਸੀ ਖੁਦ ਬਖੁਦ ਹੀ ਦੀਨ ਕਬੂਲ ਕਰ ਲਵਾਂਗੇ।

ਕਸਮੀਰੀ ਪੰਡਤਾਂ ਨੇ ਔਰੰਗਜੇਬ ਦੀ ਸਭਾ ਵਿਚ ਜਾਕੇ ਇੰਝ ਹੀ ਆਖ ਦਿਤਾ ਜਿਸਤੋਂ ਬਾਦਸ਼ਾਹ ਨੇ ਗੁਰੂ ਜੀ ਨੂੰ ਦਿਲੀ ਸਦ ਭੇਜਿਆ।

ਗੁਰੂ ਜੀ ਅਪਣੀ ਮੌਜ ਨਾਲ ਰਸਤੇ ਵਿਚ ਅਨੇਕਾਂ ਨਗਰਾਂ ਦਾ ਦੌਰਾ ਕਰਦੇ ਹੋਏ ਆਗਰੇ ਪਹੁੰਚ ਤੇ ਇਕ ਬਹਾਨੇ ਨਾਲ ਆਪਣੀ ਗ੍ਰਿਫਤਾਰੀ ਦਿਤੀ ਗੁਰੂ ਜੀ ਨੂੰ ਸਰਕਾਰੀ ਹੁਕਮ ਅਨੁਸਾਰ ਭੂਤਾਂ ਵਾਲੀ ਇਕ ਹਵਲੀ ਵਿਚ ਨਜਰ ਬੰਦ ਕਰ ਦਿਤਾ ਗਿਆ। ਇਕ ਦਿਨ ਔਰੰਗਜੇਬ ਨੇ ਆਕੇ ਗੁਰੂ ਜੀ ਨੂੰ ਆਖਿਆ ਕਿ ਤੁਸੀਂ ਬੜੇ ਫਕੀਰ ਲੋਕ ਹੋ ਤੇ ਖੁਦਾ ਪ੍ਰਸਤ ਹੋ ਜੈਕਰ ਤੁਸੀਂ ਦੀਨ ਕਬੂਲ ਕਰ ਲਵੋ ਤਾਂ ਸਾਰੇ ਦਸ ਵਿਚੋਂ ਮਜਬਾਂ ਦੇ ਝਗੜੇ ਖਤਮ ਹੋ ਜਾਣਗ ਤੇ ਸਾਰੇ ਲੋਕ ਮੋਮਨ ਹੀ ਬਣ ਜਾਣ।

ਗੁਰੂ ਜੀ ਨੇ ਔਰੰਗਜੇਬ ਨੂੰ ਆਉਣ ਵਾਲੇ ਸਮੇ ਦਾ ਦ੍ਰਿਸਟਾਨ ਦੇਣ ਲਈ ਕਾਲੀ ਮਰਦਾਂ ਦੀ ਇਕ ਬੋਰੀ ਮੰਗਵਾਉਣ ਉਸਨੂੰ ਸਾੜਨ ਤੇ ਫਿਰ ਮਿਰਚਾਂ ਦੀ ਰਾਖ (ਸੁਆਹ) ਛਾਨਣ ਦਾ ਸੁਝਾਓ ਦਿਤਾ ਜਦ ਇਹ ਸਾਰਾ ਕੁਝ ਕੀਤਾ ਗਿਆ ਤਾਂ ਸਾਰੀ ਰਾਖ ਵਿਚੋਂ ਤਿੰਨ ਮਰਚਾਂ ਅਨ ਸੜੀਆਂ ਨਿਕਲੀਆਂ। ਗੁਰੂ ਜੀ ਨੇ ਬਾਦਸ਼ਾਹ ਨੂੰ ਦਸਿਆ ਕਿ ਜਿਥੇ ਤੂੰ ਅਪਣੇ ਜੋਰ ਜੁਲਮ ਨਾਲ ਹਿੰਦੂ ਮੁਸਲਮਾਨਾਂ ਨੂੰ ਇਕ ਕਰਨਾਂ ਚਾਹੁੰਦਾ ਹੈ, ਉਥੇ ਅਕਾਲ ਪੁਰਖ ਦੇ ਦੋ ਥਾਂ ਤਿੰਨ ਧਰਮ ਕਰਨਾ ਚਾਹੁੰਦਾ ਹੈ,

ਇਸ ਵਾਸਤ ਖੁਦਾ ਦੇ ਹੁਕਮ ਅਗੇ ਤੇਰਾ ਜੁਲਮ ਧੂੜ ਦੇ ਬਦਲਾਂ ਵਾਂਗ ਉਡ ਜਾਵੇਗਾ ਗੁਰੂ ਜੀ ਦਾ ਇਹ ਉਤਰ ਸੁਣਕੇ ਔਰੰਗਜੇਬ ਸ਼ਰਮਿੰਦਾ ਹੋ ਕੇ ਚਲਾ ਗਿਆ।

ਫੇਰ ਇਸ ਸਿਲਸਲੇ ਵਿਚ ਪਹਿਲਾ ਮਤੀ ਦਾਸ ਜੀ ਨੂੰ ਆਰੇ ਨਾਲ ਦੁਫਾੜ ਕੀਤਾ ਗਿਆ, ਬਾਦ ਵਿਚ ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ ਤੇ ਤਿੰਨਾ ਸਿਖਾਂ ਨੂੰ ਗੁਰੂ ਜੀ ਨੇ ਅਪਣੀ ਸ਼ਕਤੀ ਨਾਲ ਕੈਦ ਵਿਚੋਂ ਕਢ ਦਿਤਾ,ਜਿਨਾਂ ਦੇ ਨਾਮ ਭਾਈ ਉਦੇ ਭਾਈ ਜੈਤਾ ਤੇ ਭਾਈ ਗੁਰਦਿਤਾ ਜੀ ਸਨ।

ਗੁਰੂ ਜੀ ਨੇ ਭਾਈ ਜੈਤੋ ਨੂੰ ਦਿਲੀ ਵਿਚ ਹੋਨ ਵਾਲੀ ਘਟਣਾ ਤੇ ਭਾਈ ਗੁਰਦਿਤੇ ਨੂੰ ਸ੍ਰੀ ਅਨੰਦ ਪੁਰ ਆਪਣੀ ਬਾਣੀ ਤੇ ਕੁਝ ਲੋੜਾਂਦੇ ਸੰਦੇਸ ਦੇ ਕੇ ਭੇਜਨ ਅਤੇ ਭਾਈ ਉਦੇ ਜੀ ਨੂੰ ਕੁਝ ਨੀਤੀ ਦੇ ਕੰਮ ਕਰਨਵਾਸਤੇ ਸਾਰਾਕੁਝ ਸਮਝਾ ਦਿਤਾ ਭਾਂਵੇ ਬਾਦ ਵਿਚ ਇਨਾਂ ਤਿੰਨਾ ਦੀ ਵੀ ਬੜੀ ਤਲਾਸ ਕੀਤੀ ਗਈ ਪਰ ਸਤਿਗੁਰਾਂ ਦੀ ਕ੍ਰਿਪਾ ਨਾਲ ਇਹ ਤਿੰਨ ਆਪੋ ਅਪਨੇ ਕੰਮਾ ਵਿਚ ਪੂਰੀ ਤਰਾ ਸਫਲ ਰਹੇ ਤੇ ਖੋਜੀਆਂ ਦੇ ਹਥ ਨਾ ਆਏ।

ਸ੍ਰੀ ਗੁਰੂ ਜੀ ਨੂੰ ਬਾਦਸ਼ਾਹ ਤੇ ਮੌਲਵੀਆਂ ਵਲੋਂ ਅਪਨੀਆਂ ਦੋਵੇਂ ਗਲਾਂ ਮਨੌਣ ਵਾਸਤੇ ਬਹੁਤ ਤਸੀਹੇ ਦਿਤੇ ਗਏ, ਪਰ ਗੁਰੂ ਜੀ ਤਾਂ ਇਕ ਪਾਸੇ ਰਹੇ ਜਿਨਾਂ ਨਿਕਟ ਵਰਤੀ ਸਿਖਾਂ ਨੂੰ ਆਰੇ ਤੇ ਦੇਗ ਦੀਆ ਸਜਾਵਾਂ ਦਿਤੀਆਂਗਈਆਂ ਉਨਾਂਵੀ ਜਾਲਮਾਂ ਦੀ ਰਤਾ ਪਰਵਾਹ ਨ ਕੀਤੀ ਤੇ ਨ ਕੋਈ ਗਲ ਹੀ ਮੰਨੀ। ਆਖਰ ਕਾਰ ੧੧ ਨਵੰਬਰ ਸੰਨ ੧੬੭੫ ਨੂੰ ਦਿਲੀ ਦੇ ਚਾਂਦਨੀ ਚੌਂਕ ਵਿਚ (ਜਿਥੇ ਹਜਾਰਾਂ ਹੀ ਦਰਸਕਾਂ ਨੂੰ ਇਹ ਕਹਿਰ ਵਿਖਾਲਨ ਲਈ ਸਦਿਆ ਗਿਆ ਸੀ)ਗੁਰੂ ਜੀ ਦਾ ਸੀਸ ਕਲਮ ਕਰ ਦਿਤਾ ਗਿਆ ਜਿਸ ਤੇ ਵਡੇ ਵਡੇ ਹਿੰਦੂਆਂ ਤੇ ਸਹਿਜ ਧਾਰੀ ਸਿਖਾਂ ਦੇ ਦਿਲ ਦ ਹਿਲ ਗਏ। ਸ੍ਰੀ ਗੁਰੂ ਜੀ ਦੇ ਬਣਾਏ ਤੇ ਦਰਸਾਏ ਹੋਏ ਪ੍ਰੋਗ੍ਰਾਮਾ ਅਨੁਸਾਰ ਜਿਥੇ ਗੁਰੂ ਜੀ ਦਾ ਸੀਸ ਭੇਸ ਬਦਲ ਕੇ ਖਲੋਤੇ ਭਾਈ ਜੈਤੇ ਦੀ ਝੋਲੀ ਵਿਚ ਆ ਡਿਗਾ,ਓਥੇ ਬਾਕੀ ਦੇ ਧੜ ਨੂੰਇਕ ਲਖੀ ਸ਼ਾਹ ਵਨਜਾਰ (ਲੁਬਾਣੇ) ਨੇ ਬੜੀ ਹੁਸ਼ਿਆਰੀ ਨਾਲ ਅਖ ਬਚ ਕੇ ਹਨੇਰੀ ਤੇ ਗਰਦੋ ਗੁਬਾਰ ਤੋਂ ਫਇਦਾ ਉਠ ਦਿਆਂ ਆਪਨੇ ਰੂੰ ਨਾਲ ਭਰੇ ਇਕ ਗਡੇ ਉਤੇ ਰਖ ਲਿਆ ਤੇ ਬੜੀ ਚਲਾਕੀ ਨਾਲ ਉਸ ਗਡੇ ਦੀ ਤਲਾਸੀ ਹੋਣ ਤੋਂ ਵੀ ਬਚਾ ਕੇ ਆਂਪਣੀਆਂ ਝੁਗੀਆਂ ਵਿਚ ਲੈ ਆਇਆ ਤੇ ਗੁਰੂ ਜੀ ਦੀ ਦੇਹ ਆਪਣੇ ਕੋਠੇ ਵਿਚ ਰਖਕੇ ਇਕ ਦਮ ਕੋਠੇ ਨੂੰ ਅਗ ਲਾ ਦਿਤੀ ਜਥੇ ਗੁਰੂ ਜੀ ਦੀ ਦੇਹ ਦਾ ਲਖੀਸ਼ਾਹ ਨੇ ਸਸਕਾਰ ਕੀਤਾ ਸੀ, ਉਥੇ ਹੁਣ ਰਕਾਬ ਗੰਜ ਗੁਰ-ਦੁਆਰਾ ਸਸੋਭਿਤ ਹੈ।

ਗੁਰੂ ਤੇਗ ਬਹਾਦਰ ਆਏ

ਰੁਬਾਈ—

ਕਾਕਾ ਸੁਰਜੀਤ ਸਿੰਘ (ਸੁਹਾਵਾ ਸਾਹਿਬ)

ਅਮਰ ਨਾਥ ਦੇ ਮੰਦਰ ਜਾ ਜਦ ਪੰਡਿਤਾਂ 'ਸਿਵ' ਧਿਆਏ।
ਧਰਮ ਹਾਨੀ ਦੀ ਹਾਲਤ ਵਾਲੇ ਅਪਨੇ ਦੁਖ ਸੁਣਾਏ।
ਓਥੋਂ ਦੇਵ ਬਾਣੀ ਤਦ ਹੋਈ ਤੁਸੀ ਅਨੰਦ ਪੁਰ ਜਾਵੋ।
ਧਰਮ 'ਸੁਰਜੀਤ' ਰਖਣਲਈਜਗ ਗੁਰੂਤੇਗਬਹਾਦਰਆਏ।

ਧਰਮ ਹੇਤ ਸਾਕਾ ਜਿਨ੍ਹ ਕੀਆ

—ਸ੍ਰੀ ਅਜੀਤ ਸਿੰਘ ਜੀ ਲੁਧਿਆਣਾ

ਦੁਨੀਆਂ ਦੇ ਇਤਿਹਾਸ ਵਿਚ ਇਹ ਤਾਂ ਆਮ ਹੈ, ਕਿ ਕਿਸੇ ਨੇ ਧਰਮ ਮਜ਼ਹਬ ਕੌਮ ਅਤ ਦੀਖਾਤ੍ਰ ਆਪਾ ਨਿਛਾਵਰ ਕੀਤਾ ਹੋਵੇ, ਪਰ ਕਿਤੇ ਇਹ ਨਹੀਂ ਪੜ੍ਹਿਆ ਕਿ ਸਰਬ–ਧਰਮ ਅਜ਼ਾਦੀ ਦੀ ਖਾਤ੍ਰ ਕੋਈ ਸ਼ਹਾਦਤ ਦੇਣ ਗਿਆ ਹੋਵੇ ਆਪ ਚਲਕੇ। ਇਹ ਤਾਂ ਸੁਣਿਆ ਹੈ ਕਿ ਕਿਸੇ ਨੇ ਮੌਤ ਦੇ ਦਰ–ਵਾਜੇ ਅਗੇ ਖੜ ਪਹਿਲੇ ਫੜੇ ਹੋਣ ਪਰ ਇਹ ਨਹੀ ਵੇਖਿਆ ਕਿ ਕੋਈ ਆਪੇ ਜਾ ਕੇ ਮੌਤ ਮੰਗੇ। ਇਹ ਸਭ ਕੁਝ ਤਾਂ ਸਿਖ ਇਤਿਹਾਸ ਦੇ ਪੰਨਿਆਂ ਤੇ ਹੀ ਉਕਰਿਆ ਮਿਲਦਾ ਹੈ। ਅਜਹੀਆਂ ਸ਼ਹਾਦਤਾਂ ਨਾਲ ਕਈ ਗੰਥ ਰਚੇ ਜਾ ਸਕਦੇ ਹਨ। ਪੰਜਾਬ ਦਾ ਇਤਹਾਸ ਇਸ ਗਲ ਦਾ ਸਾਖੀ ਹੈ ਕੇ ਇਥੋਂ ਦੇ ਪੀਰਾਂ, ਬੀਰਾਂ, ਪੈਗੰਬਰਾਂ ਨੇ ਮੌਤ ਨੂੰ ਖੇਲ ਸਮਝਕੇ ਦੁਨੀ-ਕਾਲ ਨੂੰ ਇਕ ਨਾਟਿਕ ਜਾਣ ਬਿਤਾ ਦਿਤਾ। ਕਿਸੇ ਦੀ ਖਾਤਰ ਕੁਰਬਾਨ ਹੋ ਗਏ। ਕੋਈ ਵਿਰਲਾ ਹੀ ਹੁੰਦਾ ਹੈ ਅਜਿਹਾ ਮਰਦ ਕਿਸੇ ਕਵੀ ਨੇ ਠੀਕ ਹੀ ਆਖਿਆ ਹੈ।

"ਕਿਸੇ ਦੀ ਖਾਤਰ ਦੁਖ ਜਰਦਾ ਹੈ ਕੋਈ ਕੋਈ
ਭਲਾ ਸਮਝਕੇ ਕਿਸੇ ਦਾ ਭਲਾ ਕਰਦਾ ਹੈ ਕੋਈ ਕੋਈ
ਉਂਝ ਤਾਂ ਆਪਨੀ ਮਾਈ ਮਰਦਾ ਹੈ ਹਰ ਮਨੁਖ,
ਦੇਸ਼ ਤੇ ਆਈ ਬਿਪਤਾ ਲਈ ਮਰਦਾ ਹੈ ਕੋਈ ੨।

ਅਜਿਹੇ ਜੋਧਿਆਂ ਨੂੰ ਜਨਮ ਦੇਣ ਵਾਲੇ ਹਿੰਦ ਦੀ ਚਾਦਰ ਧਰਮ ਰਖਿਅਕ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਅਜੇਹੇ ਸੂਰਬੀਰ ਮਹਾਤਮਾ ਸਨ ਜਿਨਾਂ ਨੂੰ ਅਠਾਂ ਧਿਆਂ ਰਿਧੀਆਂ ਨਿਧੀਆ ਪੈਦਲ ਚੂੰਮਨ ਲਗ ਦੀਆਂ ਹਨ ਉਨਾਦਾ ਨਾਮ ਲਿਆਂ ਜਨਮ ਮਰਨ ਦੇ ਦੁਖ ਦੂਰ ਹੋ ਜਾਂਦੇ ਹਨ। ਉਨਾਂ ਦੇ ਮਨ ਦਰਪਨ ਵਿਚ ਝਾਕਿਆ ਮਨ ਦੀ ਤ੍ਰਿਸ਼ਨਾ ਮਿਟ ਜਾਦੀ ਹੈ ਉਨਾਂਦੀ ਤਸਵੀਰ ਵੇਖਣ ਨਾਲ ਤਿਆਗਦੀ ਭਾਵਨਾ ਉਤਪੰਨ ਹੋ ਜਾਂਦੀ ਹੈ ਉਨਾ ਨੂੰ ਪੜ੍ਹਿਆਂ ਇਕ ਸੇਧ ਮਿਲਦੀ ਹੈ ਉਸ ਅਕਾਲ ਪੁਰਖ ਨੂੰ ਪਾਣ ਦੀ, ਜੀਵਨ ਨੂੰ ਉਪਰ ਚੁਕਣ ਆਦਰਸ਼ਕ ਵਿਅਕਤੀ ਬਨਣ ਲਈ ਇਕ ਨਿਰਮਾਣ ਸੇਵਕ ਬਨਣ ਲਈ ਅਜ ਉਸੇ ਮਹਾਨਸ਼ਖਸੀਅਤ ਦੀ ਯਾਦ ਨੂੰ ਤਾਜਾ ਰਖਣ ਹਿਤ ਅਸੀ ਤੀਸਰੀ ਸ਼ਤਾਬਦੀ ਮਨਾ ਰਹੇ ਹਾਂ। ਕੋਈ ਲੇਖ ਲਿਖਦਾ ਹੈ ਤੇ ਕੋਈ ਕਵੀ ਬਣ ਉਸਨੂੰ ਚਿਤਰਨ ਦੀ ਕੋਸ਼ਸ ਕਰਦਾ ਹੈ ਤੇ ਕਿਤੇ ਨਾਟਕਕਾਰ ਉਨਾਂ ਦੀਆਂ ਜੀਵਨ ਝਲਕੀਆਂ ਨੂੰ ਰੰਗ ਮੰਚਾਂ ਤੇ ਸਜਾ ਰਿਹਾ,ਹੈਉਨਾਂ ਵਾਂਗ ਚਿਤਰਕਾਰ ਮਨੋ-ਉਡਾਰੀਆਂ ਲਾ ਵਖ ਵਖ ਰੰਗਾਂ ਨਾਲ ਭਿੰਨ ਭਿੰਨ ਢੰਗਾਂ ਨਾਲ ਤਸਵੀਰਾਂ ਖਿਚ ਸਾਨੂੰ ਉਨਾਂ ਵਾਂਗ ਬਨਣ ਲਈਕਹਿ ਰਿਹਾ ਹੈ। ਮਕਸਦ ਸਭ ਦਾ ਇਕ ਹੈ। ਕਿ ਕਿਸੇਤਰਾਂ ਉਨਾ ਦੇ ਪਾਏ ਪੂਰਨਿਆਂ ਤੇ ਚਲ ਆਦ-ਰਸ਼ਕ ਤੇ ਸਚੇ ਸੁਚੇ ਦੇ ਸਵਾਮੀ ਪ੍ਰਭੂ ਦੇ ਸਵਕ ਬਣ ਸਕੀਏ। ਕੋਸ਼ਿਸ਼ ਕਰ ਰਿਹਾ ਹਾਂ ਕੇਵਲ ਇਹ ਚਿਤ-ਰਨ ਦੀ ਉਹ ਕੀ ਕਹਿ ਗਏ ਸਨ, ਤੇ ਅਸੀਂ ਕੀ ਕਰ ਰਹੇ ਹਾਂ।

ਹਿੰਦੂ ਧਰਮ ਭਾਰਤ ਦਾ ਧਰਮ ਹੈ ਇਸੇ ਲਈ ਤਾਂ ਇਸ ਨੂੰ ਹਿੰਦੂਸਤਾਨ ਆਖਿਆ ਗਿਆ ਹੈ। ਅਸਲ ਵਿਚ ਸਭ ਤੋਂ ਉਚਾ ਸੁਚਾ ਤੇ ਸਰਬ ਸਾਂਝ ਧਰਮ ਹੈ ਸੱਚ ਤੈ ਉਸ ਤੋਂ ਉਪਰ ਹੈ ਵਿਵਹਾਰਕ ਜੀਵਨ ਵਿਚ ਸਚ ਬਨਣਾ ਤੇ ਸੁਦ-ਅਚਾਰ ਤੇ ਸੁਭ ਵਿਚਾਰ ਰਖਣਾ। ਮਜਹਬ ਭਿੰਨ ਭਿਨ ਹਨ ਪਰ ਧਰਮ ਇਕ ਹੈ ਪਰ ਸਧਾਰਨ ਲੋਗ ਧਰਮ ਨੂੰ ਕਰਮਾਂ ਕਰਕ ਭਾਂਪਦੇ ਹਨ। ਹਿੰਦ ਧਰਮ,ਜੈਨ ਧਰਮ,ਸਿਖ ਆਦਿ ਇਹ ਸਭ ਹਿੰਦੂ-ਮਤ ਜੈਨਬੁਧ ਸਿਖ ਈਸਈ ਸਭ ਅਸਲ ਧਰਮ ਬਨਣ ਲਈ ਪੂਰਨੇ ਦੇ ਭਾਂਤੀ ਹਨ, ਇਕ ਪੌੜੀ ਹੈ ਮੰਜਿਲ ਤਹਿ ਕਰਨ ਲਈ ਇਸੇ ਲਈ ਤਾਂ ਆਖਿਆ ਹੈ।

ਧਰਮ ਮਜਹਬ ਇਕ ਛਿਲਕੇ ਸਮਾਨ ਹਨ ਜਿਨਾ ਦੀ ਕੇਵਲ ਫਲ ਪਕਣ ਤਕ ਜਰੂਰਤ ਹੈ, ਆਮ ਲੋਕ ਆਖਦੇ ਹਨ ਕਿ ਗੁਰੂ ਤੇਗ ਬਹਾਦਰ ਨੇ ਹਿੰਦੂ ਧਰਮ ਦੀ ਰਖਿਆ ਲਈ ਆਪਾ ਕੁਰਬਾਨ ਕੀਤਾ, ਕਿਉਂਕਿ ਔਰੰਗ ਜੇਬ ਉਨਾਂ ਨੂੰ ਮੁਸਲਮ ਬਣਨ ਨੂੰ ਕਹਿੰਦਾ ਸੀ। ਇਸ ਦਾ ਮਤਲਬ ਇਹ ਹੋਇਆ ਕਿ ਉਸਨੇ ਕੇਵਲ ਹਿੰਦੂਆਂ ਨੂੰ ਤੰਗ ਹੀ ਕੀਤਾ ਪਰ ਇਹ ਗਲ ਠੀਕ ਨਹੀਂ ਕਿਉਂਕਿ ਔਰੰਗੇ ਨੇ ਸੂਫੀ ਪੀਰਾਂ ਫਕੀਰਾ ਨੂੰ ਵੀ ਦੁਖ ਦਿਤਾ। ਇਸਦੇ ਨਾਲ ਇਨਾਂ ਲੋਕਾਂ ਦਾ ਖਿਆਲ ਇਹ ਵੀ ਹੈ ਕਿ ਹਿੰਦੂ ਤੇ ਸਿਖ ਦੋ ਵਖੋ ਵਖਰੇ ਧਰਮ ਹਨ। ਪਰ ਇਨਾਂ ਤੋਂ ਮੈਂ ਇਹ ਸੁਆਲ ਪੁਛਦਾ ਹਾਂ ਕਿ ਗੁਰੂ ਗੋਬਿੰਦ ਸਿੰਘ ਤੋਂ ਪਹਿਲਾਂ ਸਿਖ ਨਹੀਂ ਸਨ? ਸਿਖ ਤੋਂ ਭਾਵ ਸਿਖਆਰਥੀ ਜਾਂ ਚੇਲੇ ਤੋਂ ਹੈ ਜੋ ਗੁਰੂ ਪਾਸੋਂ ਸਿਖਿਆ ਲੈਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆ ਕੇ ਇਨਾਂ ਸਿਖਾਂ ਆਰਥੀਆਂ ਨੂੰ ਦੁਨੀਆਂ ਦੇ ਲੋਕਾਂ ਤੋਂ ਭਿੰਨ ਸਾਬਤ ਕਰਨ ਲਈ ਖਾਲਸਾ ਸਾਜਿਆ।

ਜਿਸ ਤੋਂ ਭਾਵ ਖਾਲਸਾ ਸਰਬ ਸ੍ਰੇਸ਼ਟ ਧਰਮ ਵਾਲਾ ਹੈ, ਇਸਦਾ ਧਰਮ ਸਚ ਲਈ ਕਰਮ ਤੇ ਨਿਰਬਲਾਂ ਨਿਰਦੋਸ਼ਿਆਂ ਦੀ ਰਖਿਆਂ ਕਰਨਾ ਸੀ ਕਿਉਂਕਿ ਦਸਮੇਸ ਪਿਤਾ ਨੇ ਇਨਾਂ ਦਾ ਰੰਗ ਢੰਗ ਭਾਵ ਨਿਤ ਕਰਮ ਮਾਰਯਾਦਾ ਪੁਸ਼ਾਕ ਰਹਿਨੀ ਬਹਿਨੀ ਸਭ ਵਖਰਾ ਬਦਲਾ ਦਿਤਾ ਸੀ। ਇਸ ਲਈ ਲੋਕ ਇਨਾਂ ਨੂੰ ਆਪਨੇ ਤੋਂ ਵਖਰਾ ਮਹਿਸੂਸ ਕਰਨ ਲਗੇ ਕਿਉਕਿ ਇਨਾਂ ਦੇ ਕਰਮ ਉਚੇ ਹਨ ਇਨਾਂ ਦਾ ਸਨਮਾਨ ਕਰਦੇ ਇਸ ਵਖਰੇ ਪਨ ਨੇ ਹੀ ਇਨਾਂ ਨੂੰ ਦੋ ਭਾਗਾ ਵਿਚ ਵੰਡ ਦਿਤਾ ਜੋ ਅੰਮ੍ਰਿਤ ਛਕ ਛਕ ਸਿੰਘ ਸਜ ਗਏ ਸਿਖ ਬਣ ਗਏ ਤੇ ਜਿਨਾਂ ਨਾਂ ਛਕਿਆ ਉਹ ਹਿੰਦੂ ਹੀ ਰਹਿ ਗਏ। ਪਰ ਇਨ੍ਹਾਂ ਸਿੰਘਾਂ ਆਪਣਾ ਕਰਮ ਨਹੀਂ ਪਛਾਤਾ, ਕੇਵਲ ਭੇਖ ਬਨਾ ਲਿਆ। ਗੁਰੂ ਦਸ਼ਮੇਸ ਨੇ ਤਾਂ ਸਾਨੂੰ ਕੇਵਲ ਇਨਾਂ ਦੇ (ਭਾਰਤੀ ਲੋਕਾਂ) ਸਰਦਾਰ ਥਾਪ ਰਖਿਆ ਕਰਨ ਲਈ ਆਖਿਆ ਸੀ ਇਹ ਨਹੀ ਸੀ, ਆਖਿਆ ਕਿ ਉਹਨਾਂ ਦਾ ਧਰਮ ਬਦਲ ਗਿਆ ਸੀ। ਇਸ ਤਾਂ ਸਾਡ ਵਡ ਵੀਰਾਂ ਨੇ ਦ ਧੜੇ ਬਨਾ ਦਿਤੇ ਹਿੰਦੂ-ਸਿਖ ਖੂਨ ਨੂੰ ਖੂਨ ਨਾਲੋਂ ਅਲੱਗ ਕਰ ਦਿਤਾ ਮਰਾ ਕਹਿਣ ਦਾ ਭਾਵ ਕੇਵਲ ਇਹ ਹੀ ਹੈ ਕਿ ਅਸੀ ਸਭ ਇਕ ਹਾਂ ਕੇਵਲ ਸਾਡੇ ਵਿਚ ਭਿੰਨਤਾ ਇਹ ਹੈ ਕਿ ਸਾਨੂੰ ਗੁਰੂ ਨੇ ਉਚਾ ਚੁਕਿਆ ਸੀ ਪਰ ਅਜ ਅਸੀ ਆਪ ਹੀ ਮੂਰਤੀ ਪੂਜਾ ਤੇ ਵਿਖਾਵੇ ਦੇ ਸ਼ਿਕਾਰ ਬਣੀ ਬੈਠੇ ਹਾਂ। ਪਰ ਬੀਜ ਨਾਸ ਨਹੀ ਹੋਇਆ। ਸਾਡੇ ਅਜਿਹੇ ਵੀਰ ਵੀ ਹਨ ਜੋ ਆਪਣੇ ਧਰਮ ਕਰਮ ਨੂੰ ਸਮਝਦੇ ਹਨ ਤੇ ਗੁਰ ਸਿਖੀ ਜੀਵਨ ਜੀ ਰਹੇ ਹਨ। ਨਾਮਧਾਰੀ ਅਜ ਵੀ ਗੁਰੂ ਦੇ ਹੁਕਮ ਅਨੁਸਾਰ ਜੀਵਨ ਬਿਤੀਤ ਕਰ ਰਹੇ ਹਨ। ਅਸੀਂ ਮਜ਼ਹਬਾਂ ਦੇ ਚਕਰਾਂ ਵਿਚ ਫ਼ਸ ਗਏ ਵਖ ੨ ਧਰਮ ਸਮਝਣ ਦੀ ਕੋਸ਼ਿਸ ਕਰਦੇ ਹਾਂ ਕਰਮ ਬਾਰੇ ਨਹੀਂ ਸੋਚਦ। ਗੁਰੂ ਨਾਨਕ ਦੇ ਫੁਰਮਾਨ ਨੂੰ ਭੁਲ ਗਏ ਹਾਂ

"ਸਚਹੁ ਉਰੈ ਸਭ ਕੋ ਉਪਰ ਸੱਚ ਅਚਾਰਿ"

ਇਕ ਦੂਜੇ ਨੂੰ ਡਰਾਉਣ ਦੀ ਕੋਸ਼ਿਸ਼ ਕਰਦੇ ਹਾਂ ਅਮੀਰ ਪੈਸੇ ਨਾਲ ਗਰੀਬ ਨੂੰ ਹੈਠੀ ਵਿਖਾਉਂਦਾ ਹੈ ਨੇਤਾ ਰਾਜ ਸ਼ਕਤੀ ਨਾਲ, ਵਿਦਵਾਨ ਵਿਦਵਤਾ ਨਾਲ ਦੂਸਰੇ ਨੂੰ ਨੀਂਵਾ ਸੁਟਨ ਦੀ ਕਸ਼ਿਸ਼ ਕਰਦਾ ਹੈ। ਪਰ ਅਸੀ ਸਭ ਇਹ ਨਹੀ ਜਾਨਣ ਦੀ ਕੋਸ਼ਿਸ ਕਰਦੇ ਕੇ ਨੌਵੇ ਪਾਤਸ਼ਾਹ ਤਾਂ ਕੇਵਲ ਉਸਨੂੰ ਗਿਆਨੀ ਗਿਣਦੇ ਹਨ ਜੋ ਇਠ ਲਿਖੀ ਜਿਉਣ ਜਿਉਂਦਾ ਹੈ

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ
ਕਹੁ ਨਾਨਕ ਸੁਨਿਰੇ ਮਨਾ ਗਿਆਨੀ ਤਾਹਿ ਬਖਾਨ"
(ਸਲੋਕ ਮਹਲਾ ੯)

ਗਲ ਕੀ! ਅਸੀਂ ਹਉਮੈ ਦੇ ਚਕਰ ਵਿਚ ਫਸ ਗਏ ਹਾਂ ਮੂਲ ਭੁਲ ਗਏ ਹਾਂ ਵਿਖਾਵਾ ਕਰੀ ਜਾ ਰਹੇ ਹਾਂ। ਧਰਮ ਕਰਮ ਸ਼ਰਮ ਤਿੰਨੇ ਦੂਰ ਹਨ। ਦੂਸਰ ਨੂੰ ਟੋਕਦੇ ਹਾਂ ਪਰ ਇਹ ਨਹੀਂ ਵੇਖਦੇ ਕਿ ਇਹ ਭੈੜ ਸਾਡੇ ਵਿਚ ਵੀ ਮੌਜੂਦ ਹੈ, ਸਤਿਗੁਰੂ ਜੀ ਕਹਿੰਦੇ ਹਨ ਪਹਿਲਾਂ ਆਪਨਾ ਜੀਵਨ ਉਚਾ ਚੁਕੋ ਤਾਂ ਤੁਸੀ ਡਿਗਦੇ ਨੂੰ ਸਹਾਰਾ ਦੇ ਸਕਦੇ ਹੋ। ਜਿਹੜਾ ਮਾੜਾ ਕਰਮ ਆਪ ਕਰਦੇ ਹਾਂ ਦੂਸਰੇ ਨੂੰ ਉਹ ਕਰਨ ਤੋਂ

ਕਿਵੇ ਰੋਕ ਸਕਦੇ ਹਾਂ ਸਿਖੇ ਕੁਝ ਸਿਖੋ ਕੋਸ਼ਿਸ ਕਰੋ ਕਿ ਆਪਣਾ ਆਚਰਣ ਸਾਫ ਸੁਥਰਾ ਰਖ ਸਕੀਏ ਕੂੜ ਦੇ ਪਸਾਰੇ ਵਿਚ ਮਨ ਲੁਭਾਈ ਬੈਠੇ ਹਾਂ। ਨਾ ਸਮਾਨਤਾ ਨੂੰ ਪਾਣ ਦੀ ਕੋਸ਼ਿਸ ਕਰਦੇਹਾਂ ਸਥਿਰਤਾ ਨੂੰ ਨਹੀਂ ਸੰਸਾਰਕ ਸੁਖਾਂ ਦੀ ਪ੍ਰਾਪਤੀ ਲਈ, ਖੂਨ ਕਰ ਛਡਦੇ ਹਾਂ ਮਰਿਆਦ ਤਿਆਗ ਦਿੰਦੇ ਹਾਂ ਗੁਰੂ ਦੇ ਹੁਕਮਨੂੰ ਭੁਲ ਜਾਂਦਹਾਂ ਮਨੋ ਭਾਵਾ ਦੀ ਪੂਰਤੀ ਲਈ ਜੀਵਨ ਤਬਾਹ ਕਰ ਰਹੇ ਹਾਂ, ਮਨ ਫਿਰ ਵੀ ਸ਼ਾਂਤ ਨਹੀ ਹੁੰਦਾ ਆਤਮਾ ਭੜਕਦੀ ਹੈ। ਜਿਸ ਰਾਹ ਚਲ ਇਹ ਸਭ ਸੁਖ ਪ੍ਰਾਪਤ ਹੋਣੇ ਹਨ ਉਸ ਰਾਹ ਤਾਂ ਚਲ ਹੀ ਨਹੀ ਰਹੇ, ਕਲਜੁਗੀ ਰਾਹ ਅਪਣਾ ਰਹੇ ਹਾਂ, ਹਵਾਈ ਕਿਲੇ ਉਸਾਰ ਰਹੇ ਹਨ ਕਾਲ ਦੇ ਤੁਫਾਨ ਨੇ ਖਾਕ ਵਿਚ ਮਿਲਾ ਦੇਣੇ ਹਨ। ਜਾਣਾ ਗੁਰ ਚਰਨਾ ਵਾਲੇ ਪਾਸੇ ਸੀ ਪਰ ਰਾਹ ਕੋਈ ਹੋਰ ਹੀ ਅਖਤਿਆਰ ਕਰ ਬੈਠੇ ਹਾਂ? ਮੰਜਲ ਕਿਸ ਤਰਾਂ ਤਹਿ ਹੋਣੀ ਹੈ ਸਗੋਂ ਫਾਸਲਾ ਵਧਦਾ ਹੀ ਜਾਂਦਾ ਹੈ। ਕਿਸੇ ਠੀਕ ਹੀ ਅਖਿਆ ਹੈ

ਤਰਸਮ ਨ ਰਸੀ ਬ ਕਾਅਬੈ ਐ ਐਗਬੀ।
ਬ ਗਾਹੇ ਕਿ ਤੂੰ ਮੈ ਰਵੀ ਬ ਤੁਰਕਿਸਤਾਨ ਅਸਤ
(ਸਾਅਦੀ)

ਅਸ਼ਲ ਸੁਖ ਤਾਂ ਹੀ ਮਿਲਦਾ ਹੈ, ਜੋ ਆਤਮਾ ਸ਼ਾਂਤ ਹੋ ਜਾਵੇ, ਮਨੋ ਕਲਪਨਾ ਮਿਟ ਜਾਵੇ, ਤੇ ਇਹ ਸਭ ਉਸਦੇ ਧਿਆਉਣ ਤੇ ਆਪੇ ਹੀ ਮਿਲ ਜਾਂਦੇ ਹਨ। ਸ੍ਰੀ ਨਾਵੇ ਗੁਰੂ ਜੀ ਲਿਖਦੇ ਹਨ:–

"ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ।
ਕਹੁ ਨਾਨਕ ਸੁਨਿਰੇ ਮਨਾ ਤਿਹ ਸਿਮਰਤ ਗਤਿ ਹੋਇ

ਪਰ ਅਸੀਂ ਤਾਂ ਐਂਵੇ ਹੀ ਭਟਕਦੇ ਫਿਰਦੇ ਹਾਂ। ਮਾਇਆ ਨੇ ਸਾਨੂੰ ਪਾਗਲ ਬਣਾ ਦਿਤਾ ਹੈ। ਕਿਸੇ ਦੀ ਚੁਗਲੀ, ਕਿਸੇ ਦੀ ਨਿੰਦਾ, ਕਿਸੇ ਦੀ ਮਾਰ ਕੁਟਾਈ, ਕਿਸੇ ਦਾ ਕਤਲ। ਇਸ ਮਾਤ ਲੋਕ ਨੂੰ ਨਰਕ ਬਣਾ ਛਡਿਆ ਹੈ। ਦੁਨੀਆਈ ਗਲਾਂ ਕਰਦੇਕਦੇ ਨਹੀਥਕਦੇਪਰ ਜੇਇਕ ਮਿੰਟ ਵੀਕਿਸੇਨੂੰ ਅਰਾਧਣਾ ਪੈ ਜਾਵੇ ਤਾਂ ਮੌਤ ਵਖਾਲੀ ਦਿੰਦੀ ਹੈ। ਅਸੀ ਜਾਣਦੇ ਹੀ ਨਹੀਂ ਕਿ ਉਸਤਤ ਨਿੰਦਾ ਦੇ ਚਕਰਵਿਚ ਨਾ ਪੈਣਦਾ ਲਾਭ ਕੀ ਹੈ-ਵੇਖੋ ਗੁਰੂ ਜੀ ਦਸਦੇ ਹਨ:–

'ਉਸਤਿਤ ਨਿੰਦਿਆ ਨਾਹਿ ਜਿਹ ਕੰਚਨ ਲੋਹ ਸਮਾਨ।
ਕਹੁ ਨਾਨਕ ਸੁਨ ਰੇ ਮਨਾ ਮੁਕਤਿ ਤਾਹਿ ਤੈ ਜਾਨ।

ਜੋ ਇਕ ਦੂਜੇ ਦੀ ਨਿੰਦਿਆ ਕਰ, ਝੂਠ ਬੋਲ ਕਾਰੂੰ ਵਾਗੂੰ ਪੈਸਾ ਧਨ ਦੌਲਤ ਮਹਿਲ ਮਾੜੀਆਂ ਉਸਾਰ ਰਹੇ ਹਾਂ, ਕੇਵਲ ਆਪਦੇ ਸਨਮਾਨ ਲਈ, ਸਾਡੀ ਸਾਡੇ ਰਿਸ਼ਤੇਦਾਰ ਮਿਤਰ ਜੋ ਪ੍ਰਸੰਸਾ ਕਰਦੇ ਹੈਣ ਇਹ ਕੇਵਲ ਤੇਕ ਤਕ ਹੀ ਇਜ਼ਤ ਤੇ ਪਿਆਰ ਕਰਦੇਹੈਣ ਜਦ ਤਕ ਤੁਸੀਂ ਕਮਾਉਂਦੇ। ਹੋ ਔਖੇ ਵੇਲੇ ਸਭ ਸਾਥ ਛਡ ਦੇਂਦੇ ਹਨ। ਇਹ ਪ੍ਰਾਣ ਪੰਖੇਰੂ ਹੋਣ ਦੀ ਦੇਰ ਹੈ ਤੁਹਾਡਾ ਇਹ ਇਜ਼ਤ ਮਾਣ ਸਭ ਕੁਝ ਤੁਹਾਡੇ ਸਸਕਾਰ ਨਾਲ ਹੀ ਸੜਬਲ ਕੇ ਖਾਕ ਹੋ ਜਾਣਾ ਹੈ ਇਸ ਸੰਸਾਰ ਦੀ ਗਲ ਤਾਂ ਇਹ ਹੈ ਕਿ

ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ। ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗ ਛਾਡਿ ਸਭ ਭਾਗੇ।"

ਹੋਰ ਤੇ ਕਿਤੇ ਰਿਹਾ, ਆਦਮੀ ਦੀ ਸਭ ਤੋਂ ਨਜਦੀਕ ਉਸ ਦੀ ਪਤਨੀ ਹੁੰਦੀ ਹੈ ਪਰ ਅੰਤ ਵੇਲੇ ਉਹ ਵੀ ਸਾਥ ਨਹੀ ਦਿੰਦੀ।

"ਘਰ ਕੀ ਨਾਰਿ ਬਹੁਤ ਹਿਤੁ ਜਾ ਸਿਉ ਸਦਾ-ਰਹਤ ਸੰਗ ਲਾਗੀ।
ਜਬ ਹੀ ਹੰਸੁ ਤਜੀ ਇਹ ਕਾਇਆਂ ਪ੍ਰੇਤ ਪ੍ਰੇਤ-ਕਰਿ ਭਾਗੀ।

ਅੰਤ ਵੇਲੇ ਤਾਂ ਕੇਵਲ ਇਕ ਉਸੇ ਦਾ ਆਸਰਾ ਹੀ ਕੰਮ ਆਉਂਦਾ ਹੈ ਜਿਹਾ ਕਿ:—

"ਸੰਗਸਖਾ ਸਭਿ ਤਜ ਗਏ ਇਹ ਕੋਊ ਨ ਨਿਬਹਿਓ ਸਾਥ। ਕਹੁ ਨਾਨਕ ਇਹ ਬਿਪਤ ਮਹਿ ਟੇਕ ਏਕ ਰਘੁਨਾਥ।"

ਬਾਣੀ ਪੁਕਾਰ ਪੁਕਾਰ ਕਹਿੰਦੀ ਹੈ, ਉਸ

ਅਕਾਲ ਪੁਰਖ ਨੂੰ ਅਰਾਧੋ ਇਹ ਝੂਠੇ ਜਾਲ ਤੋਂ ਬਚੋ, ਪਰ ਅਸੀ ਲੋਗ ਗੁਰੂ ਕਾ ਹੁਕਮ ਮੰਨਣ ਨੂੰ ਤਿਆਰ ਹੀ ਨਹੀ।
ਸਗੋਂ ਇਹ ਮਨ ਅਸਲ ਗਲ ਤਾਂ ਭੁਲ ਹੀ ਗਿਆ ਹੈ ਜਿਹਾ ਕਿ :—

ਭੂਲਿਓ ਮਨੁ ਮਾਇਆ ਉਰਝਾਇਓ।
ਜੋ ਜੋ ਕਰਮ ਕੀਓ ਲਾਲਚ ਲਗਿ
ਤਿਹ ਤਿਹ ਆਪੁ ਬੰਧਾਇਓ।੧।ਰਹਾਉ
ਸਮਝ ਨ ਪਰੀ ਬਿਖੈ ਰਸ ਰਚਿਓ
ਜਸ ਹਰਿ ਕੋ ਬਿਸਰਾਇਓ।
ਸੰਗਿ ਸੁਆਮੀ ਸੋ ਜਾਨਿਓ ਨਾਹਿਨ
ਬਨੁ ਖੋਜਨੁ ਕਉ ਧਾਇਓ।
ਰਤਨੁ ਰਾਮੁ ਘਟ ਹੀ ਕੇ ਭੀਤਰਿ
ਤਾ ਕੋ ਗਿਆਨ ਨ ਪਾਇਓ।
ਜਨੁ ਨਾਨਕ ਭਗਵੰਤ ਭਜਨ ਬਿਨ
ਬਿਰਥਾ ਜਨਮ ਗਵਾਇਓ।੨।

ਜੈਤਸਰੀ ਮਹਲਾ ੯

ਇਹ ਵਾਕ ਹਰ ਰੋਜ ਪੜਦੇ ਸੁਣਦੇ ਹਾਂ ਪਰ ਸਾਡੇ ਹਿਰਦੇ ਤੇ ਨਹੀਂ ਵਸਦਾ ਓਯਾਰੋ ਜੇ ਪੈਸੇ ਨਾਲ ਇਨਸਾਨ ਵਡਾ ਬਣ ਸਕਦਾ, ਤਾਂ ਕਾਰੂੰ ਬਾਦਸ਼ਾਹ ਦੀ ਥਾਂ ਥਾਂ ਪੂਜਾ ਹੁੰਦੀ ਫਿਰਦੀ। ਜੇ ਪੈਸੇ ਨਾਲ ਜਿੰਦਗੀ ਮਿਲ ਸਕਦੀ, ਤਾਂ ਸਿਕੰਦਰ ਨੂੰ ਮਿਲ ਜਾਂਦੀ। ਜੇ ਰਬ ਪੈਸਾ ਵੇਖ ਭਰਮਦਾ ਹੁੰਦਾ, ਖੁਸ਼ੀਆਂ ਵੰਡਦਾ ਹੁੰਦਾ ਤਾਂ ਮਲਕ ਭਾਗੋ ਦਾ ਭੋਜਨ ਪ੍ਰਵਾਨ ਕਰ ਲੈਂਦਾ। ਜੇ ਧਨ ਦੌਲਤ ਨਾਲ ਸਥਾਈ ਸੁਖ ਖ੍ਰੀਦਿਆ ਜਾ ਸਕਦਾ ਤਾਂ ਗੌਤਮ ਬੁਧ ਏਵੇਂ ਜੰਗਲ ਵਿਚ ਨਾ ਭਟਕਦੇ। ਜੇ ਪੈਸਾ ਹੀ ਸਭ ਕੁਝ ਹੁੰਦਾ ਤਾਂ ਸਾਹਿਬਜਾਦੇ ਮੌਤ ਨਾ ਪ੍ਰਵਾਨ ਕਰਦੇ। ਪੈਸੇ ਦੇ ਲਾਲਚ ਵਿਚ ਆਕੇ ਇਨਾਂ ਸਾਡੇ ਵੀਰਾਂ ਅੰਗ੍ਰੇਜ਼ ਦਾ ਸਾਥ ਦਿਤਾ ਸੀ, ਨਿਰਦੋਸ਼ਿਆ ਦੇ ਖੂਨ ਨਾਲ ਖੇਡੇ ਸਨ। ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾ ਵਤਨ ਕਰਵਾ ਦਿਤਾ ਸੀ, ਪਤਾ ਨਹੀ ਕਿੰਨਿਆਂ ਕੂਕਿਆਂ ਨੇ ਆਪਣੀਆਂ ਜਾਨਾਂ ਨਿਛਾਵਰ ਕਰ ਦਿਤੀਆਂ ਸਨ ਪਰ ਅੰਤ ਕੇਵਲ ਸਚ ਦੀ ਹੀ ਜਿਤ ਹੁੰਦੀ ਹੈ ਧਨ ਦੌਲਤ ਦੀ ਨਹੀ। ਪੈਸੇ ਨਾਲ ਅੰਗਰੇਜ ਜਿਸ ਨੇ ਸਾਰੀ ਦੁਨੀਆਂ ਤੇ ਰਾਜ ਕੀਤਾ ਸੀ ਭਾਰਤੀਆਂ ਨੂੰ ਗੁਲਾਮ ਨਹੀ ਰਖ ਸਕਿਆ। ਫਿਰ ਕਿਉਂ ਅਸੀ ਝੂਠੀ ਸ਼ਾਨ-ਸ਼ੌਕਤ ਦੇ ਝਾਂਸੇ ਵਿਚ ਫਸ ਜੀਵਨ ਬਰਬਾਦ ਕਰ ਰਹੇ ਹਾਂ। ਮੇਰੇ ਨੌਜਵਾਨ ਸਾਥੀ ਫੇਸ਼ਨ ਦੀ ਆੜ ਵਿਚ ਫੈਸ਼ਨ ਲਈ ਧਰਮ ਦੀ ਕੁਰਬਾਨੀ ਦੇ ਰਹੇ ਹਨ। ਪਛਮੀ ਸਭਿਅਤਾ ਅਪਣਾ ਰਹੇ ਹਨ ਮੇਰੇ ਕਹਿਣ ਤੇ ਭਾਵ ਇਹ ਨਹੀ ਕੇ ਪੱਛਮੀ ਸਭਿਅਤਾ ਮਾੜੀ ਹੈ। ਇਹ ਉਨਾਂ ਲਈ ਠੀਕ ਹੋਵੇਗੀ, ਪਰ ਸਾਡਾ ਧਰਮ-ਕਰਮ ਭਾਰਤੀ ਸਭਿਅਤਾ ਦੀਆਂ ਚੰਗੀਆਂ ਗਲਾਂ ਗ੍ਰਹਿਨ ਕਰੋ, ਭੈੜੀਆਂ ਨਹੀ, ਭਾਵੇ ਸਾਡਾ ਧਰਮ ਹੋਵੇ ਜਾ ਬਗਾਨਾ ਚੰਗੇ ਕਰਮ ਗ੍ਰਹਿਣ ਕਰਨਾ ਸਾਡਾ ਫਰਜ਼ ਹੈ, ਮੇਰਾ ਕਹਿਣ ਤੋਂ ਭਾਵ ਇਹ ਨਹੀਂ ਕਿ ਤੁਸੀ ਤਿਆਗ ਦਿਓ ਸਭ ਕੁਝ, ਮਾਂ ਪਿਉ ਦੀ ਸੇਵਾ ਨਾ ਕਰੋ, ਪੈਸੇ ਦੀ ਲੋੜ ਨਹੀਂ। ਕਹਿਣ ਤੋਂ ਭਾਵ ਕੇਵਲ ਠੀਕ ਢੰਗਨਾਲ ਸਭ ਕੁਝ ਕਰਨਾ ਹੈ। ਮਾਇਆ ਵਿਚ ਰਹੋ ਪਰ ਨਿਰਲੇਪ। ਰਾਜਾ ਜਨਕ ਵਾਂਗ। ਜਿਸਦਾ ਇਕ ਪੈਰ ਤੇਲ ਦੇ ਕੜਾਹੇ ਵਿਚ ਹੁੰਦਾ ਸੀ ਤੇ ਇਕ ਹੁਸਨ ਪਰੀਆਂ ਝੱਸਦੀਆਂ ਸਨ, ਉਸਨੂੰ ਸੜਨ ਦਾ ਦੁਖ ਨਹੀ ਸੀ, ਤੇ ਪੈਰ ਝਸੌਣ ਦਾ ਸੁਖ ਨਹੀ ਸੀ। ਉਸ ਲਈ ਸਭ ਇਕ ਸਨ। ਸੁਖ ਦੁਖ ਸਭ ਸਮਾਨ ਸਨ। ਲੋਕ ਲਾਜ ਤੋ ਡਰਦੇ ਧਰਮ ਛਡ ਰਹੇ ਹਾਂ ਪਰ ਇਹ ਨਹੀਂ ਜਾਣਦੇ ਨੌਵੇਂ ਪਾਤਸ਼ਾਹ ਕੀ ਕਹਿ ਗਏ ਸਨ।

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ-ਜਨ ਜਨ ਕੀ।

ਦੁਆਰਹਿ ਦੁਆਰਿ ਸੁਆਨ ਜਿਉ ਡੋਲਤ—ਨਹ ਸੁਧ ਰਾਮ ਭਜਨ ਕੀ।

ਮਾਨਸ ਜਨਮ ਅਕਾਰਥ ਖੋਵਤ ਲਾਜ ਨਾ-ਲੋਕ ਹਸਨ ਕੀ।

ਨਾਨਕ ਹਰਿ ਜਸੁ ਕਿਉਂ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ। (ਰਾਗ ਆਸਾ ਮਹਲਾ ੯)

ਉਂਜ ਤਾ ਅਸੀਂ ਸ਼ਤਾਬਦੀ ਮਨਾ ਰਹੇ, ਹਾਂ ਪਰ

(ਬਾਕੀ ਦੇਖੋ ਸਫਾ ੧੮੦ ਤੇ)

(੩੨ ਸਫੇ ਦੀ ਬਾਕੀ)

ਮੋਤੀਆਂ ਫੌਜਾਂ ਦੇ ਸਾਰੇ ਕਮਾਂਡਰ ਫੌਜਾਂ ਸਮੇਤ ਘਬਰਾ ਗਏ ਹਨ। ਇਸ ਵਾਸਤੇ ਆਪ ਜੀ ਨੇ ਜੋ ਸੰਧੀ ਨਾਂਮੇ ਦਾ ਬਚਨ ਕੀਤਾ ਸੀ ਏਥੇ ਉਹੋ ਹੀ ਠੀਕ ਰਹੇਗਾ, ਲੜਾਈ ਕਰਕੇ ਮੈ ਇਹ ਮੁਹਿਮ ਸਰ ਨਹੀ ਕਰ ਸਕਾਂਗਾ, ਇਸਦੇ ਨਾਲ ਹੀ ਸਗੋਂ ਮੈਨੂੰ ਇਹ ਯਕੀਨ ਵੀ ਹੋ ਗਿਆ ਹੈ,ਕਿ ਬਾਦਸ਼ਾਹ ਨੇ ਮੈਨੂੰ ਏਥੇ ਮਰਵੌਣ ਵਾਸਤੇ ਹੀ ਭੇਜਿਆ ਹੈ। ਪਰ ਹੁਣ ਮੈਨੂੰ ਆਪਦੇ ਹੁੰਦਿਆਂ ਕੋਈ ਚਿੰਤਾ ਨਹੀਂ। ਕ੍ਰਿਪਾ ਕਰਕੇ ਕੋਈ ਮਾੜਾ ਚੰਗਾ ਇਕਰਾਰ ਨਾਂਮਾ ਕਰਵਾ ਦਵੋ ਤਾ ਕਿ ਮੈਂ ਔਰੰਗਜ਼ੇਬ ਵਲੋਂ ਵੀ ਸਚਾ ਹੋ ਜਾਵਾ।

ਸ੍ਰੀ ਗੁਰੂ ਜੀ ਨੇ ਰਾਜੇ ਦੀ ਨਿੰਮ੍ਰਤਾ ਭਰੀ ਅਰਜ ਸੁਣਕੇ ਉਸਨੂੰ ਇਕ ਸ਼ਬਦ ਲਿਖਕੇ ਦਿਤਾ ਤੇ ਹੁਕਮ ਕੀਤਾ। ਇਸ ਸ਼ਬਦ ਨੂੰ ਇਕ ਤੋਪ ਦੇ ਮੂੰਹ ਅਗੇ ਰਖਕੇ ਪਲੀਤਾ ਦਾਗ ਦੇਵੋ, ਜਿਥੋ ਤਕ ਉਸ ਤੋਪ ਦਾ ਖੜਾਕ ਜਾਵੇਗਾ ਸਭ ਜਾਦੂ ਟੂਣੇ ਖਤਮ ਹੋ ਜਾਣਗੇ। ਜਦ ਰਾਜੇ ਨੇ ਗੁਰੂ ਜੀ ਦੇ ਹੁਕਮ ਅਨੁਸਾਰ ਇਂਵ ਕੀਤਾ। ਤਾਂ ਤੋਪ ਦੀ ਅਵਾਜ ਤਕ ਸਭ ਜਾਦੂਗਰਨੀਆਂ ਜਮੀਨ ਤੇ ਪਟਕ ਗਈਆਂ ਤੇ ਹੋਰ ਵੀ ਜਾਦੂਗਰ ਸਾਰੇ ਸਮੁੰਦਰ ਦੀ ਝਗ ਵਾਂਗੂ ਬੈਠ ਗਏ। ਤੇ ਜਿਵੇ ਰਾਜੇ ਬਿਸ਼ਨ ਸਿੰਘ ਦੇ ਜਰਨੈਲ ਘਬਰਾ ਗਏ ਸਨ, ਤਿਵੇ ਰਾਜਾ ਰਾਮ ਦੇ ਫੌਜ ਦਾਰ ਤੇ ਜਾਦੂਗਰ ਸਾਰੇ ਇਕ ਦਮ ਹੈਰਾਨ ਹੋ ਗਏ ਕਿ ਪਤਾ ਨਹੀਂ ਉਹ ਰਾਜਾ ਕਿਤਨੀ ਕੁ ਸ਼ਕਤੀ ਦਾ ਮਾਲਕ ਹੈ, ਜਿਸ ਦੀ ਤੋਪ ਦੇ ਖੜਾਕ ਨਾਲ ਹੀ ਅਸੀਂ ਸਾਰੇ ਸ਼ਕਤ ਹੀਨ ਹੋ ਗਏ ਹਾਂ। ਇਹਨਾਂ ਵੀ ਆਪਣੇ ਰਾਜੇ ਪਾਸ ਜਾ ਕੇ ਬੇਨਤੀ ਕੀਤੀ, ਕਿ ਜਿਹੜਾ ਰਾਜਾ ਇਸ ਵਾਰੀ ਆਇਆ ਹੈ ਉਸਨੂੰ ਅਸੀਂ ਜਿਤ ਨਹੀ ਸਕਦੇ। ਉਸਦੀ ਤੋਪ ਦੀ ਅਵਾਜ ਨਾਲ ਹੀ ਸਾਡੇ ਜਾਦੂ ਦਾ ਸਾਰਾ ਬਲ ਨਸ਼ਟ ਹੋ ਗਿਆ ਹੈ। ਰਾਜਾ ਰਾਮ ਨੇ ਇਕ ਨਗੀਨਾ ਨਾਮੀ ਜਾਦੂਗਰ ਨੂੰ ਕਬੂਤਰ ਬਣਾਕੇ ਸਾਰੀ ਗਲ ਦਾ ਪਤਾ ਲੈਣ ਲਈ ਭੇਜਿਆ ਨਗੀਨਾ ਜਾਦੂਗਰ ਕਬੂਤਰ ਦੇ ਰੂਪ ਵਿਚ ਜਦ ਗੁਰੂ ਜੀ ਦੇ ਤੰਬੂਆਂ ਉਤੇ ਉਡਾਰੀਆਂ ਲਾਉਣ ਲਗਾ ਤਾਂ ਸ੍ਰੀ ਸਤਿਗੁਰੂ ਜੀ ਨੇ ਉਸ ਵਲ ਵੇਖਕੇ ਹੁਕਮ ਕੀਤਾ ਨਗੀਨਿਆਂ। ਜਾਹ ਜਾਕੇ ਕਿਤੇ ਸਿਮਰਨ ਕਰ, ਐਵੇ ਸਾਡੇ ਤੇ ਕੀ ਉਡਾਰੀਆਂ ਮਾਰ ਰਿਹਾ ਹੈ? ਇਹ ਬਚਨ ਸੁਣਦੇ ਸਾਰ ਉਹ ਨਗੀਨਾ ਜਾਦੂਗਰ ਮਨੁਖ ਦੇ ਰੂਪ ਵਿਚ ਹੋ ਕੇ ਸਤਿਗੁਰਾਂ ਦੇ ਚਰਨਾਂ ਤੇ ਆ ਢੱਠਾ। ਗੁਰੂ ਜੀ ਨੂੰ ਉਸਨੂੰ ਭਜਨ ਦਸਕੇ ਅਪਨਾ ਸਿਖ ਬਣਾਇਆ। ਉਸਨੇ ਰਾਜਾ ਰਾਮ ਨੂੰ ਸ੍ਰੀ ਸਤਿਗੁਰੂ ਬਾਬਤ ਦਸਿਆ ਕਿ ਉਸ ਰਾਜੇ ਨਾਲ ਸ੍ਰੀ ਗੁਰੂ ਨਾਨਕ ਦੀ ਗਦੀ ਦਾ ਮਾਲਕ ਆਇਆ ਹੋਇਆ ਹੈ, ਹੁਣ ਉਥੇ ਸਾਡੀ ਕੋਈ ਵਾਹ ਨਹੀ! ਸਗੋਂ ਹੁਣ ਤਾਂ ਉਨਾਂ ਦੀ ਸਰਨ ਹੀ ਗ੍ਰਹਿਣ ਕਰਨੀ ਪੈਣੀ ਹੈ।

ਰਾਜਾ ਰਾਮ ਨੇ ਨਗੀਨੇ ਨੂੰ ਗੁਰੂ ਜੀ ਪਾਸ ਫੇਰ ਘਲਿਆ ਉਸਨੇ ਆਕੇ ਅਰਜ਼ ਕੀਤੀ, ਸਚੇ ਪਾਤਸ਼ਾਹ ਸਾਡਾ ਰਾਜਾ ਕਟੜ ਹਿੰਦੂ ਹੈ ਤੇ ਉਸਨੇ ਤੁਰਕ ਦੇ ਮਥੇ ਨ ਲਗਨ ਦਾ ਪ੍ਰਣ ਕੀਤਾ ਹੋਇਆ ਹੈ, ਪਰ ਤੁਹਾਡੇ ਨਾਲ ਬੜੀ ਤੁਰਕ ਸੈਨਾ ਹੈ ਤੁਸਾ ਮੇਰੇ ਉਤੇ ਚੜਾਈ ਕਰਕੇ ਨਹੀ ਸੀ ਆਉਣਾ ਤੇ ਮੁਗਲਾਂ ਦੀ ਮਦਦ ਨਹੀ ਸੀ ਕਰਨੀ?

ਗੁਰੂ ਜੀ ਨੇ ਨਗੀਨੇ ਨੂੰ ਦਸਿਆ ਕਿ ਅਸੀ ਮੁਗਲ ਬਾਦਸ਼ਾਹ ਦੀ ਮਦਦ ਕਰਨ ਨਹੀ ਆਏ, ਸਗੋਂ ਇਕ ਰਾਜਪੂਤ ਰਾਜੇ ਦੀ ਜਾਨ ਬਚਾਉਣ ਵਾਸਤੇ ਆਏ ਹਾਂ,ਅਤੇ ਇਸਦੇ ਨਾਲ ਹੀ ਤੇਰੇ ਗਲੋਂ ਹਮੇਸ਼ਾ ਦਾ ਖਤਰਾ ਭੀ ਟਾਲਣਾਂ ਚਾਹੁੰਦੇ ਹਾਂ ਗੁਰੂ ਜੀ ਨੇ ਹੁਕਮ ਕੀਤਾ ਕਿ ਰਾਜਾ ਰਾਮ ਨੂੰ ਦਸ ਦਿਓ, ਕਿ ਰਾਜਾ ਬਿਸ਼ਨ ਸਿੰਘ ਭੀ ਤੇਰੇ ਨਾਲ ਲੜਾਈ ਨਹੀਂ ਕਰਨਾਂ ਚਾਹੁੰਦਾ ਸਿਰਫ ਔਰੰਗਜ਼ੇਬ ਬਾਦਸ਼ਾਹਦੇ ਅਥਰੂ ਪੂੰਝਣ ਲਈ ਹੀ ਆਇਆ ਹੈ ਜਦ ਨਗੀਨੇ ਨੇ ਜਾ ਕੇ ਰਾਜਾ ਰਾਮ ਨੂੰ ਗੁਰੂ ਜੀ ਦਾ ਹੁਕਮ ਸੁਣਾਇਆ ਤਾਂ ਉਸਨੇ ਗੁਰੂ ਜੀ ਨੂੰ ਆਂਪਣੀ ਰਾਜਧਾਨੀ ਵਿਚ ਪਹਿਲਾਂ ਦਰਸ਼ਣ ਦੇਣ ਦੀ ਅਰਜ ਕਰ ਭੇਜੀ, ਤੇ ਗੁਰੂ ਜੀ ਦੇ ਪਹੁੰਚਨ ਤੇ ਉਸਨੇ ਬਹੁਤ ਸੁਆਗਤ ਕੀਤਾ ਅਤੇ ਗੁਰੂ ਜੀ ਦਾ ਆਪਣੇ ਮੰਦਰਾਂ ਵਿਚ ਡੇਰਾ ਕਰਵਾਇਆ।

ਸਤਿਗੁਰੂ ਜੀ ਨੇ ਉਸ ਨੂੰ ਸਾਰੀ ਗਲ ਬਾਤ ਸਮਝਾਕੇ ਨੀਤੀ ਨੂੰ ਮੁਖ ਰਖਦਿਆਂ ਰਾਜੇ ਬਿਸ਼ਨ ਸਿੰਘ ਨੂੰ ਵੀ ਆਪਣੇ ਮੰਤ੍ਰੀਆਂ ਤੇ ਫੌਜਦਾਰਾਂ ਸਮੇਤ ਬੁਲਵਾ ਲਿਆ ਅਤੇ ਇਹਨਾ ਦਾ ਉਹਨਾਂ ਪਾਸੋਂ ਸੁਆਗਤ ਕਰਵਾਇਆ, ਅਤੇ ਦੋਹਾਂ ਰਾਜ ਪੂਤਾਂ ਦਾ ਆਪਸ ਵਿਚ ਮੇਲ ਮਿਲਾਪ ਕਰਵਾ ਦਿਤਾ ਅਤੇ ਇਕ ਸੰਧੀ ਨਾਮਾਂ ਲਿਖਕੇ ਦੋਹਾਂ ਰਾਜਿਆਂ ਦੇ ਦਸਖਤ ਕਰਵਾ ਲਏ। ਜਿਸਤੋਂ ਦੋਵੇਂ ਰਾਜਪੂਤ ਬਹੁਤ ਪ੍ਰਸੰਨ ਹੋਏ। ਆਪਸ ਵਿਚ ਇਕ ਦੂਜੇ ਨੂੰ ਸਿਰੋਪਾਓ, ਤੋਹਫੇ ਦਿਤੇ ਦਿਵਾਏ ਗਏ, ਤੇਸਗੋਂ ਦੋਹਾਂ ਨੂੰ ਪਗ ਵਟ ਭਾਈ ਬਣਾਇਆ।

ਕੁਝ ਦਿਨ ਰਹਿਕੇ ਰਾਜੇ ਬਿਸਨ ਸਿੰਹ ਨੇ ਦਿਲੀ ਪਰਤਨ ਦੀ ਆਗਿਆ ਮੰਗੀ ਤਾਂ ਗੁਰੂ ਜੀ ਨੇ ਬਚਨ ਕੀਤਾ ਕਿ ਜਿਸ ਥਾਂ ਤੇ ਪਛਮੀ ਕੰਢੇ ਵਾਲੇ ਥਾਂ ਜਿਥੇ ਪਹਿਲਾਂ ਆਕੇ ਡੇਰਾ ਲਾਇਆ ਸੀ ਉਸ ਥਾਂ ਦਮਦਮਾ ਬਨਾਉਣ ਵਾਸਤੇ ਹਰ ਇਕ ਸੈਨਕ ਇਕ ਢਾਲ ਮਿਟੀ ਸੁਟਕੇ ਜਾਵੇ। ਇਸ ਹੁਕਮ ਦੀ ਤਾਮੀਲ ਕਰਦਿਆ ਸਭ ਤੋਂ ਪਹਿਲਾ ਰਾਜੇ ਬਿਸ਼ਨ ਸਿੰਘ ਨੇ ਆਪਨੇ ਦੁਸ਼ਾਲੇ ਵਿਚ ਪਾ ਕੇ ਤਿੰਨ ਢਾਲਾਂ ਮਿਟੀ ਦੀਆਂ ਨਿਸਚਿਤ ਥਾਂ ਤੇ ਸੁਟੀ, ਤੇ ਬਾਦ ਵਿਚ ਸਾਰੀ ਸੈਨਾ ਨੇ ਉਏ ਇਕ ੨ ਢਾਲ ਮਿਟੀ ਸੁਟੀ ਜਿਸ ਨਾਲ ਬੜਾ ਉਚਾ ਥੜਾ ਬਣ ਗਿਅ (ਉਥੇ ਹੁਣ ਸ਼ਾਨਦਾਰ ਗੁਰਦਵਾਰਾ ਬਣਿਆ ਹੋਇਆ ਹੈ) ਰਾਜਾ ਰਾਮ ਨੇ ਉਸ ਅਸਥਾਨ ਦੇ ਨਾਮ ਇਕ ਪਿੰਡ ਲਵਾ ਦਿਤਾ।

ਇਸੇ ਤਰਾਂ ਰਾਜਾ ਬਿਸ਼ਨ ਸਿੰਘ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਖੁਸ਼ੀਆਂ ਦੇ ਵਾਜੇ ਵਜਾਉਂਦਾ ਵਾਪਸ ਦਿਲੀ ਆ ਗਿਆ ਪਰ ਗੁਰੂ ਜੀ ਕੁਝ ਚਿਰ ਰਾਜਾ ਰਾਮ ਪਾਸ ਹੀ ਠਹਿਰ ਕੇ ਸਭ ਨੂੰ ਗੁਰਮਤ ਦਾ ਉਪਦੇਸ਼ ਤੇ ਸਭ ਦੀਆਂ ਮਨੋਕਾਮਨਾ ਪੂਰੀਆਂ ਕਰਦੇ ਰਹੇ। ਇਕ ਦਿਨ ਰਾਜਾ ਰਾਮ ਨੇ ਆਪਨੀ ਰਾਣੀਦੇ ਆਖਣਤੇ ਗੁਰੂਚਰਨਾਂ ਵਿਚ ਪੁਤ੍ਰ ਪ੍ਰਾਪਤੀਦੀ ਅਰਜਨੀਤੀ, ਦਾਤਾਰਪਾਤਸ਼ਾਹ ਨੇ ਬਚਨ ਕੀਤਾ ਕਿ ਤੇਰੇ ਘਰ ਬਲੀ ਪੁਤਰ ਹੋਵੇਗਾ, ਇਸਦੇ ਨਾਲ ਹੀ ਗੁਰੂ ਜੀ ਨੇ ਗੁਰੂ ਸ਼ਕਤੀ ਦੇ ਪ੍ਰਗਟਾਵੇ ਵਾਸਤੇ ਰਾਜੇ ਦੇ ਮਥੇ ਉਤੇ ਆਪਨੀ ਅੰਗੂਠੀ ਨਾਲ ਮੋਹਰ ਲਾ ਕੇ ਹੁਕਮ ਕੀਤਾ ਕਿ ਹੋਣ ਵਾਲੇ ਬਚੇ ਦੇ ਮਥੇ ਵਿਚ ਗੁਰੂਘਰਦੀ ਮੋਹਰਦਾ ਨਿਸ਼ਾਨ ਹੋਵੇਗਾ।

ਇਸ ਤਰਾਂ ਦੇ ਆਮੋਘ ਵਰ ਦੇਕੇ ਤੇ ਗੁਰੁਮਤ ਦਾ ਪਰਚਾਰ ਕਰਕੇ ਇਕ ਮਹੀਨੇ ਤੋਂ ਬਾਦ ਗੁਰੂ ਜੀ ਢਾਕੇ ਤੋਂ ਵਾਪਸ ਪਰਤੇ।

—o—

(੧੭੮ ਸਫੇ ਦੀ ਬਾਕੀ)

ਉਨਾਂ ਦੇ ਪਾਏ ਪੂਰਨਿਆਂ ਤੇ ਚਲਣ ਤੋਂ ਇਨਕਾਰ ਕਰ ਰਹੇ ਹਾਂ, ਲੇਖ-ਕਵਿਤਾਵਾਂ ਆਦਿ ਲਿਖ ਕਾਗਜ਼ੀ ਫੂਲ ਮਾਲਾ ਭੇਟਾ ਕਰ ਰਹੇ ਹਾਂ ਪਰ ਉਨਾਂ ਵਿਚ ਖੁਸ਼ਬੂ ਭਰਨ ਦਾ ਯਤਨ ਨਹੀਂ ਕਰਦੇ ਤੇ ਉਹ ਕਾਗਜ਼ੀ ਫੂਲ ਤਾਂ ਹੀ ਖੁਸ਼ਬੂ ਦੇਣਗੇ ਜੇ ਸਾਡੇ ਵਿਵਹਾਰਕ ਜੀਵਨ ਠੀਕ ਸਾਡੀਆਂ ਲੇਖਣੀਆਂ ਵਾਂਗ ਬਣ ਜਾਣ ਉਨਾਂ ਦੀ ਤਸਵੀਰ ਸਾਡੇ ਮਨਾਂ ਵਿਚ ਉਕਰ ਜਾਵੀ ਸਾਡੇ ਮਨ ਵੀ ਸਾਡੇ ਵਸ ਵਿਚ ਆ ਜਾਣ ਆਪ ਵਿਚ ਕਿਸੇ ਲਈ ਕੁਰਬਾਨੀ ਕਰਨ ਦੀ ਸ਼ਕਤੀ ਆ ਜਾਵੇ - ਕੋਈ ਸਾਡੀ ਭਾਰਤ ਮਾਂ ਵਲ ਗਹਿਰੀ ਅਖ ਨਾਲ ਵੇਖੇ ਤਾਂ ਸਾਡੇ ਹਥ ਤਲਵਾਰ ਤੇ ਜਾ ਪੈਣ ਜੇ ਕੋਈ ਸਾਡੀ ਸਭਿਅਤਾ ਨਾਸ਼ ਕਰਨ ਲਗੇ ਤਾਂ ਉਸ ਨੂੰ ਆਪਾ ਵਾਰ ਕੇ ਬਚਾਈਏ। ਬਸ ਏਹੋ ਮਤਲਬ ਹੋਣਾ ਚਾਹੀਦਾ ਹੈ ਸ਼ਾਡਾ ਸ਼ਤਾਬਦੀਆਂ ਮਨਾਉਣ ਦਾ ਅਤੇ ਗੁਰੂ ਜੀ ਦੇ ਪਵਿਤਰ ਵਾਕਾਂ ਨੂੰ ਪੜਨ ਸੁਨਣ ਦਾ ਕਿ :—

ਧਰਮ ਹੇਤ ਸਾਕਾ ਜਿਨ ਕੀਆ।
ਸੀਸ ਦੀਆ ਪਰ ਸਿਰਰੁ ਨ ਦੀਆ।

ਸ਼ੁਧੀ-ਪਤਰ

ਪੰਨਾ	ਕਾਲਮ	ਅਸ਼ੁਧੀ	ਸ਼ੁਧੀ	ਪੰਨਾ	ਕਾਲਮ	ਅਸ਼ੁਧੀ	ਸ਼ੁਧੀ
				੨	੧	ਦੇ ਖਆ	ਦੇਖਿਆ
੯	੨	ਭੇਜਨ	ਭੋਜਨ	੨੧	੧	ਨੇਂ	ਨੂੰ
		ਇਸਦਾਂ	ਇਸਦਾ	...	...	ਕ੍ਰਿ	ਕਿਤਨਾ
੧੦	੧	ਨ ਮਨਾ	ਨਾਮਨਾਂ	...	...	ਸਮਤ	ਸਮੇਤ
	੨	ਹਾਂ	ਹਾਂ	...	੨	ਕਹੁ	ਕਹਹੁ
੧੧	੨	ਦੌ	ਦੇ	...	...	ਬੀ	ਬੀੜ
੧੨	੧	ਭਾਦ	ਬਾਦ	੨੨	੨	ਪੂਰਬਾਰਦ	ਪੂਰਬਾਰਧ
	੧	ਸੀ ਮਤ	ਸੀਮਤ	੨੩	੧	ਦ	ਦ
੧੩	੨	ਜਨਾਨਾ	ਪ੍ਰਵਾਨਾ	...	੨	ਏਨ	ਇਨ
	੨	ਤਰ	ਤੁਰ	੨੪	੧	ਠੀਕ	ਨੀਕ
	੨	ਲਾਨ	ਲਾਣ	...	...	ਤਟੋਰੇ	ਵਟੋਰੇ
੧੪	੧	ਭਾਇ	ਭਾਈ	...	...	ਕਨ	ਕੌਨ
		ਜ	ਜੀ	੨੮	੨	ਸੰਸਕਾਰ	ਸਸਕਾਰ
੧੭	੧	ਲਾ	ਲਾਗਾ	੨੯	੧	ਨੇ ਜ਼ਿਆ	ਨੇਜਿਆਂ
	੨	ਭ ਤ	ਭਗਤ	...	...	ਅ ਅਰੀ	ਆਖਰੀ
		ਭ	ਸਭ	...	...	ਨ ਥ	ਨਾਥ
		ਕੂਬ	ਕ੍ਰੀਬ	...	੨	ਅਨਯਾਈ	ਅਨੁਯਾਈ
		ਨਹ	ਨਹੀ	੩੧	੧	ਕਮਰੂ	ਕਾਮਰੂ
੧੮	੧	ਸਲਮਨਾ	ਮੁਸਲਮਾਨਾਂ	੩੩	੧	ਵਾਲ	ਵਾਲੀ
		ਅੰਗਰਜ	ਅੰਗ੍ਰੇਜ	...	...	ਮੇਰਖਜ	ਮੇਰੀ ਖੋਜ
		ਜਾਣ	ਜਾਣੇਗੀ	੩੪	੧	ਦਸਦ	ਦਸਦੇ
		ਮ ਇਅ	ਮਾਇਆ	...	...	ਜਿਹੜ	ਜਿਹੜੇ
...	...	ਨ	ਧਨ	੩੮	੨	ਮੁਹਾਲੀਆ	ਮੁਗਲੀਆ
...	੨	ਕ ਲ	ਕੇਵਲ	੪੦	੧	ਸਿੰਘ	।—।
...	...	ਵਸਤੇ	ਵਾਸਤੇ	੪੧	...	ਿਥੇ	ਉਥੇ
੧੯	੧	ਗਰਤ	ਗੁਰਤਾ	...	੨	ਸੰਸਕਾਰ	ਸਸਕਾਰ
੨੦	...	ਮਹਾ ਤਾ	ਮਹਾਨਤਾ	੪੩	...	ਰਾਜ	ਰਾਜ ਦਾ
...	੨	ਤ.	ਤੇ	੪੯	੧	ਪ੍ਰਤ	ਪ੍ਰੇਤ
...	...	ਲਗ	ਲਗੇ	...	੧	ਘਰ	ਅਤੇ

ਪੰਨਾ	ਕਾਲਮ	ਅਸੁਧੀ	ਸੁਧੀ	......	,,	ਮੁਲ ਣੇ	ਮੁਲਾਣੇ
......	੧	ਮਕੋਤਾ	ਮਾਤ	੯੧	੧	ਤਿਕ	ਇਕ
......	੧	ਬਧਪ	ਬੰਧਪ	੧੦੨	੨	ਮ	ਤੁਮ
......	੧	ਆ	ਆਧ	....	,,	ਬਾਬ	ਬਾਬਾ
......	੨	ਬੰਧਮ	ਬੰਧਪ	੧੦੯	੨	ਅਤਰ	ਅੰਤਰ
......	੨	ਰਖ	ਰਬ	੧੨੦	੨	ਪਿਰਯੋ	ਪਿਖਯੋ
......	੨	ਨਾ	ਨ	....	੨	....	ਸ੍ਰੀ ਹਰਿ ਮੰਦਰ
੫੧	੧	ਮਾ ਕੇ	ਮਾਰਕੇ	੧੨੧	੧	ਬੋਹੁਣ ਏਂ	ਹੁਣ ਏਥੋਂ
......	...	ਨ	ਨੇ	੧੨੪	੨	ਧੁਨ	ਧੁਨੇ
......	੧	ਨਖੇਧ	ਨਖੇਧੀ	੧੨੫	੧	ਦਖਨ	ਦੇਖਨ
......	੨	ਔਰੰਗਜਬ	ਔਰੰਗ ਜੇਬ	੧੨੬	੧	ਗੁਏਂਈ	ਗੁਸਾਂਈ
......	...	ਹੋਵੇ	ਹੋਵੇ	੧੩੨	੨	....	ਕੁਲ ਅਹੇ
੫੨	੧	ਫਸਲ	ਸਫਲਤਾ	੧੩੪	੧	ਰਾਖੁਰਦਾਰ	ਬ੍ਰਖੁਰਦਾਰ
੫੬	...	ਪਰੋਪਕਾਰ	ਪਰੋਪਕਾਰ	੧੩੮	੨	ਆਡਮੀਆਂ	ਆਦਮੀਆਂ
੫੬	੨	ਸੰਘ	ਸਿੰਘ	੫੪੭	੧	ਪਵਸ	ਪ੍ਰਵਿਸੇ
੫੮	੧	ਵਿਚਤਰ	ਬਚਿਤ੍ਰ	੧੫੭	੨	ਚਰਖੜਆਂ	ਚਰਖੜੀਆਂ
੬੦	੧	ਪਾਰੀ	ਵਪਾਰੀ	੧੫੮	੨	....	(ਪੰਨਾਂ ੭)
੬੧	੨	ਅਗਹਿਨ	ਅਸਹਿਨ ਸੀਲਤਾ	੧੬੦	੧	ਦੂਆਂ	ਹਿੰਦੂਆਂ
੬੨	੧	ਘੁਘ	ਘੁਗ	....	੨	ਚੇਹ	ਦੇਹ
੬੬	੧	ਵਚ	ਵਿਚ	੧੬੧	੨	ਸਈਆਂ	ਸਈਆਦ
੬੭	੨	ਪੂਰ ਬਕੋ	ਪੂਰਬਕੀ	੧੬੨	੨	ਪਛਮ	ਪਛਮੀ
,,	੨	ਅਨੰਨ	ਅਨਿੰਨ	....	...	....	ਰਾਹ
੭੦	੧	ਚ	ਵਿਚ	੧੬੪	੧	ਆਦਸ	ਆਦੇਸ
,,	੨	ਉਦਾਹਰਨ	ਉਦਾਹਰਣ	੧੬੬	੧	ਕੁਤਬਦੀਨ	ਅਬਦੁਲ ਖਾਨ
੭੧	੧	ਵਹ	ਵਹੀ ਦੁਆਰਾ	....	...	ਸੰਬੋਬਨ	ਸੰਬੋਧਨ
......	੨	ਸਪੁਤਰ	ਪ੍ਰੋਤੜੇ	੧੬੮	੨	ਜਾਦਾਂ	ਜਾਂਦਾ
੭੨	੨	ਛਦਾਉਣਾਂ	ਛੜਾਉਣਾਂ	੧੬੯	੨	ਥੇਣ	ਲੈਣ
੭੭	੧	ਅ ਸਾਰੇ	ਆਸਰੇ	੧੭੨	੧	......	ਜੀ
੮੨	੨	ਤਗਾਂ ਦ	ਤੇਗਾਂ ਦੇ	੧੭੩	੨	ਕ ਨਾ	ਕਰਨਾ
੮੪	੧	ਰਮਰਾਈਆਂ	ਰਾਮਰਾਈਆਂ	੧੭੫	੧	ਨਲ	ਨਾਲ
......	੨	ਮਨੂੰ	ਮੈਨੂੰ	੧੭੬	੨	ਗਿਅਨੀ	ਗਿਆਨੀ
੮੬	੧	ਫੋਜਾਂ	ਫੌਜਾਂ	੧੭੬	੧	ਠਕ	ਠੀਕ
......	੧	ਪਹੁਚ	ਪਹੁੰਚਨ	੧੭੬	...	ਆ	ਆਨ
......	,,	ਆਇਆਂ	ਆਈਆਂ	....	...	ਮੋਜੂਦ	ਮੌਜੂਦ
੮੭	੧	ਕਰਕ	ਕਰਕੇ	ਟਾਈਟਲ ਤੇ ਵੇਖੋ		ਵਜਿੰਦਰ ਸਿੰਘ	ਰਜਿੰਦਰ ਸਿੰਘ

ਤਵਾਰੀਖ ਗੁਰੂ ਖਾਲਸਾ ਅਧਾਰਿਤ :-

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਦਰਪਨ

ਅਵਤਾਰ—

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅਵਤਾਰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਗ੍ਰਿਹਿ ਮਾਤਾ ਨਾਨਕੀ ਜੀ ਦੀ ਕੁੱਖ ਤੋਂ ੫ ਵੈ ਮਘਰ ਸੰਮਤ ੧੬੭੮ ਅਨੁਸਾਰ ੧ ਅਪ੍ਰੈਲ ਸੰਨ ੧੬੨੧ ਨੂੰ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਚ ਹੋਇਆ।

ਵਿਆਹ

ਆਪ ਜੀ ਦਾ ਵਿਆਹ ੧੫ ਅਸੂ ਸੰਮਤ ੧੬੮੬ ਨੂੰ ਕਰਤਾਰ ਪੁਰ (ਬਿਆਸ) ਵਿਚ ਰਹਿੰਦੇ ਸ੍ਰੀ ਲਾਲ ਚੰਦ ਸੁਭਿਖੀਏ ਗੋਤ ਦੀ ਸਪੁਤ੍ਰੀ (ਮਾਤਾ) ਗੁਜਰੀ ਜੀ ਨਾਲ ਹੋਇਆ।

ਸੰਤਾਨ -

ਪੋਹ ਸੁਦੀ ਸਪਤਮੀ ਸੰਮਤ ੧੭੨੩ ਨੂੰ ਓਹਨਾ ਦੇ ਘਰ ਸ੍ਰੀ ਮਾਤਾ ਗੁਜਰੀ ਜੀ ਦੇ ਉਦਰ ਤੋਂ ਪਟਨੇ ਨਿਵਾਸ ਸਮੇਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਗਟ ਹੋਏ।

ਬਕਾਲੇ ਨਿਵਾਸ—

ਸੰਮਤ ੧੭੦੧ ਵਿਚ (ਜਦੋਂ ਸਾਹਿਬ ਸ੍ਰੀ ਗੁਰੂ ਹਰ ਗੋਬਿੰਦ ਜੀ ਜੋਤੀ ਜੋਤ ਸਮਾਗਏ ਤਾ ਕੀਰਤ ਪੁਰ ਤੋਂ ਆਪ ਪ੍ਰਵਾਰ ਸਮੇਤ ਅਪਣੇ ਨਾਨਕੇ ਨਗਰ "ਬਕਾਲੇ" ਆ ਗਏ।

ਮਖਣ ਸਾਹ ਦੁਆਰਾ ਗੁਰੂ ਗਦੀ ਦਾ ਪ੍ਰਗਟਾਵਾ

ਚੇਤ ਸੰਮਤ ੧੭੨੧ ਨੂੰ ਮਖਣਸਾਹ ਲੁਬਾਣਾ ਸ੍ਰੀ ਗੁਰੁ ਨਾਨਕ ਦੇਵ ਜੀ ਦੀ ਗਦੀ ਤੇ ਬਿਰਾਜ ਮਾਨ ਵਿਅਕਤੀ ਦੀ ਮੰਨੀ ਹੋਈ ਮੰਨਤ ਦੇਣ ਲਈ ਖੋਜ ਕਰਦਾ ਬਕਾਲੇ ਪਹੁੰਚਾ। ੨੩ ਚੇਤਰ ਨੂੰ ਉਸਨੇ ਤਸਲੀ ਕਰਕੇ ਕੋਠੇ ਤੇ ਚੜਕੇ ਪਲੂ ਫੇਰਿਆ, ਕਿ ਭੁਲੀਏ ਮੰਗਤੇ! ਗੁਰੂ ਲਾਧੋ ਰੇ! (ਗੁਰੂ ਗਦੀ ਤੇ ਬਿਰਾਜ ਮਾਨ ਸਮੇਂ ਗੁਰੂ ਜੀ ਦੀ ਆਯੂ ੪੪ ਸਾਲ ਦੀ ਸੀ)।

ਸ੍ਰੀ ਅੰਮ੍ਰਿਤ ਸਰ ਜਾਣਾ—

੧੬ ਹਾੜ ਸੰਮਤ ੧੭੨੧ ਨੂੰ ਸ੍ਰੀ ਗੁਰੂ ਜੀ ਮਖਨ ਸ਼ਾਹ ਸਮੇਤ ਸ੍ਰੀ ਅੰਮ੍ਰਿਤਸਰ ਸ੍ਰੀ ਹਰਿ ਮੰਦਰ ਸ਼ਾਹਿਬ ਦਾ ਦ੍ਰਸ਼ਨ ਕਰਨ ਗਏ (ਜਦੋ ਕਿ ਪੁਜਾਰੀਆਂ ਨੇ ਦਰਸ਼ਨੀ ਡਿਓਢੀ ਤੇ ਸ੍ਰੀ ਹਰਿ ਮੰਦਰ ਸਾਹਿਬ ਨੂੰ ਜੰਦਰੇ ਲਾ ਦਿਤੇ।

ਬਕਾਲੇ ਤੋ ਕੀਰਤ ਪੁਰ—

ਸੰਮਤ ੧੭੨੧ ਵਿਚ ਹੀ ਗੁਰੂ ਜੀ ਪ੍ਰਵਾਰ ਸਮੇਤ ਬਕਾਲੇ ਤੋ ਕੀਰਤਪੁਰ ਆ ਗਏ।

ਸ੍ਰੀ ਅਨੰਦ ਪੁਰ ਵਸਾਉਣਾ

੨੬ ਅਸੂ ਸੰਮਤ ੧੭੨੧ ਵਿਚ ਕਹਿਲੂਰ ਦੇ ਰਾਜੇ ਪਾਸੋ ਮਾਖੋ ਵਾਲ ਦੀ ਠੇਹੀ ਖਰੀਦ ਕੇ ਅਨੰਦ ਪੁਰ ਨਾਮ ਦਾ ਨਗਰ ਵਸਾਇਆ।

ਸ੍ਰੀ ਅਨੰਦ ਪੁਰ ਤੋਂ ਮਾਲਵੇ ਦੇਸ਼ ਦਾ ਦੌਰਾ

੨੪ ਅਸੂ ਸੰਮਤ ੧੭੨੨ ਨੂੰ ਸ੍ਰੀ ਗੁਰੂ ਜੀ ਪ੍ਰਵਾਰ ਸਮੇਤ ਸ੍ਰੀ ਅਨੰਦ ਪੁਰ ਤੋਂ ਮਾਲਵੇ ਦੇਸਦੇ ਦੌਰੇ ਨੂੰ ਰਵਾਨਾ ਹੋਏ, ਅਤੇ ਪਹਿਲਾਂ ਪੜਾਉ ਘਨੌਲੀ ਪਿੰਡ ਕੀਤਾ ਫਿਰ ਅਨੇਕਾਂ ਨਗਰਾਂ (ਮਲੋਵਾਲ ਸੇਖੋ ਫਰਵਾਹੀ, ਹੰਢਿਆਇਆ, ਮੌੜ ਪਿੰਡ) ਆਦਿਕ ਨਗਰਾਂ ਵਿਚ ਸੰਗਤਾਂ ਨੂੰ ਨਾਮ ਦਾਨ ਇਸਨਾਨ ਤੇ

ਧਰਮ ਦੀ ਕਿਰਤ ਕਰਕੇ ਵੰਡ ਛਕਣ ਦਾ ਉਪਦੇਸ ਦਿੰਦੇ ਹੋਏ ਢਿਲਵੀਂ ਆਕੇ ਪੁਰਬ ਤੇ ਕਪਲਾ ਗਊਆਂ ਮੰਗਵਾਕੇ ਪੰਡਿਤਾਂ ਨੂੰ ਦਾਨ ਕੀਤੀਆਂ ਤੇ ਪੂੜੇ ਖੀਰ ਕੜਾਹ ਪ੍ਰਸ਼ਾਦ ਆਦਿਕ ਪਦਾਰਥਾਂ ਦਾ ਲੰਗਰ ਇਲਾਕੇ ਦੇ ਪੰਡਤਾਂ ਨੂੰ ਛਕਾਇਆ ਦਛਣਾਂ ਦਿਤੀ ਫਿਰ ਭੰਦੇਹਰ ਨਗਰ ਦੇ ਚਹਲ ਸੁਲਤਾਨੀਏ ਨੂੰ ਗੁਰੂ ਘਰ ਦਾਂ ਸੇਵਕ ਬਨਾਇਆ

ਮਾਲਵੇ ਤੋਂ ਬਾਦ ਬਾਂਗਰ ਦੇਸ ਦੇ ਧਮ-ਧਾਨ ਕੈਂਥਲ ਬਾਰਨੇ ਆਦਿਕ ਤੀਰਥਾਂ ਦੀ ਯਾਤਰਾ ਕਰਦੇ ਤੇ ਸਾਧੂਆਂ, ਪੰਡਤਾਂ ਤੇ ਹੋਰ ਗਰੀਬਾਂ ਨੂੰ ਦਾਨ ਪੁੰਨ ਕਰਕੇ ਗੁਰੂ ਮਤ ਦਾ ਉਪਦਸ ਦਿੰਦੇ ਹੋਏ ਗੁਰੂ ਜੀ ਭਾਦਰੋਂ ੧੭੨੩ ਨੂੰ ਪਟਨੇ ਪਹੁੰਚੇ।

ਪਟਨੇ ਤੋਂ ਆਸਾਮ

ਸੰਮਤ ੧੭੨੩ ਦਾ ਦੁਸਹਿਰਾ ਪਟਨੇ ਕਰਕ ਗੁਰੂ ਜੀ ਰਾਜੇ ਬਿਸ਼ਨ ਸਿੰਘ ਦੀ ਅਰਜ ਪਰਵਾਨ ਕਰਕੇ ਆਸਾਮ ਦੇ ਦੌਰੇ ਲਈ ਰਵਾਨਾ ਹੋਏ (ਜਦ ਕਿ ਸਾਰਾ ਪ੍ਰਵਾਰ ਪਟਨੇ ਹੀ ਰਹਿਆ)

ਆਸਾਮ ਤੋਂ ਵਾਪਸੀ

ਮਘਰ ਸੰ: ੧੭੨੪ ਨੂੰ ਗੁਰੂ ਜੀ ਕਾਮਰੂਪ ਦੇ ਰਾਜੇ ਤੇ ਰਾਣੇ ਬਿਸ਼ਨ ਸਿੰਘ ਦਾ ਸੰਧੀਨਾਮਾ ਕਰਵਾਕੇ ਵਾਪਸ ਪਟਨੇ ਆ ਗਏ ਉਸ ਵਕਤ ਸਾਹਿਬਜਾਦਾ ਜੀ ਤਕਰੀਬਨ ੧੧ ਮਹੀਨਿਆਂ ਦੇ ਸਨ।

ਪਟਨੇ ਤੋਂ ਸ੍ਰੀ ਅਨੰਦ ਪੁਰ-

੨੨ ਵਿਸਾਖ ੧੭੬੫ ਨੂੰ ਸ੍ਰੀ ਗੁਰੂ ਜੀ ਪਟਨੇ ਤੋਂ ਸ੍ਰੀ ਅਨੰਦਪੁਰ ਸਾਹਿਬ ਵਾਪਸ ਆਏ।

ਸਹਿਬ ਜਾਦ ਦਾ ਵਿਆਹ —

ਸ੍ਰੀ ਹਰਜਸ ਸੁਭਿਖ ਖਤ੍ਰੀ ਲਾਹੋਰ ਵਾਲੇ ਦੇ ਅਰਜ ਕਰਨ ਤੇ ਉਸਦੀ ਸਪੁਤ੍ਰੀ ਸ੍ਰੀ ਜੀਤੋ ਜੀ,, ਨਾਲ ਸਾਹਿਬਜਾਦੇ ਦਾ ਵਿਆਹ ਕਰਨ ਵਾਸਤੇ ੧੫ ਜੇਠ ਸੰਮਤ ੧੭੩੦ ਦਾ ਦਿਨ ਮੁਕਰਰ ਕੀਤ

ਸ੍ਰੀ ਅਨੰਦ ਪੁਰ ਤੋਂ ਦਿਲੀ-

੧੧ ਹਾੜ ਸੰਮਤ ੧੭੩੨ ਨੂੰ ਸ੍ਰੀ ਗੁਰੂ ਜੀ ਅਨੰਦਪੁਰ ਤੋਂ ਦਿਲੀ ਜਾਣ ਲਈ ਰਵਾਨਾ ਹੋਏ। ੧੭ ਅਸੂ ਨੂੰ ਸੈਫਾਬਾਦ ਤੋਂ ਆਗਰੇ ਦੇ ਰਸਤੇ ਦਿਲੀ ਪਹੁੰਚੇ।

ਸ਼ਹਾਦਤ—

ਦਿਲੀ ਨਿਵਾਸ ਸਮੇ ਹੀ ਬਾਦਸ਼ਾਹ ਔਰੰਗ ਜ਼ੇਬ ਦੇ ਹੁਕਮ ਨਾਲ ਜਿਥੇ ਪਹਿਲਾਂ ਭਾਈ ਮਤੀ ਦਾਸ ਨੂੰ ਆਰੇ ਨਾਲ ਦੁਫਾੜ ਕਰਕੇ ਅਰ ਭਾਈ ਦਿਆਲੇ ਨੂੰ ਦੇਗ ਵਿਚ ਉਬਾਲਾ ਦੇਕੇ ਸ਼ਹੀਦ ਕੀਤਾ ਗਿਆ ਉਥੇ ਮਘਰ ਸੁਦੀ ੫ (੧੧ ਮਘਰ) ਸੰਮਤ ੧੭੩੨ ਅਨੁਸਾਰ ੧੬ ਨਵੰਬਰ ਸੰਨ ੧੬੭੫ ਨੂੰ ਬਲੀਦਾਨ ਦਿਤਾ।

ਗੁਰਦਿਆਲ ਸਿੰਘ ਪ੍ਰਿੰਟਰ ਤੇ ਪਬਲਿਸਰ ਦੇ ਪ੍ਰਬੰਧ ਨਾਲ ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਜੀਵਨ ਨਗਰ ਸਿਰਸਾ ਵਿਚ ਛਪਿਆ ਤੇ ਦਫਤਰ ਸਤਿਜੁਗ ਸ੍ਰੀ ਜੀਵਨ ਨਗਰ (ਸਿਰਸਾ) ਵਿਚੋਂ ਪ੍ਰਕਾਸ਼ਤ ਹੋਇਆ (ਨਾਮਧਾਰੀ ਪੰਥ ਵਾਸਤੇ) – ਐਡੀਟਰ ਗੁਰਦਿਆਲ ਸਿੰਘ

'ਸਤਿਜੁਗ' ਸ੍ਰੀ ਜੀਵਨ ਨਗਰ ਸਿਰਸਾ (ਹਰਿਆਣਾ) ਰਜਿ. ਨੰ ਡੀ. ੩੩੯ /੫੭ ਰਜਿ. ਨੰ: ਪੀ. ਐਚ. ਐਸ. ੨੨

ਪ੍ਰੈਸ ਸਟਾਫ



ਮਹੰਤ ਆਤਮਾ ਸਿੰਘ, ਭਗਵੰਤ ਸਿੰਘ, ਸੁਰਜੀਤ ਸਿੰਘ, ਹਰਦੇਵ ਸਿੰਘ, ਕਰਮ ਸਿੰਘ, ਸ੍ਰੀ ਠਾਕਰ ਦਲੀਪ ਸਿੰਘ ਜੀ, ਸੰਤ ਤਰਸੇਮ ਸਿੰਘ, ਸੰਤ ਹਰਬੰਸ ਸਿੰਘ
ਕਾਕਾ ਵਜਿੰਦਰ ਸਿੰਘ

ਗੁਰਦਿਆਲ ਸਿੰਘ ਪ੍ਰਿੰਟਰ ਤੇ ਪਬਲਿਸਰ ਦੇ ਪ੍ਰਬੰਧ ਨਾਲ ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਜੀਵਨ ਨਗਰ ਸਿਰਸਾ ਵਿਚ ਛਪਿਆ ਤੇ
ਦਫਤਰ ਸਤਿਜੁਗ ਸ੍ਰੀ ਜੀਵਨ ਨਗਰ (ਸਿਰਸਾ) ਵਿਚੋਂ ਪ੍ਰਕਾਸ਼ਤ ਹੋਇਆ (ਨਾਮਧਾਰੀ ਪੰਥ ਵਾਸਤੇ) — ਐਡੀਟਰ ਗੁਰਦਿਆਲ ਸਿੰਘ